ਸਾਚੀ ਪ੍ਰੀਤਿ

ਗ਼ਜ਼ਲਾਂ ਭਾਈ ਨੰਦ ਲਾਲ ਜੀ
ਸਟੀਕ

ਹਰਿਭਜਨ ਸਿੰਘ

੧ੴ ਸਤਿਗੁਰਪ੍ਰਸਾਦਿ ॥

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥

ਸਾਚੀ ਪ੍ਰੀਤਿ

ਗ਼ਜ਼ਲਾਂ ਭਾਈ ਨੰਦ ਲਾਲ ਜੀ 'ਗੋਇਆ'

ਅਤੇ

'ਗੰਜ-ਨਾਮਾ' 'ਚੋਂ 'ਸਲਤਨਤਿ ਦਹੱਮ'

ਸਟੀਕ

(ਸ਼ਬਦਾਰਥ, ਅਰਥ, ਭਾਵਾਰਥ, ਅਨੁਵਾਦ ਅਤੇ ਵਿਆਖਿਆ ਸਮੇਤ)

ਅਨੁਵਾਦਕ

ਹਰਿਭਜਨ ਸਿੰਘ (ਭਾਈ ਸਾਹਿਬ)

ਸਾਬਕ ਪ੍ਰਿੰਸੀਪਲ, ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ

ਸਿੰਘ ਬ੍ਰਦਰਜ਼

ਅੰਮ੍ਰਿਤਸਰ

SĀCHĪ PREET

[An Annotation of Bhai Nand Lal's Works]

by

HARBHAJAN SINGH (BHAI SAHIB)
FORMER-PRINCIPAL,
SIKH MISSIONARY COLLEGE, AMRITSAR.

ISBN 81-7205-126-3

ਪਹਿਲੀ ਵਾਰ 1967
ਪੰਜਵੀਂ ਵਾਰ ਮਈ 1995
ਛੇਵੀਂ ਵਾਰ ਨਵੰਬਰ 1998
ਸਤਵੀਂ ਵਾਰ ਅਪ੍ਰੈਲ 2003
ਅਠਵੀਂ ਵਾਰ ਫ਼ਰਵਰੀ 2008

ਮੁੱਲ 150-00 ਰੁਪਏ

ਪ੍ਰਕਾਸ਼ਕ

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ 143 006

•

S.C.O. 223 24, ਸਿਟੀ ਸੈਂਟਰ, ਅੰਮ੍ਰਿਤਸਰ 143 001

E singhbro@vsnl.com

Website www.singhbrothers.

ਛਾਪਕ

ਸਮਰਪਣ

ਪੰਥ ਦੇ ਵਾਲੀ ਸ੍ਰੀ ਦਸਮੇਸ਼ ਜੀ

ਦੀ

ਤਿੰਨ-ਸੌ-ਸਾਲਾ ਵਰ੍ਹੇ ਗੰਢ ਦੇ ਮਹਾਨ ਉਤਸਵ ਸਮੇਂ

ਉਨ੍ਹਾਂ ਸਮੂੰਹ ਗੁਰਸਿੱਖਾਂ, ਅਨਿੰਨ ਸੇਵਕਾਂ ਦੀ

ਪਵਿੱਤਰ ਸੇਵਾ ਵਿਚ

ਜੋ

'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'

ਦੇ

ਅਮਰ ਸਿਧਾਂਤ ਨੂੰ ਸਮਝਦੇ, ਸਮਝਾਉਂਦੇ

ਤੇ

ਕਮਾਉਂਦੇ

ਅਤੇ

ਪੰਥ ਨੂੰ 'ਨਿਰਮਲ' ਤੇ 'ਨਿਰਾਲਾ'

ਵੇਖਣ ਤੇ ਰੱਖਣ ਲਈ ਸਦਾ ਤੱਤਪਰ ਹਨ।

ਤਤਕਰਾ

ਗ਼ਜ਼ਲਾਂ

ਰੁਬਾਈਆਂ

ਬੈਂਤ

ਅਜ਼ ਸਲਤਨਤਿ ਦਹੱਮ (ਗੰਜ-ਨਾਮਾ)

ਮੁਖ-ਸ਼ਬਦ

(ਪਹਿਲੀ ਛਾਪ)

ਲੇਖਕ ਨੂੰ, ਪਿਛਲੇ ਕੁਝ ਸਾਲਾਂ ਤੋਂ, ਸ਼ਹੀਦ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਦੇ ਵਿਦਿਆਰਥੀਆਂ ਨਾਲ ਰਲ ਕੇ, ਭਾਈ ਨੰਦ ਲਾਲ ਜੀ 'ਗੋਇਆ' ਦੀਆਂ ਜਿਨ੍ਹਾਂ ਰਚਨਾਵਾਂ ਨੂੰ ਵਾਚਣ ਤੇ ਵੀਚਾਰਨ ਦਾ ਅਵਸਰ ਮਿਲਿਆ ਹੈ, ਉਨ੍ਹਾਂ ਵਿਚੋਂ 'ਦੀਵਾਨਿ ਗੋਇਆ' (ਭਾਈ ਸਾਹਿਬ ਦੀਆਂ ਗ਼ਜ਼ਲਾਂ ਦਾ ਸੰਗ੍ਰਹਿ) ਦਾ ਨਾਂ ਖ਼ਾਸ ਤੌਰ ਉਤੇ ਵਰਨਣ ਯੋਗ ਹੈ। ਸਿਖ ਤੇ ਗੁਰੂ ਦੀ ਦੁਵੱਲੀ, ਅਜ਼ਲੀ ਤੇ ਅਮਰ ਪ੍ਰੀਤਿ ਦੀ ਇਸ ਰਚਨਾ ਦੇ, ਪੰਜਾਬੀ ਬੋਲੀ ਵਿਚ, ਪਹਿਲਾਂ ਵੀ, ਟੀਕੇ ਤੇ ਉਲਥੇ ਹੋ ਚੁਕੇ ਹਨ। ਸਭ ਆਪਣੀ ਆਪਣੀ ਥਾਂ ਸ਼ਲਾਘਾ ਯੋਗ ਹਨ। ਪ੍ਰੰਤੂ, ਅਸਾਂ ਇਥੇ ਇਸ ਗੱਲ ਦਾ ਵਿਸ਼ੇਸ਼ ਖ਼ਿਆਲ ਰੱਖਿਆ ਹੈ ਕਿ ਫ਼ਾਰਸੀ ਸ਼ਬਦਾਂ ਨੂੰ ਪੰਜਾਬੀ ਲਿੱਪੀ ਵਿਚ ਲਿਖਣ ਸਮੇਂ, ਫ਼ਾਰਸੀ ਜ਼ਬਰ, ਜ਼ੇਰ, ਹਾਇ ਮੁਖ਼ਤਫ਼ੀ ਆਦਿ ਨੂੰ ਪੰਜਾਬੀ ਰੂਪ ਵਿਚ, ਥਾਂ ਸਿਰ ਅੰਕਿਤ ਕੀਤਾ ਜਾਏ। ਏਸੇ ਤਰ੍ਹਾਂ ਫ਼ਾਰਸੀ ਦੀ 'ਇਜ਼ਾਫ਼ਤ' ਨੂੰ, 'ਿ' ਨਾਲ ਲਿਖਣ ਦੀ ਥਾਂ, 'ਲਾਂ' ਨਾਲ ਲਿਖਣ ਦੀ ਚਲੀ ਆ ਰਹੀ ਉਕਾਈ ਦੂਰ ਕੀਤੀ ਗਈ ਹੈ। ਜਤਨ ਕੀਤਾ ਹੈ ਕਿ ਫ਼ਾਰਸੀ ਬੋਲੀ ਤੋਂ ਅਨਜਾਣ ਸੱਜਣ ਵੀ, ਫ਼ਾਰਸੀ ਸ਼ਬਦਾਂ ਨੂੰ ਪੰਜਾਬੀ ਲਿੱਪੀ ਵਿਚ ਪੜ੍ਹਨ ਸਮੇਂ, ਸ਼ੁਧ ਉਚਾਰਨ ਕਰ ਸਕਣ। ਸ਼ੁੱਧ ਉਚਾਰਨ ਹੀ ਬੋਲੀ ਤੇ ਇਸ ਦੇ ਪ੍ਰਭਾਵ ਦੀ ਜਾਨ ਹੋਇਆ ਕਰਦੀ ਹੈ।

ਇਸ ਤੋਂ ਛੁੱਟ ਹੋਰ ਵੀ ਕਈ ਵਾਧੇ ਕੀਤੇ ਗਏ ਹਨ; ਜਿਵੇਂ

੧. ਹਰੇਕ ਗ਼ਜ਼ਲ ਨੂੰ ਪੰਨੇ ਦੇ ਅਰੰਭ ਵਿਚ ਅੰਕਿਤ ਕਰ ਕੇ, ਹੇਠਾਂ, ਨਾਲ ਹੀ ਪੰਜਾਬੀ ਕਾਵਿ-ਰੂਪ ਵਿਚ ਉਸ ਦਾ ਉਲਥਾ ਦਿੱਤਾ ਗਿਆ ਹੈ। ਪਾਠਕ ਜਿਥੇ ਸਮੁੱਚੀ ਗ਼ਜ਼ਲ ਨੂੰ ਇਕ ਥਾਂ ਵਾਚਣ ਦਾ ਅਨੰਦ ਮਾਣ ਸਕੇਗਾ, ਉਥੇ ਨਾਲ ਹੀ ਉਸ ਦੇ ਪੰਜਾਬੀ ਕਾਵਿ-ਰੂਪ ਨੂੰ ਵਾਚ ਕੇ ਵੀ ਲੁਤਫ਼-ਅੰਦੋਜ਼ ਹੋਵੇਗਾ। ਪੰਜਾਬੀ ਕਾਵਿ ਵਿਚ ਉਲਥਾ, ਉਸਤਾਦ ਕਵੀਆਂ ਦੇ ਉਸਤਾਦ—ਸ: ਵਿਧਾਤਾ ਸਿੰਘ ਜੀ 'ਤੀਰ' ਨੇ ਜਿਸ ਸਾਦਗੀ, ਸਰਲਤਾ, ਸੰਖੇਪਤਾ, ਸਪੱਸ਼ਟਤਾ ਤੇ ਢੁਕਵੀਂ ਬੋਲੀ ਦੀ ਖ਼ੂਬਸੂਰਤੀ ਨਾਲ ਸੰਗੀਤਕ ਲੈਅ ਵਿਚ ਨਿਭਾਇਆ ਹੈ, ਉਹ ਆਪਣੀ ਪ੍ਰਸੰਸਾ ਆਪ ਹੈ।[੧]

੨. ਹਰੇਕ ਗ਼ਜ਼ਲ ਦੀ ਵਿਆਖਿਆ ਉਪਰੰਤ ਜਿਥੇ ਕਿਥੇ ਥਾਂ ਬਚੀ ਹੈ, ਓਥੇ ਓਥੇ 'ਜ਼ਿੰਦਗੀਨਾਮਾ' ਵਿਚੋਂ, ਗ਼ਜ਼ਲ ਦੇ ਭਾਵ ਨਾਲ ਮੇਲ ਖਾਂਦੇ ਸ਼ੇਅਰ (ਅਰਥਾਂ ਸਹਿਤ) ਦੇ ਕੇ, ਮਜ਼ਮੂਨ ਨੂੰ ਹੋਰ ਵੀ ਰਸੀਲਾ ਤੇ ਲਾਭਦਾਇਕ ਬਣਾ ਦਿੱਤਾ ਗਿਆ ਹੈ।

---

੧. ਤੀਰ ਜੀ ਦਾ ਇਹ ਕਾਵਿ ਅਨੁਵਾਦ ਵਖਰੀ ਪੁਸਤਕ ਵਿਚ ਪ੍ਰਕਾਸ਼ਿਤ ਹੋ ਰਿਹਾ ਹੈ। ਹੁਣ ਇਸ ਪੁਸਤਕ ਵਿਚ ਅੰਕਿਤ ਕਾਵਿ-ਅਨੁਵਾਦ ਲੇਖਕ ਵਲੋਂ ਹੈ।

੩. 'ਦੀਵਾਨਿ ਗੋਇਆ' ਦਾ ਸਟੀਕ ਸੰਪੂਰਨ ਹੋ ਜਾਣ ਉਪਰੰਤ ਭਾਈ ਸਾਹਿਬ ਦੀ ਇਕ ਹੋਰ ਰਚਨਾ 'ਗੰਜ-ਨਾਮਾ' ਵਿਚੋਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਫ਼ਤ-ਸਲਾਹ ਵਿਚ ਲਿਖੀ 'ਸਲਤਨਤਿ ਦਹੱਮ' ਦੇ ੫੬ ਸ਼ੇਅਰ, 'ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ', ਅਰਥਾਂ ਸਮੇਤ ਦਿੱਤੇ ਗਏ ਹਨ। ਇਹ ਰਚਨਾ ਵੀ ਫ਼ਾਰਸੀ ਗ਼ਜ਼ਲਾਂ ਵਾਂਗ, ਸੰਗਤਾਂ, ਕਵੀਆਂ, ਲੈਕਚਰਾਰਾਂ ਤੇ ਰਾਗੀਆਂ ਵਿਚ ਬੜੀ ਰੀਝ ਤੇ ਸ਼ਰਧਾ ਨਾਲ ਸੁਣੀ, ਸੁਣਾਈ ਤੇ ਗਾਈ ਜਾਂਦੀ ਹੈ।

੪ ਪੁਸਤਕ ਦੇ ਅਖ਼ੀਰ ਵਿਚ 'ਦੀਵਾਨਿ ਗੋਇਆ' ਤੇ 'ਸਲਤਨਤਿ ਦਹੱਮ' ਨੂੰ ਫ਼ਾਰਸੀ ਲਿਪੀ ਵਿਚ ਅੰਕਿਤ ਕੀਤਾ ਗਿਆ ਹੈ। ਇਸ ਨਾਲ ਫ਼ਾਰਸੀ ਬੋਲੀ ਤੋਂ ਜਾਣੂ ਸੱਜਣ ਪ੍ਰੇਮਾ-ਭਗਤੀ ਦੇ ਇਸ ਮਹਾਨ ਕਾਵਿ ਨੂੰ ਵਾਚ ਕੇ ਅਨੰਦ ਮਾਣ ਸਕਣਗੇ। (ਅਫ਼ਸੋਸ ਹੈ ਕਿ ਕਈ ਇਕ ਕਾਰਨਾਂ-ਵਸ ਇਹ ਸਿਲਸਿਲਾ ਅਗਲੀਆਂ ਐਡੀਸ਼ਨਾਂ ਵਿਚ ਜਾਰੀ ਨਹੀਂ ਰਹਿ ਸਕਿਆ।)

੫. ਅਸਾਂ ਖੋਜ ਦੇ ਅਧਾਰ ਤੇ ਸਾਰੀਆਂ ਗ਼ਜ਼ਲਾਂ ਇਸ ਪੁਸਤਕ ਵਿੱਚ ਮੁਕੰਮਲ ਰੂਪ ਵਿਚ ਪੇਸ਼ ਕੀਤੀਆਂ ਹਨ, ਜਿੱਥੇ ਕਿ ਪਿਛੇ ਛਪੇ ਟੀਕਿਆਂ ਵਿਚ ਕੁਝ ਗ਼ਜ਼ਲਾਂ ਹਨ ਹੀ ਨਹੀਂ, ਅਤੇ ਕਈ ਅਧੂਰੀਆਂ ਸਨ, ਜਿਹਾ ਕਿ ਗ਼ਜ਼ਲ ਨੰ: ੩੧, ੪੨ ਤੇ ੪੭ ਵਿਚ ਇਕ ਇਕ ਸ਼ੇਅਰ ਅਤੇ ਗ਼ਜ਼ਲ ਨੰ: ੫੨ ਵਿਚ ਪੰਜਾਂ ਸ਼ੇਅਰਾਂ ਦਾ ਵਾਧਾ ਕੀਤਾ ਗਿਆ ਹੈ। ਏਸੇ ਤਰ੍ਹਾਂ ਗ਼ਜ਼ਲ ਨੰ: ੧੮, ੬੧ ਤੇ ੬੨ ਪਹਿਲਿਆਂ ਟੀਕਿਆਂ ਵਿਚ ਅਲੋਪ ਹਨ।

੬. ਹਰ ਨਵੀਂ ਗ਼ਜ਼ਲ ਨਵੇਂ ਸਫ਼ੇ ਤੋਂ ਸ਼ੁਰੂ ਕਰ ਕੇ ਉਸ ਦੇ ਹਰ ਸ਼ੇਅਰ ਦੀ ਹਰੇਕ ਸਤਰ ਵੱਖ ਵੱਖ ਦਿੱਤੀ ਗਈ ਹੈ।

੭. ਤੁਕ ਅਰਥ (Paraphrase) ਕਰਨ ਲੱਗਿਆਂ ਸਪਸ਼ਟਤਾ ਲਈ ਮੂਲ ਦੇ ਅਰਥਾਂ ਨਾਲੋਂ ਵਰਤੇ ਵਾਧੂ ਸ਼ਬਦਾਂ ਨੂੰ ਬ੍ਰੈਕਟਾਂ ਵਿਚ ਪਾਇਆ ਗਿਆ ਹੈ।

੮. ਜਿਥੇ ਸਾਰੀਆਂ ਗ਼ਜ਼ਲਾਂ ਦਾ ਤਤਕਰਾ ਅਰੰਭ ਵਿਚ ਦੇ ਦਿੱਤਾ ਗਿਆ ਹੈ, ਉਥੇ ਨਾਲ ਹੀ ਹਰੇਕ ਸਫ਼ੇ ਉਪਰ ਚਲਦੀ ਗ਼ਜ਼ਲ ਦਾ ਨੰਬਰ ਵੀ ਦਿੱਤਾ ਗਿਆ ਹੈ, ਤਾਂ ਜੁ ਪਾਠਕ ਜਨ ਲੋੜੀਂਦੇ ਪਦਾਰਥ ਅਸਾਨੀ ਨਾਲ ਪ੍ਰਾਪਤ ਕਰ ਸਕਣ।

੯. ਪੁਸਤਕ ਵਿਚ, ਗੁਰਮਤਿ ਦੇ ਜਗਿਆਸੂਆਂ ਤੇ ਪ੍ਰਮਾਰਥ ਦੇ ਖੋਜੀਆਂ ਲਈ ਵਿਆਖਿਆ ਦੇ ਰੂਪ ਵਿਚ ਸੰਖੇਪ ਤੇ ਭਾਵ-ਪੂਰਤ ਵਿਚਾਰ ਪੇਸ਼ ਕਰਨ ਦਾ ਜਤਨ ਕੀਤਾ ਗਿਆ ਹੈ। ਫਿਰ ਵੀ ਵਿਦਵਾਨ ਸੱਜਣਾਂ ਵਲੋਂ ਪੁੱਜੇ ਲਾਭਦਾਇਕ ਸੁਝਾਵਾਂ ਨੂੰ ਪੂਰਨ ਸਤਿਕਾਰ ਸਹਿਤ ਅਗਲੀ ਐਡੀਸ਼ਨ ਵਿਚ ਅਪਣਾਇਆ ਜਾਵੇਗਾ।

ਅੰਤ ਵਿਚ ਮੈਂ ਪ੍ਰੋਫ਼ੈਸਰ ਡਾਕਟਰ ਦੀਵਾਨ ਸਿੰਘ ਜੀ (ਟਰਿਪਲ ਐਮ. ਏ.), ਖ਼ਾਲਸਾ ਕਾਲਜ, ਅੰਮ੍ਰਿਤਸਰ ਦਾ ਹਾਰਦਿਕ ਰਿਣੀ ਹਾਂ, ਜਿਨ੍ਹਾਂ ਨੇ ਸਮੇਂ ਸਮੇਂ ਆਪਣੀ ਬਹੁ-ਮੁੱਲੀ ਰਾਇ ਦੇ ਕੇ ਇਸ ਕਾਰਜ ਨੂੰ ਸੰਪੂਰਨ ਕਰਨ ਵਿਚ ਮੇਰੀ ਅ-ਸੰਕੋਚ ਸਹਾਇਤਾ ਕੀਤੀ ਹੈ। ਇਸ ਤੋਂ ਬਿਨਾਂ 'ਸਿੰਘ ਬ੍ਰਦਰਜ਼' ਵਾਲਿਆਂ ਦੇ ਸੁਚੱਜੇ ਸੁਝਾਵਾਂ ਅਤੇ ਮਿਹਨਤ ਦਾ ਜਿਤਨਾ ਵੀ ਧੰਨਵਾਦ ਕੀਤਾ ਜਾਵੇ, ਥੋੜ੍ਹਾ ਹੈ। ਅਸਲ ਵਿਚ ਇਸ ਸਾਰੇ ਉੱਦਮ ਦੀ ਜਿੰਦ-ਜਾਨ ਉਹ ਆਪ ਹੀ ਹਨ।

ਭੂਮਿਕਾ ਦੂਜੀ ਐਡੀਸ਼ਨ

'ਸਾਚੀ ਪ੍ਰੀਤਿ' ਦੀ ਦੂਜੀ ਐਡੀਸ਼ਨ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਦਿਆਂ ਮੇਰਾ ਦਿਲ ਜਿੱਥੇ ਕਲਗੀਆਂ ਵਾਲੇ ਸੱਚੇ ਪਾਤਸ਼ਾਹ ਦੇ ਸ਼ੁਕਰਾਨੇ ਵਿਚ, ਵਿਸਮਾਦੀ ਵੈਰਾਗ ਨਾਲ ਮੁਗਧ ਹੋ ਰਿਹਾ ਹੈ, ਉਥੇ ਮੈਂ ਦਾਤਾ ਜੀ ਦੇ ਪ੍ਰੀਤਿ-ਪਰਵਾਨਿਆਂ ਤੋਂ ਖਿਮਾ ਦਾ ਵੀ ਜਾਚਕ ਹਾਂ ਕਿ ਛਪਾਈ ਦੀਆਂ ਵਰਤਮਾਨ ਔਕੜਾਂ ਦੇ ਕਾਰਨ, ਵਰਤਮਾਨ ਐਡੀਸ਼ਨ ਵਿਚ, ਗ਼ਜ਼ਲਾਂ ਨੂੰ ਨਾ ਹੀ ਫ਼ਾਰਸੀ ਲਿਪੀ ਵਿਚ ਦਿੱਤਾ ਜਾ ਸਕਿਆ ਹੈ ਅਤੇ ਨਾ ਹੀ ਗ਼ਜ਼ਲਾਂ ਦਾ ਕਵਿਤਾ ਵਿਚ ਅਨੁਵਾਦ। ਹਾਂ ਇਹ ਕਾਵਿ-ਅਨੁਵਾਦ ਪ੍ਰਕਾਸ਼ਕ ਵਖਰਾ ਛਾਪ ਰਹੇ ਹਨ, ਚਾਹਵਾਨ ਸੱਜਣ ਪੁਸਤਕ ਨਾਲ ਉਸਨੂੰ ਵਖਰੇ ਤੌਰ ਉਤੇ ਪ੍ਰਾਪਤ ਕਰ ਸਕਦੇ ਹਨ।

ਪਹਿਲੀ ਐਡੀਸ਼ਨ ਦੀ ਪ੍ਰਸੰਸਾ ਵਿਚ ਜੋ ਵਿਦਵਾਨ ਸੱਜਣਾਂ ਵਲੋਂ ਅਮੋਲਕ ਰਾਵਾਂ ਸਮੇਂ ਸਮੇਂ ਪ੍ਰਾਪਤ ਹੁੰਦੀਆਂ ਰਹੀਆਂ, ਉਨ੍ਹਾਂ ਵਿਚੋਂ ਕੇਵਲ ਸ: ਲਾਲ ਸਿੰਘ ਜੀ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ (ਹੁਣ ਚੇਅਰਮੈਨ ਪਬਲਿਕ ਸਰਵਿਸ ਕਮਿਸ਼ਨ, ਪੰਜਾਬ) ਵਲੋਂ ਓਦੋਂ ਲਿਖੇ ਕੁਝ ਸ਼ਬਦ ਅੰਕਿਤ ਕੀਤੇ ਜਾਂਦੇ ਹਨ

"ਇਹ ਪ੍ਰਸੰਨਤਾ ਦੀ ਗੱਲ ਹੈ ਕਿ ਪ੍ਰਿੰ: ਹਰਭਜਨ ਸਿੰਘ ਜੀ ਨੇ ਇਸ ਬਾਣੀ ਦੇ ਡੂੰਘੇ ਅਧਿਐਨ ਪਿਛੋਂ, ਇਸ ਦਾ ਸ਼ਬਦਾਰਥ ਤੇ ਵਿਆਖਿਆ ਲਿਖਣ ਦਾ ਉੱਦਮ ਕੀਤਾ ਹੈ। ਅਜਿਹਾ ਮਹਾਨ ਕੰਮ ਕਿਸੇ ਪਰੌੜ ਵਿਦਵਾਨ ਪਾਸੋਂ ਹੋਣਾ ਚਾਹੀਦਾ ਹੈ ਅਤੇ ਪ੍ਰਿੰਸੀਪਲ ਸਾਹਿਬ ਨੇ ਇਸ ਕੰਮ ਨੂੰ ਪੂਰੀ ਸੁਚੱਜਤਾ ਨਾਲ ਨੇਪਰੇ ਚਾੜ੍ਹਿਆ ਹੈ.....। ਸਿੰਘ ਬ੍ਰਦਰਜ਼, ਮਾਈ ਸੇਵਾਂ (ਅੰਮ੍ਰਿਤਸਰ) ਵਾਲੇ, ਜੋ ਇਸ ਪੁਸਤਕ ਦੇ ਪ੍ਰਕਾਸ਼ਕ ਹਨ, ਵੀ ਪ੍ਰਸੰਸਾ ਦੇ ਪਾਤਰ ਹਨ, ਜਿਨ੍ਹਾਂ ਇਸ ਦੀ ਛਪਾਈ ਨੂੰ ਪੂਰੀ ਸਾਵਧਾਨੀ ਨਾਲ ਨਿਭਾਇਆ ਹੈ।"

ਪੂਰਨ ਆਸ ਤੇ ਵਿਸ਼ਵਾਸ ਹੈ ਕਿ 'ਗੁਰੂ ਤੇ ਸਿਖ' ਦੀ ਅਜ਼ਲੀ ਤੇ ਸਾਚੀ ਪ੍ਰੀਤਿ-ਗੀਤ ਨੂੰ ਸਮਝਣ ਸਮਝਾਉਣ ਤੇ ਕਮਾਉਣ ਵਾਲੇ ਸੁਭਾਗੇ ਪਾਠਕ, ਲੇਖਕ ਦੀ ਇਸ ਨਿਮਾਣੀ ਜਿਹੀ ਘਾਲਣਾ ਤੋਂ ਫ਼ੈਜ਼ਯਾਬ ਹੋਣਗੇ।

੨੮ ਮਾਰਚ, ੧੯੭੫ **ਹਰਿਭਜਨ ਸਿੰਘ**
(ਹੋਲਾ ਮਹੱਲਾ)

ਭੂਮਿਕਾ ਤੀਜੀ ਐਡੀਸ਼ਨ

'ਸਾਚੀ ਪ੍ਰੀਤਿ' ਦੀ ਤੀਜੀ ਐਡੀਸ਼ਨ ਸੁਹਿਰਦ ਤੇ ਸੁਯੋਗ ਪਾਠਕਾਂ ਦੀ ਪਵਿੱਤਰ ਸੇਵਾ ਵਿੱਚ ਪੇਸ਼ ਕਰਦਿਆਂ, ਮੇਰਾ ਰੋਮ ਰੋਮ 'ਕਾਦਿਰੇ ਹਰ ਕਾਰ ਗੁਰੂ ਗੋਬਿੰਦ ਸਿੰਘ' ਦਾ ਕ੍ਰਿਤੱਗਯ ਹੈ, ਜਿਨ੍ਹਾਂ ਨੇ ਤਰੁੱਠ ਕੇ ਇਸ ਕੀਟ ਨੂੰ ਐਸੀ ਉੱਚਤਮ ਕਾਰੇ ਲਾਇਆ। ਸੱਚ ਜਾਣੋ, ਜਦ ਵੀ, ਜਿਵੇਂ ਜਿਵੇਂ ਮੈਂ 'ਗੋਇਆ' ਜੀ ਦੇ ਪਾਕ ਕਲਾਮ ਅਤੇ ਇਸ ਦੀ ਵਿਆਖਿਆ ਨੂੰ ਵਾਚਦਾ, ਵੀਚਾਰਦਾ ਹਾਂ ਮੇਰਾ ਮਨ ਨਾ ਕੇਵਲ ਸਿਦਕ, ਪ੍ਰੇਮ ਤੇ ਸ਼ਰਧਾ ਨਾਲ ਹੀ ਸਰਸ਼ਾਰ ਹੁੰਦਾ ਗਿਆ ਹੈ; ਸਗੋਂ ਮੇਰੇ ਧੁਰ ਅੰਦਰ ਇਹ ਵਿਸ਼ਵਾਸ ਹੋਰ ਵੀ ਪੁਖ਼ਤਗੀ ਪਕੜਦਾ ਗਿਆ ਹੈ ਕਿ ਜੋ ਕੋਈ ਵੀ ਪ੍ਰੇਮ ਪੂਰਵਕ, ਇਸ ਪੁਸਤਕ ਦੀਆਂ ਗਹਿਰਾਈਆਂ ਨੂੰ, ਇੱਕ-ਮਨ, ਇੱਕ-ਚਿੱਤ ਹੋ ਕੇ ਵੀਚਾਰੇਗਾ, ਉਸ ਨੂੰ ਅਵੱਸ਼ 'ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਵਿਸਾਹ ਦਾਨ ਅਤੇ ਦਾਨਾਂ ਸਿਰ ਦਾਨ—ਨਾਮ ਦਾਨ' ਦੀ ਪ੍ਰਾਪਤੀ ਹੋਵੇਗੀ।

ਮੇਰੇ ਪ੍ਰਿਅ ਪਾਠਕ ਜੀ ਇਹ ਜਾਣ ਕੇ ਵੀ ਪ੍ਰਸੰਨ ਹੋਣਗੇ ਕਿ ਹੋਰ ਸੋਧ-ਸੁਧਾਈ ਤੋਂ ਇਲਾਵਾ ਇਸ ਵਾਰੀ ਫ਼ਾਰਸੀ ਕਵਿਤਾ ਦਾ ਪੰਜਾਬੀ ਉਲਥਾ ਵੀ ਇਸ ਪੁਸਤਕ ਦੇ ਅੰਤ ਵਿਚ ਸ਼ਾਮਿਲ ਕਰ ਦਿਤਾ ਗਿਆ ਹੈ। ਇਹ ਕਵਿਤਾ-ਅਨੁਵਾਦ ਮੇਰੇ ਸੁਹਿਰਦ ਮਿੱਤਰ—ਸ: ਸੋਹਣ ਸਿੰਘ 'ਗਲ੍ਹੋਤ੍ਰਾ', ਐਮ. ਏ. ਬੀ. ਟੀ. ਤੇ ਦਾਸ ਨੇ ਇਕੱਠਿਆਂ, ਵੱਡੀ ਮਿਹਨਤ ਨਾਲ ਤਿਆਰ ਕੀਤਾ ਹੈ।

ਪੂਰਨ ਆਸ ਹੈ ਕਿ ਸੁਹਿਰਦ ਪਾਠਕ ਜੀ ਪਸੰਦ ਕਰਨਗੇ, ਵਿਸ਼ੇਸ਼ ਕਰ ਕੇ ਕੀਰਤਨੀਏ ਵੀਰ।

ਮਾਰਚ, ੧੯੮੪

ਗੁਰੂ ਪੰਥ ਦਾ ਦਾਸਨ ਦਾਸ
ਹਰਿਭਜਨ ਸਿੰਘ
(ਭਾਈ ਸਾਹਿਬ)

ਭੂਮਿਕਾ ਚੌਥੀ ਐਡੀਸ਼ਨ

ਸਿਆਣਿਆਂ ਦਾ ਕਥਨ ਹੈ ਕਿ ਪ੍ਰਾਪਤੀ ਤੇ ਸੰਪੂਰਨਤਾ ਵਿਚਕਾਰ ਸਦਾ ਇੱਕ ਵਿੱਥ ਬਣੀ ਰਹਿੰਦੀ ਹੈ। ਇਹੀ ਕਾਰਨ ਹੈ ਕਿ 'ਸਾਚੀ ਪ੍ਰੀਤਿ' ਦੀ ਹਰ ਨਵੀਂ ਛਾਪ ਸਮੇਂ ਉਸ ਵਿਚ ਸੋਧ-ਸੁਧਾਈ ਤੇ ਵਾਧੇ-ਘਾਟੇ ਕਰਨੇ ਜ਼ਰੂਰੀ ਤੇ ਲਾਭਦਾਇਕ ਸਮਝੇ ਜਾਂਦੇ ਹਨ। ਹੱਥਲੀ ਐਡੀਸ਼ਨ ਵਿਚ ਵੀ ਇਉਂ ਹੋ ਜਾਣਾ ਕੁਦਰਤੀ ਹੈ।

ਸੱਚ ਤਾਂ ਇਹ ਹੈ ਕਿ 'ਦੀਵਾਨ ਗੋਇਆ' ਵਿਚ ਭਾਈ ਨੰਦ ਲਾਲ ਜੀ ਵਲੋਂ ਸ੍ਰੀ ਦਸਮੇਸ਼ ਜੀ ਪ੍ਰਤੀ ਪ੍ਰਗਟਾਈ ਅਨਿੰਨ ਸ਼ਰਧਾ-ਭਗਤੀ, ਗੁਰਮਤਿ-ਵਿਆਖਿਆ ਅਤੇ ਫ਼ਾਰਸੀ ਜਿਹੀ ਮਿੱਠੀ ਬੋਲੀ ਵਿਚ ਬਿਆਨ ਦਾ ਕਮਾਲ, ਉਨ੍ਹਾਂ ਦੇ ਹਿੱਸੇ ਹੀ ਆ ਸਕਦਾ ਹੈ। ਫਿਰ ਵੀ, ਇਸ ਦਾਸਰੇ ਵੱਲੋਂ, ਸਤਿਗੁਰੂ ਜੀ ਵਲੋਂ ਤਰੁੱਠ ਕੇ ਬਖ਼ਸ਼ੇ ਬਲ-ਬੁਧਿ ਅਨੁਸਾਰ, ਭਾਈ ਸਾਹਿਬ ਵਲੋਂ ਬਿਆਨੀਆਂ ਰਹੱਸ-ਮਈ ਤੇ ਵਿਸਮਾਦੀ ਉਚਿਆਈਆਂ ਦਾ ਅੰਸ਼-ਮਾਤ੍ਰ ਅਕਸ ਆਪਣੇ ਸ਼ਬਦਾਂ ਵਿਚ ਉਤਾਰਨ ਦਾ ਨਿਮਾਣਾ ਜਿਹਾ ਜਤਨ ਹੁੰਦਾ ਆਇਆ ਹੈ। ਸੁਹਿਰਦ ਪਾਠਕਾਂ ਦੀ ਪ੍ਰਵਾਨਗੀ ਤੇ ਕਦਰ-ਦਾਨੀ ਦੇ ਫਲ-ਸਰੂਪ ਹੀ ਇਹ ਐਡੀਸ਼ਨ ਉਨ੍ਹਾਂ ਦੇ ਕਰ-ਕੰਵਲਾਂ ਤੱਕ ਪਹੁੰਚਾਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਪੂਰਨ ਆਸ ਤੇ ਵਿਸ਼ਵਾਸ ਹੈ ਕਿ

ਨ ਗੋਇਮਤ, ਕਿ: ਸੂਏ ਦੈਰ ਯਾ ਹਰਮ ਮੇ ਰੌ।
ਬ-ਹਰ ਤਰਫ਼ ਕਿ: ਰਵੀ, ਜਾਨਿਬਿ ਖ਼ੁਦਾ ਮੇ ਬਾਸ਼॥੪॥ *(ਗ਼ਜ਼ਲ ੪੦)*

ਅਨੁਵਾਦ **ਮੈ ਨਹੀਂ ਕਹਿੰਦਾ ਮੰਦਰ ਜਾ ਤੂੰ, ਜਾਂ ਮਸਜਦ ਵਲ ਜਾਵੀਂ ਤੂੰ।**
ਜਿਧਰ ਵੀ ਜਾਵੇਂ, ਓਧਰ ਬੀਬਾ, ਰੱਬ ਦੇ ਪਾਸੇ ਜਾਵੀਂ ਤੂੰ।

ਦਾ ਹੱਕੀ ਨਾਅਰਾ ਬੁਲੰਦ ਕਰਨ ਵਾਲੇ 'ਗੋਇਆ ਜੀ' ਦੇ ਇਸ ਪਾਕ ਤੇ ਮੁਸ਼ਕਲ-ਕੁਸ਼ਾ ਪਾਕ ਕਲਾਮ ਤੋਂ ਕੋਈ ਘਰ, ਕੋਈ ਮੰਦਰ, ਮਸਜਦ, ਗੁਰਦੁਆਰਾ ਜਾਂ ਲਾਇਬ੍ਰੇਰੀ ਵੀ, ਅਛੋਹ ਨਹੀਂ ਰਹੇਗੀ।

੧੧੮੬/੧੮-ਸੀ
ਚੰਡੀਗੜ੍ਹ
੧੩.੮.੮੬

ਗੁਰੂ-ਘਰ ਦਾ
'ਮੁਲ ਖ਼ਰੀਦੀ ਲਾਲਾ ਗੋਲਾ'
ਹਰਿਭਜਨ ਸਿੰਘ
(ਭਾਈ ਸਾਹਿਬ)

ਭੂਮਿਕਾ ਪੰਜਵੀਂ ਐਡੀਸ਼ਨ

ਇਸ ਦਾਸਰੇ ਨੇ ਸਤਿਗੁਰਾਂ ਵਲੋਂ ਤਰੁੱਠ ਕੇ ਬਖ਼ਸ਼ੀ ਬੁੱਧ ਅਨੁਸਾਰ 'ਗੁਰਮਤਿ ਵਿਆਖਿਆ' ਹਿਤ ਬਹੁਤ ਸਾਰੀਆਂ ਪੁਸਤਕਾਂ ਤੇ ਟ੍ਰੈਕਟ ਆਦਿ ਲਿਖਣ ਤੇ ਪ੍ਰਕਾਸ਼ਤ ਕਰਨ ਦਾ ਨਿਮਾਣਾ ਤੇ ਤੁੱਛ ਜਿਹਾ ਪੁਰਸ਼ਾਰਥ ਕੀਤਾ ਹੈ। ਪਰ, ਪਤਾ ਨਹੀਂ ਕਿ ਭਾਈ ਸਾਹਿਬ ਨੰਦ ਲਾਲ ਜੀ ਦੇ ਗੁਰ-ਸ਼ਰਧਾ ਭਿੱਜੇ ਤੇ ਗੁਰਮਤਿ ਦੇ ਗੋਹਝ-ਪ੍ਰਗਟਾਊ ਪਾਕ ਕਲਾਮ ਵਿੱਚ ਕੀ ਖਿੱਚ ਤੇ ਕ੍ਰਿਸ਼ਮਾ ਹੈ ਕਿ ਹੱਥਲੀ ਪੁਸਤਕ, ਫ਼ਾਰਸੀ ਵਿਚ ਹੋਣ ਦੇ ਬਾਵਜੂਦ, ਪਾਠਕਾਂ ਨੇ ਸਭ ਤੋਂ ਵੱਧ ਪਸੰਦ ਕੀਤੀ ਤੇ ਅਪਣਾਈ ਹੈ, ਹਾਂ ਜੀ

'ਆਖ਼ਰ, ਕੋਈ ਤੋ ਬਾਤ ਹੈ 'ਗੋਇਆ ਕਲਾਮ ਮੇਂ"।

ਗੁਰੂ ਕਰੇ ਕਿ ਇਹ ਸਿਲਸਿਲਾ, ਜਦ ਮੈਂ ਸਰੀਰ ਕਰ ਕੇ ਅਲੋਪ ਹੋ ਜਾਵਾਂ, ਓਦੋਂ ਵੀ ਹਸ਼ਰ ਤਕ ਬਦਸਤੂਰ ਜਾਰੀ ਰਹੇ! 'ਸਾਧ ਬਚਨ ਅਟਲਾਧਾ' ਵਾਲਾ ਸੱਚ ਵਰਤੇ!

੭ ਜਨਵਰੀ ੧੯੯੫
(ਕਲਗੀਧਰ ਅਵਤਾਰ-ਪੁਰਬ)

ਗੁਰੂ-ਨਾਨਕ ਘਰ ਦਾ ਗੋਲਾ
ਹਰਿਭਜਨ ਸਿੰਘ

ਭਾਈ ਨੰਦ ਲਾਲ ਜੀ 'ਗੋਇਆ'

'ਇਕ ਅਕਾਲ ਪੁਰਖੀ, ਜਾਗਤ ਜੋਤ ਦੇ ਪੂਜਾਰੀ—ਸਾਹਿਬ ਗੁਰੂ ਗੋਬਿੰਦ ਸਿੰਘ ਜੀ —ਦੀ ਅਜੋੜ ਸ਼ਖ਼ਸੀਅਤ ਨੂੰ ਆਪੋ ਆਪਣੀ ਸੀਮਤ ਮਨੁੱਖ-ਬੁਧੀ ਮੁਤਾਬਿਕ, ਸਮਕਾਲੀਏ ਤੇ ਬਾਅਦ ਦੇ ਇਤਿਹਾਸਕਾਰਾਂ, ਪੜਚੋਲੀਆਂ, ਅਨ-ਮੱਤੀਆਂ, ਕਵੀਆਂ ਤੇ ਸ਼ਰਧਾਲੂਆਂ ਵਲੋਂ ਵਿੱਤ ਅਨੁਸਾਰ ਬਿਆਨਣ ਦਾ ਜਤਨ ਹੁੰਦਾ ਆਇਆ ਹੈ। ਜੇ ਇਕ ਨੇ ਉਨ੍ਹਾਂ ਨੂੰ ਮਰਦ-ਅਗੰਮੜਾ ਤੇ 'ਆਪੇ ਗੁਰ ਚੇਲਾ' ਕਰ ਕੇ ਦਰਸਾਇਆ ਤੇ ਵਡਿਆਇਆ ਹੈ, ਤਾਂ ਦੂਜੇ ਨੇ ਸਰਬੰਸ-ਦਾਨੀ ਅਦੁੱਤੀ ਜੋਧਾ, ਧਰਮ-ਰਖਯਕ ਤੇ ਵੱਡ-ਉਪਕਾਰੀ ਆਖ ਕੇ ਗੁਣ ਗਾਏ ਹਨ। ਜੇ ਕੁਝ ਨੇ ਉਨ੍ਹਾਂ ਨੂੰ ਪਾਖੰਡ-ਪ੍ਰਹਾਰਕ, ਸੰਤ-ਸਿਪਾਹੀ ਤੇ ਪੰਥ ਦਾ ਵਾਲੀ ਕਰ ਕੇ ਪੂਜਿਆ ਹੈ ਤਾਂ ਹੋਰਨਾਂ ਨੇ ਮਹਾਨ ਕਵੀ, ਖ਼ਾਲਸੇ ਦੀ ਸਿਰਜਨਾ ਕਰਨ ਵਾਲਾ ਮਹਾਨ ਉਸਰੱਈਆ ਤੇ ਇਕ ਅਕਾਲ ਦਾ ਪੂਜਾਰੀ ਕਰ ਕੇ ਨਮਸਕਾਰਿਆ ਹੈ। ਪ੍ਰੰਤੂ, ਦਸਮੇਸ਼ ਜੀ ਬਾਰੇ ਖਿੱਚੇ ਇਹ ਸਾਰੇ ਚਿੱਤਰ ਅਧੂਰੇ ਅਧੂਰੇ ਭਾਸਣਗੇ ਜੇ ਇਨ੍ਹਾਂ ਵਿਚ ਸਾਹਿਬਾਂ ਦੇ ਹਜ਼ੂਰੀ ਕਵੀ ਤੇ ਅਨਿੰਨ ਸਿਖ, ਆਸ਼ਕ-ਸਾਦਿਕ—ਭਾਈ ਨੰਦ ਲਾਲ ਜੀ—ਵੱਲੋਂ ਗੁਰੂ ਤੇ ਸਿਖ ਦੀ ਪ੍ਰੀਤ-ਗੀਤ ਦੀ ਖਿੱਚੀ ਤਸਵੀਰ ਸ਼ਾਮਲ ਨਾ ਕੀਤੀ ਜਾਵੇ।

ਦਿਲ ਦੀਆਂ ਗਹਿਰਾਈਆਂ 'ਚੋਂ ਸਫੁਟ ਨਿਕਲੇ ਸ਼ਬਦਾਂ ਰਾਹੀਂ ਪ੍ਰਗਟਾਏ ਭਾਵਾਂ ਦੀ ਇਸ ਅਲੌਕਿਕ ਚਿੱਤਰਕਾਰੀ ਦੇ ਕਮਾਲ ਦਾ ਰਾਜ਼ ਕੀ ਸੀ ? ਇਹ ਜਾਣਨ ਲਈ ਸਾਨੂੰ ਭਾਈ ਸਾਹਿਬ ਦੀ ਹੱਥਲੀ, ਬੇਨਜ਼ੀਰ ਰਚਨਾ ਅਤੇ ਪ੍ਰੇਮ ਤੇ ਸ਼ਰਧਾ-ਭਿੱਜੇ ਜੀਵਨ ਉਤੇ ਇਕ ਸਰਸਰੀ ਝਾਤ ਮਾਰਨੀ ਪਵੇਗੀ

ਭਾਈ ਨੰਦ ਲਾਲ ਜੀ ਦੇ ਪਿਤਾ, ਸ੍ਰੀ ਛੱਜੂ ਰਾਮ ਖੱਤਰੀ, ਫ਼ਾਰਸੀ ਦੇ ਪ੍ਰਸਿੱਧ ਵਿਦਵਾਨ ਸਨ। ਕੰਮ-ਕਾਜ ਦੀ ਢੂੰਡ ਵਿਚ ਆਪ ਸੰਨ ੧੬੩੦ ਵਿਚ ਆਪਣਾ ਵਤਨ, ਪੰਜਾਬ ਛੱਡ ਕੇ, ਗ਼ਜ਼ਨੀ (ਅਫ਼ਗ਼ਾਨਿਸਤਾਨ) ਜਾ ਵੱਸੇ ਅਤੇ ਆਪਣੀ ਯੋਗਤਾ ਤੇ ਵਿੱਦਿਆ ਦੇ ਬਲ-ਬੋਤੇ ਉਥੋਂ ਦੇ ਹਾਕਿਮ, ਨਵਾਬ ਮੁਅੱਯੁਦੀਨ ਦੇ ਮੀਰ ਮੁਨਸ਼ੀ (ਦੀਵਾਨ) ਥਾਪ ਲਏ ਗਏ। ਯੋਗ, ਚਤੁਰ, ਮਿਹਨਤੀ ਤੇ ਈਮਾਨਦਾਰ ਹੋਣ ਕਰਕੇ ਉਹ ਹਾਕਿਮ ਦੇ ਪੂਰਨ ਭਰੋਸੇ ਦੇ ਪਾਤਰ ਹੋ ਨਿਬੜੇ।

ਪੰਜਾਹ ਸਾਲ ਦੀ ਆਯੂ ਤੱਕ ਆਪ ਦੇ ਗ੍ਰਿਹ ਵਿਖੇ ਜੋ ਸੰਤਾਨ ਵੀ ਹੋਈ, ਉਹ ਰੱਬੀ ਰਜ਼ਾ ਅਧੀਨ ਕਾਲ-ਵੱਸ ਹੁੰਦੀ ਰਹੀ। ਆਖ਼ਰ, ਸੰਨ ੧੬੩੩ ਵਿਚ, ਉਨ੍ਹਾਂ ਦੇ ਘਰ ਇਕ ਬਾਲਕ ਪੈਦਾ ਹੋਇਆ, ਜਿਸ ਦਾ ਨਾਂ ਉਨ੍ਹਾਂ 'ਨੰਦ ਲਾਲ' ਰੱਖਿਆ। ਵਿਦਵਾਨ ਪਿਤਾ ਨੇ, ਹੋਣਹਾਰ ਪੁੱਤਰ ਨੂੰ, ਛੇ ਸਾਲ ਦੀ ਛੋਟੀ ਉਮਰ ਵਿਚ ਹੀ, ਫ਼ਾਰਸੀ ਤੇ ਅਰਬੀ ਦੀ ਵਿੱਦਿਆ ਵਿਚ ਨਿਪੁੰਨ ਕਰਨ ਦਾ ਯੋਗ ਪ੍ਰਬੰਧ ਕੀਤਾ। ਬਾਲਕ ਨੰਦ ਲਾਲ ਦੀ ਬੁੱਧੀ ਅਤੀ ਤਰਲ ਤੇ ਤੀਖਣ ਸੀ; ਉਨ੍ਹਾਂ ਨੇ ਥੋੜ੍ਹੇ ਸਮੇਂ ਵਿਚ ਹੀ ਵਿੱਦਿਆ ਦਾ ਭਾਰੀ ਭੰਡਾਰ

ਹਾਸਲ ਕਰ ਲਿਆ। ਦੀਵਾਨ ਛੱਜੂ ਰਾਮ ਜੀ ਸਰਲ ਤੇ ਸਾਧੂ ਸੁਭਾਵ ਦੇ ਵੀਚਾਰਵਾਨ ਸੱਜਣ ਸਨ, ਇਸ ਲਈ ਭਾਈ ਸਾਹਿਬ ਵੀ ਉਨ੍ਹਾਂ ਵਾਂਗ ਦਾਰਸ਼ਨਿਕ ਬਿਰਤੀ ਦੇ ਧਾਰਨੀ ਹੁੰਦੇ ਗਏ।

ਦੀਵਾਨ ਸਾਹਿਬ, ਰਾਮਾਨੰਦੀ ਬੈਰਾਗੀਆਂ ਦੇ ਸੇਵਕ ਸਨ। ਜਦ 'ਬਾਲਕ' ਦੀ ਆਯੂ ਬਾਰ੍ਹਾਂ ਸਾਲ ਦੀ ਹੋਈ ਤਾਂ ਕੁਲਾਰੀਤ ਅਨੁਸ਼ਾਰ, ਉਨ੍ਹਾਂ ਨੂੰ ਵੈਸ਼ਨਵ ਧਰਮ ਦੀ ਦੀਖਿਆ ਦੇਣ ਦਾ ਪ੍ਰਬੰਧ ਕੀਤਾ ਗਿਆ। ਕੁਲ-ਗੁਰੂ ਨੇ ਭਾਈ ਸਾਹਿਬ ਦੇ ਗਲ ਵਿਚ ਜਦ ਕੰਠੀ ਪਾਉਣੀ ਚਾਹੀ, ਤਾਂ ਉਨ੍ਹਾਂ ਨੇ ਪੂਰਨ ਅਦਬ ਸਤਿਕਾਰ ਸਹਿਤ, ਨਾਂਹ ਕਰ ਦਿੱਤੀ ਅਤੇ ਕਿਹਾ ਕਿ ਕਾਠ ਦੀ ਕੰਠੀ ਧਾਰਨ ਦਾ ਕੀ ਲਾਭ ? ਆਪ ਨੇ ਦ੍ਰਿੜ੍ਹਤਾ ਨਾਲ ਮੰਗ ਕੀਤੀ ਕਿ "ਉਨ੍ਹਾਂ ਨੂੰ ਨਾਸਵੰਤ ਕਾਠ ਦੀ ਕੰਠੀ ਦੀ ਥਾਂ, ਆਤਮਕ ਗੁਣਾਂ ਦੀ ਐਸੀ ਕੰਠੀ ਪਹਿਨਾਈ ਜਾਵੇ, ਜੋ ਲੋਕ-ਪਰਲੋਕ ਵਿਚ ਸਹਾਈ ਹੋਵੇ। ਧਰਮ ਅਥਵਾ ਆਤਮਕ ਮਾਰਗ ਦੀ ਚੋਣ ਕੋਈ ਰਸਮੀ ਤੇ ਵਿਵਹਾਰਕ ਸੌਦਾ-ਬਾਜ਼ੀ ਨਹੀਂ, ਇਸ ਲਈ ਉਹ ਪੂਰੀ ਛਾਣ-ਬੀਣ ਤੇ ਤਸੱਲੀ ਕਰ ਲੈਣ ਉਪਰੰਤ ਹੀ ਕਿਸੇ ਨੂੰ ਗੁਰੂ ਧਾਰਨ ਕਰੇਗਾ।"

ਉਨ੍ਹਾਂ ਦੇ ਪਿਤਾ ਨੂੰ, ਅਜਿਹੇ ਉਚੇਚੇ ਸਮਾਗਮ ਸਮੇਂ, ਪੁੱਤਰ ਦੀ ਇਹ ਕਾਰਵਾਈ ਚੰਗੀ ਨਾ ਲੱਗੀ। ਉਨ੍ਹਾਂ ਉਸ ਨੂੰ ਝਿੜਕਿਆ ਵੀ ਤੇ ਸਮਝਾਇਆ ਵੀ; ਪਰੰਤੂ, ਭਾਈ ਸਾਹਿਬ ਆਪਣੇ ਨਿਸਚੇ ਉਤੇ ਦ੍ਰਿੜ੍ਹ ਰਹੇ। ਤੀਜੇ ਦਿਨ ਦੀਵਾਨ ਜੀ ਨੇ ਫੇਰ ਕੁਲ-ਗੁਰੂ ਨੂੰ ਜਾਚਨਾ ਕੀਤੀ ਕਿ ਉਹ 'ਨੰਦ ਲਾਲ' ਨੂੰ ਕੰਠੀ ਪਾ ਕੇ ਦੀਖਜਤ ਕਰਨ; ਪਰੰਤੂ, ਗੁਰੂ ਨੇ ਸਮਝਾਇਆ ਕਿ ਬਾਲਕ ਬੜਾ ਚਤੁਰ ਤੇ ਬੁੱਧੀਵਾਨ ਹੈ। ਤੁਸੀਂ ਇਸ ਨੂੰ, ਸਮੇਂ ਸਿਰ, ਆਪ ਹੀ ਗੁਰੂ ਦੀ ਚੋਣ ਕਰਨ ਦਿਉ। ਦੀਵਾਨ ਜੀ ਇਸ ਫ਼ੈਸਲੇ ਨੂੰ ਸਹਿ ਗਏ ਤੇ ਫੇਰ ਉਨ੍ਹਾਂ ਕਦੀ ਵੀ ਇਸ ਮਸਲੇ ਨੂੰ ਨਾ ਉਠਾਇਆ।

ਭਾਈ ਸਾਹਿਬ ਨੇ ਵਿੱਦਿਆ ਪ੍ਰਾਪਤ ਕਰਨਾ ਜਾਰੀ ਰੱਖਿਆ, ਉਹ ਫ਼ਾਰਸੀ ਵਿਚ ਬੜੀ ਰਸੀਲੀ ਤੇ ਉੱਚ-ਪਾਏ ਦੀ ਕਵਿਤਾ ਕਹਿਣ ਲੱਗ ਪਏ। ਜਦ ਉਨ੍ਹਾਂ ਦੀ ਆਯੂ ੧੯ ਵਰ੍ਹਿਆਂ ਦੀ ਹੋਈ ਤਾਂ ਪਹਿਲਾਂ ਮਾਤਾ ਜੀ ਤੇ ਫੇਰ ਪਿਤਾ ਜੀ ਸਦੀਵੀ ਵਿਛੋੜੇ ਦੇ ਗਏ। ਭਾਈ ਸਾਹਿਬ ਨੇ ਪ੍ਰਚੱਲਤ ਰੀਤ ਅਨੁਸਾਰ ਗ਼ਜ਼ਨੀ ਦੇ ਹਾਕਮ ਤੋਂ ਪਿਤਾ ਜੀ ਵਾਲੀ ਪਦਵੀ ਉਤੇ ਨਿਯੁਕਤ ਕੀਤੇ ਜਾਣ ਦੀ ਮੰਗ ਕੀਤੀ; ਪਰੰਤੂ, ਆਯੂ ਛੋਟੀ ਹੋਣ ਦੇ ਕਾਰਨ ਇਹ ਮੰਗ ਨਾ ਮੰਨੀ ਗਈ। ਜਦ ਹੋਰ ਛੋਟਾ-ਮੋਟਾ ਅਹੁਦਾ ਪ੍ਰਵਾਨ ਕਰਨ ਲਈ ਕਿਹਾ ਗਿਆ ਤਾਂ ਆਪ ਦਾ ਦਿਲ ਟੁੱਟ ਗਿਆ ਅਤੇ ਓਹਨਾਂ ਨੇ ਪਿਤਾ-ਪੁਰਖੀ ਵਤਨ ਵੱਲ ਕੂਚ ਕਰਨ ਲਈ ਮਨ ਬਣਾ ਲਿਆ। ਉਹ ਗ਼ਜ਼ਨੀ ਵਾਲੀ ਜਾਇਦਾਦ ਵੇਚ ਵੱਟ ਕੇ, ਇਕ ਕਾਫ਼ਲੇ ਨਾਲ ਚਲ ਪਏ ਅਤੇ ਮੁਲਤਾਨ ਆ ਡੇਰਾ ਜਮਾਇਆ। ਦਿੱਲੀ ਦਰਵਾਜ਼ੇ ਘਰ ਬਣਾ ਕੇ ਰਹਿਣ ਲੱਗੇ। ਸਹਿਜੇ ਸਹਿਜੇ ਉਸ ਮਹੱਲੇ ਦਾ ਨਾਂ ਹੀ 'ਆਗ਼ਾ ਪੁਰ' ਪੈ ਗਿਆ; ਕਿਉਂਕਿ ਗ਼ਜ਼ਨੀ ਤੋਂ ਨਾਲ ਲਿਆਂਦੇ ਸੇਵਕ, ਅਫ਼ਗਾਨੀ ਰਿਵਾਜ ਅਨੁਸਾਰ, ਭਾਈ ਜੀ ਨੂੰ 'ਆਗ਼ਾ' (ਆਕਾ, ਮਾਲਿਕ) ਕਰਕੇ ਬੁਲਾਉਂਦੇ ਸਨ।

'ਆਗ਼ਾ ਪੁਰ' ਮਹੱਲੇ ਦੇ ਇਕ ਸਹਿਜਧਾਰੀ ਖੱਤਰੀ ਨੇ, ਭਾਈ ਸਾਹਿਬ ਨੂੰ ਹਰ ਤਰ੍ਹਾਂ ਨਾਲ ਸੁਯੋਗ ਜਾਣ ਕੇ, ਆਪਣੀ ਸਪੁੱਤਰੀ ਦੀ ਸ਼ਾਦੀ ਉਨ੍ਹਾਂ ਨਾਲ ਕਰ ਦਿੱਤੀ। ਇਹ ਬੀਬੀ ਗੁਰੂ-ਘਰ ਦੀ ਸ਼ਰਧਾਲੂ ਹੋਣ ਕਰਕੇ, 'ਨਿੱਤ ਅੰਮ੍ਰਿਤ ਵੇਲੇ, ਸ੍ਰੀ ਗੁਰੂ ਨਾਨਕ ਦੇਵ

ਜੀ ਦੀ ਬਾਣੀ ਪੜ੍ਹਦੀ, ਜਿਸ ਤੋਂ ਭਾਈ ਸਾਹਿਬ ਦੇ ਮਨ ਵਿਚ ਵੀ ਸਿੱਖੀ ਦੀ ਪ੍ਰੀਤ ਉਪਜੀ। ਦਿਨੋ ਦਿਨ ਗੁਰਬਾਣੀ ਉਤੇ ਵਿਸ਼ਵਾਸ ਪਰਪੱਕ ਹੁੰਦਾ ਗਿਆ, ਜਿਸ ਨਾਲ ਦਿਲ ਨੂੰ ਡੂੰਘਾ ਸੁਖ, ਸ਼ਾਂਤੀ ਤੇ ਚੈਨ ਪ੍ਰਾਪਤ ਹੋਇਆ। ਗੁਰਮੁਖੀ ਅੱਖਰ ਪੜ੍ਹੇ ਅਤੇ ਬਹੁਤ ਸਾਰੀ ਬਾਣੀ ਕੰਠ ਕਰ ਲਈ। ਗੁਰਬਾਣੀ ਤੇ ਗੁਰ-ਇਤਿਹਾਸ ਦੇ ਅਧਿਐਨ ਨੇ ਬੁੱਧੀ ਤੇ ਅਨੁਭਵ ਨੂੰ ਹੋਰ ਮਾਂਜਿਆ, ਸਵਾਰਿਆ ਤੇ ਲਿਸ਼ਕਾਇਆ। ਆਪ ਨੇ ਇਸ ਸਮੇਂ ਇਥੇ ਹੀ 'ਤੌਸੀਫ਼ ਸੱਨਾ' ਆਦਿ ਕੁਝ ਪੁਸਤਕਾਂ ਰਚੀਆਂ ਅਤੇ ਵਿੱਦਿਆ ਦੇ ਮੁਤਲਾਸ਼ੀ ਸੱਜਣਾਂ ਨੂੰ ਸੰਥਾ ਦੇਣ ਦੀ ਸੇਵਾ ਵੀ ਜਾਰੀ ਰੱਖੀ।

ਸਿਆਣਿਆਂ ਦਾ ਕਥਨ ਹੈ ਕਿ ਰਤਨ ਛੁਪਾਏ ਨਹੀਂ ਛੁਪਦੇ। ਦੈਵੀ ਗੁਣਾਂ ਦੀ ਸੁਗੰਧੀ ਅਵੱਸ਼ ਫੈਲਦੀ ਹੈ। ਭਾਈ ਸਾਹਿਬ ਦੀ ਵਿੱਦਵਤਾ, ਯੋਗਤਾ ਤੇ ਸਚਿਆਰਪੁਣੇ ਦਾ ਪਤਾ, ਜਦ ਮੁਲਤਾਨ ਦੇ ਹਾਕਿਮ ਨੂੰ ਲੱਗਾ, ਤਾਂ ਉਸ ਨੇ, ਆਪ ਬੁਲਾ ਕੇ, ਉਨ੍ਹਾਂ ਨੂੰ ਮੀਰ ਮੁਨਸ਼ੀ (ਦੀਵਾਨ) ਦੀ ਪਦਵੀ ਦੇ ਦਿੱਤੀ, ਜੋ ਭਾਈ ਸਾਹਿਬ ਨੇ ਛੇ ਕੁ ਸਾਲ ਤੱਕ ਪੂਰੀ ਯੋਗਤਾ ਤੇ ਈਮਾਨਦਾਰੀ ਨਾਲ ਨਿਭਾਉਣ ਉਪਰੰਤ, ਤਿਆਗ ਦਿੱਤੀ।

ਆਪ ਦੇ ਘਰ ਦੋ ਲੜਕੇ ਪੈਦਾ ਹੋਏ—ਲਖਪਤ ਰਾਇ ਤੇ ਲੀਲਾ ਰਾਮ। ਜਦ ਉਨ੍ਹਾਂ ਨੇ, ਵੱਡੇ ਹੋ ਕੇ, ਘਰ ਦਾ ਕੰਮ-ਕਾਜ ਸੰਭਾਲ ਲਿਆ, ਤਾਂ ਸੰਨ ੧੬੮੨ ਵਿਚ ਆਪ ਦੇ ਦਿਲ ਵਿਚ ਗੁਰੂ-ਪਿਆਰ ਦੀ ਤੀਬਰਤਾ ਤੇ ਵੈਰਾਗ ਨੇ ਉਛਾਲਾ ਮਾਰਿਆ, ਅਤੇ ਆਪ ਨੇ ਘਰ-ਬਾਰ ਤੇ ਧਨ-ਪਦਾਰਥ ਬੱਚਿਆਂ ਤੇ ਸਹੁਰੇ ਪਰਵਾਰ ਦੇ ਸਪੁਰਦ ਕੀਤਾ, ਗ਼ਜ਼ਨੀ ਤੋਂ ਲਿਆਂਦੇ ਸੇਵਕਾਂ ਵਿਚੋਂ ਇਕ ਨੂੰ ਨਾਲ ਲਿਆ, ਅਤੇ ਸ੍ਰੀ ਅੰਮ੍ਰਿਤਸਰ ਜੀ ਪੁੱਜ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਨੈਣਾਂ ਤੇ ਸੀਨੇ ਨੂੰ ਠੰਢ ਪਾਈ। ਇਥੋਂ ਤੁਰੇ ਅਤੇ ਰਾਹ ਵਿਚ ਪੈਂਦੇ ਗੁਰਧਾਮਾਂ ਦੇ ਦਰਸ਼ਨ-ਦੀਦਾਰ ਕਰਦੇ ਹੋਏ, ਮਿਥੀ ਹੋਈ ਮੰਜ਼ਲ—ਸ੍ਰੀ ਅਨੰਦਪੁਰ—ਪੁੱਜੇ। ਧਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਚੁੰਮੇ। ਨੂਰੀ ਦੀਦਾਰ ਕਰ ਕੇ ਸਰਸ਼ਾਰ ਹੋਏ, ਦੀਖਿਆ ਲਈ, ਅਤੇ ਅਨਿੰਨ ਸਿਖ ਦੀ ਪਦਵੀ ਪਾਈ।

ਪ੍ਰੀਤਿ-ਰੀਤ ਦੇ ਵਲਵਲਿਆਂ ਤੇ ਚੋਜਾਂ ਨੇ ਪ੍ਰੇਮ-ਮੰਡਲ ਦੇ ਪਰਬਤ ਦੀਆਂ ਜਿਨ੍ਹਾਂ ਉੱਚ ਚੋਟੀਆਂ ਨੂੰ ਇਥੇ ਛੋਹਿਆ; ਸਿਦਕ, ਪਿਆਰ ਤੇ ਪ੍ਰੀਤ-ਖਿੱਚਾਂ ਦੀ ਦੁਵੱਲੀ ਪ੍ਰੀਤ ਨੇ ਫ਼ਾਰਸੀ ਕਵਿਤਾ ਦਾ ਰੂਪ ਧਾਰ ਕੇ, ਗੁਰੂ ਭਾਵਨਾ ਤੇ ਮੁਰਸ਼ਦ ਤੇ ਮੁਰੀਦ ਦੀ ਜੋ ਅਭੇਦਤਾ ਇਥੇ ਦਰਸਾਈ, ਉਹ ਪੜ੍ਹਨ ਸੁਣਨ ਵਾਲੇ ਸਿਦਕੀ ਜਗਿਆਸੂਆਂ ਉਤੇ ਸਦਾ ਸਿੱਖੀ ਸਿਦਕ, ਭਰੋਸਾ ਤੇ ਜੀਅ-ਦਾਨ ਦੀ ਬਾਰਸ਼ ਬਰਸਾਂਦੀ ਰਹੇਗੀ। ਫ਼ਾਰਸੀ ਦੇ 'ਗੁਫ਼ਤਨ' (ਕਹਿਣਾ) ਮਸਦਰ ਤੋਂ ਬਣਿਆ ਪਦ 'ਗੋਇਆ'—(ਕਹਿਣ ਵਾਲਾ, ਗੁਰੂ ਜੀ ਦੀਆਂ ਸਿਫ਼ਤਾਂ ਆਖਣ ਵਾਲਾ) ਜੋ ਆਪ ਜੀ ਦੀ ਮੁਹਰ ਛਾਪ (ਤਖ਼ੱਲਸ) ਸੀ, ਦੇ ਨਾਮ ਹੇਠ ਲਿਖਿਆ ਗ਼ਜ਼ਲਾਂ ਦਾ ਇਹ 'ਦੀਵਾਨ', ਆਪਣੇ ਅੰਦਾਜ਼ ਵਿਚ, ਗੁਰਮਤਿ ਦੀਆਂ ਪ੍ਰੇਮ-ਰਮਜ਼ਾਂ ਓਸੇ ਤਰ੍ਹਾਂ ਖੋਲ੍ਹਣ ਦੇ ਸਮਰੱਥ ਹੈ, ਜਿਵੇਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿਤ ਸਵੱਯੇ। ਗੁਰਮਤਿ ਦੇ ਇਹਨਾਂ ਦੋਹਾਂ ਮਹਾਨ ਵਿਆਖਿਆ-ਕਾਰਾਂ ਦੀ ਰਚਨਾ ਗੁਰਬਾਣੀ ਦੇ ਗੋਹਝ ਭਾਵ ਖੋਲ੍ਹਣ ਦੇ ਨਾਲ ਨਾਲ, ਇੱਕ ਸਮਾਨ ਗਾਈ, ਸੁਣੀ ਤੇ ਪ੍ਰਮਾਣ ਦੇ ਤੌਰ ਉੱਤੇ, ਉਪ-ਬਾਣੀ ਵਜੋਂ, ਵਰਤੀ ਜਾਂਦੀ ਹੈ। ਭਾਈ ਸਾਹਿਬ ਕੁਝ ਸਮਾਂ ਸ੍ਰੀ ਅਨੰਦਪੁਰ ਸਾਹਿਬ, ਅਨੰਦ ਮਾਣ ਕੇ, ਆਗਰੇ ਚਲੇ ਗਏ, ਅਤੇ ਸਤਿਗੁਰਾਂ ਦੇ ਵਸੀਲੇ ਨਾਲ, ਔਰੰਗਜ਼ੇਬ ਦੇ ਵੱਡੇ

ਸ਼ਾਹਜ਼ਾਦੇ—ਮੁਅੱਜ਼ਮ (ਬਹਾਦਰ ਸ਼ਾਹ) ਦੇ ਮੀਰ ਮੁਨਸ਼ੀ ਨਿਯੁਕਤ ਹੋ ਗਏ। ਆਪ ਨੇ, ਕੰਮ-ਕਾਜ ਨੂੰ, ਇਤਨੀ ਯੋਗਤਾ ਨਾਲ ਨਿਭਾਇਆ ਕਿ ਸ਼ਾਹਜ਼ਾਦਾ ਇਨ੍ਹਾਂ ਦੀ ਸੂਝ-ਬੂਝ, ਵਿਦਵਤਾ ਤੇ ਦੈਵੀ ਗੁਣਾਂ ਦਾ ਬੇਹੱਦ ਪ੍ਰਸੰਸਕ ਹੋ ਗਿਆ। ਆਖ਼ਰ, 'ਰੌਸ਼ਨੀ-ਇ-ਤਬਾਅ ਤੋ ਬਰ ਮਨ ਬਲਾ ਸ਼ੁਦੀ' ਵਾਲੀ ਗੱਲ ਹੋਈ। ਇਨ੍ਹਾਂ ਦੀ ਸਿਆਣਪ ਤੇ ਵਿਦਵਤਾ ਹੀ ਇਨ੍ਹਾਂ ਲਈ ਕਸ਼ਟ ਦਾ ਕਾਰਨ ਬਣੀ। ਇਹ ਘਟਨਾ ਇਵੇਂ ਵਾਪਰੀ

ਇਕ ਦਿਨ ਸ਼ਹਿਨਸ਼ਾਹ ਔਰੰਗਜ਼ੇਬ ਦੇ ਦਰਬਾਰ ਵਿਚ ਮੌਲਾਣਿਆਂ ਤੇ ਮੁਫ਼ਤੀਆਂ ਵਲੋਂ ਕੁਰਾਨ ਸ਼ਰੀਫ਼ ਦੀ ਇੱਕ ਆਇਤ ਦੀ ਵਿਆਖਿਆ ਕੀਤੀ ਗਈ, ਪਰੰਤੂ, ਬਾਦਸ਼ਾਹ ਦੀ ਤਸੱਲੀ ਨਾ ਹੋਈ। ਸ਼ਾਹਜ਼ਾਦਾ ਮੁਅੱਜ਼ਮ ਵੀ ਉਸ ਸਮੇਂ ਉਥੇ ਹਾਜ਼ਰ ਸੀ। ਉਸ ਨੇ ਘਰ ਆ ਕੇ, ਭਾਈ ਨੰਦ ਲਾਲ ਜੀ ਪਾਸੋਂ, ਉਸ ਆਇਤ ਦੀ ਵਿਆਖਿਆ ਕਰਵਾਈ ਤਾਂ ਹੈਰਾਨ ਰਹਿ ਗਿਆ। ਦੂਜੇ ਦਿਨ, ਆਪਣੇ ਪਿਤਾ ਨੂੰ ਉਹ ਵਿਆਖਿਆ ਦੱਸੀ ਤਾਂ ਉਹ ਵੀ ਚਕ੍ਰਿਤ ਹੋਇਆ। ਅਗਲੇ ਦਿਨ ਭਾਈ ਸਾਹਿਬ ਨੂੰ ਦਰਬਾਰ ਵਿਚ ਪ੍ਰਸੰਸਾ ਲਈ ਬੁਲਾਇਆ ਗਿਆ, ਪਰੰਤੂ ਇਹ ਜਾਣ ਕੇ ਕਿ ਉਹ ਮੁਸਲਮਾਨ ਨਹੀਂ, ਇੱਕ ਹਿੰਦੂ ਹੈ, ਮੁਤੱਸਬੀ ਬਾਦਸ਼ਾਹ ਦਾ ਦਿਲ ਘਿਰਣਾ ਨਾਲ ਭਰ ਗਿਆ। ਇਨਾਮ ਦੀ ਥਾਂ, ਭਾਈ ਸਾਹਿਬ ਨੂੰ ਕੇਵਲ ਪ੍ਰਸੰਸਾ ਦੇ ਦੋ ਚਾਰ ਸ਼ਬਦ ਕਹਿ ਕੇ ਵਿਦਾ ਕਰ ਦਿੱਤਾ, ਅਤੇ ਸ਼ਾਹਜ਼ਾਦੇ ਨੂੰ ਸਮਝਾਇਆ ਕਿ ਐਸਾ ਵਿਦਵਾਨ ਤਾਂ ਮੁਸ਼ਲਮਾਨ ਹੋਣਾ ਚਾਹੀਦਾ ਹੈ। ਸ਼ਾਹਜ਼ਾਦੇ ਨੇ, ਘਰ ਆ ਕੇ, ਭਾਈ ਸਾਹਿਬ ਨੂੰ ਸਾਰੀ ਵਾਰਤਾ ਕਹਿ ਸੁਣਾਈ, ਅਤੇ ਜਿਵੇਂ ਮਨ-ਮੰਨੇ, ਕਰਨ ਦੀ ਖੁਲ੍ਹ ਦੇ ਦਿੱਤੀ। ਭਾਈ ਸਾਹਿਬ ਐਸੇ ਮੁਤਅਸਬੀ ਤੇ ਸੰਕੀਰਣਤਾ-ਭਰਪੂਰ ਦੁਰ-ਵਿਵਹਾਰ ਕਾਰਨ ਸਖ਼ਤ ਨਿਰਾਸ ਹੋਏ, ਅਤੇ ਦੂਜੇ ਦਿਨ ਹੀ ਅਛੋਪਲੇ ਜਿਹੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਮੁੜ ਹਾਜ਼ਰ ਹੋਣ ਲਈ ਸ੍ਰੀ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ।

ਵਾਪਸੀ : ਉਪਰੋਕਤ ਘਟਨਾ ਦੇ ਕਾਰਨ ਭਾਈ ਸਾਹਿਬ ਦਾ ਦਿਲ ਡਾਢਾ **ਵੈਰਾਗਮਈ** ਸੀ। ਰਾਹ ਵਿੱਚ, ਕਲਗੀਆਂ ਵਾਲੇ ਸੱਚੇ ਪਾਤਸ਼ਾਹ ਦੀ ਵਡਿਆਈ, ਉਦਾਰਤਾ ਤੇ ਹੋਰ ਦੈਵੀ ਗੁਣਾਂ ਦਾ ਵਿਰਦ ਕਰਦੇ ਹੋਏ, ਆਪਣੇ ਡੂੰਘੇ ਦਿਲੀ-ਭਾਵਾਂ ਨੂੰ ਕਵਿਤਾ ਦਾ ਰੂਪ ਦਿੰਦੇ ਗਏ। ਪ੍ਰਭੂ-ਭਗਤੀ, ਨਾਮ ਸਿਮਰਨ, ਨਾਮ-ਰੰਗ ਅਤੇ ਸ਼ਰਧਾ ਭਾਵਨੀ ਦੇ ਅਮੋਲਕ ਰਤਨਾਂ ਨੂੰ ਆਪਣੀ ਫ਼ਾਰਸੀ ਕਵਿਤਾ ਵਿਚ ਪਰੋਇਆ। ਸ੍ਰੀ ਅਨੰਦਪੁਰ ਸਾਹਿਬ ਪੁੱਜਣ ਤਕ ਇਸ ਰਚਨਾ ਵਿਚ **੫੧੪ ਸ਼ੇਅਰ** ਲਿਖੇ ਜਾ ਚੁਕੇ ਸਨ। ਭਾਈ ਸਾਹਿਬ ਨੇ ਇਸ ਸੰਗ੍ਰਹਿ ਦਾ ਨਾਂ '**ਬੰਦਗੀ-ਨਾਮਾ**' ਰੱਖ ਕੇ ਹਜ਼ੂਰ ਦੇ ਪੇਸ਼ ਕੀਤਾ; ਪਰੰਤੂ, ਗੁਰਦੇਵ ਨੇ ਸੰਗਤ ਵਿਚ ਸਾਰੇ ਸ਼ੇਅਰ ਤੇ ਇਹਨਾਂ ਦੀ ਵਿਆਖਿਆ ਸੁਣਨ ਉਪਰੰਤ, ਇਸ ਦਾ ਨਾਂ '**ਜ਼ਿੰਦਗੀ-ਨਾਮਾ**' ਰੱਖਿਆ, ੫੦੨ ਨੰਬਰ ਸ਼ੇਅਰ :

ਆਬੇ ਹੈਵਾਂ ਪੁਰ ਸ਼ੁਦਾ ਚੂੰ ਜਾਮਿ ਊ। 'ਬੰਦਗੀ-ਨਾਮਾ' ਸ਼ੁਦਾ ਜਾਂ ਨਾਮਿ ਊ ॥੫੦੨॥

ਵਿਚ ਆਏ ਸ਼ਬਦ 'ਬੰਦਗੀ-ਨਾਮਾ' ਨੂੰ, ਆਪਣੇ ਕਰ-ਕੰਵਲਾਂ ਨਾਲ ਬਦਲ ਕੇ '**ਜ਼ਿੰਦਗੀ-ਨਾਮਾ**' ਕਰ ਦਿੱਤਾ।

ਭਾਈ ਸਾਹਿਬ ਬਹੁਤ ਲੰਮਾ ਸਮਾਂ ਸ੍ਰੀ ਅਨੰਦਪੁਰ ਸਾਹਿਬ ਰਹੇ। ਆਪ ਨੇ ਲੰਗਰ ਦੀ ਸੇਵਾ ਨੂੰ ਅਤਿ ਉੱਤਮ ਜਾਤਾ। ਅਨੰਦਪੁਰ ਸਾਹਿਬ ਵਿਖੇ ਸਭ ਤੋਂ ਵਧੀਆ ਲੰਗਰ

ਭਾਈ ਸਾਹਿਬ ਦਾ ਸੀ। ਜਦ ਗੁਰੂ ਸਾਹਿਬ ਨੇ ਭਾਈ ਸਾਹਿਬ ਦੇ ਬਾਲ-ਬੱਚੇ ਲਈ ਮਾਇਕ ਸਹਾਇਤਾ ਲਈ ਸਿਖ ਸੰਗਤਾਂ ਨੂੰ ਹੁਕਮਨਾਮੇ ਲਿਖ ਦੇਣ ਦਾ ਸੁਝਾਓ ਦਿੱਤਾ, ਤਾਂ ਆਪ ਨੇ ਪਰਮ ਨਿਮਰਤਾ ਸਹਿਤ ਬਿਨੈ ਕੀਤੀ ਕਿ ਉਨ੍ਹਾਂ ਦੇ ਬੱਚੇ ਆਪਣਾ ਗੁਜ਼ਾਰਾ, ਧਰਮ ਦੀ ਕਿਰਤ ਦੁਆਰਾ, ਭਲੀ-ਭਾਂਤ ਤੋਰ ਰਹੇ ਹਨ। ਸਿੱਖਾਂ ਵੱਲੋਂ ਕਾਰ-ਭੇਟ ਵਸੂਲ ਕਰਨ ਨਾਲ ਉਹਨਾਂ ਨੂੰ ਵਿਹਲੜ ਰਹਿ ਕੇ ਮੁਫ਼ਤ ਖਾਣ ਦੀ ਅਨੁੱਚਿਤ ਵਾਦੀ ਪੈ ਸਕਦੀ ਹੈ। ਤਰੁੱਠੇ ਹੋ ਤਾਂ **'ਨਾਮ ਦੀ ਦਾਤ'** ਨਾਲ ਭਿੱਜਾ ਬਲ ਤੇ ਬੁੱਧੀ ਬਖ਼ਸ਼ੋ, ਤਾਂ ਜੁ ਮੇਰਾ ਖ਼ਾਨਦਾਨ ਸਦਾ ਧਰਮ ਪ੍ਰਾਇਣ ਰਹੇ। ਗੁਰਦੇਵ, ਸਿਦਕ ਸੰਤੋਖ ਦੇ ਇਹ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਫ਼ੁਰਮਾਇਆ, "ਧੰਨ ਭਾਈ ਸਾਹਿਬ, ਧੰਨ ਭਾਈ ਸਾਹਿਬ"।

ਸਿੰਘ ਸਜਣਾ ਭਾਈ ਸਾਹਿਬ ਦੇ ਅੰਮ੍ਰਿਤ ਛੱਕ ਕੇ ਸਿੰਘ ਸੱਜਣ ਬਾਰੇ ਵਿਦਵਾਨਾਂ ਦੀ ਰਾਏ ਵਿਚ ਅੰਤਰ ਹੈ। ਪਰੰਤੂ ਵੀਚਾਰਨ ਵਾਲੀ ਗੱਲ ਇਹ ਹੈ ਕਿ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਭਾਈ ਡੱਲੇ ਵਰਗੇ ਸੇਵਕ-ਸਿਖ ਨੂੰ ਅੰਮ੍ਰਿਤ ਪਾਨ ਕੀਤੇ ਤੋਂ ਬਗ਼ੈਰ, ਇਕ 'ਪੀੜ੍ਹੀ ਜਿੰਨੀ ਥਾਂ', ਆਪਣੀ ਹਜ਼ੂਰੀ ਵਿਚ, ਦੇਣੋਂ ਅਸਮਰਥਾ ਪਰਗਟ ਕਰਦੇ ਹਨ, ਤਾਂ ਇਹ ਕਿਵੇਂ ਸੰਭਵ ਹੈ ਕਿ ਬਿਨਾਂ ਖੰਡੇ ਦੀ ਪਾਹੁਲ ਛਕੇ ਦੇ, ਭਾਈ ਸਾਹਿਬ ਨੂੰ ਸਤਿਗੁਰਾਂ ਦੀ ਇਤਨੀ ਨੇੜਤਾ ਤੇ ਵਿਸ਼ਵਾਸ ਪ੍ਰਾਪਤ ਹੋਵੇ, ਜਾਂ ਅਜਿਹਾ ਅਨਿੰਨ ਤੇ ਨਿਕਟ-ਵਰਤੀ ਸਿਖ ਅੰਮ੍ਰਿਤ ਵਰਗੀ ਦਾਤ ਤੋਂ ਆਪੋਂ ਹੀ ਵਾਂਝਾ ਰਿਹਾ ਜਾਂ ਰੱਖਿਆ ਗਿਆ ਹੋਵੇ ? ਚੇਤੇ ਰਹੇ ਕਿ ਭਾਈ ਸਾਹਿਬ 'ਰਹਿਤ-ਨਾਮੇ' ਤੇ 'ਤਨਖ਼ਾਹ-ਨਾਮੇ' ਦੇ ਲਿਖਾਰੀ ਵੀ ਹਨ। ਬਾਬਾ ਸੁਮੇਰ ਸਿੰਘ ਨੇ 'ਗੁਰੂ ਪਦ ਪ੍ਰੇਮ ਪ੍ਰਕਾਸ਼' ਵਿੱਚ ਲਿਖਿਆ ਹੈ ਕਿ ਸੈਨਾਪਤੀ ਜੀ ਅੰਮ੍ਰਿਤ ਛਕ ਕੇ **ਸੈਨਾ ਸਿੰਘ** ਹੋ ਗਏ, ਪਰੰਤੂ ਪ੍ਰਚੱਲਤ ਹੋ ਚੁਕਾ ਪਹਿਲਾ ਨਾਮ **ਸੈਨਾਪਤੀ** ਹੀ ਰਿਹਾ। ਇਹੋ ਗੱਲ ਬਾਬਾ ਬੰਦਾ ਸਿੰਘ ਬਹਾਦਰ ਤੇ ਭਾਈ ਸਾਹਿਬ ('ਗੋਯਾ' ਜੀ) ਬਾਰੇ ਕਹੀ ਜਾ ਸਕਦੀ ਹੈ।

ਸੋ, ਸੌ ਵਿਸਵਾ, ਹਕੀਕਤ ਇਹੀ ਜਾਪਦੀ ਹੈ ਕਿ ਆਪ ਜੀ ਨੇ ਬਾਕਾਇਦਾ ਖੰਡੇ ਦੀ ਪਾਹੁਲ ਛਕੀ ਅਤੇ ਉਨ੍ਹਾਂ ਦਾ ਨਾਮ, ਪੰਜਾਂ ਪਿਆਰਿਆਂ ਤੇ ਹੋਰ ਸਿੱਖਾਂ ਦੇ ਨਾਂਵਾਂ ਵਿਚ ਤਬਦੀਲੀ ਦੀ ਰੀਤ ਅਨੁਸਾਰ ਭਾਈ ਨੰਦ ਲਾਲ ਤੋਂ, **ਭਾਈ ਨੰਦ ਲਾਲ ਸਿੰਘ** ਰਖਿਆ ਗਿਆ। ਹਾਂ, ਗੁਰੂ ਜੀ, ਵਧੇਰੇ ਕਰਕੇ, ਉਨ੍ਹਾਂ ਨੂੰ ਪਿਆਰ ਨਾਲ **'ਲਾਲ ਜੀ'** ਕਰਕੇ ਹੀ ਸੰਬੋਧਨ ਕਰਦੇ ਰਹੇ। ਇਸ ਤੋਂ ਵੀ ਟਪਲਾ ਲਗ ਸਕਦਾ ਹੈ। ਇਤਿਹਾਸ ਵਿਚ ਉਚੇਚੇ ਤੌਰ ਉਤੇ ਇਨ੍ਹਾਂ ਦੇ ਅੰਮ੍ਰਿਤ ਛਕਣ ਦਾ ਜ਼ਿਕਰ ਨਾ ਹੋਣ ਦਾ ਕਾਰਨ ਇਹ ਹੈ ਕਿ ਇਹ ਗੱਲ ਇਤਨੀ ਸੁਭਾਵਕ ਤੇ ਕੁਦਰਤੀ ਸੀ ਕਿ ਵਖਰੇ ਤੇ ਉਚੇਚੇ ਤੌਰ ਉਤੇ ਵਰਨਣ ਕਰਨ ਦੀ ਲੋੜ ਹੀ ਕਿਸੇ ਨੂੰ ਨਹੀਂ ਭਾਸੀ। ਭਾਈ ਸਾਹਿਬ ਦੇ ਗੰਜਨਾਮੇ ਦੇ ਇਸ ਮਿਸਰੇ ਵਿੱਚ ਆਇਆ ਪਦ, 'ਲਾਲ', ਵੀ ਵੀਚਾਰਨ ਯੋਗ ਹੈ

'ਲਾਲ', ਸਗਿ ਗ਼ੁਲਾਮਿ ਗੁਰੁ ਗੋਬਿੰਦ ਸਿੰਘ ॥
ਦਾਗ਼ਦਾਰਿ ਨਾਮਿ ਗੁਰੁ ਗੋਬਿੰਦ ਸਿੰਘ ॥੧੫੭॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਰਹਿ ਕੇ ਸਿਖ ਧਰਮ ਅਤੇ ਖ਼ਾਲਸੇ ਦੀ ਰਹਿਤ ਮਰਯਾਦਾ ਨੂੰ ਜਿਸ ਉੱਚ-ਪੱਧਰ ਤਕ ਭਾਈ ਸਾਹਿਬ ਨੇ ਸਮਝਿਆ, ਸਮਝਾਇਆ ਤੇ ਕਮਾਇਆ, ਉਹ ਹੋਰਨਾਂ ਹਜ਼ੂਰੀ ਵਿਦਵਾਨਾਂ ਦੇ ਹਿੱਸੇ ਘੱਟ ਹੀ ਆਈ ਹੈ। ਇਸ ਗੱਲ

ਦੀ ਭਰਵੀਂ ਗਵਾਹੀ ਭਾਈ ਸਾਹਿਬ ਦੀਆਂ ਆਪਣੀਆਂ ਰਚਨਾਵਾਂ ਤੋਂ ਮਿਲਦੀ ਹੈ।

ਆਖ਼ਰ, ਗੁਰੂ ਮਹਾਰਾਜ ਦਾ ਹੁਕਮ ਪਾ ਕੇ, ਸ੍ਰੀ ਅਨੰਦਪੁਰ ਦੀ ਅੰਤਮ ਜੰਗ ਤੋਂ ਪਹਿਲਾਂ ਹੀ, ਆਖ਼ਰੀ ਉਮਰ ਵਿਚ[1], ਸਤਿਗੁਰਾਂ ਵਲੋਂ ਸਥਿਤੀ ਵੀਚਾਰਦਿਆਂ ਹੋਇਆਂ ਉਹ ਮੁਲਤਾਨ ਵਾਪਸ ਭੇਜ ਦਿੱਤੇ ਗਏ। ਆਪ ਨੇ ਉਥੇ ਵੀ ਭਗਤੀ, ਸਿਮਰਨ, ਗੁਰਬਾਣੀ ਦੀ ਵੀਚਾਰ ਅਤੇ ਗੁਰੂ ਸਾਹਿਬਾਨ ਦੀ ਸਿਫ਼ਤ-ਸਾਲਾਹ ਕਰਨ ਦਾ ਪੁੰਨ-ਕੰਮ ਪੂਰੀ ਲਗਨ ਨਾਲ ਜਾਰੀ ਰੱਖਿਆ। ਆਖ਼ਰ ੭੨ ਸਾਲ ਦੀ ਆਯੂ ਭੋਗ ਕੇ ਸੰਨ ੧੭੦੫ ਵਿਚ ਆਪ ਸਦਾ ਲਈ ਗੁਰੂ ਚਰਨਾਂ ਵਿਚ ਜਾ ਬਿਰਾਜੇ। ਭਾਈ ਸਾਹਿਬ ਦੇ ਅੰਤਮ ਵਿਛੋੜੇ ਤੇ ਉਨ੍ਹਾਂ ਦੀ ਦੁਰਲਭ ਸ਼ਖ਼ਸੀਅਤ ਉੱਤੇ ਇਹ ਸ਼ੇਅਰ ਐਨ ਸਾਦਕ ਹੁੰਦਾ ਹੈ

ਹੋਤਾ ਹੈ ਕੋਹੋ ਦਸ਼ਤ ਮੇਂ ਪੈਦਾ ਕਭੀ ਕਭੀ।
ਵੁਹ ਮਰਦ ਜਿਸ ਕਾ ਫ਼ਕਰ ਕਰੇ, ਖ਼ਜ਼ਫ਼[2] ਕੋ ਨਗੀਂ[3]। *(ਇਕਬਾਲ)*

ਭਾਈ ਸਾਹਿਬ ਦੀਆਂ ਰਚਨਾਵਾਂ

ਭਾਈ ਨੰਦ ਲਾਲ ਜੀ ਦੀਆਂ ਜਿਨ੍ਹਾਂ ਰਚਨਾਵਾਂ ਦਾ ਹੁਣ ਤਕ ਪਤਾ ਲੱਗ ਸਕਿਆ ਹੈ, ਉਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ

੧. ਤੌਸੀਫ਼ੋ ਸੱਨਾ ਵ ਖ਼ਾਤਮਾ (ਅਰਬੀ ਤੇ ਫ਼ਾਰਸੀ—ਕਵਿਤਾ ਤੇ ਵਾਰਤਕ ਵਿਚ)।

੨. ਜੋਤ ਬਿਕਾਸ (ਹਿੰਦੀ ਪੰਜਾਬੀ—ਕਵਿਤਾ)।

੩. ਜੋਤ ਬਿਕਾਸ (ਫ਼ਾਰਸੀ—ਵਾਰਤਕ)।

੪. ਦਸਤੂਰ-ਅਲ-ਇਨਸ਼ਾੱ (ਫ਼ਾਰਸੀ—ਕਵਿਤਾ)।

੫. ਅਰਜ਼ੁਲ ਅਲਫ਼ਾਜ਼ (ਫ਼ਾਰਸੀ)।

੬. ਗੰਜ-ਨਾਮਾ (ਫ਼ਾਰਸੀ—ਕਵਿਤਾ ਤੇ ਵਾਰਤਕ)।

੭. ਰਹਤਨਾਮਾ (ਪੰਜਾਬੀ—ਕਵਿਤਾ)।

੮. ਤਨਖ਼ਾਹ-ਨਾਮਾ (ਪੰਜਾਬੀ—ਕਵਿਤਾ)।

੯. ਜ਼ਿੰਦਗੀ-ਨਾਮਾ (ਫ਼ਾਰਸੀ—ਕਵਿਤਾ)।

੧੦. ਦੀਵਾਨਿ ਗੋਇਆ (ਫ਼ਾਰਸੀ—ਗ਼ਜ਼ਲਾਂ)।

ਉਪਰੋਕਤ ਲੜੀ ਵਿਚ ਦਿੱਤੀਆਂ ਰਚਨਾਵਾਂ ਵਿਚ ਗੁਰੂ-ਘਰ ਦੀ ਮਹਿਮਾ ਤੇ ਕਾਮਲ ਮੁਰਸ਼ਦ ਦਾ ਅਦੁੱਤੀ ਬਿਆਨ ਹੈ। ਵਿਸਥਾਰ ਦੇ ਡਰ ਤੋਂ ਅਸੀਂ ਇਥੇ ਹੱਥਲੀ ਪੁਸਤਕ ਵਿੱਚ ਵੀਚਾਰੀਆਂ ਰਚਨਾਵਾਂ—'ਗੰਜ-ਨਾਮਾ' ਵਿਚੋਂ 'ਸਲਤਨਤਿ ਦਹੱਮ' ਅਤੇ 'ਦੀਵਾਨਿ ਗੋਇਆ' ਵਿਚੋਂ ਕੁਝ ਹਵਾਲੇ ਦੇ ਕੇ ਸ੍ਰੀ ਦਸਮੇਸ਼ ਜੀ ਦੇ ਅਨੂਪਮ ਚਿੱਤਰ ਨੂੰ ਦਿਲ ਵਿਚ

---

੧. ਆਪ ਜੀ, ਉਮਰ ਵਿੱਚ ਗੁਰੂ ਜੀ ਨਾਲੋਂ ੩੩ ਸਾਲ ਵੱਡੇ ਸਨ।
੨. ਖ਼ਜ਼ਫ਼—ਠੀਕਰਿਆਂ। ੩. ਨਗੀਂ—ਨਗੀਨੇ।

ਉਤਾਰਨ ਦਾ ਜਤਨ ਕਰਾਂਗੇ। ਇਹੀ ਸਾਡੀ ਇਸ ਪੁਸਤਕ ਦਾ ਮਜ਼ਮੂਨ ਹੈ, ਇਹੀ ਮੁੱਦਾਅ।

ਗੰਜ-ਨਾਮਾ

ਮਾਨਸਕ ਯੋਗਤਾ, ਅਨੁਭਵੀ ਕਮਾਲ ਅਤੇ ਅਨੂਪਮ ਸ਼ਰਧਾ ਦੇ ਜਿਸ ਹੁਨਰ ਨਾਲ 'ਗੋਇਆ' ਜੀ ਨੇ 'ਗੰਜ-ਨਾਮਾ' ਦੀ ਦਸਵੀਂ ਸਲਤਨਤ ਵਿੱਚ ਆਪਣੇ ਕਾਮਲ ਮੁਰਸ਼ਦ ਦੀ ਸਿਫ਼ਤ-ਸਲਾਹ ਕੀਤੀ ਹੈ, ਉਹ ਉਨ੍ਹਾਂ ਦੀ ਅਨਿੰਨਤਾਈ ਤੇ ਵਿਦਵਤਾ ਦਾ ਇੱਕ ਅਦੁੱਤੀ ਚਮਤਕਾਰੀ ਪ੍ਰਮਾਣ ਹੈ। ਨਮੂਨੇ ਵਜੋਂ; ਵੇਖੋ, ਕਿਤਨੀ ਦ੍ਰਿੜ੍ਹਤਾ, ਸਾਫ਼ਗੋਈ ਤੇ ਸ਼ਰਧਾ ਨਾਲ ਉਹ, ਦਸਮੇਸ਼ ਜੀ ਬਾਰੇ, ਆਪਣੇ ਦਿਲੀ ਭਾਵ ਪਰਗਟ ਕਰਦੇ ਤੇ ਪ੍ਰੇਮ-ਮੁਗਧ ਹੁੰਦੇ ਹਨ

ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ। ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ ॥੧੦੫॥

ਗੁਰੂ ਗੋਬਿੰਦ ਸਿੰਘ ਉਹ ਹੈ ਜੋ ਹੋਰਨਾਂ ਦਾ ਮਦਦਗਾਰ ਹੈ ਅਤੇ ਜਿਸ ਨੂੰ ਅਕਾਲ ਪੁਰਖ ਦੀ ਮਦਦ (ਮਿਤਰਤਾ) ਪ੍ਰਾਪਤ ਹੈ। ਉਹ ਅਕਾਲ ਪੁਰਖ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੈ। (ਕਿਸੇ ਕਲਪਤ ਦੇਵੀ ਦੇਵਤੇ ਦਾ ਉਪਾਸ਼ਕ ਨਹੀਂ।)

ਵੰਨਗੀ-ਮਾਤਰ, ਕੁਝ ਸ਼ੇਅਰ, ਵਿਸਥਾਰ ਦੇ ਡਰ ਤੋਂ, ਬਿਨਾਂ ਕਿਸੇ ਟੀਕਾ-ਟਿੱਪਣੀ ਦੇ, ਹੇਠਾਂ ਦਿਤੇ ਜਾਂਦੇ ਹਨ

ਹੱਕ ਰਾ ਗੰਜੂਰ, ਗੁਰੁ ਗੋਬਿੰਦ ਸਿੰਘ। ਜੁਮਲਾ ਫ਼ੈਜ਼ੇ ਨੂਰ, ਗੁਰੁ ਗੋਬਿੰਦ ਸਿੰਘ ॥੧੦੬॥
ਹੱਕ ਹੱਕ ਆਗਾਹ, ਗੁਰੂ ਗੋਬਿੰਦ ਸਿੰਘ। ਸ਼ਾਹਿ ਸ਼ਾਹਿਨਸ਼ਾਹ, ਗੁਰੂ ਗੋਬਿੰਦ ਸਿੰਘ ॥੧੦੭॥
ਹੱਕ ਰਾ ਮਹਬੂਬ, ਗੁਰੂ ਗੋਬਿੰਦ ਸਿੰਘ। ਤਾਲਬੋ ਮਤਲੂਬ, ਗੁਰੂ ਗੋਬਿੰਦ ਸਿੰਘ ॥੧੧੩॥
ਖ਼ਾਲਸੋ ਬੇ-ਕੀਨਾ, ਗੁਰੂ ਗੋਬਿੰਦ ਸਿੰਘ। ਹੱਕ ਹੱਕ ਆਈਨਾ, ਗੁਰੂ ਗੋਬਿੰਦ ਸਿੰਘ ॥੧੨੪॥
ਹੱਕ ਹੱਕ ਅੰਦੇਸ਼, ਗੁਰੂ ਗੋਬਿੰਦ ਸਿੰਘ। ਬਾਦਸ਼ਾਹ ਦਰਵੇਸ਼, ਗੁਰੂ ਗੋਬਿੰਦ ਸਿੰਘ ॥੧੨੫॥
ਕਾਦਿਰੇ ਹਰ ਕਾਰ, ਗੁਰੂ ਗੋਬਿੰਦ ਸਿੰਘ। ਬੇਕਸਾਂ ਰਾ ਯਾਰ, ਗੁਰੂ ਗੋਬਿੰਦ ਸਿੰਘ ॥੧੩੬॥
ਰੂਹ ਦਰ ਹਰ ਜਿਸਮ, ਗੁਰੂ ਗੋਬਿੰਦ ਸਿੰਘ। ਨੂਰ ਦਰ ਹਰ ਚਸ਼ਮ, ਗੁਰੂ ਗੋਬਿੰਦ ਸਿੰਘ ॥੧੫੨॥

(**ਨੋਟ**—ਇਸ ਸਾਰੀ ਰਚਨਾ ਦੇ ਅਰਥ ਪੁਸਤਕ ਦੇ ਅੰਤ ਵਿੱਚ ਵਾਚੋ।)

ਦੀਵਾਨਿ ਗੋਇਆ

ਇਸ 'ਦੀਵਾਨ' ਵਿਚ ਭਾਈ ਸਾਹਿਬ ਦੀਆਂ ੬੩ ਗ਼ਜ਼ਲਾਂ, ੧੮ ਰੁਬਾਈਆਂ ਅਤੇ ੬ ਬੈਂਤ ਹਨ। ਇਹ, ਉਨ੍ਹਾਂ ਦੀ ਸਭ ਤੋਂ ਪ੍ਰਸਿੱਧ ਰਚਨਾ ਹੈ। ਕਵਿਤਾ ਦੀ ਬੰਦਸ਼ ਚੁਸਤ, ਵੀਚਾਰ ਉੱਚੇ, ਸੁੱਚੇ ਅਤੇ ਬਿਆਨ ਅਤੀ ਸੁੰਦਰ, ਸਰਲ, ਸੌਖਾ ਤੇ ਪ੍ਰਭਾਵ ਸ਼ਾਲੀ ਹੈ। ਗੁਰਮਤਿ ਨੂੰ ਦਰਸਾਉਣ ਅਤੇ ਉਸ ਦੇ ਗੁਹਜ ਭਾਵ, ਸੂਫ਼ੀਆਨਾ ਢੰਗ ਨਾਲ, ਖੋਲ੍ਹਣ ਵਿੱਚ ਇਹ ਇੱਕ ਅਦੁੱਤੀ ਨੁਸਖ਼ਾ ਹੈ।

ਭਾਈ ਸਾਹਿਬ ਨੇ ਆਪਣੇ 'ਦੀਵਾਨ' ਦਾ ਅਰੰਭ ਭਗਤੀ-ਭਾਵ ਦੇ ਭਾਵ-ਪੂਰਤ ਸ਼ੇਅਰ ਨਾਲ ਕੀਤਾ ਹੈ। ਆਪ ਇਸ ਪਹਿਲੇ ਸ਼ੇਅਰ ਵਿਚ ਹੀ ਜੀਵਨ ਦਾ ਮੰਤਵ ਇਉਂ

[illegible]
[illegible] ॥

(ਗ਼ਜ਼ਲ ੧)

ਕੇਵਲ ਸਿਮਰਨ ਦੀ ਤਾਂਘ ਮੈਨੂੰ ਸਰੀਰ ਵਿਚ ਲੈ ਆਈ, ਨਹੀਂ ਤਾਂ ਜੇ ਰੰਗ-ਤਮਾਸ਼ਿਆਂ ਆਦਿ ਲਈ) ਸੰਸਾਰ ਵਿੱਚ ਆਉਣ ਦਾ ਮੈਨੂੰ ਰਤਾ ਭਰ ਵੀ ਸ਼ੌਕ ਨਹੀਂ ਸੀ

ਗੁਰਮਤਿ ਦੇ ਅਟੱਲ ਸਿਧਾਂਤ ਦੀ ਵਿਆਖਿਆ ਵਿਚ ਕਿ ਪ੍ਰਭੂ-ਨਾਮ ਦੀ ਪ੍ਰਾਪਤੀ ਕੇਵਲ ਗੁਰੂ ਤੇ ਗੁਰਮੁਖਾਂ ਦੀ ਸੰਗਤ ਤੋਂ ਹੀ ਪ੍ਰਾਪਤ ਹੁੰਦੀ ਹੈ, ਇਸ ਲਈ ਇਸ ਦੀ ਢੂੰਡ ਵਿਚ ਜੰਗਲਾਂ, ਬੀਆਬਾਨਾਂ ਵਲ ਦੌੜਨ ਤੇ ਏਕਾਂਤ-ਵਾਸੀ ਹੋਣ ਦੀ ਲੋੜ ਨਹੀਂ। ਆਪ ਦਾ ਫ਼ੁਰਮਾਨ ਹੈ

ਈਂ ਮਤਾਇ ਹੱਕ, ਬ-ਪੋਸ਼ਿ, ਸਾਹਿਬਾਨਿ ਦਿਲ, ਬਵੱਦ।
ਤੂੰ ਬ-ਸਹਰਾ ਮੇ ਰਵੀ ? ਦਰ ਗੋਸ਼ਾ-ਇ ਵੀਰਾਨਾ ਨੇਸ੍ਰ ॥ (ਗ਼ਜ਼ਲ ੫੦)

ਤਥਾ **ਚਿਰਾ ਬੇਹੂਦਾ ਮੇ ਗਰਦੀ, ਬ-ਸਹਰਾਓ, ਬ-ਦਸ਼ਤ, ਐ ਦਿਲ !**
ਤੂੰ ਆਂ ਸੁਲਤਾਨਿ ਖ਼ੂਬਾਂ ਕਰਦਹ ਅੰਦਰ ਦੀਦਹ ਮੰਜ਼ਿਲ-ਹਾ ॥ (ਗ਼ਜ਼ਲ ੩)

ਜਦ ਸਾਧ-ਸੰਗਤ ਜਾਂ ਪ੍ਰਭੂ-ਲੋਕਾਂ ਦੀ ਚਰਨ-ਧੂੜ ਦੀ ਕਰਾਮਾਤ ਵਰਨਣ ਕਰਨ ਦੀ ਲੋੜ ਪਈ ਤਾਂ ਫ਼ੁਰਮਾਇਆ

ਮੁਸ਼ਤਿ ਖ਼ਾਕਿ ਦਰਗਹ ਊ, ਕੀਮੀਆਗਰ ਮੇ ਕੁਨੱਦ।
ਹਰ ਗਦਾ ਰਾ, ਬਾਦਸ਼ਾਹਿ ਹਫ਼ਤ ਕਿਸ਼ਵਰ, ਮੇ ਕੁਨੱਦ ॥ (ਗ਼ਜ਼ਲ ੩੧)

ਉਨ੍ਹਾਂ ਲਈ ਆਪੇ ਨੂੰ ਜਾਣਨਾ ਹੀ ਰੱਬ ਤੋਂ ਵਾਕਿਫ਼ ਹੋਣਾ ਹੈ

ਬਿ-ਗੁਜ਼ਰ ਅਜ਼ ਬੇਗਾਨਗੀ, ਵ ਸੌ ਬ-ਖ਼ੁਦ ਤੋ ਆਸ਼ਨਾ।
ਹਰ ਕਿ: ਬ-ਖ਼ੁਦ ਆਸ਼ਨਾ ਸ਼ੁਦ, ਅਜ਼ ਖ਼ੁਦਾ ਬੇਗਾਨਾ ਨੇਸ੍ਰ। (ਗ਼ਜ਼ਲ ੧੦)

ਅੰਮ੍ਰਿਤ ਵੇਲੇ ਦਾ ਜਾਗਣਾ ਹੀ ਰੱਬੀ ਆਸ਼ਕਾਂ ਦੀ ਜ਼ਿੰਦਗੀ ਹੈ

ਬੇਦਾਰੀ ਅਸ੍ਰ ਜ਼ਿੰਦਗੀ-ਇ ਆਰਫ਼ਾਨਿ ਸ਼ੌਕ।
'ਗੋਇਆ', ਹਰਾਮ ਕਰਦਮ, ਅਜ਼ ਆਇੰਦਾ, ਖ਼ਾਬਿ ਸੁਬਹ ॥ (ਗ਼ਜ਼ਲ ੧੭)

ਜਦ ਭਾਈ ਸਾਹਿਬ ਨੂੰ ਪੂਰੇ ਤੇ ਸੂਰੇ ਗੁਰੂ ਨੇ ਦੁੱਖ ਦਾ ਕਾਰਨ ਤੇ ਸੁੱਖ ਦਾ ਰਾਜ਼ ਸਮਝਾਇਆ ਤਾਂ ਉਹ ਆਪ-ਮੁਹਾਰੇ ਕੂਕ ਉਠੇ

ਜ਼ਿ ਫ਼ੈਜ਼ਿ ਮੁਰਸ਼ਿਦਿ ਕਾਮਲ, ਮਰਾ ਮਾਲੂਮ ਸ਼ੁਦ ਆਖ਼ਰ !
ਕਿ ਦਾਇਮ ਮਰਦੁਮਿ ਦੁਨੀਆ, ਬ-ਗ਼ਮ ਆਲੂਦਹ ਮੇ ਬਾਸ਼ਦ ॥ (ਗ਼ਜ਼ਲ ੨੬)

ਯਾਦਿ ਊ ਕੁਨ, ਯਾਦਿ ਊ, 'ਗੋਇਆ' ਮੁਦਾਮ।
ਤਾ ਬ-ਯਾਬੀ, ਅਜ਼ ਗ਼ਮਿ ਆਲਮ, ਫ਼ਰਾਗ਼ ॥ (ਖ਼ਲਾਸੀ) (ਗ਼ਜ਼ਲ ੪੭)

ਆਓ, ਜ਼ਰਾ, ਉਨ੍ਹਾਂ ਦੇ ਸਿਦਕ, ਸ਼ਰਧਾ ਤੇ ਅਕ਼ੀਦਤ ਨੂੰ ਵੇਖੀਏ: ਹਵਾ ਨੂੰ ਖ਼ਬਰਦਾਰ ਕਰਦੇ ਹਨ ਕਿ ਕਿਤੇ ਮਰਨ ਤੋਂ ਬਾਅਦ ਵੀ, ਉਨ੍ਹਾ ਦੀ ਖ਼ਾਕ ਨੂੰ, 'ਸਤਿਗੁਰੂ ਮਿੱਤਰ' ਦੇ ਦਰ ਤੋਂ ਉਡਾ ਕੇ ਹੋਰਥੇ ਨਾ ਲੈ ਜਾਵੇ; ਕਿਉਂਕਿ ਲੋਕੀਂ ਹਰਜਾਈ (ਥਾਂ ਥਾਂ ਪ੍ਰੀਤਾਂ ਪਾ ਕੇ ਤੋੜਨ ਵਾਲਾ) ਕਹਿ ਕੇ ਤਾਅਨੇ ਮੇਅਣੇ ਮਾਰਨਗੇ। 'ਗੋਇਆ' ਤਾਂ ਕੇਵਲ ਪਿਆਰੇ ਮਹਿਬੂਬ—ਦਸਮੇਸ਼—ਦਾ ਹੀ ਗ਼ੁਲਾਮ ਹੈ ਤੇ ਸਦਾ ਰਹੇਗਾ। ਲਿਖਦੇ ਹਨ

ਮ-ਬਰ, ਐ ਬਾਦ ! ਖ਼ਾਕਮ, ਅਜ਼ ਦਰਿ ਦੋਸ੍ਰ।
ਦੁਸ਼ਮਨਮ ਸਰ ਜ਼ਨੰਦ, ਕਿ ਹਰ ਜਾਈਸ੍ਰ ॥੩॥ *(ਬੈਂਤ)*

ਆਖ਼ਰ ਬੇੜਾ ਤਾਂ ਵਾਹਿਗੁਰੂ ਦੀ ਬਖ਼ਸ਼ਸ਼ ਅਥਵਾ ਕਰਮ ਦੁਆਰਾ ਹੀ ਪਾਰ ਹੋਣਾ ਹੈ, ਇਸ ਲਈ ਉਹ ਆਪਣੇ ਗੁਣਾਂ ਤੇ ਸਿਮਰਨ ਆਦਿ ਦਾ ਮਾਣ ਨਹੀਂ ਕਰਦੇ

ਮਾ ਨਮੇ ਲਾਫ਼ੇਮ, ਅਜ਼ ਜ਼ੁਹਦੋ ਰਯਾ।
ਗ਼ਰ ਗੁਨਾਹਗਾਰੇਮ, ਹੱਕ ਬਖ਼ਸ਼ੰਦਾ ਅਸ੍ਰ ॥੩॥ *(ਗ਼ਜ਼ਲ ੯)*

ਸੰਸਾਰ ਦੀ ਅਸਾਰਤਾ ਦਾ ਖ਼ਿਆਲ ਆਇਆ ਤਾਂ ਫ਼ੁਰਮਾਇਆ

ਈਂ ਉਮਰਿ ਗਿਰਾਂ ਮਾਇਆ, ਗ਼ਨੀਮਤ ਸ਼ੁਮਰ ਆਖ਼ਰ।
ਮਾ ਸੁਬਹ ਨ ਦੀਦੇਮ, ਕਿ ਓ ਸ਼ਾਮ ਨ-ਦਾਰਦ ॥ *(ਗ਼ਜ਼ਲ ੨੩)*

ਬਿਰਹਾ ਵਿਚ ਅੱਥਰੂ ਵਹਾਉਣ ਲੱਗੇ ਤਾਂ ਨਦੀਆਂ ਵਗਾ ਦਿੱਤੀਆਂ

ਬਾ ਸਾਹਿਲਿ ਮੁਰਾਦ, ਕੁਜਾ ਆਸ਼ਨਾ ਸ਼ਵੇਮ।
ਤਾ ਚਸ਼ਮਿ ਮਾ ਬ-ਯਾਦਿ ਤੋ, ਦਰਯਾ ਨਮੇ ਸ਼ਵਦ ॥ *(ਗ਼ਜ਼ਲ ੨੪)*

ਆਪ ਨੇ ਸਤਿਗੁਰੂ ਦੀ ਲੋੜ ਤੇ ਕਰਮ ਦੀ ਗੱਲ ਦਰਸਾਈ ਹੈ, ਪਰੰਤੂ ਇਹ ਵੀ ਤਾਂ ਹੀ ਸੰਭਵ ਤੇ ਸਫਲ ਹੈ ਜੇ ਪਹਿਲਾਂ ਸਿਖ ਦੇ ਅੰਦਰ ਵੀ ਸ਼ੌਕ ਤੇ ਸਿਦਕ ਦੀ ਪੂੰਜੀ ਹੋਵੇ

ਬਗ਼ੈਰ ਬਦਰਕਾ-ਇ ਇਸ਼ਕ, ਕੈ ਰਸੀ (ਪਹੁੰਚਿਆ) **ਬਾ ਦੋਸਤ।**
ਬਗ਼ੈਰ ਜਜ਼ਬਾ ਓ-ਸ਼ੌਕਿ-ਤੋ, ਰਹ-ਨੁਮਾ ਚਿ: ਕੁਨੰਦ ॥ *(ਗ਼ਜ਼ਲ ੨੬)*

ਕਿਥੋਂ ਤੱਕ ਤੇ ਕੀ ਕੀ ਬਿਆਨ ਕੀਤਾ ਜਾਵੇ, ਭਾਈ ਸਾਹਿਬ ਦਾ ਤਾਂ ਹਰ ਸ਼ੇਅਰ ਹੀ ਮਾਰਫ਼ਤ ਦੇ ਰਤਨਾਂ ਦੀ ਖਾਣ ਤੇ ਆਤਮਿਕ ਗੁਣਾਂ ਦਾ ਭੰਡਾਰ ਹੈ। ਇਕ ਸ਼ੇਅਰ ਵੀ ਅਜਿਹਾ ਨਹੀਂ ਦਿੱਸਦਾ, ਜਿਸ ਵਿਚ ਗੁਰਮਤਿ ਦੀ ਕੋਈ ਨਾ ਕੋਈ ਹਕੀਕਤ ਨਾ ਦਰਸਾਈ ਗਈ ਹੋਵੇ, ਅਥਵਾ ਭੇਦ ਨਾ ਖੋਲ੍ਹਿਆ ਗਿਆ ਹੋਵੇ।

ਇਹੀ ਨਹੀਂ; ਸਗੋਂ, ਭਾਈ ਸਾਹਿਬ ਬੜੀ ਦਲੇਰੀ, ਹੱਕ-ਗੋਈ ਤੇ ਜੁਗਤੀ ਨਾਲ ਫ਼ਾਰਸੀ ਦੇ ਹੋ ਚੁਕੇ ਪ੍ਰਸਿੱਧ ਕਵੀਆਂ ਦੇ ਕਲਾਮ ਤੇ ਉਸ ਵਿਚ ਦੱਸੇ ਸਿਧਾਂਤਾਂ ਦੀ ਦਰੁਸਤੀ ਵੀ ਕਰਦੇ ਤੇ ਉਹਨਾਂ ਨੂੰ ਉਤਸ਼ਾਹ-ਭਰਪੂਰ ਸੇਧ ਵੀ ਬਖ਼ਸ਼ਦੇ ਹਨ। ਉਦਾਹਰਣ ਵਜੋਂ, ਖ਼ਾਜਾ ਹਾਫ਼ਜ਼ ਸ਼ੀਰਾਜ਼ੀ ਨੂੰ ਹੀ ਲੈ ਲਵੋ। ਜਦ ਉਸ ਉਤੇ ਮਾਇਆ ਦੇ ਝੱਖੜ ਝੁੱਲੇ ਤੇ ਜੀਵਨ-ਨਈਆ ਡਗਮਗਾਈ ਤਾਂ ਉਸ ਨੇ ਇਸ ਤਰਸ-ਯੋਗ ਅਵਸਥਾ ਨੂੰ ਨਿਰਾਸਤਾ-ਭਰਪੂਰ ਲਹਿਜ਼ੇ ਵਿਚ ਇਉਂ ਬਿਆਨਿਆ :

ਸ਼ਬਿ ਤਾਰੀਕ ਓ ਬੀਮਿ ਮੌਜੀ, ਗਰਦਾਬੇ, ਚੁਨੀਂ ਹਾਇਲ।
ਕੁਜਾ ਦਾਨੰਦ ਹਾਲਿ ਮਾ, ਸੁਬਕ ਸਾਰਾਨਿ ਸਾਹਿਲ-ਹਾ॥

ਪਰੰਤੂ ਭਾਈ ਸਾਹਿਬ ਨੇ ਹਾਫ਼ਿਜ਼ ਨੂੰ ਦਿਲਾਸਾ ਦਿੰਦਿਆਂ ਆਤਮਕ ਮੰਜ਼ਲ ਦੇ ਪੰਧਾਊਆਂ ਦਾ ਹੌਸਲਾ ਬੰਨ੍ਹਾਇਆ ਤੇ ਅਨੰਦ-ਮਈ ਅਵਸਥਾ ਦਾ ਜ਼ਿਕਰ, ਇਉਂ ਕਰਕੇ

ਖ਼ੁਦਾ ਹਾਜ਼ਰ ਬਵੱਦ ਦਾਇਮ, ਬ-ਬੀਂ ਦੀਦਾਰਿ ਪਾਕਸ਼ ਰਾ।
ਨ ਗਿਰਦਾਬੇ ਦਰੋ ਹਾਇਲ, ਨ ਦਰਯਾਓ, ਨ ਸਾਹਿਲ-ਹਾ॥ *(ਗ਼ਜ਼ਲ ੩)*

ਗੱਲ ਕੀ, ਭਾਈ ਸਾਹਿਬ ਦਾ ਕਲਾਮ ਤਸੱਵਫ਼, ਫ਼ਲਸਫ਼ਾ, ਸ਼ਰਧਾ, ਸੋਜ਼, ਖੇੜਾ, ਸਾਦਗੀ, ਨਿਮਰਤਾ, ਹਕੀਕਤ, ਬਿਬੇਕ ਤੇ ਆਤਮਕ ਗਿਆਨ ਦੇ ਅਮੁੱਲ ਰਤਨਾਂ ਨਾਲ ਭਰਪੂਰ ਹੈ, ਅਤੇ ਹਮੇਸ਼ਾ ਲਈ ਸੰਸਾਰ ਦੇ ਭੁੱਲੇ ਭਟਕੇ ਲੋਕਾਂ ਨੂੰ ਸਿਦਕ, ਸਬਰ, ਸ਼ਰਧਾ, ਪ੍ਰੇਮ ਤੇ ਪ੍ਰਮਾਰਥ ਦੇ ਰਾਹ ਉੱਤੇ ਤੋਰਦਾ ਤੇ ਹੱਕੀ ਅਗਵਾਈ ਕਰਦਾ ਰਹੇਗਾ।

ਨਿਆਜ਼-ਮੰਦ
ਹਰਿਭਜਨ ਸਿੰਘ
(ਭਾਈ ਸਾਹਿਬ)

ੴ ਸਤਿ ਗੁਰ ਪ੍ਰਸਾਦਿ ॥

ਦੀਵਾਨਿ ਗੋਇਆ

ਗ਼ਜ਼ਲਾਂ, ਭਾਈ ਨੰਦ ਲਾਲ ਜੀ

ਅਰਥ, ਵਿਆਖਿਆ ਤੇ ਅਨੁਵਾਦ

.ਗ਼ਜ਼ਲ ਨੰਬਰ ੧

ਹਵਾਏ ਬੰਦਗੀ ਆਵੁਰਦ, ਦਰ ਵਜੂਦ ਮਰਾ।
ਵਗਰਨਹ, ਜ਼ੌਕ਼ਿ ਚੁਨੀਂ ਆਮਦਨ, ਨਬੂਦ ਮਰਾ॥੧॥

ਖ਼ੁਸ਼ ਅਸ੍ਰ ਉਮਰ ਕਿ: ਦਰ ਯਾਦ ਬਿਗੁਜ਼ਰਦ, ਵਰਨਾ–
ਚਿ ਹਾਸਿਲ ਅਸ੍ਰ, ਅਜ਼ੀਂ ਗੁੰਬਦਿ ਕਬੂਦ ਮਰਾ॥੨॥

ਦਰ ਆਂ ਜ਼ਮਾਂ ਕਿ: ਨਿਆਈ ਬ-ਯਾਦ, ਮੇ ਮੀਰਮ।
ਬਗ਼ੈਰ ਯਾਦਿ ਤੋ, ਜ਼ੀਂ ਜ਼ੀਸਤਨ ਚਿ: ਸੂਦ ਮਰਾ॥੩॥

ਫ਼ਿਦਾ ਅਸ੍ਰ ਜਾਨੋ ਦਿਲਿ ਮਨ, ਬ-ਖ਼ਾਕਿ ਮਕ਼ੱਦਮਿ ਪਾਕ।
ਹਰ ਆਂ ਕਸੇ, ਕਿ: ਬਸੂਏ ਤੋ ਰਹ ਨਮੂਦ ਮਰਾ॥੪॥

ਨ-ਬੂਦ ਹੇਚ ਨਿਸ਼ਾਂਹਾ, ਜ਼ਿ ਆਸਮਾਨੋ ਜ਼ਮੀਂ।
ਕਿ: ਸ਼ੌਕਿ ਰੂਏ ਤੋ, ਆਵੁਰਦ ਦਰ ਸਜੂਦ ਮਰਾ॥੫॥

ਬਗ਼ੈਰ ਯਾਦਿ ਤੋ, ਗੋਇਆ, ਨਮੇ ਤਵਾਨਮ ਜ਼ੀਸ੍ਰ।
ਬਸੂਏ ਦੋਸਤ, ਰਿਹਾਈ ਦਿਹੰਦ, ਜ਼ੂਦ ਮਰਾ॥੬॥

ਪੰਜਾਬੀ ਕਾਵਿ ਅਨੁਵਾਦ

੧. ਯਾਦ ਤੇਰੀ ਦੀ ਲੋਚਾ ਮੈਨੂੰ, ਵਿੱਚ ਵਜੂਦ ਲਿਆਈ।
ਨਹੀਂ ਤਾਂ ਏਥੇ ਆਵਣ ਸੰਦੀ, ਚਾਹ ਨਹੀਂ ਸੀ ਕਾਈ, ਹੂ।

੨. ਉਮਰਾ ਓਹ ਸੁਹਾਵੀ, ਜਿਹੜੀ, ਸਿਮਰਨ ਵਿੱਚ ਵਿਹਾਵੇ।
ਨਹੀਂ ਤਾਂ ਨੀਲੇ ਅੰਬਰ ਥੱਲੇ, ਮੈਨੂੰ ਕੁਝ ਨ ਭਾਵੇ, ਹੂ।

੩. ਜਿਸ ਦਮ ਯਾਦ ਨ ਪ੍ਰੀਤਮ ਆਵੇ, ਜਾਨ ਲਬਾਂ ਤੇ ਆਵੇ।
ਲਾਹ ਜੀਵਨ ਦਾ ਸਿਮਰਨ ਬਾਝੋਂ, ਨਜ਼ਰੀਂ ਹੋਰ ਨ ਆਵੇ, ਹੂ।

੪. ਜੇਕਰ ਮੈਨੂੰ ਦਰ ਤੇਰੇ ਦਾ, ਰਾਹ ਕੋਈ ਦਿਖਲਾਵੇ।
ਉਸਦੀ ਚਰਨ-ਧੂੜ ਤੋਂ, ਮੇਰਾ ਤਨ ਮਨ ਸਦਕੇ ਜਾਵੇ, ਹੂ।

੫. ਧਰਮ ਆਕਾਸ਼ ਨਹੀਂ ਸਨ ਓਦੋਂ, ਅਜੇ ਹੋਂਦ ਵਿਚ ਆਏ।
ਦਰਸ-ਤਾਂਘ ਨੇ ਤਦ ਤੋਂ ਮੇਰਾ, ਦਿੱਤਾ ਸੀਸ ਝੁਕਾਏ, ਹੂ।

੬. ਯਾਦ ਤੇਰੀ ਬਿਨ ਪ੍ਰੀਤਮ! ਗੋਇਆ, ਜੀਵਨ ਕਿਵੇਂ ਬਿਤਾਏ।
ਵਲ ਪੀਆ ਦੇ ਜਾਣ ਦੀ ਛੁੱਟੀ, ਦਿੱਤੀ ਉਸ ਨੂੰ ਜਾਵੇ, ਹੂ।

ਹਵਾਏ ਬੰਦਗੀ ਆਵੁਰਦ, ਦਰ ਵਜੂਦ ਮਰਾ।
ਵਗਰਨਹ, ਜ਼ੌਕ਼ਿ ਚੁਨੀਂ ਆਮਦਨ, ਨਬੂਦ ਮਰਾ ॥੧॥

ਸ਼ਬਦਾਰਥ : ਹਵਾ—ਤਾਂਘ, ਇੱਛਾ। ਏ—ਦੀ। ਆਵੁਰਦ—ਲਿਆਈ। ਦਰ—ਵਿੱਚ। ਵਜੂਦ—ਸਰੀਰ, ਦੇਹ। ਮਰਾ—(ਮਾ+ਰਾ), ਮੈਂ+ਨੂੰ, ਮੈਨੂੰ। ਵਗਰਨਹ—ਨਹੀਂ ਤਾਂ। ਜ਼ੌਕਿ—ਸ਼ੌਕ, ਚਾਅ। ਚੁਨੀਂ—ਅਜਿਹਾ। ਆਮਦਨ—ਆਉਣਾ। ਨ-ਬੂਦ—ਨਹੀਂ ਸੀ।

ਅਰਥ : (ਹੇ ਅਕਾਲ ਪੁਰਖ ਰੂਪ ਸਤਿਗੁਰੂ ! ਤੇਰੀ) ਭਗਤੀ ਦੀ ਲਾਲਸਾ ਮੈਨੂੰ (ਇਸ) ਸਰੀਰ ਵਿਚ ਲਿਆਈ (ਹੈ) ਨਹੀਂ ਤਾਂ ਮੈਨੂੰ (ਏਥੇ) ਅਜਿਹੇ ਆਉਣ (ਸਰੀਰ ਧਾਰਨ ਕਰਨ) ਦਾ ਕੋਈ ਚਾਅ ਨਹੀਂ ਸੀ।

ਖ਼ੁਸ਼ ਅਸ੍ਰ ਉਮਰ ਕਿ: ਦਰ ਯਾਦ ਬਿਗੁਜ਼ਰਦ, ਵਰਨਾ—
ਚਿ ਹਾਸਿਲ ਅਸ੍ਰ, ਅਜ਼ੀਂ ਗੁੰਬਦਿ ਕਬੂਦ ਮਰਾ ॥੨॥

ਸ਼ਬਦਾਰਥ : ਖ਼ੁਸ਼ ਅਸ੍ਰ—ਚੰਗੀ ਹੈ। ਕਿ—ਜੋ, ਜਿਹੜੀ। ਬਿਗੁਜ਼ਰਦ—ਬੀਤੇ, ਲੰਘੇ। ਵਰਨਾ—ਨਹੀਂ ਤਾਂ। ਚਿ—ਕੀ ? ਭਾਵ, ਕੁਝ ਵੀ ਨਹੀਂ। ਹਾਸਿਲ ਅਸ੍ਰ—ਲਾਭ ਹੈ। ਅਜ਼ੀਂ—(ਅਜ਼+ਈਂ), ਇਸ ਤੋਂ। ਗੁੰਬਦਿ ਕਬੂਦ—ਨੀਲਾ ਆਕਾਸ਼।

ਅਰਥ : ਆਯੂ (ਉਹੀ) ਸਫਲ ਹੈ ਜੋ ਸਿਮਰਨ ਵਿਚ ਬੀਤੇ; ਨਹੀਂ ਤਾਂ ਇਸ ਨੀਲੇ ਆਕਾਸ਼ ਤੋਂ ਮੈਨੂੰ ਕੀ ਲਾਭ ? (ਭਾਵ, ਅਜਿਹੇ ਮਨੁੱਖਾ ਜਨਮ ਧਾਰਨ ਦਾ ਕੋਈ ਲਾਭ ਨਹੀਂ।)

ਦਰ ਆਂ ਜ਼ਮਾਂ ਕਿ: ਨਿਆਈ ਬ-ਯਾਦ, ਮੇ ਮੀਰਮ।
ਬ-ਗ਼ੈਰ ਯਾਦਿ ਤੋ, ਜ਼ੀਂ ਜ਼ੀਸਤਨ ਚਿ: ਸੂਦ ਮਰਾ ॥੩॥

ਸ਼ਬਦਾਰਥ : ਜ਼ਮਾਂ—ਸਮਾਂ। ਨਿਆਈ—ਤੂੰ ਨਹੀਂ ਆਉਂਦਾ। ਬ-ਯਾਦ—ਯਾਦ ਵਿਚ। ਮੇ ਮੀਰਮ—ਮੈਂ ਮਰ ਜਾਂਦਾ ਹਾਂ। ਜ਼ੀਂ (ਅਜ਼+ਈਂ)—ਇਸ ਤੋਂ। ਜ਼ੀਸਤਨ—ਜੀਵਨ। ਚਿ: ਸੂਦ—ਕੀ ਲਾਭ ?

ਅਰਥ : (ਹੇ ਪ੍ਰੀਤਮ !) ਜਿਸ ਵੇਲੇ ਤੂੰ ਯਾਦ ਨਾ ਆਵੇਂ, ਮੈਂ ਮਰ ਜਾਂਦਾ ਹਾਂ, (ਕਿਉਂਕਿ) ਤੇਰੀ ਯਾਦ ਤੋਂ ਬਿਨਾਂ ਇਸ ਜੀਊਣ ਦਾ ਮੈਨੂੰ ਕੋਈ ਲਾਭ ਨਹੀਂ।

ਫ਼ਿਦਾ ਅਸ੍ਰ ਜਾਨੋ ਦਿਲਿ ਮਨ, ਬ ਖ਼ਾਕਿ ਮਕ਼ੱਦਮਿ ਪਾਕ।
ਹਰ ਆਂ ਕਸੇ, ਕਿ: ਬਸੂਏ ਤੋ ਰਹ ਨਮੂਦ ਮਰਾ ॥੪॥

ਸ਼ਬਦਾਰਥ : ਫ਼ਿਦਾ ਅਸ੍ਰ—ਕੁਰਬਾਨ ਹੈ। ਬ-ਖ਼ਾਕਿ—ਧੂੜੀ ਤੋਂ। ਮਕ਼ੱਦਮਿ ਪਾਕ—ਚਰਨ ਰੱਖਣ ਦੀ ਪਵਿੱਤਰ ਥਾਂ। ਹਰ ਆਂ ਕਸੇ—ਹਰੇਕ ਉਸ ਪੁਰਸ਼ ਤੋਂ। ਕਿ—ਜਿਹੜਾ। ਬਸੂਏ ਤੋ—ਤੇਰੀ ਦਿਸ਼ਾ ਵਲ। ਨਮੂਦ—ਵਿਖਾਵੇ, ਦੱਸੇ। ਮਰਾ—ਮੈਨੂੰ।

ਅਰਥ : ਮੇਰੀ ਜਾਨ ਤੇ ਦਿਲ ਉਸ ਦੇ ਚਰਨਾਂ ਦੀ ਪਾਵਨ ਧੂੜੀ ਤੋਂ ਕੁਰਬਾਨ ਹਨ, ਜੋ ਕੋਈ ਮੈਨੂੰ ਤੇਰੇ ਪਾਸੇ ਦਾ ਰਾਹ ਵਿਖਾਉਂਦਾ (ਦੱਸਦਾ) ਹੈ।

ਨ-ਬੂਦ ਹੇਚ ਨਿਸ਼ਾਂਹਾ, ਜ਼ਿ ਆਸਮਾਨੋਂ ਜ਼ਮੀਂ।
ਕਿ: ਸ਼ੌਕਿ ਰੂਏ ਤੋ, ਆਵੁਰਦ ਦਰ ਸਜੂਦ ਮਰਾ ॥੫॥

ਸ਼ਬਦਾਰਥ : ਨ-ਬੂਦ—ਨਹੀਂ ਸੀ। ਹੇਚ—ਕੋਈ। ਨਿਸ਼ਾਂਹਾ—ਨਿਸ਼ਾਨ, ਚਿੰਨ੍ਹ, ਹੋਂਦ। ਰੂਏ ਤੋ—ਤੇਰਾ ਚਿਹਰਾ, ਮੁਖੜਾ। ਆਵੁਰਦ—ਲਿਆਇਆ। ਦਰ ਸਜੂਦ—ਸਜਦੇ ਵਿੱਚ, ਬੰਦਨਾ ਵਿੱਚ।

ਅਰਥ : (ਅਜੇ) ਧਰਤੀ ਤੇ ਆਕਾਸ਼ (ਰਚਨਾ) ਦਾ ਕੋਈ ਨਿਸ਼ਾਨ (ਚਿੰਨ੍ਹ) ਨਹੀਂ ਸੀ ਜਦ ਕਿ ਤੇਰੇ ਚਿਹਰੇ (ਦੀਦਾਰ) ਦੀ ਖਿੱਚ ਮੈਨੂੰ ਸਜਦੇ ਵਿਚ ਲੈ ਆਈ।

ਇਸ ਦਾ ਦੂਜਾ ਪੰਜਾਬੀ ਉਲਥਾ ਇਉਂ ਹੈ

"ਦੋ ਜਹਾਨਾਂ ਵਾਲਾ ਓਦੋਂ ਨਕਸ਼ ਨਹੀਂ ਸੀ ਕਾਈ।
ਜਦੋਂ ਮੁਹੱਬਤ ਤੇਰੀ ਸਾਨੂੰ ਸਜਦੇ ਵਿੱਚ ਲਿਆਈ।"

ਬਗ਼ੈਰ ਯਾਦਿ ਤੋ, ਗੋਇਆ[1], ਨਮੇ ਤਵਾਨਮ ਜ਼ੀਸ੍ਤ।
ਬਸੂਏ ਦੋਸਤ, ਰਿਹਾਈ ਦਿਹੰਦ, ਜ਼ੂਦ ਮਰਾ ॥੬॥

ਸ਼ਬਦਾਰਥ : ਬਗ਼ੈਰ ਯਾਦਿ ਤੋ—ਤੇਰੀ ਯਾਦ (ਚਿੰਤਨ) ਤੋਂ ਬਿਨਾਂ। ਨਮੇ ਤਵਾਨਮ ਜ਼ੀਸ੍ਤ—ਮੈਂ ਜੀ ਨਹੀਂ ਸਕਦਾ। ਬਸੂਏ ਦੋਸਤ—ਮਿੱਤਰ ਦੇ ਵਲ। ਜ਼ੂਦ—ਜਲਦੀ, ਸ਼ੀਘਰ।

ਅਰਥ : ਤੇਰੇ ਚਿੰਤਨ (ਸਿਮਰਨ) ਤੋਂ ਬਿਨਾਂ 'ਗੋਇਆ' ਜੀ ਨਹੀਂ ਸਕਦਾ। (ਇਸ ਲਈ) ਮਿੱਤਰ (ਪ੍ਰੀਤਮ) ਵਲ (ਜਾਣ ਲਈ) ਮੈਨੂੰ ਤੁਰਤ (ਸੰਸਾਰਕ ਬੰਧਨਾਂ ਤੋਂ) ਰਿਹਾਈ ਬਖ਼ਸ਼ੀ ਜਾਵੇ।

ਵਿਆਖਿਆ

ਮਨੁੱਖ ਦਾ ਇਸ ਧਰਤੀ ਉਤੇ ਆਉਣ ਤੇ ਸਰੀਰ ਧਾਰਨ ਦਾ ਕਾਰਨ ਜੇ ਇਕ ਨੇ 'ਕਰਮ ਚੱਕਰ' ਦੱਸਿਆ, ਦੂਜੇ ਨੇ 'ਕਾਦਰ ਦਾ ਕਹਰ' ਕਿਹਾ, ਤਾਂ ਤੀਜੇ ਨੇ 'ਮੌਲਾ ਦੀ ਮੌਜ' ਆਖ ਸੁਣਾਇਆ। ਪਰੰਤੂ ਕਲਗੀਆਂ ਵਾਲੇ ਅਦੁੱਤੀ ਪ੍ਰੀਤਮ ਦੇ ਜਮਾਲ, ਕਮਾਲ ਤੇ ਅੰਮ੍ਰਿਤ-ਮਈ ਬਚਨਾਂ ਤੇ ਦਰਸ਼ਨਾਂ ਨਾਲ ਸਰਸ਼ਾਰ (ਗੁੱਟ) ਹੋਏ ਭਾਈ ਨੰਦ ਲਾਲ ਜੀ ਆਪਣੇ ਵਜੂਦ ਧਾਰਨ ਦਾ ਮਨੋਰਥ ਕੇਵਲ ਗੁਰੂ ਅਥਵਾ ਪ੍ਰਭੂ-ਭਗਤੀ ਦੀ ਤਾਂਘ ਦਰਸਾਉਂਦੇ ਹਨ। 'ਬਾਜ਼ ਆਮਦਮ, ਬਾਜ਼ ਆਮਦਮ, ਤਾ ਯਾਰ ਰਾ ਮਹਿਮਾ ਕੁਨਮ' (ਮੈਂ ਫੇਰ ਆਇਆ, ਮੈਂ ਫੇਰ ਆਇਆ, ਤਾਂ ਜੁ ਮਿੱਤਰ ਨੂੰ ਆਪਣਾ ਪ੍ਰਾਹੁਣਾ ਬਣਾਵਾਂ) ਕਹਿਣ ਵਾਲਾ ਸ਼ਮਸ ਤਬਰੇਜ਼ ਵੀ ਬਾਰ ਬਾਰ ਸਰੀਰ ਧਾਰਨ ਦਾ ਪ੍ਰਯੋਜਨ ਕੇਵਲ ਭਗਤੀ ਦੁਆਰਾ ਪ੍ਰਭੂ-ਮਿੱਤਰ ਨੂੰ ਆਪਣੇ ਹਿਰਦੇ-ਘਰ ਵਿਚ ਆ ਬਿਰਾਜਣ ਲਈ ਜਾਚਨਾ ਤੇ ਜਤਨ ਕਰਨਾ ਦਸਦੇ ਹਨ। 'ਗੁਰ ਪਰਮੇਸਰੁ ਏਕੋ ਜਾਣੁ' ਦੇ ਗੁਰਵਾਕ ਅਨੁਸਾਰ 'ਗੋਇਆ ਜੀ' ਸਤਿਗੁਰੂ ਜੀ

[1] ਆਪਣੀ ਕਾਵਿ ਰਚਨਾ ਵਿਚ ਭਾਈ ਨੰਦ ਲਾਲ ਜੀ ਨੇ ਆਪਣੇ ਨਾਂ ਦੀ ਥਾਂ 'ਗੋਇਆ' ਤਖ਼ੱਲਸ ਵਰਤਿਆ ਹੈ।

ਨੂੰ ਰੱਬ ਦਾ ਰੂਪ ਲਖਦੇ ਹਨ ਅਤੇ 'ਆਖਾ ਜੀਵਾ ਵਿਸਰੈ ਮਰਿ ਜਾਉ' ਦੇ ਅਮਰ ਗੁਰਵਾਕ ਵਿੱਚ, ਜਿਹੜੀ ਹਕੀਕਤ, ਗੁਰੂ ਨਾਨਕ ਦੇਵ ਜੀ ਨੇ ਦੋ ਸਦੀਆਂ ਪਹਿਲਾਂ, ਖ਼ੁਦੀ, ਬਖ਼ੀਲੀ, ਤਕੱਬਰੀ ਦੇ ਫ਼ੌਲਾਦੀ ਸ਼ਿਕੰਜੇ ਵਿਚ ਜਕੜੀ, ਬੇਬਸ ਲੋਕਾਈ ਉਤੇ ਉਜਾਗਰ ਕੀਤੀ ਸੀ, ਓਹੀ ਸਚਾਈ ਭਾਈ ਸਾਹਿਬ ਨੇ 'ਦਰ ਆਂ ਜ਼ਮਾਂ ਕਿ: ਨਿਆਈ ਬ-ਯਾਦ ਮੇ ਮੀਰਮ' ਦਾ ਨਾਹਰਾ ਬਰ-ਹੱਕ ਲਾ ਕੇ ਦੁਹਰਾਉਣ ਦਾ ਸਫ਼ਲ ਜਤਨ ਕੀਤਾ ਹੈ।

ਇਥੇ ਹੀ ਬੱਸ ਨਹੀਂ, ਅੱਗੇ ਚਲ ਕੇ ਆਪ ਫ਼ੁਰਮਾਉਂਦੇ ਹਨ ਕਿ ਸਤਿਗੁਰੂ ਦੇ ਪਵਿੱਤਰ ਦਰਸ਼ਨਾਂ ਲਈ ਅਸੀਂ ਓਦੋਂ ਤੋਂ ਸਜਦੇ ਵਿਚ ਝੁਕੇ ਹੋਏ ਹਾਂ ਜਦੋਂ ਧਰਤੀ ਤੇ ਆਕਾਸ਼ ਦਾ ਨਿਸ਼ਾਨ ਤੱਕ ਨਹੀਂ ਸੀ। ਸਾਡੀ ਪ੍ਰੀਤ ਅਜ਼ਲੀ (Eternal) ਹੈ। ਹਰ ਆਤਮਾ, ਪਰਮ-ਆਤਮਾ ਦਾ ਜੁਜ਼ ਹੈ ਤੇ ਵਖਰਾ ਵਜੂਦ ਧਾਰਨ ਤੋਂ ਪਹਿਲਾਂ ਦੀ (Unmanifested) ਹਾਲਤ ਵਿਚ ਪਰਮ ਸਤਿ ਵਿਚ ਵਸਦੀ ਸੀ। ਜੋਤ ਦੀ, ਪਰਮ-ਜੋਤ ਨਾਲ ਇਕ-ਸੁਰਤਾ ਨੂੰ ਕੇਵਲ ਆਸ਼ਕ ਸਾਦਕ ਹੀ ਮਾਣਦੇ ਅਤੇ ਪ੍ਰੇਮ ਦੇ ਅਗੰਮੀ ਤੇ ਅਥਾਹ ਵੇਗ ਵਿਚ ਆਪ-ਮੁਹਾਰੇ ਕੁਝ ਐਉਂ ਕੂਕ ਉਠਦੇ ਹਨ

ਆਦਮ ਨ ਬੂਦੋ, ਮਨ ਬੂਦਮ। ਹੱਵਾ ਨ ਬੂਦੋ ਮਨ ਬੂਦਮ।
ਈਂ ਕਸ ਨ ਬੂਦੋ, ਮਨ ਬੂਦਮ। ਮਨ ਆਸ਼ਕਿ ਦੇਰੀਨਾ-ਅਮ। *(ਸ਼ਮਸ ਤਬਰੇਜ਼)*

(ਬਾਬਾ ਆਦਮ, ਮਾਈ ਹੱਵਾ ਅਤੇ ਹੋਰ ਕੋਈ ਵੀ ਬੰਦਾ ਨਹੀਂ ਸੀ, ਪਰੰਤੂ ਮੈ ਸਾਂ। ਹੇ ਪ੍ਰਭੂ! ਮੈਂ ਤੇਰਾ ਪੁਰਾਣਾ ਮੁੱਢ ਕਦੀਮ ਦਾ ਪ੍ਰੇਮੀ ਹਾਂ)।

ਹੋਰ ਤਾਂ ਹੋਰ, ਹੀਰ ਵੀ ਜਦ ਪਵਿੱਤਰ ਪਿਆਰ ਦੀ ਪੌੜੀ ਦੇ ਉਸ ਸਿਖ਼ਰ ਉਤੇ ਪੁੱਜਦੀ ਹੈ, ਜਿਥੇ ਕਲਬੂਤ ਦੋ; ਪਰੰਤੂ, ਰੂਹਾਂ ਇੱਕ ਹੋ ਜਾਂਦੀਆਂ ਹਨ ਤਾਂ ਆਪ-ਮੁਹਾਰੀ ਇਉਂ ਕੂਕ ਉੱਠਦੀ ਹੈ

ਮੇਰੀ ਤੇ ਰਾਂਝੇ ਦੀ ਪ੍ਰੀਤ ਚਿਰਕੀ, ਜਦੋਂ ਚੂਚਕ ਮੂਚਕ ਨਾਹੀਂ।

ਵੇਖੋ, ਪ੍ਰੇਮ-ਮੰਡਲ ਦੇ ਸੈਲਾਨੀ, ਹਾਫ਼ਿਜ਼ ਸ਼ੀਰਾਜ਼ੀ ਵੀ, ਭਾਈ ਸਾਹਿਬ ਦੇ ਬਿਆਨੇ ਇਸ ਖ਼ਿਆਲ ਨੂੰ ਢੇਰ ਚਿਰ ਪਹਿਲਾਂ ਕਿਵੇਂ ਬਿਆਨਦੇ ਹਨ

ਨ ਬੂਦ ਨਕਸ਼ਿ ਦੋ ਆਲਮ, ਕਿ ਰੰਗਿ ਉਲਫ਼ਤ ਬੂਦ।
ਜ਼ਮਾਨਾ ਤਰਹਿ ਮੁਹੱਬਤ, ਨਾ ਈਂ ਜ਼ਮਾਂ ਅੰਦਾਖ਼ਤ।

(ਦੋਹਾਂ ਜਹਾਨਾਂ ਦਾ ਕੋਈ ਨਿਸ਼ਾਨ ਨਹੀਂ ਸੀ; ਪ੍ਰੰਤੂ, ਓਦੋਂ ਵੀ ਪਿਆਰ ਦਾ ਰੰਗ (ਹੋਂਦ) ਸੀ। ਪਿਆਰ ਦੀ ਨੀਂਹ ਕੇਵਲ ਇਸ ਜ਼ਮਾਨੇ ਹੀ ਨਹੀਂ ਰੱਖੀ)।

ਕ੍ਰਿਤੱਗਜ ਭਾਈ ਸਾਹਿਬ ਅਜਿਹੇ ਅਲੌਕਿਕ ਪ੍ਰੀਤ-ਮੰਡਲ ਦੇ ਮਾਰਗ ਦੀ ਸੂਹ ਦੱਸਣ ਵਾਲੇ ਉਪਕਾਰੀ ਦੇ ਪਵਿੱਤਰ ਚਰਨਾਂ ਦੀ ਧੂੜੀ ਤੋਂ ਆਪਣਾ ਦਿਲ ਤੇ ਜਾਨ ਸਦਕੇ ਕਰਦੇ ਤੇ ਫੇਰ ਵੀ ਇਹ ਸੌਦਾ ਸਸਤਾ ਸਮਝਦੇ ਹਨ। ਇਉਂ ਹੋਵੇ ਵੀ ਕਿਉਂ ਨਾ, ਜਦ ਕਿ ਆਪ ਦੇ 'ਮੁਰਸ਼ਦਿ ਕਾਮਲ' ਇਸ ਬਾਰੇ ਆਪ ਵੀ ਇਉਂ ਸੋਧ ਬਖ਼ਸ਼ਦੇ ਹਨ

ਤੈ ਸਾਹਿਬ ਕੀ ਬਾਤ ਜਿ ਆਖੈ, ਕਹੁ ਨਾਨਕ ਕਿਆ ਦੀਜੈ ?
ਸੀਸੁ ਵਢੇ ਕਰਿ ਬੈਸਣੁ ਦੀਜੈ, ਵਿਣੁ ਸਿਰ ਸੇਵ ਕਰੀਜੈ ॥ *(ਵਡਹੰਸ ਮ: ੧, ਪੰਨਾ ੫੫੮)*

ਸੱਚ ਤਾਂ ਇਹ ਹੈ ਕਿ 'ਹਰਿ ਬਿਨੁ ਜੀਉ ਜਲਿ ਬਲਿ ਜਾਉ' ਦਾ ਜਿਹੜਾ ਅਰਸ਼ੀ ਨਾਦ ਬਾਬੇ ਨਾਨਕ ਨੇ ਸਦੀਆਂ ਪਹਿਲਾਂ ਰਾਵੀ ਦੇ ਕੰਢੇ ਅਤੇ ਦੇਸਾਂ ਪਰਦੇਸਾਂ ਦੇ ਜੰਗਲਾਂ ਬੇਲਿਆਂ ਤੇ ਬਸਤੀਆਂ ਵਿਚ ਗੁੰਜਾਇਆ ਸੀ, ਓਹੀ ਨਾਦ ਭਾਈ ਸਾਹਿਬ ਜੀ ਨੇ ਦਸਮੇਸ਼ ਜੀ ਦੇ ਪ੍ਰੀਤ-ਪਿਆਰ ਵਿਚ ਬਿਹਬਲ ਹੋ, ਸ੍ਰੀ ਅਨੰਦਪੁਰ ਦੀ ਠੇਗੀ ਤੋਂ ਅਜੀਬ ਮਸਤੀ ਤੇ ਵਿਸਮਾਦ ਵਿਚ ਗਾਇਆ ਹੈ।

ਅੰਤ ਵਿਚ ਪ੍ਰੇਮਾ-ਭਗਤੀ ਦੀ ਤੀਬਰਤਾ ਦਾ ਇਹ ਆਲਮ ਹੈ ਕਿ ਉਨ੍ਹਾਂ ਤੋਂ ਆਪਣੇ ਤੇ ਆਪਣੇ ਸਤਿਗੁਰ ਵਿਚਕਾਰ ਸਰੀਰਾਂ ਦੀ ਇਹ ਕੰਧ ਸਹਿਣੀ ਅਸੰਭਵ ਹੋ ਜਾਂਦੀ ਹੈ। ਪਰੰਤੂ; ਰਜ਼ਾ, ਹੁਕਮ ਅਥਵਾ ਭਾਣੇ ਨੂੰ ਮਿੱਠਾ ਕਰ ਕੇ ਮੰਨਣ ਦੀ ਮਹੱਤਤਾ ਤੋਂ ਜਾਣੂ 'ਗੋਇਆ' ਜੀ ਆਤਮਕ ਹਲੂਲਤਾ ਲਈ ਇਹ ਤਰਲਾ ਮਾਰਦੇ ਹੋਏ ਵੀ, ਕਿਸੇ ਹੁਦਰੇਪਨ ਜਾਂ ਹੱਠ ਦਾ ਪ੍ਰਗਟਾਅ ਨਹੀਂ ਕਰਦੇ। ਇਹ ਕਥਨ ਤਾਂ ਪ੍ਰੇਮ ਦੇ ਹੁਲਾਰੇ ਵਿਚ ਮਨ ਦੀ ਬਿਹਬਲਤਾ ਦੀ ਇਕ ਝਲਕ ਹੈ, ਇਕ ਉਛਾਲਾ ਹੈ।

ਗ਼ਜ਼ਲ ਨੰ: ੨

ਦੀਨੋ ਦੁਨੀਆ, ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ।
ਹਰ ਦੋ ਆਲਮ, ਕ਼ੀਮਤਿ ਯਕ ਤਾਰਿ ਮੂਏ ਯਾਰਿ ਮਾ॥੧॥

ਮਾ ਨਮੇ ਆਰੇਮ ਤਾਬਿ ਗ਼ਮਜ਼ਾ-ਇ ਮਿਯਗਾਨਿ ਊ।
ਯਕ ਨਿਗਾਹਿ ਜਾਂ ਫ਼ਜ਼ਾਇਸ਼, ਬਸ ਬਵਦ ਦਰਕਾਰਿ ਮਾ।੨।

ਗਾਹਿ ਸੂਫ਼ੀ, ਗਾਹਿ ਜ਼ਾਹਦ, ਗਹ ਕ਼ਲੰਦਰ ਮੇ ਸ਼ਵਦ।
ਰੰਗਹਾਇ ਮੁਖ਼ਤਲਿਫ਼, ਦਾਰਦ ਬੁਤਿ ਅੱਯਾਰਿ ਮਾ॥੩॥

ਕ਼ਦਰਿ ਲਾਲਿ ਊ, ਬਜੁਜ਼ ਆਸ਼ਿਕ, ਨ ਦਾਨਦ ਹੇਚ ਕਸ।
ਕ਼ੀਮਤਿ ਯਾਕੂਤ ਦਾਨਦ, ਚਸ਼ਮਿ ਗੌਹਰ ਬਾਰਿ ਮਾ॥੪॥

ਹਰ ਨਫ਼ਸ 'ਗੋਇਆ' ਬ-ਯਾਦਿ, ਨਰਗਸਿ ਮਖ਼ਮੂਰਿ ਊ।
ਬਾਦਾ-ਹਾਏ ਸ਼ੌਕ ਮੇ ਨੋਸ਼ਦ ਦਿਲਿ ਹੁਸ਼ਿਆਰਿ ਮਾ॥੫॥

ਪੰਜਾਬੀ ਕਾਵਿ ਅਨੁਵਾਦ

੧. ਦੀਨ ਤੇ ਦੁਨੀਆ ਦੋਵੇਂ ਬੱਧੇ, ਅੰਦਰ ਜ਼ੁਲਫ਼ ਪਿਆਰੇ।
ਇੱਕ ਇੱਕ ਵਾਲ ਮਾਹੀ ਦੇ ਉਤੋਂ, ਦੋਵੇਂ ਲੋਕ ਮੈਂ ਵਾਰੇ, ਹੂ।

੨. ਤਾਬ ਸਹਾਰਾਂ ਪਲਕਾਂ ਸੰਦੀ, ਪਾਇਆਂ ਕਾਈ ਨ ਮੇਰੀ।
ਜੀਵਨ-ਦਾਤੀ ਦੇਵੇ ਪ੍ਰੀਤਮ, ਇਕੋ ਝਲਕ ਬਥੇਰੀ, ਹੂ।

੩. ਕਿਧਰੇ ਸੂਫ਼ੀ, ਕਿਤੇ ਕਲੰਦਰ, ਜ਼ਾਹਿਦ ਕਿਤੇ ਕਹਾਵੇ।
ਚੋਜੀ ਪ੍ਰੀਤਮ ਮੇਰਾ ਸੱਈਓ, ਪੱਲ ਪੱਲ ਰੂਪ ਵਟਾਵੇ, ਹੂ।

੪. ਲਾਲ ਓਸ ਦੀ, ਆਸ਼ਕਾਂ ਬਾਝੋਂ, ਕਦਰ ਨ ਕੋਈ ਪਾਵੇ।
ਅੱਖ ਮੇਰੀ ਓਹਦਾ ਮੁਲ ਜਾਣੇ, ਮੋਤੀ ਜੋ ਬਰਸਾਵੇ, ਹੂ।

੫. ਅੰਦਰ ਯਾਦ ਨਸ਼ੀਲੀ ਨਰਗਸ, ਗੋਇਆ ਹਰ ਦਮ ਜੀਵੇ।
ਪ੍ਰੇਮ ਤੇਰੇ ਦਾ ਮਦ-ਪਿਆਲਾ, ਗੱਟ ਗੱਟ 'ਗੋਯਾ' ਪੀਵੇ, ਹੂ।

ਦੀਨੋ ਦੁਨੀਆ, ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ।
ਹਰ ਦੋ ਆਲਮ, ਕ਼ੀਮਤਿ ਯਕ ਤਾਰਿ ਮੂਏ ਯਾਰਿ ਮਾ॥੧॥

ਸ਼ਬਦਾਰਥ : ਦੀਨ—ਧਰਮ। ਕਮੰਦ—ਫਾਹੀ। ਰੁਖ਼ਸਾਰ—ਗੱਲ੍ਹਾਂ, ਭਾਵ, ਚਿਹਰਾ। ਹਰ ਦੋ ਆਲਮ—ਦੋਵੇਂ ਜਹਾਨ, ਲੋਕ ਪਰਲੋਕ। ਯਕ—ਇਕ। ਤਾਰਿ ਮੂ—ਵਾਲ ਦੀ ਤਾਰ। ਯਾਰ—ਮਿੱਤਰ।

ਅਰਥ : ਸਾਡੇ ਦੀਨ ਤੇ ਦੁਨੀਆ ਉਸ ਪਰੀ ਵਰਗੇ, (ਸੁੰਦਰ) ਮੁਖੜੇ ਵਾਲੀ ਫਾਹੀ ਵਿਚ ਬੱਝੇ ਪਏ ਹਨ। ਦੋਵੇਂ ਜਹਾਨ ਸਾਡੇ ਮਿੱਤਰ ਦੇ ਕੇਸਾਂ ਦੀ ਇਕ ਤਾਰ ਦਾ ਮੁੱਲ ਹਨ।

ਮਾ ਨਮੇ ਆਰੇਮ ਤਾਬਿ ਗ਼ਮਜ਼ਾ-ਇ ਮਿਯਗਾਨਿ ਊ।
ਯਕ ਨਿਗਾਹਿ ਜਾਂ ਫ਼ਜ਼ਾਇਸ਼, ਬਸ ਬਵਦ ਦਰਕਾਰਿ ਮਾ॥੨॥

ਸ਼ਬਦਾਰਥ : ਨਮੇ ਆਰੇਮ—ਨਹੀਂ ਲਿਆਉਂਦੇ। ਤਾਬ—ਸਹਿਨ-ਸ਼ਕਤੀ। ਗ਼ਮਜ਼ਾ-ਇ—(ਪ੍ਰੀਤਮ ਦੀਆਂ) ਅੱਖਾਂ ਜਾਂ ਭਰਵੱਟਿਆਂ ਦਾ ਇਕ ਇਸ਼ਾਰਾ। ਮਿਯਗਾਨ—ਝਿੰਮਣੀਆਂ। ਊ—ਉਸ ਦੀਆਂ। ਜਾਂ ਫ਼ਜ਼ਾਇਸ਼—ਜ਼ਿੰਦਗੀ ਵਿਚ ਵਾਧਾ ਕਰਨ ਵਾਲੀ। ਬਸ—ਬਹੁਤ। ਬਵਦ—ਹੁੰਦੀ ਹੈ। ਦੇਰਕਾਰ—ਲੋੜੀਂਦੀ।

ਅਰਥ : ਅਸੀਂ ਉਸ ਦੀਆਂ ਝਿੰਮਣੀਆਂ ਦੇ ਇਕ ਇਸ਼ਾਰੇ (ਨੂੰ ਸਹਿਣ) ਦੀ ਸ਼ਕਤੀ ਨਹੀਂ ਲਿਆਉਂਦੇ (ਰਖਦੇ)। ਸਾਨੂੰ (ਤਾਂ ਉਸ ਦੀ) ਜੀਵਨ ਪਰਦਾਨ ਕਰਨ ਵਾਲੀ ਇਕ ਤੱਕਣੀ ਹੀ ਕਾਫ਼ੀ ਹੈ।

ਗਾਹਿ ਸੂਫ਼ੀ, ਗਾਹਿ ਜ਼ਾਹਦ, ਗਹ ਕ਼ਲੰਦਰ ਮੇ ਸ਼ਵਦ।
ਰੰਗਹਾਇ ਮੁਖ਼ਤਲਿਫ਼, ਦਾਰਦ ਬੁਤਿ ਅੱਯਾਰਿ ਮਾ॥੩॥

ਸ਼ਬਦਾਰਥ : ਗਾਹਿ—ਕਦੀ। ਸੂਫ਼ੀ—ਗ਼ੈਰ ਸ਼ਰੱਈ ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕਾ, ਜੋ ਪ੍ਰੇਮ ਨੂੰ ਹੀ ਖ਼ੁਦਾ ਦੇ ਮਿਲਣ ਦਾ ਸਾਧਨ ਸਮਝਦੇ ਹਨ। ਜ਼ਾਹਦ—ਸ਼ਰੱਈ, (ਮੁਸਲਮਾਨੀ ਸ਼ਰ੍ਹਾ ਦਾ ਪਾਬੰਦ)। ਕਲੰਦਰ—ਮਸਤਾਨੇ, ਬੇਪਰਵਾਹ, ਕੇਵਲ ਖ਼ੁਦਾ ਦੀ ਜ਼ਾਤ ਵਿਚ ਮਸਤ ਰਹਿਣ ਵਾਲੇ। ਮੇ ਸ਼ਵਦ—ਹੁੰਦਾ ਹੈ। ਰੰਗਹਾਏ—ਬਹੁਤੇ ਰੰਗ। ਮੁਖ਼ਤਲਿਫ਼—ਵੱਖ ਵੱਖ। ਦਾਰਦ—ਰੱਖਦਾ ਹੈ। ਬੁੱਤ—ਮੂਰਤ, ਪ੍ਰੀਤਮ, ਮਾਸ਼ੂਕ। ਅੱਯਾਰ—ਚਲਾਕ, ਛਲੀਆ, ਚੋਜੀ। ਮਾ—ਸਾਡਾ।

ਅਰਥ : (ਗੁਰਦੇਵ) ਕਦੀ ਸੂਫ਼ੀ, ਕਦੀ ਸ਼ਰੱਈ ਤੇ ਕਦੀ ਮਸਤਾਨਾ ਬਣ ਬਹਿੰਦਾ ਹੈ। ਸਾਡਾ ਛਲੀਆ (ਕੌਤਕੀ) ਪ੍ਰੀਤਮ ਵੱਖੋ ਵੱਖ ਕਈ ਤਰ੍ਹਾਂ ਦੇ ਭੇਸ ਰਖਦਾ (ਧਾਰਦਾ) ਹੈ।

ਕ਼ਦਰਿ ਲਾਲਿ ਊ, ਬਜੁਜ਼ ਆਸ਼ਿਕ, ਨ ਦਾਨਦ ਹੇਚ ਕਸ।
ਕ਼ੀਮਤਿ ਯਾਕ਼ੂਤ ਦਾਨਦ, ਚਸ਼ਮਿ ਗੌਹਰ ਬਾਰਿ ਮਾ॥੪॥

ਸ਼ਬਦਾਰਥ : ਕ਼ਦਰਿ ਲਾਲਿ ਊ—ਉਸ ਲਾਲ ਦੀ ਕਦਰ (ਕੀਮਤ)। ਬਜੁਜ਼ ਆਸ਼ਕ—ਪ੍ਰੇਮੀਆਂ ਤੋਂ ਬਿਨਾਂ। ਕਸ—ਸ਼ਖ਼ਸ, ਆਦਮੀ, ਕੋਈ। ਹੇਚ—ਕੁਝ, ਕੁਝ ਨਹੀਂ, ਥੋੜਾ

ਜਿਹਾ, ਨਿਕੰਮਾ। ਯਾਕੂਤ—ਹੀਰਾ। ਦਾਨਦ—ਜਾਣਦੀ ਹੈ। ਚਸ਼ਮ—ਅੱਖ। ਗੌਹਰ ਬਾਰਿ ਮਾ—ਸਾਡੀ ਮੋਤੀ (ਹੰਝੂ) ਵਰਸਾਉਣ ਵਾਲੀ।

ਅਰਥ : ਉਸ ਲਾਲ ਦੀ ਕਦਰ ਆਸ਼ਕਾਂ (ਅਨਿੰਨ ਸਿੱਖਾਂ) ਤੋਂ ਬਿਨਾਂ ਹੋਰ ਕੋਈ ਨਹੀਂ ਜਾਣਦਾ। (ਉਸ) ਹੀਰੇ ਦੀ ਕੀਮਤ (ਕੇਵਲ) ਸਾਡੀ ਮੋਤੀ (ਬਿਰਹਾ ਦੇ ਅਥਰੂ) ਵਰਸਾਉਣ ਵਾਲੀ ਅੱਖ ਹੀ ਜਾਣਦੀ ਹੈ।

ਹਰ ਨਫ਼ਸ 'ਗੋਇਆ' ਬ-ਯਾਦਿ, ਨਰਗਸਿ ਮਖ਼ਮੂਰਿ ਊ।
ਬਾਦਾ-ਹਾਏ ਸ਼ੌਕ ਮੇ ਨੋਸ਼ਦ ਦਿਲਿ ਹੁਸ਼ਿਆਰਿ ਮਾ॥੫॥

ਸ਼ਬਦਾਰਥ : ਨਫ਼ਸ—ਸਵਾਸ, ਦਮ। ਬ-ਯਾਦਿ—ਯਾਦ ਵਿਚ, ਸਿਮਰਨ ਵਿਚ। ਮਖ਼ਮੂਰ—ਨਸ਼ੇ ਵਿਚ ਗੁਟ, ਮਸਤੁਲ-ਮਸਤ। ਬਾਦਾ-ਹਾਏ—ਸ਼ੌਕ (ਪ੍ਰੇਮ) ਦੀਆਂ ਸ਼ਰਾਬਾਂ (ਬਾਦ-ਹਾਇ—ਬਾਦ:—ਸ਼ਰਾਬ ਦਾ ਬਹੁਵਚਨ)। ਮੇ ਨੋਸ਼ਦ—ਪੀਂਦਾ ਹੈ।

ਅਰਥ : ਐ ਗੋਇਆ, ਸਾਡਾ ਸਾਵਧਾਨ ਦਿਲ ਉਸ ਮਦ-ਮਸਤ ਨਰਗਸ ਦੀ ਯਾਦ ਵਿਚ ਸਵਾਸ ਸਵਾਸ ਪ੍ਰੇਮ-ਰਸ ਦੀਆਂ ਸ਼ਰਾਬਾਂ ਪੀਂਦਾ ਹੈ। (ਨਰਗਸ ਵਰਗੇ ਮਸਤ ਨੈਣਾਂ ਵਾਲੇ ਸਤਿਗੁਰੂ ਦੀ ਯਾਦ ਵਿਚ ਨਾਮ ਖ਼ੁਮਾਰੀ ਨਾਲ ਗੁਟ ਹੋ ਕੇ 'ਸਦ-ਵਿਗਾਸ' ਦੀ ਮੌਜ ਮਾਣਦਾ ਹੈ।)

ਵਿਆਖਿਆ

ਇਸ ਗ਼ਜ਼ਲ ਦਾ ਪਹਿਲਾ ਸ਼ੇਅਰ ਹੀ ਇਕ ਤਰ੍ਹਾਂ ਨਾਲ ਗੋਇਆ ਜੀ ਦੇ ਇਸ ਦੀਵਾਨ, ਭਾਵ ਮਹਾਂ-ਕਾਵਿ ਦੀ ਜਾਨ ਹੈ। ਆਪਣੇ ਮੁਰਸ਼ਦ ਦੀ ਸਿਫ਼ਤ-ਸਾਲਾਹ ਕਰਨ ਵਾਲੇ ਅਨੇਕਾਂ ਸਿਫ਼ਤ-ਗੋ ਸ਼ਾਇਰ ਪੈਦਾ ਹੋਏ ਤੇ ਹੁੰਦੇ ਰਹਿਣਗੇ; ਪਰੰਤੂ, ਭਾਈ ਸਾਹਿਬ ਜਿਹਾ ਆਲਮ ਬਾ-ਅਮਲ ਪ੍ਰੀਤਵਾਨ ਸੁਖ਼ਨ-ਗੋ ਕਿਤੇ ਹੀ ਲੱਭੇਗਾ।

ਇਸ ਗ਼ਜ਼ਲ ਵਿਚ ਗੋਇਆ ਜੀ ਨੇ ਆਪਣੇ ਕਾਮਲ ਮੁਰਸ਼ਦ—ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ—ਦੇ ਜਨਕ ਰੂਪ ਦਾ ਚਿੱਤਰ ਚਿਤਰਿਆ ਹੈ। ਗੁਰੂ ਤੇ ਪ੍ਰਮੇਸ਼ਰ ਅਭੇਦ ਹਨ। ਇਸ ਲਈ, ਉਹ ਨਾ ਕੇਵਲ ਦੋਵੇਂ—ਦੀਨ ਤੇ ਦੁਨੀਆ—ਆਪਣੇ ਪ੍ਰੀਤਮ ਦੇ ਇਸ਼ਾਰੇ ਉਤੇ ਨੱਚਦੇ ਵੇਖਦੇ ਹਨ, ਸਗੋਂ ਉਸ ਦੇ ਪਵਿੱਤਰ ਕੇਸ਼ਾਂ ਦੇ ਇਕ ਵਾਲ ਦਾ ਮੁੱਲ ਦੋਵੇਂ ਜਹਾਨ ਪਾਉਂਦੇ ਹਨ। ਦੋਵੇਂ ਜਹਾਨ ਕੀ, ਮਿੱਤਰ ਦੇ ਕੇਸ਼ ਤਾਂ ਅਮੋਲਕ ਹਨ। ਗੁਰਵਾਕ ਹੈ

ਕਿਤੀ ਲਖ ਕਰੋੜਿ, ਪਿਰੀਏ, ਰੋਮ ਨ ਪੁਜਨਿ ਤੇਰਿਆ॥

(ਮ: ੫, ਪੰਨਾ ੭੬੧)

ਜਦ ਪਿਆਰ ਦੀ ਅੰਤਮ ਮੰਜ਼ਲ ਵਿਚ ਮੈਂ ਤੇ ਤੂੰ ਦਾ ਅਭਾਵ ਹੋ ਕੇ ਜ਼ੱਰੇ ਜ਼ੱਰੇ ਵਿਚ ਪ੍ਰੀਤਮ ਦੇ ਨੂਰ ਦਾ ਹੀ ਜਲਵਾ ਦਿੱਸਦਾ ਹੈ, ਤਾਂ ਐਸੀ ਵਿਸਮਾਦੀ ਬਿਵਸਥਾ ਵਿਚ ਕੀਮਤ ਕੌਣ ਪਾਵੇ, ਤੇ ਕਿਸ ਦੀ ? ਓਥੇ ਤਾਂ ਵਿਸਮਾਦੀ ਵੈਰਾਗ ਵਿਚ

ਜੇ ਕੋ ਮੂੰ ਉਪਦੇਸੁ ਕਰਦੁ ਹੈ, ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ॥

(ਸਿਰੀਰਾਗੁ ਤ੍ਰਿਲੋਚਨ, ਪੰਨਾ ੯੨)

ਤਥਾ **ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ**
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥ *(ਮਲਾਰ ਮਹਲਾ ੪, ਪੰਨਾ ੧੨੬੫)*

ਵਾਲੀ ਵਿਸਮਾਦਤ (ਹੂ ਦੇ ਆਲਮ ਵਾਲੀ) ਅਵਸਥਾ ਵਾਪਰੀ ਹੁੰਦੀ ਹੈ।

ਪਰੰਤੂ, ਚੋਜੀ ਪ੍ਰੀਤਮ ਨੂੰ ਹਰੇਕ ਨਵੇਂ ਰੂਪ ਤੇ ਸ੍ਵਾਂਗ ਵਿਚ ਪਛਾਣ ਲੈਣ ਵਾਲੀ ਅੱਖ ਹਰੇਕ ਨੂੰ ਨਸੀਬ ਨਾ ਹੋਣ ਕਰਕੇ ਸਾਧਾਰਨ ਜਗਿਆਸੂ ਨੂੰ ਭੁਲੇਖਾ ਲੱਗ ਜਾਂਦਾ ਹੈ। ਸਾਧਾਰਨ ਜਗਿਆਸੂ ਤਾਂ ਕੀ, ਅਚਲ ਵਟਾਲੇ ਵਿਖੇ ਵੱਡੇ ਵੱਡੇ ਤਪੱਸਵੀ ਤੇ ਸਿੱਧ ਲੋਕ ਵੀ ਨਿਰੰਕਾਰੀ ਨਾਨਕ ਦੇ ਉਦਾਸੀ ਭੇਖ ਉਤਾਰਨ ਅਤੇ ਸਾਧਾਰਨ ਬਸਤਰ ਪਾ ਲੈਣ ਅਥਵਾ 'ਵਤ ਸੰਸਾਰੀ ਰੀਤ ਚਲਾਉਣ'[1] ਦੀ ਰਮਜ਼ ਨੂੰ ਨਾ ਸਮਝ ਸਕੇ। ਉਹ ਕੇਵਲ ਬਾਹਰਲੇ ਭੇਖਾਂ ਦੀ ਵਰਮੀ ਨੂੰ ਹੀ ਕੁੱਟਣਾ ਜਾਣਦੇ ਸਨ।

ਸੋ, ਭਾਈ ਸਾਹਿਬ ਜਗਿਆਸੂ-ਸਿਖ ਨੂੰ ਸੁਚੇਤ ਕਰਦੇ ਹਨ ਕਿ ਇਹ ਫ਼ਕੀਰਾਂ, ਸ਼ਾਹਾਂ, ਗ੍ਰਿਹਸਤੀਆਂ ਤੇ ਤਿਆਗੀਆਂ ਵਾਲੇ ਸਾਰੇ ਭੇਸ ਮੇਰੇ ਚੋਜੀ ਪ੍ਰੀਤਮ ਦੇ ਹੀ ਹਨ। ਕਿਤੇ ਉਹ ਬਾਲਾ ਪ੍ਰੀਤਮ ਹੋ ਗੁਲੇਲੇ ਚਲਾ ਗਾਗਰਾਂ ਫੋੜ ਰਿਹਾ ਹੈ, ਕਿਤੇ ਰਾਮ ਰੂਪ ਹੋ ਪੰਡਤ ਸ਼ਿਵ ਦੱਤ ਨੂੰ ਚਰਨਾਂ ਦਾ ਭੌਰਾ ਬਣਾ ਰਿਹਾ ਹੈ ਅਤੇ ਕਿਤੇ ਮੈਣੀ ਰਾਣੀ ਦੀ ਝੋਲੀ ਵਿਚ ਬੈਠ ਵਾਤਸਲ ਪਿਆਰ ਲੈ-ਦੇ ਰਿਹਾ ਹੈ। ਜੇ ਅੰਮ੍ਰਿਤ ਵੇਲੇ ਅੰਮ੍ਰਿਤ-ਕੀਰਤਨ ਦੀਆਂ ਧੁਨਾਂ ਵਿਚ ਮਗਨ ਹੋ, ਸਮਾਧੀ-ਸਥਿਤ ਹੈ ਤਾਂ ਦੂਜੇ ਸਮੇਂ ਬੀਰ ਰਸੀ ਰੰਗ ਵਿਚ ਤੀਰ-ਕਮਾਨ ਫੜੀ ਜ਼ਾਲਮਾਂ ਤੇ ਦੋਖੀਆਂ ਦੀਆਂ ਫ਼ੌਜਾਂ 'ਚੋਂ ਚੁਣ ਚੁਣ ਨਿਸ਼ਾਨੇ ਫੁੰਡ ਰਿਹਾ ਹੈ। ਜੇ ਕਿਤੇ ਉਹ ਸੰਗਤਾਂ ਦੇ ਠਾਠਾਂ ਮਾਰਦੇ ਸਮੁੰਦਰ ਵਿਚ ਸੋਨੇ ਤੇ ਹੀਰੇ ਜੜੇ ਸਿੰਘਾਸਨ 'ਤੇ ਬਿਰਾਜਮਾਨ ਹੈ, ਤਾਂ ਓਹੋ ਮਾਹੀ ਮਾਛੀਵਾੜੇ ਦੇ ਜੰਗਲਾਂ ਵਿਚ ਕੰਡਿਆਂ ਨਾਲ ਪਰੋਤੇ ਪੈਰੀਂ, ਰਾਤ ਦੀ ਸਿਆਹੀ ਵਿਚ ਇਕੱਲਾ ਵਿਚਰ ਰਿਹਾ, ਰੱਬ-ਯਾਰ ਦੇ ਸੱਥਰ ਤੋਂ, ਰਣਵਾਸਾਂ ਨੂੰ ਨਿਛਾਵਰ ਕਰਦਾ ਦਿਸ ਆਉਂਦਾ ਹੈ।

ਪਰ, ਮਹਿਬੂਬ ਦੇ ਇਸ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਵਾਲੇ ਚੋਜਾਂ ਨੂੰ, ਸਾਦਕ ਆਸ਼ਕਾਂ ਦੀ ਅੱਖ ਖ਼ੂਬ ਪਛਾਣਦੀ ਹੈ:

ਰਾਜ਼ ਕੁਦਰਤ ਨੇ ਇਨਸਾਂ ਸੇ ਛੁਪਾਏ ਤੋ ਬਹੁਤ,
ਮਗਰ, ਅਹਿਲਿ ਬਸੀਰਤ ਸੇ ਛੁਪਾਏ ਨ ਗਏ।

ਅਨੁਸਾਰ, ਉਹ ਉਸ ਨੂੰ ਨਵਿਆਂ ਨਵਿਆਂ ਭੇਸਾਂ ਵਿਚ ਵੇਖ, ਪਰਖ ਤੇ ਪਛਾਣ ਕੇ ਹੋਰ ਵੀ ਅਨੰਦਤ ਹੁੰਦੇ ਤੇ ਇਨ੍ਹਾਂ ਜ਼ਾਹਰੀ ਤਬਦੀਲੀਆਂ ਵਿੱਚੋਂ ਉਨਮਨੀ ਤੇ ਵਿਸਮਾਦੀ ਸੁਹੱਪਣ ਮਾਣਦੇ ਹਨ।

ਅਗੇ ਚਲ ਕੇ ਭਾਈ ਸਾਹਿਬ ਦਸਦੇ ਹਨ ਕਿ ਉਸ ਗੁਰੂ-ਰੂਪੀ 'ਯਾਕੂਤ' (ਹੀਰੇ) ਦਾ ਮੁੱਲ ਸਾਡੀ ਮੋਤੀ (ਅੱਥਰੂ) ਵਰਸਾਉਣ ਵਾਲੀ ਅੱਖ ਹੀ ਪਾ ਸਕਦੀ ਹੈ। ਜਿੰਨਾ ਚਿਰ ਹਉਮੈ ਤੇ ਮਮਤਾ ਦਾ ਗ਼ੁਬਾਰ ਪ੍ਰੀਤਮ ਦੇ ਬਿਰਹੋਂ ਵਿਚ ਵਗਾਏ ਗਏ ਅੱਥਰੂਆਂ ਨਾਲ ਧੁਪ ਨਹੀਂ ਜਾਂਦਾ, ਰੱਬੀ ਲਾਲ ਦੀ ਪਰਖ ਹੋਣੀ ਅਸੰਭਵ ਹੈ। ਸੋ, 'ਬਾ ਸਾਹਿਲਿ ਮੁਰਾਦ ਕੁਜਾਂ ਆਸ਼ਨਾ

---

੧. **ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖ ਉਦਾਸੀ ਸਗਲ ਉਤਾਰਾ॥**
ਪਹਿਰ ਸੰਸਾਰੀ ਕਪੜੇ, ਮੰਜੀ ਬੈਠਿ ਕੀਆ ਅਵਤਾਰਾ॥੧॥੩੮॥ *(ਭਾਈ ਗੁਰਦਾਸ)*

ਸ਼ਵੇਮ। ਤਾ ਚਸ਼ਮਿ ਮਾ ਬ-ਯਾਦਿ ਤੋ ਦਰਯਾ ਨਮੇ ਸ਼ਵੱਦ" (੨੪) ਦਾ ਨੁਸਖ਼ਾ ਤਜਵੀਜ਼ ਕਰਦੇ ਹੋਏ ਨਾਲ ਹੀ ਇਸ ਗੱਲੋਂ ਸੁਚੇਤ ਵੀ ਕਰਦੇ ਹਨ ਕਿ ਇਹ ਰੋਣਾ ਮਾਇਆ-ਧਾਰੀਆਂ ਦੇ ਤ੍ਰੋਟੇ ਤੇ ਢਹਿੰਦੀ ਕਲਾ ਵਾਲਾ ਰੋਣਾ ਨਹੀਂ; ਸਗੋਂ, 'ਸੁਲਤਾਨ ਬਿਰਹਾ' ਵਿਚ, ਵਿਸਮਾਦੀ ਵੈਰਾਗ ਤੇ 'ਵਾਹੁ' ਦੇ ਆਲਮ ਦਾ ਰੋਣਾ ਹੈ।[੧] ਇਸ ਨਾਲ ਚਿੱਤ ਖਿੜਦਾ ਤੇ ਹੁਸ਼ਿਆਰ ਹੁੰਦਾ ਹੋਇਆ ਪਿਆਰੇ ਦੇ ਪ੍ਰੇਮ ਦੀ ਮਸਤੀ ਦੇ, ਜਾਮ ਤੇ ਜਾਮ ਪੀਂਦਾ ਅਤੇ ਨਾਮ-ਖ਼ੁਮਾਰੀ ਵਿਚ ਮਸਤੁਲ-ਮਸਤ ਹੋ ਜਾਂਦਾ ਹੈ, ਫੇਰ, ਉਹ ਇਸ ਅਬਦੀ ਨਸ਼ੇ ਵਿਚ ਸਦੀਵੀ ਤੌਰ ਤੇ ਗੁੱਟ ਹੋ ਜਾਣ ਲਈ ਅਰਸ਼ੀ ਸਾਕੀ (ਗੁਰੂ ਨਾਨਕ ਜੀ) ਪਾਸ ਕੁਝ ਐਉਂ ਜੋਦੜੀ ਕਰਦਾ ਹੈ

ਉੱਠ ਸਾਕੀਆ ਨਾਨਕ, ਤੂੰ ਉੱਠ, ਰਹਿਮਤ ਦਾ ਭਰ ਕੇ ਜਾਮ ਦੇਹ।
ਹਰ ਘੜੀ ਦੇਹ, ਹਰ ਪਹਿਰ ਦੇਹ, ਹਰ ਸੁਬਹ ਦੇਹ, ਹਰ ਸ਼ਾਮ ਦੇਹ।
ਜ਼ੱਰਾ ਹੂੰ ਮੈਂ, ਸੂਰਜ ਬਣਾ, ਕਤਰਾ ਹੂੰ ਮੈਂ, ਸਾਗਰ ਬਣਾ।
ਖ਼ੁਦੀਆਂ ਦੇ ਸੰਗਲ ਤੋੜ ਦੇਹ, ਬੇ-ਖ਼ੁਦ ਬਣਾ, ਨਿਜ-ਧਾਮ ਦੇਹ।
ਮੌਲਾ ਮਿਰੇ, ਤੇਰੇ ਬਿਨਾ, ਬਾਲਾਈਆਂ ਵੀ ਪਸਤੀਆਂ,
ਮੱਟਾਂ ਦੇ ਮੱਟ ਦੇਹ ਰੋੜ, ਕਰ ਦੇ ਮਸਤੀਆਂ ਹੀ ਮਸਤੀਆਂ। *(ਹਮਰਾਜ਼)*

---

੧. ਨਾਨਕ, ਰੁੰਨਾ ਬਾਬਾ ਜਾਣੀਐ, ਜੇ ਰੋਵੈ ਲਾਇ ਪਿਆਰੋ॥ *(ਵਡਹੰਸੁ ਮ: ੧, ਪੰਨਾ ੫੭੯)*

ਗ਼ਜ਼ਲ ਨੰਬਰ ੩

ਬ-ਦਿਹ ਸਾਕ਼ੀ ਮਰਾ ਯਕ ਜਾਮਿ ਜਾਂ, ਰੰਗੀਨੀਏ ਦਿਲ-ਹਾ।
ਬ-ਚਸ਼ਮਿ ਪਾਕ ਬੀਂ, ਆਸਾਂਅ ਕੁਨਮ, ਈਂ ਜੁਮਲਾ ਮੁਸ਼ਕਿਲ-ਹਾ ॥੧॥

ਮਰਾ ਦਰ ਮੰਜ਼ਲਿ ਜਾਨਾਂ, ਹਮਾ ਐਸ਼ੋ ਹਮਾ ਸ਼ਾਦੀ।
ਜਰਸ ਬੇਹੂਦਾ ਮੇ-ਨਾਲਦ, ਕੁਜਾ ਬੰਦੇਮ ਮਹਮਿਲ-ਹਾ ॥੨॥

ਖ਼ੁਦਾ ਹਾਜ਼ਰ ਬਵਦ ਦਾਇਮ, ਬਬੀਂ ਦੀਦਾਰਿ ਪਾਕਸ਼ ਰਾ।
ਨ ਗਿਰਦਾਬੇ ਦਰੋ ਹਾਇਲ, ਨ ਦਰਯਾਓ, ਨ ਸਾਹਿਲ-ਹਾ ॥੩॥

ਚਿਰਾ ਬੇਹੂਦਾ ਮੇ ਗਰਦੀ, ਬ-ਸਹਰਾਓ ਬ-ਦਸ਼ਤ ਐ ਦਿਲ।
ਚੂ ਆਂ ਸੁਲਤਾਨਿ ਖ਼ੂਬਾਂ, ਕਰਦਹ ਅੰਦਰ ਦੀਦਹ ਮੰਜ਼ਿਲ-ਹਾ ॥੪॥

ਚੂੰ ਗ਼ੈਰ ਅਜ਼ ਜ਼ਾਤਿ ਪਾਕਸ਼ ਨੇਸ੍ਰ, ਦਰ ਹਰ ਜਾ ਕਿ: ਮੇ ਬੀਨਮ।
ਬਗੋ 'ਗੋਇਆ', ਕੁਜਾ ਬਿਗੁਜ਼ਾਰਮ, ਈਂ ਦੁਨੀਆ ਓ ਐਹਲਿਲ-ਹਾ ॥੫॥

ਪੰਜਾਬੀ ਕਾਵਿ ਅਨੁਵਾਦ

੧. ਦਿਲ ਨੂੰ ਰੰਗਣ ਵਾਲੇ ਸਾਕ਼ੀ, ਭਰ ਦੇ ਇੱਕ ਪਿਆਲਾ।
ਤੇਰੀ ਮਿਹਰ-ਨਦਰ ਦਾ ਸਦਕਾ, ਕਰ ਲਾਂ ਪੰਧ ਸੁਖਾਲਾ, ਹੂ।

੨. ਪ੍ਰੇਮ-ਪੰਧ ਵਿੱਚ ਮਿਲਦੇ ਨੇ ਜਦ, ਖੇੜੇ ਸਾਨੂੰ ਸਾਰੇ।
ਬੰਨ੍ਹ ਕਚਾਵੇ ਕਿਧਰ ਨੂੰ ਜਾਈਏ ? ਘੜਿਆਲ ਫ਼ਜ਼ੂਲ ਪੁਕਾਰੇ, ਹੂ।

੩. ਕਾਇਮ ਦਾਇਮ, ਹਾਜ਼ਰ ਨਾਜ਼ਰ, ਵੇਖੀਂ ਰੱਬ ਨਜ਼ਾਰਾ।
ਰਾਹ ਉਸ ਦੇ ਨ ਘੁੰਮਣ-ਘੇਰੀ, ਨ ਫਿਰ ਨਦੀ ਕਿਨਾਰਾ, ਹੂ।

੪. ਜੰਗਲ ਬੇਲੇ ਕਿਉਂ ਪਿਆ ਭਟਕੇਂ, ਅਗਿਆਨੀ ਮਨ ਮੇਰੇ।
ਸੋਹਣਿਆਂ ਦੇ ਸੁਲਤਾਨ ਹੈ ਕੀਤਾ, ਵਾਸਾ ਨੈਣੀ ਤੇਰੇ, ਹੂ।

੫. ਜਿਧਰ ਵੇਖਾਂ, ਪ੍ਰੀਤਮ ਬਾਝੋਂ, ਹੋਰ ਨ ਕੋਈ ਦਿੱਸੇ।
ਵਸਦੀ ਰਸਦੀ ਦੁਨੀਆ ਛੱਡ ਕੇ, 'ਗੋਇਆ' ਕਿੱਥੇ ਨੱਸੇ, ਹੂ।

ਬ-ਦਿਹ ਸਾਕ਼ੀ ਮਰਾ ਯਕ[੧] ਜਾਮਿ ਜਾਂ, ਰੰਗੀਨੀਏ ਦਿਲ-ਹਾ।
ਬ-ਚਸ਼ਮਿ ਪਾਕ ਬੀਂ, ਆਸਾਂਅ ਕੁਨਮ, ਈਂ ਜੁਮਲਾ ਮੁਸ਼ਕਿਲ-ਹਾ ॥੧॥

ਸ਼ਬਦਾਰਥ : ਬ-ਦਿਹ—ਦੇਹ। ਸਾਕ਼ੀ—ਸ਼ਰਾਬ ਪਿਲਾਉਣ ਵਾਲਾ, (ਪ੍ਰੇਮ-ਪਿਆਲੇ ਬਖ਼ਸ਼ਣ ਵਾਲਾ)। ਮਰਾ—ਮੈਨੂੰ। ਜਾਮਿ ਜਾਂ—ਜੀਵਨ (ਪ੍ਰਦਾਨ ਕਰਨ ਵਾਲਾ) ਪਿਆਲਾ, ਮਾਰਫ਼ਤ ਦੀ ਸ਼ਰਾਬ ਦਾ, ਆਤਮ-ਗਿਆਨ ਦੀ ਮਸਤੀ ਦਾ ਪਿਆਲਾ। ਰੰਗੀਨੀਏ ਦਿਲ-ਹਾ—ਦਿਲਾਂ ਦੀ ਰੰਗਤ ਵਾਲੀ (ਦਿਲਹਾ—ਬਹੁ-ਵਚਨ ਦਿਲ ਦਾ)। ਬ-ਚਸ਼ਮਿ ਪਾਕ ਬੀਂ—ਤੂੰ ਪਵਿੱਤਰ ਵੇਖਣ ਵਾਲੀ ਅੱਖ ਨਾਲ। ਆਸਾਂਅ ਕੁਨਮ—ਮੈਂ ਸੌਖੀਆਂ ਕਰ ਲਵਾਂ। ਈਂ ਜੁਮਲਾ—ਇਹ ਸਾਰੀਆਂ। ਮੁਸ਼ਕਿਲ-ਹਾ—('ਮੁਸ਼ਕਲ' ਦਾ ਬਹੁ-ਵਚਨ) ਕਠਿਨਾਈਆਂ, ਔਕੜਾਂ।

ਅਰਥ : (ਐ) ਸਾਕੀ, ਦਿਲਾਂ ਨੂੰ ਰੰਗ ਦੇਣ ਵਾਲੀ ਨਾਮ ਦੀ ਸ਼ਰਾਬ (ਜੀਵਨ-ਮਸਤੀ) ਦਾ ਇੱਕ ਪਿਆਲਾ ਮੈਨੂੰ ਬਖ਼ਸ਼। ਪਵਿੱਤਰ ਅੱਖ ਨਾਲ ਵੇਖ (ਭਾਵ ਕਿਰਪਾ-ਦ੍ਰਿਸ਼ਟੀ ਨਾਲ ਤੱਕੋ) ਤਾਂ ਜੁ ਮੈਂ (ਪਰਮਾਰਥ ਦੇ ਰਾਹ ਵਿਚ ਆਉਣ ਵਾਲੀਆਂ) ਇਹ ਸਾਰੀਆਂ ਅਟਕਾਂ ਦੂਰ ਕਰ ਸਕਾਂ।

ਮਰਾ ਦਰ ਮੰਜ਼ਲਿ ਜਾਨਾਂ, ਹਮਾ ਐਸ਼ੋ ਹਮਾ ਸ਼ਾਦੀ।
ਜਰਸ ਬੇਹੂਦਾ ਮੇ-ਨਾਲਦ, ਕੁਜਾ ਬੰਦੇਮ ਮਹਮਿਲ-ਹਾ ॥੨॥

ਸ਼ਬਦਾਰਥ : ਮਰਾ—ਮੈਨੂੰ। ਦਰ—ਵਿਚ। ਮੰਜ਼ਲਿ ਜਾਨਾਂ—ਪਿਆਰੇ ਦਾ ਰਾਹ। ਹਮਾ—ਸਾਰੀਆਂ। ਐਸ਼—ਸ਼ਾਦੀ, ਅਨੰਦ, ਖੇੜਾ। ਜਰਸ—(ਫ਼ਾਰਸੀ ਵਿਚ) ਘੜਿਆਲ ਜਾਂ ਘੰਟਾ, (ਅਰਬੀ ਵਿਚ ਇਸ ਦੇ ਅਰਥ ਹਨ—ਨਰਮ ਅਵਾਜ਼)। ਬੇਹੂਦਾ—ਬੇਫ਼ਾਇਦਾ। ਮੇ-ਨਾਲਦ—ਰੋਂਦਾ ਹੈ, ਸ਼ੋਰ ਮਚਾਉਂਦਾ ਹੈ। ਕੁਜਾ—ਕਿਥੇ। ਬੰਦੇਮ—ਅਸੀਂ ਬੰਨ੍ਹੀਏ (ਕੂਚ ਕਰਨ ਲਈ)। ਮਹਮਿਲ-ਹਾ—ਊਠ ਦੇ 'ਕਚਾਵੇ' (ਮਹਮਿਲ) ਦਾ ਬਹੁ-ਵਚਨ।

ਅਰਥ : ਸਾਨੂੰ ਪਿਆਰੇ ਦੇ ਰਾਹ ਵਿੱਚ ਸਾਰੀਆਂ ਖ਼ੁਸ਼ੀਆਂ ਤੇ ਸਾਰੇ ਅਨੰਦ ਪ੍ਰਾਪਤ ਹਨ। (ਕਾਫ਼ਲੇ ਦਾ) ਘੜਿਆਲ ਬੇ-ਫ਼ਾਇਦਾ (ਅੱਗੇ ਕੂਚ ਕਰਨ ਲਈ) ਸ਼ੋਰ ਮਚਾ ਰਿਹਾ ਹੈ। (ਦੱਸੋ) ਅਸੀਂ ਕਿਥੇ ਨੂੰ ਕਚਾਵੇ ਬੰਨ੍ਹੀਏ (ਕੂਚ ਲਈ ਤੱਤਪਰ ਹੋਈਏ, ਭਾਵ ਭਟਕੀਏ, ਜਦ ਕਿ ਅਸੀਂ ਪ੍ਰੀਤਮ ਦੇ ਪਿਆਰ ਵਿਚ ਸਦੀਵੀ ਅਨੰਦ ਤੇ ਖੇੜੇ ਦੀ ਮੰਜ਼ਲ ਮਾਣ ਰਹੇ ਹਾਂ)।

ਖ਼ੁਦਾ ਹਾਜ਼ਰ ਬਵਦ ਦਾਇਮ, ਬਬੀਂ ਦੀਦਾਰਿ ਪਾਕਸ਼ ਰਾ।
ਨ ਗਿਰਦਾਬੇ ਦਰੋ ਹਾਇਲ, ਨ ਦਰਯਾਓ, ਨ ਸਾਹਿਲ-ਹਾ ॥੩॥

ਸ਼ਬਦਾਰਥ : ਦਾਇਮ—ਸਦਾ, ਹਮੇਸ਼ਾ। ਬਬੀਂ—ਤੂੰ ਵੇਖ। ਦੀਦਾਰਿ ਪਾਕਸ਼ ਰਾ—ਉਸ ਦੇ ਪਵਿੱਤਰ ਦੀਦਾਰ ਨੂੰ। ਪਾਕਸ਼—ਉਸ ਦਾ ਪਾਕ (ਸ਼—ਉਸ ਦਾ)। ਗਿਰਦਾਬ—ਘੁੰਮਣ-ਘੇਰੀ। ਦਰੋ ਹਾਇਲ—ਉਸ ਵਿਚ ਹਾਇਲ। ਹਾਇਲ—ਰੋਕਣ ਵਾਲਾ, ਰੋਕ, (ਦੋ ਵਸਤਾਂ ਦੇ ਵਿਚ

---

੧. ਕਈ ਸੱਜਣ ਇਥੇ 'ਮਰਾ ਯਕ ਜਾਮ ਜ਼ਾਂ ਰੰਗੀਨੀਏ ਦਿਲਹਾ' ਪਾਠ ਵੀ ਕਰਦੇ ਹਨ।

ਆ ਜਾਣ ਵਾਲਾ)। ਸਾਹਿਲ-ਹਾ—ਸਾਹਿਲ (ਕੰਢੇ) ਦਾ ਬਹੁ-ਵਚਨ।

ਅਰਥ : ਵਾਹਿਗੁਰੂ ਸਦਾ ਹਾਜ਼ਰ ਨਾਜ਼ਰ ਹੈ, ਉਸ ਦੇ ਪਵਿੱਤਰ ਦਰਸ਼ਨ ਵੇਖ। (ਫੇਰ) ਉਸ ਰਾਹ (ਪ੍ਰਭੂ-ਮਾਰਗ) ਵਿਚ ਨਾ ਕੋਈ ਘੁੰਮਣ-ਘੇਰੀ ਰਹੇਗੀ, ਤੇ ਨਾ ਕੋਈ ਨਦੀ ਤੇ ਨਾ ਕੰਢੇ (ਦਿਸਣਗੇ, ਰਹਿਣਗੇ—ਸਭ ਰੁਕਾਵਟਾਂ ਖ਼ਤਮ)।

ਚਿਰਾ ਬੇਹੂਦਾ ਮੇ ਗਰਦੀ, ਬ-ਸਹਰਾਓ ਬ-ਦਸ਼ਤ, ਐ ਦਿਲ।
ਚੂ ਆਂ ਸੁਲਤਾਨਿ ਖ਼ੂਬਾਂ, ਕਰਦਹ ਅੰਦਰ ਦੀਦਹ ਮੰਜ਼ਿਲ-ਹਾ ॥੪॥

ਸ਼ਬਦਾਰਥ : ਚਿਰਾ—ਕਿਉਂ ? ਬੇਹੂਦਾ—ਬੇਫ਼ਾਇਦਾ। ਮੇ ਗਰਦੀ—ਤੂੰ ਭੌਂ ਜਾਂ ਭਟਕ ਰਿਹਾ ਹੈਂ। ਬ-ਸਹਰਾ—ਵੀਰਾਨੇ ਵਿੱਚ, ਉਜਾੜ ਵਿੱਚ। ਓ—ਅਤੇ। ਬ-ਦਸ਼ਤ—ਜੰਗਲ ਵਿਚ। ਚੂ—ਜਦ ਕਿ। ਸੁਲਤਾਨਿ ਖ਼ੂਬਾਂ—ਸੁਹਣਿਆਂ ਦਾ ਸੁਲਤਾਨ। ਦੀਦਹ—ਨੈਨ। ਮੰਜ਼ਿਲ ਹਾ—ਠਿਕਾਣੇ, ਡੇਰੇ।

ਅਰਥ : ਐ ਦਿਲ ! ਤੂੰ ਬੇਫ਼ਾਇਦਾ ਉਜਾੜਾਂ ਤੇ ਜੰਗਲਾਂ ਵਿੱਚ ਕਿਉਂ ਭਟਕ ਰਿਹਾ ਹੈਂ, ਜਦ ਕਿ ਸੁਹਣਿਆਂ ਦੇ ਸੁਲਤਾਨ (ਕਲਗੀਆਂ ਵਾਲੇ ਪਾਤਿਸ਼ਾਹ ਵਾਹਿਗੁਰੂ) ਨੇ ਤੇਰਿਆਂ ਨੈਣਾਂ ਵਿਚ ਵਾਸਾ (ਠਿਕਾਣਾ) ਕੀਤਾ ਹੋਇਆ ਹੈ।

ਚੂੰ ਗ਼ੈਰ ਅਜ਼ ਜ਼ਾਤਿ ਪਾਕਸ਼ ਨੇਸ੍ਰ, ਦਰ ਹਰ ਜਾ ਕਿ: ਮੇ ਬੀਨਮ।
ਬਗੋ 'ਗੋਇਆ', ਕੁਜਾ ਬਿਗੁਜ਼ਾਰਮ, ਈਂ ਦੁਨੀਆ ਓ ਐਹਲਿਲ-ਹਾ ॥੫॥

ਸ਼ਬਦਾਰਥ : ਗ਼ੈਰ—ਦੂਜਾ, ਬਿਗਾਨਾ। ਦਰ ਹਰ ਜਾ—ਹਰੇਕ ਥਾਂ ਵਿਚ। ਮੇ ਬੀਨਮ—ਮੈਂ ਵੇਖਦਾ ਹਾਂ। ਬਗੋ—ਤੂੰ ਦੱਸ। ਬਿਗੁਜ਼ਾਰਮ—ਮੈਂ ਤਿਆਗ ਦਿਆਂ। ਐਹਲਿਲ-ਹਾ—ਰਹਿਣ ਵਾਲੇ, ਵਸਣ ਵਾਲੇ ਲੋਕ।

ਅਰਥ : ਜਦੋਂ ਉਸ (ਪ੍ਰਭੂ) ਦੀ ਪਵਿੱਤਰ ਹਸਤੀ ਤੋਂ ਬਿਨਾਂ, ਜਿਸ ਥਾਂ ਵੀ ਮੈਂ ਵੇਖਦਾ ਹਾਂ, ਹੋਰ ਕੁਝ ਭੀ ਨਹੀਂ, (ਤਾਂ) ਗੋਇਆ, ਤੂੰ (ਆਪ ਹੀ) ਦੱਸ ਕਿ ਮੈਂ ਇਹ ਦੁਨੀਆ ਤੇ ਦੁਨੀਆ ਵਾਲੇ ਲੋਕਾਂ ਨੂੰ ਛੱਡ ਕੇ ਕਿੱਥੇ ਚਲਾ ਜਾਵਾਂ।

ਵਿਆਖਿਆ

ਸੰਸਾਰ ਵਿਚ ਭਿੰਨ ਭਿੰਨ ਵਿਚਾਰ ਰੱਖਣ ਵਾਲੇ ਅਨੇਕ ਮੱਤ-ਮਤਾਂਤ੍ਰ ਹਨ, ਪਰੰਤੂ, ਜੀਵਨ ਬਤੀਤ ਕਰਨ ਦੇ ਵਿਸ਼ੇਸ਼ ਕਰਕੇ ਦੋ ਹੀ ਮਾਰਗ ਹਨ—ਇਕ ਪ੍ਰਵਿਰਤੀ ਤੇ ਦੂਜਾ ਨਵਿਰਤੀ। ਗੁਰਮਤਿ, ਪ੍ਰਵਿਰਤੀ ਮਾਰਗ ਦਾ ਹਾਮੀ ਹੈ।

ਭਾਈ ਸਾਹਿਬ ਏਥੇ ਗੁਰਮਤਿ ਦੀ ਵਿਸ਼ੇਸ਼ਤਾ ਦਸਦੇ ਹੋਏ ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦੇ ਹਨ ਜੋ ਕੇਵਲ ਨਵਿਰਤੀ ਮਾਰਗ (ਤਿਆਗ) ਨੂੰ ਹੀ ਕਲਿਆਨ ਦਾ ਸਾਧਨ ਸਮਝਦੇ ਹਨ। ਇਨ੍ਹਾਂ ਵਿਚੋਂ ਜਿਹੜੇ ਸਿੱਧੀ ਛਾਲ ਮਾਰ ਕੇ ਸੰਨਿਆਸ ਧਾਰਨ ਨਹੀਂ ਕਰ ਸਕਦੇ ਅਤੇ ਕੁਝ ਸਮੇਂ ਵਾਸਤੇ ਨਰੀਨਾ ਔਲਾਦ (ਲੜਕੇ) ਲਈ ਗ੍ਰਿਹਸਤੀ ਜੀਵਨ ਅਪਣਾਉਂਦੇ ਵੀ ਹਨ, ਉਹ ਵੀ ਇਸ ਨੂੰ ਚਹੁੰਆਂ ਆਸ਼ਰਮਾਂ ਵਿਚੋਂ ਇਕ ਆਸ਼ਰਮ ਹੀ ਮਿਥਦੇ ਹਨ, ਧਰਮ

ਨਹੀਂ; ਅਤੇ ਆਖ਼ਰ ਮੋਖ਼ਸ਼, ਇਸ ਨੂੰ ਤਿਆਗਣ ਅਤੇ ਸੰਨਿਆਸੀ ਹੋਣ ਵਿਚ ਹੀ ਮੰਨਦੇ ਹਨ। ਸੋ, ਉਨ੍ਹਾਂ ਲਈ ਗ੍ਰਿਹਸਤ ਇੱਕ ਮਜਬੂਰੀ ਹੈ, ਨਿਸ਼ਾਨਾ ਨਹੀਂ। ਕਤੇਬੀ ਮੱਤਾਂ ਵਾਲੇ (ਅਹਿਲਿ ਕਿਤਾਬ) ਯਹੂਦੀ, ਈਸਾਈ ਤੇ ਮੁਸਲਮਾਨ ਲੋਕ ਵੀ ਪ੍ਰਵਿਰਤੀ ਮਾਰਗ ਨੂੰ ਧਾਰਨਾ ਇਕ ਧਰਮ ਨਹੀਂ; ਸਗੋਂ, ਇਕ ਸਮਾਜਕ ਸੌਦਾਬਾਜ਼ੀ ਜਾਂ ਐਸ਼ ਇਸ਼ਰਤ ਦੇ ਸਾਧਨ ਤਕ ਹੀ ਸੀਮਤ ਰਖਦੇ ਹਨ।

ਗੁਰਮਤਿ ਅਜਿਹੇ ਤਿਆਗ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦੀ ਹੈ। ਨੌਂਵੇਂ ਸਤਿਗੁਰਾਂ ਦਾ ਇਹ ਸ਼ਬਦ ਕਿਤਨੀ ਸਰਲਤਾ ਤੇ ਸਪੱਸ਼ਟਤਾ ਨਾਲ, ਪ੍ਰਭੂ ਦੀ ਲੱਖਤਾ ਲਈ ਜੰਗਲਾਂ ਨੂੰ ਜਾਣ ਦੀ ਨਿਖੇਧੀ ਦਾ ਨਕਸ਼ਾ ਬੰਨ੍ਹਦਾ ਹੈ

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ॥੧॥ਰਹਾਉ॥

ਪੁਹਪ (ਫੁਲ) **ਮਧਿ ਜਿਉ ਬਾਸੁ ਬਸਤੁ ਹੈ, ਮੁਕਰ** (ਸ਼ੀਸ਼ਾ, ਲਕੜੀ) **ਮਾਹਿ ਜੈਸੇ ਛਾਈ॥**
ਤੈਸੇ ਹੀ ਹਰਿ ਬਸੇ ਨਿਰੰਤਰਿ, ਘਟ ਹੀ ਖੋਜਹੁ ਭਾਈ॥੧॥

ਬਾਹਰਿ ਭੀਤਰਿ ਏਕੋ ਜਾਨਹੁ, ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ॥੨॥੧॥

(ਧਨਾਸਰੀ ਮ: ੯, ਪੰਨਾ ੬੮੪)

ਤਥਾ: **ਰੇ ਮਨ ! ਐਸੋ ਕਰਿ ਸੰਨਿਆਸਾ॥**
ਬਨ ਸੇ ਸਦਨ ਸਬੈ ਕਰਿ ਸਮਝਹੁ, ਮਨ ਹੀ ਮਾਹਿ ਉਦਾਸਾ॥ *(ਪਾ: ੧੦)*

ਪ੍ਰਭੂ ਹਰ ਥਾਂ ਵਿਆਪਕ ਹੈ। ਸੋ

ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ *(ਮਾਝ ਮ: ੫, ਪੰਨਾ ੧੦੨)*

ਵਾਲੇ ਔਝੜ ਰਾਹੇ ਸਿਖ ਨੇ ਨਹੀਂ ਪੈਣਾ। ਭਾਈ ਸਾਹਿਬ ਦੇ ਕਥਨ ਅਨੁਸਾਰ ਉਹ ਸੁਹਣਿਆਂ ਦਾ ਸੁਲਤਾਨ ਤੇਰੇ ਨੈਣਾਂ ਵਿਚ ਡੇਰਾ ਜਮਾਈ ਬੈਠਾ ਹੈ, ਫੇਰ ਤੂੰ ਉਸ ਦੀ ਭਾਲ ਵਿਚ ਅਕਾਰਥ ਜੰਗਲਾਂ ਬ੍ਹੀਆਬਾਨਾਂ ਵਿਚ ਕਿਉਂ ਭਟਕਦਾ ਫਿਰਦਾ ਹੈਂ ? ਜਿਸ ਨੇ ਉਸ ਦੇ ਪਾਕ ਦੀਦਾਰ ਦੀ ਝਾਤੀ ਅੰਦਰ ਪਾ ਲਈ, ਉਸ ਲਈ ਇਸ ਜੀਵਨ-ਪੰਧ ਦੀ ਨਦੀ ਦੀਆਂ ਘੁੰਮਣ-ਘੇਰੀਆਂ ਖ਼ਤਮ ਹੋ ਗਈਆਂ। ਉਸ ਨੂੰ ਮਿੱਤਰ ਦੇ ਰਾਹ ਵਿਚ ਸਦਾ ਖੇੜਾ ਤੇ ਖ਼ੁਸ਼ੀਆਂ ਹੀ ਹਨ। ਉਹ ਜੰਗਲਾਂ ਬੇਲਿਆਂ ਵਲ ਦੌੜਨੋਂ ਰਿਹਾ। ਉਸ ਨੇ ਗੁਰ-ਸ਼ਬਦ ਦੇ ਗਿਆਨ ਦਾ ਪਿਆਲਾ ਪੀਤਾ ਹੈ। ਉਹ ਹੁਣ ਅਗਿਆਨਤਾ ਦੀ ਘੁਪ ਅੰਨ੍ਹੇਰੀ ਖੱਡ ਵਿਚ ਵਿਕਾਰਾਂ ਦੀਆਂ ਠੋਕਰਾਂ ਨਹੀਂ ਖਾਂਦਾ। ਉਹ

ਬਾਹਰਿ ਢੂਢਨ ਤੇ ਛੂਟਿ ਪਰੇ, ਗੁਰਿ ਘਰ ਹੀ ਮਾਹਿ ਦਿਖਾਇਆ ਥਾ॥
(ਮਾਰੂ ਮ: ੫, ਪੰਨਾ ੧੦੦੨)

ਵਾਲੀ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ। ਉਹਦਾ ਨਿਸਚਾ ਬਣ ਜਾਂਦਾ ਹੈ ਕਿ

ਊਹਾਂ ਤਉ ਜਾਈਐ, ਜਉ ਈਹਾਂ ਨ ਹੋਇ॥ *(ਰਾਮਾਨੰਦ ਬਸੰਤੁ, ਪੰਨਾ ੧੧੯੫)*

ਉਸ ਨੂੰ ਇਹ ਵਿਸ਼ਵ ਸੰਸਾਰ ਹਰੀ ਦਾ ਰੂਪ ਦਿਸ ਆਉਂਦਾ ਹੈ। ਇਸ ਲਈ, **ਇਸ ਦਾ ਤਿਆਗ ਉਹ ਉਸ ਹਰੀ ਦਾ ਤਿਆਗ ਸਮਝਦਾ** ਹੈ, ਜਿਸ ਦੀ ਭਾਲ ਵਿਚ ਸੰਨਿਆਸੀ ਜੰਗਲਾਂ ਦੀ ਖ਼ਾਕ ਛਾਣਦਾ ਤੇ ਮਨ-ਰੂਪੀ ਸੱਪ ਨੂੰ ਮਾਰਨ ਦੀ ਥਾਂ ਸਰੀਰ-ਰੂਪੀ ਵਰਮੀ ਨੂੰ ਮਾਰਨਾ ਹੀ ਧਰਮ ਸਮਝ ਬੈਠਦਾ ਹੈ। ਉਸ ਦੇ 'ਤਿਆਗ' ਦਾ ਇਹ ਸਾਰਾ ਅਡੰਬਰ ਥੋਥਾ ਤੇ ਇਕ ਛੱਲ ਹੈ, ਭਰਮ ਹੈ, ਭੁਲੇਖਾ ਹੈ।

ਭਾਈ ਸਾਹਿਬ ਦੀ ਇਸ ਗ਼ਜ਼ਲ ਦੀ ਪ੍ਰੋੜ੍ਹਤਾ ਤੇ ਸਪੱਸ਼ਟਤਾ ਲਈ ਡਾਕਟਰ ਇਕਬਾਲ ਦੇ ਇਹ ਸ਼ੇਅਰ ਵੀ ਪਾਠਕਾਂ ਦੀ ਦਿਲਚਸਪੀ ਦਾ ਕਾਰਨ ਹੋਣਗੇ

ਸ਼ਮਾਂਅ ਮਹਿਫ਼ਲ ਮੇਂ, ਚਮਨ ਮੇਂ ਗੁਲ, ਫ਼ਲਕ ਪਰ [1]ਮੇਹਰੋ ਮਾਹ।
ਦੇਖਨੇ ਵਾਲਾ ਜੋ ਹੋ, ਹਰ ਜਾ ਤੇਰੀ ਤਸਵੀਰ ਹੈ।
ਤਥਾ
ਤੂੰ ਢੂੰਡਤਾ ਹੈ ਜਿਸ ਕੋ, ਤਾਰੋਂ ਕੀ ਖਾਮਸ਼ੀ ਮੇਂ।
ਪੋਸ਼ੀਦਹ ਹੈ ਵੁਹ ਸ਼ਾਇਦ, ਗ਼ੋਗ਼ਾ-ਏ[2] ਜ਼ਿੰਦਗੀ ਮੇਂ।
ਅਸਤਾਦਹ[3] ਸਰਵ[4] ਮੇਂ ਹੈ, ਸਬਜ਼ਾ ਮੇਂ ਸੋ ਰਿਹਾ ਹੈ।
ਬੁਲ-ਬੁਲ ਮੇਂ ਨਗ਼ਮਾ-ਜ਼ਨ[5] ਹੈ, ਖ਼ਾਮੋਸ਼ ਹੈ ਕਲੀ ਮੇਂ।
ਆ ਮੈਂ ਤੁਝੇ ਦਿਖਾਊਂ, ਰੁਖ਼ਸਾਰਿ ਰੌਸ਼ਨ ਉਸ ਕਾ।
ਨਹਿਰੋਂ ਕੇ ਆਈਨਾ ਮੇਂ, ਸ਼ਬਨਮ[6] ਕੀ ਆਰਸੀ[7] ਮੇਂ।
ਦਰਿਆਓ ਦਸ਼ਤੋ[8] ਦਰ ਮੇਂ, ਕੁਹਸਾਰ[9] ਮੇਂ ਵੁਹੀ ਹੈ।
ਇਨਸਾਂ ਕੇ ਰੁਖ਼ ਮੇਂ, ਤੇਰੇ ਰੁਖ਼ਸਾਰ ਮੇਂ ਵੁਹੀ ਹੈ।

—o—

ਊਸੁ, ਅਜ਼ ਹਰ ਮੂਏ ਤੋ, ਚੂੰ ਆਸ਼ਕਾਰ।
ਤੂ ਕੁਜਾ ਬੈਰੂੰ ਰਵੀ, ਬਹਰੇ ਸ਼ਿਕਾਰ ॥੪੦੩॥

(ਜ਼ਿੰਦਗੀਨਾਮਾ, ਭਾਈ ਨੰਦ ਲਾਲ ਜੀ

ਉਹ (ਪ੍ਰਭੂ) ਤਾਂ ਤੇਰੇ ਰੋਮ ਰੋਮ ਵਿਚ ਪ੍ਰਕਾਸ਼ਮਾਨ ਹੈ, ਉਹਦੇ ਫੜਨ (ਪਾਉਣ) ਲਈ ਤੂੰ ਬਾਹਰ ਕਿਧਰ ਜਾਂਦਾ ਹੈਂ ?

---

੧. ਸੂਰਜ ਤੇ ਚੰਦ। ੨. ਸ਼ੋਰ, ਰੌਲਾ-ਗੌਲਾ। ੩. ਖਲੋਤਾ ਹੋਇਆ। ੪. ਸਰੂ।
੫. ਬੋਲ ਰਿਹਾ ਹੈ। ੬. ਤ੍ਰੇਲ। ੭. ਸ਼ੀਸ਼ਾ। ੮. ਜੰਗਲ, ਬੀਆਬਾਨ। ੯. ਪਹਾੜੀ ਥਾਂ।

.ਗਜ਼ਲ ਨੰਬਰ ੪

ਬਯਾ ਐ ਸਾਕ਼ੀਏ ਰੰਗੀਨ, ਜ਼ਿ ਮੈ ਪੁਰ ਕੁਨ ਅੱਯਾ.ਗ ਈਂ ਜਾ।
ਨਸ਼ਾ-ਇ ਲਾਲਿ ਮੈ ਗੂਨਤ ਜ਼ਿ ਹੱਕ਼ ਬਖ਼ਸ਼ਦ ਸੁਰਾ.ਗ ਈਂ ਜਾ ॥੧॥

ਅਨਲਹੱਕ਼ ਅਜ਼ ਲਬਿ ਮਨਸੂਰ, ਗਰਚੂੰ ਸ਼ੀਸ਼ਾ ਕੁਲਕੁਲ ਕਰਦ।
ਕਿ: ਆਰਦ ਤਾਬਿ ਈਂ ਸਹਬਾ, ਕੁਜਾ ਜਾਮਿ ਦਿਮਾ.ਗ ਈਂ ਜਾ ॥੨॥

ਜਹਾਂ ਤਾਰੀਕ ਸ਼ੁਦ, ਜਾਨਾਂ, ਬਰ ਅਫ਼ਰੋਜ਼ ਈਂ ਕੱਦਿ ਰਾਅਨਾ।
ਨੁਮਾ ਰੁਖ਼ਸਾਰਾ-ਇ ਤਾਬਾਂ, ਕਿ: ਮੇ-ਬਾਯਦ ਚਰਾ.ਗ ਈਂ ਜਾ ॥੩॥

ਬਾ-ਈਂ ਯਕਦਮ ਕਿ: ਯਾਦ ਆਈ, ਤਵਾਂ ਉਮਰੇ ਬਸਰ ਬੁਰਦਨ।
ਅਗਰ ਯਕਦਮ ਕਸੇ ਯਾਬਦ, ਬਸ਼ੌਂਕਿ ਹੱਕ਼ ਫ਼ਰਾ.ਗ ਈਂ ਜਾ ॥੪॥

ਦੋ ਚਸ਼ਮਿ ਮਨ, ਕਿ: ਦਰਯਾਏ ਅਜ਼ੀਮੁੱਸ਼ਾਨ ਬਵਦ 'ਗੋਇਆ'।
ਜ਼ਿ ਹਰ ਅਸ਼ਕਮ, ਬਵਦ ਸ਼ਾਦਾਬੀਏ ਸਦ ਬਾ.ਗ ਬਾ.ਗ ਈਂ ਜਾ ॥੫॥

ਪੰਜਾਬੀ ਕਾਵਿ ਅਨੁਵਾਦ

੧. ਐ ਮੇਰੇ ਅਲਬੇਲੇ ਸਾਕ਼ੀ, ਭਰ ਦੇ ਨਾਮ-ਪਿਆਲਾ।
ਲਾਲ ਨਸ਼ੇ ਦੇ ਨਾਲ ਮੈਂ ਕਰ ਲਾਂ, ਜੀਵਨ-ਪੰਧ ਸੁਖਾਲਾ, ਹੂ।

੨. ਬਾਂਗ ਸੁਰਾਹੀ ਵਾਂਙ ਅਨਲਹੱਕ, ਮੁਖ-ਮਨਸੂਰ ਸੁਹਾਇਆ।
ਝੱਲੇ ਝਾਲ ਜੋ ਇਸ ਮਸਤੀ ਦੀ, ਲਾਲ ਨ ਮਾਈ ਜਾਇਆ, ਹੂ।

੩. ਛਾਇਆ ਜੱਗ ਤੇ ਧੁੰਧੂਕਾਰਾ, ਸੁੰਦਰ ਤਨ ਲਿਸ਼ਕਾ ਦੇ।
ਰੌਸ਼ਨ ਮੁੱਖ ਦਮਕਾ ਕੇ ਦਾਤਾ, ਦੀਪਕ ਆਨ ਜਗਾ ਦੇ, ਹੂ।

੪. ਇਕ ਪਲ ਆਵੇਂ ਯਾਦ ਤੂੰ ਜੇਕਰ, ਉਮਰਾ ਭਲੀ ਵਿਹਾਵੇ।
ਪਲ ਭਰ ਸ਼ੌਕ ਪ੍ਰਭੂ ਦੇ ਅੰਦਰ, ਸਦ ਖ਼ੁਸ਼ੀਆਂ ਉਹ ਪਾਵੇ, ਹੂ।

੫. ਦੋਵੇਂ ਨੈਣ 'ਗੋਇਆ' ਦੇ ਜਾਣੋ, ਦਰਿਆ ਬਣੇ ਲਾਸਾਨੀ।
ਇੱਕ ਇੱਕ ਹੰਝੂ ਨਾਲ ਉਹ ਦੇਂਦਾ, ਸੈ ਬਾ.ਗਾਂ ਨੂੰ ਪਾਣੀ, ਹੂ।

ਬਯਾ ਐ ਸਾਕ਼ੀਏ ਰੰਗੀਨ, ਜ਼ਿ ਮੈ ਪੁਰ ਕੁਨ ਅੱਯਾ.ਗ ਈਂ ਜਾ।
ਨਸ਼ਾ-ਇ ਲਾਲਿ ਮੈ ਗੂਨਤ, ਜ਼ਿ ਹੱਕ਼ ਬਖ਼ਸ਼ਦ ਸੁਰਾ.ਗ ਈਂ ਜਾ॥੧॥

ਸ਼ਬਦਾਰਥ ਬਯਾ—ਆ। ਸਾਕ਼ੀਏ ਰੰਗੀਨ—ਅਲਬੇਲੇ (ਰੰਗੀਲੇ) ਨਾਮ-ਸ਼ਰਾਬ ਪਿਲਾਉਣ ਵਾਲੇ ਅਲਬੇਲੇ ਸਾਕ਼ੀ। ਜ਼ਿ—ਨਾਲ। ਪੁਰ ਕੁਨ—ਭਰ ਦੇ। ਅੱਯਾ.ਗ—ਜਾਮ, ਪਿਆਲਾ। ਈਂ ਜਾ—ਇਸ ਥਾਂ, ਏਥੇ। ਮੈ—ਸ਼ਰਾਬ। ਲਾਲ ਗੂੰ—ਲਾਲ ਰੰਗ ਦੀ। ਤ—ਤੇਰੀ। ਨਸ਼ਾ—ਸਰੂਰ, ਮਸਤੀ, ਖ਼ੁਮਾਰੀ। ਹੱਕ—ਵਾਹਿਗੁਰੂ। ਬਖ਼ਸ਼ਦ—ਬਖ਼ਸ਼ਦੀ ਹੈ, ਖੋਲ੍ਹਦੀ ਹੈ। ਸੁਰਾ.ਗ—ਭੇਦ।

ਅਰਥ : ਹੇ ਅਲਬੇਲੇ ਸਾਕ਼ੀ ! ਆ (ਤੇ) ਏਥੇ (ਸਾਨੂੰ ਨਾਮ ਖ਼ੁਮਾਰੀ ਦੀ) ਸ਼ਰਾਬ ਦਾ ਇਕ ਜਾਮ ਭਰ ਦੇ, (ਕਿਉਂਕਿ) ਤੇਰੀ ਲਾਲ ਰੰਗ ਦੀ ਸ਼ਰਾਬ ਦਾ ਸਰੂਰ ਏਥੇ (ਸਾਡੇ ਉਤੇ) ਵਾਹਿਗੁਰੂ ਦੇ ਭੇਦ ਖੋਲ੍ਹਦਾ ਹੈ।

ਅਨਲਹੱਕ਼ ਅਜ਼ ਲਬਿ ਮਨਸੂਰ, ਗਰਚੂੰ ਸ਼ੀਸ਼ਾ ਕੁਲਕੁਲ ਕਰਦ।
ਕਿ: ਆਰਦ ਤਾਬਿ ਈਂ ਸਹਬਾ, ਕੁਜਾ ਜਾਮਿ ਦਿਮਾ.ਗ ਈਂ ਜਾ॥੨॥

ਸ਼ਬਦਾਰਥ : ਅਨਲਹੱਕ਼—(ਐਨਾਅਲਹਕ) ਮੈਂ ਖ਼ੁਦਾ ਹਾਂ, ਅਹੰ ਬ੍ਰਹਮ ਅਸਮੀ। ਮਨਸੂਰ—ਦੇਸ ਇਰਾਕ ਦੇ ਇਕ ਵਲੀ ਕਾਮਲ ਦਾ ਨਾਮ, ਜਿਸ ਨੂੰ ਮਨਸੂਰ ਹੱਲਾਜ ਵੀ ਆਖਦੇ ਹਨ। ਅਸਲ ਵਿਚ ਇਨ੍ਹਾਂ ਦਾ ਨਾਉਂ ਹੁਸੈਨ ਸੀ ਤੇ ਪਿਤਾ ਦਾ ਨਾਮ ਮਨਸੂਰ, ਪਰੰਤੂ, ਇਹ ਪਿਤਾ ਦੇ ਨਾਮ ਨਾਲ ਪਰਸਿੱਧ ਹੋ ਗਏ। 'ਹੱਲਾਜ' ਦੇ ਅਰਥ ਹਨ—ਰੂੰ ਪਿੰਜਣ ਵਾਲਾ। ਮਨਸੂਰ ਇਕ ਦਿਨ ਆਪਣੇ ਹੱਲਾਜ ਮਿੱਤਰ ਦੇ ਪਾਸ ਬੈਠੇ ਸਨ। ਉਹ ਕਿਤੇ ਕੰਮ ਚਲਾ ਗਿਆ ਤਾਂ ਮਨਸੂਰ ਦੇ ਇਸ਼ਾਰੇ ਨਾਲ ਹੀ ਰੂੰ ਪਿੰਜੀ ਜਾਣ ਲੱਗੀ। ਇਸ ਤੋਂ ਹੱਲਾਜ ਨਾਮ ਪੈ ਗਿਆ। ਇਨ੍ਹਾਂ ਨੂੰ ੩੦੯ ਹਿਜਰੀ ਵਿਚ 'ਅਨਲਹੱਕ' ਕਹਿਣ ਦੇ ਕਾਰਨ ਸ਼ਰੱਈ ਮੁਸਲਮਾਨਾਂ ਨੇ ਸੂਲੀ ਚੜ੍ਹਾ ਤੇ ਜਲਾ ਦਿੱਤਾ ਸੀ। ਅਜ਼—ਤੋਂ। ਲਬਿ ਮਨਸੂਰ—ਮਨਸੂਰ ਦੇ ਮੂੰਹੋਂ, ਬੁਲੋਂ। ਗਰਚੂੰ—ਵਾਂਗੂੰ। ਸ਼ੀਸ਼ਾ—ਬੋਤਲ। ਕੁਲਕੁਲ—ਬੋਤਲ ਵਿਚੋਂ ਸ਼ਰਾਬ ਉਲੱਦਣ ਨਾਲ ਜੋ ਅਵਾਜ਼ ਪੈਦਾ ਹੁੰਦੀ ਹੈ। ਕਰਦ—ਕੀਤਾ। ਕਿ—ਜਿਹੜਾ। ਤਾਬ—ਝਾਲ। ਆਰਦ—ਲਿਆਉਂਦੀ, ਭਾਵ, ਝਲਦੀ ਹੈ। ਸਹਬਾ—(ਨਾਮ ਦੀ) ਸ਼ਰਾਬ। ਕੁਜਾ—ਕਿੱਥੇ (ਹੈ)। ਜਾਮਿ ਦਿਮਾ.ਗ—ਦਿਮਾਗ ਦਾ ਪਿਆਲਾ।

ਅਰਥ : ਮਨਸੂਰ ਦੇ ਬੁਲ੍ਹਾਂ ਤੋਂ ਅਨਲਹੱਕ਼ (ਦਾ ਨਾਅਰਾ ਇਸ ਤਰ੍ਹਾਂ ਨਿਕਲਿਆ) ਜਿਸ ਤਰ੍ਹਾਂ ਬੋਤਲ ਵਿਚੋਂ ਸ਼ਰਾਬ ਕੁਲਕੁਲ ਦੀ ਅਵਾਜ਼ ਪੈਦਾ ਕਰਦੀ ਹੋਈ (ਨਿਕਲਦੀ ਹੈ)। ਏਥੇ ਕਿਹੜਾ ਦਿਮਾ.ਗ-ਰੂਪੀ ਪਿਆਲਾ ਹੈ ਜੋ ਇਸ ਸ਼ਰਾਬ ਦੀ ਝਾਲ ਝੱਲ ਸਕੇ (ਭਾਵ, ਨਾਮ ਦੇ ਸਿਮਰਨ ਦੀ ਖ਼ੁਮਾਰੀ ਤੇ ਮਸਤੀ ਅਜਿਹੀ ਹੈ ਜਿਸ ਦੀ ਤਾਬ ਹਰੇਕ ਦਿਲ ਦਿਮਾ.ਗ ਨਹੀਂ ਲਿਆ ਸਕਦਾ, ਰਿੱਧੀਆਂ ਸਿੱਧੀਆਂ ਤੇ ਹਉਮੈ-ਭਰਪੂਰ ਚਮਤਕਾਰਾਂ ਵਿੱਚ ਭਟਕ ਜਾਂਦਾ ਹੈ)।

ਜਹਾਂ ਤਾਰੀਕ ਸ਼ੁਦ, ਜਾਨਾਂ, ਬਰ ਅਫ਼ਰੋਜ਼ ਈਂ ਕੱਦਿ ਰਾਅਨਾ।
ਹਮਾ ਰੁਖ਼ਸਾਰਾ-ਇ ਤਾਬਾਂ, ਕਿ: ਮੇ-ਬਾਯਦ ਚਰਾ.ਗ ਈਂ ਜਾ॥੩॥

ਸ਼ਬਦਾਰਥ : ਜਹਾਂ--ਜਗਤ। ਤਾਰੀਕ ਸ਼ੁਦ—ਅੰਨ੍ਹੇਰਾ ਹੋ ਗਿਆ। ਜਾਨਾਂ—ਮਿੱਤਰ, ਪਿਆਰਾ। ਬਰ ਅਫ਼ਰੋਜ਼—ਚਮਕਾਅ, ਪ੍ਰਕਾਸ਼ ਕਰ। ਈਂ—ਇਹ। ਰਾਅਨਾ—ਸੋਹਣਾ। ਨੁਮਾ—ਵਿਖਾ। ਰੁਖ਼ਸਾਰ—ਗੱਲ੍ਹਾਂ (ਚਿਹਰਾ)। ਤਾਬਾਂ—ਚਮਕੀਲੀਆਂ। ਮੇ ਬਾਯਦ—ਚਾਹੀਦਾ ਹੈ।

ਅਰਥ : ਜਗਤ ਵਿਚ ਅੰਧੇਰਾ ਹੋ ਗਿਆ ਹੈ। (ਸੋ ਹੇ) ਪਿਆਰੇ, (ਆਪਣਾ) ਇਹ ਸੋਹਣਾ ਸਰੀਰ ਚਮਕਾਅ (ਭਾਵ ਇਸ ਨਾਲ ਪ੍ਰਕਾਸ਼ ਕਰ)। ਆਪਣੀਆਂ ਚਮਕੀਲੀਆਂ ਗੱਲ੍ਹਾਂ, ਭਾਵ ਸੁੰਦਰ ਮੁਖੜਾ ਵਿਖਾ, ਕਿਉਂਕਿ ਇਥੇ ਪ੍ਰਕਾਸ਼ ਦੀ ਲੋੜ ਹੈ।

ਬਾ-ਈਂ ਯਕਦਮ ਕਿ: ਯਾਦ ਆਈ, ਤਵਾਂ ਉਮਰੇ ਬਸਰ ਬੁਰਦਨ।
ਅਗਰ ਯਕਦਮ ਕਸੇ ਯਾਬਦ, ਬਸ਼ੌਕਿ ਹੱਕ਼ ਫ਼ਰਾਗ਼ ਈਂ ਜਾ॥੪॥

ਸ਼ਬਦਾਰਥ : ਬਾ ਈਂ—ਇਸ ਵਿਚ, ਇਸ ਨਾਲ। ਆਈ—ਤੂੰ ਆਵੇਂ। ਤਵਾਂ ਉਮਰੇ ਬਸਰ ਬੁਰਦਨ—ਇਕ ਉਮਰ ਬੀਤ ਸਕਦੀ ਹੈ। ਕਸੇ—ਕੋਈ। ਯਾਬਦ—ਪ੍ਰਾਪਤ ਕਰੇ, ਪਾਵੇ। ਬਸ਼ੌਕਿ ਹੱਕ਼—ਪ੍ਰਭੂ ਦੇ ਪਿਆਰ ਦਾ। ਫ਼ਰਾਗ਼—ਖ਼ੁਸ਼ੀ।

ਅਰਥ : ਇਸ ਇੱਕ ਸਵਾਸ ਵਿਚ, ਜਦ ਕਿ ਤੂੰ ਚੇਤੇ ਆਵੇਂ, ਸਾਰੀ ਉਮਰ ਬਿਤਾਈ ਜਾ ਸਕਦੀ ਹੈ। ਜੇ ਕਿਸੇ ਨੂੰ ਵਾਹਿਗੁਰੂ ਦੇ ਸ਼ੌਕ ਦਾ ਇਕ ਸਵਾਸ ਵੀ ਪ੍ਰਾਪਤ ਹੋ ਜਾਵੇ (ਤਾਂ ਉਸ ਲਈ) ਇਥੇ ਹੀ ਸਭ ਖ਼ੁਸ਼ੀਆਂ ਤੇ ਖੇੜੇ ਹਨ।

ਦੋ ਚਸ਼ਮਿ ਮਨ, ਕਿ: ਦਰਯਾਏ ਅਜ਼ੀਮੁੱਸ਼ਾਨ ਬਵਦ 'ਗੋਇਆ'।
ਜ਼ਿ ਹਰ ਅਸ਼ਕਮ, ਬਵਦ ਸ਼ਾਦਾਬੀਏ ਸਦ ਬਾਗ਼ ਬਾਗ਼ ਈਂ ਜਾ॥੫॥

ਸ਼ਬਦਾਰਥ : ਚਸ਼ਮਿ ਮਨ—ਮੇਰੇ ਨੈਨ। ਅਸ਼ਕਮ—ਮੇਰੇ ਅੱਥਰੂ। ਬਵਦ—ਹਨ। ਸ਼ਾਦਾਬੀਏ—ਸਿੰਜਣਾ। ਸਦ—ਸੌ (ਸੈਂਕੜੇ)।

ਅਰਥ : ਐ ਗੋਇਆ, ਮੇਰੇ ਦੋਵੇਂ ਨੇਤਰ (ਪ੍ਰੀਤਮ ਦੇ ਬਿਰਹਾ ਵਿੱਚ) ਮਹਾਨ ਨਦੀਆਂ ਹੋ ਗਈਆਂ ਹਨ। ਮੇਰੇ ਇੱਕ ਇੱਕ ਹੰਝੂ ਨਾਲ ਸੈਂਕੜੇ ਬਾਗਾਂ ਦੀ ਸਿੰਜਾਈ ਹੁੰਦੀ ਹੈ। (ਭਾਵ, ਬਿਰਹੋਂ ਵਿਚ ਵਗਾਏ ਅੱਥਰੂ ਸੈਂਕੜੇ ਦਿਲਾਂ ਦੇ ਵੀਰਾਨਿਆਂ ਨੂੰ ਸਿੰਜਦੇ ਤੇ ਸਰਸਬਜ਼ ਕਰਦੇ ਹਨ)।

ਵਿਆਖਿਆ

ਜਗਤ ਵਿਚ ਮੈਂ ਤੇ ਤੂੰ ਦਾ ਭੇਦ ਮਿਟਾਉਣ ਲਈ '**ਸ਼ਰਾਬ**' ਤੇ '**ਸ਼ਬਦ**'—ਦੋਵੇਂ ਨਸ਼ੇ ਪਰਸਿੱਧ ਹਨ। ਫ਼ਰਕ ਇਤਨਾ ਹੈ ਕਿ ਜਿਥੇ ਹੋਛੀ ਮੱਦ, 'ਮਤ ਮਾਰ ਕੇ', ਇਸ ਅਵਸਥਾ ਵਿਚ ਲਿਆਉਂਦੀ ਹੈ, ਓਥੇ 'ਸ਼ਬਦ' (ਨਾਮ) ਮੱਤ ਤੇ ਸੁਰਤ ਨੂੰ ਸਾਵਧਾਨ ਤੇ ਉੱਜਲਾ ਕਰ ਕੇ। ਪਹਿਲਾ ਨਸ਼ਾ—ਗਿਆਨ ਦਾ ਅਭਾਵ ਕਰਦਾ ਹੈ, ਪਰੰਤੂ, ਦੂਜਾ ਗਿਆਨ ਦਾ ਪ੍ਰਕਾਸ਼। ਪਹਿਲਾ ਨਸ਼ਾ ਉਤਰਨ ਉਪਰੰਤ ਤੋਟ ਵਾਪਰਦੀ ਹੈ; ਪਰੰਤੂ ਦੂਜੇ ਦੀ ਖ਼ੁਮਾਰੀ ਦਿਨ ਰਾਤ ਇਕ-ਸਮਾਨ ਖੀਵਾ ਰਖਦੀ ਹੈ। ਪਹਿਲੇ ਬਾਰੇ ਤੀਜੇ ਗੁਰਦੇਵ ਦਾ ਅਰਥ-ਭਰਪੂਰ ਵਾਕ ਹੈ :

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ॥.......
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ॥

(ਵਾਰ ਬਿਹਾਗੜਾ ਮ: ੩, ਪੰਨਾ ੫੫੪)

ਪਰੰਤੂ ਨਾਮ-ਅੰਮ੍ਰਿਤ ਦੀ ਖ਼ੁਮਾਰੀ ਤੇ ਤਿਆਰੀ ਬਾਰੇ ਭਰਥਰੀ ਜੋਗੀ ਨੂੰ ਉਪਦੇਸ਼ ਦਿੰਦੇ ਹੋਏ ਗੁਰਦੇਵ ਫ਼ੁਰਮਾਂਦੇ ਹਨ

ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ, ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ, ਪ੍ਰੇਮ ਕਾ ਪੋਚਾ, ਇਤੁ ਰਸਿ ਅਮਿਉ ਚੁਆਈਐ॥੧॥
ਬਾਬਾ, ਮਨੁ ਮਤਵਾਰੋ, ਨਾਮ ਰਸੁ ਪੀਵੈ, ਸਹਜ ਰੰਗ ਰਚਿ ਰਹਿਆ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਹਿਆ॥੧॥ਰਹਾਉ॥
ਪੂਰਾ ਸਾਚੁ, ਪਿਆਲਾ ਸਹਜੇ, ਤਿਸਹਿ ਪੀਆਏ ਜਾ ਕਉ ਨਦਰਿ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ, ਪੀਵਤ ਹੀ ਪਰਵਾਣੁ ਭਇਆ॥
ਦਰ ਦਰਸਨ ਕਾ ਪ੍ਰੀਤਮੁ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ॥੩॥
ਸਿਫਤੀ ਰਤਾ ਸਦ ਬੈਰਾਗੀ, ਜੂਐ ਜਨਮੁ ਨ ਹਾਰੈ॥
ਕਹੁ ਨਾਨਕ, ਸੁਣਿ ਭਰਥਰਿ ਜੋਗੀ, ਖੀਵਾ ਅੰਮ੍ਰਿਤ ਧਾਰੈ॥੪॥

(ਆਸਾ ਮਹਲਾ ੧, ਪੰਨਾ ੩੬੦)

ਇਹ ਹੈ ਉਸ ਸ਼ਰਾਬ ਦੀ ਹਕੀਕਤ ਤੇ ਉਸ ਦਾ ਬਿਆਨ, ਜੋ ਭਾਈ ਸਾਹਿਬ ਆਪਣੇ ਰੰਗੀਲੇ ਸਾਕ਼ੀ, ਕਾਮਲ ਮੁਰਸ਼ਦ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਕਰਨ ਲਈ ਤਰਲਾ ਮਾਰ ਰਹੇ ਹਨ। ਜੋਦੜੀ ਕਰਦੇ ਹਨ ਕਿ ਐ ਮੇਰੇ ਰੰਗੀਲੇ ਸਾਕ਼ੀ! ਆ ਤੇ ਆ ਕੇ ਮੈਨੂੰ (ਨਾਮ ਦੀ) ਐਸੀ ਸ਼ਰਾਬ ਦਾ ਪਿਆਲਾ ਭਰ ਦੇ, ਜੋ ਵਾਹਿਗੁਰੂ ਦੇ ਸਾਰੇ ਭੇਤਾਂ ਨੂੰ ਮੇਰੇ ਉਤੇ ਖੋਲ੍ਹ ਦੇਵੇ। ਮਨਸੂਰ ਦੀ ਉਦਾਹਰਣ ਦੇ ਕੇ ਸਪੱਸ਼ਟ ਕਰਦੇ ਹਨ ਕਿ ਇਸ ਨਾਮ-ਮੱਦ ਦੇ ਅੰਦਰ ਉਤਰਦਿਆਂ ਹੀ 'ਜਤ ਦੇਖਾਂ ਤਤ ਤੂੰ' ਦੀ ਅਵਸਥਾ ਵਾਪਰ ਜਾਂਦੀ ਹੈ।

ਮਨਸੂਰ ਦਾ 'ਅਨਲਹੱਕ' (ਮੈਂ ਖ਼ੁਦਾ ਹਾਂ) ਦਾ ਨਾਅਰਾ ਮਾਰਨਾ ਇਵੇਂ ਹੀ ਕ਼ੁਦਰਤੀ ਤੇ ਬਨਾਵਟ-ਰਹਿਤ ਸੀ, ਜਿਵੇਂ ਸੁਰਾਹੀ ਅਥਵਾ ਬੋਤਲ ਵਿਚੋਂ ਸ਼ਰਾਬ ਬਾਹਰ ਨਿਕਲਣ ਸਮੇਂ 'ਕੁਲਕੁਲ' ਦੀ ਅਵਾਜ਼ ਪੈਦਾ ਕਰਦੀ ਹੈ। ਇਹ ਅਵਾਜ਼ ਮਨਸੂਰ ਦੇ ਅੰਦਰੋਂ ਘਰ ਬੈਠਿਆਂ ਵੀ ਨਿਕਲੀ ਤੇ ਸੂਲੀ ਦੀ ਨੋਕ ਉਤੇ ਵੀ। ਪਖੰਡੀ ਤੇ ਦੰਭੀ ਗੁਰੂਆਂ ਦੇ ਕੂੜੇ ਦਾਅਵਿਆਂ ਤੇ ਫੋਕੀਆਂ ਡੀਂਗਾਂ, ਅਤੇ ਸਹਿਜ ਗਿਆਨੀਆਂ ਦੇ ਸੁਤੇ ਸਿੱਧ ਸੱਫੁਟ ਨਿਕਲੇ ਬਚਨਾਂ ਵਿਚਾਲੇ ਫ਼ਰਕ ਨੂੰ ਜਾਣਨਾ ਜਗਿਆਸੂਆਂ ਲਈ ਬੇਹੱਦ ਜ਼ਰੂਰੀ ਹੈ। ਗੁਰਦੇਵ ਐਸੇ ਪਖੰਡ-ਭਰੀ ਬਰਾਬਰੀ ਨੂੰ ਹਉਮੈ-ਭਰੀ ਢੀਠਤਾ ਦਾ ਨਾਉਂ ਦੇਂਦੇ ਹਨ

ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ, ਇਹ ਹਉਮੈ ਕੀ ਢੀਠਾਈ॥

(ਮਲਾਰ ਮ: ੫, ਪੰਨਾ ੧੨੬੭)

ਅਗਲੇ ਸ਼ੇਅਰ ਵਿੱਚ ਭਾਈ ਸਾਹਿਬ ਆਪਣੇ ਮਿੱਤਰ (ਸਤਿਗੁਰੂ) ਦੀ ਸੇਵਾ ਵਿਚ ਪ੍ਰਾਰਥਨਾ ਕਰਦੇ ਹਨ ਕਿ—"ਹੇ ਮਿੱਤਰ, ਤੇਰੇ ਬਗ਼ੈਰ ਇਹ ਜਗਤ ਘੁਪ ਅੰਨ੍ਹੇਰਾ ਹੋ ਗਿਆ

ਹੈ। 'ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ' ਵਾਲੀ ਹਾਲਤ ਹੈ। ਇਸ ਲਈ ਤੂੰ ਮਿਹਰ ਕਰ ਤੇ ਆਪਣਾ ਪ੍ਰਕਾਸ਼ ਬਖ਼ਸ਼, ਤਾਂ ਜੁ ਜਗਤ ਠੋਕਰਾਂ ਖਾਣੋਂ ਬਚ ਸਕੇ ਅਤੇ ਤੇਰੇ ਸਿਮਰਨ ਵਿਚ ਜੁੜ ਜਾਵੇ।" ਹੇ ਦਿਆਲੂ ਦਾਤਾਰ, ਤੇਰਾ ਆਪਣਾ ਫ਼ੁਰਮਾਨ ਹੀ ਤਾਂ ਹੈ ਕਿ

ਏਕ ਚਿਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥੧੦॥ *(ਪਾਤਸ਼ਾਹੀ ੧੦)*

ਤੇਰੇ ਬਿਰਹੋਂ ਵਿਚ, ਤੇਰੀ ਸਿਫ਼ਤ-ਸਲਾਹ ਕਰਦਿਆਂ ਮੇਰੇ ਦੋਵੇਂ ਨੇਤਰ ਵੱਡੇ ਦਰਿਆ ਬਣ ਚੁੱਕੇ ਹਨ, ਹੁਣ ਤਾਂ ਸ਼ਹ ਸਾਗਰ ਨਾਲ ਮੇਲ ਹੋ ਜਾਵੇ। ਵਿਸ਼ਿਆਂ ਵਿਕਾਰਾਂ ਦੀ ਤਪਸ਼ ਤੇ ਲੂ ਨਾਲ ਮੇਰੇ ਦਿਲ ਦੀ ਫੁਲਵਾੜੀ ਝੁਲਸੀ ਪਈ ਹੈ। ਆਪਣੀ ਮਿਹਰ ਦਾ ਮੀਂਹ ਪਾ, ਅਤੇ ਨਾ ਕੇਵਲ ਮੇਰੇ ਹੀ ਸਗੋਂ ਸਾਰੇ ਜਗਤ ਦੇ ਜੀਵਾਂ ਦੀਆਂ ਹਿਰਦੇ-ਫੁਲਵਾੜੀਆਂ ਨੂੰ ਹਰਿਆ-ਭਰਿਆ ਤੇ ਸਰਸਬਜ਼ ਕਰ ਦੇ।

—o—

ਯਾ ਇਲਾਹੀ, ਬੰਦਹ ਰਾ ਤੌਫ਼ੀਕ ਦਿਹ॥
ਤਾ ਬ-ਯਾਦਤ ਬਿ-ਗੁਜ਼ਰਦ, ਈਂ ਉਮਰਿ ਬਿਹ॥੨੫੮॥

(ਜ਼ਿੰਦਗੀਨਾਮਾ, ਭਾ: ਨੰਦ ਲਾਲ ਜੀ)

ਹੇ ਵਾਹਿਗੁਰੂ, ਦਾਸ ਨੂੰ ਬਲ ਬਖ਼ਸ਼ ਤਾਂ ਜੁ ਮੇਰੀ ਸੋਹਣੀ ਉਮਰ ਤੇਰੇ ਸਿਮਰਨ ਵਿਚ ਬਤੀਤ ਹੋਵੇ।

ਗ਼ਜ਼ਲ ਨੰਬਰ ੫

ਰਹ ਰਸਾਨਿ, ਰਾਹਿ ਹੱਕ, ਆਮਦ ਅਦਬ।
ਹਮ ਬ-ਦਿਲ ਯਾਦਿ ਖ਼ੁਦਾ-ੳ, ਹਮ ਬ-ਲਬ ॥੧॥

ਹਰ ਕੁਜਾ ਦੀਦੇਮ, ਅਨਵਾਰਿ ਖ਼ੁਦਾ।
ਬਸ ਕਿ: ਅਜ਼ ਸੁਹਬਤਿ ਬਜ਼ੁਰਗਾਂ, ਸ਼ੁਦ ਜਜ਼ਬ ॥੨॥

ਚਸ਼ਮਿ ਮਾ, ਗ਼ੈਰ ਅਜ਼ ਜਮਾਲਸ਼, ਵਾ ਨ ਸ਼ੁਦ।
ਜ਼ਾਂ, ਕਿ ਜੁਮਲਾ ਖ਼ਲਕ ਰਾ ਦੀਦੇਮ ਰੱਬ ॥੩॥

ਖ਼ਾਕਿ ਕ਼ਦਮਸ਼ ਰੌਸ਼ਨੀ-ਇ ਦਿਲ ਕੁਨਦ।
ਗਰ ਤੁਰਾ ਬਾ ਸਾਲਕਾਂ, ਬਾਸ਼ਦ ਨਸਬ ॥੪॥

ਕੀਸੁ 'ਗੋਇਆ' ਕੋ, ਮੁਰਾਦਿ ਦਿਲ ਨ ਯਾਫ਼ਤ।
ਹਰ ਕਸੇ ਬਾ-ਨਫ਼ਸਿ ਖ਼ੁਦ, ਕਰਦਹ ਗ਼ਜ਼ਬ ॥੫॥

ਪੰਜਾਬੀ ਕਾਵਿ ਅਨੁਵਾਦ

੧. ਰੱਬ ਦੇ ਰਾਹ ਪਹੁੰਚਾਵਣ ਵਾਲਾ, 'ਨਿਰਮਲ ਭਉ' ਜੱਗ ਆਇਆ।
ਤਾਹੀਏਂ ਭਉ ਨੂੰ ਦਿਲ ਵੀ ਰੱਖ ਦੇ, ਮੂੰਹੋਂ ਵੀ ਆਖ ਸੁਣਾਇਆ, ਹੂ।

੨. ਝਲਕ ਪ੍ਰਭੂ ਦੀ ਹਰ ਥਾਂ ਉੱਤੇ, ਨਜ਼ਰੀਂ ਮੈਨੂੰ ਆਈ।
ਸਤ ਸੰਗਤ ਦੀ ਖਿੱਚ ਹੈ ਜਦ ਤੋਂ, ਮੇਰੇ ਵਿੱਚ ਸਮਾਈ, ਹੂ।

੩. ਹਰ ਪਾਸੇ ਤੇਰਾ ਹੀ ਜਲਵਾ, ਨੈਣੀਂ ਅਸਾਂ ਪਛਾਤਾ।
ਜਦ ਤੋਂ ਕੁੱਲ ਆਲਮ ਨੂੰ, ਦਾਤਾ ! ਰੱਬ-ਰੂਪ ਹੈ ਜਾਤਾ, ਹੂ।

੪. ਰੰਗ-ਰੱਤਿਆਂ ਦੀ ਸੰਗਤ ਤੈਨੂੰ, ਜੇ ਕਿਧਰੇ ਮਿਲ ਜਾਵੇ।
ਚਰਨ ਧੂੜ ਉਨ੍ਹਾਂ ਦੀ ਪਾ ਕੇ, ਦਿਲ ਤੇਰਾ ਰੁਸ਼ਨਾਵੇ, ਹੂ।

੫. ਕੀਤੀ ਜਿਸ ਕਿਸੇ ਵੀ 'ਗੋਇਆ', ਮਨ ਦੇ ਨਾਲ ਲੜਾਈ।
ਜਿੱਤ ਪ੍ਰਾਪਤ ਕੀਤੀ ਓਹਨੇ, ਦਿਲੀ ਮੁਰਾਦ ਵੀ ਪਾਈ, ਹੂ।

ਰਹ ਰਸਾਨਿ, ਰਾਹਿ ਹੱਕ, ਆਮਦ ਅਦਬ।
ਹਮ ਬ-ਦਿਲ ਯਾਦਿ ਖ਼ੁਦਾ-ਓ, ਹਮ ਬ-ਲਬ ॥੧॥

ਸ਼ਬਦਾਰਥ : ਰਹ—ਰਾਹ, ਰਸਤਾ। ਰਸਾਨ—ਪਹੁੰਚਾਣ ਵਾਲਾ। ਰਾਹਿ ਹੱਕ—ਰੱਬ ਦਾ ਰਸਤਾ। ਆਮਦ—ਆਇਆ। ਅਦਬ—ਸਤਿਕਾਰ, ਨਿਮਰਤਾ। ਹਮ—ਵੀ। ਬ-ਦਿਲ—ਦਿਲ ਵਿਚ। ਯਾਦਿ ਖ਼ੁਦਾ—ਰੱਬ ਦੀ ਯਾਦ। ਬ-ਲਬ—ਬੁੱਲ੍ਹਾਂ ਉਤੇ।

ਅਰਥ : ਰੱਬ ਦੇ ਰਸਤੇ (ਦਰ) ਤੇ ਪਹੁੰਚਾਣ ਵਾਲਾ ਅਦਬ (ਨਿਰਮਲ ਭਉ) ਆਇਆ (ਹੈ)। (ਪਰ ਸ਼ਰਤ ਇਹ ਹੈ ਕਿ ਵਾਹਿਗੁਰੂ ਦੇ ਸਤਿਕਾਰ ਤੇ ਨਿਮਰਤਾ ਦਾ ਵਾਸਾ ਅੰਤਰ ਆਤਮੇ) ਦਿਲ ਵਿਚ ਵੀ ਹੋਵੇ ਅਤੇ ਬੁੱਲ੍ਹਾਂ ਉੱਤੇ ਵੀ।

ਹਰ ਕੁਜਾ ਦੀਦੇਮ, ਅਨਵਾਰਿ ਖ਼ੁਦਾ।
ਬਸ ਕਿ: ਅਜ਼ ਸੁਹਬਤਿ ਬਜ਼ੁਰਗਾਂ, ਸ਼ੁਦ ਜਜ਼ਬ ॥੨॥

ਸ਼ਬਦਾਰਥ : ਹਰ ਕੁਜਾ—ਹਰ ਇਕ ਥਾਂ। ਦੀਦੇਮ—ਅਸਾਂ ਵੇਖਿਆ (ਹੈ)। ਅਨਵਾਰਿ ਖ਼ੁਦਾ—ਰੱਬ ਦੇ ਜਲਵੇ। ਅਨਵਾਰ—'ਨੂਰ' ਦਾ ਬਹੁਵਚਨ। ਬਸ ਕਿ—ਬਹੁਤ, ਕੇਵਲ। ਸੁਹਬਤ—ਸੰਗਤ। ਬਜ਼ੁਰਗਾਂ—ਨੇਕ ਪੁਰਸ਼ਾਂ। ਸ਼ੁਦ—ਹੋਈ। ਜਜ਼ਬ—ਜਜ਼ਬਾ, ਖਿੱਚ।

ਅਰਥ : ਹਰੇਕ ਥਾਂ ਅਸਾਂ ਵਾਹਿਗੁਰੂ ਦਾ ਨੂਰ (ਜਲਵਾ) ਵੇਖਿਆ (ਹੈ), ਜਦ ਤੋਂ ਕਿ ਨੇਕ ਪੁਰਸ਼ਾਂ ਦੀ ਸੰਗਤ ਦੀ ਖਿੱਚ ਖਾਧੀ ਹੈ।

ਚਸ਼ਮਿ ਮਾ, ਗ਼ੈਰ ਅਜ਼ ਜਮਾਲਸ਼, ਵਾ ਨ ਸ਼ੁਦ।
ਜ਼ਾਂ, ਕਿ ਜੁਮਲਾ ਖ਼ਲਕ਼, ਰਾ, ਦੀਦੇਮ ਰੱਬ ॥੩॥

ਸ਼ਬਦਾਰਥ : ਚਸ਼ਮਿ ਮਾ—ਸਾਡੀ ਅੱਖ। ਗ਼ੈਰ—ਸਿਵਾ, ਬਿਨਾਂ। ਜਮਾਲ—ਸਰੂਪ। ਸ਼—ਉਸ ਦੇ। ਵਾ ਨ ਸ਼ੁਦ—ਨਹੀਂ ਖੁਲ੍ਹਦੀ। ਜ਼ਾਂ ਕਿ—(ਅਜ਼ ਆਂ ਕਿ) ਕਿਉਂਕਿ। ਜੁਮਲਾ—ਸਾਰੀ। ਖ਼ਲਕ਼—ਖ਼ਲਕਤ। ਰਾ—ਨੂੰ। ਦੀਦੇਮ—ਅਸਾਂ ਵੇਖਿਆ।

ਅਰਥ : ਸਾਡੇ ਨੈਣ ਉਸ (ਪ੍ਰੀਤਮ) ਦੇ ਸਰੂਪ ਤੋਂ ਬਿਨਾ ਨਹੀਂ ਖੁਲ੍ਹਦੇ, ਭਾਵ, ਹੋਰ ਕੁਝ ਨਹੀਂ ਵੇਖਦੇ, ਕਿਉਂਕਿ ਅਸਾਂ ਸਾਰੀ ਖ਼ਲਕਤ ਨੂੰ ਰੱਬ (ਕਰ ਕੇ) ਵੇਖਿਆ (ਜਾਣਿਆ) ਹੈ।

ਖ਼ਾਕਿ ਕ਼ਦਮਸ਼ ਰੌਸ਼ਨੀ-ਇ ਦਿਲ ਕੁਨਦ।
ਗਰ ਤੁਰਾ ਬਾ ਸਾਲਕਾਂ, ਬਾਸ਼ਦ ਨਸਬ ॥੪॥

ਸ਼ਬਦਾਰਥ : ਖ਼ਾਕਿ ਕ਼ਦਮਸ਼—ਉਸ ਦੇ ਚਰਨਾਂ ਦੀ ਧੂੜੀ। ਰੌਸ਼ਨੀ—ਪ੍ਰਕਾਸ਼, ਚਾਨਣ। ਕੁਨਦ—ਕਰਦੀ ਹੈ। ਗਰ—ਜੇ। ਤੁਰਾ—ਤੈਨੂੰ, ਤੇਰੀ। ਬਾ—ਸਾਥ, ਨਾਲ। ਸਾਲਕਾਂ—ਗਿਆਨਵਾਨਾਂ, ਖ਼ੁਦਾ-ਦੋਸਤਾਂ, ਰੱਬ ਦੇ ਰਾਹ ਚਲਣ ਵਾਲਿਆਂ। ਬਾਸ਼ਦ—ਹੋਵੇ। ਨਸਬ—ਨਸਲ, ਖ਼ਾਨਦਾਨ, ਭਾਵ ਸੰਪ੍ਰਦਾਈ ਮੇਲ।

ਅਰਥ : ਉਨ੍ਹਾਂ ਦੇ ਚਰਨਾਂ ਦੀ ਧੂੜ ਦਿਲ ਨੂੰ ਰੌਸ਼ਨ ਕਰਦੀ ਹੈ, ਜੇ ਤੇਰਾ (ਅਜਿਹੇ)

ਗਿਆਨਵਾਨ ਸੰਤਾਂ ਨਾਲ ਸੰਪ੍ਰਦਾਈ ਸੰਗਤ ਹੋ ਜਾਵੇ (ਤੂੰ ਉਨ੍ਹਾਂ ਦਾ ਸਤ ਸੰਗੀ ਹੋ ਜਾਵੇਂ)।

ਕੀਸ੍ਤ 'ਗੋਇਆ' ਕੋ, ਮੁਰਾਦਿ ਦਿਲ ਨ ਯਾਫ਼ਤ।
ਹਰ ਕਸੇ ਬਾ-ਨਫ਼ਸਿ ਖ਼ੁਦ, ਕਰਦਹ ਗ਼ਜ਼ਬ ॥੫॥

ਸ਼ਬਦਾਰਥ ਕੀਸ੍ਤ (ਕਿ ਅਸ੍ਤ)—ਕੌਣ ਹੈ। ਕੋ (ਕਿ ਓ) ਜਿਸ ਨੇ। ਮੁਰਾਦਿ ਦਿਲ—ਦਿਲ ਦੀ ਮੁਰਾਦ, ਇੱਛਾ। ਨ ਯਾਫ਼ਤ—ਪ੍ਰਾਪਤ ਨਹੀਂ ਕੀਤੀ। ਹਰ ਕਸੇ ਜਿਸ ਕਿਸੇ ਨੇ। ਬਾ—ਨਾਲ। ਨਫ਼ਸ—ਮਨ। ਖ਼ੁਦ—ਆਪਣਾ। ਕਰਦਹ—ਕੀਤਾ ਹੈ। ਗ਼ਜ਼ਬ ਕਹਿਰ, ਜੰਗ, ਲੜਾਈ, ਜ਼ੁਲਮ।

ਅਰਥ : 'ਗੋਇਆ' (ਭਾ: ਨੰਦ ਲਾਲ ਜੀ) ਕਹਿੰਦੇ ਹਨ ਕਿ ਉਹ ਕੌਣ ਹੈ ਜਿਸ ਨੇ ਆਪਣੇ (ਚੰਚਲ) ਮਨ ਨਾਲ ਲੜਾਈ ਕੀਤੀ ਹੋਵੇ ਤੇ (ਇਸ ਦੇ ਫਲ-ਸਰੂਪ) ਮਨ ਦੀ ਮੁਰਾਦ ਨਾ ਪਾਈ ਹੋਵੇ (ਗੁਰਵਾਕ ਹੈ—'ਮਨਿ ਜੀਤੈ, ਜਗੁ ਜੀਤੁ')।

ਵਿਆਖਿਆ

ਕਹਿੰਦੇ ਹਨ ਜਦ ਸਤਿਗੁਰੂ ਨਾਨਕ ਦੇਵ ਜੀ, ਹਰੀ ਦੀ ਹਜ਼ੂਰੀ ਵਿੱਚ 'ਸੱਚਖੰਡ' ਪਹੁੰਚੇ, ਅਤੇ ਅਕਾਲ ਪੁਰਖ ਨੇ ਤ੍ਰੁੱਠ ਕੇ ਕੁਝ ਮੰਗਣ ਲਈ ਫ਼ੁਰਮਾਇਆ, ਤਾਂ ਬਾਬੇ ਨੇ 'ਨਾਮ' ਤੇ 'ਨਿਮਰਤਾ' ਦੀ ਅਰਸ਼ੀ ਦਾਤ ਲਈ ਝੋਲੀ ਅੱਡੀ, ਜੋ ਸਰਬ-ਦਾਤਾਰ ਨੇ ਨੱਕੋ-ਨੱਕ ਭਰ ਦਿਤੀ। ਭਾ: ਗੁਰਦਾਸ ਜੀ ਲਿਖਦੇ ਹਨ

ਬਾਬਾ ਪੈਧਾ ਸਚਖੰਡ, ਨੌ ਨਿਧਿ ਨਾਮ, ਗਰੀਬੀ ਪਾਈ ॥੨੪॥੧॥

(ਭਾਈ ਗੁਰਦਾਸ ਜੀ)

ਸਿਖ ਮੱਤ ਵਿਚ ਨਾਮ-ਸਿਮਰਨ ਸਰਬੋਤਮ ਕਮਾਈ ਹੈ। 'ਗੋਇਆ' ਜੀ ਇਸ ਪੁਸਤਕ ਦੀ ਪਹਿਲੀ ਗ਼ਜ਼ਲ ਦੇ ਪਹਿਲੇ ਸ਼ੇਅਰ ਵਿੱਚ ਹੀ ਇਹ ਸਰੀਰ ਧਾਰਨ ਦਾ ਪ੍ਰਯੋਜਨ ਕੇਵਲ ਨਾਮ-ਸਿਮਰਨ ਅਥਵਾ ਭਗਤੀ ਦੀ ਤਾਂਘ ਦਸਦੇ ਹਨ। ਇਸ ਗ਼ਜ਼ਲ ਵਿਚ ਗੁਰਮਤਿ ਦੇ ਇਸ ਸਿਧਾਂਤ ਨੂੰ ਸਪੱਸ਼ਟ ਕੀਤਾ ਗਿਆ ਹੈ ਕਿ ਨਾਮ-ਸਿਮਰਨ ਦੀ ਸਿਖਰ ਨੂੰ, ਨਿਮਰਤਾ ਦੀ ਪਉੜੀ ਦੁਆਰਾ ਹੀ ਛੁਹਿਆ ਜਾ ਸਕਦਾ ਹੈ। ਜਿਵੇਂ ਸ਼ੇਰਨੀ ਦਾ ਦੁੱਧ ਸੋਨੇ ਦੇ ਕਟੋਰੇ ਵਿਚ ਰਖਿਆ ਤੇ ਜਮਾਇਆ ਜਾਂਦਾ ਹੈ, ਤਿਵੇਂ ਸਿਮਰਨ ਤੇ ਭਗਤੀ ਦੇ ਪਰਮ ਰਸ ਨੂੰ ਗਰੀਬੀ, (ਨਿਮਰਤਾ) ਦੇ ਭਾਂਡੇ ਵਿਚ ਸਾਂਭ ਕੇ ਹੀ, ਹਉਮੈ, ਦ੍ਵੈਤ ਤੇ ਈਰਖਾ ਦੇ ਭਾਂਬੜਾਂ ਤੋਂ ਬਚਾਇਆ ਤੇ ਜਮਾਇਆ ਜਾ ਸਕਦਾ ਹੈ।

ਪੰਜਵੇਂ ਗੁਰਦੇਵ ਨਿਮਰਤਾ ਦੀ ਅਥਾਹ ਸ਼ਕਤੀ ਦਾ ਵਰਣਨ ਕਰਦੇ ਹੋਏ ਫ਼ੁਰਮਾਉਂਦੇ ਹਨ

ਗਰੀਬੀ ਗਦਾ ਹਮਾਰੀ ॥ ਖੰਨਾ (ਖੰਡਾ) ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥

(ਸੋਰਠਿ ਮ: ੫, ਪੰਨਾ ੬੨੮)

ਸੁਖਮਨੀ ਸਾਹਿਬ ਵਿਚ ਆਪ ਜੀ ਬ੍ਰਹਮ ਗਿਆਨੀ ਦੇ ਅਨੇਕ ਅਮੁਲੀਕ ਗੁਣਾਂ

ਦਾ ਬਿਉਰਾ ਦਿੰਦੇ ਹੋਏ ਗਰੀਬੀ (ਨਿਮਰਤਾ) ਦੀ ਮਹਿਮਾ ਦਾ ਬਿਉਰਾ ਇਉਂ ਵੀ ਦਿੰਦੇ ਹਨ

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥੪॥੮॥ *(ਸੁਖਮਨੀ ਸਾਹਿਬ)*

(ਬ੍ਰਹਮ ਗਿਆਨੀ ਦੇ ਹਿਰਦੇ ਵਿਚ ਨਿਮਰਤਾ-ਭਾਵ ਸਮਾਉਂਦਾ ਹੈ। ਇਹ ਉਸ ਦਾ ਵੱਡਾ ਲੱਛਣ ਹੈ।)

ਅਰਸ਼ੀ ਬਾਬੇ ਦਾ ਆਪਣਾ ਫ਼ੁਰਮਾਨ ਹੈ

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥
ਤਥਾ **ਮਿਠਤੁ ਨੀਵੀ ਨਾਨਕਾ, ਗੁਣ ਚੰਗਿਆਈਆ ਤਤੁ ॥** *(ਆਸਾ ਕੀ ਵਾਰ)*

ਸੋ, ਗੁਰਸਿੱਖੀ ਦੇ ਮਾਰਗ ਵਿਚ ਨਿਮਰਤਾ ਦੀ ਮਹੱਤਤਾ ਤੇ ਅਸਥਾਨ ਤੋਂ ਜਾਣੂ, 'ਗੋਇਆ ਜੀ', ਇਸ ਹਕੀਕਤ ਨੂੰ ਆਪਣੇ ਅੰਦਾਜ਼ ਵਿਚ ਬਿਆਨ ਕਰਦੇ ਹਨ ਕਿ ਵਾਹਿਗੁਰੂ ਦੇ ਰਾਹ ਵਿੱਚ, ਭਾਵ, ਮੰਜ਼ਲ ਉਤੇ ਪਹੁੰਚਾਣ ਵਾਲੀ ਸ਼ੈ, ਅਦਬ (ਨਿਮਰਤਾ, ਨਿਰਮਲ ਭਉ) ਹੀ ਹੈ। ਇਸ ਦਾ ਸਦਕਾ ਹੀ ਪ੍ਰਭੂ ਦੀ ਯਾਦ ਜ਼ਬਾਨ ਉਤੇ ਵੀ ਵਸਦੀ ਹੈ ਅਤੇ ਦਿਲ ਵਿਚ ਵੀ।

ਅਦਬ ਕੀ ਹੈ ? ਨਿਮਰਤਾ ਭਰਪੂਰ ਨਿਰਮਲ ਭਉ। ਇਹ ਉਹ ਸਤਿਕਾਰ-ਭਰਪੂਰ ਡਰ ਹੈ ਜਿਸ ਤੋਂ ਭਾਉ (ਪ੍ਰੇਮ) ਉਪਜਦਾ ਹੈ। ਇਸੇ ਲਈ ਗੁਰਬਾਣੀ ਵਿਚ ਆਇਆ ਹੈ

ਨਾਨਕ, ਜਿਨ੍ ਮਨਿ ਭਉ, ਤਿਨ੍ਾ ਮਨਿ ਭਾਉ ॥ *(ਆਸਾ ਕੀ ਵਾਰ)*

ਡਾਕਟਰ ਇਕਬਾਲ ਨੇ ਅਦਬ (ਸਤਿਕਾਰ) ਨੂੰ ਪ੍ਰੇਮ ਦੀ ਪਹਿਲੀ ਸਜਾਵਟ ਕਰਕੇ ਦਰਸਾਇਆ ਹੈ

ਅਦਬ ਪਹਿਲਾ ਕ਼ਰੀਨਾ ਹੈ, ਮੁਹੱਬਤ ਕੇ ਕ਼ਰੀਨੇ ਕਾ।

ਜਦ ਗੁਰਮੁਖਾਂ ਦੀ ਸੰਗਤ ਤੇ ਚਰਨ-ਧੂੜ ਦਾ ਸਦਕਾ, ਨਿਮਰਤਾ ਹਿਰਦੇ ਵਿਚ ਆ ਵੱਸੀ, ਤਾਂ ਹਰ ਪਾਸੇ ਰੱਬ ਦਾ ਹੀ ਜ਼ਹੂਰ ਤੇ ਨੂਰ ਦਿਸ ਆਇਆ। ਸੋਝੀ ਪਈ ਕਿ ਖ਼ਾਲਕ ਖ਼ਲਕ ਵਿਚ ਤੇ ਖ਼ਲਕ ਖ਼ਾਲਕ ਵਿਚ ਅਭੇਦ ਵੱਸ ਰਹੇ ਹਨ। ਇਹ ਤਾਂ 'ਓਤਿ ਪੋਤਿ ਸਾਗਰ ਬੂੰਦੇਰੋ' ਵਾਲੀ ਗੱਲ ਹੈ। ਜਦ ਸਾਧ-ਰੇਨ ਦੇ ਪ੍ਰਤਾਪ ਨਾਲ ਦਿਲ ਰੌਸ਼ਨ ਹੋ ਜਗਮਗਾਇਆ ਤਾਂ ਸਮਝ ਪਈ ਕਿ ਮੈਂ ਕੱਚ ਨਹੀਂ, ਕੰਚਨ ਹਾਂ; ਖ਼ਾਕੀ ਨਹੀਂ, ਨੂਰੀ ਹਾਂ; ਕਾਇਆਂ ਨਹੀਂ, ਜੋਤਿ ਹਾਂ।

ਅਖ਼ੀਰ ਵਿੱਚ ਭਾਈ ਸਾਹਿਬ ਦਸਦੇ ਹਨ ਕਿ ਮਨ ਦੀ ਮੁਰਾਦ—ਸਹਜ ਅਵਸਥਾ—ਇਸ ਮਨ ਨਾਲ ਜੰਗ ਕੀਤਿਆਂ ਪ੍ਰਾਪਤ ਹੁੰਦੀ ਹੈ। ਇਹ ਮਨ ਬੜਾ 'ਖੁਟਹਰ' ਤੇ ਖਰਮਸਤੀਆਂ ਕਰਨ ਵਾਲਾ ਇਕ-ਵਾਗਾ ਤੇ ਬੈੜਾ ਘੋੜਾ ਹੈ। ਸਵਾਰ ਰਤਾ ਕੁ ਅਵੇਸਲਾ ਤੇ ਢਿੱਲਾ ਹੋਇਆ ਨਹੀਂ ਤੇ ਇਸ ਨੇ ਪਟਕਾਅ, ਹੇਠਾਂ ਸੁੱਟ, ਕੁਮਾਰਗ-ਗਾਮੀ ਕੀਤਾ ਨਹੀਂ। ਇਹ ਲੋਭੀ ਮਨ ਕਦੀ ਜੀਵ ਨੂੰ ਚੁੱਕ ਅਕਾਸ਼ਾਂ (ਉਨਮਨ ਅਵਸਥਾ) ਵਿਚ ਪਹੁੰਚਾ ਦਿੰਦਾ ਹੈ ਅਤੇ ਫੇਰ ਅਗਲੀ ਛਿਨ ਵਿੱਚ ਅੰਧ-ਵਿਸ਼ਵਾਸ ਤੇ ਅਵਿਸ਼ਵਾਸ ਦੇ ਰਸਾਤਲ ਵਿਚ ਜਾ ਸੁੱਟਦਾ ਹੈ, ਵਿਕਾਰ-ਗ੍ਰਸਤ ਕਰ ਦਿੰਦਾ ਹੈ। 'ਹਾਲੀ' ਪਾਨੀਪਤੀ ਦਾ ਕਥਨ ਹੈ :

ਬਕੇ ਮੁਗ਼ੀ ਕੌ ਮਾਰਾ, ਨਫ਼ਸਿ ਅੰਮਾਰਾ ਕੌ ਗਰ ਮਾਰਾ।
ਨਹੰਗੋ ਅਜ਼ਦਹਾਓ ਸ਼ੇਰਿ ਨਰ ਮਾਰਾ ਤੋ ਕਿਆ ਮਾਰਾ ?

ਇਹ ਮਨ ਵੱਸ ਹੁੰਦਾ ਹੈ ; ਪ੍ਰੇਮ ਦੇ ਚਾਬਕ ਮਾਰਿਆਂ। ਸਿਖ ਨੇ ਇਸ ਨੂੰ ਜਿੱਤਣਾ ਹੈ, ਮਾਰਨਾ ਨਹੀਂ। ਮਾਰਨ ਤੋਂ ਮੁਰਾਦ—ਜਿੱਤਣ ਤੋਂ।

ਸੋ ਨਿਮਰਤਾ ਦੇ ਧਾਰਨੀ ਹੋਣਾ, ਗੁਰਮੁਖਾਂ ਦੀ ਚਰਨ-ਧੂੜ ਮਸਤਕ ਲਾਉਣੀ, ਗਰੀਬੀ ਦੀ ਗਦਾ ਨਾਲ ਵਿਕਾਰਾਂ ਨੂੰ ਜਿੱਤਣਾ, ਖ਼ਲਕਤ ਵਿਚ ਖ਼ਾਲਕ ਦਾ ਨੂਰ ਤੱਕਣਾ ਅਤੇ ਦਮ ਬ-ਦਮ ਵਾਹਿਗੁਰੂ ਦਾ ਸਿਮਰਨ ਕਰਨਾ ਸਿੱਖੀ ਦੀ ਰੀਤ ਤੇ ਰਹਿਤ ਹੈ, ਜਿਸ ਦੀ ਝਲਕ ਜਗਿਆਸੂ ਨੇ ਭਾਈ ਸਾਹਿਬ ਦੇ ਇਸ ਪਾਕ ਕਲਾਮ ਤੋਂ ਪ੍ਰਾਪਤ ਕਰ ਕੇ 'ਚਰਨ-ਕਮਲਾਂ' ਦੀ ਮੌਜ ਵਿਚ ਗੁਆਚ ਜਾਣਾ ਤੇ ਜ਼ਿੰਦਗੀ ਦਾ ਲੁਤਫ਼ ਮਾਨਣਾ ਹੈ।

—o—

ਤਾਲਿਬਾਨੇ ਹੱਕ ਹਮੇਸ਼ਹ ਬਾ-ਅਦਬ।
ਬਾ-ਅਦਬ ਬਾਸ਼ੰਦ ਦਾਇਮ ਬਾ-ਅਦਬ ॥੩੧੬॥ *(ਜ਼ਿੰਦਗੀਨਾਮਾ)*

ਸੱਚ (ਵਾਹਿਗੁਰੂ) ਦੇ ਢੂੰਡਾਊ ਸਦਾ ਅਦਬ (ਨਿਮਰਤਾ) ਵਿਚ ਰਹਿੰਦੇ ਹਨ, ਹਾਂ ਜੀ, ਨਿਮਰਤਾ ਵਿਚ ਰਹਿੰਦੇ ਹਨ, ਸਦਾ ਨਿਮਰਤਾ ਵਿਚ।

ਸੰਤ ਅਗਸਤੀਨ ਦੇ ਬਹੁ-ਮੁੱਲੇ ਕਥਨ ਹਨ

(ੳ) ਇਹ ਨਿਮਰਤਾ ਹੀ ਸੀ ਜਿਸ ਨੇ ਸ਼ੈਤਾਨ ਨੂੰ ਸੁਰਗ ਵਿਚ ਦਾਖ਼ਲ ਕੀਤਾ; ਜਦ ਕਿ ਹੰਕਾਰ ਨੇ ਦੇਵਤਿਆਂ ਨੂੰ ਓਥੋਂ ਬਾਹਰ ਕੱਢ ਦਿੱਤਾ। ਤੁਸੀਂ ਮੈਨੂੰ ਉਹ ਬੰਦਾ ਵਿਖਾ ਦਿਓ ਜੋ ਹੰਕਾਰੀ ਹੁੰਦਾ ਹੋਇਆ ਕਦੀ ਵੀ ਸੁਰਗ ਵਿਚ ਦਾਖ਼ਲ ਹੋ ਸਕਿਆ ਹੋਵੇ।

(ਅ) ਸੰਤ ਜੀ ਨੂੰ ਕਿਸੇ ਪੁੱਛਿਆ ਕਿ ਧਰਮ ਵਿਚ ਪਹਿਲੀ, ਦੂਜੀ, ਤੀਜੀ ਚੀਜ਼ ਕੀ ਹੈ ? ਉਸ ਕਿਹਾ ਕਿ ਪਹਿਲੀ, ਦੂਜੀ-ਨਹੀਂ, ਸਭ ਨਿਮਰਤਾ ਹੀ ਨਿਮਰਤਾ ਹੈ।

.ਗ਼ਜ਼ਲ ਨੰਬਰ ੬

ਦਿਲ ਅਗਰ ਦਾਨਾ ਬਵਦ, ਅੰਦਰ ਕਿਨਾਰਸ਼ ਯਾਰ ਹਸ੍ਰ।
ਚਸ਼ਮ ਗਰ ਬੀਨਾ ਬਵਦ, ਦਰ ਹਰ ਤਰਫ਼ ਦੀਦਾਰ ਹਸ੍ਰ ॥੧॥
ਹਰ ਤਰਫ਼ ਦੀਦਾਰ, ਅੱਮਾ, ਦੀਦਾ-ਇ ਬੀਨਾ ਕੁਜਾਸ੍ਰ।
ਹਰ ਕੁਜਾ ਤੂਰ ਅਸ੍ਰ, ਹਰ ਸੂ, ਸ਼ੋਲਾ-ਇ ਅਨਵਾਰ ਹਸ੍ਰ ॥੨॥
ਸਰ ਅਗਰ ਦਾਰੀ, ਬਰੌ, ਸਰ ਰਾ ਬਨਿਹ ਬਰ ਪਾਇ ਊ।
ਜਾਂ ਅਗਰ ਦਾਰੀ, ਨਿਸਾਰਸ਼ ਕੁਨ, ਅਗਰ ਦਰਕਾਰ ਹਸ੍ਰ ॥੩॥
ਦਸ੍ਰ ਗਰ ਦਾਰੀ, ਬਰੌ, ਦਾਮਾਨਿ ਜਾਨਾਂ ਰਾ ਬਗੀਰ।
ਸੂਏ ਊ ਮੇ ਰੌ, ਅਗਰ ਪਾ ਰਾ, ਸਰਿ ਰਫ਼ਤਾਰ ਹਸ੍ਰ ॥੪॥
ਗੋਸ਼ ਗਰ ਸ਼ਿਨਵਾ ਬਵਦ, ਜੁਜ਼ ਨਾਮਿ ਹੱਕ਼ ਕੈ ਬਿਸ਼ਨਵਦ।
ਗਰ ਜ਼ਬਾਂ ਗੋਇਆ ਬਵਦ,ਦਰ ਹਰ ਸੁਖ਼ਨ ਅਸਰਾਰ ਹਸ੍ਰ ॥੫॥
ਬ੍ਰਾਹਮਨ ਮੁਸ਼ਤਾਕ਼ਿ ਬੁੱਤ, ਜ਼ਾਹਿਦ ਫ਼ਿਦਾਏ ਖ਼ਾਨਕ਼ਾਹ।
ਹਰ ਕੁਜਾ ਜਾਮਿ ਮੁਹੱਬਤ, ਦੀਦਾ-ਅਮ ਸਰਸ਼ਾਰ ਹਸ੍ਰ ॥੬॥
ਬੇ-ਅਦਬ ਪਾ ਰਾ ਮਨਿਹ, ਮਨਸੂਰਵਸ਼, ਦਰ ਰਾਹਿ ਇਸ਼ਕ।
ਰਹ ਰਵੇ, ਈਂ ਰਾਹਿ ਰਾ, ਅੱਵਲ ਕ਼ੱਦਮ ਬਰ ਦਾਰ ਹਸ੍ਰ ॥੭॥
ਹਰ ਚਿਃ ਦਾਰੀ ਦਰ ਬਸਾਤਿ ਖ਼ੁਦ, ਨਸਾਰੇ ਯਾਰ ਕੁਨ।
ਗਰ ਤੁਰਾ ਮਾਨਿੰਦ 'ਗੋਇਆ', ਤਬਾਅ ਗੌਹਰ-ਬਾਰ ਹਸ੍ਰ ॥੮॥

ਪੰਜਾਬੀ ਕਾਵਿ ਅਨੁਵਾਦ

੧. ਜੇਕਰ ਦਿਲ ਇਹ ਦਾਨਾ ਥੀਵੇ, ਯਾਰ ਬਗਲ ਵਿੱਚ ਭਾਸੇ।
ਅੱਖ ਹੋਵੇ ਜੇ ਵੇਖਣ ਵਾਲੀ, ਨੂਰ ਦਿੱਸੇ ਹਰ ਪਾਸੇ, ਹੂ।
੨. ਅੱਖ ਕਿੱਥੇ ਪਰ ਵੇਖਣ ਵਾਲੀ, ਦੀਦ ਜੋ ਹਰ ਥਾਂ ਦੇਖੇ।
ਹਰ ਥਾਂ ਵੱਸੇ ਨੂਰ ਮਾਹੀ ਦਾ, ਹਰ ਥਾਂ ਤੂਰ ਜੋ ਪੇਖੇ, ਹੂ।
੩. ਸਿਰ ਜੇ ਰਖਦਾ ਹੈਂ ਤਾਂ ਇਸਨੂੰ, ਗੁਰ-ਚਰਨਾਂ ਵਿੱਚ ਧਰ ਦੇ।
ਜਿੰਦ ਸੁਖੀ ਜੇ ਲੋਚੇਂ ਕਰਨਾ, ਸਦਕੇ ਉਸ ਤੋਂ ਕਰ ਦੇ, ਹੂ।
੪. ਹੱਥ ਸਫਲ ਜੇ ਕਰਨਾ ਲੋੜੇਂ, ਫੜ ਲੈ ਉਸ ਦਾ ਪੱਲਾ।
ਪੈਰਾਂ ਵਿੱਚ ਜੇ ਸ਼ਕਤੀ ਤੇਰੇ, ਤੁਰ ਪਉ ਉਸ ਦੀ ਵੱਲਾ, ਹੂ।
੫. ਕੰਨ ਤੇਰੇ ਜੇ ਸੁਣ ਨੇ ਸਕਦੇ, ਸੁਣੀਂ ਸ਼ਬਦ ਨ ਦੂਜਾ।
ਜੀਭ ਤੇਰੀ ਜੇ ਬੋਲਣ ਜਾਣੇ, ਹਰ ਗੱਲ ਰੱਬ ਦੀ ਪੂਜਾ, ਹੂ।
੬. ਬਾਹਮਣ ਪੂਜੇ ਮੂਰਤਿ ਤਾਈਂ, ਖ਼ਾਨਗਾਹਾਂ ਨੂੰ ਮੁੱਲਾਂ।
ਹਰ ਥਾਂ ਵੇਖ ਪ੍ਰੇਮ-ਪਿਆਲਾ, ਮਸਤ ਹੋਵਾਂ, ਲਾ ਬੁੱਲ੍ਹਾਂ, ਹੂ।
੭. ਬਿਨ ਸਤਕਾਰੋਂ ਪੰਧ ਪ੍ਰਭੂ ਦੇ, ਪੈਰ ਕੋਈ ਜੇ ਪਾਵੇ।
ਬੰਦਾ ਉਹ ਮਨਸੂਰ ਦੇ ਵਾਂਗੂ, ਸੂਲੀ 'ਤੇ ਚੜ੍ਹ ਜਾਵੇ, ਹੂ।
੮. 'ਗੋਇਆ' ਵਾਂਗੂ ਮੁਖ ਤੇਰੇ 'ਚੋਂ, ਜੇ ਹਨ ਮੋਤੀ ਝੜਦੇ।
ਤਨ ਮਨ ਧਨ ਤੂੰ ਸਭ ਕਿਛ ਅਪਣਾ, ਵਾਰੀ ਗੁਰੂ ਤੋਂ ਕਰ ਦੇ, ਹੂ।

ਦਿਲ ਅਗਰ ਦਾਨਾ ਬਵਦ, ਅੰਦਰ ਕਿਨਾਰਸ਼ ਯਾਰ ਹਸ੍ਤ।
ਚਸ਼ਮ ਗਰ ਬੀਨਾ ਬਵਦ, ਦਰ ਹਰ ਤਰਫ਼ ਦੀਦਾਰ ਹਸ੍ਤ ॥੧॥

ਸ਼ਬਦਾਰਥ : ਅਗਰ—ਜੇ। ਦਾਨਾ—ਸਿਆਣਾ, ਸਮਝਦਾਰ। ਬਵਦ—ਹੋਵੇ। ਕਿਨਾਰ—ਬਗ਼ਲ, ਬੁਕਲ। ਸ਼—ਉਸ ਦੀ। ਹਸ੍ਤ—ਹੈ। ਚਸ਼ਮ—ਅੱਖ। ਬੀਨਾ—ਵੇਖਣ ਵਾਲੀ। ਦਰ—ਵਿਚ। ਹਰ ਤਰਫ਼—ਹਰ ਪਾਸੇ।

ਅਰਥ : ਜੇ ਆਦਮੀ ਦਾ ਦਿਲ ਸਿਆਣਾ ਹੋਵੇ (ਤਾਂ) ਉਸ ਦੀ ਬਗ਼ਲ (ਬੁੱਕਲ) ਵਿਚ (ਹੀ) ਯਾਰ (ਪਿਆਰਾ) ਹੈ। ਜੇਕਰ ਅੱਖ ਵੇਖਣ ਵਾਲੀ ਹੋਵੇ (ਤਾਂ) ਹਰ ਪਾਸੇ (ਪ੍ਰੀਤਮ ਦਾ) ਜਲਵਾ (ਦਰਸ਼ਨ) ਹੈ।

ਹਰ ਤਰਫ਼ ਦੀਦਾਰ, ਅੱਮਾ, ਦੀਦਾ-ਇ ਬੀਨਾ ਕੁਜਾਸ੍ਤ।
ਹਰ ਕੁਜਾ ਤੂਰ ਅਸ੍ਤ, ਹਰ ਸੂ ਸ਼ੋਲਾ-ਇ ਅਨਵਾਰ ਹਸ੍ਤ ॥੨॥

ਸ਼ਬਦਾਰਥ : ਅੱਮਾ—ਪਰੰਤੂ। ਦੀਦਾ—ਅੱਖ। ਬੀਨਾ—ਵੇਖਣ ਵਾਲੀ। ਕੁਜਾ—ਕਿਹ+ਜਾ—ਕਿੱਥੇ। ਹਰ ਸੂ—ਹਰ ਪਾਸੇ। ਸ਼ੋਲ੍ਹਾ—ਚੰਗਿਆੜਾ। ਅਨਵਾਰ—ਚਾਨਣਾ। ਤੂਰ—ਤੂਰ ਸੇਨਾ, ਫ਼ਲਸਤੀਨ ਵਿਚ ਇਕ ਪਰਬਤ ਹੈ ਜਿਥੇ ਹਜ਼ਰਤ ਮੂਸਾ ਪਰਦੇ ਪਿਛੇ ਖ਼ੁਦਾ ਨਾਲ ਗੱਲਾਂ ਕਰਿਆ ਕਰਦਾ ਸੀ ਤੇ ਜਿਥੇ ਉਸ ਨੂੰ ਪ੍ਰਕਾਸ਼ ਹੋਇਆ ਸੀ। ਰੱਬ ਦੇ ਪ੍ਰਕਾਸ਼ ਨਾਲ ਪਹਾੜ ਸੜ ਕੇ ਸੁਰਮਾ ਅਤੇ ਮੂਸਾ ਮੂਰਛਤ ਹੋ ਗਿਆ ਸੀ।

ਅਰਥ : (ਭਾਵੇਂ) ਹਰ ਪਾਸੇ ਰੱਬ ਦਾ ਦੀਦਾਰ ਹੈ; ਪਰੰਤੂ, ਵੇਖਣ ਵਾਲੀ ਅੱਖ ਕਿਥੇ ਹੈ ? (ਜਿਥੇ ਅਜਿਹੀ ਅੱਖ ਹੈ, ਉਥੇ ਉਸ ਲਈ) ਹਰ ਥਾਂ ਤੂਰ (ਪਰਬਤ) ਹੈ ਅਤੇ ਹਰ ਪਾਸੇ (ਰੱਬ ਦੇ) ਨੂਰ ਦੇ ਚੰਗਿਆੜੇ ਹਨ।

ਸਰ ਅਗਰ ਦਾਰੀ, ਬਰੌ, ਸਰ ਰਾ ਬਨਿਹ ਬਰ ਪਾਇ ਊ।
ਜਾਂ ਅਗਰ ਦਾਰੀ, ਨਿਸਾਰਸ਼ ਕੁਨ, ਅਗਰ ਦਰਕਾਰ ਹਸ੍ਤ ॥੩॥

ਸ਼ਬਦਾਰਥ : ਦਾਰੀ—ਤੂੰ ਰਖਦਾ ਹੈਂ। ਬਰੌ—ਤੁਰ, ਜਾ। ਰਾ—ਨੂੰ। ਬਨਿਹ—ਤੂੰ ਰਖ ਦੇ। ਬਰ—ਉਤੇ। ਪਾਇ ਊ—ਉਸ ਦੇ ਪੈਰ। ਜਾਂ—ਜਾਨ। ਨਿਸਾਰਸ਼ ਕੁਨ—ਉਸ ਤੋਂ ਵਾਰ ਦੇ। ਦਰਕਾਰ—ਕੰਮ ਆਉਣ ਯੋਗ।

ਅਰਥ : ਜੇ ਸਿਰ ਰਖਦਾ ਹੈਂ (ਜੇ ਸਹੀ ਦਿਲ ਦਿਮਾਗ਼ ਰਖਦਾ ਹੈਂ), (ਤਾਂ) ਜਾ (ਤੇ) ਸਿਰ ਨੂੰ ਉਸ (ਪ੍ਰੀਤਮ) ਦੇ ਚਰਨਾਂ ਉਤੇ ਟਿਕਾ ਦੇ। ਜੇ ਜਿੰਦ ਰਖਦਾ ਹੈਂ (ਤਾਂ) ਉਸ ਤੋਂ ਕੁਰਬਾਨ ਕਰ ਦੇ, (ਤਾਂ ਹੀ) ਇਹ ਕੰਮ ਆਉਣ ਯੋਗ (ਸਫਲ) ਸਮਝੀ ਜਾ ਸਕੇਗੀ।

ਦਸ੍ਤ ਗਰ ਦਾਰੀ, ਬਰੌ, ਦਾਮਾਨਿ ਜਾਨਾਂ ਰਾ ਬਗੀਰ।
ਸੂਏ ਊ ਮੇ ਰੌ, ਅਗਰ ਪਾ ਰਾ, ਸਰਿ ਰਫ਼ਤਾਰ ਹਸ੍ਤ ॥੪॥

ਸ਼ਬਦਾਰਥ : ਦਸ੍ਤ—ਹੱਥ। ਗਰ—ਜੇ। ਦਾਮਾਨਿ ਜਾਨਾਂ—ਪਿਆਰੇ ਦਾ ਪੱਲਾ। ਰਾ—ਨੂੰ। ਬ-ਗੀਰ—ਪਕੜ ਲੈ। ਸੂਏ ਊ—ਉਸ ਦੇ ਵੱਲ। ਮੇ ਰੌ—ਜਾ। ਪਾ ਰਾ—ਪੈਰਾਂ ਨੂੰ।

ਸਰਿ ਰਫ਼ਤਾਰ—ਤੁਰਨ ਦੀ ਸ਼ਕਤੀ।

ਅਰਥ : ਜੇ ਹੱਥ ਰਖਦਾ ਏਂ (ਹੱਥਾਂ ਦੀ ਯੋਗ ਵਰਤੋਂ ਕਰ ਕੇ ਇਨ੍ਹਾਂ ਨੂੰ ਸਫਲ ਬਣਾਉਣ ਦਾ ਇੱਛਕ ਹੈਂ), (ਤਾਂ) ਜਾ (ਤੇ) ਪਿਆਰੇ ਦਾ ਪੱਲਾ ਫੜ ਲੈ (ਪੱਲੇ ਲਗ ਜਾ)। ਜੇ ਪੈਰਾਂ ਵਿਚ ਤੁਰਨ ਦੀ ਸੱਤਾ ਰੱਖਦਾ ਹੈਂ ਤਾਂ ਉਸ (ਪ੍ਰੀਤਮ) ਵੱਲ ਤੁਰ ਕੇ ਜਾ (ਤਾਂ ਹੀ ਪੈਰ ਸਫਲ ਸਮਝੇ ਜਾਣਗੇ)।

ਗੋਸ਼ ਗਰ ਸ਼ਿਨਵਾ ਬਵਦ, ਜੁਜ਼ ਨਾਮਿ ਹੱਕ਼ ਕੈ ਬਿਸ਼ਨਵਦ।
ਗਰ ਜ਼ਬਾਂ ਗੋਇਆ ਬਵਦ, ਦਰ ਹਰ ਸੁਖ਼ਨ ਅਸਰਾਰ ਹਸ੍ਤ॥੫॥

ਸ਼ਬਦਾਰਥ : ਗੋਸ਼—ਕੰਨ। ਸ਼ਿਨਵਾ—ਸੁਣਨ ਵਾਲੇ। ਜੁਜ਼—ਸਿਵਾਏ, ਬਿਨਾਂ। ਨਾਮਿ ਹੱਕ਼—ਪਰਮਾਤਮਾ ਦਾ ਨਾਮ। ਕੈ—ਕਦੋਂ, ਕਿਸ ਸਮੇਂ ? ਬਿਸ਼ਨਵਦ—ਸੁਣਦਾ ਹੈ। ਗੋਇਆ—ਬੋਲਣ ਵਾਲੀ। ਸੁਖ਼ਨ—ਗੱਲ। ਅਸਰਾਰ—ਭੇਤ, ਰਹੱਸਯ।

ਅਰਥ : ਜੇ ਕੰਨ ਸੁਣਨ ਵਾਲਾ ਹੋਵੇ (ਤਾਂ) ਰੱਬ ਦੇ ਨਾਮ ਤੋਂ ਬਿਨਾਂ (ਹੋਰ ਕੁਝ) ਕਦੋਂ ਸੁਣਦਾ ਹੈ। ਜੇ ਜੀਭ ਬੋਲਣ ਵਾਲੀ ਹੋਵੇ ਤਾਂ ਹਰ ਗੱਲ ਵਿਚ ਰਹੱਸਯ ਹੈ (ਵਾਹਿਗੁਰੂ ਦੇ ਭੇਦ ਭਰੇ ਪਏ ਹਨ)।

ਬ੍ਰਾਹਮਨ ਮੁਸ਼ਤਾਕ਼ਿ ਬੁੱਤ, ਜ਼ਾਹਿਦ ਫ਼ਿਦਾਏ ਖ਼ਾਨਕ਼ਾਹ।
ਹਰ ਕੁਜਾ ਜਾਮਿ ਮੁਹੱਬਤ, ਦੀਦਾ-ਅਮ ਸਰਸ਼ਾਰ ਹਸ੍ਤ॥੬॥

ਸ਼ਬਦਾਰਥ : ਮੁਸ਼ਤਾਕ਼ਿ ਬੁੱਤ—ਮੂਰਤੀ ਦੀ ਚਾਹ (ਪੂਜਾ) ਕਰਨ ਵਾਲਾ। ਜ਼ਾਹਿਦ—ਰੱਬ ਦੇ ਰਾਹ ਉੱਤੇ ਟੁਰਨ ਵਾਲਾ, ਪਰਹੇਜ਼ਗਾਰ (ਇਥੇ ਭਾਵ ਹੈ ਸ਼ਰੱਈ ਮੁਲਾਣਿਆਂ ਤੋਂ)। ਫ਼ਿਦਾ—ਕੁਰਬਾਨ। ਖ਼ਾਨਕ਼ਾਹ—ਜਿਸ ਗੁੰਬਦ-ਦਾਰ ਮਕਾਨ ਵਿਚ ਕਬਰ ਬਣੀ ਹੋਈ ਹੋਵੇ। ਹਰ ਕੁਜਾ—ਹਰ ਥਾਂ। ਜਾਮਿ ਮੁਹੱਬਤ—ਮੁਹੱਬਤ ਦਾ ਪਿਆਲਾ। ਦੀਦਾ-ਅਮ—ਮੈਂ ਤੱਕਿਆ ਹੈ। ਸਰਸ਼ਾਰ—ਭਰਿਆ ਹੋਇਆ।

ਅਰਥ : ਬ੍ਰਾਹਮਣ (ਠਾਕੁਰ ਆਦਿ ਦੀਆਂ) ਮੂਰਤੀਆਂ ਦਾ ਚਾਹੁਣ ਵਾਲਾ (ਪੁਜਾਰੀ) ਹੈ ਅਤੇ ਮੁੱਲਾਂ ਖ਼ਾਨਗਾਹਾਂ ਤੋਂ ਕੁਰਬਾਨ ਹੁੰਦਾ ਹੈ। (ਪਰੰਤੂ) ਮੈਂ (ਤਾਂ) ਹਰ ਥਾਂ ਪ੍ਰੇਮ ਦਾ ਹੀ ਪਿਆਲਾ ਭਰਿਆ ਹੋਇਆ ਵੇਖਿਆ ਹੈ।

ਬੇ-ਅਦਬ ਪਾ ਰਾ ਮਨਿਹ, ਮਨਸੂਰਵਸ਼, ਦਰ ਰਾਹਿ ਇਸ਼ਕ।
ਰਹ ਰਵੇ, ਈਂ ਰਾਹਿ ਰਾ, ਅੱਵਲ ਕ਼ੱਦਮ ਬਰ ਦਾਰ ਹਸ੍ਤ॥੭॥

ਸ਼ਬਦਾਰਥ : ਮਨਿਹ (ਮ+ਨਿਹ)—ਨ ਰਖ। ਬੇਅਦਬ—ਸਤਿਕਾਰ ਤੋਂ ਬਿਨਾਂ। ਪਾ—ਕਦਮ। ਮਨਸੂਰਵਸ਼—ਮਨਸੂਰ ਵਾਂਗ। ਦਰ ਰਾਹਿ ਇਸ਼ਕ—ਪਿਆਰ ਦੇ ਰਸਤੇ ਵਿਚ। ਰਹ ਰਵੇ—ਰਾਹੀ, ਰਾਹ ਤੇ ਤੁਰਨ ਵਾਲੇ। ਈਂ—ਇਸ। ਬਰ—ਉਤੇ। ਦਾਰ—ਸੂਲੀ।

ਅਰਥ : ਮਨਸੂਰ ਵਾਂਗ ਪਿਆਰ ਦੇ ਰਾਹ ਵਿਚ ਸਤਿਕਾਰ ਰਹਿਤ ਹੋ ਕੇ ਪੈਰ ਨ ਰਖ। (ਕਿਉਂਕਿ) ਇਸ ਰਾਹ ਦੇ ਪਾਂਧੀਆਂ ਦਾ ਪਹਿਲਾ ਕ਼ਦਮ ਸੂਲੀ ਉਤੇ (ਹੁੰਦਾ) ਹੈ।

ਹਰ ਚਿ: ਦਾਰੀ ਦਰ ਬਸਾਤਿ ਖ਼ੁਦ, ਨਸਾਰੇ ਯਾਰ ਕੁਨ।
ਗਰ ਤੁਰਾ ਮਾਨਿੰਦ 'ਗੋਇਆ', ਤਬਾਅ ਗੌਹਰ-ਬਾਰ ਹਸ੍ਤ ॥੮॥

ਸ਼ਬਦਾਰਥ : ਹਰ ਚਿ–ਜੋ ਕੁਝ ਵੀ। ਦਾਰੀ–ਤੂੰ ਰਖਦਾ ਹੈਂ। ਬਸਾਤਿ ਖ਼ੁਦ–ਆਪਣੀ ਪੂੰਜੀ। ਦਰ–ਵਿਚ। ਨਸਾਰ–ਕੁਰਬਾਨ, ਵਾਰਨੇ। ਮਾਨਿੰਦ–ਵਾਂਗ। ਤਬਾਅ–ਸੁਭਾ। ਗੌਹਰ-ਬਾਰ–ਮੋਤੀ ਵਰਸਾਉਣ ਵਾਲਾ।

ਅਰਥ : ਜੇ ਤੇਰਾ ਸੁਭਾਅ 'ਗੋਇਆ' ਵਾਂਗ (ਆਤਮਕ ਬਚਨਾਂ ਦੇ) ਮੋਤੀ ਵਰਸਾਉਣ ਵਾਲਾ ਹੈ, (ਤਾਂ ਤੂੰ) ਜੋ ਕੁਝ ਵੀ ਆਪਣੀ ਪੂੰਜੀ ਵਜੋਂ ਰਖਦਾ ਹੈਂ, ਉਹ (ਸਭ ਕੁਝ) ਸੁਮਿੱਤਰ ਗੁਰੂ ਤੋਂ ਵਾਰਨੇ ਕਰ ਦੇ।

ਵਿਆਖਿਆ

ਇਸ ਗ਼ਜ਼ਲ ਵਿਚ ਪ੍ਰਭੂ ਦੀ ਸਰਬ ਵਿਆਪਕਤਾ, ਭਗਤੀ, ਗਿਆਨ ਤੇ ਵਿਸ਼ੇਸ਼ ਕਰਕੇ ਤਨ ਨਾਲ ਸੇਵਾ ਕਮਾਉਣ ਦੀ ਮਰਯਾਦਾ ਤੇ ਮਹਾਨਤਾ ਦਾ ਜ਼ਿਕਰ ਹੈ। 'ਸੇਵਾ ਤੋਂ ਮੇਵਾ' ਦੀ ਅਖੌਤ ਜਗਤ-ਪ੍ਰਸਿੱਧ ਹੈ। 'ਹਰ ਕਿ ਖ਼ਿਦਮਤ ਕਰਦ, ਓ ਮਖ਼ਦੂਮ ਸ਼ੁਦ। ਹਰ ਕਿ ਖ਼ੁਦ ਰਾ ਦੀਦ, ਓ ਮਹਰੂਮ ਸ਼ੁਦ।' (ਜਿਸ ਨੇ ਮਾਲਕ ਦੀ ਸੇਵਾ ਕੀਤੀ ਉਹ ਮਾਲਕ ਰੂਪ ਅਥਵਾ ਮਾਲਕ ਹੀ ਹੋ ਨਿਬੜਿਆ; ਪ੍ਰੰਤੂ, ਜੋ ਹਉਮੈ ਵਿਚ ਗ੍ਰਸਿਆ ਰਿਹਾ ਉਹ ਅਜਿਹੀ ਬਖ਼ਸ਼ਸ਼ ਤੋਂ ਵਾਂਝਾ ਰਿਹਾ) ਇਕ ਠੋਸ ਤੇ ਹੰਢੀ ਵਰਤੀ ਹਕੀਕਤ ਹੈ। ਇਸ ਲਈ ਭਾਈ ਸਾਹਿਬ ਵੀ ਉਨ੍ਹਾਂ ਹੱਥਾਂ, ਪੈਰਾਂ, ਕੰਨਾਂ ਤੇ ਜ਼ਬਾਨ ਨੂੰ ਸਫਲ ਗਿਣਦੇ ਹਨ ਜੋ ਆਪਣੇ ਆਪਣੇ ਥਾਂ, ਨੇਕ ਕੰਮ ਕਰਦੇ, ਮਿੱਤਰ ਵਲ ਤੁਰਦੇ, ਉਸ ਦਾ ਜ਼ਿਕਰ ਸੁਣਦੇ ਤੇ ਜੀਭ ਨਾਲ ਉਸ ਦੀ ਕੀਰਤੀ ਦੇ ਗੀਤ ਗਾਉਂਦੇ ਹਨ। ਵੇਖੋ, ਗ਼ਜ਼ਲ ਵਿਚਲੇ ਇਸ ਭਾਵ ਨੂੰ ਸਮਝਣ ਲਈ ਭੱਟ ਜਾਲਪ ਦਾ ਇਹ ਸਵੱਈਆ ਕਿਤਨਾ ਢੁੱਕਵਾਂ ਤੇ ਸਹਾਇਕ ਹੈ:

ਚਰਣ ਤ[1] ਪਰ ਸਕਯਥ, ਚਰਣ ਗੁਰ ਅਮਰ ਪਵਲਿਰਯ[2] ॥
ਹਥ ਤ ਪਰ ਸਕਯਥ, ਹਥ ਲਗਹਿ ਗੁਰ ਅਮਰ ਪਯ[3] ॥
ਜੀਹ[4] ਤ ਪਰ ਸਕਯਥ, ਜੀਹ ਗੁਰ ਅਮਰੁ ਭਣਿਜੈ[5] ॥
ਨੈਣ ਤ ਪਰ ਸਕਯਥ, ਨਯਣਿ ਗੁਰੁ ਅਮਰੁ ਪਿਖਿਜੈ[6] ॥
ਸ੍ਰਵਣ ਤ ਪਰ ਸਕਯਥ, ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ, ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥
ਸਕਯਥੁ ਸੁ ਸਿਰੁ, ਜਾਲਪੁ ਭਣੈ, ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥

(ਭਟਾਂ ਦੇ ਸਵਈਏ ਮ: ੩, ਪੰਨਾ ੧੩੯੪)

ਗੁਰਬਾਣੀ ਦੇ ਇਹ ਪ੍ਰਮਾਣ ਇਸ ਦਾਅਵੇ ਨੂੰ ਹੋਰ ਵੀ ਯਥਾਰਥ ਸਿੱਧ ਕਰਨ ਵਿਚ ਸਿਖ ਦੀ ਸਹਾਇਤਾ ਕਰਦੇ ਹਨ

(੧) **ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥**

(ਸਿਰੀ ਰਾਗੁ ਮ: ੧, ਪੰਨਾ ੨੬)

---

੧. ਤਦ ਸਫਲ ਹਨ। ੨. ਜਾਂਦੇ ਹਨ ਰਸਤੇ ਤੇ। ੩. ਪੈਰਾਂ ਨੂੰ। ੪. ਜੀਭ। ੫. ਕਹੇ, ਸਿਮਰੇ। ੬. ਦਰਸ਼ਨ ਕਰੇ।

(੨) **ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ, ਜੋ ਹਰਿ ਹਰਿ ਕਥਾ ਸੁਨਾਵੈ ॥**
(ਗਉੜੀ ਮ: ੪, ਪੰਨਾ ੧੭੨)

(੩) **ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥**
(ਸੁਖਮਨੀ ਸਾਹਿਬ, ਪੰਨਾ ੨੬੬)

(੪) **ਜੇਤੇ ਜੀਅ ਤੇਤੇ ਸਭਿ ਤੇਰੇ, ਵਿਣੁ ਸੇਵਾ ਫਲੁ ਕਿਸੈ ਨਾਹੀ॥**
(ਆਸਾ ਮ: ੧, ਪੰਨਾ ੩੫੪)

(੫) **ਵਿਣੁ ਸੇਵਾ ਧ੍ਰਿਗੁ ਹਥ ਪੈਰ, ਹੋਰ ਨਿਹਫਲ ਕਰਣੀ॥੧੦॥੨੭॥**
(ਭਾ: ਗੁਰਦਾਸ ਜੀ)

ਪਰੰਤੂ, ਸੇਵਾ ਜਿਤਨੀ ਮਹਾਨ ਤੇ ਫਲਦਾਇਕ ਹੈ, ਉਤਨੀ ਹੀ ਇਹ ਨਿਭਾਉਣੀ ਬਿਖਮ ਵੀ ਹੈ। ਜੇ ਮਨ, ਨਾਮ-ਲਿਵ ਛਡ ਕੇ, ਡਰ ਜਾਂ ਲਾਲਚ ਵਿੱਚ ਕਾਰ ਕਮਾਵੇਗਾ ਤਾਂ ਇਹ 'ਬਧਾ ਚੱਟੀ ਜੋ ਭਰੇ, ਨਾ ਗੁਣ ਨਾ ਉਪਕਾਰੁ' ਵਾਲੀ ਗੱਲ ਹੋਵੇਗੀ। ਸਫਲ ਸੇਵਾ, ਓਹੀ ਸੇਵਕ ਕਰ ਸਕਦੇ ਹਨ ਜਿਨ੍ਹਾਂ ਅੰਦਰ ਗੁਰੂ ਸਬਰ, ਸੰਤੋਖ ਦੇ ਗੁਣ ਵਸਾ ਕੇ, ਮਾਨ ਅਪਮਾਨ, ਲੋਕ-ਲਾਜ, ਵਿਖਾਵੇ ਤੇ ਮੰਦੇ ਚਲਨ ਦੇ ਔਗੁਣ ਬਾਹਰ ਕੱਢ ਮਾਰੇ। ਗੁਰਦੇਵ ਅਜਿਹੇ ਸੇਵਕ ਦੇ ਲੱਛਣ ਇਉਂ ਬਿਆਨ ਕਰਦੇ ਹਨ

(੧) **ਮਾਨ ਅਭਿਮਾਨ ਮੰਧੇ, ਸੋ ਸੇਵਕੁ ਨਾਹੀ॥**
ਤਤ ਸਮਦਰਸੀ ਸੰਤਹੁ, ਕੋਈ ਕੋਟਿ ਮੰਧਾਹੀ॥ *(ਸਿਰੀ ਰਾਗੁ ਮ: ੫, ਪੰਨਾ ੫੧)*

(੨) **ਸੇਵ ਕੀਤੀ ਸੰਤੋਖੀਈ, ਜਿਨ੍ਹੀ ਸਚੋ ਸਚੁ ਧਿਆਇਆ॥**
ਓਨ੍ਹੀ ਮੰਦੈ ਪੈਰੁ ਨ ਰਖਿਓ, ਕਰਿ ਸੁਕ੍ਰਿਤੁ ਧਰਮੁ ਕਮਾਇਆ॥
(ਆਸਾ ਕੀ ਵਾਰ, ਪੰਨਾ ੪੬੭)

(੩) **ਮੁਰਦਾ ਹੋਇ ਮੁਰੀਦੁ, ਨ ਗਲੀਂ ਹੋਵਣਾ॥**
ਸਾਬਰੁ ਸਿਦਕਿ ਸ਼ਹੀਦੁ, ਭਰਮ ਭਉ ਖੋਵਣਾ॥੧੮॥੩॥ *(ਭਾ: ਗੁਰਦਾਸ ਜੀ)*

ਗ਼ਜ਼ਲ ਵਿੱਚ, ਦੂਜੀ ਖ਼ਾਸ ਵਿਚਾਰ ਹੈ ਪ੍ਰਭੂ ਦੀ ਸਰਬ-ਵਿਆਪਕਤਾ ਤੇ ਹਰ ਪਾਸੇ ਉਸ ਦੇ ਨੂਰ ਦਾ ਜ਼ਹੂਰ ਹੋਣ ਦੀ। ਜੇ ਮਰੀਦ ਦਿਲ ਸਿਆਣਾ ਹੋਵੇ ਤਾਂ ਉਸ ਦੀ ਬਗ਼ਲ ਵਿਚ ਹੀ ਯਾਰ ਹੈ। 'ਬੁਲ੍ਹਿਆ ਤੈਥੋਂ ਵਖ ਨਹੀਂ, ਪਰ ਵੇਖਣ ਵਾਲੀ ਅੱਖ ਨਹੀਂ' ਵਾਲੀ ਹਾਲਤ ਹੈ ਕੁਝ ਅਸਾਡੀ। ਜੇ 'ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ' ਦੇ ਗੁਰਵਾਕ ਦੀ ਰੌਸ਼ਨੀ ਵਿਚ ਦੂਜੇ (ਅੰਦਰਲੇ) ਨੇਤਰ (ਗਿਆਨ-ਚਖਸ਼ੂ) ਖੁਲ੍ਹ ਜਾਣ ਤਾਂ ਹਰ ਪਾਸੇ ਰੱਬ ਦਾ ਹੀ ਜਲਵਾ ਤੇ ਨੂਰ ਦਿੱਸੇਗਾ। ਹਰ ਪਾਸੇ ਹਜ਼ਰਤ ਮੂਸਾ ਦਾ ਕੋਹ ਤੂਰ ਪ੍ਰਕਾਸ਼ੇਗਾ, ਤੇ ਪਰੀਪੂਰਨ ਪਰਮਾਤਮਾ ਸ਼ਾਹ-ਰਗ ਤੋਂ ਵੀ ਨੇੜੇ ਨਜ਼ਰੀਂ ਪਵੇਗਾ। ਫੇਰ, ਇਹ ਮੰਦਰਾਂ, ਮਸਜਦਾਂ ਤੇ ਖ਼ਾਨਕਾਹਾਂ ਦੀ ਕੈਦ ਤੇ ਸੰਕੀਰਣਤਾ ਦੇ ਝਗੜੇ ਖ਼ਤਮ ਹੋ ਜਾਣਗੇ। 'ਉਰਿਧਾਰੈ ਜੋ ਅੰਤਰਿ ਨਾਮੁ॥ ਸਰਬ ਮੈ ਪੇਖੈ ਭਗਵਾਨੁ' ਵਾਲੀ ਬਿਰਤੀ ਜਾਗੇਗੀ।

ਏਥੇ ਗੁਰਮਤਿ ਸਾਨੂੰ ਇਸ ਟਪਲੇ ਤੋਂ ਵੀ ਬਚਾਉਂਦੀ ਹੈ; ਜੋ ਚੁੰਚ ਗਿਆਨੀ, ਸਧਾਰਨ ਤੇ ਸਰਲ ਸੁਭਾ ਜਗਿਆਸੂਆਂ ਨੂੰ ਸ਼ੁਭ ਕਰਮਾਂ ਦੇ ਉੱਦਮ ਤੇ ਉਮਾਹ ਤੋਂ ਹਟਾ ਕੇ ਤੇ 'ਅਹੰ ਬ੍ਰਹਮ ਅਸਮੀ' (ਅਨਲਹਕ) ਦੇ ਫੋਕਟ ਜਾਪ ਵਿਚ ਪਰਚਾ ਕੇ ਔਝੜ ਪਾਉਂਦੇ ਹਨ। ਸਿੱਖੀ

ਵਿਚ ਤਾਂ ਜਿਉਂ ਜਿਉਂ ਸੂਰਜ ਚੜ੍ਹਦੀ ਹੈ ਤਿਉਂ ਤਿਉਂ ਮੈਂ, ਤੂੰ ਵਿਚ ਬਦਲਦੀ ਅਤੇ ਸੇਵਾ, ਟਹਿਲ, ਉਪਕਾਰ ਲਈ ਉਤੇਜਨਾ ਵਧਦੀ ਹੈ

ਬ੍ਰਹਮਗਿਆਨੀ ਪਰਉਪਕਾਰ ਉਮਾਹਾ ॥ *(ਸੁਖਮਨੀ ਸਾਹਿਬ, ਪੰਨਾ ੨੭੩)*

ਪਰੰਤੂ, ਸੱਚੇ ਸੇਵਕ ਥੀਵਣ ਲਈ ਸਿਖ ਨੂੰ ਕੁਰਬਾਨੀ ਦੀ ਇਕ ਮੰਜ਼ਲ ਹੋਰ ਵੀ ਤੈਅ ਕਰਨੀ ਪੈਂਦੀ ਹੈ। ਪਿਆਰ ਦੇਣ ਦਾ ਨਾਂ ਹੈ, ਲੋਭੀ ਤੇ ਸੁਆਰਥੀ ਹੋਣ ਦਾ ਨਹੀਂ। ਇਸ ਮਾਰਗ ਵਿੱਚ ਜੋ ਗਵਾਉਂਦਾ ਹੈ, ਉਹ ਪਾਉਂਦਾ ਹੈ। ਇਥੇ ਦਿਲਾਂ ਦੇ ਸੌਦੇ ਹੁੰਦੇ ਹਨ, ਦਿਲਾਂ ਨਾਲ। ਏਸੇ ਲਈ 'ਗੋਇਆ ਜੀ' ਪ੍ਰੀਤਵਾਨਾਂ ਨੂੰ ਪਿਆਰ-ਪ੍ਰੇਰਨਾ ਦੇਂਦੇ ਹਨ ਕਿ ਉਹ ਤਨ, ਮਨ ਤੇ ਧਨ ਸਭ ਕੁਝ ਮਿੱਤਰ-ਸਤਿਗੁਰੂ ਨੂੰ ਵਾਰ ਦੇਣ। ਫੇਰ ਵੇਖਣ, ਗੁਰਦੇਵ ਨਾਮ-ਧਨ ਦੀ ਦਾਤ ਨਾਲ ਕਿਵੇਂ ਉਨ੍ਹਾਂ ਨੂੰ ਮਾਲਾ ਮਾਲ ਤੇ ਅਭੇਦ ਕਰਦੇ ਹਨ।

.ਗ਼ਜ਼ਲ ਨੰ: ੭

ਅਜ਼ ਪੇਸ਼ਿ ਚਸ਼ਮ, ਆਂ ਬੁਤਿ ਨਾ-ਮਿਹਰਬਾਂ ਗੁਜ਼ੱਸ਼੍ਰ।
ਜਾਨਾਂ ਗੁਜ਼ੱਸ਼੍ਰ, ਤਾ ਜ਼ਿ ਰਹਿ ਦੀਦਹ, ਜਾਂ ਗੁਜ਼ੱਸ਼੍ਰ ॥੧॥

ਰੰਗਸ਼ ਕਬੂਦ ਕਰਦ, ਵ ਦਿਲ ਪੁਰ ਸ਼ਰਾਰਹ ਸਾਖ਼ਤ।
ਅਜ਼ ਬਸ ਕਿ: ਦੂਦਿ ਆਹਿ ਮਨ, ਅਜ਼ ਆਸਮਾਂ ਗੁਜ਼ੱਸ਼੍ਰ ॥੨॥

ਮਾ ਰਾ, ਬ-ਯੱਕ ਇਸ਼ਾਰਾ-ਇ ਅਬਰੂ, ਸ਼ਹੀਦ ਕਰਦ।
ਅਕਨੂੰ ਇਲਾਜ ਨੇਸ੍ਰ, ਕਿ: ਤੀਰ ਅਜ਼ ਕਮਾਂ ਗੁਜ਼ੱਸ਼੍ਰ ॥੩॥

ਯੱਕ ਦਮ ਬ-ਖ਼ੇਸ਼, ਰਾਹ ਨ ਬੁਰਦਮ ਕਿ: ਕੀਸਤਮ।
ਐ ਵਾਏ, ਨਕਦਿ ਜ਼ਿੰਦਗੀਅਮ, ਰਾਇਗਾਂ ਗੁਜ਼ੱਸ਼੍ਰ ॥੪॥

ਹਰਗਿਜ਼ ਬ-ਸੈਰਿ ਰੋਜ਼ਾ-ਇ ਰਿਜ਼ਵਾਂ, ਨਮੇ ਰਵਦ।
'ਗੋਇਆ', ਕਸੇ ਬਜਾਨਬਿ, ਕੂਏ ਬੁੱਤਾਂ ਗੁਜ਼ੱਸ਼੍ਰ ॥੫॥

ਪੰਜਾਬੀ ਕਾਵਿ ਅਨੁਵਾਦ

੧. ਮੇਰੇ ਨੈਣਾਂ ਅਗੋਂ ਲੰਘਿਆ, ਜਿਸ ਦਮ ਮੇਰਾ ਮਾਹੀ।
ਉਸ ਦੇ ਨਾਲ ਹੀ ਇਕ ਦਮ ਹੋ ਗਈ, ਜਿੰਦੜੀ ਮੇਰੀ ਰਾਹੀ, ਹੂ।

੨. ਆਹ ਮੇਰੀ ਦਾ ਧੂਆਂ ਉੱਡ ਕੇ, ਜਦ ਆਕਾਸ਼ੀਂ ਲੰਘਿਆ।
ਨਾਲ ਅੰਗਾਰਾਂ ਅੰਬਰ ਭਰਿਆ, ਨਾਲੇ ਨੀਲਾ ਰੰਗਿਆ, ਹੂ।

੩. ਸੈਨਤ ਮਾਰ ਕੇ ਅੱਖ ਦੀ ਮੈਨੂੰ, ਜ਼ਖ਼ਮੀ ਕੀਤਾ ਭਾਰਾ।
ਤੀਰ ਕਮਾਨੋਂ ਛੁੱਟੇ ਪਿੱਛੋਂ, ਚਲਦਾ ਨਹੀਂ ਕੋਈ ਚਾਰਾ, ਹੂ।

੪. ਮੈਂ ਕੀ ਹਾਂ? ਨਾ ਖੋਜ ਏਸ ਦੀ, ਇੱਕ ਪਲ ਵੀ ਮੈਂ ਕੀਤੀ।
ਹੁਣ ਪਛਤਾਇਆਂ ਬਣਦਾ ਕੀ ਹੈ? ਉਮਰਾ ਐਵੇਂ ਬੀਤੀ, ਹੂ।

੫. ਸੈਰ ਸੁਰਗ ਦੇ ਬਾਗਾਂ ਸੰਦੀ, 'ਗੋਇਆ' ਕਦੀ ਨਹੀਂ ਚਾਂਹਦਾ।
ਗਲੀ ਯਾਰ ਦੀ ਵਿੱਚੋਂ ਜਿਹੜਾ, ਇਕ ਵੇਰਾਂ ਲੰਘ ਜਾਂਦਾ, ਹੂ।

ਅਜ਼ ਪੇਸ਼ਿ ਚਸ਼ਮ, ਆਂ ਬੁਤਿ ਨਾ-ਮਿਹਰਬਾਂ ਗੁਜ਼ੱਸ਼੍ਰ।
ਜਾਨਾਂ ਗੁਜ਼ੱਸ਼੍ਰ, ਤਾ ਜ਼ਿ ਰਹਿ ਦੀਦਹ, ਜਾਂ ਗੁਜ਼ੱਸ਼੍ਰ ॥੧॥

ਸ਼ਬਦਾਰਥ : ਅਜ਼ ਪੇਸ਼ਿ ਚਸ਼ਮ—ਅੱਖਾਂ ਦੇ ਸਾਹਮਣਿਓਂ। ਆਂ—ਉਹ। ਬੁਤਿ ਨਾ-ਮਿਹਰਬਾਂ—ਬੇਦਰਦ (ਕਠੋਰ) ਮੂਰਤੀ, ਬੇਪਰਵਾਹ ਮਾਹੀ। ਗੁਜ਼ੱਸ਼੍ਰ—ਲੰਘ ਗਈ। ਜਾਨਾਂ—ਪਿਆਰਾ, ਮਿੱਤਰ। ਜ਼ਿ—ਤੋਂ। ਰਹਿ ਦੀਦਹ—ਅੱਖਾਂ ਦੇ ਰਸਤੇ। ਜਾਂ—ਜਿੰਦ।

ਅਰਥ : ਅੱਖਾਂ ਦੇ ਅਗੋਂ ਦੀ ਉਹ ਕਠੋਰ-ਚਿਤ ਮੂਰਤੀ, ਭਾਵ, ਬੇਪਰਵਾਹ ਮਾਹੀ ਲੰਘ ਗਿਆ। ਮਿੱਤਰ ਕੀ ਲੰਘਿਆ, ਨਾਲ ਹੀ ਅੱਖਾਂ ਰਾਹੀਂ ਜਿੰਦ ਹੀ ਨਿਕਲ ਗਈ।

ਰੰਗਸ਼ ਕਬੂਦ ਕਰਦ, ਵ ਦਿਲ ਪੁਰ ਸ਼ਰਾਰਹ ਸਾਖ਼ਤ।
ਅਜ਼ ਬਸ ਕਿ: ਦੂਦਿ ਆਹਿ ਮਨ, ਅਜ਼ ਆਸਮਾਂ ਗੁਜ਼ੱਸ਼੍ਰ ॥੨॥

ਸ਼ਬਦਾਰਥ : ਰੰਗਸ਼—ਰੰਗ ਉਸ ਦਾ। ਕਬੂਦ—ਨੀਲਾ। ਕਰਦ—ਕੀਤਾ। ਦਿਲਸ਼—ਦਿਲ ਉਸ ਦਾ। ਪੁਰ ਸ਼ਰਾਰ—ਚੰਗਿਆੜਿਆਂ (ਨਾਲ) ਭਰਿਆ ਹੋਇਆ। ਸਾਖ਼ਤ—ਬਣਾਇਆ। ਅਜ਼ ਬਸ ਕਿ—ਜਦ ਤੋਂ। ਦੂਦਿ—ਧੂੰਆਂ। ਆਹਿ ਮਨ—ਮੇਰੀ ਹਾ (ਦਰਦ ਭਰੇ ਸਾਹ ਜਾਂ ਹੂਕ)। ਅਜ਼—ਤੋਂ।

ਅਰਥ : ਜਦ ਮੇਰੀ ਆਹ ਦਾ ਧੂੰਆਂ ਆਕਾਸ਼ ਵਿਚੋਂ ਦੀ ਲੰਘਿਆ (ਤਾਂ ਉਸ ਨੇ) ਆਕਾਸ਼ ਦਾ ਰੰਗ ਨੀਲਾ ਕਰ ਦਿਤਾ, (ਅਤੇ) ਉਸ ਦਾ ਦਿਲ ਚੰਗਿਆੜਿਆਂ (ਤਾਰਿਆਂ) ਨਾਲ ਭਰ ਦਿੱਤਾ।

ਮਾ ਰਾ, ਬ-ਯੱਕ ਇਸ਼ਾਰਾ-ਇ ਅਬਰੂ, ਸ਼ਹੀਦ ਕਰਦ।
ਅਕਨੂੰ ਇਲਾਜ ਨੇਸ੍ਰ, ਕਿ: ਤੀਰ ਅਜ਼ ਕਮਾਂ ਗੁਜ਼ੱਸ਼੍ਰ ॥

ਸ਼ਬਦਾਰਥ : ਮਾ ਰਾ—ਸਾਨੂੰ। ਬ—ਨਾਲ। ਯੱਕ—ਇੱਕ। ਅਬਰੂ—ਭਰਵੱਟੇ। ਸ਼ਹੀਦ ਕਰਦ—ਸ਼ਹੀਦ (ਘਾਇਲ) ਕਰ ਦਿੱਤਾ। ਅਕਨੂੰ—ਹੁਣ। ਨੇਸ੍ਰ—ਨਹੀਂ ਹੈ। ਕਮਾਂ—ਕਮਾਨ, ਧਨਖ।

ਅਰਥ : (ਪ੍ਰੀਤਮ) ਨੇ ਸਾਨੂੰ ਭਰਵੱਟਿਆਂ ਦੀ ਇਕ ਸੈਨਤ ਨਾਲ ਸ਼ਹੀਦ ਕਰ ਦਿੱਤਾ (ਹੈ)। ਹੁਣ (ਕੋਈ) ਚਾਰਾ ਨਹੀਂ ਹੈ, ਜਦ ਕਿ (ਨੈਨਾਂ ਦੀ ਨਜ਼ਰ ਦਾ) ਤੀਰ ਭਰਵੱਟਿਆਂ ਦੀ ਕਮਾਨ ਵਿਚੋਂ ਚਲ ਚੁੱਕਾ (ਹੈ)।

ਯੱਕ ਦਮ ਬ-ਖ਼ੇਸ਼, ਰਾਹ ਨ ਬੁਰਦਮ ਕਿ: ਕੀਸਤਮ।
ਐ ਵਾਏ, ਨਕਦਿ ਜ਼ਿੰਦਗੀਅਮ, ਰਾਇਗਾਂ, ਗੁਜ਼ੱਸ੍ਰ ॥੪॥

ਸ਼ਬਦਾਰਥ : ਬ-ਖ਼ੇਸ਼ ਰਾਹ—ਆਪਣੇ ਰਾਹ ਵਲ, (ਆਪੇ ਵਲ)। ਨ ਬੁਰਦਮ—ਮੈਂ ਨਹੀਂ ਲੈ ਗਿਆ। ਕੀਸਤਮ—ਮੈਂ ਕੌਣ ਹਾਂ। ਐ—ਹੇ। ਵਾਏ—ਸ਼ੋਕ, ਅਫ਼ਸੋਸ। ਨਕਦਿ ਜ਼ਿੰਦਗੀਅਮ—ਮੇਰੀ ਜ਼ਿੰਦਗੀ ਦੀ ਨਕਦੀ (ਪੂੰਜੀ)। ਰਾਇਗਾਂ—ਫ਼ਜ਼ੂਲ, ਬੇਅਰਥ।

ਅਰਥ : ਮੈਂ ਇਕ ਦਮ ਭਰ ਲਈ ਵੀ (ਆਪਣੇ ਆਪ ਨੂੰ) ਆਪੇ ਦੀ ਖੋਜ ਲਈ ਨਹੀਂ ਲੈ ਗਿਆ ਕਿ ਮੈਂ ਕੌਣ ਹਾਂ। ਸ਼ੋਕ (ਹੈ) ਕਿ ਮੇਰੀ ਜ਼ਿੰਦਗੀ ਦਾ ਸਰਮਾਇਆ ਬੇਅਰਥ ਚਲਾ ਗਿਆ।

ਹਰਗਿਜ਼ ਬ-ਸੈਰਿ ਰੋਜ਼ਾ-ਇ ਰਿਜ਼ਵਾਂ, ਨਮੇ ਰਵਦ।
'ਗੋਇਆ' ਕਸੇ ਬਜਾਨਬਿ, ਕੂਏ ਬੁੱਤਾਂ ਗੁਜ਼ੱਸ਼੍॥੫॥

ਸ਼ਬਦਾਰਥ : ਬ-ਸੈਰ—ਸੈਰ ਲਈ। ਰੋਜ਼ਾ—ਬਾਗ਼। ਰਿਜ਼ਵਾਂ—ਸਵਰਗ। ਨਮੇ ਰਵਦ—ਨਹੀਂ ਜਾਂਦਾ। ਕਸੇ ਕਿ—ਜਿਹੜਾ ਕੋਈ। ਜਾਨਬ—ਵਲ, ਪਾਸੇ। ਕੂਏ ਬੁੱਤਾਂ—ਪ੍ਰੀਤਮ ਦਾ ਕੂਚਾ, ਗਲੀ।

ਅਰਥ : ਐ ਗੋਇਆ, ਉਹ ਕਦੇ ਵੀ ਸਵਰਗਾਂ ਦੇ ਬਾਗ਼ ਦੀ ਸੈਰ ਨੂੰ ਨਹੀਂ ਜਾਂਦਾ, ਜਿਹੜਾ (ਇਕ ਵੇਰਾਂ) ਯਾਰ (ਗੁਰੂ ਮਿੱਤਰ) ਦੀ ਗਲੀ ਵਲ ਦੀ ਲੰਘ ਗਿਆ (ਫੇਰਾ ਪਾ ਬੈਠਾ ਹੈ)।

ਵਿਆਖਿਆ

ਇਸ ਗ਼ਜ਼ਲ ਵਿਚ ਪ੍ਰੀਤਮ ਦੇ ਵਿਛੋੜੇ ਕਾਰਨ ਵਾਪਰੀ ਬਿਹਬਲ ਅਵਸਥਾ ਦਾ ਬਿਆਨ ਹੈ। ਲਿਖਦੇ ਹਨ ਕਿ ਅੱਖਾਂ ਅਗੋਂ ਬੇਪਰਵਾਹੀ ਨਾਲ ਪ੍ਰੀਤਮ ਕੀ ਲੰਘਿਆ, ਇਕ ਤਰ੍ਹਾਂ ਨਾਲ ਅੱਖਾਂ ਰਾਹੀਂ ਜਾਨ ਬਾਹਰ ਨਿਕਲ ਤੁਰੀ।

ਪ੍ਰੀਤ-ਮੰਡਲ ਵਿਚ ਇਹ ਮਿਲਾਪ ਤੇ ਵਿਛੋੜੇ ਵਾਪਰਨੇ ਕੁਦਰਤੀ ਹਨ। ਸਾਰੇ ਸੰਸਾਰ ਦੀ ਕਾਰ ਸੰਜੋਗ ਤੇ ਵਿਜੋਗ ਦੇ ਧੁਰੇ ਦੁਆਲੇ ਘੁੰਮ ਰਹੀ ਹੈ। ਗੁਰਦੇਵ, ਜਪੁਜੀ ਵਿਚ, ਇਸ ਹਮਹਗੀਰ (ਵਿਆਪਕ) ਨੇਮ ਨੂੰ ਇਉਂ ਬਿਆਨਦੇ ਹਨ

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ, ਲੇਖੇ ਆਵਹਿ ਭਾਗ॥੨੯॥ *(ਜਪੁਜੀ ਸਾਹਿਬ)*

ਜਿਥੇ ਸੰਜੋਗ ਸੁਖਦਾਈ, ਸੁਹਾਵਣਾ ਤੇ ਹਰੇਕ ਦੀ ਲੋਚਾ ਹੈ, ਓਥੇ ਵਿਜੋਗ ਉਤਨਾ ਹੀ ਭਿਆਨਕ ਤੇ ਦੁਖਦਾਈ ਹੈ। ਇਸੇ ਲਈ ਗੁਰੂ ਜੀ ਜਦ ਚਾਰ ਵੱਡੇ ਦੁੱਖਾਂ ਦਾ ਵਰਨਣ ਕਰਦੇ ਹਨ ਤਾਂ ਇਸ ਨੂੰ ਪਹਿਲਾ ਅਸਥਾਨ ਦਿੰਦੇ ਹਨ। ਫ਼ੁਰਮਾਨ ਹੈ:

ਦੁਖੁ ਵੇਛੋੜਾ, ਇਕੁ ਦੁਖੁ ਭੂਖ॥ ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥ ਵੈਦ ਨ ਭੋਲੇ ਦਾਰੂ ਲਾਇ॥
(ਮਲਾਰ ਮ: ੧, ਪੰਨਾ ੧੨੫੬)

ਪ੍ਰੇਮੀਆਂ ਨੂੰ ਇਹ ਵਿਛੋੜਾ ਵਾਪਰਨਾ ਤੇ ਇਸ ਦਾ ਸੱਲ ਸਹਿਣਾ ਤਾਂ ਇਕ ਪਾਸੇ ਰਿਹਾ, ਇਸ ਦੇ ਨਾਮ-ਮਾਤਰ ਦੀ ਸਰੋਤ ਹੀ ਦੁੱਖਾਂ ਦਾ ਕਾਂਬਾ ਛੇੜਨ ਲਈ ਕਾਫ਼ੀ ਹੈ। ਗੁਰਵਾਕ ਹੈ

ਵਿਛੋੜਾ ਸੁਣੇ ਡੁਖੁ, ਵਿਣੁ ਡਿਠੇ ਮਰਿਓਦਿ॥ *(ਡਖਣੇ ਮ: ੫, ਪੰਨਾ ੧੧੦੦)*

ਪਰੰਤੂ, ਪ੍ਰਭੂ ਦੀ ਇਸ ਵਚਿੱਤਰ ਲੀਲ੍ਹਾ ਵਿਚ ਕੋਈ ਸ਼ੈ ਵੀ ਬਿਨਾਂ ਪ੍ਰਯੋਜਨ ਨਹੀਂ।

ਜਿਵੇਂ ਅੰਨ੍ਹੇਰਾ ਪ੍ਰਕਾਸ਼ ਦੀ, ਭੁੱਖ ਭੋਜਨ ਦੀ, ਤ੍ਰੇਹ ਪਿਆਸ ਦੀ ਪ੍ਰਤਿਭਾ, ਮਹਾਨਤਾ ਤੇ ਲੋੜ ਨੂੰ ਚਮਕਾਉਂਦੇ ਤੇ ਵਧਾਉਂਦੇ ਹਨ, ਤਿਵੇਂ ਵਿਛੋੜਾ ਨਾ ਕੇਵਲ ਮਿਲਾਪ ਦੀ ਮਿਠਾਸ ਨੂੰ ਵਧੀਕ ਅਨੰਦਾਇਕ ਹੀ ਬਣਾਉਂਦਾ ਹੈ, ਸਗੋਂ ਮਿਲਾਪ ਲਈ ਪੈਦਾ ਹੋਣ ਵਾਲੀ ਤੜਪ ਦਾ ਕਾਰਨ ਵੀ ਬਣਦਾ ਹੈ। ਏਸੇ ਲਈ ਸੂਫ਼ੀ ਸੰਤ, ਸ਼ੇਖ਼ ਫ਼ਰੀਦ ਜੀ ਨੇ ਇਸ ਨੂੰ 'ਸੁਲਤਾਨੁ ਬਿਰਹਾ' ਕਰਕੇ ਵਡਿਆਇਆ ਹੈ। ਉਨ੍ਹਾਂ ਦਾ ਪਾਕ ਕਥਨ ਹੈ

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ, ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥

(ਪੰਨਾ ੧੩੭੯)

ਭਾਈ ਸਾਹਿਬ ਦਾ ਹੋਰਥੇ ਆਪਣਾ ਕਥਨ ਹੈ

ਬਾ ਹਿਜਰ ਆਸ਼ਨਾ ਸ਼ੋ, ਗਰ ਤਾਲਬਿ ਵਸਾਲੀ ॥

(ਜੇ ਤੂੰ ਮਿਲਾਪ ਦਾ ਇੱਛਕ ਹੈਂ ਤਾਂ ਵਿਛੋੜੇ ਤੋਂ ਵਾਕਿਫ਼ ਹੋ।)

ਬਿਰਹਾ ਕਾਰਨ ਉਪਜੇ ਵੈਰਾਗ ਵਿਚ ਜਦ ਦਰਦ-ਮੰਦ ਦਿਲਾਂ ਦੀਆਂ ਆਹੀਂ ਆਕਾਸ਼ ਵਿੱਚਦੀ ਲੰਘੀਆਂ ਤਾਂ ਇਨ੍ਹਾਂ ਦੇ ਸੋਜ਼ ਤੇ ਸੇਕ ਨੇ ਉਸ ਦਾ ਰੰਗ ਨੀਲਾ ਕਰ ਦਿਤਾ ਤੇ ਚੰਗਿਆੜਿਆਂ ਨੇ ਤਾਰਿਆਂ ਦਾ ਰੂਪ ਧਾਰ ਲਿਆ।

ਅਗੇ ਚਲ ਕੇ, ਭਾਈ ਸਾਹਿਬ, ਪ੍ਰੇਮ-ਪੰਧ ਦੇ ਪੰਧਾਊ ਨੂੰ ਸਲਾਹ ਦਿੰਦੇ ਹਨ ਕਿ ਉਸ ਨੇ ਜੀਵਨ ਦੀ ਪੂੰਜੀ ਬਚਾਉਣ ਅਤੇ ਪ੍ਰੀਤਮ ਨੂੰ ਦਿਲ-ਸਿੰਘਾਸਣ ਉਤੇ ਬਿਰਾਜਮਾਨ ਕਰਨ ਲਈ ਆਪੇ ਦੀ ਖੋਜ ਕਰਨੀ ਹੈ, 'ਭਰਮ ਦੀ ਕਾਈ' ਮਿਟਾਉਣ ਲਈ 'ਆਪਾ ਚੀਨਣਾ' ਹੈ। ਫੇਰ, ਇਹ ਰੰਕ ਨਹੀਂ, ਰਾਜਾ ਬਣ ਜਾਏਗਾ, ਫ਼ਰਸ਼ੀ ਤੋਂ ਅਰਸ਼ੀ ਹੋ ਜਾਵੇਗਾ ਤੇ ਨਾਰੀ ਤੋਂ ਨੂਰੀ। ਆਪਣੇ ਆਪ ਨੂੰ ਮਿੱਟੀ ਦੀ ਮੜ੍ਹੋਲੀ ਸਮਝਣ ਦੀ ਥਾਂ ਜੋਤਿ-ਸਰੂਪੀ ਸਮਝੇਗਾ। ਬਹਿਸ਼ਤੀ ਬਾਗਾਂ ਦੀ ਸੈਰ ਕਰਨ ਦੀ ਥਾਂ ਪ੍ਰੀਤਮ ਦੇ ਕੂਚੇ ਦੀ ਸੈਰ ਲਈ ਤਾਂਘੇਗਾ। ਈਮਾਨ ਨੂੰ ਕਮਜ਼ੋਰ ਕਰਨ ਵਾਲੀਆਂ ਵਸਤਾਂ ਦੇ ਲਾਰੇ ਇਸ ਨੂੰ, ਮ੍ਰਿਗ-ਤ੍ਰਿਸ਼ਨਾ ਵੱਤ, ਥੋਥੇ, ਛਲਾਊ ਤੇ ਦੁਖਦਾਈ ਵਿਖਾਈ ਦੇਣਗੇ। ਫੇਰ ਇਹ, 'ਚਰਨ ਕਮਲਾਂ' ਦੀ ਮੌਜ ਤੋਂ ਦੁਨੀਆਵੀ ਐਸ਼ੂਰਜ ਤਾਂ ਕੀ, 'ਮੁਕਤੀਆਂ' ਨੂੰ ਵਾਰਨ ਲਈ ਬਿਹਬਲ ਵੀ ਦਿੱਸੇਗਾ, ਤੇ ਅਰਸ਼ੀ ਬਾਣੀ ਦੇ ਇਹ ਮਹਾਵਾਕ ਇਸ ਦੀ ਸਦੀਵੀ ਅਗਵਾਈ ਲਈ ਰਾਹ-ਦੀਪ ਹੋਣਗੇ

(ੳ) **ਰਾਜੁ ਨ ਚਾਹਉ, ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ ॥**

(ਦੇਵਗੰਧਾਰੀ ਮ: ੫, ਪੰਨਾ ੫੩੪)

(ਅ) **ਓਹਾ ਪ੍ਰੇਮ ਪਿਰੀ ॥੧॥ਰਹਾਉ॥** (ਮੈਨੂੰ ਤਾਂ ਓਹੀ ਪਿਆਰੇ ਦਾ ਪ੍ਰੇਮ ਚਾਹੀਦਾ ਹੈ)
ਕਨਿਕ, ਮਾਣਿਕ, ਗਜ, ਮੋਤੀਅਨ, ਲਾਲਨ, ਨਹ ਨਾਹ ਨਹੀ ॥੧॥
ਰਾਜ ਨ, ਭਾਗ ਨ, ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥੨॥

(ਆਸਾ ਮ: ੫, ਪੰਨਾ ੪੦੬)

ਗ਼ਜ਼ਲ ਨੰਬਰ ੮

ਬਦਰ, ਦਰ ਪੇਸ਼ਿ ਰੁਖ਼ਤ, ਸ਼ਰਮਿੰਦਾ ਅਸ੍ਰ।
ਬਲਕਿ, ਖ਼ੁਰਸ਼ੀਦਿ ਜਹਾਂ, ਹਮ ਬੰਦਾ ਅਸ੍ਰ ॥੧॥

ਚਸ਼ਮਿ ਮਾ, ਹਰਗਿਜ਼ ਬ.ਗ਼ੈਰ ਅਜ਼ ਹੱਕ਼ ਨ ਦੀਦ।
ਐ ਖ਼ੁਸ਼ਾ ਚਸ਼ਮੇ, ਕਿ: ਹੱਕ਼ ਬੀਨੰਦਹ ਅਸ੍ਰ ॥੨॥

ਮਾ ਨਮੇ ਲਾਫ਼ੇਮ, ਅਜ਼ ਜ਼ੁਹਦੋ ਰਯਾ॥
ਗਰ ਗੁਨਹਗਾਰੇਮ, ਹੱਕ਼ ਬਖ਼ਸ਼ੰਦਾ ਅਸ੍ਰ ॥੩॥

ਦੀਗਰੇ ਰਾ, ਅਜ਼ ਕੁਜਾ, ਆਰੇਮ ਮਾ।
ਸ਼ੋਰ ਦਰ ਆਲਮ, ਯਕੇ ਅਫ਼ਗੰਦਾ ਅਸ੍ਰ ॥੪॥

ਹਰਫ਼ਿ ਗ਼ੈਰ, ਅਜ਼ ਹੱਕ਼, ਨਿਆਇਦ ਹੇਚ-ਗਾਹ।
ਬਰ ਲਬਿ 'ਗੋਇਆ', ਕਿ ਹੱਕ਼ ਬਖ਼ਸ਼ੰਦਾ ਅਸ੍ਰ ॥੫॥

ਪੰਜਾਬੀ ਕਾਵਿ ਅਨੁਵਾਦ

੧. ਸੂਰਤ ਤੇਰੀ ਦੇਖ ਕੇ ਪ੍ਰੀਤਮ, ਚੰਦ ਪਿਆ ਸ਼ਰਮਾਵੇ।
ਸੂਰਜ ਵੀ ਬਣ ਬਰਦਾ ਤੇਰਾ, ਸ਼ੋਭਾ ਜਗ ਤੇ ਪਾਵੇ, ਹੂ।

੨. ਅੱਖ ਮੇਰੀ ਹੈ ਭਾਗਾਂ ਵਾਲੀ, ਨਿੱਤ ਪਿਆਰਾ ਤੱਕੇ।
ਵੇਖ ਲਵੇ ਜੇ ਪ੍ਰੀਤਮ ਪਿਆਰਾ, ਗ਼ੈਰਾਂ ਵੱਲੋਂ ਝੱਕੇ, ਹੂ।

੩. ਰਸਮੀ ਸਿਮਰਨ, ਭਜਨ ਪਾਠ ਤੇ, ਸਾਨੂੰ ਮਾਣ ਨ ਕਾਈ।
ਜੇ ਹਾਂ ਪਾਪੀ, ਅਉਗੁਣਹਾਰੇ, ਬਖ਼ਸ਼ਣਹਾਰਾ ਮਾਹੀ, ਹੂ।

੪. ਰੱਬ ਦੇ ਬਾਝੋਂ ਦੂਜਾ ਕੋਈ, ਹੋਰ ਕਿਥੋਂ ਲੈ ਆਈਏ।
ਜੱਗ ਵਿੱਚ ਰੌਲਾ ਵੇਖ ਇੱਕੋ ਦਾ, ਗੀਤ ਓਸਦੇ ਗਾਈਏ, ਹੂ।

੫. ਬਖ਼ਸ਼ਿਸ਼ ਬਖ਼ਸ਼ਣਹਾਰੇ ਸੰਦੀ, ਜਦ 'ਗੋਇਆ' ਤੇ ਹੋਈ।
ਬਾਝੋਂ ਪ੍ਰੀਤਮ 'ਗੋਇਆ' ਮੂੰਹੋਂ, ਤਦ ਗੱਲ ਨ ਨਿਕਲੇ ਕੋਈ, ਹੂ।

ਬਦਰ, ਦਰ ਪੇਸ਼ਿ ਰੁਖ਼ਤ, ਸ਼ਰਮਿੰਦਾ ਅਸ੍ਰ।
ਬਲਕਿ, ਖ਼ੁਰਸ਼ੀਦਿ ਜਹਾਂ, ਹਮ ਬੰਦਾ ਅਸ੍ਰ ॥੧॥

ਸ਼ਬਦਾਰਥ : ਬਦਰ—ਚੰਦਰਮਾ। ਪੇਸ਼ਿ ਰੁਖ਼ਤ—ਤੇਰੇ ਚਿਹਰੇ ਦੇ ਸਾਹਮਣੇ। ਰੁਖ਼+ਤ—ਤੇਰੇ ਚਿਹਰੇ। ਬਲਕਿ—ਸਗੋਂ। ਖ਼ੁਰਸ਼ੀਦਿ ਜਹਾਂ—ਜਹਾਨ ਦਾ ਸੂਰਜ। ਹਮ—ਵੀ। ਬੰਦਾ ਅਸ੍ਰ—ਦਾਸ ਹੈ, ਗ਼ੁਲਾਮ ਹੈ।

ਅਰਥ : ਤੇਰੇ ਚਿਹਰੇ (ਦੀ ਸੁੰਦਰਤਾ) ਅਗੇ ਚੰਦਰਮਾ ਸ਼ਰਮਿੰਦਾ (ਲੱਜਾਵਾਨ) ਹੈ, ਸਗੋਂ, ਜਹਾਨ ਦਾ ਸੂਰਜ ਵੀ (ਤੇਰਾ) ਦਾਸ ਹੈ।

ਚਸ਼ਮਿ ਮਾ, ਹਰਗਿਜ਼ ਬ.ਗ਼ੈਰ ਅਜ਼ ਹੱਕ਼ ਨ ਦੀਦ।
ਐ ਖ਼ੁਸ਼ਾ ਚਸ਼ਮੇ, ਕਿ: ਹੱਕ਼ ਬੀਨੰਦਹ ਅਸ੍ਰ ॥੨॥

ਸ਼ਬਦਾਰਥ : ਚਸ਼ਮਿ ਮਾ—ਸਾਡੀ ਅੱਖ। ਹਰਗਿਜ਼—ਕਦੀ ਵੀ ਨਾ, ਕਦਾਚਿਤ ਨਾ। ਅਜ਼—ਤੋਂ। ਬ.ਗ਼ੈਰ—ਬਿਨਾਂ। ਹੱਕ਼—ਪਰਮਾਤਮਾ। ਨ ਦੀਦ—ਨਹੀਂ ਵੇਖਿਆ। ਖ਼ੁਸ਼ਾ—ਖ਼ੁਸ਼-ਨਸੀਬ, ਸੁਭਾਗੀ। ਕਿ—ਜੋ। ਬੀਨੰਦਹ—ਵੇਖਣ ਵਾਲੀ।

ਅਰਥ : ਸਾਡੀ ਅੱਖ ਨੇ ਕਦਾਚਿਤ ਵੀ ਪਰਮਾਤਮਾ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਤੱਕਿਆ। ਹੇ ਅੱਖ, (ਤੂੰ) ਸੁਭਾਗੀ (ਹੈਂ) ਜੋ ਵਾਹਿਗੁਰੂ ਨੂੰ ਵੇਖਣ ਵਾਲੀ (ਵੇਖਦੀ) ਹੈਂ।

ਮਾ ਨਮੇ ਲਾਫ਼ੇਮ, ਅਜ਼ ਜ਼ੁਹਦੋ ਰਯਾ॥
ਗਰ ਗੁਨਹਗਾਰੇਮ, ਹੱਕ਼ ਬਖ਼ਸ਼ੰਦਾ ਅਸ੍ਰ ॥੩॥

ਸ਼ਬਦਾਰਥ : ਮਾ—ਮਨ ਦਾ ਬਹੁ-ਵਚਨ; ਅਸੀਂ। ਨਮੇ ਲਾਫ਼ੇਮ—ਲਾਫ਼ ਨਹੀਂ ਮਾਰਦੇ, ਅਭਿਮਾਨ ਨਹੀਂ ਕਰਦੇ। ਅਜ਼—ਉਤੇ, ਬਾਰੇ। ਜ਼ੁਹਦ—ਭਜਨ, ਬੰਦਗੀ। ਓ—ਵ—ਤੇ। ਰਯਾ—ਵਿਖਾਵਾ। ਗਰ—ਜੇਕਰ। ਗੁਨਹਗਾਰ—ਪਾਪੀ। ਏਮ—ਅਸੀਂ। ਗੁਨਹਗਾਰੇਮ—ਅਸੀਂ ਪਾਪੀ ਹਾਂ। ਬਖ਼ਸ਼ੰਦਾ ਅਸ੍ਰ—ਬਖ਼ਸ਼ਣਹਾਰ ਹੈ।

ਅਰਥ : ਅਸੀਂ ਆਪਣੀ ਭਜਨ-ਬੰਦਗੀ ਤੇ ਵਿਖਾਵੇ ਉਤੇ ਮਾਨ ਅਭਿਮਾਨ ਨਹੀਂ ਕਰਦੇ। (ਸਾਡਾ ਨਿਸਚਾ ਹੈ ਕਿ) ਜੇ ਅਸੀਂ ਪਾਪੀ ਹਾਂ ਤਾਂ (ਸਾਡਾ) ਸੱਚ ਸਰੂਪ ਪ੍ਰੀਤਮ ਅਵੱਸ਼ ਬਖ਼ਸ਼ਣਹਾਰ ਹੈ।

ਦੀਗਰੇ ਰਾ, ਅਜ਼ ਕੁਜਾ, ਆਰੇਮ ਮਾ।
ਸ਼ੋਰ ਦਰ ਆਲਮ, ਯਕੇ ਅਫ਼ਗੰਦਾ ਅਸ੍ਰ ॥੪॥

ਸ਼ਬਦਾਰਥ : ਦੀਗਰੇ ਰਾ—ਹੋਰ ਨੂੰ, ਦੂਜੇ ਨੂੰ। ਅਜ਼ ਕੁਜਾ—ਅਜ਼ ਕਿ ਜਾ—ਕਿਸ ਥਾਂ ਤੋਂ, ਕਿਥੋਂ। ਆਰੇਮ ਮਾ—ਅਸੀਂ ਲੈ ਆਈਏ। ਸ਼ੋਰ—ਰੌਲਾ ਗੌਲਾ (ਚਰਚਾ, ਜ਼ਿਕਰ)। ਯਕੇ—ਇਕ ਨੇ। ਅਫ਼ਗੰਦਾ ਅਸ੍ਰ—ਸੁੱਟਿਆ ਹੈ, ਪੈਦਾ ਕੀਤਾ ਹੋਇਆ ਹੈ। ਆਲਮ—ਦੁਨੀਆਂ, ਜਹਾਨ।

ਅਰਥ : ਕਿਸੇ ਦੂਜੇ ਨੂੰ ਅਸੀਂ ਕਿਥੋਂ ਲੈ ਆਈਏ, (ਜਦ ਕਿ) ਦੁਨੀਆ ਵਿਚ ਇਕੋ

(ਵਾਹਿਗੁਰੂ ਪ੍ਰੀਤਮ) ਦਾ ਹੀ ਸ਼ੋਰ ਹੈ (ਭਾਵ, ਸਾਨੂੰ ਆਪਣੇ ਪ੍ਰੀਤਮ ਤੋਂ ਬਿਨਾਂ ਹੋਰ ਕੁਝ ਨਹੀਂ ਦਿਸਦਾ, ਹਰ ਪਾਸੇ ਉਸੇ ਦੀਆਂ ਅਵਾਜ਼ਾਂ ਆ ਰਹੀਆਂ ਹਨ ਤੇ ਉਹੀ ਇਸ ਵਿਸ਼ਾਲ ਸਾਰੀ ਹਿਲ-ਜੁਲ ਦਾ ਮੂਲ ਕਾਰਨ ਹੈ)।

ਹਰਫ਼ਿ ਗ਼ੈਰ, ਅਜ਼ ਹੱਕ, ਨਿਆਇਦ ਹੇਚ-ਗਾਹ।
ਬਰ ਲਬਿ 'ਗੋਇਆ', ਕਿ ਹੱਕ ਬਖ਼ਸ਼ੰਦਾ ਅਸ੍ਤ ॥੫॥

ਸ਼ਬਦਾਰਥ : ਹਰਫ਼ਿ ਗ਼ੈਰ—ਦੂਜਾ ਹਰਫ਼, ਹੋਰ ਅੱਖਰ ਜਾਂ ਗੱਲ। ਨਿਆਇਦ ਨਹੀਂ ਹੁੰਦੀ। ਹੇਚ-ਗਾਹ—ਕਦੀ ਵੀ। ਬਰ—ਉਤੇ। ਬਰ ਲਬਿ 'ਗੋਇਆ'—ਗੋਇਆ ਦੇ ਬੁਲ੍ਹਾਂ ਉਤੇ।

ਅਰਥ : ਵਾਹਿਗੁਰੂ ਤੋਂ ਸਿਵਾਏ ਹੋਰ (ਕੋਈ) ਗੱਲ 'ਗੋਇਆ' ਦੇ ਬੁੱਲ੍ਹਾਂ ਉਤੇ ਨਹੀਂ ਆਉਂਦੀ। (ਮੂੰਹੋਂ ਨਹੀਂ ਨਿਕਲਦੀ), ਕਿਉਂਕਿ, (ਉਹ ਨਿਸਚੇ ਜਾਣਦਾ ਹੈ ਕਿ) ਵਾਹਿਗੁਰੂ ਬਖ਼ਸ਼ਣਹਾਰ ਹੈ।

ਵਿਆਖਿਆ

ਚੰਦ ਤੇ ਸੂਰਜ ਜਗਤ ਵਿਚ ਪ੍ਰਕਾਸ਼ ਦੇ ਸੋਮੇ ਮੰਨੀਂਦੇ ਹਨ ਅਤੇ ਸੰਸਕ੍ਰਿਤ ਦੇ ਗ੍ਰੀ ਧਾਤੂ ਤੋਂ ਨਿਕਲੇ 'ਗੁਰੂ' ਪਦ ਦੇ ਵੀ ਅਰਥ ਹਨ 'ਅੰਧੇਰੇ ਨੂੰ ਖਾ ਜਾਣ ਵਾਲਾ' ਅਥਵਾ 'ਪ੍ਰਕਾਸ਼ ਕਰਨ ਵਾਲਾ'। ਸੋ ਜਿਥੋਂ ਤਕ ਚਾਨਣ ਕਰਨ ਦੀ ਕਿਰਿਆ ਦਾ ਸੰਬੰਧ ਹੈ, ਗੁਰੂ ਜੋਤੀ ਤੇ ਚੰਦ ਸੂਰਜ ਦੋਵੇਂ ਅੰਧੇਰੇ ਦਾ ਵਿਨਾਸ਼ ਕਰਨ ਵਾਲੇ ਹਨ। ਪਰੰਤੂ, ਸਤਿਗੁਰੂ ਜੀ ਦਾ ਫ਼ੁਰਮਾਨ ਹੈ

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ ॥ *(ਆਸਾ ਕੀ ਵਾਰ, ਮ: ੨, ਪੰਨਾ ੪੬੩)*

ਸੈਂਕੜੇ ਚੰਦ ਤੇ ਹਜ਼ਾਰਾਂ ਸੂਰਜ ਚੜ੍ਹਨ ਦੇ ਬਾਵਜੂਦ ਵੀ ਗੁਰੂ ਤੋਂ ਬਿਨਾਂ ਇਹ ਅੰਨ੍ਹੇਰਾ ਕਿਉਂ ? ਇਸ ਭੇਤ ਨੂੰ ਜਾਣਨ ਲਈ ਚੰਦ ਸੂਰਜ ਤੇ ਗੁਰੂ ਦੇ ਨੂਰ ਵਿਚਲੇ ਅੰਤਰ ਨੂੰ ਜਾਣਨਾ ਜ਼ਰੂਰੀ ਹੈ

ਇਸ ਮਸਲੇ ਨੂੰ ਗਹੁ ਨਾਲ ਵੇਖਣ, ਵਿਚਾਰਨ ਨਾਲ ਗੁਰਾਂ ਦੇ ਪ੍ਰਕਾਸ਼ ਦੀ ਵਡਿਆਈ ਦਾ ਇਹ ਭੇਦ ਸਾਡੇ ਉਤੇ, ਕੁਝ ਇਸ ਤਰ੍ਹਾਂ ਖੁਲ੍ਹਦਾ ਹੈ

(੧) ਸੂਰਜ ਤੇ ਚੰਦ ਭਾਵੇਂ ਉਤਪਤੀ ਕਾਲ ਤੋਂ ਸੰਸਾਰ ਨੂੰ ਰੌਸ਼ਨੀ ਦਿੰਦੇ ਆਏ ਹਨ; ਪਰੰਤੂ, ਗੁਰੂ ਜੋਤੀ ਦੇ ਪਰਗਟ ਹੋਣ ਤੋਂ ਬਿਨਾਂ ਮਨੁੱਖੀ ਹਿਰਦਿਆਂ ਵਿਚਲਾ ਅਗਿਆਨ ਦਾ ਘੋਰ ਅੰਧੇਰਾ ਦੂਰ ਨਹੀਂ ਹੁੰਦਾ। ਬਾਹਰ ਦੀ ਮਾਦੀ ਰੌਸ਼ਨੀ ਨਾਲ ਅੰਦਰ ਦੀ ਜੋਤ ਨਹੀਂ ਜਗਦੀ ਅਤੇ ਇਹ ਜਗਣ ਤੋਂ ਬਿਨਾਂ ਅੰਦਰਲੇ ਤੇ ਆਪੇ ਦੀ ਸੂਝ ਨਹੀਂ ਪੈਂਦੀ। [1]ਮਾਇਆ-ਧਾਰੀ ਤਾਂ ਅੰਦਰੋਂ ਅਤਿ ਅੰਨ੍ਹਾ ਬੋਲਾ ਹੁੰਦਾ ਹੈ। ਇਹ ਗੁਰੂ ਦਾ ਪ੍ਰਕਾਸ਼ ਹੀ ਹੈ

---

੧. ਮਾਇਆਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ ਬਹੁ ਰੋਲਘਚੋਲਾ ॥ (ਮ ੩, ਪੰਨਾ ੩੧੩)

ਜੋ ਅਗਿਆਨਤਾ ਤੇ ਮਾਇਆ ਦੇ ਛੇੜ ਕਟਦਾ ਅਤੇ ਜੀਵਾਂ ਨੂੰ ਕਾਮ, ਕ੍ਰੋਧ ਆਦਿ ਚੋਰਾਂ ਠਗਾਂ ਤੋਂ ਬਚਾਉਂਦਾ ਹੈ, ਸੂਰਜ ਤੇ ਚੰਦ ਆਦਿ ਦਾ ਬਾਹਰਲਾ ਪ੍ਰਕਾਸ਼ ਨਹੀਂ ਬਚਾ ਸਕਦਾ

(੨) ਸੂਰਜ ਤੇ ਚੰਦ ਦਾ ਪ੍ਰਕਾਸ਼ ਕੇਵਲ ਬਾਹਰਲੀਆਂ ਅੱਖਾਂ ਵਾਲਿਆਂ ਲਈ ਹੈ, ਪਰੰਤੂ ਸਤਿਗੁਰੂ ਦਾ ਗਿਆਨ ਸਮੂਹ ਹਿਰਦਿਆਂ ਵਿਚ ਇਕ ਸਮਾਨ ਪ੍ਰਕਾਸ਼ ਕਰਦਾ ਹੈ। ਏਸੇ ਲਈ ਗੁਰਬਾਣੀ ਵਿਚ ਆਇਆ ਹੈ

ਅੰਧੇ ਏਹਿ ਨ ਆਖੀਅਨਿ, ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ, ਖਸਮਹੁ ਘੁਥੇ ਜਾਹਿ ॥ *(ਸਲੋਕ ਮ. ੨, ਪੰਨਾ ੯੫੪)*

(੩) ਸੂਰਜ ਤੇ ਚੰਦ ਦੀ ਰੁਸ਼ਨਾਈ ਤੇ ਤੇਜ ਸਵੇਰੇ, ਦੁਪਹਿਰੇ ਤੇ ਸ਼ਾਮੀ ਮੀਂਹ, ਅੰਨ੍ਹੇਰੀ ਆਦਿ ਦੇ ਕਾਰਨ ਘਟ ਵਧ ਹੁੰਦੀ ਰਹਿੰਦੀ ਹੈ। ਜੇ ਇਕ ਕੇਵਲ ਦਿਨ ਵੇਲੇ ਪ੍ਰਕਾਸ਼ ਕਰਦਾ ਹੈ ਤਾਂ ਦੂਜਾ ਕੇਵਲ ਰਾਤ ਨੂੰ, ਪਰੰਤੂ ਗੁਰੂ ਦੀ ਦਿਬ ਜੋਤੀ ਤਾਂ ਹਰ ਵੇਲੇ ਸਦਾ ਇਕੋ ਜਿਹਾ ਪ੍ਰਕਾਸ਼ ਕਰਦੀ ਹੈ। ਉਹ ਇਕ-ਰਸ ਹੈ।

ਚੰਦ ਸੂਰਜ ਦੀ ਗਰਦਿਸ਼ ਸਮਾਂ ਪੈਦਾ ਕਰਦੀ ਤੇ ਹਰੇਕ ਵਸਤੂ ਦੇ ਕਾਲ ਦਾ ਕਾਰਨ ਬਣਦੀ ਹੈ, ਜਦ ਕਿ ਗੁਰੂ-ਜੋਤੀ ਸਹਿਜ ਅਨੰਦ ਵਾਲਾ ਅਮਰ-ਜੀਵਨ ਬਖ਼ਸ਼ਦੀ ਹੈ। ਉਹ ਅ-ਕਾਲ ਹੈ।

(੪) ਇਕ ਵਿਸ਼ੇਸ਼ ਫ਼ਰਕ ਹੋਰ ਵੀ ਹੈ। ਜਿਥੇ ਸੂਰਜ ਦੀ ਰੌਸ਼ਨੀ ਹੁੰਦਿਆਂ ਸਾਰ ਹੀ ਸੁਰਤ ਖਿੰਡਣੀ ਤੇ ਮਨ ਵਿਚ ਤ੍ਰੰਗਾਂ ਚਲਣੀਆਂ ਅਰੰਭ ਹੋ ਜਾਂਦੀਆਂ ਹਨ, ਉਥੇ ਗੁਰਦੇਵ-ਜੋਤੀ ਖਿੰਡੀਆਂ ਬ੍ਰਿਤੀਆਂ ਨੂੰ ਇਕੱਠਾ ਕਰਦੀ ਤੇ ਸੁਰਤ ਨੂੰ ਬਲਵਾਨ ਬਣਾਉਂਦੀ ਹੈ। ਬਲਵਾਨ ਹੋਈ ਸੁਰਤ ਨੇ ਜਦ ਅੰਦਰ ਝਾਤੀ ਮਾਰੀ ਤਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਇਹ ਅਮਰ ਬਚਨ ਕਲਿਆਨ-ਕਾਰੀ ਦਿੱਸ ਆਏ

ਏ ਨੇਤ੍ਰਹੁ ਮੇਰਿਹੋ, ਹਰਿ ਤੁਮ ਮਹਿ ਜੋਤਿ ਧਰੀ, ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
(ਅਨੰਦੁ ਸਾਹਿਬ, ਪੰਨਾ ੯੨੨)

ਇਸ ਸੱਚਾਈ ਦੀ ਹੋਂਦ ਵਿੱਚ ਜੇ ਚੰਦ ਤੇ ਸੂਰਜ ਸਤਿਗੁਰੂ ਦੇ ਚਿਹਰੇ ਦੇ ਜਲਵੇ ਸਾਹਮਣੇ ਸ਼ਰਮਸਾਰ ਹੁੰਦੇ ਹਨ, ਤਾਂ ਹੈਰਾਨੀ ਕਾਹਦੀ ?

ਗ਼ਜ਼ਲ ਦੇ ਅੰਤ ਵਿਚ 'ਗੋਇਆ ਜੀ' ਨੇ ਹਉਮੈ-ਭਰਪੂਰ-ਭਜਨ ਤੇ ਵਿਖਾਵੇ ਦੇ ਜੀਵਨ ਤੋਂ ਤੌਬਾ ਕਰ ਕੇ, ਪ੍ਰਭੂ ਦੀ ਬਖ਼ਸ਼ਸ਼ ਦਾ ਤਰਲਾ ਮਾਰਿਆ ਤੇ ਪ੍ਰਣ ਕੀਤਾ ਹੈ ਕਿ ਮੈਂ ਕਦੀ ਕਿਸੇ ਗ਼ੈਰ ਦਾ ਨਾਂ ਆਪਣੀ ਜ਼ਬਾਨ ਉਤੇ ਨਹੀਂ ਲਿਆਵਾਂਗਾ। ਆਖ਼ਰ, ਇਹ ਜੋਦੜੀ ਕੁਝ ਇਸ ਤਰ੍ਹਾਂ ਦਾ ਰੂਪ ਧਾਰ ਲੈਂਦੀ ਹੈ

ਭਗਤ ਬਛਲ ਸੁਨਿ ਹੋਰ ਹੌਂ ਨਿਰਾਸ਼ ਰਿਦੈ,
ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੌਂ।
ਅੰਤ੍ਰਜਾਮੀ ਸੁਨਿ ਕੰਪਤ ਹੌਂ ਅੰਤਰਿ-ਗਤਿ,
ਦੀਨ ਕੈ ਦਯਾਲ ਸੁਨਿ, ਭੈ ਭਰਮ ਟਾਰ ਹੌਂ।

[illegible] [illegible] [illegible] [illegible] [illegible] [illegible]
[illegible] [illegible] [illegible] [illegible] है।
[illegible] [illegible] [illegible] [illegible] [illegible] [illegible] [illegible] [illegible]
[illegible] [illegible] [illegible] [illegible] [illegible] है। [illegible] [illegible] [illegible] [illegible] [illegible]

[illegible] ਸਿਰਮ ਕੈ ਅਨਕ ਜੋਨਿ ਭ੍ਰਮ,
ਅਵਗਨ ਗੁਨਹਿ ਗਨਤ ਪਾਰਾਵਾਰ ਹੈ।
ਆਪਨੀ ਕਰਨੀ ਕਰਿ ਨਰਕ ਹੂ ਨ ਪਾਵਉ ਠਉਰ,
ਤੁਮਰੇ ਬਿਰਦੁ ਕਰਿ ਆਸਰੋ ਸਮਾਰ ਹੈ। *(ਕਬਿਤ ਭਾ: ਗੁਰਦਾਸ ਜੀ, ੫੦੩)*

---

੧. [illegible]

.ਗ਼ਜ਼ਲ ਨੰਬਰ ੯

ਗਦਾਏ ਕੂਏ ਤੁਰਾ, ਮੈਲਿ ਬਾਦਸ਼ਾਹੀ, ਨੇਸ੍ਤ।
ਹਵਾਏ ਸਲਤਨਤੋਂ, ਸ਼ੌਕਿ਼ ਕਜਿ-ਕੁਲਾਹੀ ਨੇਸ੍ਤ ॥੧॥

ਹਰ ਆਂ ਕਿ ਮੁਮਲਕਤਿ ਦਿਲ ਗਰਿਫ਼ਤ, ਸੁਲਤਾਨ ਸ਼ੁਦ।
ਕਸੇ ਕਿ ਯਾਫ਼ਤ ਤੁਰਾ, ਹਮਚੂ ਓ ਸਪਾਹੀ ਨੇਸ੍ਤ ॥੨॥

ਗਦਾਏ ਦਰਗਹ ਤੋ, ਬਾਦਸ਼ਾਹਿ ਹਰ ਦੋ ਸਰਾਸ੍ਤ।
ਅਸੀਰਿ ਖ਼ਤਿ ਤੁਰਾ, ਹਾਜਤਿ ਰਹਾਈ ਨੇਸ੍ਤ ॥੩॥

ਕੁਦਾਮ ਦੀਦਹ, ਕਿ ਦਰਵੈ ਸਵਾਦਿ ਨੂਰਿ ਤੋ ਨੇਸ੍ਤ।
ਕੁਦਾਮ ਸੀਨਹ, ਕਿ ਓ ਮਖ਼ਜ਼ਨਿ ਅਲਾਹੀ ਨੇਸ੍ਤ ॥੪॥

ਫ਼ਿਦਾਏ ਓ ਸ਼ੌ, ਵ ਉਜ਼ਰੇ ਮਖ਼ਾਹ, ਐ 'ਗੋਇਆ'।
ਕਿ: ਦਰ ਤਰੀਕਤਿ ਮਾ, ਜਾਏ ਉਜ਼ਰ-ਖ਼ਾਹੀ ਨੇਸ੍ਤ ॥੫॥

ਪੰਜਾਬੀ ਕਾਵਿ ਅਨੁਵਾਦ

੧. ਦਰ ਤੇਰੇ ਦਾ ਮੰਗਤਾ ਪ੍ਰੀਤਮ, ਮੰਗੇ ਮੂਲ ਨ ਸ਼ਾਹੀ।
ਤਖ਼ਤ ਤਾਜ ਨੂੰ ਠੁੱਡੇ ਮਾਰੇ, ਪ੍ਰੇਮ-ਗਲੀ ਦਾ ਰਾਹੀ, ਹੂ।

੨. ਮਨ ਦੀ ਬਾਦਸ਼ਾਹਤ ਜੋ ਜਿੱਤੇ, ਸੋ ਸੁਲਤਾਨ ਸਦਾਏ।
ਜੋ ਨਰ ਕਰੇ ਪ੍ਰਾਪਤ ਤੈਨੂੰ, ਸੂਰਾ ਸੋਈ ਕਹਾਏ, ਹੂ।

੩. ਦਰ ਤੇਰੇ ਦੇ ਮੰਗਤੇ ਪਿੱਛੇ, ਫਿਰਦਾ ਰਾਜ ਦੋ ਆਲਮ।
ਤੇਰੇ ਰੂਪ ਦੀ ਕੈਦੋਂ ਬੰਦਾ, ਮੰਗਦਾ ਨਹੀਂ ਛੁਟਕਾਰਾ, ਹੂ।

੪. ਕਿਹੜੀ ਅੱਖ ਹੈ ਨੂਰ ਤੇਰੇ ਦਾ, ਸੁਰਮਾ ਜਿਸ ਨਹੀਂ ਪਾਇਆ।
ਕਿਹੜੇ ਸੀਨੇ ਵਿੱਚ ਨ ਦਿੱਸੇ, ਜਲਵਾ ਤੇਰਾ ਛਾਇਆ, ਹੂ।

੫. ਸਦਕੇ ਹੋ ਜਾ ਉਸ ਤੋਂ 'ਗੋਇਆ', ਛੱਡ ਬਹਾਨੇ-ਸਾਜ਼ੀ।
ਏਸ ਰਾਹ ਵਿੱਚ ਉਜ਼ਰ ਕੀਤਿਆਂ, ਜਿੱਤ ਨ ਸੱਕੀਏ ਬਾਜ਼ੀ, ਹੂ।

ਗਦਾਏ ਕੁਏ ਤੁਰਾ, ਮੈਲਿ ਬਾਦਸ਼ਾਹੀ ਨੇਸ੍ਰ।
ਹਵਾਏ ਸਲਤਨਤੋ, ਸ਼ੌਕਿ ਕਜਿ-ਕੁਲਾਹੀ ਨੇਸ੍ਰ ॥੧॥

ਸ਼ਬਦਾਰਥ : ਗਦਾ—ਮੰਗਤਾ, ਫ਼ਕੀਰ। ਕੁ—ਕੂਚਾ, ਗਲੀ। ਮੈਲ ਇੱਛਾ, ਖ਼ਾਹਸ਼। ਹਵਾ--ਖ਼ਾਹਸ਼, ਕਾਮਨਾ। ਕਜਿ ਕੁਲਾਹੀ—ਟੇਢੀ ਜਾਂ ਵਿੰਗੀ ਟੋਪੀ, ਸ਼ਾਹੀ ਤਾਜ। (ਈਰਾਨ ਦੇ ਬਾਦਸ਼ਾਹ ਸਿਰ ਉਤੇ ਵਿੰਗਾ ਕਰਕੇ ਤਾਜ ਰਖਿਆ ਕਰਦੇ ਹਨ। ਇਸ ਤੋਂ ਇਹ ਸ਼ਬਦ ਤਾਜ ਦੇ ਅਰਥਾਂ ਵਿਚ ਵਰਤਿਆ ਜਾਣ ਲਗਾ।)

ਅਰਥ : ਤੇਰੇ ਕੂਚੇ ਦੇ ਭਿਖਾਰੀ ਨੂੰ ਬਾਦਸ਼ਾਹੀ ਦੀ ਇੱਛਾ ਨਹੀਂ ਹੈ। (ਉਸ ਨੂੰ) ਨਾ ਰਾਜ ਦੀ ਕਾਮਨਾ ਹੈ, ਨਾ ਤਾਜ ਦੀ ਚਾਹ।

ਹਰ ਆਂ ਕਿ ਮੁਮਲਕਤਿ ਦਿਲ ਗਰਿਫ਼ਤ, ਸੁਲਤਾਨ ਸ਼ੁਦ।
ਕਸੇ ਕਿ ਯਾਫ਼ਤ ਤੁਰਾ, ਹਮਚੂ ਓ ਸਪਾਹੀ ਨੇਸ੍ਰ ॥੨॥

ਸ਼ਬਦਾਰਥ : ਹਰ ਆਂ ਕਿ—ਜਿਸ ਕਿਸੇ ਨੇ (ਵੀ)। ਮੁਮਲਕਤਿ ਦਿਲ—ਦਿਲ ਦੀ ਬਾਦਸ਼ਾਹੀ। ਗਰਿਫ਼ਤ—ਪਕੜੀ (ਪਾਈ)। ਸੁਲਤਾਨ--ਰਾਜਾ। ਸ਼ੁਦ—ਹੋ ਗਿਆ। ਕਸੇ ਕਿ—ਜਿਸ ਕਿਸੇ ਨੇ। ਯਾਫ਼ਤ—ਪ੍ਰਾਪਤ ਕਰ ਲਿਆ। ਤੁਰਾ—ਤੈਨੂੰ। ਹਮਚੂ—ਵਰਗਾ, ਜਿਹਾ। ਓ—ਉਸ ਦੇ। ਨੇਸ੍ਰ—ਨਹੀਂ ਹੈ।

ਅਰਥ : ਜਿਸ ਨੇ ਦਿਲ ਦੀ ਰਾਜਧਾਨੀ ਪਾ ਲਈ, ਭਾਵ ਮਨ 'ਤੇ ਕਾਬੂ ਪਾ ਲਿਆ, ਉਹ ਬਾਦਸ਼ਾਹ ਹੋ ਗਿਆ। ਜਿਸ ਨੇ ਤੈਨੂੰ ਪ੍ਰਾਪਤ ਕਰ ਲਿਆ, ਉਸ ਜਿਹਾ (ਹੋਰ) ਕੋਈ ਜੋਧਾ ਨਹੀਂ।

ਗਦਾਏ ਦਰਗਹ ਤੋ, ਬਾਦਸ਼ਾਹਿ ਹਰ ਦੋ ਸਰਾਸ੍ਰ।
ਅਸੀਰਿ ਖ਼ਤਿ ਤੁਰਾ, ਹਾਜਤਿ ਰਹਾਈ ਨੇਸ੍ਰ ॥੩॥

ਸ਼ਬਦਾਰਥ : ਦਰਗਹ ਤੋ—ਤੇਰੀ ਦਰਗਾਹ (ਦਰਬਾਰ)। ਹਰ ਦੋ—ਦੋਵੇਂ। ਸਰਾਸ੍ਰ—(ਸਰ+ਅਸ੍ਰ) ਲੋਕ ਹਨ। ਅਸੀਰ—ਬੰਦੀ, ਕੈਦੀ। ਖ਼ਤ—ਉਹ ਮਸ ਜੋ ਮਰਦ ਦੇ ਚਿਹਰੇ ਉਤੇ ਦਾੜ੍ਹੀ ਮੁਛ ਆਉਣ ਤੋਂ ਪਹਿਲਾਂ ਫੁਟਦੀ ਹੈ। ਹਾਜਤ—ਲੋੜ। ਰਹਾਈ—ਛੁਟਕਾਰਾ, ਰਿਹਾਈ।

ਅਰਥ : ਤੇਰੇ ਕੂਚੇ ਦਾ ਭਿਖਾਰੀ (ਮੰਗਤਾ) ਦੋ ਲੋਕਾਂ (ਲੋਕ ਪਰਲੋਕ) ਦਾ ਬਾਦਸ਼ਾਹ ਹੈ। ਤੇਰੇ (ਮਸ-ਫੁਟ) ਸੁੰਦਰ ਮੁਖੜੇ ਦੇ ਦਰਸ਼ਨਾਂ ਦੇ ਕੈਦੀ ਨੂੰ ਰਿਹਾਈ ਦੀ ਲੋੜ ਨਹੀਂ ਹੈ।

ਕੁਦਾਮ ਦੀਦਹ, ਕਿ ਦਰਵੈ ਸਵਾਦਿ ਨੂਰਿ ਤੋ ਨੇਸ੍ਰ।
ਕੁਦਾਮ ਸੀਨਹ, ਕਿ ਓ ਮਖ਼ਜ਼ਨਿ ਅਲਾਹੀ ਨੇਸ੍ਰ ॥੪॥

ਸ਼ਬਦਾਰਥ : ਕੁਦਾਮ—ਕਿਹੜੀ ? ਦੀਦਹ—ਅੱਖ। ਕਿ ਦਰਵੈ—ਕਿ ਜਿਸ ਵਿਚ। ਸਵਾਦਿ ਨੂਰ ਤੋ—ਤੇਰੇ ਪ੍ਰਕਾਸ਼ ਦਾ ਸੁਰਮਾ। ਸੀਨਹ—ਛਾਤੀ। ਮਖ਼ਜ਼ਨਿ ਅਲਾਹੀ—ਰੱਬੀ (ਨੂਰ ਦਾ) ਖ਼ਜ਼ਾਨਾ।

ਅਰਥ : ਉਹ ਕਿਹੜੀ ਅੱਖ ਹੈ ਜਿਸ ਵਿਚ ਤੇਰੇ ਨੂਰ ਦਾ ਸੁਰਮਾ ਨਹੀਂ ਹੈ। ਉਹ ਕਿਹੜੀ ਛਾਤੀ (ਦਿਲ) ਹੈ ਜਿਹੜੀ ਰੌਸ਼ਨੀ (ਤੇਰੇ ਦਾ, ਨੂਰ ਦਾ) ਮਸਤਾਨੀ ਨਹੀਂ ਹੈ।

ਫ਼ਿਦਾਏ ਓ ਸ਼ੌ, ਵ ਉਜ਼ਰੇ ਮਖ਼ਾਹ, ਐ 'ਗੋਇਆ'।
ਕਿ: ਦਰ ਤਰੀਕਤਿ ਮਾ, ਜਾਏ ਉਜ਼ਰ-ਖ਼ਾਹੀ ਨੇਸ੍ਰ ॥੫॥

ਸ਼ਬਦਾਰਥ : ਫ਼ਿਦਾ—ਕੁਰਬਾਨ, ਵਾਰੀ। ਓ—ਉਸ ਤੋਂ। ਸ਼ੌ—ਹੋ। ਉਜ਼ਰ—ਬਹਾਨਾ, ਇਨਕਾਰ। ਮਖ਼ਾਹ—ਨ ਕਰ। ਤਰੀਕਤ—ਮੱਤ, ਪੰਥ, ਰਸਤਾ। ਉਜ਼ਰ ਖ਼ਾਹੀ—ਬਹਾਨਾ ਕਰਨਾ।

ਅਰਥ : ਐ 'ਗੋਇਆ', ਉਸ (ਪਿਆਰੇ ਸਤਿਗੁਰੂ) ਤੋਂ ਵਾਰਨੇ ਹੋ ਜਾ ਅਤੇ (ਇਸ ਵਿੱਚ ਕੋਈ ਬਹਾਨਾ-ਸਾਜ਼ੀ ਨ ਕਰ, ਕਿਉਂਕਿ, ਸਾਡੇ ਮੱਤ ਦੀ ਰਹੁ-ਰੀਤ ਵਿਚ ਉਜ਼ਰ ਕਰਨ ਦੀ ਕੋਈ ਥਾਂ ਨਹੀਂ ਹੈ।

ਵਿਆਖਿਆ

ਅਕਾਲ ਪੁਰਖ ਦੇ ਦਰੋਂ ਵਰੋਸਾਏ ਬੇਪਰਵਾਹ ਬੰਦਿਆਂ ਦੇ ਮਨ ਦੀ ਮੌਜ, ਉਸ ਅਥਾਹ ਸਾਗਰ ਵਾਂਗ ਹੈ, ਜਿਸ ਦੀ ਨਾ ਕੋਈ ਹਾਥ ਹੋਵੇ, ਨਾ ਕਿਨਾਰਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ੁਰਮਾਨ ਅਨੁਸਾਰ ਵਾਹਿਗੁਰੂ ਦੀ ਸਿਫ਼ਤਿ-ਸਲਾਹ ਦੀ ਬਖ਼ਸ਼ਿਸ਼ ਦਾ ਸਦਕਾ ਉਹ ਪਾਤਸ਼ਾਹਾਂ ਦੇ ਪਾਤਸ਼ਾਹ ਹੁੰਦੇ ਹਨ

ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ *(ਜਪੁਜੀ)*

ਸੰਸਾਰਕ ਰਾਜ-ਭਾਗ ਦੀ ਗੱਲ ਹੀ ਕੀ; ਉਹ ਹਜ਼ਾਰਾਂ ਜੜਾਊ ਤਾਜ ਤੇ ਤਖ਼ਤ, ਬਹਿਸ਼ਤੀ ਬਾਗ ਤੇ ਰਾਜ-ਸਾਜ, ਪ੍ਰੀਤਮ ਦੇ ਚਰਨਾਂ ਤੋਂ ਵਾਰ ਸਕਦੇ ਹਨ। ਉਨ੍ਹਾਂ ਨੇ ਦ੍ਰਿੜ੍ਹ ਕਰ ਰੱਖਿਆ ਹੈ ਕਿ ਮਨ ਨੂੰ ਜਿੱਤਣਾ ਹੀ ਜਗ ਨੂੰ ਜਿੱਤਣਾ ਹੈ :

ਮਨਿ ਜੀਤੈ, ਜਗੁ ਜੀਤੁ ॥ *(ਜਪੁਜੀ)*

ਜੇ ਕੋਈ ਮਹਾਨ ਸਿਕੰਦਰ ਜਿਹਾ ਜੇਤੂ ਰੀਝ ਕੇ ਕੋਈ ਬਖ਼ਸ਼ੀਸ਼ ਦੇਣ ਲਈ ਉਨ੍ਹਾਂ ਦੇ ਦਰ ਉਤੇ ਹਾਜ਼ਰ ਹੁੰਦਾ ਹੈ ਤਾਂ ਉਹ ਫ਼ਿਲਾਸਫ਼ਰ ਡਾਇਜੋਨੀਜ਼ ਵਾਂਗ, ਉਸ ਦੇ ਹੱਠ ਕਾਰਨ, ਆਖ਼ਰ ਅੰਤਾਂ ਦੀ ਬੇਪਰਵਾਹੀ ਵਿਚ, ਕੇਵਲ ਇਤਨੀ ਹੀ ਮੰਗ ਕਰਦੇ ਹਨ ਕਿ ਉਹ ਉਨ੍ਹਾਂ ਵਲ ਆ ਰਹੀ ਸੂਰਜ ਦੀ ਧੁੱਪ ਦੀ ਦਾਤ ਦੇ ਰਸਤੇ ਵਿਚੋਂ ਹੱਟ ਜਾਵੇ। ਕਿਤਨਾ ਮਹਾਨ, ਨਿਰਭਉ ਤੇ ਅਸਚਰਜਤਾ-ਭਰਪੂਰ ਹੈ, ਬੇਪਰਵਾਹ, ਪ੍ਰਭੂ-ਪ੍ਰੀਤਮਾਂ ਦਾ ਇਹ ਆਲਮ।

ਪੰਚਮ ਗੁਰਦੇਵ ਦੇ ਫ਼ੁਰਮਾਨ ਅਨੁਸਾਰ ਇਹ ਵਿਰਲੇ ਤੇ ਅਲੌਕਿਕ ਲੋਕ ਜੇ ਕੁਝ ਮੰਗਣ ਦੀ ਮੌਜ ਵਿਚ ਆਉਂਦੇ ਹੀ ਹਨ ਤਾਂ ਕੇਵਲ ਹਰੀ-ਜਸ ਦੀ ਦਾਤ ਦੀ ਭਿਖਿਆ ਲਈ ਝੋਲੀ ਅੱਡ ਦੇਂਦੇ ਹਨ :

ਮਾਗਨਾ ਮਾਗਨੁ ਨੀਕਾ, ਹਰਿ ਜਸੁ ਗੁਰ ਤੇ ਮਾਗਨਾ॥

(ਮਾਰੂ ਮ: ੫, ਪੰਨਾ ੧੦੧੮)

ਤਥਾ : **ਸੋ ਮੰਗਾ ਦਾਨੁ ਗੋੁਸਾਈਆ, ਜਿਤੁ ਭੁਖ ਲਹਿ ਜਾਵੈ॥**
ਪ੍ਰਭੁ ਜੀਉ ਦੇਵਹੁ ਦਰਸਨੁ ਆਪਣਾ, ਜਿਤੁ ਢਾਢੀ ਤ੍ਰਿਪਤਾਵੈ॥

(ਮਾਰੂ ਡਖਣੇ ਮ: ੫, ਪੰਨਾ ੧੦੯੭)

'ਗੋਇਆ ਜੀ' ਦੀ ਬੇਪਰਵਾਹੀ ਵੇਖੋ, ਉਹ ਕਹਿੰਦੇ ਹਨ ਕਿ "ਹੇ ਸਤਿਗੁਰੂ! ਤੇਰੇ ਦਰ ਦੇ ਜਾਚਕ ਨੂੰ ਬਾਦਸ਼ਾਹੀ ਦੀ ਇੱਛਾ ਨਹੀਂ। ਸ਼ਾਹੀ ਤਾਜ ਉਨ੍ਹਾਂ ਦੇ ਪੈਰਾਂ ਹੇਠਾਂ ਰੁਲਦੇ ਫਿਰਦੇ ਹਨ। ਉਹ ਇਹਨਾਂ ਤੋਂ ਬੇਪਰਵਾਹ ਤੇ ਬੇ-ਨਿਆਜ਼ ਹਨ।"

ਪਰੰਤੂ, ਇਸ ਦਾ ਇਹ ਭਾਵ ਨਹੀਂ ਕਿ ਇਹ ਪ੍ਰਭੂ-ਪ੍ਰੇਮੀ, ਦੁਨੀਆਵੀ ਰਾਜ-ਭਾਗ ਵਿਚ ਕਿਸੇ ਪ੍ਰਕਾਰ ਦੀ ਦਿਲਚਸਪੀ ਨਹੀਂ ਰਖਦੇ, ਚਾਹੇ 'ਰਾਜੇ ਸ਼ੀਹ' ਹੋ ਜਾਣ ਤੇ 'ਮੁਕੱਦਮ ਕੁੱਤਿਆਂ' ਵਾਂਗ ਲੋਭੀ। ਸਗੋਂ ਹਕੀਕਤ ਇਹ ਹੈ ਕਿ ਉਹ ਹਰ ਛਿਨ ਧਰਮ ਦੇ ਰਾਜ ਦੀ ਸਥਾਪਨਾ ਲਈ ਤੱਤਪਰ ਰਹਿੰਦੇ ਹਨ, ਤੇ ਲੋੜ ਪੈਣ ਉਤੇ ਸ਼ਹਾਦਤ ਦੇ ਜਾਮ ਪੀਣੋਂ ਤੇ ਖੰਡਾ ਖੜਕਾਣੋਂ ਵੀ ਸੰਕੋਚ ਨਹੀਂ ਕਰਦੇ। ਉਹ ਹਰਦਮ ਨਿਰੰਕਾਰੀ ਸਤਿਗੁਰੂ ਜੀ ਵਲੋਂ ਮਿਥੇ ਟੀਚੇ—'ਏਕੋ ਧਰਮੁ ਦ੍ਰਿੜੈ ਸਚੁ ਕੋਈ' ਦੀ ਸਥਾਪਨਾ ਦੀ ਫ਼ਿਕਰ ਕਰਦੇ ਅਤੇ ਪੂਰਨ ਸੰਤ-ਸਿਪਾਹੀ ਤੇ ਕਰਮ-ਯੋਗੀ ਹੋ ਵਿਚਰਦੇ ਹਨ। ਹਾਂ ਜੀ, ਜੇ ਉਹਨਾਂ ਉੱਤੇ ਨਵਾਬੀ ਦੀ ਜ਼ਿਮੇਵਾਰੀ ਆ ਪਏ ਤਾਂ ਉਹ (ਨਵਾਬ) ਕਪੂਰ ਸਿੰਘ ਜੀ ਵਾਂਗ ਇਸ ਸ਼ਰਤ ਉਤੇ ਹੀ ਕਬੂਲ ਕਰਦੇ ਹਨ ਕਿ ਘੋੜਿਆਂ ਦੀ ਲਿੱਦ ਸੁੱਟਣ ਦੀ ਸੇਵਾ ਬਦਸਤੂਰ (ਪਹਿਲੇ ਵਾਂਗ) ਉਨ੍ਹਾਂ ਪਾਸ ਹੀ ਰਹਿਣ ਦਿਤੀ ਜਾਵੇਗੀ।

ਅੰਤ ਵਿਚ, ਭਾਈ ਸਾਹਿਬ ਪ੍ਰੇਰਨਾ ਕਰਦੇ ਹਨ ਕਿ ਐ ਸਿਖ, ਤੂੰ ਸਾਰੇ ਬਹਾਨੇ, ਸੰਸੇ ਤੇ ਝਿਜਕਾਂ ਤਿਆਗ ਦੇਹ ਤੇ ਸਤਿਗੁਰੂ ਤੋਂ ਕੁਰਬਾਨ ਹੋ ਜਾ, ਕਿਉਂ ਜੁ, ਸਾਡੇ ਪੰਥ ਦੀ ਰੀਤ ਵਿਚ ਆਪਾ ਵਾਰਨ ਵੇਲੇ ਕਿਸੇ ਪ੍ਰਕਾਰ ਦੀ ਚੂੰ-ਚਰਾਂ ਕਰਨੀ ਮਨ੍ਹਾ ਹੈ। ਇਥੋਂ ਦੀ ਰਹੁਰੀਤ ਹੈ

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ॥ *(ਸਲੋਕ ਮ: ੫, ਪੰਨਾ ੧੧੦੨)*

ਤਥਾ : **ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ, ਗਲੀ ਮੇਰੀ ਆਉ॥**
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

(ਮ: ੧, ਪੰਨਾ ੧੪੧੨)

ਸੋ, ਐ ਗੁਰਸਿਖ! ਸੋਚ ਸਮਝ ਕੇ ਇਸ ਮਾਰਗ ਤੇ ਪੈਣਾ ਤੇ ਪੈ ਕੇ ਲੱਗੀਆਂ ਨੂੰ ਤੋੜ ਨਿਭਾਉਣਾ ਹੈ। ਸਦਾ ਚੇਤੇ ਰਹੇ :

ਗਰ ਇਸ਼ਕ ਕੀਆ ਹੈ, ਤੋ ਇਸ਼ਕ ਕੀ ਤੌਹੀਨ ਨ ਕਰ।
ਯਾ ਤੋ ਬੇਹੋਸ਼ ਨ ਹੋ, ਹੋ, ਤੋ ਫਿਰ ਨ ਹੋਸ਼ ਮੇਂ ਆ।

ਗ਼ਜ਼ਲ ਨੰਬਰ ੧੦

ਦਰਮਿਆਨਿ ਬਜ਼ਮਿ ਮਾ, ਜੁਜ਼ ਕਿੱਸਾ-ਇ ਜਾਨਾਨਾ ਨੇਸ੍ਤ।
ਬੇ ਹਜਾਬ ਆ ਅੰਦਰੀਂ ਮਜਲਸ ਕਸੇ ਬੇਗਾਨਾ ਨੇਸ੍ਤ ॥੧॥

ਬਿ-ਗੁਜ਼ਰ ਅਜ਼ ਬੇਗਾਨਗੀ, ਵ ਸ਼ੌ ਬ-ਖ਼ੁਦ ਤੋ ਆਸ਼ਨਾ।
ਹਰ ਕਿ ਬਾ-ਖ਼ੁਦ ਆਸ਼ਨਾ ਸ਼ੁਦ, ਅਜ਼ ਖ਼ੁਦਾ ਬੇਗਾਨਾ ਨੇਸ੍ਤ ॥੨॥

ਸ਼ੌਕਿ ਮੌਲਾ ਹਰ ਕਿ ਰਾ ਬਾਸ਼ਦ, ਹਮਾਂ ਸਾਹਿਬ ਦਿਲ ਅਸ੍ਤ।
ਕਾਰ ਹਰ ਦਾਨਾ ਨ ਬਾਸ਼ਦ, ਕਾਰ ਹਰ ਦੀਵਾਨਾ ਨੇਸ੍ਤ ॥੩॥

ਨਾਸਿਹਾ ਤ ਚੰਦ ਗੋਈ, ਕਿੱਸਾ-ਹਾਇ ਵਾਅਜ਼ੋ ਪੰਦ।
ਬਜ਼ਮਿ ਮਸਤਾਂ ਹਸਤ ਜਾਏ, ਕਿੱਸਾ-ਓ ਅਫ਼ਸਾਨਾ ਨੇਸ੍ਤ ॥੪॥

ਈਂ ਮਤਾਇ ਹੱਕ, ਬ-ਪੇਸ਼ਿ ਸਾਹਿਬਾਨਿ ਦਿਲ ਬਵਦ।
ਚੂੰ ਬ-ਸਹਰਾ ਮੇ-ਰਵੀ, ਦਰ ਗੋਸ਼ਾ-ਇ ਵੀਰਾਨਾ ਨੇਸ੍ਤ ॥੫॥

ਈਂ ਮਤਾਇ ਸ਼ੌਕ ਰਾ, ਅਜ਼ ਆਸ਼ਕਾਨਿ ਹੱਕ ਬਖ਼ਾਹ।
ਜ਼ਾਂਕਿ ਦਰ ਜਾਨਸ਼, ਬ-ਜੁਜ਼ ਨਕਸ਼ਿ ਰੁਖ਼ੇ ਜਾਨਾਨਾ ਨੇਸ੍ਤ ॥੬॥

ਚੰਦ ਮੇ ਗੋਈ ਤੁ ਐ 'ਗੋਇਆ', ਖ਼ਮੁਸ਼ ਸ਼ੌ ਜ਼ੀਂ ਸੁਖ਼ਨ।
ਸ਼ੌਕਿ ਮੌਲਾ ਮੁਨਹਸਰ, ਬਰ ਕਾਅਬਾ-ਓ ਬੁਤ-ਖ਼ਾਨਾ ਨੇਸ੍ਤ ॥੭॥

ਪੰਜਾਬੀ ਕਾਵਿ ਅਨੁਵਾਦ

੧. ਸਾਡੀ ਸੰਗਤ, ਸਿਮਰਨ ਬਾਝੋਂ, ਗੱਲ ਨ ਕੋਈ ਕਰਦਾ।
ਇਸ ਸੰਗਤ ਵਿੱਚ ਆਵੀਂ ਬੀਬਾ, ਲਾਹ ਕੇ ਘੁੰਡ ਦਾ ਪਰਦਾ, ਹੂ।
੨. ਦੂਈ ਦ੍ਵੈਸ਼ ਤੋਂ ਲੰਘ ਕੇ ਅੱਗੇ, ਜਾਣ ਲਈਂ ਤੂੰ ਆਪਾ।
ਆਪੇ ਤਾਈਂ ਜਾਣੇ ਜਿਹੜਾ, ਉਸ ਨੇ ਰੱਬ ਪਛਾਤਾ, ਹੂ।
੩. ਦਿਲ ਦਾ ਮਾਲਕ ਥੀਵੇ ਓਹਾ, ਜੋ ਪ੍ਰੀਤ-ਪ੍ਰਭੂ ਸੰਗ ਲਾਵੇ।
ਦਾਨਾ ਜਾਂ ਦੀਵਾਨਾ ਬਣਿਆ, ਮੰਜ਼ਲ ਹੱਥ ਨ ਆਵੇ, ਹੂ।
੪. ਐ ਉਪਦੇਸ਼ਕ, ਦੇਹ ਨ ਮੱਤਾਂ, ਛੱਡ ਪੁਰਾਣੇ ਕਿੱਸੇ।
ਸਾਧ ਸੰਗਤ ਵਿੱਚ ਥਾਉਂ ਇਨ੍ਹਾਂ ਦੀ, ਮੈਨੂੰ ਕੋਈ ਨ ਦਿੱਸੇ, ਹੂ।
੫. ਰੱਬੀ-ਲੋਕਾਂ ਪਾਸੋਂ ਮਿਲਦਾ, ਭਗਤੀ ਦਾ ਭੰਡਾਰਾ।
ਜੰਗਲ ਬੇਲੇ ਦੇ ਵਿੱਚ ਐਵੇਂ, ਨ ਫਿਰ ਮਾਰਾ ਮਾਰਾ, ਹੂ।
੬. ਪ੍ਰੀਤ-ਗੀਤ ਦੀ ਪੂੰਜੀ ਮਿੱਤਰਾ, ਮੰਗ ਲੈ ਫ਼ੱਕਰਾਂ ਪਾਸੋਂ।
ਦਿਲ ਉਹਨਾਂ ਦੇ ਹੋਰ ਨ ਹੁੰਦਾ, ਬਾਝੋਂ ਸੱਚੀ ਰਾਸੋਂ, ਹੂ।
੭. ਕਦ ਤੱਕ ਕਹਿੰਦਾ ਰਹੇਂਗਾ 'ਗੋਇਆ'? ਕਹਿ ਜਾ ਚੁੱਪ ਚੁਪੀਤਾ।
ਕਾਬੇ ਤੇ ਬੁਤਖ਼ਾਨੇ ਰੱਬ ਨੂੰ, ਕੈਦ ਕਦੋਂ ਹੈ ਕੀਤਾ? ਹੂ।

ਦਰਮਿਆਨਿ ਬਜ਼ਮਿ ਮਾ, ਜੁਜ਼ ਕਿੱਸਾ-ਇ ਜਾਨਾਨਾ ਨੇਸ੍ਰ।
ਬੇ ਹਜਾਬ ਆ ਅੰਦਰੀਂ ਮਜਲਸ ਕਸੇ ਬੇਗਾਨਾ ਨੇਸ੍ਰ ॥੧॥

ਸ਼ਬਦਾਰਥ : ਦਰਮਿਆਨ—ਵਿਚ। ਬਜ਼ਮ—ਮਜਲਸ, ਸੰਗਤ, ਸਭਾ। ਮਾ—ਸਾਡੀ। ਜੁਜ਼—ਬਿਨਾਂ। ਕਿੱਸਾ-ਇ ਜਾਨਾਨਾ—ਪ੍ਰੀਤਮ ਦੀ ਕਥਾ। ਹਜਾਬ—ਪਰਦਾ। ਕਸੇ ਬੇਗਾਨਾ—ਕਿਸੇ ਓਪਰੇ ਦੀ।

ਅਰਥ : ਸਾਡੀ ਸਭਾ ਵਿਚ ਪ੍ਰਭੂ ਪ੍ਰੀਤਮ ਦੀ ਕਥਾ ਤੋਂ ਬਿਨਾਂ ਹੋਰ ਕੋਈ (ਜ਼ਿਕਰ) ਨਹੀਂ ਹੈ (ਹੋਰ ਕਿਸੇ ਪਰਕਾਰ ਦੀ ਗੱਲ ਨਹੀਂ ਹੁੰਦੀ)। (ਇਸ ਲਈ) ਇਸ ਇਕੱਠ ਵਿਚ ਬਿਨਾਂ ਪਰਦੇ ਤੋਂ ਆ, (ਕਿਉਂਕਿ ਏਥੇ) ਓਪਰਾ (ਮਨ-ਮਤੀਆ) ਕੋਈ ਨਹੀਂ ਹੈ।

ਬਿ-ਗੁਜ਼ਰ ਅਜ਼ ਬੇਗਾਨਗੀ, ਵ ਸ਼ੌ ਬ-ਖ਼ੁਦ ਤੋ ਆਸ਼ਨਾ।
ਹਰ ਕਿ ਬਾ-ਖ਼ੁਦ ਆਸ਼ਨਾ ਸ਼ੁਦ, ਅਜ਼ ਖ਼ੁਦਾ ਬੇਗਾਨਾ ਨੇਸ੍ਰ ॥੨॥

ਸ਼ਬਦਾਰਥ : ਬਿ-ਗੁਜ਼ਰ—ਲੰਘ ਜਾ। ਅਜ਼—ਤੋਂ। ਬੇਗਾਨਗੀ—ਓਪਰਾ-ਪਨ, ਦੂਈ। ਵ—ਅਤੇ। ਸ਼ੌ—ਹੋ। ਬ-ਖ਼ੁਦ ਤੋ—ਤੂੰ ਆਪਣੇ ਆਪ ਤੋਂ। ਆਸ਼ਨਾ—ਜਾਣੂ। ਹਰ ਕਿ—ਹਰ ਜੋ ਕੋਈ। ਸ਼ੁਦ—ਹੋਇਆ।

ਅਰਥ : ਦੂਈ ਤੋਂ ਅੱਗੇ ਲੰਘ ਅਤੇ ਆਪੇ ਤੋਂ ਜਾਣੂ ਹੋ। (ਕਿਉਂਕਿ) ਜੋ ਕੋਈ ਆਪਣੇ ਆਪ ਤੋਂ ਵਾਕਫ਼ ਹੋਇਆ, (ਉਹ) ਪਰਮਾਤਮਾ ਤੋਂ ਅਨਜਾਣ ਨਹੀਂ ਰਿਹਾ।

ਸ਼ੌਕਿ ਮੌਲਾ ਹਰ ਕਿ ਰਾ ਬਾਸ਼ਦ, ਹਮਾਂ ਸਾਹਿਬ ਦਿਲ ਅਸ੍ਰ।
ਕਾਰ ਹਰ ਦਾਨਾ ਨ ਬਾਸ਼ਦ, ਕਾਰ ਹਰ ਦੀਵਾਨਾ ਨੇਸ੍ਰ ॥੩॥

ਸ਼ਬਦਾਰਥ : ਸ਼ੌਕਿ ਮੌਲਾ—ਵਾਹਿਗੁਰੂ ਦਾ ਪਿਆਰ। ਹਰ ਕਿ ਰਾ—ਜਿਸ ਕਿਸੇ ਨੂੰ। ਬਾਸ਼ਦ—ਹੋਇਆ। ਹਮਾਂ—ਓਹੀ। ਸਾਹਿਬ ਦਿਲ—ਦਿਲ ਦਾ ਮਾਲਕ, ਗਿਆਨੀ, ਆਰਫ਼। ਕਾਰ—ਕੰਮ। ਦਾਨਾ—ਚਤੁਰ, ਸਿਆਣਾ। ਦੀਵਾਨਾ—ਮਸਤਾਨਾ, ਪਾਗ਼ਲ।

ਅਰਥ : ਪ੍ਰਭੂ ਦਾ ਪਿਆਰ ਜਿਸ ਕਿਸੇ ਨੂੰ ਵੀ (ਪ੍ਰਾਪਤ) ਹੋਇਆ ਓਹੀ ਸਹੀ ਗਿਆਨਵਾਨ ਹੈ; ਪਰੰਤੂ, ਇਹ (ਪ੍ਰਾਪਤੀ) ਨਾ ਤਾਂ ਹਰੇਕ ਚਾਤੁਰ ਦਾ ਕੰਮ ਹੈ ਤੇ ਨਾ ਹੀ ਹਰੇਕ ਮਸਤਾਨੇ ਦਾ (ਭਾਵ ਇਹ ਸ਼ੌਕ ਤਾਂ ਉਸ ਦੀ ਮਿਹਰ ਦਾ ਸਦਕਾ ਹੀ ਅੰਦਰੋਂ ਫੁੱਟਦਾ ਹੈ)।

ਨਾਸਿਹਾ ਤ ਚੰਦ ਗੋਈ, ਕਿੱਸਾ-ਹਾਏ ਵਾਅਜ਼ੋ ਪੰਦ।
ਬਜ਼ਮਿ ਮਸਤਾਂ ਹਸਤ ਜਾਏ, ਕਿੱਸਾ-ਓ ਅਫ਼ਸਾਨਾ ਨੇਸ੍ਰ ॥੪॥

ਸ਼ਬਦਾਰਥ : ਨਾਸਿਹਾ—ਨਸੀਹਤ ਕਰਨ ਵਾਲਾ, ਉਪਦੇਸ਼ਕ। ਤ ਚੰਦ—ਕਿਥੋਂ ਤਕ ? ਗੋਈ—ਤੂੰ ਕਹੇਂਗਾ। ਵਾਅਜ਼ੋ ਪੰਦ—ਵਖਿਆਨ ਤੇ ਸਿਖਿਆ। ਬਜ਼ਮਿ ਮਸਤਾਂ—ਮਸਤਾਨਿਆਂ ਦੀ ਮਜਲਸ। ਅਫ਼ਸਾਨਾ—ਕਹਾਣੀ। ਹਸਤ—ਹੈ। ਜਾ—ਥਾਂ।

ਅਰਥ : ਹੇ ਉਪਦੇਸ਼ਕ। ਤੂੰ ਕਿਥੋਂ ਤਕ ਵਖਿਆਨ ਤੇ ਸਿਖਿਆ ਦੀਆਂ ਕਹਾਣੀਆਂ

ਕਹੇਂਗਾ ? (ਤੇਰਾ ਅਜਿਹਾ ਕਰਨਾ ਫ਼ਜ਼ੂਲ ਹੈ ਕਿਉਂਕਿ ਪ੍ਰਭੂ ਰੰਗ ਵਿਚ ਰੰਗੇ) ਮਸਤਾਨਿਆਂ ਦੀ ਸੰਗਤ ਵਿਚ ਤੇਰੇ ਇਨ੍ਹਾਂ ਰਹੱਸ-ਹੀਨ ਕਿੱਸਿਆਂ ਤੇ ਕਹਾਣੀਆਂ ਦੀ ਕੋਈ ਥਾਂ ਨਹੀਂ।

ਈਂ ਮਤਾਇ ਹੱਕ, ਬ-ਪੇਸ਼ਿ ਸਾਹਿਬਾਨਿ ਦਿਲ ਬਵਦ।
ਚੂੰ ਬ-ਸਹਰਾ ਮੇ-ਰਵੀ, ਦਰ ਗੋਸ਼ਾ-ਇ ਵੀਰਾਨਾ ਨੇਸ੍ਤ ॥੫॥

ਸ਼ਬਦਾਰਥ : ਈਂ—ਇਹ। ਮਤਾਅ—ਪੂੰਜੀ। ਹੱਕ—ਵਾਹਿਗੁਰੂ। ਬਪੇਸ਼—ਸਾਹਮਣੇ, ਕੋਲ। ਬਵਦ—ਹੁੰਦੀ ਹੈ। ਸਾਹਿਬਾਨ ਦਿਲ—ਦਿਲ ਦੇ ਮਾਲਕ, ਪ੍ਰਭੂ-ਭਗਤ। ਚੂੰ—ਕਿਉਂ ? ਬ-ਸਹਰਾ—ਜੰਗਲ ਵਿਚ। ਮੇ-ਰਵੀ—ਤੂੰ ਫਿਰਦਾ ਹੈਂ। ਗੋਸ਼ਾ—ਨੁਕਰ। ਵੀਰਾਨਾ—ਬੀਆਬਾਨ।

ਅਰਥ : ਇਹ ਵਾਹਿਗੁਰੂ (ਦੇ ਨਾਮ) ਦੀ ਪੂੰਜੀ ਪ੍ਰਭੂ-ਭਗਤਾਂ ਪਾਸ ਹੁੰਦੀ ਹੈ। (ਫੇਰ) ਤੂੰ ਕਿਉਂ (ਇਸ ਦੀ ਭਾਲ ਵਿੱਚ) ਜੰਗਲਾਂ ਤੇ ਬੀਆਬਾਨਾਂ ਦਿਆਂ ਕੋਨਿਆਂ ਵਿਚ ਭਟਕਦਾ ਫਿਰਦਾ ਹੈਂ ?

ਈਂ ਮਤਾਇ ਸ਼ੌਕ ਰਾ, ਅਜ਼ ਆਸ਼ਕਾਨਿ ਹੱਕ ਬਖ਼ਾਹ।
ਜ਼ਾਂਕਿ ਦਰ ਜਾਨਸ਼, ਬ-ਜੁਜ਼ ਨਕਸ਼ਿ ਰੁਖ਼ੇ ਜਾਨਾਨਾ ਨੇਸ੍ਤ ॥੬॥

ਸ਼ਬਦਾਰਥ : ਮਤਾਇ ਸ਼ੌਕ—(ਪ੍ਰਭੂ ਦੇ) ਸ਼ੌਕ ਦੀ ਪੂੰਜੀ। ਰਾ—ਨੂੰ। ਆਸ਼ਕਾਨਿ ਹੱਕ—ਪ੍ਰਭੂ ਦੇ ਆਸ਼ਕ, ਭਗਤ। ਬਖ਼ਾਹ—ਮੰਗ। ਜ਼ਾਂਕਿ—(ਅਜ਼ ਆਂਕਿ) ਕਿਉਂਕਿ। ਜਾਨਸ਼—ਉਸ ਦੀ ਜਾਨ। ਬਜੁਜ਼—ਬਿਨਾਂ। ਨਕਸ਼ਿ ਰੁਖ਼ੇ ਜਾਨਾਨਾ—ਪਿਆਰੇ ਦੇ ਚਿਹਰੇ ਦੀ ਤਸਵੀਰ। ਅਜ਼—ਤੋਂ, ਪਾਸੋਂ।

ਅਰਥ : ਇਹ ਪ੍ਰਭੂ ਦੇ ਸ਼ੌਕ (ਸਿਕ) ਦੀ ਪੂੰਜੀ ਵਾਹਿਗੁਰੂ ਦੇ ਆਸ਼ਕਾਂ (ਪਿਆਰਿਆਂ) ਪਾਸੋਂ ਮੰਗ। ਕਿਉਂਕਿ ਉਨ੍ਹਾਂ ਦੀ ਜਾਨ (ਦਿਲ) ਦੇ ਅੰਦਰ ਪਿਆਰੇ (ਮਿੱਤਰ, ਵਾਹਿਗੁਰੂ) ਦੇ ਚਿਹਰੇ ਦੀ ਤਸਵੀਰ ਤੋਂ ਬਿਨਾਂ ਹੋਰ (ਕੁਝ ਵੀ) ਨਹੀਂ ਹੈ।

ਚੰਦ ਮੇ ਗੋਈ ਤੁ ਐ 'ਗੋਇਆ', ਖ਼ਮੁਸ਼ ਸ਼ੌ ਜ਼ੀਂ ਸੁਖ਼ਨ।
ਸ਼ੌਕਿ ਮੌਲਾ ਮੁਨਹਸਰ, ਬਰ ਕਾਅਬਾ-ਓ ਬੁਤ-ਖ਼ਾਨਾ ਨੇਸ੍ਤ ॥੭॥

ਸ਼ਬਦਾਰਥ : ਚੰਦ—ਕਿਥੋਂ ਤਕ ? ਮੇ ਗੋਈ—ਤੂੰ ਕਹੇਂਗਾ। ਖ਼ਮੁਸ਼ ਸ਼ੌ—ਚੁਪ ਹੋ ਜਾ। ਜ਼ੀਂ—(ਅਜ਼ ਈਂ) ਇਸ ਤੋਂ। ਸੁਖ਼ਨ—ਗੱਲ ਬਾਤ। ਸ਼ੌਕਿ ਮੌਲਾ—ਵਾਹਿਗੁਰੂ ਦਾ ਪਿਆਰ। ਮੁਨਹਸਰ—ਨਿਰਭਰ। ਕਾਅਬਾ—ਮੱਕੇ ਸ਼ਹਿਰ ਵਿਚ ਮੁਸਲਮਾਨਾਂ ਦਾ ਪਾਕ ਅਸਥਾਨ, ਜਿਥੋਂ ਦਾ ਹੱਜ (ਯਾਤਰਾ) ਕਰਨਾ ਹਰੇਕ ਮੁਸਲਮਾਨ ਆਪਣਾ ਧਰਮ ਮੰਨਦਾ ਹੈ। ਬੁਤ-ਖ਼ਾਨਾ—ਠਾਕੁਰ-ਦੁਆਰਾ।

ਅਰਥ : ਹੇ 'ਗੋਇਆ', ਤੂੰ ਕਿਥੋਂ ਤਕ (ਉਪਦੇਸ਼ ਦੀ ਗੱਲ) ਕਹਿੰਦਾ ਜਾਵੇਂਗਾ ? (ਹੁਣ) ਇਸ ਕਹਿਣ ਤੋਂ ਚੁਪ ਕਰ। (ਕਿਉਂਕਿ) ਪ੍ਰਭੂ ਦਾ ਸ਼ੌਕ ਕਾਅਬੇ ਤੇ ਠਾਕੁਰਦੁਆਰੇ (ਦੀ ਮਨੌਤ ਤੇ ਯਾਤਰਾ) ਉਤੇ ਨਿਰਭਰ ਨਹੀਂ। (ਇਹ ਦਿਲੀ ਪਿਆਰ, ਭਗਤੀ ਤੇ ਸ਼ਰਧਾ ਉਤੇ ਆਸਰਤ ਹੈ)।

ਵਿਆਖਿਆ

ਇਸ ਗ਼ਜ਼ਲ ਵਿਚ ਵਿਸ਼ੇਸ਼ ਕਰਕੇ ਸਤਿ-ਸੰਗਤ ਦੀ ਮਹਿਮਾ, ਇਸ ਵਿੱਚ ਹਾਜ਼ਰ ਹੋਣ ਦੀ ਰੀਤ ਤੇ ਆਪੇ ਤੋਂ ਜਾਣੂ ਹੋਣ ਦਾ ਬਿਆਨ ਹੈ। ਨਾਲ ਹੀ ਇਸ ਸੱਚ ਵਲ ਵੀ ਸੰਕੇਤ ਹੈ ਕਿ ਪ੍ਰਭੂ-ਪਿਆਰ ਗਿਣਤੀਆਂ ਮਿਣਤੀਆਂ, ਖ਼ੁਸ਼ਕ ਰਸਮਾਂ ਰੀਤਾਂ ਅਤੇ ਨਿਰ-ਜਿੰਦ ਤੇ ਰਸ-ਹੀਣ ਪਾਬੰਦੀਆਂ ਉੱਤੇ ਨਿਰਭਰ ਨਹੀਂ। ਨਿਰਮਲ ਕਰਣੀ, ਵਿਸ਼ਵਾਸ ਤੇ ਸੱਚਾ ਆਚਾਰ ਹੀ ਇਸ ਦੇ ਜ਼ਾਮਨ ਹਨ।

ਭਾਈ ਸਾਹਿਬ ਲਿਖਦੇ ਹਨ ਕਿ ਸਾਡੀ ਮਜਲਸ (ਸੰਗਤ) ਵਿਚ ਪ੍ਰੀਤਮ ਦੀ ਚਰਚਾ ਤੋਂ ਬਿਨਾਂ ਹੋਰ ਕੋਈ ਅਜਿਹੀ ਗੱਲ ਨਹੀਂ ਛੇੜੀ ਜਾਂਦੀ ਜੋ ਸੁਰਤ ਨੂੰ ਉਸ ਵਲੋਂ ਹਟਾ ਕੇ ਗ਼ੈਰ (ਮਾਇਆ) ਵਲ ਲੈ ਜਾਵੇ। ਇਉਂ ਹੋਵੇ ਵੀ ਕਿਉਂ ਨਾ, ਜਦ ਕਿ ਇਸ ਸੰਗਤ ਦੇ ਬਾਨੀ ਆਪ ਫ਼ੁਰਮਾਂਦੇ ਹਨ ਕਿ

ਸਤਸੰਗਤਿ ਕੈਸੀ ਜਾਣੀਐ ? ਜਿਥੈ ਏਕੋ ਨਾਮੁ ਵਖਾਣੀਐ ॥

(ਸਿਰੀ ਰਾਗੁ ਮ: ੧, ਪੰਨਾ ੭੨)

ਫੇਰ ਮਸ਼ਵਰਾ ਦਿੰਦੇ ਹਨ ਕਿ ਅਜਿਹੀ ਸੰਗਤ ਵਿਚ ਹਉਮੈ ਦਾ ਘੁੰਡ ਚੁਕ ਕੇ ਆਉਣਾ ਪੈਂਦਾ ਹੈ, ਕਿਉਂ ਜੁ ਇਹ ਕੋਈ ਬੇਗਾਨਿਆਂ ਤੇ ਦੋਖੀਆਂ ਦਾ ਇਕੱਠ ਨਹੀਂ, ਸਗੋਂ ਆਪਨਿਆਂ ਤੇ ਮਹਿਰਮਾਂ ਦੀ ਮਜਲਸ ਹੈ। ਇਥੇ ਹਉਮੈ ਤੇ ਦੂਈ ਦੇ ਮਿੱਟੀ-ਘੱਟੇ ਨੂੰ ਬਿਰਹਾ ਤੇ ਵੈਰਾਗ ਦੇ ਅਥਰੂਆਂ ਨਾਲ ਧੋਣ ਦੀ ਜਾਚ ਸਿਖਾਈ ਜਾਂਦੀ ਹੈ। ਜਦ ਅੰਦਰੋਂ, ਦੂਈ ਤੇ ਦ੍ਵੈਤ ਦੀ ਕੰਧ ਹੱਟ ਗਈ ਤਾਂ ਸੁਤੇ ਹੀ ਆਪਣੇ ਅਸਲੇ ਦੀ ਸੋਝੀ ਪਈ ਤੇ ਪਤਾ ਲੱਗਾ ਕਿ ਮੈਂ ਤਾਂ ਜੋਤ-ਸਰੂਪ ਤੇ ਰਾਮ ਦੀ ਅੰਸ ਹਾਂ। ਮੈਂ ਖ਼ਾਕੀ ਨਹੀਂ, ਨੂਰੀ ਹਾਂ। ਹੁਣ ਇਹ ਪਰਦੇ ਕੌਣ ਕਰੇ ਤੇ ਕਿਸ ਤੋਂ ? ਫੇਰ :

ਤੋਹੀ ਮੋਹੀ, ਮੋਹੀ ਤੋਹੀ, ਅੰਤਰੁ ਕੈਸਾ ? ਕਨਕ ਕਟਿਕ, ਜਲ ਤਰੰਗ ਜੈਸਾ ॥

(ਸਿਰੀ ਰਾਗੁ ਰਵਿਦਾਸ ਜੀ, ਪੰਨਾ ੯੩)

ਵਾਲੀ ਇਕ-ਸੁਰਤਾ ਤੇ ਸਮਾਨਤਾ ਦੀ ਹਾਲਤ ਆ ਵਾਪਰਦੀ ਹੈ ਤੇ ਇਹ ਆਤਮਾ ਪਰਮਾਤਮਾ ਦਾ ਰੂਪ ਥੀ ਵੰਞਦੀ ਹੈ, ਜਿਵੇਂ ਬੂੰਦ, ਸਾਗਰ ਤੇ ਕਿਰਨ, ਸੂਰਜ-ਰੂਪ ਹੋ ਨਿਬੜਦੀਆਂ ਹਨ।

ਗ਼ਜ਼ਲ ਨੰਬਰ ੧੧

ਦਿਲ ਅਗਰ ਦਰ ਹਲਕਾ-ਇ ਜ਼ੁਲਫ਼ਿ ਦੋਤਾ, ਖ਼ਾਹਦ ਗੁਜ਼ੱਸ਼੍ਰ।
ਅਜ਼ ਖ਼ੁਤਨ ਵਰ ਚੀਨ ਓ ਮਾਚੀਨ ਓ ਖ਼ਤਾ, ਖ਼ਾਹਦ ਗੁਜ਼ੱਸ਼੍ਰ ॥੧॥

ਬਾਦਸ਼ਾਹੀਏ ਦੋ ਆਲਮ, ਯਕ ਨਿਗਾਹਿ ਰੂਏ ਤੋ।
ਸਾਇਆ-ਇ ਜ਼ੁਲਫ਼ਿ ਤੋ, ਅਜ਼ ਬਾਲਿ ਹੁਮਾ, ਖ਼ਾਹਦ ਗੁਜ਼ੱਸ਼੍ਰ ॥੨॥

ਈਂ ਬਸਾਤਿ ਉਮਰ ਰਾ ਦਰਯਾਬ, ਕੀਂ ਬਾਦਿ ਸਬਾ।
ਅਜ਼ ਕੁਜਾ ਆਮਦ ਨ-ਦਾਨਮ, ਵ ਜ਼ ਕੁਜਾ ਖ਼ਾਹਦ ਗੁਜ਼ੱਸ਼੍ਰ ॥੩॥

ਬਾਦਸ਼ਾਹੀਏ ਦੋ ਜਹਾਂ, ਜੁਜ਼ ਸ਼ੋਰੋ ਗ਼ੌਗ਼ਾ ਬੇਸ਼ ਨੇਸ੍ਰ।
ਪੇਸ਼ਿ ਦਰਵੇਸ਼ੇ, ਕਿ ਊ, ਅਜ਼ ਮੁੱਦਆ ਖ਼ਾਹਦ ਗੁਜ਼ੱਸ਼੍ਰ ॥੪॥

ਅਜ਼ ਗੁਜ਼ੱਸ਼ਤਨ-ਹਾ ਚਿਃ ਮੇ ਪੁਰਸੀ ਦਰੀਂ ਦਹਰਿ ਖ਼ਰਾਬ।
ਬਾਦਸ਼ਾਹ ਖ਼ਾਹਦ ਗੁਜ਼ੱਸ਼ਤੋ, ਹਮ ਗਦਾ ਖ਼ਾਹਦ ਗੁਜ਼ੱਸ਼੍ਰ ॥੫॥

ਸ਼ਿਅਰਿ ਗੋਇਆ, ਜ਼ਿੰਦਗੀ ਬਖ਼ਸ਼ ਅਸ੍ਰ ਚੂੰ ਆਬਿ ਹਯਾਤ।
ਬਲਕਿ ਅਜ਼ ਪਾਕੀਜ਼ਗੀ, ਜ਼ਿ ਆਬਿ ਬਕ਼ਾ ਖ਼ਾਹਦ ਗੁਜ਼ੱਸ਼੍ਰ ॥੬॥

ਪੰਜਾਬੀ ਕਾਵਿ ਅਨੁਵਾਦ

੧. ਪਿਆਰੇ ਯਾਰ ਦੀ ਜ਼ੁਲਫ਼ ਦੇ ਪੇਚੋਂ, ਦਿਲ ਜਿਸ ਦਾ ਲੰਘ ਜਾਵੇ।
ਚੀਨ ਮਚੀਨ ਵੇਖਣ ਦੀ ਲੋਚਾ, ਉਸ ਨੂੰ ਨ ਭਟਕਾਵੇ, ਹੂ।

੨. ਅਰਸ਼ ਫ਼ਰਸ਼ ਦਾ ਰਾਜ ਮੈਂ ਜਾਣਾਂ: ਤੇਰਾ ਇਕ ਝਲਕਾਰਾ।
'ਹੁਮਾ' ਦੇ ਸਾਇਓਂ ਅੱਗੇ ਲੰਘੇ, ਜ਼ੁਲਫੋਂ ਇੱਕ ਲਿਸ਼ਕਾਰਾ, ਹੂ।

੩. ਪਵਨ ਸਮਾਨ ਹੈ ਜੀਵਨ ਬੰਦੇ, ਕਰ ਲੈ ਸਫ਼ਲਾ ਸੋਈ।
ਕਿੱਥੋਂ ਆਵੇ? ਕਿੱਥੇ ਜਾਵੇ? ਜਾਣ ਨ ਸੱਕੇ ਕੋਈ, ਹੂ।

੪. ਜੋ ਗੁਰਮੁਖ ਤੇ ਪ੍ਰਭੂ-ਪਿਆਰਾ, ਖ਼ਾਹਸ਼ਾਂ ਮਾਰ ਮੁਕਾਵੇ।
ਰਾਜ ਓਸ ਨੂੰ ਰਾਮ-ਰੌਲਿਓਂ, ਵੱਧ ਨਾ ਨਜ਼ਰੀਂ ਆਵੇ, ਹੂ।

੫. ਨਾਸ਼ਵੰਤ ਇਸ ਦੁਨੀਆ ਸੰਦੀ, ਗੱਲ ਨ ਪੁੱਛੋ ਕਾਈ।
ਰਾਜੇ ਅਤੇ ਭਿਖਾਰੀ ਸਭਨਾਂ, ਜਾਣਾ ਇਕ ਸਮ ਭਾਈ, ਹੂ।

੬. ਕਾਵਿ 'ਗੋਇਆ' ਦਾ ਅੰਮ੍ਰਿਤ ਵਾਂਗੂੰ, ਬਖ਼ਸ਼ੇ ਜੀਵਨ-ਧਾਰਾ।
ਸਗੋਂ, ਆਬ ਹਯਾਤੋਂ ਪਾਕ ਪਵਿੱਤ੍ਰ, ਉਸ ਤੋਂ ਵੱਧ ਪਿਆਰਾ, ਹੂ।

ਦਿਲ ਅਗਰ ਦਰ ਹਲਕਾ-ਇ ਜ਼ੁਲਫ਼ਿ ਦੋਤਾ, ਖ਼ਾਹਦ ਗੁਜ਼ੱਸ਼੍ਰ।
ਅਜ਼ ਖ਼ੁਤਨ ਵਰ ਚੀਨ ਓ ਮਾਚੀਨ ਓ ਖ਼ਤਾ, ਖ਼ਾਹਦ ਗੁਜ਼ੱਸ਼੍ਰ॥੧॥

ਸ਼ਬਦਾਰਥ : ਹਲਕਾ—ਘੇਰਾ, ਕੁੰਡਲ। ਦੋਤਾ—ਮੁੜੀ ਹੋਈ। ਖ਼ਾਹਦ ਗੁਜ਼ੱਸ਼ਤ—ਲੰਘ ਜਾਵੇਗਾ। ਖ਼ੁਤਨ, ਚੀਨ, ਮਾਚੀਨ, ਖ਼ਤਾ—ਇਹ ਚੀਨ ਤੇ ਉਸ ਦੇ ਨੇੜੇ ਦੇ ਦੇਸ਼ਾਂ ਦੇ ਨਾਮ ਹਨ।

ਅਰਥ : ਜੇ ਦਿਲ (ਮਿੱਤਰ ਦੀ) ਮੋੜੀ ਹੋਈ ਜ਼ੁਲਫ਼ ਦੇ ਕੁੰਡਲ ਵਿਚੋਂ ਲੰਘ ਜਾਏਗਾ ਤਾਂ ਉਹ ਚੀਨ, ਮਾਚੀਨ ਆਦਿ ਦੇਸ਼ਾਂ ਤੋਂ (ਅੱਗੇ) ਲੰਘ ਜਾਵੇਗਾ। ਭਾਵ, ਇਨ੍ਹਾਂ ਦੇਸ਼ਾਂ ਦੀ ਵਡਿਆਈ ਤੇ ਸੁੰਦਰ ਵਸਤਾਂ ਤੋਂ ਵੀ ਵੱਡੀ ਵਸਤ, ਮਿੱਤਰ ਦਾ ਪਿਆਰ, ਪ੍ਰਾਪਤ ਕਰ ਕੇ ਇਨ੍ਹਾਂ ਦੇਸ਼ਾਂ ਦੀ ਵਡੱਤਣ ਨੂੰ ਹੇਚ ਸਮਝੇਗਾ।

ਬਾਦਸ਼ਾਹੀਏ ਦੋ ਆਲਮ, ਯਕ ਨਿਗਾਹਿ ਰੂਏ ਤੋ।
ਸਾਇਆ-ਇ ਜ਼ੁਲਫ਼ਿ ਤੋ, ਅਜ਼ ਬਾਲਿ ਹੁਮਾ, ਖ਼ਾਹਦ ਗੁਜ਼ੱਸ਼੍ਰ॥੨॥

ਸ਼ਬਦਾਰਥ : ਦੋ ਆਲਮ—ਦੋਵੇਂ ਲੋਕ, ਲੋਕ ਪਰਲੋਕ। ਰੂਏ ਤੋ—ਤੇਰਾ ਚਿਹਰਾ। ਸਾਇਆ—ਪਰਛਾਵਾਂ। ਬਾਲਿ ਹੁਮਾ—ਹੁਮਾ ਦੇ ਵਾਲ, ਹੁਮਾ ਦੇ ਪਰ। ਹੁਮਾ—ਫ਼ਾਰਸ (ਈਰਾਨ) ਦੇਸ਼ ਦੇ ਕਵੀਆਂ ਦਾ ਇਕ ਕਲਪਤ ਪੰਛੀ ਹੈ। ਉਨ੍ਹਾਂ ਦਾ ਖ਼ਿਆਲ ਹੈ ਕਿ ਜੇ ਇਹ ਕਿਸੇ ਦੇ ਸਿਰ ਤੋਂ ਲੰਘ ਜਾਵੇ ਤਾਂ ਉਹ ਬਾਦਸ਼ਾਹ ਬਣ ਜਾਂਦਾ ਹੈ।

ਅਰਥ : ਤੇਰੇ ਚਿਹਰੇ ਦੀ ਇਕ ਨਜ਼ਰ (ਕਿਰਪਾ-ਦ੍ਰਿਸ਼ਟੀ) ਹੀ ਲੋਕ-ਪਰਲੋਕ ਦੀ ਬਾਦਸ਼ਾਹੀ (ਤੁਲ) ਹੈ। ਤੇਰੀ ਜ਼ੁਲਫ਼ ਦਾ ਪਰਛਾਵਾਂ ਹੁਮਾ ਪੰਛੀ ਦੇ ਪਰਾਂ ਤੋਂ ਲੰਘ ਜਾਵੇਗਾ। ਭਾਵ, ਮਨੌਤ ਅਨੁਸਾਰ ਹੁਮਾ ਪੰਛੀ ਦਾ ਪਰਛਾਵਾਂ ਕੇਵਲ ਇਸ ਇਕ ਲੋਕ ਦਾ ਰਾਜ ਦੇਂਦਾ ਹੈ, ਪਰੰਤੂ ਤੇਰੀ ਜ਼ੁਲਫ਼ ਦਾ ਸਾਇਆ (ਸਤਿਗੁਰੂ ਦੀ ਮਿਹਰ) ਲੋਕ ਪਰਲੋਕ, ਦੋਵੇਂ ਥਾਂ ਸੁਹੇਲੇ ਬਣਾ ਦਿੰਦਾ ਹੈ।

ਈਂ ਬਸਾਤਿ ਉਮਰ ਰਾ ਦਰਯਾਬ, ਕੀਂ ਬਾਦਿ ਸਬਾ।
ਅਜ਼ ਕੁਜਾ ਆਮਦ ਨ-ਦਾਨਮ, ਵ ਜ਼ ਕੁਜਾ ਖ਼ਾਹਦ ਗੁਜ਼ੱਸ਼੍ਰ॥੩॥

ਸ਼ਬਦਾਰਥ : ਬਸਾਤ—ਪੂੰਜੀ। ਦਰਯਾਬ—ਪ੍ਰਾਪਤ ਕਰ। ਕੀਂ—ਕਿ ਈਂ, ਕਿ ਇਹ। ਬਾਦਿ ਸਬਾ—ਸਵੇਰ ਦੀ ਹਵਾ। ਅਜ਼ ਕੁਜਾ—ਕਿਥੋਂ ? ਆਮਦ—ਆਈ। ਨ ਦਾਨਮ—ਮੈਂ ਨਹੀਂ ਜਾਣਦਾ ਹਾਂ।

ਅਰਥ : ਇਸ ਉਮਰ ਦੀ ਪੂੰਜੀ ਨੂੰ ਪ੍ਰਾਪਤ ਕਰ, ਭਾਵ, ਨਾਮ ਜਪ ਕੇ ਉਮਰ ਨੂੰ ਸਫਲਾ ਕਰ, ਇਹ ਸਵੇਰ ਦੀ ਪੌਣ (ਵਾਂਗ) ਹੈ। ਮੈਂ ਨਹੀਂ ਜਾਣਦਾ ਕਿਧਰੋਂ ਆਈ ਅਤੇ ਕਿਧਰ ਲੰਘ ਜਾਵੇਗੀ।

ਬਾਦਸ਼ਾਹੀਏ ਦੋ ਜਹਾਂ, ਜੁਜ਼ ਸ਼ੋਰੋ ਗ਼ੌਗਾ ਬੇਸ਼ ਨੇਸ੍ਰ।
ਪੇਸ਼ਿ ਦਰਵੇਸ਼ੇ ਕਿ ਊ, ਅਜ਼ ਮੁੱਦਆ ਖ਼ਾਹਦ ਗੁਜ਼ੱਸ਼੍ਰ॥੪॥

ਸ਼ਬਦਾਰਥ : ਜੁਜ਼—ਸਿਵਾਏ, ਬਿਨਾਂ। ਸ਼ੋਰੋ ਗ਼ੌਗ਼ਾ—ਰੌਲਾ ਗੌਲਾ। ਬੇਸ਼—ਵਧ। ਪੇਸ਼—ਸਾਹਮਣੇ, ਕੋਲ। ਦਰਵੇਸ਼—ਫ਼ਕੀਰ। ਮੁੱਦਆ—ਖ਼ਾਹਸ਼, ਕਾਮਨਾ।

ਅਰਥ : ਇਸ ਲੋਕ ਪਰਲੋਕ ਦੀ ਬਾਦਸ਼ਾਹੀ ਸ਼ੋਰ-ਸ਼ਰਾਬੇ ਤੋਂ ਵਧ (ਕੁਝ ਵੀ) ਨਹੀਂ ਹੈ, ਉਸ ਫ਼ਕੀਰ (ਵਾਹਿਗੁਰੂ ਦੇ ਪਿਆਰੇ, ਗੁਰਮੁਖ) ਦੇ ਸਾਹਮਣੇ, ਜੋ ਵਾਸ਼ਨਾਵਾਂ (ਖ਼ਾਹਸ਼ਾਂ) ਤੋਂ ਅਗੇ ਲੰਘ ਜਾਵੇਗਾ।

ਅਜ਼ ਗੁਜ਼ੱਸ਼ਤਨ-ਹਾ ਚਿ: ਮੇ ਪੁਰਸੀ ਦਰੀਂ ਦਹਰਿ ਖ਼ਰਾਬ।
ਬਾਦਸ਼ਾਹ ਖ਼ਾਹਦ ਗੁਜ਼ਸ਼ਤੋ, ਹਮ ਗਦਾ ਖ਼ਾਹਦ ਗੁਜ਼ੱਸ਼੍ਤ ॥੫॥

ਸ਼ਬਦਾਰਥ : ਅਜ਼—ਤੋਂ। ਗੁਜ਼ੱਸ਼ਤਨ-ਹਾ—ਗੁਜ਼ਰ ਜਾਣਾ, (ਚਲਾਣਾ ਕਰ ਜਾਣਾ)। ਚਿ—ਕਿ ? ਮੇ ਪੁਰਸੀ—ਪੁੱਛਦੇ ਹੋ। ਦਰੀਂ—(ਦਰ ਈਂ) ਇਸ ਵਿਚ। ਦਹਰਿ ਖ਼ਰਾਬ—ਨਿਕੰਮੀ ਦੁਨੀਆ। ਗਦਾ—ਮੰਗਤਾ, ਭਿਖਾਰੀ।

ਅਰਥ : ਗੁਜ਼ਰ ਜਾਣ ਦੀ (ਗੱਲ) ਇਸ ਨਿਕੰਮੀ ਦੁਨੀਆ ਵਿਚ ਕੀ ਪੁਛਦੇ ਹੋ। (ਏਥੋਂ) ਬਾਦਸ਼ਾਹ ਵੀ ਲੰਘ (ਤੁਰ) ਜਾਵੇਗਾ (ਤੇ) ਕੰਗਾਲ ਵੀ ਗੁਜ਼ਰ ਜਾਵੇਗਾ (ਚੱਲ) ਵਸੇਗਾ।

ਸ਼ਿਅਰਿ ਗੋਇਆ, ਜ਼ਿੰਦਗੀ ਬਖ਼ਸ਼ ਅਸ੍ਤ ਚੂੰ ਆਬਿ ਹਯਾਤ।
ਬਲਕਿ ਅਜ਼ ਪਾਕੀਜ਼ਗੀ, ਜ਼ਿ ਆਬਿ ਬਕ਼ਾ ਖ਼ਾਹਦ ਗੁਜ਼ੱਸ਼੍ਤ ॥੬॥

ਸ਼ਬਦਾਰਥ : ਸ਼ੇਅਰ—ਕਵਿਤਾ। ਜ਼ਿੰਦਗੀ ਬਖ਼ਸ਼—ਜੀਵਨ ਦੇਣ ਵਾਲੇ। ਚੂੰ—ਵਾਂਗ। ਪਾਕੀਜ਼ਗੀ—ਪਵਿੱਤਰਤਾ। ਆਬਿ ਹਯਾਤ, ਆਬਿ ਬਕ਼ਾ—ਜ਼ਿੰਦਗੀ, ਉਮਰ ਦਾ ਪਾਣੀ, ਅੰਮ੍ਰਿਤ।

ਅਰਥ : ਗੋਇਆ ਦੀ ਕਵਿਤਾ ਆਬਿ ਹਯਾਤ (ਅੰਮ੍ਰਿਤ) ਵਾਂਗ ਜੀਵਨ-ਦਾਤੀ ਹੈ। ਸਗੋਂ ਪਵਿੱਤਰਤਾ ਵਿਚ ਇਹ ਆਬਿ ਹਯਾਤ ਨਾਲੋਂ ਵੀ (ਅਗੇ) ਲੰਘ ਜਾਵੇਗੀ (ਲੰਘ ਜਾਂਦੀ ਹੈ)।

ਵਿਆਖਿਆ

ਇਸ ਗ਼ਜ਼ਲ ਵਿਚ ਗੁਰਮੁਖਾਂ ਦੀ ਬੇਪਰਵਾਹੀ ਤੇ ਸੰਸਾਰ ਦੀ ਅਸਾਰਤਾ ਦਾ ਜ਼ਿਕਰ ਕੀਤਾ ਗਿਆ ਹੈ। ਕਾਮਨਾਵਾਂ ਦੀਆਂ ਖਾਈਆਂ ਤੋਂ ਉਚੇਰੇ ਹੋ ਚੁੱਕੇ ਪ੍ਰਭੂ-ਲੋਕਾਂ ਦੀ ਦ੍ਰਿਸ਼ਟੀ ਵਿਚ ਬਾਦਸ਼ਾਹੀਆਂ ਦੀ ਸੱਜ ਧੱਜ ਤੇ ਜਲ-ਜਲੌ ਬੱਚਿਆਂ ਦੀ ਖੇਡ ਤੇ ਰੌਲੇ-ਗੌਲੇ ਤੋਂ ਵਧ ਕੁਝ ਵੀ ਨਹੀਂ। ਮਨੁੱਖਤਾ ਨੂੰ ਇਹ ਲੀਰੋ-ਲੀਰ ਤੇ ਆਪਸ ਵਿਚ ਗੁੱਥਮ-ਗੁੱਥਾ ਕਰਨ ਵਾਲੀਆਂ ਵਿਚਾਰ-ਧਾਰਾਵਾਂ ਤਾਂ ਇਕ ਮਿੱਠਾ ਮਹੁਰਾ ਹੈ। 'ਸਰਮਦ' ਦੇ ਕਥਨ ਅਨੁਸਾਰ ਇਹ '**ਸ਼ਬਿ ਫ਼ਿਤਨਾ**' (ਅਗਿਆਨਤਾ ਦੀ ਰਾਤ ਦੇ ਫ਼ਸਾਦ) ਹਨ, ਜੋ ਗੁਰੂ-ਬਖ਼ਸ਼ੇ ਗਿਆਨ ਤੇ ਸਮ-ਦ੍ਰਿਸ਼ਟੀ ਨਾਲ ਹੀ ਦੂਰ ਹੋ ਸਕਦੇ ਹਨ।

ਐ ਮਨੁੱਖ ! ਤੂੰ ਉਮਰ ਦੀ ਦੁਰਲਭ ਪੂੰਜੀ ਨੂੰ ਸਫਲਾ ਕਰ। ਕਿਤੇ ਇਹ ਹੱਵਾ ਦੇ

ਬੁੱਲੇ ਵਾਂਗ ਏਧਰੋਂ ਆ ਕੇ ਓਧਰ ਬੇਅਰਥ ਨਾ ਲੰਘ ਜਾਵੇ। ਯਾਦ ਰੱਖ, ਮਨੁੱਖ ਦੇ ਪਾਸ ਸਭ ਤੋਂ ਕੀਮਤੀ ਵਸਤੂ ਉਸ ਦਾ ਆਖ਼ਰੀ ਸਵਾਸ ਹੈ। ਸੁਚੇਤ ਹੋ, ਤੇ ਏਥੋਂ ਤੁਰ ਜਾਣ ਦੀ ਗੱਲ ਨਾ ਪੁੱਛ। ਕੀ ਬਾਦਸ਼ਾਹ ਤੇ ਕੀ ਫ਼ਕੀਰ ਸਭ ਨੇ ਇਕ ਦਿਨ ਅਵੱਸ਼ ਕੂਚ ਕਰ ਜਾਣਾ ਹੈ। ਗੁਰਵਾਕ ਹੈ

ਰਹਣੁ ਨ ਪਾਵਹਿ ਸੁਰਿ ਨਰ ਦੇਵਾ॥
ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥੧॥

ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ॥
ਸਾਧ ਸੰਗਿ ਤਿਨੀ ਦਰਸਨੁ ਪਾਇਆ॥੧॥ਰਹਾਉ॥ *(ਸੂਹੀ ਮ: ੫, ਪੰਨਾ ੭੩੯)*

ਤਥਾ **ਸ਼ੋਰਿ ਸ਼ੁਦੋ, ਅਜ਼ ਖ਼੍ਵਾਬਿ ਅਦਮ ਚਸ਼ਮ ਕਸ਼ੁਦੇਮ।**
ਦੀਦੇਮ ਕਿ ਬਾਕੀਸਤ, ਸ਼ਬਿ ਫ਼ਿਤਨਾ, ਚਸ਼ਮ ਗਨੂਦੇਮ। *(ਸਰਮਦ)*

ਮਨੁੱਖ ਵਿਚ ਹਮੇਸ਼ਾ ਜੀਵਤ ਰਹਿਣ ਦੀ ਪ੍ਰਬਲ ਲਾਲਸਾ ਹੈ। ਇਸ ਲਈ ਇਹ ਸਦਾ ਹੀ ਐਸੇ ਨੁਸਖ਼ੇ ਜਾਂ ਵਸਤੂ ਦੀ ਭਾਲ ਵਿਚ ਰਿਹਾ ਹੈ ਜੋ ਇਸ ਨੂੰ ਅਬਦੀ-ਜੀਵਨ ਦੇ ਸਕੇ। ਆਬਿ-ਹਯਾਤ (ਅਮਰ ਜੀਵਨ ਦਾ ਪਾਣੀ) ਦੀ ਖੋਜ ਵੀ, ਅੰਦਰ ਛੁਪੀ ਇਸੇ ਰੁਚੀ ਦਾ ਪ੍ਰਗਟਾਵਾ ਹੈ। ਪਰੰਤੂ, ਇਹ ਕਲਪਤ ਪਾਣੀ, ਸਦੀਵੀ ਤੇ ਇਕ-ਰਸ ਜੀਵਨ-ਸੁਖ ਤੇ ਸ਼ਾਂਤੀ ਦੇਣ ਦੀ ਸਮਰਥਾ ਨਹੀਂ ਰਖਦਾ।

'ਗੋਇਆ' ਜੀ ਕਹਿੰਦੇ ਹਨ ਕਿ ਉਨ੍ਹਾਂ ਦੀ ਕਵਿਤਾ ਇਸ ਆਬਿ-ਹਯਾਤ ਤੋਂ ਉੱਚੀ ਹੈ, ਕਿਉਂਕਿ ਇਹ ਉਹ ਅੰਮ੍ਰਿਤ ਹੈ ਜੋ ਨਾ ਕੇਵਲ ਅਮਰ ਜੀਵਨ ਹੀ ਬਖ਼ਸ਼ਦਾ ਹੈ; ਸਗੋਂ, ਸੁਖ ਤੇ ਸ਼ਾਂਤੀ ਭਰਪੂਰ ਸਦੀਵੀ ਜੀਵਨ ਵੀ।

ਪਰੰਤੂ, ਇਸ ਦੀ ਪ੍ਰਾਪਤੀ ਸਾਗਰ ਨੂੰ ਰਿੜਕਿਆਂ ਨਹੀਂ, ਗੁਰ-ਸ਼ਬਦ ਨੂੰ ਸੁਰਤ ਨਾਲ ਰਿੜਕਿਆਂ ਹੁੰਦੀ ਹੈ।

ਸੰਪੂਰਨ ਸਤਿਗੁਰੂ ਦਾ ਅਮਰ-ਬਚਨ ਤੇ ਤਜਰਬਾ ਹੈ ਕਿ

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ, ਸੁ ਅੰਮ੍ਰਿਤੁ ਗੁਰ ਤੇ ਪਾਇਆ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ, ਸਚਾ ਮਨਿ ਵਸਾਇਆ॥੧੩॥
(ਅਨੰਦੁ ਸਾਹਿਬ, ਪੰਨਾ ੯੧੮))

—o—

ਦੌਲਤੇ ਦੁਨੀਆ, ਨ ਬਾਸ਼ਦ ਪਾਇਦਾਰ॥
ਦਰ ਤਰੀਕੇ, ਆਰਫ਼ਾਨਿ ਹੱਕ, ਗੁਜ਼ਾਰ॥੩੩੦॥ *(ਜ਼ਿੰਦਗੀਨਾਮਾ)*

ਐ ਮਨੁੱਖ! ਦੁਨੀਆ ਦੀ ਦੌਲਤ ਸਦੀਵੀ ਸਾਥ ਦੇਣ ਵਾਲੀ ਵਸਤੂ ਨਹੀਂ। (ਇਸ ਲਈ) ਸੱਚੇ ਵਾਹਿਗੁਰੂ ਦੇ ਢੂੰਡਾਊਆਂ, ਨਾਮ-ਰੱਤਿਆਂ ਦੇ ਦੱਸੇ ਤਰੀਕੇ ਅਨੁਸਾਰ (ਆਪਣੀ ਉਮਰ) ਬਤੀਤ ਕਰ।

.ਗ਼ਜ਼ਲ ਨੰਬਰ ੧੨

ਇਮ-ਸ਼ਬ, ਬ-ਤਮਾਸ਼ਾ-ਇ ਰੁਖ਼ਿ ਯਾਰ, ਤਵਾਂ ਰਫ਼ਤ।
ਸੂਏ, ਬੁਤਿ ਆਸ਼ਕ-ਕੁਸ਼ ਅੱਯਾਰ, ਤਵਾਂ ਰਫ਼ਤ ॥੧॥

ਦਰ ਕੂਚਾ-ਇ ਇਸ਼ਕ,ਅਰਚਿਹ ਮੁਹਾਲ ਅਸੁ ਰਸੀਦਨ।
ਮਨਸੂਰ ਸਿਫ਼ਤ, ਬਾ-ਕ਼ਦਮਿ ਦਾਰ, ਤਵਾਂ ਰਫ਼ਤ ॥੨॥

ਐ ਦਿਲ, ਬਸੂਏ ਮਦਰਸਾ, ਗਰ ਮੈਲ ਨ ਦਾਰੀ।
ਬਾਰੇ, ਬਸੂਏ ਖ਼ਾਨਾ-ਇ ਖ਼ੁੱਮਾਰ, ਤਵਾਂ ਰਫ਼ਤ ॥੩॥

ਚੂੰ ਦਾਮਨਮ, ਅਜ਼ ਅਸ਼ਕਿ ਤੋ, ਸ਼ੁਦ ਰਸ਼ਕਿ ਗੁਲਿਸਤਾਂ।
ਬੇਹੂਦਾ, ਚਿਰਾ ਜਾਨਬਿ ਗੁਲਜ਼ਾਰ, ਤਵਾਂ ਰਫ਼ਤ ॥੪॥

ਐ ਦਿਲ, ਚੁ ਸ਼ੁਦੀ ਵਾਕਫ਼ਿ ਅਸਰਾਰਿ ਅਲਾਹੀ।
ਦਰ ਸੀਨਾ-ਇ ਆਂ ਮਖ਼ਜ਼ਨਿ ਅਸਰਾਰ, ਤਵਾਂ ਰਫ਼ਤ ॥੫॥

ਸਦ ਰੋਜ਼ਾ-ਇ ਰਿਜ਼ਵਾਂਸੁ, ਚੂ ਦਰ ਖ਼ਾਨਾ ਸ਼ਗੁਫ਼ਤਹ।
'ਗੋਇਆ', ਬ-ਚਿਹ ਸੂਏ ਦਰੋ ਦੀਵਾਰ, ਤਵਾਂ ਰਫ਼ਤ ॥੬॥

ਪੰਜਾਬੀ ਕਾਵਿ ਅਨੁਵਾਦ

੧. ਅੱਜ ਰਾਤ ਨੂੰ, ਦਰਸ਼ਨ ਖ਼ਾਤਰ, ਵੱਲ ਮਾਹੀ ਦੇ ਜਾਣਾ।
ਬਿਸਮਿਲ ਕਰੇ ਜੋ ਆਸ਼ਕ ਤਾਈਂ, ਦਰਸ਼ਨ ਉਸ ਦਾ ਪਾਣਾ, ਹੂ।

੨. ਯਾਰੋ, ਹੁੰਦਾ ਡਾਢਾ ਮੁਸ਼ਕਿਲ, ਪ੍ਰੇਮ-ਗਲੀ ਵਿੱਚ ਜਾਣਾ।
ਮਨਸੂਰ ਦੇ ਵਾਂਗੂੰ ਸੂਲੀ ਉੱਤੇ, ਪੈਂਦਾ ਪੈਰ ਟਿਕਾਣਾ, ਹੂ।

੩. ਐ ਦਿਲ! ਜੇ ਤੂੰ ਪੰਧ ਇਸ਼ਕ ਦੇ ਨਾਲ, ਰੁਚੀ ਨਹੀਂ ਰੱਖਦਾ।
ਪਰ ਚਾਹਵੇਂ ਜੇ ਓਥੇ ਜਾਣਾ, ਅਜੇ ਵੀ ਜਾ ਹੈਂ ਸਕਦਾ, ਹੂ।

੪. ਪੱਲਾ ਮੇਰਾ ਨਾਲ ਹੰਝੂਆਂ, ਬਣਿਆ ਹੈ ਫੁਲਵਾੜੀ।
ਕਿਉਂ ਜਾਵਾਂ ਫਿਰ ਵੱਲ ਬਗੀਚੇ, ਕਰਨੀ ਕੀ ਇਹ ਝਾੜੀ, ਹੂ।

੫. ਐ ਦਿਲ, ਜਦ ਤੂੰ ਪਾ ਲਵੇਂਗਾ, ਭੇਤ ਪ੍ਰਭੂ ਦਾ ਸਾਰਾ।
ਸੀਨੇ ਤੇਰੇ ਆਣ ਵੱਸੇਗਾ, ਭੇਤਾਂ ਦਾ ਵਣਜਾਰਾ, ਹੂ।

੬. ਸੌ ਸੌ ਬਾਗ਼ ਬਗ਼ੀਚੇ ਅਰਸ਼ੀ, ਜਦ ਖਿੜੇ ਘਰ ਮੇਰੇ।
ਫਿਰ 'ਗੋਇਆ' ਮੈਂ ਕਿਸ ਲਈ ਪਾਵਾਂ, ਘਰ ਘਰ, ਦਰ ਦਰ, ਫੇਰੇ, ਹੂ।

ਇਮ-ਸ਼ਬ, ਬ-ਤਮਾਸ਼ਾ-ਇ ਰੁਖ਼ਿ ਯਾਰ, ਤਵਾਂ ਰਫ਼ੂ।
ਸੂਏ, ਬੁਤਿ ਆਸ਼ਕ-ਕੁਸ਼ ਅੱਯਾਰ, ਤਵਾਂ ਰਫ਼ੂ ॥੧॥

ਸ਼ਬਦਾਰਥ : ਇਮ-ਸ਼ਬ—ਅੱਜ ਦੀ ਰਾਤ। ਬ-ਤਮਾਸ਼ਾ—ਤਮਾਸ਼ੇ ਨੂੰ। ਰੁਖ਼—ਚਿਹਰਾ। ਤਵਾਂ ਰਫ਼ੂ—ਜਾ ਸਕੀਦਾ ਹੈ। ਸੂ—ਤਰਫ਼, ਵਲ। ਇ—ਦੀ। ਬੁਤ—ਮੂਰਤੀ। ਕੁਸ਼—ਕਤਲ ਕਰਨ ਵਾਲਾ। ਅੱਯਾਰ—ਚਲਾਕ, ਛਲੀਆ, ਚੋਜੀ।

ਅਰਥ : ਅਜ ਦੀ ਰਾਤ (ਭਾਵ, ਇਸੇ ਉਮਰ ਵਿਚ) ਪ੍ਰੀਤਮ ਦੇ ਚਿਹਰੇ ਦੇ ਤਮਾਸ਼ੇ ਵਲ ਜਾ ਸਕੀਦਾ ਹੈ (ਦਰਸ਼ਨ ਕਰ ਸਕੀਦਾ ਹੈ)। ਪ੍ਰੇਮੀਆਂ ਨੂੰ ਕਤਲ ਕਰ ਦੇਣ ਵਾਲੇ (ਮੋਹ ਲੈਣ ਵਾਲੇ) ਚਾਲਾਕ ਬੁਤ (ਚੋਜੀ ਪ੍ਰੀਤਮ) ਵਲ ਜਾ ਸਕੀਦਾ ਹੈ।

ਦਰ ਕੂਚਾ-ਇ ਇਸ਼ਕ, ਅਰਚਿਹ ਮੁਹਾਲ ਅਸ੍ਰ ਰਸੀਦਨ।
ਮਨਸੂਰ ਸਿਫ਼ਤ, ਬਾ-ਕ਼ਦਮਿ ਦਾਰ, ਤਵਾਂ ਰਫ਼ੂ ॥੨॥

ਸ਼ਬਦਾਰਥ : ਕੂਚਾ-ਇ ਇਸ਼ਕ—ਪਿਆਰ ਦੀ ਗਲੀ। ਦਰ—ਵਿਚ। ਅਰਚਿਹ—ਜੇ, ਭਾਵੇਂ। ਮੁਹਾਲ ਅਸ੍ਰ—ਕਠਨ ਹੈ। ਰਸੀਦਨ—ਪਹੁੰਚਣਾ। ਮਨਸੂਰ ਸਿਫ਼ਤ—ਮਨਸੂਰ ਦੇ ਵਾਂਙ। ਬਾ-ਕ਼ਦਮਿ ਦਾਰ—ਸੂਲੀ ਦੇ ਪੈਰਾਂ ਸਹਿਤ (ਭਾਵ, ਉਨ੍ਹਾਂ ਪੈਰਾਂ ਵਾਂਗ ਜੋ ਮਸਤਾਨਾ-ਵਾਰ ਸੂਲੀ ਵਲ ਵਧੇ ਸਨ)।

ਅਰਥ : ਪ੍ਰੇਮ ਦੀ ਗਲੀ ਵਿਚ ਪੁਜਣਾ ਭਾਵੇਂ ਕਠਨ ਹੈ, (ਪਰੰਤੂ) ਮਨਸੂਰ ਵਾਂਗ ਸੂਲੀ ਉਤੇ (ਰਖਣ ਵਾਲੇ) ਪੈਰਾਂ ਨਾਲ ਜਾ ਸਕੀਦਾ ਹੈ।

ਐ ਦਿਲ, ਬਸੂਏ ਮਦਰਸਾ, ਗਰ ਮੈਲ ਨ ਦਾਰੀ।
ਬਾਰੇ, ਬਸੂਏ ਖ਼ਾਨਾ-ਇ ਖ਼ੁੱਮਾਰ, ਤਵਾਂ ਰਫ਼ੂ ॥੩॥

ਸ਼ਬਦਾਰਥ : ਗਰ—ਜੇ। ਮੈਲ—ਖ਼ਾਹਸ਼, ਰੁਚੀ। ਮਦਰਸਾ—ਪਾਠਸ਼ਾਲਾ। ਨ ਦਾਰੀ—ਨਹੀਂ ਰਖਦਾ। ਬਾਰੇ—ਸਮਾਂ (ਹੈ)। ਖ਼ਾਨਾ-ਇ ਖ਼ੁੱਮਾਰ—ਸ਼ਰਾਬ-ਖ਼ਾਨਾ, ਨਾਮ-ਰਤਿਆਂ ਦਾ ਟਿਕਾਣਾ, ਭਾਵ, ਸਾਧ ਸੰਗਤ।

ਅਰਥ : ਹੇ ਦਿਲ, ਜੇ ਤੂੰ (ਹੁਣ ਤਕ) ਪਾਠਸ਼ਾਲਾ (ਸਾਧ ਸੰਗਤ) ਵਲ ਰੁੱਚੀ ਨਹੀਂ ਰਖਦਾ (ਤਾਂ ਅਜੇ ਵੀ) ਸਮਾਂ ਹੈ ਜੁ ਸ਼ਰਾਬ-ਖ਼ਾਨੇ (ਨਾਮ ਵਿਚ ਰਤਿਆਂ ਦੀ ਸੰਗਤ) ਵਲ ਜਾ ਸਕੀਦਾ ਹੈ (ਜਾ ਸਕਦਾ ਹੈਂ)।

ਚੂੰ ਦਾਮਨਮ, ਅਜ਼ ਅਸ਼ਕਿ ਤੋ, ਸ਼ੁਦ ਰਸ਼ਕਿ ਗੁਲਿਸਤਾਂ।
ਬੇਹੂਦਾ, ਚਿਰਾ ਜਾਨਬਿ ਗੁਲਜ਼ਾਰ, ਤਵਾਂ ਰਫ਼ੂ ॥੪॥

ਸ਼ਬਦਾਰਥ : ਦਾਮਨਮ—ਮੇਰਾ ਦਾਮਨ, ਪੱਲਾ। ਅਸ਼ਕ—ਅੱਥਰੂ। ਸ਼ੁਦ—ਹੋਇਆ। ਰਸ਼ਕਿ ਗੁਲਿਸਤਾਂ—ਰੀਸ ਕਰਨ ਯੋਗ ਫੁਲਵਾੜੀ। ਬੇਹੂਦਾ—ਅਕਾਰਥ, ਫ਼ਜ਼ੂਲ। ਚਿਰਾ—ਕਿਉਂ ? ਜਾਨਬ—ਤਰਫ਼, ਵਲ। ਗੁਲਜ਼ਾਰ—ਗੁਲਿਸਤਾਂ, ਫੁਲਵਾੜੀ।

ਅਰਥ : ਜਦੋਂ ਮੇਰਾ ਪੱਲਾ (ਭਾਵ ਦਿਲ) ਤੇਰੇ (ਬਿਰਹੋਂ ਵਿਚ) ਅੱਥਰੂ ਵਹਾਉਣ ਨਾਲ ਫੁਲਵਾੜੀ ਦੀ ਰੀਸ ਕਰਨ ਯੋਗ ਹੋ ਗਿਆ ਤਾਂ ਫਿਰ ਅਕਾਰਥ ਬਗ਼ੀਚੇ ਵਲ ਕਿਉਂ ਜਾ ਸਕੀਦਾ ਹੈ (ਭਾਵ, ਜਾਣ ਦੀ ਕੀ ਲੋੜ ਹੈ ?)।

ਐ ਦਿਲ, ਚੁ ਸ਼ੁਦੀ ਵਾਕਫ਼ਿ ਅਸਰਾਰਿ ਅਲਾਹੀ।
ਦਰ ਸੀਨਾ-ਇ ਆਂ ਮਖ਼ਜ਼ਨਿ ਅਸਰਾਰ, ਤਵਾਂ ਰਫ਼ਤ॥੫॥

ਸ਼ਬਦਾਰਥ : ਚੁ—ਜਦ। ਸ਼ੁਦੀ—ਤੂੰ ਹੋਇਆ। ਵਾਕਫ਼ਿ ਅਸਰਾਰਿ ਅਲਾਹੀ—ਵਾਹਿਗੁਰੂ ਦੇ ਭੇਦਾਂ ਦਾ ਵਾਕਫ਼। ਅਸਰਾਰ—ਭੇਦ। ਸੀਨਾ—ਛਾਤੀ (ਦਿਲ)। ਮਖ਼ਜ਼ਨ—ਖ਼ਜ਼ਾਨਾ, ਭੰਡਾਰ।

ਅਰਥ : ਹੇ ਦਿਲ, ਜਦੋਂ ਤੂੰ ਵਾਹਿਗੁਰੂ ਦੇ ਭੇਦਾਂ ਦਾ ਜਾਣੂ ਹੋ ਗਿਆ ਤਾਂ ਤੇਰੇ ਸੀਨੇ ਵਿਚ ਉਹ ਭੇਦਾਂ ਦਾ ਭੰਡਾਰ (ਵਾਹਿਗੁਰੂ) ਜਾ (ਵਸ) ਸਕਦਾ ਹੈ।

ਸਦ ਰੋਜ਼ਾ-ਇ, ਰਿਜ਼ਵਾਂਸ੍ਰ, ਚੂ ਦਰ ਖ਼ਾਨਾ ਸ਼ਗੁਫ਼ਤਹ।
'ਗੋਇਆ', ਬ-ਚਿਹ ਸੂਏ ਦਰੋ ਦੀਵਾਰ, ਤਵਾਂ ਰਫ਼ਤ॥੬॥

ਸ਼ਬਦਾਰਥ : ਸਦ—ਸੈਂਕੜਾ (ਸੈਂਕੜੇ)। ਰੋਜ਼ਾ—ਬਾਗ਼। ਰਿਜ਼ਵਾਂ—ਸਵਰਗ। ਦਰ—ਵਿਚ। ਖ਼ਾਨਾ—ਘਰ। ਸ਼ਗੁਫ਼ਤਹ—ਖਿੜੇ ਹੋਏ। ਬ-ਚਿਹ—ਕਿਉਂ ? ਦਰੋ ਦੀਵਾਰ—ਦਰਵਾਜ਼ੇ ਤੇ ਕੰਧਾਂ।

ਅਰਥ : ਜਦ ਸੈਂਕੜੇ ਸਵਰਗੀ ਬਾਗ਼ (ਹਿਰਦੇ) ਘਰ ਵਿਚ ਖਿੜੇ ਹੋਏ ਹੋਣ (ਤਾਂ) ਗੋਇਆ, (ਦੁਨੀਆਵੀ) ਕੰਧਾਂ-ਕੋਠੀਆਂ ਵਿਚ ਕਿਉਂ ਜਾ ਸਕੀਦਾ ਹੈ (ਭਾਵ, ਜਾਣ ਦੀ ਕੀ ਲੋੜ ?)।

ਵਿਆਖਿਆ

ਵੱਖ ਵੱਖ ਮੱਤ-ਮਤਾਂਤਰਾਂ ਦੇ ਵਿਚਾਰਵਾਨਾਂ ਵਿਚ ਚਾਹੇ ਹੋਰ ਕਿਤਨੇ ਵੀ ਮਤ-ਭੇਦ ਕਿਉਂ ਨਾ ਹੋਣ, ਇਸ ਗੱਲ ਉਤੇ ਇਹ ਸਾਰੇ ਸਹਿਮਤ ਹਨ ਕਿ ਮਨੁੱਖ ਸਭ ਜੀਵਾਂ ਤੋਂ ਸ੍ਰੇਸ਼ਟ ਹੈ। ਜਿਥੇ ਇਸ ਵਿਚ ਹੋਰ ਜੂਨੀਆਂ ਦੇ ਜੀਵਾਂ ਨਾਲੋਂ ਚੇਤਨ-ਸ਼ਕਤੀ ਦੀ ਬਹੁਲਤਾ ਹੈ, ਉਥੇ ਚਿੰਤਨ-ਸ਼ਕਤੀ ਵੀ ਕੇਵਲ ਇਸ ਦੇ ਹਿੱਸੇ ਹੀ ਆਈ ਹੈ; ਜਿਵੇਂ

(੧) **ਅਵਰ ਜੋਨਿ ਤੇਰੀ ਪਨਿਹਾਰੀ॥**
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ *(ਆਸਾ ਮ: ੫, ਪੰਨਾ ੩੭੪)*

(੨) **ਚਉਰਾਸੀਹ ਲਖ ਜੋਨਿ ਵਿਚਿ, ਉਤਮੁ ਜਨਮੁ ਸੁ ਮਾਣਸਿ ਦੇਹੀ॥੩॥੧॥**
(ਭਾਈ ਗੁਰਦਾਸ ਜੀ)

ਨਿਰਸੰਦੇਹ, ਮਨੁੱਖਾ ਜਨਮ ਸਰਬੋਤਮ ਤੇ ਦੁਰਲਭ ਹੈ। ਪਰੰਤੂ, ਕੇਵਲ ਇਸ ਕਰਕੇ ਹੀ ਨਹੀਂ ਕਿ ਇਸ ਵਿਚ ਚੇਤਨ ਤੇ ਚਿੰਤਨ-ਸ਼ਕਤੀ ਦੀ ਬਹੁਲਤਾ ਹੈ ਅਤੇ ਇਹ ਜਲ-ਥਲ ਤੇ ਅਕਾਸ਼ ਦੀਆਂ ਸ਼ਕਤੀਆਂ ਨੂੰ ਜ਼ੇਰ ਕਰ ਸਕਦਾ ਹੈ; ਸਗੋਂ, ਇਸ ਲਈ ਵੀ ਕਿ ਇਸ

ਜਾਮੇ ਵਿਚ ਅੰਤਰ-ਆਤਮੇ, ਪਿਆਰੇ ਪ੍ਰਭੂ ਦੇ ਦੀਦਾਰ ਕੀਤੇ ਜਾ ਸਕਦੇ ਹਨ, ਜੀਵ ਰੂਪੀ ਇਸਤ੍ਰੀ ਸੋਹਾਗਣੀ ਬਣ ਕੇ ਅਬਿਨਾਸ਼ੀ ਸ਼ਹੁ ਦੀ ਸੇਜ ਮਾਣ ਸਕਦੀ, ਤੇ ਜੀਵਨ ਮਨੋਰਥ ਦੀ ਸਿਖ਼ਰ ਛੂਹ ਸਕਦੀ ਹੈ

ਮਾਣਸ ਜਨਮਿ ਹਰਿ ਪਾਇਐ, ਹਰਿ ਰਾਵਣ ਵੇਰਾ ਰਾਮ ॥
ਗੁਰਮੁਖਿ ਮਿਲੁ ਸੋਹਾਗਣੀ, ਰੰਗੁ ਹੋਇ ਘਣੇਰਾ ਰਾਮ ॥

(ਬਿਲਾਵਲ ਮ: ੪, ਪੰਨਾ ੮੪੪)

ਕੁਝ ਅਜਿਹੇ ਭਾਵਾਂ ਨੂੰ ਹੀ ਭਾਈ ਸਾਹਿਬ ਨੇ ਇਸ ਗ਼ਜ਼ਲ ਵਿਚ ਉਜਾਗਰ ਕਰਨ ਦਾ ਸਫਲ ਜਤਨ ਕੀਤਾ ਹੈ। ਆਪ ਲਿਖਦੇ ਹਨ ਕਿ ਮਨੁੱਖਾ ਜਨਮ ਪਿਆਰੇ ਵਲ ਜਾਣ ਦਾ ਇਕ ਦੁਰਲਭ ਅਵਸਰ ਹੈ। ਪਿਆਰੇ ਦੀ ਗਲੀਂ ਦਾ ਰਾਹ ਡਾਢਾ ਬਿਖੜਾ ਹੈ ਅਤੇ ਪ੍ਰੇਮੀਆਂ ਨੂੰ ਪਹਿਲਾ ਕਦਮ ਮਨਸੂਰ ਵਾਂਗ ਸੂਲੀ ਉਤੇ ਰੱਖ ਕੇ ਅੱਗੇ ਵਧਣਾ ਪੈਂਦਾ ਹੈ। ਅਜਿਹਾ ਬਲ ਪ੍ਰਾਪਤ ਕਰਨ ਲਈ, ਸਮਾਂ ਹੈ, ਕਿ ਤੂੰ ਸਤਿਸੰਗਤ ਰੂਪੀ ਮੈਖ਼ਾਨੇ ਦੀ ਓਟ ਲਵੇਂ, ਜਿਥੇ ਸ਼ਬਦ ਰੂਪੀ ਪਿਆਲੇ ਵਿਚ ਧੁਰ ਕੀ ਬਾਣੀ ਦੇ ਕੀਰਤਨ ਦਾ ਨਸ਼ਾ ਪਿਆਇਆ ਜਾਂਦਾ ਹੈ। ਕੀਰਤਨ ਤੋਂ ਉਪਜੇ ਵੈਰਾਗ ਨਾਲ ਆਪਾ ਧੁਪ ਜਾਵੇਗਾ ਤੇ ਤੂੰ ਨਿਰਮਲ ਹੋ ਕੇ ਸਹਿਜ ਅਵਸਥਾ ਦੇ ਟਿਕਾਅ ਦਾ ਅਨੰਦ ਮਾਣ ਸਕੇਂਗਾ। ਫੇਰ ਸੋਝੀ ਪੈ ਜਾਵੇਗੀ ਕਿ

ਸਭਿ ਕਿਛੁ ਘਰ ਮਹਿ, ਬਾਹਰਿ ਨਾਹੀ ॥ *(ਮਾਝ ਮ: ੫, ਪੰਨਾ ੧੦੨)*

ਤਥਾ **ਬਾਹਰਿ ਢੂੰਢਨ ਤੇ ਛੂਟਿ ਪਰੇ, ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥**

(ਮਾਰੂ ਮ: ੫, ਪੰਨਾ ੧੦੦੨)

ਵੇਖਣ ਨੂੰ ਤਾਂ ਇਹ ਮਾਰਗ ਬੜਾ ਬਿਖੜਾ ਹੈ, ਪਰੰਤੂ, ਉਪਰ ਦਰਸਾਈ ਰਹਿਤ-ਬਧ ਹੋ ਕੇ ਇਸ ਉਤੇ ਤੁਰਨ ਵਾਲਿਆਂ ਨੂੰ ਉਹ ਪ੍ਰੇਮ-ਹੁਲਾਰੇ ਆਉਂਦੇ ਹਨ, ਜਿਨ੍ਹਾਂ ਸਾਹਮਣੇ ਸੁਰਗਾਂ ਦੇ ਬਗੀਚਿਆਂ ਦੀ ਸੈਰ ਤੁੱਛ ਹੋ ਭਾਸਦੀ ਹੈ। ਗੱਲ ਕੁਝ ਕਿਉਂ ਹੋ ਜਾਂਦੀ ਹੈ:

ਉਨ ਕੀ ਨਜ਼ਰ ਮੇਂ ਸ਼ੌਕਤ, ਜਚਤੀ ਨਹੀਂ ਕਿਸੀ ਕੀ,
ਆਂਖੋਂ ਮੇਂ ਬਸ ਰਹਾ ਹੈ, ਜਿਨ ਕੀ ਜਲਾਲ ਤੇਰਾ ॥

ਗ਼ਜ਼ਲ ਨੰਬਰ ੧੩

ਦੀਦੀ, ਆਖ਼ਰ ਤਾਲਬਿ ਮੌਲਾ, ਰਹਿ ਮੌਲਾ ਗ੍ਰਿਫ਼ਤ।
ਹਾਸਿਲਿ ਉਮਰਿ ਗਰਾਮੀ ਰਾ, ਅਜ਼ੀਂ ਦੁਨੀਆ ਗ੍ਰਿਫ਼ਤ॥੧॥
ਹੇਚ ਕਸ ਬੈਰੂੰ ਨ ਬਾਸ਼ਦ, ਅਜ਼ ਸਵਾਦਿ ਜ਼ੁਲਫ਼ਿ ਤੋ।
ਈਂ ਦਿਲਿ ਦੀਵਾਨਾ-ਅਮ, ਆਖ਼ਰ ਹਮੀਂ ਸੌਦਾ ਗ੍ਰਿਫ਼ਤ॥੨॥
ਗ਼ੈਰ, ਆਂ ਸਰਵਿ ਰਵਾਂ, ਹਰਗਿਜ਼ ਨ ਯਾਬਦ, ਦਰ ਨਜ਼ਰ।
ਤਾਂ ਕ਼ਦਿ ਰਾਅਨਾਏ ਓ, ਦਰ ਦੀਦਾ-ਇ ਮਾ, ਜਾ ਗ੍ਰਿਫ਼ਤ॥੩॥
ਅਜ਼ ਨਦਾਏ ਨਾਕ਼ਾ-ਇ ਲੇਲਾ, ਦਿਲੇ ਸ਼ੋਰੀਦਾ-ਅਮ।
ਹਮਚੂੰ ਮਜਨੂੰ ਮਸਤ ਗਸ਼ਤੋ, ਰਹ ਸੂਏ ਸਹਰਾ ਗ੍ਰਿਫ਼ਤ॥੪॥
ਖ਼ੁਸ਼ ਨਮੇ ਆਇਦ ਮਰਾ, ਹਰਫ਼ੇ ਬਗ਼ੈਰ ਅਜ਼ ਯਾਦਿ ਹੱਕ।
ਤਾ ਹਦੀਸਿ ਸ਼ੌਕਿ ਓ, ਅੰਦਰ ਦਿਲਮ ਮਾਵਾ ਗ੍ਰਿਫ਼ਤ॥੫॥
ਤਾ ਬਯਾਈ ਯਕ ਨਫ਼ਸ, ਬਹਰਿ ਨਯਾਜ਼ਿ ਖ਼ਿਦਮਤਤ।
ਚਸ਼ਮਿ ਗੌਹਰ ਬਾਰਿ ਮਾ, ਖ਼ੁਸ਼ ਲੂਲੂਏ ਲਾਲਾ ਗ੍ਰਿਫ਼ਤ॥੬॥
ਮੇ ਬਰਾਇਦ ਜਾਨਿ ਮਨ, ਇਮਰੋਜ਼, ਅਜ਼ ਰਾਹਿ ਦੋ ਚਸ਼ਮ॥
ਨੌਬਤਿ ਦੀਦਾਰਿ ਊ, ਤਾ ਵਾਅਦਾ-ਇ ਫ਼ਰਦਾ ਗ੍ਰਿਫ਼ਤ॥੭॥
ਗ਼ੈਰ ਹਮਦਿ ਹੱਕ਼, ਨਯਾਇਦ, ਬਰ ਜ਼ਬਾਨਮ ਹੇਚਗਾਹ।
ਹਾਸਲਿ ਈਂ ਉਮਰ ਰਾ, ਆਖ਼ਰ ਦਿਲਿ 'ਗੋਇਆ' ਗ੍ਰਿਫ਼ਤ॥੮॥

ਪੰਜਾਬੀ ਕਾਵਿ ਅਨੁਵਾਦ

੧. ਵੇਖ ਲਿਆ ਈ? ਆਸ਼ਕ ਜਿਹੜੇ, ਰੱਬ ਦੇ ਰਾਹ ਨੇ ਚੱਲੇ।
ਦੁਨੀਆ ਵਿਚੋਂ ਲਾਹ ਜੀਵਨ ਦਾ, ਬੱਧਾ ਉਹਨਾਂ ਪੱਲੇ, ਹੂ।
੨. ਜ਼ੁਲਫ਼ ਤੇਰੀ ਦਾ ਮਾਰਿਆ ਬੰਦਾ, ਬਚ ਨ ਸੱਕਿਆ ਕੋਈ।
ਮੈਂ ਦੀਵਾਨੇ ਆਖ਼ਿਰ ਲੋਕੋ! ਫੜਿਆ ਰਸਤਾ ਓਹੀ, ਹੂ।
੩. ਚਲਦੇ ਫਿਰਦੇ ਸੋਹਣੇ ਬਾਝੋਂ, ਸਾਨੂੰ ਗ਼ੈਰ ਨ ਭਾਇਆ।
ਸਰੂ-ਕੱਦੇ ਨੇ ਸਾਡੀ ਅੱਖੀਂ, ਜਦ ਤੋਂ ਡੇਰਾ ਲਾਇਆ, ਹੂ।
੪. ਡਾਚੀ ਦੀ ਸੱਦ, ਪਾਗ਼ਲ ਮੇਰਾ, ਦਿਲ ਲੋਕੋ, ਹੈ ਕੀਤਾ।
ਮਜਨੂੰ ਵਾਂਗੂ ਭਾਲਣ ਖ਼ਾਤਰ, ਰਾਹ ਜੰਗਲ ਦਾ ਲੀਤਾ, ਹੂ।
੫. ਬਾਝੋਂ ਯਾਦ ਸੱਚੇ ਦੀ ਮੈਨੂੰ, ਭਾਵੇ ਗੱਲ ਨ ਕਾਈ।
ਕਥਾ ਵਾਰਤਾ ਜਦ ਤੋਂ ਰੱਬੀ, ਮੇਰੇ ਦਿਲ ਸਮਾਈ, ਹੂ।
੬. ਇੱਕ ਪਲ, ਇਕ ਛਿਨ ਪਾਸ ਜੇ ਆਵੇਂ, ਮੇਰੇ।
ਹੀਰੇ ਮੋਤੀ ਕੇਰ ਮੈਂ ਨੈਣੋਂ ਦਿਲ-ਜਾਨੀ ਨੂੰ ਭੇਟ ਕਰਾਂ ਸਭ, ਤੇਰੇ, ਹੂ।
੭. ਜਿੰਦੜੀ ਮੇਰੀ ਅੱਖਾਂ ਥਾਣੀਂ, ਅੱਜ ਬਾਹਰ ਨੂੰ ਧਾਈ।
ਘੜੀ, ਮਿਲਣ ਦੀ ਸਤਿਗੁਰ ਮੇਰੇ, ਕੱਲ੍ਹ ਉੱਤੇ ਜਦ ਪਾਈ, ਹੂ।
੮. ਹਰਿ-ਜੱਸ ਬਾਝੋਂ, ਸ਼ਬਦ ਨ ਦੂਜਾ, ਨਿਕਲੇ ਮਿਰੀ ਜ਼ਬਾਨੋਂ।
ਲਾਹ ਜੀਵਨ ਦਾ ਆਖ਼ਰ 'ਗੋਇਆ', ਪਾਇਆ ਏਸ ਜਹਾਨੋਂ, ਹੂ।

ਦੀਦੀ, ਆਖ਼ਰ ਤਾਲਬਿ ਮੌਲਾ, ਰਹਿ ਮੌਲਾ ਗ੍ਰਿਫ਼੍ਰ।
ਹਾਸਿਲਿ ਉਮਰਿ ਗਰਾਮੀ ਰਾ, ਅਜ਼ੀਂ ਦੁਨੀਆ ਗ੍ਰਿਫ਼੍ਰ ॥੧॥

ਸ਼ਬਦਾਰਥ : ਦੀਦੀ—ਤੂੰ ਵੇਖਿਆ। ਤਾਲਬਿ ਮੌਲਾ—ਰੱਬ ਦਾ ਢੂੰਡਾਊ। ਰਹਿ ਮੌਲਾ—ਰੱਬ ਦਾ ਰਸਤਾ। ਗ੍ਰਿਫ਼੍ਰ—ਫੜ ਲਿਆ, ਗ੍ਰਹਿਣ ਕਰ ਲਿਆ। ਹਾਸਲ—ਲਾਹਾ। ਗਰਾਮੀ—ਮਹਿੰਗੀ। ਰਾ—ਨੂੰ। ਅਜ਼ੀਂ—(ਅਜ਼ ਈਂ) ਇਸ ਤੋਂ।

ਅਰਥ : ਤੂੰ ਵੇਖ ਲਿਆ (ਹੈ) ਕਿ ਆਖ਼ਰ (ਜਿਨ੍ਹਾਂ) ਰੱਬ ਦੇ ਢੂੰਡਾਊਆਂ ਨੇ ਰੱਬ ਦਾ ਰਸਤਾ ਗ੍ਰਹਿਣ ਕਰ ਲਿਆ (ਹੈ) ਉਨ੍ਹਾਂ ਨੇ ਏਸ ਮਹਿੰਗੀ ਆਯੂ (ਭਾਵ, ਮਨੁੱਖਾ ਜਨਮ) ਦੇ ਲਾਭ ਨੂੰ ਇਸ ਦੁਨੀਆ ਤੋਂ ਖੱਟ ਲਿਆ (ਹੈ)।

ਹੇਚ ਕਸ ਬੇਰੂੰ ਨ ਬਾਸ਼ਦ, ਅਜ਼ ਸਵਾਦਿ ਜ਼ੁਲਫ਼ਿ ਤੋ।
ਈਂ ਦਿਲਿ ਦੀਵਾਨਾ-ਅਮ, ਆਖ਼ਰ ਹਮੀਂ ਸੌਦਾ ਗ੍ਰਿਫ਼੍ਰ ॥੨॥

ਸ਼ਬਦਾਰਥ : ਹੇਚ ਕਸ—ਕੋਈ ਆਦਮੀ (ਵੀ)। ਬੈਰੂੰ—ਬਾਹਰ, ਪਰੇ। ਨ ਬਾਸ਼ਦ—ਨਹੀਂ ਹੁੰਦਾ। ਸਵਾਦਿ—ਸਿਆਹੀ, ਕਲਿੱਤਣ। ਦਿਲਿ ਦੀਵਾਨਾ-ਅਮ—ਮੇਰਾ ਪਾਗ਼ਲ ਦਿਲ। ਹਮੀਂ—ਇਹੀ। ਸੌਦਾ—ਸ਼ੁਦਾਅ, ਪਾਗ਼ਲ-ਪਨ, ਜਨੂੰਨ।

ਅਰਥ : ਕੋਈ ਮਨੁੱਖ ਵੀ ਤੇਰੀ ਜ਼ੁਲਫ਼ ਦੀ ਸਿਆਹੀ (ਪ੍ਰੀਤ) ਤੋਂ ਬਾਹਰ ਨਹੀਂ। ਮੇਰੇ ਇਸ ਪਾਗਲ ਦਿਲ ਨੇ ਆਖ਼ਰ ਇਸੇ ਸ਼ੁਦਾਅ-ਪੁਣੇ (ਦਾ ਰਾਹ) ਫੜ ਲਿਆ ਹੈ।

ਗ਼ੈਰ, ਆਂ ਸਰਵਿ ਰਵਾਂ, ਹਰਗਿਜ਼ ਨ ਯਾਬਦ, ਦਰ ਨਜ਼ਰ।
ਤਾਂ ਕ਼ਦਿ ਰਾਅਨਾਏ ਓ, ਦਰ ਦੀਦਾ-ਇ ਮਾ, ਜਾ ਗ੍ਰਿਫ਼੍ਰ ॥੩॥

ਸ਼ਬਦਾਰਥ : ਗ਼ੈਰ—ਬਿਨਾਂ। ਸਰਵਿ ਰਵਾਂ—ਚਲਦਾ ਫਿਰਦਾ ਸਰੂ, ਭਾਵ ਸਰੂ ਵਾਂਗ ਉਚਾ ਲੰਮਾ ਪ੍ਰੀਤਮ, ਜੋ ਸਰੂ ਤੋਂ ਤੁਰ ਫਿਰ ਸਕਣ ਦੀ ਵਿਸ਼ੇਸ਼ਤਾ ਰਖਦਾ ਹੈ। ਨ ਯਾਬਦ—ਨਹੀਂ ਲਭਦਾ। ਦਰ ਨਜ਼ਰ—ਨਜ਼ਰ ਵਿਚ, ਨਜ਼ਰ ਹੇਠ। ਰਾਅਨਾ—ਸੋਹਣਾ, ਸੁੰਦਰ। ਦਰ ਦੀਦਾ-ਇ—ਮੇਰੀਆਂ ਅੱਖਾਂ ਵਿਚ। ਜਾ—ਥਾਂ। ਆਂ—ਉਸ।

ਅਰਥ : ਉਸ ਚਲਦੇ ਫਿਰਦੇ ਸਰੂ (ਸੋਹਣੇ ਪ੍ਰੀਤਮ) ਤੋਂ ਬਗ਼ੈਰ ਸਾਡੀ ਨਜ਼ਰ ਵਿਚ (ਓਦੋਂ ਤੋਂ) ਉੱਕਾ ਹੀ (ਹੋਰ ਕੁਝ) ਨਹੀਂ ਲਭਦਾ, ਜਦ ਤੋਂ ਉਸ ਦੇ ਸੁੰਦਰ ਕ਼ਦ ਨੇ ਸਾਡੀਆਂ ਅੱਖਾਂ ਵਿੱਚ ਥਾਂ ਫੜੀ (ਮੱਲੀ) ਹੈ।

ਅਜ਼ ਨਦਾਏ ਨਾਕਾ-ਇ ਲੇਲਾ, ਦਿਲੇ ਸ਼ੋਰੀਦਾ-ਅਮ।
ਹਮਚੂੰ ਮਜਨੂੰ ਮਸਤ ਗਸ਼ਤੋ, ਰਹ ਸੂਏ ਸਹਰਾ ਗ੍ਰਿਫ਼੍ਰ ॥੪॥

ਸ਼ਬਦਾਰਥ : ਨਦਾ—ਅਵਾਜ਼, ਸੱਦਾ। ਨਾਕ਼ਾ-ਇ ਲੇਲਾ—ਲੇਲਾ ਦੀ ਡਾਚੀ। ਦਿਲੇ ਸ਼ੋਰੀਦਾ-ਅਮ—ਮੇਰਾ ਪਾਗ਼ਲ ਦਿਲ। ਹਮਚੂੰ ਮਜਨੂੰ—ਮਜਨੂੰ ਵਾਂਗ। ਮਸਤ ਗਸ਼ਤ—ਮਸਤ ਹੋ ਗਿਆ। ਓ—ਅਤੇ। ਰਹ ਸੂਏ ਸਹਰਾ—ਜੰਗਲ ਵਲ ਦਾ ਰਾਹ।

ਅਰਥ ਲੈਲਾ (ਪ੍ਰੀਤਮ) ਦੀ ਡਾਚੀ ਦੀ (ਬਿਰਹ ਕੁੱਠੀ) ਸੱਦ ਨਾਲ ਮੇਰਾ ਪਾਗਲ ਦਿਲ ਮਜਨੂੰ ਵਾਂਗ ਮਸਤ ਹੋ ਗਿਆ (ਹੈ) ਅਤੇ ਉਸ (ਵਿਯੋਗੀ ਦਿਲ) ਨੇ ਜੰਗਲ ਦਾ ਰਾਹ ਫੜ ਲਿਆ (ਹੈ), (ਭਾਵ, ਇਕਾਂਤ ਵਿਚ ਪ੍ਰੀਤਮ ਦੀ ਭਾਲ ਕਰ ਰਿਹਾ ਹੈ)।

ਖ਼ੁਸ਼ ਨਮੇ ਆਇਦ ਮਰਾ, ਹਰਫ਼ੇ ਬਗ਼ੈਰ ਅਜ਼ ਯਾਦਿ ਹੱਕ਼।
ਤਾ ਹਦੀਸਿ ਸ਼ੌਕਿ ਓ, ਅੰਦਰ ਦਿਲਮ ਮਾਵਾ ਗਿਰਿਫ਼੍ਰ ॥੫॥

ਸ਼ਬਦਾਰਥ : ਖ਼ੁਸ਼ ਨਮੇ ਆਇਦ—ਚੰਗਾ ਨਹੀਂ ਲਗਦਾ। ਮਰਾ—ਮੈਨੂੰ। ਹਰਫ਼—ਅੱਖਰ, ਗੱਲ। ਹਦੀਸ—ਵਾਰਤਾ, ਕਹਾਣੀ। ਮਾਵ—ਥਾਂ, ਠਿਕਾਣਾ। ਤਾ—ਜਦੋਂ ਤੋਂ।

ਅਰਥ : ਸੱਚੇ ਵਾਹਿਗੁਰੂ ਦੀ ਯਾਦ ਤੋਂ ਬਿਨਾਂ ਮੈਨੂੰ ਕੋਈ ਗੱਲ (ਵੀ) ਚੰਗੀ ਨਹੀਂ ਲਗਦੀ, ਜਦ ਤੋਂ ਉਸ ਪਿਆਰੇ ਦੀ ਕਥਾ-ਵਾਰਤਾ ਦੇ ਚਾਅ ਨੇ ਮੇਰੇ ਦਿਲ ਵਿਚ ਥਾਂ ਮੱਲ ਲਈ ਹੈ।

ਤਾ ਬਯਾਈ ਯਕ ਨਫ਼ਸ, ਬਹਰਿ ਨਯਾਜ਼ਿ ਖ਼ਿਦਮਤਤ।
ਚਸ਼ਮਿ ਗੌਹਰ ਬਾਰਿ ਮਾ, ਖ਼ੁਸ਼ ਲੂਲੂਏ ਲਾਲਾ ਗਿਰਿਫ਼੍ਰ ॥੬॥

ਸ਼ਬਦਾਰਥ : ਤਾ—ਜੇ। ਬਯਾਈ—ਤੂੰ ਆਵੇਂ। ਯਕ ਨਫ਼ਸ—ਇਕ ਦਮ। ਬਹਰਿ—ਵਾਸਤੇ। ਨਯਾਜ਼—ਦਰਵੇਸ਼ਾਂ ਦਾ ਤੋਹਫ਼ਾ। ਚਸ਼ਮ ਗੌਹਰ ਬਾਰ—ਮੋਤੀ ਵਰਸਾਉਣ ਵਾਲੀ ਅੱਖ। ਲੂਲੂ—ਮੋਤੀ। ਲਾਲਾ—ਲਾਲ ਰੰਗ।

ਅਰਥ : (ਹੇ ਪ੍ਰੀਤਮ !) ਜੇ ਤੂੰ ਇਕ ਦਮ ਲਈ ਆਵੇਂ (ਤਾਂ) ਤੇਰੀ ਖ਼ਿਦਮਤ (ਸੇਵਾ) ਵਿਚ ਸੁਗਾਤ ਪੇਸ਼ ਕਰਨ ਲਈ ਸਾਡੀ ਮੋਤੀ ਵਰਸਾਉਣ ਵਾਲੀ ਅੱਖ (ਭਾਵ, ਪਿਰ ਰਤਿਅੜੇ ਨੈਣਾਂ) ਨੇ ਸੁੰਦਰ ਲਾਲ ਮੋਤੀ (ਭਾਵ, ਹੰਝੂ) ਪਕੜੇ (ਹੋਏ ਹਨ)।

ਮੇ ਬਰਾਇਦ ਜਾਨਿ ਮਨ, ਇਮਰੋਜ਼, ਅਜ਼ ਰਾਹਿ ਦੋ ਚਸ਼ਮ॥
ਨੌਬਤਿ ਦੀਦਾਰਿ ਊ, ਤਾ ਵਾਅਦਾ-ਇ ਫ਼ਰਦਾ ਗਿਰਿਫ਼੍ਰ ॥੭॥

ਸ਼ਬਦਾਰਥ : ਮੇ ਬਰਾਇਦ—ਬਾਹਰ ਆਉਂਦੀ ਹੈ। ਜਾਨਿ ਮਨ—ਮੇਰੀ ਜਾਨ, ਜਿੰਦ। ਇਮਰੋਜ਼—ਅੱਜ। ਰਾਹਿ ਚਸ਼ਮ—ਅੱਖਾਂ ਦਾ ਰਾਹ। ਨੌਬਤ—ਸਮਾਂ, ਮੌਕਾ। ਫ਼ਰਦਾ—ਅਗਲਾ ਦਿਨ, ਕਲ੍ਹ।

ਅਰਥ : ਮੇਰੀ ਜਿੰਦ ਅਜ ਅੱਖਾਂ ਦੇ ਰਾਹੋਂ ਬਾਹਰ ਆ ਰਹੀ ਹੈ (ਭਾਵ, ਬਿਹਬਲ ਹੋ ਤੜਫ ਰਹੀ ਹੈ), ਜਦ ਤੋਂ ਉਸ (ਪ੍ਰੀਤਮ) ਦੇ ਦਰਸ਼ਨਾਂ ਦਾ ਇਕਰਾਰ ਕਲ੍ਹ 'ਤੇ ਪੈ ਚੁੱਕਾ ਹੈ।

ਗ਼ੈਰ ਹਮਦਿ ਹੱਕ਼, ਨਯਾਇਦ, ਬਰ ਜ਼ਬਾਨਮ ਹੇਚਗਾਹ।
ਹਾਸਲਿ ਈਂ ਉਮਰ ਰਾ, ਆਖ਼ਰ ਦਿਲਿ 'ਗੋਇਆ' ਗਿਰਿਫ਼੍ਰ ॥੮॥

ਸ਼ਬਦਾਰਥ : ਹਮਦ—ਉਸਤਤ, ਸਿਫ਼ਤ ਸਲਾਹ। ਹੱਕ—ਵਾਹਿਗੁਰੂ। ਬਰ ਜ਼ਬਾਨ—ਜੀਭ ਉਤੇ। ਮ—ਮੇਰੀ। ਹੇਚਗਾਹ—ਕਦੀ ਵੀ। ਹਾਸਿਲ—ਲਾਭ। ਉਮਰ—ਜੀਵਨ।

ਅਰਥ : ਵਾਹਿਗੁਰੂ ਦੀ ਸਿਫ਼ਤ-ਸਲਾਹ ਤੋਂ ਬਿਨਾਂ ਹੋਰ ਕੁਝ ਵੀ ਮੇਰੀ ਜੀਭ ਉੱਤੇ ਨਹੀਂ ਆਉਂਦਾ। ਇਸ ਜੀਵਨ (ਮਨੁੱਖਾ ਜਨਮ) ਦੇ ਲਾਭ ਨੂੰ ਆਖ਼ਰ 'ਗੋਇਆ' ਦੇ ਦਿਲ ਨੇ ਪ੍ਰਾਪਤ ਕਰ ਲਿਆ (ਹੈ)।

ਵਿਆਖਿਆ

'ਛੈਲ ਲਘੰਦੇ ਪਾਰਿ ਗੋਰੀ ਮਨੁ ਧੀਰਿਆ' ਦੇ ਮਹਾਂ ਗੁਰਵਾਕ ਅਨੁਸਾਰ ਰੱਬ ਦੇ ਆਸ਼ਕਾਂ ਦੀਆਂ ਪ੍ਰੀਤ-ਤ੍ਰੰਗਾਂ ਤੋਂ ਭਾਈ ਸਾਹਿਬ ਦੇ ਕੋਮਲ, ਕਵੀ ਤੇ ਸਾਦਕ ਮਨ ਵਿਚ ਵੀ ਦਰਸ਼ਨਾਂ ਦੀ ਤਾਂਘ ਉਤਪੰਨ ਹੋ ਜਾਣੀ ਕੁਦਰਤੀ ਸੀ, ਜਦ

ਉਮਕਿਓ ਹੀਓ ਮਿਲਨ ਪ੍ਰਭ ਤਾਈ ॥
ਖੋਜਤ ਚਰਿਓ, ਦੇਖਉ ਪ੍ਰਿਅ ਜਾਈ ॥ *(ਸੂਹੀ ਮ: ੫, ਪੰਨਾ ੭੩੭)*

ਵਾਲੀ ਅਵਸਥਾ ਵਾਪਰੀ ਤਾਂ ਪਿਆਰੇ ਦੇ ਸੁੰਦਰ ਸਰੀਰ ਦੇ ਦਰਸ਼ਨਾਂ ਦੀ ਸਿੱਕ ਨੇ ਬਿਹਬਲ ਕਰ ਦਿਤਾ। ਪ੍ਰੀਤਮ ਦੇ ਜਨਕ ਰੂਪ ਦਾ ਉਹੀ ਵਚਿੱਤਰ ਚਿਤਰ ਅੱਖਾਂ ਸਾਹਮਣੇ ਆਇਆ ਜੋ ਇਸ ਨਿਰਾਲੇ ਤੇ ਨਿਰਮਲ ਪੰਥ ਦੇ ਮੋਢੀ-ਬਾਬੇ ਨੇ ਸਦੀਆਂ ਪਹਿਲੇ ਰਾਵੀ ਦੇ ਬੇਲਿਆਂ ਵਿਚ ਖਿੱਚਿਆ ਤੇ ਗੁੰਜਾਇਆ ਸੀ :

ਤੇਰੇ ਬੰਕੇ ਲੋਇਣ, ਦੰਤ ਰੀਸਾਲਾ ॥
ਸੋਹਣੇ ਨਕ, ਜਿਨ ਲੰਮੜੇ ਵਾਲਾ ॥
ਕੰਚਨ ਕਾਇਆ, ਸੁਇਨੇ ਕੀ ਢਾਲਾ ॥ *(ਵਡਹੰਸ ਮ: ੧, ਪੰਨਾ ੫੬੭)*

ਆਖ਼ਰ ਅਰਸ਼ੀ ਪ੍ਰੀਤਮ ਦੇ ਦੀਦਾਰ ਦੀ ਇਸ ਸਿੱਕ ਨੇ ਬਾਜ਼ੀ ਜਿਤ ਲਈ। ਅਵਸਥਾ ਇਹ ਹੋ ਗਈ ਕਿ ਉਹਨਾਂ ਦਾ ਦਿਲ, ਮਜਨੂੰ ਵਾਂਗੂ ਪ੍ਰੀਤਮ ਦੀ ਡਾਚੀ ਦੀ ਬ੍ਰਿਹੋਂ-ਕੁੱਠੀ ਅਵਾਜ਼ ਨਾਲ ਹੀ ਬਿਹਬਲ ਹੋ ਉਠਿਆ। ਫੇਰ ਹਿਰਦੇ-ਸਿੰਘਾਸਨ ਉਤੇ ਪ੍ਰੀਤਮ ਦੇ ਬਿਰਾਜਣ ਨਾਲ ਵਾਹਿਗੁਰੂ ਦੀ ਯਾਦ ਤੋਂ ਬਿਨਾਂ ਹੋਰ ਕੋਈ ਵਸਤੂ ਚੰਗੀ ਨਹੀਂ ਲਗਦੀ ਅਤੇ ਐਸੀ ਅਵਸਥਾ ਛਾ ਜਾਂਦੀ ਹੈ ਜਿਸ ਦਾ ਨਿਰੂਪਣ ਗੁਰਦੇਵ ਜੀ ਨੇ ਐਉਂ ਕੀਤਾ ਹੈ

ਹਰਿ ਬਿਨੁ ਨੀਦ ਭੂਖ ਕਹੁ ਕੈਸੀ, ਕਾਪੜੁ ਤਨਿ ਨ ਸੁਖਾਵਏ ॥
(ਤੁਖਾਰੀ ਮ: ੧, ਪੰਨਾ ੧੧੦੮)

ਐਸੀ ਅਵਸਥਾ ਵਿਚ ਪ੍ਰੇਮੀਆਂ ਪਾਸ ਪਿਆਰੇ ਦੀ ਭੇਂਟ ਲਈ ਵੈਰਾਗ ਵਿਚ ਵਹਾਏ ਅਥਰੂਆਂ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦਾ। ਉਹ ਪੁਕਾਰ ਉਠਦੇ ਹਨ

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ, ਮੈ ਨੀਰੁ ਵਹੇ ਵਹਿ ਚਲੈ ਜੀਉ ॥
(ਮਾਝ ਮ: ੪, ਪੰਨਾ ੯੪)

ਆਖ਼ਰ, ਪ੍ਰਭੂ ਦੀ ਯਾਦ ਤੇ ਪਾਤਸ਼ਾਹਾਂ ਦਾ ਪਾਤਸ਼ਾਹ ਸਿਰਜਨ ਵਾਲੀ 'ਸਿਫ਼ਤ-ਸਲਾਹ' ਤੋਂ ਬਿਨਾਂ ਹੋਰ ਕੁਝ ਵੀ ਜ਼ਬਾਨ ਉਤੇ ਲਿਆਉਣਾ ਕੁਫ਼ਰ ਤੁਲ ਭਾਸਦਾ ਹੈ। ਕਿਉਂ ਜੁ, ਇਹੀ ਇਕੋ ਇਕ ਰਸਤਾ ਹੈ ਜਿਸ ਨੂੰ ਅਪਣਾਅ ਕੇ ਭਾਈ ਨੰਦ ਲਾਲ ਜੀ ਨੇ ਮਨੁੱਖਾ ਜਨਮ ਦੇ ਲਾਭ, ਭਾਵ, ਸਹੀ ਸੂਝ, ਸਿਫ਼ਤ-ਸਲਾਹ ਤੇ ਸਿਮਰਨ ਨੂੰ ਪ੍ਰਾਪਤ

ਕੀਤਾ ਹੈ, ਅਤੇ ਕੁਝ ਇਸ ਤਰ੍ਹਾਂ ਦੀ ਅਵਸਥਾ ਵਿਚ ਗਵਾਚ ਗਏ ਹਨ

ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ, ਨੀਦ ਪਲਕ ਨਹੀ, ਜਾਗਿਓ॥
ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ, ਬਿਨੁ ਪਿਰ ਸਭੈ ਬਿਖੁ ਲਾਗਿਓ॥

(ਸਾਰੰਗ ਮ: ੫, ਪੰਨਾ ੧੨੦੩)

ਗੁਰਮਤਿ ਵਿੱਚ ਪ੍ਰਭੂ-ਜੱਸ ਨੂੰ ਵਾਹਿਗੁਰੂ ਦੀ ਉੱਚਤਮ ਭਗਤੀ ਤੇ ਮਿਲਾਪ ਦਾ ਵੱਡਾ ਵਸੀਲਾ ਮੰਨਿਆ ਗਿਆ ਹੈ। ਇਸ ਵਿਚ ਮਨੋ-ਵਿਗਿਆਨਕ ਸਿਧਾਂਤ ਇਹ ਹੈ ਕਿ ਪ੍ਰਭੂ ਦੇ ਗੁਣ ਗਾਉਣ ਨਾਲ, ਪ੍ਰਭੂ (ਗੁਣੀ) ਦੇ ਗੁਣ, ਕੀਰਤੀ ਕਰਨ ਵਾਲੇ ਵਿਅਕਤੀ ਵਿਚ ਅਵੱਸ਼ ਆ ਪ੍ਰਵੇਸ਼ ਕਰਦੇ ਹਨ ਅਤੇ ਉਹ ਗੁਣਾਂ ਕਰਕੇ ਓਸੇ ਦਾ ਹੀ ਰੂਪ ਹੋ ਜਾਂਦਾ ਹੈ। ਗੁਰਵਾਕ ਹੈ

ਸਦਾ ਅਨੰਦਿ ਰਹਹਿ ਦਿਨੁ ਰਾਤੀ, ਗੁਣ ਕਹਿ ਗੁਣੀ ਸਮਾਵਣਿਆ॥

(ਮਾਝ ਮ: ੩, ਪੰਨਾ ੧੨੨)

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਤਾਂ ਕਥਨ ਹੈ ਕਿ ਪ੍ਰਭੂ-ਕੀਰਤੀ ਵਿਚ ਹੀ, ਕੁਲ ਧਰਮ-ਕਰਮ ਆ ਜਾਂਦੇ ਹਨ

ਭਏ ਦਇਆਲ ਕਿਰਪਾਲ ਸੰਤ ਜਨ, ਤਬ ਇਹ ਬਾਤ ਬਤਾਈ॥
ਸਰਬ ਧਰਮ ਮਾਨੋ ਤਿਹ ਕੀਏ, ਜਿਹ ਪ੍ਰਭ ਕੀਰਤਿ ਗਾਈ॥੨॥੨॥

(ਰਾਮਕਲੀ ਮ: ੯, ਪੰਨਾ ੯੦੨)

ਐਸੀ ਸਥਿਤੀ ਵਿਚ, ਸੁਭਾਵਕ ਸੀ ਕਿ 'ਗੋਇਆ' ਜੀ ਜਿਹੇ ਸਿੱਖੀ ਦੀ ਰਮਜ਼ ਤੇ ਪ੍ਰੀਤ ਰੀਤ ਸਮਝਣ ਵਾਲੇ ਅਨਿੰਨ ਸੇਵਕ ਦੀ ਜੀਭ ਉਤੇ ਪ੍ਰੀਤਮ ਦੀ ਸਿਫ਼ਤ-ਸਲਾਹ ਤੋਂ ਬਿਨਾਂ ਦੂਜਾ ਹਰਫ਼ ਨਾ ਆਉਂਦਾ।

ਗ਼ਜ਼ਲ ਨੰਬਰ ੧੪

ਦਿਲਿ ਮਨ, ਦਰ ਫ਼ਰਾਕਿ ਯਾਰ, ਬ-ਸੋਖ਼।
ਜਾਨਿ ਮਨ, ਬਹਰਿ ਆਂ ਨਗਾਰ, ਬ-ਸੋਖ਼ ॥੧॥

ਆਂ ਚੁਨਾਂ ਸੋਖ਼ਤਮ, ਅਜ਼ਾਂ ਆਤਿਸ਼।
ਹਰ ਕਿ ਬਿ-ਸ਼ੁਨੀਦ, ਚੂੰ ਚਿਨਾਰ ਬ-ਸੋਖ਼ ॥੨॥

ਮਨ ਨ ਤਿਨਹਾ ਬਸੋਖ਼ਤਮ, ਦਰ ਇਸ਼ਕ।
ਹਮਹ ਆਲਮ, ਅਜ਼ੀਂ ਸ਼ਰਾਰ ਬ-ਸੋਖ਼ ॥੩॥

ਸੋਖ਼ਤਮ ਦਰ ਫ਼ਰਾਕਿ ਆਤਿਸ਼ਿ ਯਾਰ।
ਹਮ ਚੁਨੀਂ ਕੀਮੀਆ ਬਕਾਰ ਬ-ਸੋਖ਼ ॥੪॥

ਆਫ਼ਰੀਂ ਬਾਦ, ਬਰ ਦਿਲਿ 'ਗੋਇਆ'।
ਕਿ: ਬਾ ਉਮੀਦਿ ਰੂਏ ਯਾਰ ਬ-ਸੋਖ਼ ॥੫॥

ਪੰਜਾਬੀ ਕਾਵਿ ਅਨੁਵਾਦ

੧. ਹਿਜਰ ਓਸ ਦੇ ਦਿਲ ਮੇਰਾ ਹੈ, ਕੋਲੇ ਕੋਲੇ ਕੀਤਾ।
ਜੀਵਨ ਇਹ ਮੈਂ ਸੁਹਣੇ ਖ਼ਾਤਰ, ਕੀਤਾ ਫੀਤਾ ਫੀਤਾ, ਹੂ।

੨. ਬ੍ਰਿਹੋਂ-ਅੱਗ ਦੇ ਨਾਲ, ਹੇ ਯਾਰੋ! ਐਸਾ ਸੜਿਆ 'ਗੋਇਆ'।
ਵਾਂਙ ਚਿਨਾਰ ਦੇ ਜਿਸ ਵੀ ਸੁਣਿਆ, ਉਹ ਵੀ ਕੋਲਾ ਹੋਇਆ, ਹੂ।

੩. ਕੇਵਲ ਮੇਰੇ ਨਾਲ ਨ ਹੋਇਆ, ਬਿਰਹੋਂ-ਅਗਨ ਦਾ ਕਾਰਾ।
ਬਿਰਹੋਂ-ਚੰਗਾੜੀ ਏਸ ਨੇ ਯਾਰੋ, ਫੂਕ ਦਿੱਤਾ ਜੱਗ ਸਾਰਾ, ਹੂ।

੪. ਦਿਲ ਮੇਰੇ ਨੂੰ ਅੱਗ ਹਿਜਰ ਦੀ, ਲੋਕੋ ਐਸਾ ਸਾੜੇ।
ਜਿਵੇਂ ਦਵਾਈ ਸੋਧਣ ਖ਼ਾਤਰ, ਵੈਦ ਅਗਨ ਤੇ ਚਾੜ੍ਹੇ, ਹੂ।

੫. 'ਐ ਦਿਲ ਮੇਰੇ! ਸ਼ਾਬਾ ਤੈਨੂੰ', ਆਖੇ ਮੁੜ ਮੁੜ 'ਗੋਇਆ'।
ਦੀਦ ਯਾਰ ਦੀ ਖ਼ਾਤਰ ਤੂੰ, ਜੋ ਸਦਕੇ ਵਾਰੀ ਹੋਇਆ, ਹੂ।

ਦਿਲਿ ਮਨ, ਦਰ ਫ਼ਰਾਕਿ ਯਾਰ, ਬ-ਸੋਖ਼੍ਰ।
ਜਾਨਿ ਮਨ, ਬਹਰਿ ਆਂ ਨਗਾਰ, ਬ-ਸੋਖ਼੍ਰ ॥੧॥

ਸ਼ਬਦਾਰਥ : ਦਿਲਿ ਮਨ—ਮੇਰਾ ਦਿਲ। ਫ਼ਰਾਕਿ-ਯਾਰ—ਮਿੱਤਰ ਦਾ ਵਿਜੋਗ, ਵਿਛੋੜਾ। ਬਾ-ਸੋਖ਼੍ਰ—ਸੜ ਗਿਆ। ਬਹਰਿ ਆਂ ਨਗਾਰ—ਉਸ ਪ੍ਰੀਤਮ ਲਈ।

ਅਰਥ : ਮੇਰਾ ਦਿਲ ਉਸ ਮਿੱਤਰ ਦੇ ਵਿਜੋਗ ਵਿੱਚ ਸੜ ਗਿਆ (ਹੈ), ਮੇਰੀ ਜਾਨ ਉਸ ਸਜੀਲੇ ਸੱਜਣ ਲਈ ਸੜ ਗਈ (ਹੈ)।

ਆਂ ਚੁਨਾਂ ਸੋਖ਼ਤਮ, ਅਜ਼ਾਂ ਆਤਿਸ਼।
ਹਰ ਕਿ ਬਿ-ਸ਼ੁਨੀਦ, ਚੂੰ ਚਿਨਾਰ ਬ-ਸੋਖ਼੍ਰ ॥੨॥

ਸ਼ਬਦਾਰਥ : ਆਂ ਚੁਨਾਂ—ਏਸ ਤਰ੍ਹਾਂ, ਇਹੋ ਜਿਹਾ। ਸੋਖ਼ਤ+ਮ—ਸੜਿਆ ਮੈਂ। ਆਤਿਸ਼—ਅੱਗ। ਅਜ਼ਾਂ—ਅਜ਼+ਆਂ—ਓਸ ਤੋਂ। ਹਰ ਕਿ—ਹਰ ਜਿਸ ਕਿਸੇ ਨੇ। ਬਿ-ਸ਼ੁਨੀਦ—ਸੁਣਿਆ। ਚੂੰ—ਤਰ੍ਹਾਂ।

ਸ਼ਬਦਾਰਥ : ਮੈਂ ਓਸ (ਵਿਛੋੜੇ ਦੀ) ਅੱਗ ਤੋਂ ਇਸ ਤਰ੍ਹਾਂ ਸੜਿਆ ਕਿ ਜਿਸ ਕਿਸੇ ਨੇ ਇਹ ਸੁਣਿਆ (ਉਹ ਵੀ) ਚਿਨਾਰ ਵਾਂਗ ਧੁੱਖ ਉਠਿਆ। (ਚਿਨਾਰ ਦੇ ਬ੍ਰਿਛ ਵਿਚੋਂ ਹਰ ਵਕਤ ਧੂੰਆਂ ਨਿਕਲਦਾ ਰਹਿੰਦਾ ਹੈ। ਇਸ ਲਈ ਆਸ਼ਕ ਦੇ, ਮਾਸ਼ੂਕ ਦੇ ਵਿਜੋਗ ਵਿਚ, ਆਹਾਂ ਭਰਨ ਨੂੰ ਚਿਨਾਰ ਦੇ ਧੁਖਣ ਨਾਲ ਤੁਲਨਾ ਦਿੱਤੀ ਗਈ ਹੈ।)

ਮਨ ਨ ਤਿਨਹਾ ਬਸੋਖ਼ਤਮ, ਦਰ ਇਸ਼ਕ।
ਹਮਹ ਆਲਮ, ਅਜ਼ੀਂ ਸ਼ਰਾਰ ਬ-ਸੋਖ਼੍ਰ ॥੩॥

ਸ਼ਬਦਾਰਥ : ਤਿਨਹਾ—ਇਕੱਲਾ। ਦਰ-ਇਸ਼ਕ—ਪਿਆਰ ਵਿਚ। ਹਮਹ ਆਲਮ—ਸਾਰਾ ਜਹਾਨ। ਸ਼ਰਾਰ—ਚੰਗਿਆੜਾ।

ਅਰਥ : ਮੈਂ ਇਕੱਲਾ (ਹੀ) (ਉਸ ਦੇ) ਪਿਆਰ (ਬ੍ਰਿਹੋਂ-ਅਗਨੀ) ਵਿਚ ਨਹੀਂ ਸੜਿਆ, (ਸਗੋਂ) ਸਾਰਾ ਜਹਾਨ ਇਸ (ਪ੍ਰੇਮ-) ਚੰਗਿਆੜੀ ਨਾਲ ਜਲ ਉਠਿਆ (ਹੈ)।

ਸੋਖ਼ਤਮ ਦਰ ਫ਼ਰਾਕਿ ਆਤਿਸ਼ਿ ਯਾਰ।
ਹਮ ਚੁਨੀਂ ਕੀਮੀਆ ਬਕਾਰ ਬ-ਸੋਖ਼੍ਰ ॥੪॥

ਸ਼ਬਦਾਰਥ : ਹਮ ਚੁਨੀਂ—ਵਾਂਗੂ, ਜਿਵੇਂ। ਕੀਮੀਆ—ਰਸਾਇਣ। ਬਕਾਰ—ਕੰਮ ਲਈ, ਸ਼ੁੱਧ ਹੋਣ ਲਈ।

ਅਰਥ : ਮੈਂ ਮਿੱਤਰ ਦੇ ਵਿਜੋਗ ਵਿਚ (ਇਸ ਤਰ੍ਹਾਂ) ਸੜਿਆ ਜਿਵੇਂ ਰਸਾਇਣ (ਦਵਾਈ) ਸ਼ੁੱਧ ਹੋਣ ਲਈ ਸੜਦੀ ਹੈ। ਭਾਵ, ਜਿਵੇਂ ਰਸਾਇਣ ਸੜ ਕੇ ਵਧੇਰੇ ਕੀਮਤੀ ਤੇ ਕੰਮ ਵਾਲੀ ਹੋ ਜਾਂਦੀ ਹੈ, ਇਸ ਤਰ੍ਹਾਂ ਮੈਂ ਵੀ ਪਿਆਰ-ਕੁਠਾਲੀ ਵਿਚ ਪੈ ਕੇ ਕੁੰਦਨ ਹੋ ਗਿਆ ਹਾਂ।

ਆਫ਼ਰੀਂ ਬਾਦ, ਬਰ ਦਿਲਿ 'ਗੋਇਆ'।
ਕਿ: ਬਾ ਉਮੀਦਿ ਰੂਏ ਯਾਰ ਬ-ਸੋਖ਼੍ ॥੫॥

ਸ਼ਬਦਾਰਥ : ਆਫ਼ਰੀਂ—ਸ਼ਾਬਾਸ਼। ਬਰ ਦਿਲਿ ਗੋਇਆ—ਗੋਇਆ ਦੇ ਦਿਲ ਉਤੋਂ। ਉਮੀਦ—ਆਸ। ਬਾਦ—ਹੋਵੇ।

ਅਰਥ : 'ਗੋਇਆ' ਦੇ ਦਿਲ ਨੂੰ ਸ਼ਾਬਾਸ਼ ਹੋਵੇ, ਜਿਹੜਾ ਮਿੱਤਰ ਦੇ ਚਿਹਰੇ ਦੇ (ਦਰਸ਼ਨਾਂ) ਦੀ ਆਸ ਵਿਚ ਸੜਿਆ ਹੈ।

ਵਿਆਖਿਆ

ਬ੍ਰਿਹੋਂ-ਰੂਪੀ ਨਾਗ ਦੇ ਡੰਗ ਦਾ ਜ਼ਿਕਰ ਕਰਦੇ ਹੋਏ ਸ਼੍ਰੋਮਣੀ ਭਗਤ ਕਬੀਰ ਜੀ ਫ਼ੁਰਮਾਂਦੇ ਹਨ

ਕਬੀਰ, ਬਿਰਹੁ ਭੁਯੰਗਮੁ, ਮਨਿ ਬਸੈ, ਮੰਤੁ ਨ ਮਾਨੈ ਕੋਇ॥
ਰਾਮ ਬਿਓਗੀ ਨਾ ਜੀਐ, ਜੀਐ ਤ ਬਉਰਾ ਹੋਇ॥੭੬॥ *(ਪੰਨਾ ੧੩੬੮)*

ਇਸੇ ਭਾਵ ਨੂੰ, ਭਾਈ ਗੁਰਦਾਸ ਜੀ, ਇਕ ਬ੍ਰਿਹਣੀ ਇਸਤ੍ਰੀ ਦੀ ਪ੍ਰੀਤ-ਪੀੜਾ ਦੇ ਰੂਪ ਵਿੱਚ ਇਉਂ ਬਿਆਨਦੇ ਹਨ

ਬਿਰਹ ਵਿਯੋਗ ਸੋਗ ਸੇਤ[1] ਰੂਪ ਹੋਇ ਕ੍ਰਿਤਾਸ[2],
ਟੂਕ ਟੂਕ ਭਏ ਪਾਤੀ ਲਿਖੀਐ ਬਿਦੇਸ ਤੇ।
ਬਿਰਹ ਅਗਨਿ ਸੇ ਸਵਾਨੀ ਮਾਸ ਕ੍ਰਿਸਨ[3] ਹੋਇ,
ਬਿਰਹਨੀ ਭੇਖ ਲੇਖ ਬਿਖਮ ਸੰਦੇਸ ਤੇ।
ਬਿਰਹ ਬਿਯੋਗ ਰੋਗ ਲੇਖਨਿ ਕੀ ਛਾਤੀ ਫਟੀ,
ਰੁਦਨ ਕਰਤ ਲਿਖੇ, ਆਤਮ ਅਵੇਸ ਤੇ।
ਬਿਰਹੋਂ ਉਸਾਸਨ[4], ਪ੍ਰਗਾਸਨ, ਦੁਖਿਤ ਗਤਿ,
ਬਿਰਹਨੀ ਕੈਸੇ ਜੀਐ, ਬਿਰਹ ਪ੍ਰਵੇਸ ਤੇ।੨੧੦। *(ਕਬਿੱਤ, ਭਾਈ ਗੁਰਦਾਸ ਜੀ)*

ਸ਼ੇਖ਼ ਫ਼ਰੀਦ ਜੀ ਨੇ ਬਿਰਹਾ ਨੂੰ 'ਸੁਲਤਾਨ' ਕਹਿ ਕੇ ਵਡਿਆਇਆ ਹੈ ਅਤੇ ਇਸ ਤੋਂ ਸਖਣੇ ਤਨ ਨੂੰ 'ਮਸਾਨ' (ਭੂਤ, ਪ੍ਰੇਤ, ਮੁਰਦਾ) ਕਹਿ ਕੇ ਨਿੰਦਿਆ ਹੈ। ਬਿਰਹਾ ਵਿੱਚ ਮਿਲਾਪ ਦਾ ਬੀਜ ਪਲਦਾ ਤੇ ਪੱਲਰਦਾ ਹੈ।

ਗੱਲ ਕੀ, ਇਸ ਹਕ਼ੀਕ਼ਤ ਉਤੇ ਸਭ ਦੀ ਸੰਮਤੀ ਹੈ ਕਿ ਬਿਰਹੋਂ ਮਹਾਨ ਹੈ, ਅਤੇ ਇਸ ਲਈ ਮਹਾਨ ਹੈ ਕਿ ਇਹ ਵਸਲ (ਮਿਲਾਪ) ਦਾ ਮੂਜਬ ਹੈ। 'ਗੋਇਆ' ਜੀ, ਹੋਰਥੇ, ਇਸ ਸਚਾਈ ਨੂੰ ਇਉਂ ਦਰਸਾਂਦੇ ਹਨ

ਬਾ ਹਿਜਰ ਆਸ਼ਨਾ ਸ਼ੌ, ਗਰ ਤਾਲਿਬਿ ਵਸਾਲੀ॥

[ਭਾਵ—ਜੇ ਵਸਲ (ਮਿਲਾਪ) ਦਾ ਇੱਛਕ ਹੈਂ ਤਾਂ ਬਿਰਹਾ (ਵਿਜੋਗ) ਤੋਂ ਵਾਕ਼ਫ਼

੧. ਸਫ਼ੈਦ, ਚਿਟਾ। ੨. ਕਾਗਜ਼ ਵਰਗਾ। ੩. ਕਾਲਾ। ੪. ਹੌਕਿਆਂ।

ਹੋ, ਵੈਰਾਗ ਨੂੰ ਧਾਰਨ ਕਰ।]

ਕਹਿੰਦੇ ਹਨ ਇਕ ਵੇਰ ਕਿਸੇ ਪ੍ਰੀਤਵਾਨ ਨੇ ਪ੍ਰਭੂ ਤੋਂ ਪੁੱਛਿਆ, "ਹੇ ਪ੍ਰਭੂ! ਮੈਂ ਤੈਨੂੰ ਕਿਥੇ ਲਭਾਂ?" ਅਗੋਂ ਉੱਤਰ ਆਇਆ, "ਟੁੱਟੇ ਹੋਏ, ਵੈਰਾਗਵਾਨ, ਬਿਰਹੋਂ ਕੁੱਠੇ ਦਿਲਾਂ ਵਿੱਚ।" ਜਗਿਆਸੂ ਨੇ ਫੇਰ ਕਿਹਾ, "ਮੇਰਾ ਦਿਲ ਇਸ ਵੇਲੇ ਬਹੁਤ ਵੈਰਾਗਵਾਨ ਹੈ।" ਅਗੋਂ ਆਕਾਸ਼-ਬਾਣੀ ਹੋਈ, "ਬਸ, ਮੈਂ ਇਸ ਵੇਲੇ ਤੇਰੇ ਹਿਰਦੇ ਵਿਚ ਹੀ ਨਿਵਾਸ ਕਰਦਾ ਹਾਂ।"

ਏਸੇ ਲਈ, ਭਾਈ ਸਾਹਿਬ ਵੀ ਇਸ ਗ਼ਜ਼ਲ ਵਿਚ ਵਿਛੋੜੇ ਤੇ ਬਿਰਹਾ-ਰਸ ਨੂੰ ਬਿਆਨ ਕਰਦੇ ਹੋਏ ਦਸਦੇ ਹਨ ਕਿ ਪਿਆਰੇ ਦੇ ਵਿਜੋਗ ਵਿਚ ਮੈਂ ਇਕੱਲਾ ਹੀ ਨਹੀਂ, ਸਗੋਂ ਸਾਰਾ ਆਲਮ ਹੀ ਬਿਰਹਾ ਦੇ ਇਸ ਚੰਗਿਆੜੇ ਨਾਲ ਸੜ ਕੇ ਸੁਆਹ ਹੋ ਗਿਆ ਹੈ। ਫੇਰ, ਤਤ-ਛਿਨ ਇਸ ਖ਼ਿਆਲ ਦੀ ਵਧੇਰੇ ਵਿਆਖਿਆ ਕਰਦੇ ਹੋਏ ਫ਼ੁਰਮਾਂਦੇ ਹਨ ਕਿ ਬਿਰਹਾ ਦੀ ਅਗਨੀ ਸਾਧਾਰਨ ਅਗਨੀ ਸਮਾਨ ਨਹੀਂ। ਜਿੱਥੇ, ਇਹ ਅਗਨੀ ਸਾੜ ਕੇ ਕੋਲੇ ਤੇ ਸੁਆਹ ਕਰ ਦਿੰਦੀ ਹੈ, ਓਥੇ ਬਿਰਹਾ ਦੀ ਅੱਗ, ਬਿਰਹੀ ਨੂੰ, ਕੁਠਾਲੀ ਪਏ ਸੋਨੇ ਵਾਂਗ, ਬਾਰ੍ਹਾਂ-ਵੰਨੀ ਦੇ ਸੋਨੇ ਸਮਾਨ ਸ਼ੁੱਧ (ਪਵਿੱਤਰ) ਬਣਾ ਦਿੰਦੀ ਹੈ।

ਫੇਰ, ਆਪ ਹੀ, ਅੰਤ ਵਿਚ, ਬੜੇ ਮਾਣ ਨਾਲ ਇਹ ਆਖਦੇ ਹਨ ਕਿ 'ਗੋਇਆ' ਦਾ ਦਿਲ ਧੰਨਤਾ ਯੋਗ ਹੈ, ਜੋ ਮਿੱਤਰ ਦੇ ਦੀਦਾਰ ਦੀ ਆਸ ਵਿਚ ਬਿਰਹੋਂ ਦੇ ਸੇਕ ਨਾਲ ਸੜਿਆ ਤੇ ਪ੍ਰਵਾਨ ਚੜ੍ਹਿਆ ਹੈ।

—o—

ਹਿਜਰ! ਮਾ ਰਾ, ਆਰਜ਼ੂਏ ਵਸਲ ਬਖ਼ਸ਼।
ਈਂ ਖ਼ਜ਼ਾਨੇ ਚਸ਼ਮ ਮਾ ਰਾ ਫ਼ਜ਼ਲ ਬਖ਼ਸ਼॥੪੭੨॥

(ਜ਼ਿੰਦਗੀਨਾਮਾ, ਭਾ. ਨੰਦ ਲਾਲ ਜੀ)

(ਹੇ ਪ੍ਰੀਤਮ!) ਸਾਡੇ ਵਿਛੋੜੇ (ਭਾਵ,ਮੇਰੇ ਵਿਛੜੇ ਹੋਏ ਦਿਲ ਨੂੰ) ਮਿਲਾਪ ਦੀ ਸੱਧਰ ਬਖ਼ਸ਼ੋ, ਅਤੇ ਮੇਰੀਆਂ ਅੱਖਾਂ ਦੇ ਜ਼ਖ਼ੀਰੇ ਵਿੱਚ ਆਪਣੀ ਮਿਹਰੰਮਤ ਬਖ਼ਸ਼ੋ, ਭਾਵ,ਮੇਰੀਆਂ ਅੱਖਾਂ ਵਿਚ ਆ ਕੇ ਵੱਸੋ।

.ਗ਼ਜ਼ਲ ਨੰਬਰ ੧੫

ਅਜ਼ ਦੋ ਚਸ਼ਮਿ ਮਸਤ ਸ਼ੁਅਲਾ, ਅਲ-ਗ਼ਿਆਸ।
ਅਜ਼ ਲਬੋ ਦਹਨਿ ਸ਼ਕਰਖ਼ਾ, ਅਲ-ਗ਼ਿਆਸ॥੧॥

ਵਾਏ, ਬਰ ਨਫ਼ਸੇ ਕਿ: ਬੇਹੂਦਾ ਗੁਜ਼ੱਸ੍ਰ।
ਅਲ-ਗ਼ਿਆਸ, ਅਜ਼ ਗ਼ਫ਼ਲਤਿ ਮਾ, ਅਲ-ਗ਼ਿਆਸ॥੨॥

ਅਜ਼ ਨਜ਼ਾਇ ਕੁਫ਼ਰੋ ਦੀਂ, ਦਿਲ ਬਰ-ਹਮ ਅਸ੍ਰ।
ਬਰ ਦਰਿ ਦਰਗਾਹਿ ਮੌਲਾ, ਅਲ-ਗ਼ਿਆਸ॥੩॥

ਲੋ-ਲਿਆਨਿ ਸ਼ੋਖ਼, ਆਲਮ ਦਰ ਰਬੂਦ।
ਮੇ-ਕੁਨਮ ਅਜ਼ ਦਸਤਿ ਆਂਹਾ, ਅਲ-ਗ਼ਿਆਸ॥੪॥

ਐ, ਜ਼ਿ ਦਸਤਿ ਖ਼ੰਜਰਿ ਮਿਯਗਾਨਿ ਊ।
ਮੇ-ਸ਼ਵਦ ਖ਼ਾਮੋਸ਼ 'ਗੋਇਆ' ਅਲ-ਗ਼ਿਆਸ॥੫॥

ਪੰਜਾਬੀ ਕਾਵਿ ਅਨੁਵਾਦ

੧. ਸ਼ੋਅਲੇ ਵਰਗੀਆਂ ਲਾਲ ਅੱਖਾਂ ਤੋਂ ਕਰਦਾ ਹਾਂ ਨਿੱਤ ਤੌਬਾ।
ਮਿੱਠ-ਬੋਲੜੇ ਤਿਰੇ ਬੁੱਲ੍ਹਾਂ ਦੀ, ਕਰਾਂ ਬਿਆਨ ਕੀ ਸ਼ੋਭਾ, ਹੂ।

੨. ਲਾਅਨਤ ਹੈ ਉਸ ਦਮ ਨੂੰ ਯਾਰੋ, ਬਿਨ ਯਾਦੋਂ ਜੋ ਲੰਘੇ।
ਤੌਬਾ ਹੈ ਉਸ ਗ਼ਫ਼ਲਤ ਕੋਲੋਂ, ਜਿਹੜੀ ਇਸ਼ਕੋਂ ਸੰਗੇ, ਹੂ।

੩. ਸ਼ਰਾ, ਕੁਫ਼ਰ ਦੇ ਵਾਦ-ਵਿਵਾਦੋਂ, ਜਿੰਦ ਡਾਢੀ ਘਬਰਾਈ।
ਦਰ ਤੇਰੇ 'ਤੇ ਆ ਕੇ ਦਾਤਾ, ਪਾਵਾਂ ਹਾਲ ਦੁਹਾਈ, ਹੂ।

੪. ਚੰਚਲ ਚਪਲ ਮਾਇਆ ਨੇ ਮਿੱਤਰੋ, ਕੀਤੀ ਤੰਗ ਲੁਕਾਈ।
ਇਸ ਦੇ ਹਥੋਂ ਦੀਨਾਂ ਦੁਖੀਆਂ, ਸਭ ਨੇ ਤੌਬਾ ਲਾਈ, ਹੂ।

੫. ਉਸ ਦੇ ਨੈਣ-ਕਟਾਰਾਂ ਸਾਹਵੇਂ, ਚੁੱਪ 'ਗੋਇਆ' ਨੇ ਧਾਰੀ।
ਬੇ-ਬਸੀ ਵਿਚ, ਉਸ ਨੇ ਮੂੰਹੋਂ, ਤੌਬਾ, ਪੁਕਾਰੀ, ਹੂ।

ਅਜ਼ ਦੋ ਚਸ਼ਮਿ ਮਸਤ ਸ਼ੁਅਲਾ, ਅਲ-ਗ਼ਿਆਸ।
ਅਜ਼ ਲਬੋ ਦਹਨਿ ਸ਼ਕਰਸ਼ਾ, ਅਲ-ਗ਼ਿਆਸ ॥੧॥

ਸ਼ਬਦਾਰਥ ਚਸ਼ਮ—ਅੱਖਾਂ, ਨੇਤਰ। ਸ਼ੁਅਲਾ—ਅੱਗ ਦੀ ਲਾਟ ਵਾਂਗ ਗੁਲਾਬੀ ਰੰਗਣਾ ਵਾਲੇ। ਅਲਗ਼ਿਆਸ—ਤੌਬਾ, ਦੁਹਾਈ। ਲਬ—ਬੁਲ੍ਹ, ਹੋਂਠ। ਓ—ਤੇ। ਦਹਨ—ਮੂੰਹ। ਸ਼ਕਰਸ਼ਾ—ਮੁਸਕ੍ਰਾਉਣ ਵਾਲਾ, ਮਿੱਠ-ਬੋਲਾ।

ਅਰਥ : (ਪ੍ਰੀਤਮ ਦੀਆਂ) ਚੰਗਿਆੜੇ ਵਾਂਗ ਗੁਲਾਬੀ ਤੇ ਮਸਤ ਅੱਖਾਂ ਤੋਂ ਦੁਹਾਈ ਹੈ। (ਪਿਆਰੇ ਦੇ) ਮਿਠ-ਬੋਲੜੇ ਤੇ ਮੁਸਕ੍ਰਾਉਣ ਵਾਲੇ ਬੁਲ੍ਹਾਂ ਤੇ ਚਿਹਰੇ ਤੋਂ ਤੌਬਾ ਹੈ (ਭਾਵ-ਸੁੰਦਰਤਾ ਦੀ ਅਤਿ ਹੈ)।

ਵਾਏ, ਬਰ ਨਫ਼ਸੇ ਕਿ: ਬੇਹੂਦਾ ਗੁਜ਼ੱਸ਼੍ਤ।
ਅਲ-ਗ਼ਿਆਸ, ਅਜ਼ ਗ਼ਫ਼ਲਤਿ ਮਾ, ਅਲ-ਗ਼ਿਆਸ ॥੨॥

ਸ਼ਬਦਾਰਥ : ਵਾਏ—ਅਫ਼ਸੋਸ, ਸ਼ੋਕ। ਨਫ਼ਸ—ਦਮ, ਸਵਾਸ। ਬੇਹੂਦਾ—ਬੇਅਰਥ। ਕਿ—ਜੋ। ਅਜ਼—ਤੋਂ, ਵਲੋਂ। ਮਾ—ਸਾਡੀ। ਗ਼ਫ਼ਲਤ—ਸੁਸਤੀ, ਲਾਪਰਵਾਹੀ।

ਅਰਥ : ਉਸ ਸਵਾਸ ਉਤੇ ਅਫ਼ਸੋਸ ਹੈ ਜੋ ਬੇਅਰਥ ਲੰਘ ਗਿਆ। ਤੌਬਾ, ਸਾਡੀ ਲਾ-ਪਰਵਾਹੀ ਤੋਂ, ਤੌਬਾ।

ਅਜ਼ ਨਜ਼ਾਇ ਕੁਫ਼ਰੋ ਦੀਂ, ਦਿਲ ਬਰ-ਹਮ ਅਸ੍ਤ।
ਬਰ ਦਰਿ ਦਰਗਾਹਿ ਮੌਲਾ, ਅਲ-ਗ਼ਿਆਸ ॥੩॥

ਸ਼ਬਦਾਰਥ : ਅਜ਼—ਤੋਂ। ਨਜ਼ਾਅ—ਝਗੜਾ। ਕੁਫ਼ਰੋ ਦੀਂ—ਕੁਫ਼ਰ ਤੇ ਦੀਨ, ਅਧਰਮ ਤੇ ਧਰਮ। ਬਰਹਮ—ਪ੍ਰੇਸ਼ਾਨ, ਘਾਬਰਿਆ ਹੋਇਆ। ਬਰ—ਉਤੇ। ਦਰ—ਦਰਵਾਜ਼ਾ। ਦਰਗਾਹ—ਦਰਬਾਰ।

ਅਰਥ : ਸ਼ਰ੍ਹਾ ਤੇ ਕੁਸ਼ਰ੍ਹਾ, ਧਰਮ ਤੇ ਅਧਰਮ ਦੇ ਝਗੜਿਆਂ ਤੋਂ ਦਿਲ ਪ੍ਰੇਸ਼ਾਨ ਹੈ। (ਇਸ ਲਈ ਮੇਰੀ) ਵਾਹਿਗੁਰੂ ਦੇ ਦਰਬਾਰ ਦੇ ਦਰਵਾਜ਼ੇ ਉਤੇ ਦੁਹਾਈ ਹੈ, (ਤਾਂ ਜੁ ਉਹ ਮੈਨੂੰ ਇਸ ਵਾਦ-ਵਿਵਾਦ ਤੋਂ ਬਚਾ ਲਵੇ)।

ਲੋ-ਲਿਆਨਿ ਸ਼ੋਖ਼, ਆਲਮ ਦਰ ਰਬੂਦ।
ਮੇ-ਕੁਨਮ ਅਜ਼ ਦਸਤਿ ਆਂਹਾ, ਅਲ-ਗ਼ਿਆਸ ॥੪॥

ਸ਼ਬਦਾਰਥ : ਲੋਲੀ—ਫ਼ਾਹਸ਼ਾ ਔਰਤ, ਚਲਿੱਤਰ-ਹਾਰੀ ਮਾਇਆ। ਸ਼ੋਖ਼—ਚੰਚਲ, ਚਪਲ। ਆਲਮ—ਜਹਾਨ। ਦਰ—ਵਿਚ। ਰਬੂਦ—ਖੋਹ ਕੇ ਲੈ ਗਈ। ਮੇ ਕੁਨਮ—ਮੈਂ ਕਰਦਾ ਹਾਂ। ਦਸਤ—ਹੱਥ।

ਅਰਥ : (ਇਹ) ਚੰਚਲ ਤੇ ਚਪਲ ਇਸਤ੍ਰੀ, ਭਾਵ ਮਾਇਆ, ਜਗਤ ਵਿਚ (ਜੀਵਾਂ ਦਾ ਦਿਲ) ਖੋਹ ਕੇ ਲੈ ਗਈ (ਹੈ)। (ਇਸ ਲਈ ਐਸੀ ਪ੍ਰਬਲ) ਮਾਇਆ ਦੇ ਹੱਥੋਂ ਤੌਬਾ ਕਰਦਾ ਹਾਂ।

ਐ, ਜ਼ਿ ਦਸਤਿ ਖ਼ੰਜਰਿ ਮਿਯਗਾਨਿ ਊ।
ਮੇ-ਸ਼ਵਦ ਖ਼ਾਮੋਸ਼ 'ਗੋਇਆ' ਅਲ-ਗ਼ਿਆਸ ॥੫॥

ਸ਼ਬਦਾਰਥ : ਮਿਯਗਾਨ—ਝਿੰਮਣੀਆਂ। ਮੇ-ਸ਼ਵਦ—ਹੋਵੇ। ਖ਼ਾਮੋਸ਼—ਚੁਪ। ਖ਼ੰਜਰ—ਕਟਾਰ।

ਅਰਥ : ਉਸ ਦੀਆਂ ਝਿੰਮਣੀਆਂ ਦੇ ਖ਼ੰਜਰ (ਭਾਵ, ਮਾਇਆ ਦੇ ਕਟਾਕਸ਼ ਤੇ ਛਲ) ਹੱਥੋਂ 'ਗੋਇਆ' ਕਿਵੇਂ ਚੁਪ ਰਹੇ ? ਉਹ ਤੌਬਾ ਤੌਬਾ ਕਰਨੋਂ, ਭਾਵ, ਦੁਹਾਈ ਪਾਉਣੋਂ ਨਹੀਂ ਰੁਕ ਸਕਦਾ।

ਵਿਆਖਿਆ

ਇਸ ਗ਼ਜ਼ਲ ਵਿਚ, ਭਾਈ ਸਾਹਿਬ, ਪ੍ਰੀਤਮ ਦੀਆਂ ਮਸਤ ਅੱਖਾਂ, ਮੁਸਕਰਾਉਂਦੇ ਬੁੱਲ੍ਹਾਂ, ਉਮਰ ਅਜਾਈਂ ਗੁਆਣ ਦੀ ਲਾਪਰਵਾਹੀ,ਕੁਫ਼ਰ ਤੇ ਦੀਨ, ਬ੍ਰਾਹਮਣ ਤੇ ਮੌਲਾਣਿਆਂ ਦੇ ਖਹਿ ਖਹਿ ਮਰਨ ਅਤੇ ਮਾਇਆ ਦੀ ਚੰਚਲਤਾ ਦਾ ਜ਼ਿਕਰ ਕਰਦੇ ਅਤੇ ਬਚਾਅ ਲਈ ਪ੍ਰਭੂ-ਦਰ 'ਤੇ ਦੁਹਾਈ ਦੇਂਦੇ ਹਨ।

ਮਾਇਆ ਦੀ ਚੰਚਲਤਾ ਦਾ ਬਿਆਨ ਵਧੇਰੇ ਕਰਕੇ ਪਿੱਛੇ ਆ ਚੁੱਕਾ ਹੈ। ਪ੍ਰਭੂ ਦਾ ਖੇਲ ਕਿਤਨਾ ਬਚਿੱਤਰ ਹੈ। ਇਹ ਸਰਪਨੀ (ਮਾਇਆ) ਵੀ ਓਸੇ ਪ੍ਰਭੂ ਦੀ ਕ੍ਰਿਤ ਹੈ; ਪਰੰਤੂ ਜੀਵ ਪ੍ਰਭੂ-ਪ੍ਰੇਮ ਨੂੰ ਛੱਡ ਕੇ ਇਸ ਛਲਨੀ ਦਾ ਪੁਜਾਰੀ ਹੋ ਜਾਂਦਾ ਹੈ। ਇਹ ਕਿਤਨੀ ਪ੍ਰਬਲ ਹੈ ਕਿ ਛੁਟਕਾਰੇ ਲਈ ਫੇਰ ਦਾਤੇ ਦੇ ਦਰ ਅੱਗੇ ਪੁਕਾਰ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਦਿਸਦਾ। ਇਸ ਬੇਬਸੀ ਦੀ ਦਸ਼ਾ ਨੂੰ ਕਬੀਰ ਜੀ ਨੇ ਇਉਂ ਦਰਸਾਇਆ ਹੈ

> **ਇਨਿ ਮਾਇਆ ਜਗਦੀਸ ਗੁਸਾਈ, ਤੁਮ੍ਰੇ ਚਰਨ ਬਿਸਾਰੇ॥**
> **ਕਿੰਚਤ ਪ੍ਰੀਤਿ ਨ ਉਪਜੈ ਜਨ ਕਉ, ਜਨ ਕਹਾ ਕਰਹਿ ਬੇਚਾਰੇ॥**

(ਬਿਲਾਵਲੁ ਕਬੀਰ, ਪੰਨਾ ੮੫੭)

ਮਾਇਆ ਦੀ ਮਾਰ ਦਾ ਮਾਰਿਆ ਤੇ ਬੌਂਦਲਾਇਆ ਮਨੁੱਖ ਰੱਬ ਅਗੇ ਪੁਕਾਰ ਕਰਨ ਲਈ ਜਦ ਭੱਜ ਕੇ ਮੰਦਰ ਜਾਂ ਮਸਜਿਦ ਵਿਚ ਵੜਿਆ ਤਾਂ ਓਥੇ ਸੁਖ ਸ਼ਾਂਤੀ ਤੇ ਓਟ ਲਭਣ ਦੀ ਥਾਂ ਮਾਇਆ ਨੂੰ ਕਿਸੇ ਹੋਰ ਵੇਸ ਵਿਚ ਪ੍ਰਬਲ ਤੇ ਪ੍ਰਚੰਡ ਵੇਖਿਆ। ਓਥੇ ਪੂਜਾ, ਨਿਮਾਜ਼ ਤੇ ਧਰਮ-ਪੁਸਤਕਾਂ ਦੀ ਕਥਾ ਵਾਰਤਾ ਤਾਂ ਸੀ, ਪਰੰਤੂ, ਇਹ ਸਭ ਕੁਝ, ਸਭ-ਦੇ-ਰੱਬ ਦੀ ਸਾਰੀ ਮਖ਼ਲੂਕ ਨੂੰ ਪਿਆਰ-ਗਲਵਕੜੀਆਂ ਪੁਆ ਦੇਣ ਦੀ ਥਾਂ, ਇਕ ਦੂਜੇ ਨੂੰ ਜ਼ੇਰ ਤੇ ਤਬਾਹ ਕਰਨ ਦਾ ਸਾਧਨ ਤੇ ਹੱਥ-ਠੋਕਾ ਬਣ ਰਿਹਾ ਸੀ। ਇਸ ਤਰਸ ਯੋਗ ਅਵਸਥਾ ਦਾ ਦਰਦਨਾਕ ਨਕਸ਼ਾ ਭਾਈ ਗੁਰਦਾਸ ਜੀ ਐਉਂ ਖਿਚਦੇ ਹਨ

> **ਚਾਰਿ ਵਰਣ ਚਾਰਿ ਮਜ਼ਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ।**
> **ਖ਼ੁਦੀ, ਬਖ਼ੀਲਿ, ਤਕੱਬਰੀ, ਖਿੰਚੋਤਾਣ ਕਰੇਨਿ ਧਿਙਾਣੇ।**
> **ਗੰਗ ਬਨਾਰਸ ਹਿੰਦੂਆਂ, ਮੱਕਾ ਕਾਬਾ ਮੁਸਲਮਾਣੇ।**
> **ਸੁੰਨਤਿ ਮੁਸਲਮਾਨ ਦੀ, ਤਿਲਕ-ਜੰਞੂ ਹਿੰਦੂ ਲੁਭਾਣੇ।**

ਰਾਮ ਰਹੀਮ ਕਹਾਂਇਦੇ, ਇੱਕੁ ਨਾਮੁ ਦੋਇ ਰਾਹਿ ਭੁਲਾਣੇ।
ਬੇਦ ਕਤੇਬ ਭੁਲਾਇ ਕੈ, ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ, ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣ ਜਾਣੇ।੨੧। *(ਭਾਈ ਗੁਰਦਾਸ ਜੀ, ਵਾਰ ੧)*

ਜਦ **ਮਾਇਆ ਡਰ ਡਰਪਤ ਹਾਰ ਗੁਰਦੁਆਰੇ ਜਾਵੈ,**
ਤਹਾਂ ਜੁ ਮਾਇਆ ਬਿਆਪੈ ਕਹਾਂ ਠਹਿਰਾਈਐ॥੫੪੪॥ *(ਭਾ: ਗੁਰਦਾਸ ਜੀ)*

ਵਾਲੀ ਅਵਸਥਾ ਧਾਰਮਿਕ ਅਸਥਾਨਾਂ ਵਿਚ ਹੀ ਵਾਪਰ ਗਈ; ਬ੍ਰਹਮਾ, ਬਿਸ਼ਨ, ਮਹੇਸ਼ ਵੀ ਇਸ ਦੇ ਛਲ ਤੋਂ ਨਾ ਬਚ ਸਕੇ; ਸਾਰਾ ਜਗਤ ਹੀ ਇਸ ਦੀ ਲਪੇਟ ਵਿਚ ਆ ਗਿਆ, ਤਾਂ ਇਸ ਤੋਂ ਬਿਨਾਂ ਕੋਈ ਰਸਤਾ ਨਹੀਂ ਰਹਿ ਜਾਂਦਾ ਕਿ ਪ੍ਰਭੂ ਅਗੇ ਦੁਹਾਈ ਪਾਈ ਜਾਏ। ਉਹੀ 'ਸੂਰੇ ਗੁਰੂ' ਦੇ ਰੂਪ ਵਿਚ ਸਿਰ ਉਤੇ ਹੱਥ ਰੱਖੇਗਾ, ਆਪਣੀ ਬੰਦਗੀ (ਭਗਤੀ) ਦੀ ਦਾਤ ਤੇ ਸਤਸੰਗਤਿ ਦਾ ਓਟ-ਆਸਰਾ ਬਖ਼ਸ਼ੇਗਾ, ਤੇ ਬੇੜਾ ਪਾਰ ਲਾਏਗਾ। ਸਾਧ-ਸੰਗਤ ਦੀ ਓਟ ਵਿਚ ਬਚਾਅ ਦੀ ਗੱਲ ਪੰਜਵੇਂ ਗੁਰਦੇਵ ਇਉਂ ਦ੍ਰਿੜ੍ਹ ਕਰਾਉਂਦੇ ਹਨ

ਕਹੁ ਨਾਨਕ ਤਿਨਿ ਜਨਿ ਨਿਰਦਲਿਆ, ਸਾਧ ਸੰਗਤਿ ਕੈ ਝਲੀ ਰੇ।

(ਆਸਾ ਮ: ੫, ਪੰਨਾ ੪੦੪)

—o—

ਗਰ ਬਜ਼ੁਰਗੀ ਬਾਇਦਤ, ਕੁਨ ਬੰਦਗੀ।
ਵਰਨਾ, ਆਖ਼ਰ ਮੇ-ਕਸ਼ੀ ਸ਼ਰਮਿੰਦਗੀ॥੪੯॥

ਸ਼ਰਮ ਕੁਨ, ਹਾਂ ਸ਼ਰਮ ਕੁਨ, ਹਾਂ ਸ਼ਰਮ ਕੁਨ।
ਈਂ ਦਿਲੇ ਚੂੰ ਸੰਗ ਖ਼ੁਦ ਰਾ ਨਰਮ ਕੁਨ॥੫੦॥

(ਜ਼ਿੰਦਗੀਨਾਮਾ, ਭਾ: ਨੰਦ ਲਾਲ ਜੀ)

"ਜੇ ਤੈਨੂੰ ਮਾਣ-ਵਡਿਆਈ ਦੀ ਚਾਹਨਾ ਹੈ ਤਾਂ ਬੰਦਗੀ ਕਰ, ਨਹੀਂ ਤਾਂ ਅਖ਼ੀਰ ਨੂੰ ਸ਼ਰਮਿੰਦਗੀ ਸਹਾਰਨੀ ਪਵੇਗੀ।"

"ਸ਼ਰਮ ਕਰ; ਹਾਂ ਸ਼ਰਮ ਕਰ, ਹਾਂ ਸ਼ਰਮ ਕਰ। ਅਪਣੇ ਇਸ ਪੱਥਰ ਵਰਗੇ ਦਿਲ ਨੂੰ ਨਰਮ ਕਰ, ਭਾਵ, ਬੰਦਗੀ ਵਲ ਲੱਗ ਤੇ ਨਿਮ੍ਰਤਾ ਧਾਰਨ ਕਰ।"

ਗ਼ਜ਼ਲ ਨੰਬਰ ੧੬

ਮਸਤ ਰਾ, ਬਾ ਜਾਮਿ ਰੰਗੀਂ, ਇਹਤਿਆਜ।
ਤਿਸ਼ਨਾ ਰਾ, ਬਾ ਆਬਿ ਸ਼ੀਰੀਂ, ਇਹਤਿਆਜ ॥੧॥

ਸੁਹਬਤਿ ਮਰਦਾਨਿ ਹੱਕ, ਬਸ ਅਨਵਰ ਅਸ੍ਰ।
ਤਾਲਬਾਂ ਰਾ, ਹਸ੍ਰ ਚੰਦੀਂ, ਇਹਤਿਆਜ ॥੨॥

ਅਜ਼ ਤਬੱਸੁਮ ਕਰਦਾ-ਈ, ਗੁਲਸ਼ਨ ਜਹਾਂ।
ਹਰ ਕਿਃ ਦੀਦਸ਼, ਕੈ ਬ-ਗੁਲਚੀਂ, ਇਹਤਿਆਜ ॥੩॥

ਯਕ ਨਗਾਹ ਲੁਤਫ਼ਿ ਤੋ, ਦਿਲ ਮੇ ਬੁਰਦ।
ਬਾਜ਼ ਮੇ ਦਾਰਮ, ਅਜ਼ਾਂ ਈਂ, ਇਹਤਿਆਜ ॥੪॥

ਨੇਸ੍ਰ 'ਗੋਇਆ' ਗ਼ੈਰਿ ਤੋ, ਦਰ ਦੋ ਜਹਾਂ।
ਬਾ ਤੋ ਦਾਰਮ, ਅਜ਼ ਦਿਲੋ ਦੀਂ, ਇਹਤਿਆਜ ॥੫॥

ਪੰਜਾਬੀ ਕਾਵਿ ਅਨੁਵਾਦ

੧. ਜਿਵੇਂ ਪਿਆਸਾ ਬੰਦਾ ਚਾਹੇ, ਪਾਣੀ ਮਿੱਠੇ ਵਾਲਾ।
ਰੰਗ ਰੱਤਾ ਵੀ ਓਵੇਂ ਚਾਹਵੇ, ਅੰਮ੍ਰਿਤ-ਪ੍ਰੇਮ-ਪਿਆਲਾ, ਹੂ।

੨. ਰੱਬ-ਰੱਤਿਆਂ ਦੀ ਸੰਗਤ ਯਾਰੋ, ਡਾਢੀ ਹੈ ਨੂਰਾਨੀ।
ਜਗਿਆਸੂ ਦੀ ਨਿਗ੍ਹਾ ਦੇ ਅੰਦਰ, ਇਸ ਦਾ ਕੋਈ ਨ ਸਾਨੀ, ਹੂ।

੩. ਜੱਗ ਤਾਈਂ ਮੁਸਕਾਹਟ ਤੇਰੀ, ਫੁੱਲਾਂ ਵਾਂਗ ਮਹਿਕਾਵੇ।
ਲੋੜ ਫੁਲੇਰੇ ਦੀ ਕੀ ਉਸਨੂੰ, ਤੇਰਾ ਦਰਸ ਜੋ ਪਾਵੇ, ਹੂ।

੪. ਤੇਰੀ ਮੇਹਰ ਦੀ ਇਕੋ ਝਾਤੀ, ਦਿਲ ਨੂੰ ਕੱਢ ਲਿਜਾਵੇ।
ਫਿਰ ਵੀ ਦਾਤਾ ਰੂਹ ਮੇਰਾ ਇਹ, ਮੁੜ ਮੁੜ ਉਸ ਨੂੰ ਚਾਹਵੇ, ਹੂ।

੫. ਦੋ ਜਹਾਨੀਂ ਕੋਈ ਨ ਦਿੱਸੇ, ਤੇਰਾ ਸਾਨੀ ਮੈਨੂੰ।
ਏਸੇ ਕਾਰਨ ਦਿਲੋਂ ਈਮਾਨੋਂ, 'ਗੋਇਆ' ਲੋਚੈ ਤੈਨੂੰ, ਹੂ।

ਮਸਤ ਰਾ, ਬਾ ਜਾਮਿ ਰੰਗੀਂ, ਇਹਤਿਆਜ।
ਤਿਸ਼ਨਾ ਰਾ, ਬਾ ਆਬਿ ਸ਼ੀਰੀਂ, ਇਹਤਿਆਜ॥੧॥

ਸ਼ਬਦਾਰਥ : ਬਾ—ਨਾਲ। ਜਾਮਿ ਰੰਗੀਂ ਰੰਗੀਨ ਪਿਆਲਾ। ਮਸਤ ਰਾ ਮਸਤਾਨੇ ਨੂੰ। ਇਹਤਿਆਜ—ਲੋੜ। ਤਿਸ਼ਨਾ—ਪਿਆਸਾ। ਆਬਿ ਸ਼ੀਰੀਂ—ਮਿੱਠਾ ਪਾਣੀ।

ਅਰਥ : ਪ੍ਰਭੂ-ਰੰਗ ਰੰਗੇ ਮਸਤਾਨੇ ਨੂੰ (ਪ੍ਰਭੂ ਦੇ ਨਾਮ ਦੀ) ਸ਼ਰਾਬ ਦੇ ਰੰਗੀਨ ਪਿਆਲੇ ਦੀ ਇਵੇਂ (ਹੀ) ਲੋੜ (ਹੈ), ਜਿਵੇਂ ਪਿਆਸੇ ਨੂੰ ਮਿੱਠੇ ਪਾਣੀ ਦੀ ਲੋੜ।

ਸੁਹਬਤਿ ਮਰਦਾਨਿ ਹੱਕ, ਬਸ ਅਨਵਰ ਅਸ੍ਰ।
ਤਾਲਬਾਂ ਰਾ, ਹਸ੍ਰ ਚੰਦੀਂ, ਇਹਤਿਆਜ॥੨॥

ਸ਼ਬਦਾਰਥ : ਸੁਹਬਤ—ਸੰਗਤ। ਮਰਦਾਨਿ ਹੱਕ—ਪ੍ਰਭੂ ਦੇ ਬੰਦੇ, ਗੁਰਮੁਖ। ਬਸ—ਬਹੁਤ। ਅਨਵਰ—ਰੌਸ਼ਨ, ਨੂਰ ਵਾਲੀ। ਤਾਲਬਾਂ ਰਾ—ਲੋੜਵੰਦਾਂ ਨੂੰ, ਹੱਕ ਦੇ ਮੁਤਲਾਸ਼ੀਆਂ ਨੂੰ। ਹਸ੍ਰ—ਹੈ। ਚੰਦੀਂ—ਏਨੀ, ਇਸ ਕਦਰ (ਭਾਵ, ਬਹੁਤ ਹੀ)।

ਅਰਥ : ਗੁਰਮੁਖਾਂ ਦੀ ਸੰਗਤ ਬਹੁਤ ਰੌਸ਼ਨ (ਨੂਰਾਨੀ) ਹੈ। ਪ੍ਰਭੂ ਦੀ ਤਾਂਘ ਰਖਣ ਵਾਲਿਆਂ ਨੂੰ (ਇਸ ਦੀ) ਬਹੁਤ ਲੋੜ ਹੈ।

ਅਜ਼ ਤਬੱਸੁਮ ਕਰਦਾ-ਈ, ਗੁਲਸ਼ਨ ਜਹਾਂ।
ਹਰ ਕਿ: ਦੀਦਸ਼, ਕੈ ਬ-ਗੁਲਚੀਂ, ਇਹਤਿਆਜ॥੩॥

ਸ਼ਬਦਾਰਥ : ਅਜ਼—ਤੋਂ, ਨਾਲ। ਤਬੱਸੁਮ—ਮੁਸਕ੍ਰਾਹਟ। ਕਰਦਾ-ਈ—ਤੂੰ ਕੀਤਾ ਹੈ। ਗੁਲਸ਼ਨ—ਫੁਲਵਾੜੀ, ਗੁਲਜ਼ਾਰ। ਹਰ ਕਿ—ਜਿਸ ਕਿਸੇ ਨੇ। ਦੀਦ—ਵੇਖਿਆ। ਸ਼—ਉਸ ਨੂੰ। ਕੈ—ਕੀ? ਗੁਲਚੀਂ—ਫੁਲ ਤੋੜਨ ਵਾਲਾ, ਮਾਲੀ, ਫੁਲੇਰਾ।

ਅਰਥ : (ਆਪਣੀ) ਮੁਸਕ੍ਰਾਹਟ ਨਾਲ ਤੂੰ ਸੰਸਾਰ ਨੂੰ ਫੁਲਵਾੜੀ ਬਣਾ ਦਿਤਾ ਹੈ। ਜਿਸ ਕਿਸੇ ਨੇ ਉਸ ਨੂੰ (ਤੈਨੂੰ) ਵੇਖਿਆ ਹੈ (ਉਸ ਨੂੰ) ਫੁਲੇਰੇ ਦੀ ਕੀ ਲੋੜ?

ਯਕ ਨਗਾਹ ਲੁਤਫ਼ਿ ਤੋ, ਦਿਲ ਮੇ ਬੁਰਦ।
ਬਾਜ਼ ਮੇ ਦਾਰਮ, ਅਜ਼ਾਂ ਈਂ, ਇਹਤਿਆਜ॥੪॥

ਸ਼ਬਦਾਰਥ : ਯਕ—ਇੱਕ। ਨਗਾਹ—ਨਜ਼ਰ। ਲੁਤਫ਼—ਮਿਹਰ, ਕਿਰਪਾ ਦ੍ਰਿਸ਼ਟੀ। ਮੇ ਬੁਰਦ—ਲੈ ਜਾਂਦੀ ਹੈ। ਬਾਜ਼—ਫਿਰ, ਦੁਬਾਰਾ, ਮੁੜ। ਮੇ ਦਾਰਮ—ਮੈਂ ਰਖਦਾ ਹਾਂ। ਅਜ਼ਾਂ—ਉਸ ਤੋਂ, ਉਸ ਦੀ।

ਅਰਥ : (ਭਾਵੇਂ) ਤੇਰੀ ਕਿਰਪਾ ਦੀ ਇਕ ਦ੍ਰਿਸ਼ਟੀ ਦਿਲ (ਕੱਢ ਕੇ) ਲੈ ਜਾਂਦੀ ਹੈ (ਤੇ ਦਿਲ ਵੱਸ ਵਿਚ ਨਹੀਂ ਰਹਿੰਦਾ) ਫੇਰ ਵੀ ਮੈਂ ਉਸ ਦੀ ਮੁੜ ਲੋੜ ਰਖਦਾ ਹਾਂ।

ਨੇਸ੍ਰ 'ਗੋਇਆ' ਗ਼ੈਰਿ ਤੋ, ਦਰ ਦੋ ਜਹਾਂ।
ਬਾ ਤੋ ਦਾਰਮ, ਅਜ਼ ਦਿਲੋ ਦੀਂ, ਇਹਤਿਆਜ॥੫॥

ਸ਼ਬਦਾਰਥ : ਨੇਸ੍ਰ—ਨਹੀਂ ਹੈ। ਗ਼ੈਰ ਤੋ—ਤੇਰੇ ਬਿਨਾਂ। ਬਾ—ਨਾਲ। ਦਾਰਮ—ਮੈਂ ਰਖਦਾ ਹਾਂ। ਦਿਲੋ ਦੀਂ—ਦਿਲ ਤੇ ਦੀਨ, ਦੀਨ ਤੋਂ ਦੁਨੀਆ। ਇਹਤਿਆਜ—ਲੋੜ।

ਅਰਥ : (ਭਾਈ ਨੰਦ ਲਾਲ ਜੀ 'ਗੋਇਆ' ਸਤਿਗੁਰੂ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ)--ਤੈਥੋਂ ਬਿਨਾਂ, ਦੋਹਾਂ ਜਹਾਨਾਂ ਵਿਚ ਦੂਜਾ (ਹੋਰ) ਕੋਈ ਨਹੀਂ ਹੈ। (ਇਸ ਲਈ) ਮੈਂ ਦੀਨ ਤੇ ਦੁਨੀਆ ਵਿਚ ਤੇਰੇ ਨਾਲ (ਭਾਵ, ਤੇਰੀ ਹੀ) ਲੋੜ ਰਖਦਾ ਹਾਂ।

ਵਿਆਖਿਆ

ਪੂਰਨ ਗੁਰੂ ਦੀ ਮਿਹਰ ਦੁਆਰਾ, ਪ੍ਰਭੂ ਨਾਲ ਇਕ-ਸੁਰਤਾ ਦੇ ਮਹਾਂ ਅੰਮ੍ਰਿਤ-ਰਸ ਨੂੰ ਮਾਣਿਆ ਤਾਂ ਜਾ ਸਕਦਾ ਹੈ, ਪਰੰਤੂ ਬਿਆਨਿਆ ਨਹੀਂ ਜਾ ਸਕਦਾ। ਇਹ ਤਾਂ ਗੂੰਗੇ ਦੀ ਮਠਿਆਈ ਹੈ

ਕਹੁ ਕਬੀਰ ਗੂੰਗੈ ਗੁੜੁ ਖਾਇਆ, ਪੂਛੇ ਤੇ ਕਿਆ ਕਹੀਐ॥

(ਗਉੜੀ ਕਬੀਰ, ਪੰਨਾ ੩੩੪)

ਤਥਾ **ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ, ਪੂਛੇ ਕਹਨੁ ਨ ਜਾਈ ਹੋ॥**

(ਸੋਰਠਿ ਨਾਮਦੇਵ, ਪੰਨਾ ੬੫੭)

ਫੇਰ ਵੀ, ਸਧਾਰਨ ਤੇ ਨਿਤ-ਜੀਵਨ ਦੇ ਤਜਰਬੇ ਦੀਆਂ ਵਸਤਾਂ ਦੇ ਹਵਾਲਿਆਂ ਰਾਹੀਂ, ਉਸ ਪਰਮ-ਰਸ ਦਾ ਝਲਕਾਰਾ ਜਿਹਾ ਪ੍ਰਾਪਤ ਕਰਨ ਦਾ ਹੀਲਾ ਕੀਤਾ ਜਾਂਦਾ ਹੈ। ਉਦਾਹਰਣ ਵਜੋਂ, ਪ੍ਰਭੂ-ਪ੍ਰੀਤ ਦੀ ਧੂਹ ਨੂੰ—ਭੁੱਖੇ ਦੀ ਅਨਾਜ ਨਾਲ, ਮੱਛੀ, ਚਾਤ੍ਰਿਕ, ਕਮਲ ਤੇ ਤਿਹਾਏ ਦੀ ਜਲ ਤੇ ਮੀਂਹ ਨਾਲ, ਭੌਰੇ ਦੀ ਫੁੱਲ ਨਾਲ ਤੇ ਪਤੰਗੇ ਦੀ ਰੂਪ ਨਾਲ ਪਈ ਪ੍ਰੀਤ-ਰੀਤ ਦਾ ਹਵਾਲਾ ਦੇ ਕੇ—ਬੋਲੀ ਰਾਹੀਂ ਬਿਆਨਣ ਦਾ ਤਰਲਾ ਮਾਰਿਆ ਜਾਂਦਾ ਹੈ। ਗੁਰਬਾਣੀ ਵਿਚੋਂ ਪ੍ਰੀਤ-ਮਿਲਣੀ ਦੇ ਕੁਝ ਸੁੰਦਰ ਪ੍ਰਮਾਣ ਹਾਜ਼ਰ ਹਨ

(੧) **ਜੈਸੀ ਭੂਖੇ ਪ੍ਰੀਤਿ ਅਨਾਜ॥ ਤ੍ਰਿਖਾਵੰਤ ਜਲ ਸੇਤੀ ਕਾਜ॥**
ਜੈਸੀ ਮੂੜ ਕੁਟੰਬ ਪਰਾਇਣ॥ ਐਸੀ ਨਾਮੇ ਪ੍ਰੀਤਿ ਨਰਾਇਣ॥

(ਭੈਰਉ ਨਾਮਦੇਵ, ਪੰਨਾ ੧੧੬੪)

(੨) **ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਜਲ ਕਮਲੇਹਿ॥**
(੩) **ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਮਛੁਲੀ ਨੀਰ॥**

(ਸਿਰੀ ਰਾਗੁ ਮ: ੧, ਪੰਨਾ ੬੦)

ਸੋ, ਭਾਈ ਸਾਹਿਬ ਵੀ ਇਕ ਪਿਆਸੇ ਦੀ, ਮਿੱਠੇ-ਸੀਤਲ ਜਲ ਲਈ ਤੜਪ ਦਾ ਹਵਾਲਾ ਦੇ ਕੇ ਆਪਣੇ ਅੰਦਰ ਨਾਮ-ਜਲ ਦੇ ਰੰਗੀਲੇ ਜਾਮ ਲਈ ਪੈਦਾ ਹੋਈ ਖਿਚ ਦੀ ਸਿਖਰ ਨੂੰ ਆਪਣੇ ਅੰਦਾਜ਼ ਵਿਚ ਇਉਂ ਪ੍ਰਗਟ ਕਰਦੇ ਹਨ। ਇਹ ਨਾਮ-ਜਲ, ਮਹਾਂ ਪੁਰਖਾਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ। ਨਾਮ-ਰਸ ਦੀ ਪ੍ਰਾਪਤੀ ਹੋਣ ਉੱਤੇ ਜਦ ਮਹਾਂ ਬਿਖਿਆ ਤੋਂ ਟੁੱਟ ਗਈ, ਤਾਂ ਅੰਦਰ ਹੀ ਸੁਖ-ਆਰਾਮ ਦੇ ਬਾਗ਼ ਖਿੜ ਗਏ ਤੇ ਬਾਹਰਲੀਆਂ ਨਾਸਵੰਤ ਸੁਗੰਧੀਆਂ ਦੀ ਲੋੜ ਚੁੱਕ ਗਈ। ਫੇਰ ਤਾਂ ਜੀਅ ਕਰਦਾ ਹੈ ਕਿ ਪ੍ਰੀਤਮ ਦੀ ਦਿਲ-ਲੁੱਟ-ਲੈ-ਜਾਣ-ਵਾਲੀ-ਨਜ਼ਰ ਬਾਰ ਬਾਰ ਨਸੀਬ ਹੋਵੇ ਤੇ ਅਸੀਂ ਪ੍ਰੇਮ ਦੇ ਇਸ ਮਾਰਗ ਵਿਚ ਇਸੇ

ਤਰ੍ਹਾਂ ਹੀ ਲੁੱਟੀਂਦੇ ਰਹੀਏ। ਇਉਂ ਹੋਵੇ ਵੀ ਕਿਉਂ ਨਾ, ਜਦ ਕਿ ਇਸ ਪ੍ਰੀਤ-ਖੇਡ ਵਿਚ ਕੋਈ ਅਕਹਿ ਸੁਆਦ ਤੇ ਪਰਮ ਅਨੰਦ ਹੈ; ਵਿਸਮਾਦ ਹੈ।

ਜਦ ਕਾਮਲ ਮੁਰਸ਼ਦ ਦੀ ਮਿਹਰ ਨਾਲ ਐਸੀ ਬਿਰਤੀ ਦੇ ਧਾਰਨੀ ਹੋ ਗਏ ਤਾਂ ਇਨ੍ਹਾਂ ਦੋਹਾਂ ਜਹਾਨਾਂ ਵਿਚ ਦੂਜੇ ਦੀ ਹੋਂਦ ਦਾ ਅਭਾਵ ਹੋ ਗਿਆ। ਬਸ ਕੇਵਲ ਓਹ ਤੇ ਓਸੇ ਦੀ ਹੀ ਲੋੜ ਬਾਕੀ ਰਹਿ ਗਈ। ਇਉਂ ਹੋਵੇ ਵੀ ਕਿਉਂ ਨਾ, ਜਦ ਕਿ

ਸ਼ੋਰ ਦਰ ਆਲਮ, ਯਕੇ ਅਫ਼ਰੀਦਾ ਅਸਤ। (ਗੋਇਆ)

(ਦੁਨੀਆ ਵਿਚ ਕੇਵਲ ਪ੍ਰਭੂ ਦਾ ਰੌਲਾ-ਗੌਲਾ ਹੈ, ਚਰਚਾ ਹੈ।)

—o—

ਮੁਰਸ਼ਿਦੇ ਕਾਮਲ ਇਲਾਜੇ ਦਿਲ ਕੁਨੱਦ।
ਕਾਮੇ ਦਿਲ ਅੰਦਰ ਦਿਲਤ ਹਾਸਿਲ ਕੁਨੱਦ ॥੪੫੨॥
ਚਸ਼ਮੇ ਦਿਲ ਚੂੰ ਮੁਰਸ਼ਿਦੇ ਕਾਮਿਲ ਸ਼ਿਨਾਖ਼।
ਜ਼ਿੰਦਗੀ-ਇ ਉਮਰਾ ਰਾ ਹਾਸਿਲ ਸ਼ਿਨਾਖ਼ ॥੪੫੩॥

(ਜ਼ਿੰਦਗੀਨਾਮਾ, ਭਾ: ਨੰਦ ਲਾਲ ਜੀ)

"ਪੂਰਾ ਸਤਿਗੁਰੂ ਦਿਲ ਦਾ ਇਲਾਜ ਕਰਦਾ ਹੈ। ਉਹ ਤੇਰੇ ਦਿਲ ਦੀ ਮੁਰਾਦ ਦਿਲ ਵਿਚੋਂ ਪ੍ਰਾਪਤ ਕਰਾ ਦਿੰਦਾ ਹੈ।"

"ਜਦ (ਕਿਸੇ ਦੀ) ਦਿਲ ਦੀ ਅੱਖ ਨੇ ਪੂਰੇ ਸਤਿਗੁਰ ਨੂੰ ਪਛਾਣ ਲਿਆ (ਤਾਂ ਜਾਣੋ, ਉਸ ਨੂੰ) ਜ਼ਿੰਦਗੀ ਪ੍ਰਾਪਤ ਹੋ ਗਈ।"

ਗ਼ਜ਼ਲ ਨੰਬਰ ੧੭

ਐ ਜ਼ੁਲਫ਼ਿ ਅੰਬਰੀਨਿ ਤੋ, ਗੋਇਆ ਨਕ਼ਾਬਿ ਸੁਬਹ ॥
ਪਿਨਹਾਂ ਚੁ ਜ਼ੇਰਿ ਅਬਰਿ ਸਯਾਹ, ਆਫ਼ਤਾਬਿ ਸੁਬਹ ॥੧॥

ਬੇਰੂੰ ਬਰਆਇਦ ਆਂ ਮਹਿ ਮਨ, ਚੋਂ ਜ਼ਿ ਖ਼ਾਬਿ ਸੁਬਹ।
ਸਦ ਤਾਅਨਾ ਮੇ ਜ਼ਨਦ, ਬ-ਰੁਖ਼ਿ ਆਫ਼ਤਾਬਿ ਸੁਬਹ ॥੨॥

ਬਾ ਦੀਦਾ ਖ਼ਾਬ ਨਾਕ, ਚੋਂ ਬੇਰੂੰ ਬਰ ਆਮਦੀ।
ਸ਼ਰਮਿੰਦਾ ਗਸ਼੍ਤ ਅਜ਼ ਰੁਖ਼ਿ ਤੋ, ਆਫ਼ਤਾਬਿ ਸੁਬਹ ॥੩॥

ਅਜ਼ ਮਕ਼ੱਦਮੇ ਸ਼ਰੀਫ਼, ਜਹਾਂ ਰਾ ਦਿਹੱਦ ਫ਼ਰੋਗ਼।
ਚੋਂ ਬਰ-ਕਸ਼ੱਦ ਨਕਾਬ, ਜ਼ਿ ਰੁਖ਼ਿ ਆਫ਼ਤਾਬਿ ਸੁਬਹ ॥੪॥

ਬੇਦਾਰੀ ਅਸ੍ਤ ਜ਼ਿੰਦਗੀ-ਇ ਆਰਫ਼ਾਨਿ ਸ਼ੌਕ।
'ਗੋਇਆ' ਹਰਾਮ ਕਰਦਮ, ਅਜ਼ ਆਇੰਦਾ ਖ਼ਾਬਿ ਸੁਬਹ ॥੫॥

ਪੰਜਾਬੀ ਕਾਵਿ ਅਨੁਵਾਦ

੧. ਅੰਬਰ ਭਿੰਨੀ ਜ਼ੁਲਫ਼ ਇਹ ਤੇਰੀ, ਮੁਖ ਤੇਰੇ ਦਾ ਪਰਦਾ।
ਜਿਉਂ ਘਟ ਓਹਲੇ ਸੁਬਹ ਦਾ ਸੂਰਜ, ਜਤਨ ਲੁਕਣ ਦਾ ਕਰਦਾ, ਹੂ।

੨. ਸੁਬਹ ਸਵੇਰੇ ਨੀਂਦੋਂ ਉੱਠ ਕੇ, ਚੰਨ ਮੇਰਾ ਜਦ ਆਵੇ।
ਮਾਰ ਮਾਰ ਉਹ ਤਾਹਨੇ ਮਿਹਣੇ, ਸੂਰਜ ਨੂੰ ਸ਼ਰਮਾਵੇ, ਹੂ।

੩. ਨੀਂਦ-ਖ਼ੁਮਾਰੀ ਵਾਲੇ ਨੈਣੀ, ਤੂੰ ਬਾਹਰ ਜਦ ਆਇਆ।
ਵੇਖ ਕੇ ਤੇਰਾ ਸੁੰਦਰ ਮੁਖੜਾ, ਸੂਰਜ ਵੀ ਸ਼ਰਮਾਇਆ, ਹੂ।

੪. ਸੁਬਹ ਸਵੇਰੇ ਸੂਰਜ ਮੁੱਖ ਤੋਂ, ਪਰਦਾ ਜਦੋਂ ਹਟਾਵੇ।
ਤਿਰੇ ਆਉਣ ਦਾ ਦੇ ਸੰਦੇਸ਼ਾ, ਜੱਗ ਦਾ ਮਾਣ ਵਧਾਵੇ, ਹੂ।

੫. ਅੰਮ੍ਰਿਤ ਵੇਲੇ ਦਾ ਉੱਠ ਬਹਿਣਾ, ਗੁਰਮੁੱਖਾਂ ਦਾ ਕਿੱਤਾ।
ਪਰਭਾਤੇ ਦਾ ਸੌਣਾ ਤਾਈਏਂ, 'ਗੋਇਆ' ਨੇ ਛੱਡ ਦਿੱਤਾ, ਹੂ।

ਐ ਜ਼ੁਲਫ਼ਿ ਅੰਬਰੀਨਿ ਤੋ, ਗੀਰਿਆ ਨਕ਼ਾਬਿ ਸੁਬਹ ॥
ਪਿਨਹਾਂ ਚੁ ਜ਼ੇਰਿ ਅਬਰਿ ਸਯਾਹ, ਆਫ਼ਤਾਬਿ ਸੁਬਹ ॥੧॥

ਸ਼ਬਦਾਰਥ : ਅੰਬਰੀਨ—ਅੰਬਰ ਜਿਹੀ ਸੁਗੰਧੀ ਵਾਲੀ (ਅੰਬਰ ਵੇਲ ਨਾਉਂ ਦੀ ਮੱਛੀ ਵਿਚੋਂ ਨਿਕਲੇ ਪਿੱਤੇ ਦੀ ਸੁਗੰਧੀ, ਜਿਸ ਨੂੰ ਮੁਸ਼ਕੰਬਰ ਕਹਿੰਦੇ ਹਨ)। ਨਕਾਬ—ਪੜਦਾ, (ਮੂੰਹ ਉਪਰਲਾ) ਘੁੰਡ। ਪਿਨਹਾਂ—ਲੁਕਿਆ ਹੋਇਆ। ਜ਼ੇਰ—ਹੇਠਾਂ, ਥਲੇ। ਸਯਾਹ—ਕਾਲਾ। ਅਬਰ—ਬੱਦਲ। ਆਫ਼ਤਾਬ—ਸੂਰਜ। ਚੁ—ਜਿਵੇਂ।

ਅਰਥ : ਐ (ਪ੍ਰੀਤਮ)! ਅੰਬਰ ਦੀ ਸੁਗੰਧੀ ਵਾਲੀ ਜ਼ੁਲਫ ਮਾਨੋ ਸਵੇਰ ਦਾ ਘੁੰਡ ਹੈ, ਜਿਵੇਂ ਕਿ ਕਾਲੇ ਬੱਦਲ ਦੇ ਹੇਠਾਂ ਸਵੇਰ ਦਾ ਸੂਰਜ ਲੁਕਿਆ (ਹੋਵੇ)।

ਬੇਰੂੰ ਬਰਆਇਦ ਆਂ ਮਹਿ ਮਨ, ਚੂੰ ਜ਼ਿ ਖ਼੍ਵਾਬਿ ਸੁਬਹ।
ਸਦ ਤਾਅਨਾ ਮੇ ਜ਼ਨਦ, ਬ-ਰੁਖ਼ਿ ਆਫ਼ਤਾਬਿ ਸੁਬਹ ॥੨॥

ਸ਼ਬਦਾਰਥ ਬੇਰੂੰ—ਬਾਹਰ। ਬਰਆਇਦ—ਆਵੇ, ਆਉਂਦਾ ਹੈ। ਮਹਿ ਮਨ ਮੇਰਾ ਚੰਦ। ਖ਼ਾਬ—ਨੀਂਦ। ਸਦ—ਸੌ। ਤਾਅਨਾ—ਮਿਹਣਾ, ਉਲਾਂਭਾ। ਮੇ ਜ਼ਨਦ—ਮਾਰਦਾ ਹੈ ਜ਼ਿ—ਤੋਂ। ਰੁਖ਼—ਚਿਹਰਾ।

ਅਰਥ : ਜਦ ਮੇਰਾ ਚੰਦ (ਚੰਦ ਵਰਗਾ ਪ੍ਰੀਤਮ) ਸਵੇਰ ਦੀ ਨਿੰਦਰਾ ਤੋਂ (ਉਠ ਕੇ) ਬਾਹਰ ਆਉਂਦਾ ਹੈ (ਤਾਂ) ਸਵੇਰ ਦੇ ਸੂਰਜ ਦੇ ਚਿਹਰੇ ਉਤੇ ਸੌ ਤਾਅਨੇ ਮਾਰਦਾ ਹੈ। (ਭਾਵ, ਸੂਰਜ ਵੀ ਪਿਆਰੇ ਸਤਿਗੁਰੂ ਦੀ ਸੁੰਦਰਤਾ ਦੀ ਤਾਬ ਨਹੀਂ ਲਿਆਉਂਦਾ ਅਤੇ ਸ਼ਰਮਸਾਰ ਹੁੰਦਾ ਹੈ)।

ਬਾ ਦੀਦਾ ਖ਼ਾਬ ਨਾਕ, ਚੋਂ ਬੇਰੂੰ ਬਰ ਆਮਦੀ।
ਸ਼ਰਮਿੰਦਾ ਗਸ਼੍ਤ ਅਜ਼ ਰੁਖ਼ਿ ਤੋ, ਆਫ਼ਤਾਬਿ ਸੁਬਹ ॥੩॥

ਸ਼ਬਦਾਰਥ : ਬਾ—ਨਾਲ। ਦੀਦਾ ਖ਼ਾਬ ਨਾਕ—ਨਿੰਦਰਾਵਲੇ ਨੈਣ। ਬੇਰੂੰ ਬਰ ਆਮਦੀ—ਤੂੰ ਬਾਹਰ ਆਇਆ। ਸ਼ਰਮਿੰਦਾ ਗਸ਼ਤ—ਲੱਜਾਵਾਨ ਹੋ ਗਿਆ। ਅਜ਼—ਤੋਂ, ਅੱਗੇ, ਸਾਹਮਣੇ। ਰੁਖ਼—ਚਿਹਰਾ। ਤੋ—ਤੇਰੇ।

ਅਰਥ : ਜਦ ਤੂੰ ਨਿੰਦਰਾਵਲੇ ਨੈਣਾਂ ਨਾਲ ਬਾਹਰ ਆਇਆ ਤਾਂ ਸਵੇਰ ਦਾ ਸੂਰਜ ਤੇਰੇ ਚਿਹਰੇ ਸਾਹਮਣੇ ਲੱਜਾਵਾਨ ਹੋ ਗਿਆ।

ਅਜ਼ ਮਕ਼ੱਦਮੇ ਸ਼ਰੀਫ਼, ਜਹਾਂ ਰਾ ਦਿਹੱਦ ਫ਼ਰੋਗ਼।
ਚੋਂ ਬਰ-ਕਸ਼ੱਦ ਨਕਾਬ, ਜ਼ਿ ਰੁਖ਼ਿ ਆਫ਼ਤਾਬਿ ਸੁਬਹ ॥੪॥

ਸ਼ਬਦਾਰਥ : ਅਜ਼—ਤੋਂ, ਨਾਲ। ਮਕ਼ੱਦਮ—ਕਦਮ ਰੱਖਣ ਦੀ ਥਾਂ, ਸਫ਼ਰ ਜਾਂ ਕਿਸੇ ਥਾਂ ਤੋਂ ਫਿਰ ਕੇ ਆਉਣਾ, (ਚਰਨ ਪਾਉਣੇ)। ਸ਼ਰੀਫ਼—ਪਵਿੱਤਰ। ਦਿਹੱਦ—ਦੇਂਦਾ ਹੈ। ਫ਼ਰੋਗ਼—ਵਾਧਾ, ਤਰੱਕੀ, ਵਡਿਆਈ। ਬਰ ਕਸ਼ੱਦ—ਉਤੋਂ ਖਿਚਦਾ ਹੈ।

ਅਰਥ : (ਤੇਰੇ) ਪਵਿੱਤਰ ਚਰਨ ਪਾਉਣ (ਦੀ ਸੋਅ ਦੇ ਕੇ) ਜਹਾਨ ਨੂੰ ਮਾਣ ਵਡਿਆਈ ਦਿੰਦਾ ਹੈ, ਜਦ ਸਵੇਰ ਦਾ ਸੂਰਜ ਚਿਹਰੇ ਉਤੋਂ ਪਰਦਾ ਖਿਚਦਾ (ਹਟਾਉਂਦਾ) ਹੈ (ਭਾਵ, ਚੜ੍ਹਦਾ ਹੈ)।

ਬੇਦਾਰੀ ਅਸ੍ਰ ਜ਼ਿੰਦਗੀ-ਇ ਆਰਫ਼ਾਨਿ ਸ਼ੌਕ।
'ਗੋਇਆ' ਹਰਾਮ ਕਰਦਮ, ਅਜ਼ ਆਇੰਦਾ ਖ਼੍ਵਾਬਿ ਸੁਬਹ॥੫॥

ਸ਼ਬਦਾਰਥ : ਬੇਦਾਰੀ–ਜਾਗਣਾ, ਜਾਗਰਤ। ਆਰਫ਼ਾਨ–ਗਿਆਨੀ, ਗੁਰਮੁਖ। ਅਜ਼ ਆਇੰਦਾ–ਅਗੇ ਤੋਂ।

ਅਰਥ : ਜਾਗਣਾ ਹੀ ਪ੍ਰਭੂ ਦੇ ਤਾਲਬਾਂ (ਪ੍ਰੇਮੀਆਂ) ਦੀ ਜ਼ਿੰਦਗੀ ਹੈ। (ਇਸ ਲਈ) ਗੋਇਆ ਨੇ ਅਗੇ ਤੋਂ ਅੰਮ੍ਰਿਤ ਵੇਲੇ ਦੀ ਨੀਂਦ (ਆਪਣੇ ਆਪ ਉਤੇ) ਹਰਾਮ ਕਰ ਦਿੱਤੀ ਹੈ, ਭਾਵ, ਅੰਮ੍ਰਿਤ ਵੇਲੇ ਜਾਗ ਕੇ ਪ੍ਰਭੂ-ਚਰਨਾਂ ਨਾਲ ਜੁੜਦਾ ਹੈ। ਨਾਮ-ਸਿਮਰਨ ਕਰਦਾ ਹੈ।

ਵਿਆਖਿਆ

ਇਸ ਗ਼ਜ਼ਲ ਵਿੱਚ ਭਾਈ ਸਾਹਿਬ ਗੁਰੂ ਜੀ ਦੇ ਸੁੰਦਰ ਮੁਖੜੇ ਨੂੰ ਸੂਰਜ ਨਾਲ ਤੇ ਅੰਬਰ-ਭਿੰਨੀ ਸਿਆਹ ਲਿਟ ਨੂੰ ਕਾਲੀ ਘਟਾ ਨਾਲ ਉਪਮਾ ਦਿੰਦੇ ਹੋਏ ਬਿਆਨ ਕਰਦੇ ਹਨ ਕਿ ਇਸ ਲਿਟ ਨੇ ਪਿਆਰੇ ਦੇ ਅਨੂਪਮ ਮੁਖੜੇ ਨੂੰ ਇਉਂ ਢੱਕ ਰਖਿਆ ਹੈ, ਜਿਵੇਂ ਕਾਲੀ ਘਟਾ ਸੂਰਜ ਨੂੰ ਛੁਪਾ ਲਵੇ। ਗੋਇਆ ਜੀ, ਸ਼ਾਇਰਾਨਾ ਅੰਦਾਜ਼ ਤੇ ਪ੍ਰੇਮ-ਖ਼ੁਮਾਰੀ ਵਿੱਚ, ਇਹ ਉਪਮਾ ਤਾਂ ਦੇ ਬੈਠੇ, ਪਰ ਫੇਰ ਜਦ ਅੰਤਾਂ ਦੀ ਸੱਚਾਈ-ਭਰਪੂਰ ਇਸ ਗੁਰਵਾਕ

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ॥

(ਵਾਰ ਆਸਾ, ਮ: ੨, ਪੰਨਾ ੪੬੩)

ਵਲ ਧਿਆਨ ਗਿਆ ਤਾਂ ਤੁਰਤ ਕੂਕ ਉਠੇ ਕਿ ਮੇਰੇ ਪ੍ਰਿਅ ਪ੍ਰੀਤਮ ਦੇ ਚਿਹਰੇ ਦੇ ਪ੍ਰਕਾਸ਼ ਸਾਹਮਣੇ ਤਾਂ ਸੂਰਜ ਵੀ ਡਾਢਾ ਸ਼ਰਮਸਾਰ ਹੈ। ਇਹ ਮੇਰੇ ਚੋਜੀ ਪ੍ਰੀਤਮ ਦੇ ਹਜ਼ਾਰਾਂ ਤਾਅਨੇ ਤੇ ਤਨਜ਼ਾਂ ਬਰਦਾਸ਼ਤ ਕਰਦਾ ਅਤੇ ਉਨ੍ਹਾਂ ਦੇ ਦੈਵੀ ਤੇ ਆਤਮ-ਪ੍ਰਕਾਸ਼ ਦੇ ਸਾਹਮਣੇ ਆਪਣੀ ਮਾਦਾ ਰੌਸ਼ਨੀ ਨੂੰ ਤੁੱਛ ਗਿਣਦਾ ਹੈ। ਇਉਂ ਹੋਵੇ ਵੀ ਕਿਉਂ ਨਾ, ਜਦ ਕਿ ਇਸ ਦੀ ਪ੍ਰਕ੍ਰਿਤਕ ਜਗਤ ਨੂੰ ਰੌਸ਼ਨ ਕਰਨ ਵਾਲੀ ਮਾਦੀ ਸੱਤਾ ਦਾ ਸੋਮਾ ਵੀ ਗੁਰੂਆਂ ਦਾ ਗੁਰੂ, ਅਕਾਲ ਪੁਰਖ ਆਪ ਹੀ ਹੈ।

ਅੱਗੇ ਚਲ ਕੇ ਅੰਮ੍ਰਿਤ ਵੇਲੇ ਦੇ ਜਾਗਣ ਦੀ ਮਹੱਤਤਾ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਸਵੇਰ ਦਾ ਜਾਗਣਾ ਹੀ ਪ੍ਰਭੂ-ਲੋਕਾਂ ਦੀ ਜ਼ਿੰਦਗੀ ਹੈ। ਇਸ ਲਈ ਮੈਂ ਅਗੇ ਤੋਂ ਅੰਮ੍ਰਿਤ ਵੇਲੇ ਦਾ ਸੌਣਾ ਆਪਣੇ ਆਪ ਉਤੇ ਹਰਾਮ ਕਰ ਦਿੱਤਾ ਹੈ।

ਸਿੱਖੀ, ਉਦਮੀ, ਸੇਵਕਾਂ, ਉਪਕਾਰੀਆਂ, ਨਾਮੀਆਂ ਤੇ ਕਰਨੀ ਦੇ ਸੂਰਿਆਂ ਦਾ ਮੱਤ ਹੈ। ਸਿਮਰਨ ਤੇ ਸੇਵਾ ਇਸ ਦੇ ਦੋ ਵੱਡੇ ਥੰਮ ਹਨ। ਅੰਮ੍ਰਿਤ ਵੇਲੇ ਦੀ ਨਿੰਦਰਾ ਦੀ ਮਿੱਠੀ

ਆਓ, ਵਾਚੋ, ਉਪਰੋਕਤ ਵੀਚਾਰਾਂ ਨੂੰ ਗੁਰਦੇਵ ਤੇ ਭਗਤਾਂ ਦੇ ਆਪਣੇ ਮਹਾਂ ਵਾਕਾਂ ਦੀ ਰੌਸ਼ਨੀ ਵਿਚ, ਅਤੇ ਜੀਵਨ-ਮਨੋਰਥ ਦੀ ਸਿੱਧੀ ਲਈ ਕਰ ਦਿਉ 'ਗੋਇਆ ਜੀ' ਵਾਂਗ ਅਜ ਤੋਂ, ਆਪਣੇ ਉਤੇ ਅੰਮ੍ਰਿਤ ਵੇਲੇ ਦੀ ਨੀਂਦ ਹਰਾਮ

(੧) ਹਰਿ ਧਨੁ ਰਤਨੁ ਜਵੇਹਰੁ ਮਾਣਕੁ,
ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ॥
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ,
ਭਗਤ ਖਾਇ ਖਰਚਿ ਰਹੇ, ਨਿਖੁਟੈ ਨਾਹੀ॥ *(ਸੂਹੀ ਮ: ੪, ਪੰਨਾ ੭੩੪)*

(੨) ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
(ਵਾਰ ਗਉੜੀ, ਮ: ੪, ਪੰਨਾ ੩੦੫)

(੩) ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ *(ਜਪੁਜੀ)*

(੪) ਫਰੀਦਾ, ਪਿਛਲ ਰਾਤਿ ਨ ਜਾਗਿਓਹਿ, ਜੀਵਦੜੋ ਮੁਇਓਹਿ॥੧੦੭॥ *(ਪੰਨਾ ੧੩੮੩)*

(੫) ਚਉਥੈ ਪਹਰਿ ਸਬਾਹ ਕੈ, ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ, ਮਨਿ ਮੁਖਿ ਸਚਾ ਨਾਉ॥
(ਵਾਰ ਮਾਝ, ਮ: ੨, ਪੰਨਾ ੧੪੬)

(੬) ਭਿੰਨੀ ਰੈਨੜੀਐ ਚਾਮਕਨਿ ਤਾਰੇ॥
ਜਾਗਹਿ ਸੰਤ ਜਨਾ, ਮੇਰੇ ਰਾਮ ਪਿਆਰੇ॥ *(ਆਸਾ ਮ: ੫, ਪੰਨਾ ੪੫੯)*

(੭) Early to bed and early to rise,
Makes a man healthy, wealthy and wise.

(ਅਰਥ—ਭਾਵ, ਰਾਤੀਂ ਸਵੱਖਤੇ ਸੌਂ ਜਾਣਾ ਤੇ ਅੰਮ੍ਰਿਤ ਵੇਲੇ ਸਵੱਖਤੇ ਜਾਗਣਾ, ਮਨੁੱਖ ਨੂੰ ਸੇਹਤ-ਮੰਦ, ਸਿਆਣਾ ਤੇ ਧਨਵਾਨ ਬਣਾਉਂਦਾ ਹੈ)।

.ਗ਼ਜ਼ਲ ਨੰਬਰ ੧੮

ਮੇ ਬੁਰਦ ਦੀਨੋ ਦਿਲਮ ਈਂ ਚਸ਼ਮਿ ਸ਼ੋਖ਼।
ਮੇ ਕਸ਼ੱਦ ਅਜ਼ ਚਾਹਿ ਗ਼ਮ-ਹਾ, ਚਸ਼ਮਿ ਸ਼ੋਖ਼ ॥੧॥

ਕਾਕਲਿਸ਼ ਫ਼ਿਤਨਾ-ਜ਼ੱਨ, ਈਂ ਦਰ ਆਲਮ ਅਸ੍ਰ।
ਰੌਨਕਿ ਅਫ਼ਜ਼ਾਇ ਜਹਾਂ, ਈਂ ਚਸ਼ਮਿ ਸ਼ੋਖ਼ ॥੨॥

ਖ਼ਾਕਿ ਪਾਇ, ਰੌਸ਼ਨੀ-ਇ ਦਿਲ ਬਵੱਦ।
ਹਾਦੀਏ ਰਾਹਿ ਖ਼ੁਦਾ ਰਾ, ਚਸ਼ਮੇ ਸ਼ੋਖ਼ ॥੩॥

ਕੈ ਕੁਨੱਦ ਸੂਏ ਗੁਲੋ ਨਰਗਸ ਨਿਗਾਹ।
ਹਰ ਕਿ: ਦੀਦਹ ਲਜ਼ਤਿ ਆਂ ਚਸ਼ਮਿ ਸ਼ੋਖ਼ ॥੪॥

ਹਰ ਕਿ ਰਾ 'ਗੋਇਆ' ਗ਼ੁਬਾਰਿ ਦਿਲ ਬਸ਼ੁਸ੍ਰ।
ਯਕ ਨਿਗਾਹੇ ਆਂ ਕਿ: ਦੀਦਹ ਚਸ਼ਮਿ ਸ਼ੋਖ਼ ॥੫॥

ਪੰਜਾਬੀ ਕਾਵਿ ਅਨੁਵਾਦ

੧. ਸ਼ੋਖ਼-ਨੈਣ ਮਾਹੀ ਲੁੱਟ ਲੈ ਗਏ, ਦਿਲ ਤੇ ਦੀਨ ਪਿਆਰਾ।
ਚਿੰਤਾ ਦੇ ਮੂੰਹੋਂ ਹੈ ਕੱਢਦਾ, ਨਜ਼ਰ ਦਾ ਇੱਕ ਇਸ਼ਾਰਾ, ਹੂ।

੨. ਜ਼ੁਲਫ਼ ਮਾਹੀ ਦੀ, ਦੁਨੀਆ ਅੰਦਰ, ਹਲ ਚਲ ਖ਼ੂਬ ਮਚਾਵੇ।
ਕਿਰਪਾ-ਦ੍ਰਿਸ਼ਟੀ ਉਸ ਦੀ, ਰੌਣਕ, ਸਾਰੇ ਜੱਗ ਲਿਆਵੇ, ਹੂ।

੩. ਪਾਵਨ ਚਰਨ-ਧੂੜ ਸਤਿਗੁਰ ਦੀ, ਦਿਲ ਤਾਈਂ ਰੁਸ਼ਨਾਂਦੀ।
ਅੱਖ ਓਸ ਦੀ ਬਣ ਕੇ ਆਗੂ, ਰੱਬ ਦੇ ਰਾਹੇ ਪਾਂਦੀ, ਹੂ।

੪. ਜਿਸ ਨੇ ਉਸਦੀ ਚੰਚਲ ਅੱਖ ਦਾ, ਇਕ ਵਾਰੀ ਰੱਸ ਪੀਤਾ।
ਨਰਗਸ ਅਤੇ ਗੁਲਾਬ ਦੇ ਵੰਨੇ, ਧਿਆਨ ਓਸ ਨ ਕੀਤਾ, ਹੂ।

੫. ਉਸ ਦੇ ਨੈਣਾਂ ਦੇ ਸੰਗ ਜਿਸ ਦੀ, ਗਈ ਹੈ ਅੱਖ ਪ੍ਰੋਤੀ।
ਮੈਲ ਓਸ ਦੇ ਦਿਲ ਦੀ 'ਗੋਇਆ', ਜਾਣੋ ਗਈ ਹੈ ਧੋਤੀ, ਹੂ।

ਮੇ ਬੁਰਦ ਦੀਨੋ ਦਿਲਮ ਈਂ ਚਸ਼ਮਿ ਸ਼ੋਖ਼।
ਮੇ ਕਸ਼ੱਦ ਅਜ਼ ਚਾਹਿ ਗ਼ਮ-ਹਾ, ਚਸ਼ਮਿ ਸ਼ੋਖ਼ ॥੧॥

ਸ਼ਬਦਾਰਥ : ਮੇ ਬੁਰਦ—(ਖੋਹ ਕੇ) ਲੈ ਜਾਂਦੀ ਹੈ। ਦੀਨ—ਧਰਮ। ਸ਼ੋਖ਼ ਚੰਚਲ, ਕਟਾਕਸ਼ ਭਰੀ। ਮੇ ਕਸ਼ੱਦ—ਖਿੱਚ ਲੈਂਦੀ ਹੈ, ਬਾਹਰ ਕੱਢ ਲੈਂਦੀ ਹੈ। ਚਾਹਿ ਗ਼ਮਹਾ- ਗ਼ਮਾਂ (ਦੁੱਖਾਂ) ਦਾ ਖੂਹ। (ਗ਼ਮਹਾ ਬਹੁ-ਵਚਨ ਹੈ ਗ਼ਮ ਦਾ)।

ਅਰਥ : (ਹੇ ਸਤਿਗੁਰ, ਤੇਰੀ) ਇਹ ਕਟਾਕਸ਼ੀ ਅੱਖ ਸਾਡਾ ਦਿਲ ਤੇ ਦੀਨ (ਈਮਾਨ) ਖੋਹ ਕੇ ਲੈ ਜਾਂਦੀ ਹੈ। (ਪਰੰਤੂ ਇਸ ਮਿੱਠੀ ਸੀਨਾ-ਜ਼ੋਰੀ ਵਿਚ ਕਮਾਲ ਇਹ ਹੈ ਕਿ ਇਹ) ਨਜ਼ਰੇ ਮਿਹਰ ਗ਼ਮਾਂ ਦੇ ਖੂਹ ਵਿਚੋਂ ਬਾਹਰ ਕਢ ਲੈਂਦੀ ਹੈ, ਭਾਵ, ਪੂਰਨ ਸੁਖ ਤੇ ਸ਼ਾਂਤੀ ਪਰਦਾਨ ਕਰਦੀ ਹੈ।

ਕਾਕਲਿਸ਼ ਫ਼ਿਤਨਾ-ਜ਼ੱਨ, ਈਂ ਦਰ ਆਲਮ ਅਸ੍ਰ।
ਰੌਨਕਿ ਅਫ਼ਜ਼ਾਇ ਜਹਾਂ, ਈਂ ਚਸ਼ਮਿ ਸ਼ੋਖ਼ ॥੨॥

ਸ਼ਬਦਾਰਥ : ਕਾਕਲ—ਸਿਰ ਦੀ ਜ਼ੁਲਫ਼ ਦੇ ਵਾਲ, ਜੋ ਸਾਹਮਣੇ ਵਲ ਲਟਕੇ ਹੋਏ ਹੁੰਦੇ ਹਨ। ਸ਼—ਉਸ ਦੀ। ਫ਼ਿਤਨਾ-ਜ਼ੱਨ—ਫ਼ਸਾਦ ਪੈਦਾ ਕਰਨ ਵਾਲੀ। ਰੌਨਕਿ ਅਫ਼ਜ਼ਾਇ ਜਹਾਂ—ਜਗਤ ਦੀ ਰੌਣਕ ਵਧਾਉਣ ਵਾਲੀ ਹੈ।

ਅਰਥ : ਉਸ ਦੀ ਲੰਮੀ ਲਿਟ (ਜ਼ੁਲਫ਼) ਇਸ ਜਗਤ ਵਿਚ ਫ਼ਿਤਨਾ (ਫ਼ਸਾਦ) ਪੈਦਾ ਕਰਨ ਵਾਲੀ ਹੈ (ਹਲਚਲ ਮਚਾਣ ਵਾਲੀ ਹੈ)। ਪਰੰਤੂ ਉਸ ਦੀ ਸੁੰਦਰ ਅੱਖ (ਕਿਰਪਾ ਦ੍ਰਿਸ਼ਟੀ) ਜਹਾਨ ਨੂੰ ਰੌਣਕ ਬਖ਼ਸ਼ਣ ਵਾਲੀ ਹੈ।

ਖ਼ਾਕਿ ਪਾਇ, ਰੌਸ਼ਨੀ-ਇ ਦਿਲ ਬਵੱਦ।
ਹਾਦੀਏ ਰਾਹਿ ਖ਼ੁਦਾ ਰਾ, ਚਸ਼ਮੇ ਸ਼ੋਖ਼ ॥੩॥

ਸ਼ਬਦਾਰਥ : ਖ਼ਾਕਿ ਪਾ—ਪੈਰਾਂ ਦੀ ਖ਼ਾਕ, ਚਰਨ-ਧੂੜ। ਬਵੱਦ—ਹੁੰਦੀ ਹੈ। ਹਾਦੀ—ਹਦਾਇਤ ਕਰਨ ਵਾਲਾ, ਰਾਹ ਵਿਖਾਉਣ ਵਾਲਾ।

ਅਰਥ : ਉਸ ਦੀ ਚਰਨ-ਧੂੜ ਦਿਲ ਦੀ ਰੌਸ਼ਨੀ ਹੁੰਦੀ ਹੈ (ਗਿਆਨ ਦਾ ਪ੍ਰਕਾਸ਼ ਬਦਲਦੀ ਹੈ)। ਉਸ ਦੀ ਸੁੰਦਰ ਅੱਖ ਰੱਬ ਦੇ ਰਸਤੇ ਦੀ ਰਹਬਰ (ਆਗੂ) ਹੈ।

ਕੈ ਕੁਨੱਦ ਸੂਏ ਗੁਲੋ ਨਰਗਸ ਨਿਗਾਹ।
ਹਰ ਕਿ: ਦੀਦਹ ਲਜ਼ਤਿ ਆਂ ਚਸ਼ਮਿ ਸ਼ੋਖ਼ ॥੪॥

ਸ਼ਬਦਾਰਥ : ਕੈ—ਕਦ। ਕੁਨੱਦ—ਕਰੇ। ਸੂ—ਤਰਫ਼, ਵਲ। ਲੱਜ਼ਤ—ਸੁਆਦ। ਦੀਦਹ ਵੇਖਿਆ ਮਾਣਿਆ ਹੈ।

ਅਰਥ ਜਿਸ ਨੇ ਉਸ ਸੁੰਦਰ ਅੱਖ ਦਾ ਸੁਆਦ ਮਾਣਿਆ ਹੈ, (ਉਹ) ਗੁਲਾਬ ਦੇ ਫੁੱਲ ਤੇ ਨਰਗਸੀ ਨੈਣਾਂ ਵਲ ਕਦ ਵੇਖਦਾ ਹੈ ? ਭਾਵ, ਨਹੀਂ ਵੇਖਦਾ। (ਨਰਗਸ ਨੂੰ ਫ਼ਾਰਸੀ ਕਵੀ ਅੱਖ ਨਾਲ ਉਪਮਾ ਦੇਂਦੇ ਹਨ)।

ਹਰ ਕਿ ਰਾ 'ਗੋਇਆ' ਗ਼ੁਬਾਰਿ ਦਿਲ ਬਸ਼ੁਸ੍ਤ।
ਯਕ ਨਿਗਾਹੇ ਆਂ ਕਿ: ਦੀਦਹ ਚਸ਼ਮਿ ਸ਼ੋਖ਼॥੫॥

ਸ਼ਬਦਾਰਥ : ਹਰ ਕਿ ਰਾ—ਜਿਸ ਕਿਸੇ ਨੇ। ਗ਼ੁਬਾਰ—ਮੈਲ, ਮਿੱਟੀ ਘੱਟਾ, ਧੂੰਦ। ਬਸ਼ੁਸ੍ਤ—ਧੋਤਾ (ਹੈ)। ਦੀਦਹ—ਵੇਖਿਆ। ਆਂ ਕਿ—ਉਹ ਜਿਸ ਨੇ।

ਅਰਥ : ਹੇ ਗੋਇਆ, ਜਿਸ ਕਿਸੇ ਨੇ ਵੀ ਇਕ ਅੱਖ ਭਰ ਕੇ ਉਸ ਦੇ ਸੁੰਦਰ ਨੈਣਾਂ ਵਲ ਵੇਖਿਆ, ਉਸ ਦੇ ਦਿਲ ਦੀ ਮੈਲ (ਅਵੱਸ਼) ਧੋਤੀ ਗਈ। (ਭਾਵ, ਉਸ ਦੀ ਸੁੰਦਰ ਅੱਖ ਦੇ ਪ੍ਰਭਾਵ ਨਾਲ ਇਲਾਹੀ ਮਸਤੀ ਜਾਂ ਸਰੂਰ ਦਿਲਾਂ ਵਿਚੋਂ ਅਗਿਆਨਤਾ ਦੇ ਵਿਕਾਰਾਂ ਦੀ ਮੈਲ ਧੋ ਦਿੰਦਾ ਹੈ)।

ਵਿਆਖਿਆ

ਏਥੇ ਭਾਈ ਸਾਹਿਬ ਸਤਿਗੁਰੂ ਦੀ ਮਿਹਰ ਤੇ ਭੇਤ-ਭਰੀ ਉਸ ਤੱਕਣੀ (ਕਿਰਪਾ ਕਟਾਕਸ਼) ਦਾ ਜ਼ਿਕਰ ਕਰਦੇ ਹਨ ਜੋ ਪ੍ਰੀਤਵਾਨਾਂ ਨੂੰ ਬਿਸਮਲ (ਘਾਇਲ) ਕਰ ਕੇ ਉਨ੍ਹਾਂ ਦੇ 'ਦਿਲ ਤੇ ਦੀਨ' ਦੋਵੇਂ ਖੋਹ ਲੈ ਜਾਂਦੀ ਹੈ। ਪਰੰਤੂ, ਆਸ਼ਕਾਂ ਦਾ ਕਮਾਲ ਇਹ ਹੈ ਕਿ ਪਿਆਰ-ਪੰਧ ਵਿੱਚ 'ਸਭ ਕੁਝ' ਇਸ ਤਰ੍ਹਾਂ ਲੁਟਾ ਚੁੱਕਣ ਉਪਰੰਤ ਵੀ ਉਹ ਆਪਣੇ ਆਪ ਨੂੰ ਦੀਨ ਤੇ ਹੀਨ ਮਹਿਸੂਸ ਕਰਨ ਦੀ ਥਾਂ, 'ਸਭ ਕੁਝ' ਦੇ ਮਾਲਿਕ ਗਿਣਦੇ ਹਨ। ਠੀਕ ਹੈ, ਦਿਲਾਂ ਦੇ ਸੌਦੇ ਦਿਲਾਂ ਦੀਆਂ ਦੌਲਤਾਂ ਲੁਟਾ ਕੇ ਹੀ ਹੁੰਦੇ ਹਨ। ਹਾਂ, ਜੇ ਕਿਸੇ ਵਸਤੂ ਤੋਂ ਉਹ ਮਹਿਰੂਮ (ਖ਼ਾਲੀ) ਹੁੰਦੇ ਹਨ, ਤਾਂ ਉਹ ਹੈ ਗ਼ਮਾਂ ਦਾ ਖੂਹ, ਜਿਸ ਵਿਚ ਉਹ 'ਦਿਲ ਤੇ ਦੀਨ' ਖੁੱਸਣ ਤੋਂ ਪਹਿਲਾਂ ਗਲ ਗਲ ਡੁੱਬੇ ਪਏ ਸਨ। ਹੁਣ ਜਦ, ਰਾਜਾ ਜਨਕ ਦੇ, ਰਿਸ਼ੀ ਅਸ਼ਟਾ ਬੱਕ੍ਰ ਨੂੰ, ਗੁਰੂ ਧਾਰਨ ਸਮੇਂ, ਦੱਛਣਾ ਵਜੋਂ, ਮਨ ਭੇਟ ਕਰਨ ਵਾਂਗ, ਸੰਕਲਪਾਂ, ਵਿਕਲਪਾਂ, ਸੰਸਿਆਂ ਤੇ ਫੁਰਨਿਆਂ ਦੀ ਜੜ੍ਹ, ਮਨ, ਨੂੰ ਹੀ ਗੁਰਦੇਵ ਦੇ ਅਰਪਨ ਕਰ ਦਿੱਤਾ, ਤੇ ਦਿਲ ਦਾ ਗ਼ੁਬਾਰ (ਮੈਲ) ਬਿਰਹਾ ਤੇ ਸ਼ੁਕਰਾਨੇ ਦੇ ਹੰਝੂਆਂ ਨਾਲ ਧੁੱਪ ਗਿਆ, ਤਾਂ ਦੁਖ ਕਲੇਸ਼ ਤੇ ਸੰਸੇ ਕਿਥੇ ਰਹੇ, ਤੇ ਕਿਸ ਨੂੰ ?

ਫੇਰ, ਦਿਲ ਰੂਪੀ ਸ਼ੀਸ਼ੇ ਦਾ ਘੱਟਾ ਮਿੱਟੀ ਲੱਥ ਜਾਣ ਨਾਲ ਸਾਫ਼ ਦਿਸ ਆਇਆ ਕਿ ਸਤਿਗੁਰੂ ਦੀ ਸੁੰਦਰ ਅੱਖ ਹੀ ਸਾਰੇ ਜਹਾਨ ਨੂੰ ਰੌਣਕ ਬਖ਼ਸ਼ਣ ਵਾਲੀ ਹੈ, ਗੁਰਦੇਵ ਦੀ ਚਰਨ-ਧੂੜ ਦਿਲਾਂ ਨੂੰ ਰੌਸ਼ਨ ਕਰਦੀ ਤੇ ਅਟਖੇਲੀ ਨਜ਼ਰ ਵਾਹਿਗੁਰੂ ਦਾ ਰਾਹ ਵਿਖਾਉਂਦੀ ਹੈ। ਜਿਸ ਨੂੰ ਅਜਿਹੀ 'ਚੋਜੀ ਤੱਕਣੀ' ਦਾ ਸੁਆਦ ਆ ਗਿਆ, ਉਹ ਗੁਲਾਬ ਤੇ ਨਰਗਸ ਦੇ ਫੁੱਲਾਂ ਵਲ ਵੇਖਣੋਂ ਰਿਹਾ। (ਭਾਵ, ਹੋਰ ਖ਼ੂਬਸੂਰਤੀਆਂ ਤੇ ਸੁਗੰਧੀਆਂ ਵਲ ਉਹ ਫੇਰ ਨਹੀਂ ਝਾਕਦਾ) ਉਹ 'ਨਦਰੀ ਨਦਰਿ ਨਿਹਾਲ' ਹੋ ਕੇ ਗੁਆਚ ਜਾਂਦਾ ਹੈ ਕਿਸੇ ਅਗੰਮੀ ਸੁਆਦ, ਵਿਸਮਾਦ, ਹੈਰਤ ਤੇ ਬੇਖ਼ੁਦੀ ਦੇ ਆਲਮ ਵਿੱਚ। ਉਨ੍ਹਾਂ ਦਿਲੋਂ ਜਾਣ ਲਿਆ ਹੈ ਕਿ

ਹੈਰਤ ਮੇਂ ਹੈ ਅਲਾਹੀ, ਦੁਬਿਧਾ ਮੇਂ ਹੈ ਤਬਾਹੀ,
ਜੋ ਹਲ ਹੂਆ, ਨ ਹੋਗਾ, ਵੁਹ ਹੈ ਸਵਾਲ ਤੇਰਾ।

ਹਾਂ, ਇਹੀ ਹੈ ਜੀਵਨ ਦਾ ਮੁੱਖ ਮਨੋਰਥ, ਸਿਖ਼ਰ ਅਤੇ ਟੀਚਾ।

ਗ਼ਜ਼ਲ ਨੰਬਰ ੧੯

ਬ-ਹੋਸ਼ ਬਾਸ਼ ਕਿ ਹੰਗਾਮਿ ਨੌ-ਬਹਾਰ ਆਮਦ।
ਬਹਾਰ ਆਮਦੋ, ਯਾਰ ਆਮਦੋ, ਕ਼ਰਾਰ ਆਮਦ ॥੧॥

ਦਰੂਨਿ ਮਰਦਮਕਿ ਚਸ਼ਮ, ਜ਼ਿ ਬਸਕਿ: ਜਲਵਾ-ਗਰ ਅਸ੍ਰ।
ਬਹਰ ਤਰਫ਼ ਕਿ ਨਜ਼ਰ ਕਰਦ, ਰੂਏ ਯਾਰ ਆਮਦ ॥੨॥

ਬਹਰ ਤਰਫ਼ ਕਿ ਰਵੀ, ਦੀਦਹ ਮੇ ਰਵਦ, ਚਿਹ ਕੁਨਮ ?
ਦਰੀਂ ਮੁਕ਼ੱਦਮਾ, ਮਾ ਰਾ, ਚਿ: ਇਖ਼ਤਿਆਰ ਆਮਦ ॥੩॥

ਖ਼ਬਰ ਦਿਹੰਦ ਬ-ਯਾਰਾਨਿ ਮੁਦੱਈ, ਕਿ ਇਮ-ਸ਼ਬ।
ਅਨਲਹੱਕ ਜ਼ਦਹ ਮਨਸੂਰ, ਸੂਏ ਦਾਰ ਆਮਦ ॥੪॥

ਖ਼ਬਰ ਦਿਹੰਦ ਬ-ਗੁਲਹਾ ਕਿ: ਸ਼ਗੁਫ਼ਤੰਦ ਹਮਾ।
ਅਜ਼ੀਂ ਨਵੇਦ ਕਿ ਆਂ ਬੁਲਬੁਲਿ ਹਜ਼ਾਰ ਆਮਦ ॥੫॥

ਖ਼ੁਦਾ ਬ-ਮਾਂਦ ਜ਼ਿ ਗ਼ੈਰਤ ਜੁਦਾਅ ਵ ਮਨ ਹੈਰਾਂਅ।
ਹਦੀਸਿ ਸ਼ੌਕਿ ਤੋ ਅਜ਼ ਬਸਕਿ: ਬੇਸ਼ੁਮਾਰ ਆਮਦ ॥੬॥

ਖ਼ਿਆਲਿ ਹਲਕਾ-ਇ ਜ਼ੁਲਫ਼ਿ ਤੋ ਮੇ-ਕੁਨਦ 'ਗੋਇਆ'।
ਅਜ਼ੀਂ ਸਬੱਬ ਕਿ: ਦਿਲ ਅਜ਼ ਸ਼ੌਕ,ਬੇਕ਼ਰਾਰ ਆਮਦ ॥੭॥

ਪੰਜਾਬੀ ਕਾਵਿ ਅਨੁਵਾਦ

੧. ਹੋਸ਼ ਸੰਭਾਲੀਂ ਗੁਰਸਿੱਖ ਵੀਰਾ! ਰੁੱਤ ਬਹਾਰ ਹੈ ਆਈ।
ਨਾਲ ਲਿਆਈ ਦਿਲਬਰ ਆਪਣੇ, ਨਾਲੇ ਚੈਨ ਲਿਆਈ, ਹੂ।
੨. ਅੱਖ ਮੇਰੀ ਦੀ ਪੁਤਲੀ ਤਾਈਂ, ਉਸ ਨੇ ਜਦ ਰੁਸ਼ਨਾਇਆ।
ਜਿਥੇ ਵੇਖਾਂ ਓਥੇ ਮੈਨੂੰ, ਦਿਲਬਰ ਨਜ਼ਰੀਂ ਆਇਆ, ਹੂ।
੩. ਅੱਖ ਮੇਰੀ ਹੈ ਓਧਰ ਜਾਂਦੀ, ਜਾਵੇ ਜਿੱਧਰ ਪਿਆਰਾ।
ਝੇੜੇ ਏਸ ਦੇ ਉੱਤੇ ਮੇਰਾ, ਚਲਦਾ ਨ ਕੋਈ ਚਾਰਾ, ਹੂ।
੪. ਦਸ ਦਿਓ ਸਭ ਪਿਆਰਿਆਂ ਤਾਈਂ, ਦਿਲਬਰ ਰਾਤੀਂ ਆਯਾ।
ਜਿਉਂ ਮਨਸੂਰ ਸੀ ਲਾ ਕੇ ਨਾਅਰਾ, ਸੂਲੀ ਦੇ ਵਲ ਧਾਇਆ, ਹੂ।
੫. ਕਰ ਦਿਉ ਖ਼ਬਰ ਫੁੱਲਾਂ ਦੇ ਤਾਈਂ, ਸਾਰੇ ਖਿੜ ਜਾਓ ਭਾਈ।
ਕਿਉਂ ਜੁ ਮਿੱਠੇ ਬੋਲਾਂ ਵਾਲੀ, 'ਬੁਲਬੁਲ' ਹੈ ਅੱਜ ਆਈ, ਹੂ।
੬. ਮੈਂ ਅਨਜਾਣੇ, ਦੂਰ ਪ੍ਰਭੂ ਤੋਂ, ਐਵੇਂ ਉਮਰ ਗੁਜ਼ਾਰੀ।
ਪਰ ਅਜ ਮੈਨੂੰ ਬੇ-ਹੱਦ ਤੇਰੀ, ਲਗਦੀ ਕਥਾ ਪਿਆਰੀ, ਹੂ।
੭. ਜ਼ੁਲਫ਼ ਤੇਰੀ ਦੇ ਕੁੰਡਲਾਂ ਤਾਈਂ, 'ਗੋਇਆ' ਹਰ ਦਮ ਧਿਆਵੇ।
ਦਿਲ ਮਤਵਾਲਾ ਉਸ ਦਾ, ਤੇਰੇ ਬਾਝੋਂ ਚੈਨ ਨ ਪਾਵੇ, ਹੂ।

ਬ-ਹੋਸ਼ ਬਾਸ਼ ਕਿ ਹੰਗਾਮਿ ਨੌ-ਬਹਾਰ ਆਮਦ।
ਬਹਾਰ ਆਮਦੋ, ਯਾਰ ਆਮਦੋ, ਕ਼ਰਾਰ ਆਮਦ ॥੧॥

ਸ਼ਬਦਾਰਥ : ਬ-ਹੋਸ਼—ਹੋਸ਼ ਵਿਚ, ਸੁਰਤਵਾਨ। ਬਾਸ਼—ਹੋ। ਹੰਗਾਮ—ਵੇਲਾ, ਸਮਾਂ। ਕਿ—ਜੋ। ਨੌ-ਬਹਾਰ—ਨਵੀਂ ਬਸੰਤ ਰੁਤ। ਆਮਦ—ਆਈ। ਕ਼ਰਾਰ—ਚੈਨ, ਤਸਕੀਨ।

ਅਰਥ : ਹੋਸ਼ ਸੰਭਾਲ, ਜੋ ਨਵੀਂ ਬਸੰਤ ਰੁਤ ਦਾ ਸਮਾਂ ਆ ਗਿਆ (ਹੈ)। ਬਹਾਰ ਆਈ ਤੇ ਮਿੱਤਰ ਆਇਆ ਤੇ (ਇਸ ਦੇ ਫਲ ਸਰੂਪ ਦਿਲ ਨੂੰ) ਸ਼ਾਂਤੀ ਆ ਗਈ (ਹੈ)।

ਦਰੂਨਿ ਮਰਦਮਕਿ ਚਸ਼ਮ, ਜ਼ਿ ਬਸਕਿः ਜਲਵਾ-ਗਰ ਅਸ੍ਰ।
ਬਹਰ ਤਰਫ਼ ਕਿ ਨਜ਼ਰ ਕਰਦ, ਰੂਏ ਯਾਰ ਆਮਦ ॥੨॥

ਸ਼ਬਦਾਰਥ : ਦਰੂਨ—ਅੰਦਰ, ਵਿਚ। ਮਰਦਮਕਿ ਚਸ਼ਮ—ਅੱਖ ਦੀ ਪੁਤਲੀ। ਜ਼ਿ ਬਸਕਿः—ਜਦ ਤੋਂ। ਜਲਵਾ-ਗਰ—ਪ੍ਰਕਾਸ਼-ਮਾਨ। ਅਸ੍ਰ—ਹੈ। ਬਹਰ ਤਰਫ਼—ਜਿਸ ਪਾਸੇ ਵੀ। ਰੂਏ ਯਾਰ—ਮਿੱਤਰ ਦਾ ਚਿਹਰਾ (ਦੀਦਾਰ)।

ਅਰਥ : ਮੇਰੀ ਅੱਖ ਦੀ ਪੁਤਲੀ ਵਿਚ ਜਦ ਤੋਂ (ਪ੍ਰੀਤਮ ਨੇ) ਪ੍ਰਕਾਸ਼ ਕੀਤਾ ਹੈ (ਉਸ ਵੇਲੇ ਤੋਂ) ਜਿਸ ਪਾਸੇ ਵੀ ਨਜ਼ਰ ਕੀਤੀ (ਓਧਰ) ਮਿੱਤਰ ਦਾ ਚਿਹਰਾ (ਦੀਦਾਰ) ਨਜ਼ਰੀਂ ਆਇਆ (ਹੈ)।

ਬਹਰ ਤਰਫ਼ ਕਿ ਰਵੀ, ਦੀਦਹ ਮੇ ਰਵਦ, ਚਿਹ ਕੁਨਮ ?
ਦਰੀਂ ਮੁਕ਼ੱਦਮਾ, ਮਾ ਰਾ, ਚਿः ਇਖ਼ਤਿਆਰ ਆਮਦ ॥੩॥

ਸ਼ਬਦਾਰਥ : ਬਹਰ ਤਰਫ਼—ਜਿਸ ਪਾਸੇ ਵੀ। ਰਵੀ—ਤੂੰ ਜਾਂਦਾ ਹੈਂ। ਦੀਦਹ ਮੇ ਰਵਦ—ਅੱਖ (ਨਜ਼ਰ) ਜਾਂਦੀ ਹੈ। ਚਿਹ ਕੁਨਮ—ਮੈਂ ਕੀ ਕਰਾਂ ? ਦਰ ਈਂ—ਇਸ ਵਿਚ। ਮੁਕੱਦਮਾ—ਝਗੜਾ। ਮਾ ਰਾ—ਮੈਨੂੰ। ਚਿः—ਕੀ ? ਇਖ਼ਤਿਆਰ—ਵਸ।

ਅਰਥ : ਜਿਸ ਪਾਸੇ ਵਲ ਤੂੰ (ਪ੍ਰੀਤਮ) ਜਾਂਦਾ ਹੈਂ, (ਮੇਰੀ) ਅੱਖ (ਨਜ਼ਰ ਵੀ ਮਗਰ) ਜਾਂਦੀ ਹੈ, ਮੈਂ ਕੀ ਕਰਾਂ ? ਇਸ (ਪ੍ਰੀਤ ਦੇ) ਝਗੜੇ ਵਿੱਚ ਮੇਰੇ ਕੀ ਵਸ ? ਭਾਵ, ਮੇਰੇ ਵਸ ਦੀ ਗੱਲ ਨਹੀਂ।

ਖ਼ਬਰ ਦਿਹੰਦ ਬ-ਯਾਰਾਨਿ ਮੁਦੱਈ, ਕਿ ਇਮ-ਸ਼ਬ।
ਅਨਲਹੱਕ ਜ਼ਦਹ ਮਨਸੂਰ, ਸੂਏ ਦਾਰ ਆਮਦ ॥੪॥

ਸ਼ਬਦਾਰਥ : ਖ਼ਬਰ ਦਿਹੰਦ—ਖ਼ਬਰ ਦੇ ਦੇਣ। ਬ-ਯਾਰਾਨਿ—ਮਿੱਤਰਾਂ ਨੂੰ। ਮੁਦੱਈ—ਆਸਵੰਦ। ਇਮ-ਸ਼ਬ—ਅੱਜ ਰਾਤ। ਅਨਲਹੱਕ—ਮੈਂ ਹੀ ਰੱਬ ਹਾਂ। ਜ਼ਦਹ—ਮਾਰਿਆ, ਮਾਰ ਕੇ। ਦਾਰ—ਸੂਲੀ।

ਅਰਥ : ਮਿੱਤਰਾਂ ਨੂੰ ਖ਼ਬਰ ਕਰ ਦਿਓ ਕਿ ਅਜ ਰਾਤੀਂ (ਅਸੀਂ) ਆਸਵੰਦ ਹਾਂ (ਭਾਵ, ਅੱਜ ਸਾਡੀ ਵਾਰੀ ਹੈ)। ਮਨਸੂਰ 'ਅਨਲਹੱਕ' ਦਾ ਨਾਅਰਾ ਮਾਰਦਾ ਸੂਲੀ ਵਲ ਆਇਆ (ਭਾਵ, ਸੂਲੀ ਚੜ੍ਹ ਗਿਆ)।

ਖ਼ਬਰ ਦਿਹੰਦ ਬ-ਗੁਲਹਾ ਕਿ: ਸ਼ਗੁਫ਼ਤੰਦ ਹਮਾ।
ਅਜ਼ੀਂ ਨਵੇਦ ਕਿ ਆਂ ਬੁਲਬੁਲਿ ਹਜ਼ਾਰ ਆਮਦ ॥੫॥

ਸ਼ਬਦਾਰਥ : ਬ—ਨੂੰ। ਗੁਲਹਾ—ਗੁਲ ਦਾ ਬਹੁ-ਵਚਨ, ਫੁੱਲ। ਸ਼ਗੁਫ਼ਤੰਦ—ਖਿੜ ਜਾਣ। ਹਮਾ—ਸਾਰੇ। ਅਜ਼ੀਂ—ਇਸ ਤੋਂ। ਨਵੇਦ—ਖ਼ੁਸ਼ਖ਼ਬਰੀ। ਹਜ਼ਾਰ—ਹਜ਼ਾਰ ਬੋਲੀਆਂ ਵਾਲੀ, ਮਿੱਠ-ਬੋਲੀ।

ਅਰਥ : ਫੁੱਲਾਂ (ਗੁਰਮੁਖ ਜਨਾਂ) ਨੂੰ ਖ਼ਬਰ ਕਰ ਦਿਓ ਕਿ ਸਾਰੇ ਖਿੜ ਜਾਣ, ਇਸ ਖ਼ੁਸ਼ਖ਼ਬਰੀ ਨਾਲ ਕਿ ਹਜ਼ਾਰ ਦਾਸਤਾਂ, ਮਿੱਠੀਆਂ ਬੋਲੀਆਂ ਬੋਲਣ ਵਾਲੀ, ਬੁਲਬੁਲ (ਮਿੱਠ-ਬੋਲਾ ਪ੍ਰੀਤਮ) ਆਈ (ਹੈ)।

ਖ਼ੁਦਾ ਬ-ਮਾਂਦ ਜ਼ਿ ਗ਼ੈਰਤ ਜੁਦਾਅ ਵ ਮਨ ਹੈਰਾਂਅ।
ਹਦੀਸਿ ਸ਼ੌਕਿ ਤੌ ਅਜ਼ ਬਸਕਿ: ਬੇਸ਼ੁਮਾਰ ਆਮਦ ॥੬॥

ਸ਼ਬਦਾਰਥ : ਬਮਾਂਦ—ਰਿਹਾ। ਜੁਦਾ—ਦੂਰ, ਵਖਰਾ। ਗ਼ੈਰਤ—ਓਪਰੇ ਹੋਣਾ, ਨਾਵਾਕਿਫ਼ ਹੋਣਾ, ਅਨਜਾਣ ਹੋਣਾ। ਹਦੀਸ—ਵਾਰਤਾ, ਕਹਾਣੀ। ਬੇਸ਼ੁਮਾਰ—ਬੇਹਦ, ਬੇਅੰਤ। ਆਮਦ—ਆਇਆ।

ਅਰਥ : ਅਨਜਾਣ-ਪੁਣੇ (ਅਵਿਦਿਆ, ਦੁਬਿਧਾ) ਵਿੱਚ ਰੱਬ ਮੈਥੋਂ ਦੂਰ ਰਿਹਾ ਅਤੇ ਮੈਂ ਭਟਕਣਾ (ਪ੍ਰੇਸ਼ਾਨੀ ਵਿਚ ਗ੍ਰਸਿਆ ਰਿਹਾ)। (ਪਰ ਹੁਣ ਇਹ ਮੇਰਾ ਸੁਭਾਗ ਹੈ ਕਿ) ਮੈਨੂੰ (ਹੇ ਸਤਿਗੁਰੂ, ਤੇਰੀ) ਪ੍ਰੇਮ-ਕਥਾ ਨਾਲ ਬੇਹਦ ਪ੍ਰੇਮ ਹੋ ਗਿਆ ਹੈ।

ਖ਼ਿਆਲਿ ਹਲਕਾ-ਇ ਜ਼ੁਲਫ਼ਿ ਤੋ ਮੇ-ਕੁਨਦ 'ਗੋਇਆ'।
ਅਜ਼ੀਂ ਸਬੱਬ ਕਿ: ਦਿਲ ਅਜ਼ ਸ਼ੌਕ, ਬੇਕ਼ਰਾਰ ਆਮਦ ॥੭॥

ਸ਼ਬਦਾਰਥ : ਖ਼ਿਆਲ—ਧਿਆਨ। ਹਲਕਾ-ਇ ਜ਼ੁਲਫ਼ਿ ਤੋ—ਤੇਰੀ ਜ਼ੁਲਫ਼ ਦਾ ਕੁੰਡਲ (ਘੇਰਾ)। ਮੇ ਕੁਨਦ—ਕਰਦਾ ਹੈ। ਸਬੱਬ—ਕਾਰਨ। ਸ਼ੌਕ—ਚਾਅ। ਬੇਕ਼ਰਾਰ—ਬੇਚੈਨ। ਆਮਦ—ਆਇਆ, ਹੋ ਉਠਿਆ ਹੈ।

ਅਰਥ : 'ਗੋਇਆ' (ਨੰਦ ਲਾਲ) ਤੇਰੀ ਜ਼ੁਲਫ਼ (ਕੇਸਾਂ) ਦੇ ਕੁੰਡਲ ਦਾ ਧਿਆਨ ਧਰਦਾ ਹੈ, ਕਿਉਂ ਜੁ (ਉਸ ਦਾ) (ਦਿਲ) ਪ੍ਰੇਮ ਨਾਲ ਬੇਚੈਨ ਹੋ ਉਠਿਆ ਹੈ [ਭਾਵ, ਪ੍ਰੀਤ ਦੀ ਖਿਚ ਕਾਰਨ ਬੇਚੈਨ ਹੋਏ ਗੋਇਆ ਦੇ ਦਿਲ ਨੂੰ ਪ੍ਰੀਤਮ ਦੇ ਕੇਸਾਂ ਦੇ ਕੁੰਡਲ ਦੇ ਖ਼ਿਆਲ (ਦਰਸ਼ਨਾਂ) ਨਾਲ ਸ਼ਾਂਤੀ ਪ੍ਰਾਪਤ ਹੋਈ ਹੈ]।

ਵਿਆਖਿਆ

ਜਿਵੇਂ ਪ੍ਰਕ੍ਰਿਤਕ ਮੰਡਲ ਵਿਚ ਪ੍ਰਿਥਵੀ ਦੀ ਚਾਲ ਦੇ ਨਾਲ ਰੁੱਤਾਂ ਬਦਲਦੀਆਂ ਹਨ, ਤਿਵੇਂ ਪ੍ਰਮਾਰਥ ਮੰਡਲ ਵਿੱਚ ਵੀ ਸੁਰਤ ਦੇ ਲਹਾ ਚੜ੍ਹਾ ਨਾਲ ਮਨੁੱਖ ਦੀ ਆਤਮਕ ਤੇ ਮਾਨਸਕ ਅਵਸਥਾ ਬਦਲਦੀ ਰਹਿੰਦੀ ਹੈ। ਗੁਰਦੇਵ ਨੇ ਇਸ ਹਕ਼ੀਕ਼ਤ ਨੂੰ ਇਉਂ ਬਿਆਨਿਆ ਹੈ :

ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾ ਭਾਲੇ॥

(ਰਾਮਕਲੀ ਮ: ੧, ਪੰਨਾ ੮੭੬)

ਤੇ ਜਦ ਦਿਲ ਮਿੱਤਰ ਦੇ ਮਿਲਾਪ-ਅੰਮ੍ਰਿਤ ਨਾਲ ਭਰ ਗਿਆ, ਨਿਗਾਹ ਪਵਿੱਤਰ ਹੋ ਗਈ, ਜੀਅੜਾ ਥਿਰ ਹੋ ਗਿਆ, ਤਾਂ ਮਾਨੋਂ ਇਸ ਉਤੇ ਬਹਾਰ ਆ ਗਈ, ਹਿਰਦੇ ਰੂਪੀ ਫੁਲਵਾੜੀ ਮਹਿਕ ਉੱਠੀ। ਜੀਵਨ ਇਕ-ਦਮ ਸੁਆਦਲਾ ਹੋ ਗਿਆ। ਫੇਰ, ਅੱਖਾਂ ਦੀ ਪੁਤਲੀ ਵਿਚ ਪਿਆਰੇ ਦਾ ਵਾਸਾ ਹੋ ਜਾਣ ਨਾਲ ਜਿਸ ਪਾਸੇ ਨਜ਼ਰ ਮਾਰੀ, ਪਿਆਰੇ ਦਾ ਹੀ ਜਲਵਾ ਦਿਸ ਆਇਆ। ਮਨਸੂਰ ਵਾਂਗ, ਸੂਲੀ ਤੇ ਸੇਜ ਦੇ ਭੇਦ-ਭਾਉ ਦਾ ਅਭਾਵ ਹੋ ਗਿਆ ਤੇ 'ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ...' ਵਾਲੀ ਅਵਸਥਾ ਦੀ ਸਦ-ਬਹਾਰ ਛਾ ਗਈ।

ਕਹਿੰਦੇ ਹਨ ਕਿ ਬੁਲਬੁਲ ਦੇ ਨਗਮਿਆਂ ਨਾਲ ਚਮਨ ਦੇ ਫੁੱਲ ਖਿੜਦੇ ਹਨ। ਏਸੇ ਲਈ, ਪੰਜਵੇਂ ਸ਼ੇਅਰ ਵਿਚ ਭਾਈ ਸਾਹਿਬ ਲਿਖਦੇ ਹਨ ਕਿ ਫੁੱਲਾਂ (ਸਮੂਹ ਸੰਗਤਾਂ) ਨੂੰ ਖ਼ਬਰ ਦੇ ਦਿਉ ਕਿ ਉਹ ਸਾਰੇ ਇਸ ਭਾਗ-ਭਰੀ ਸੋਅ ਨਾਲ ਖਿੜ ਜਾਣ ਕਿ ਮਿੱਠਾ ਬੋਲਣ ਤੇ ਹਿਜਰ ਦੇ ਗੀਤ ਗਾਉਣ ਵਾਲੀ ਹਜ਼ਾਰ ਦਾਸਤਾਨ ਬੁਲਬੁਲ ਆ ਗਈ ਹੈ; ਭਾਵ, ਸ੍ਰੀ ਦਸਮੇਸ਼ ਜੀ ਆ ਗਏ ਹਨ। ਪਰੰਤੂ, ਏਥੇ ਸ਼ੰਕਾਵਾਦੀ ਕਹਿ ਸਕਦਾ ਹੈ ਕਿ ਜੇ ਬਾਗ਼ ਵਿਚ ਖੇੜਾ ਪੰਛੀਆਂ ਦੇ ਬੋਲਣ ਨਾਲ ਹੀ ਆਉਣਾ ਹੈ ਤਾਂ ਡੱਡੂ ਦੇ ਸੰਘ ਪਾੜ ਪਾੜ ਕੇ ਟ੍ਰਾਉਣ ਤੇ ਇੱਲਾਂ ਕਾਵਾਂ ਦੇ ਸ਼ੋਰ ਮਚਾਉਣ ਨਾਲ ਫੁੱਲ ਕਿਉਂ ਨਹੀਂ ਖਿੜਦੇ। ਉੱਤਰ ਹੈ ਕਿ ਗੱਲ ਸ਼ੋਰ ਦੀ ਨਹੀਂ, ਸਵਾਲ ਇਹ ਹੈ ਕਿ ਕੌਣ ਕਿਸ ਲਈ ਕਿਤਨਾ ਸੋਜ਼, ਤੜਪ ਤੇ ਵੈਰਾਗ ਰੱਖ ਕੇ ਤ੍ਰਾਨਾ ਛੇੜਦਾ ਹੈ। ਜੇ ਫੁੱਲ ਬੁਲਬੁਲ ਦੇ ਸੁਆਗਤ ਲਈ ਆਪਣਾ ਸੀਨਾ ਚਾਕ ਕਰਦਾ ਹੈ ਤਾਂ ਬੁਲਬੁਲ ਵੀ ਤਾਂ ਉਸੇ ਦੇ ਬਿਰਹੋਂ ਵਿਚ ਸੋਜ਼ ਭਰੇ ਨਗ਼ਮੇ ਅਲਾਪਦੀ ਹੈ। ਬਾਗ਼ ਵਿਚ ਪੱਤ-ਝੜ ਦਾ ਸਦਮਾ ਵੀ ਬੁਲਬੁਲ ਤੋਂ ਵਧ ਕਿਸ ਨੂੰ ਹੁੰਦਾ ਹੈ ? ਫੁੱਲਾਂ ਦੇ ਖੇੜੇ ਤੇ ਬਹਾਰ ਚਲੀ ਜਾਣ ਉਤੇ ਉਹ ਕਿਵੇਂ ਟਹਿਣੀ ਟਹਿਣੀ ਬੈਠ, ਇਨ੍ਹਾਂ ਦੇ ਵਿਛੋੜੇ ਦੇ ਕੀਰਨੇ ਪਾਉਂਦੀ ਤੇ ਨੀਰ-ਵਹਾਉਂਦੀ ਹੈ। ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ

ਕਾਂਟੋ ਸੇ ਪੂਛੀਏ ਨਾ ਕਿਸੀ ਗੁਲ ਸੇ ਪੂਛੀਏ।
ਸਦਮਾ ਚਮਨ ਕੇ ਲੁਟਨੇ ਕਾ, ਬੁਲਬੁਲ ਸੇ ਪੂਛੀਏ।

ਤਥਾ **ਬੁਲਬੁਲ ਕੋ ਹੀ ਮਾਲੂਮ ਹੈਂ: ਅੰਦਾਜ਼ ਚਮਨ ਕੇ।**
ਕਿਆ ਆਲਮਿ ਗੁਲਸ਼ਨ ਕੀ ਖ਼ਬਰ, [1]ਜ਼ਾਗੋ [2]ਜ਼ਗਨ ਕੋ।

ਬੁਲਬੁਲ ਤੇ ਫੁੱਲ ਦੀ ਇਹ ਦੁਵੱਲੀ ਖਿਚ ਸਤਿਗੁਰੂ ਤੇ ਸਿਖ ਦੇ ਪਰਸਪਰ ਪਿਆਰ ਤੇ ਮਿਲਾਪ ਤੋਂ ਵਧ ਹੋਰ ਕਿਥੇ ਘੱਟਦੀ ਹੈ, ਅਤੇ ਏਸੇ ਖਿੱਚ ਨੂੰ ਹੀ ਭਾਈ ਸਾਹਿਬ ਨੇ ਇਸ ਗ਼ਜ਼ਲ ਵਿਚ ਆਪਣੇ ਨਿਰਾਲੇ ਅੰਦਾਜ਼ ਵਿਚ ਬਿਆਨਣ ਦਾ ਉਪਕਾਰ ਕੀਤਾ ਹੈ।

---

੧. ਜ਼ਾਗ਼—ਕਾਂ ੨. ਜ਼ਗਨ ਇੱਲ।

ਗ਼ਜ਼ਲ ਨੰਬਰ ੨੦

ਤਬੀਬ! ਆਸ਼ਕਿ ਬੇਦਰਦ ਰਾ, ਦਵਾ ਚਿ: ਕੁਨੱਦ।
ਤੁਰਾ ਕਿ: ਪਾਏ ਬਵੱਦ ਲੰਗ, ਰਹਨੁਮਾ ਚਿ: ਕੁਨੱਦ ? ੧॥

ਜਮਾਲਿ ਓ ਹਮਾ ਜਾ, ਬੇ-ਹਜਾਬ ਜਲਵਾਗਰ ਅਸ੍ਰ।
ਕਿ ਤੂ ਦਰ ਹਜਾਬਿ ਖ਼ੁਦੀ,ਯਾਰਿ ਮਹਲਕਾ ਚਿ:ਕੁਨੱਦ? ੨॥

ਤੁਰਾ ਕਿ ਨੇਸ੍ਰ ਬਯਕ ਗੂਨਹ ਖ਼ਾਤਰਿ ਮਜਮੂਅ।
ਮਕ਼ਾਮਿ ਐਮਨੋ ਖ਼ੁਸ਼, ਗੋਸ਼ਾ-ਇ ਫ਼ਜ਼ਾ ਚਿ: ਕੁਨੱਦ ? ੩॥

ਬਗ਼ੈਰ ਬਦਰਕਾ-ਇ ਇਸ਼ਕ, ਕੈ ਰਸੀ ਬਾ ਦੋਸ੍ਰ ?
ਬਗ਼ੈਰ ਜਜ਼ਬਾ-ਓ ਸ਼ੌਕਿ-ਤੋ, ਰਹਨਮਾ ਚਿ: ਕੁਨੱਦ ? ੪॥

ਚੂੰ ਸੁਰਮਾ-ਇ ਦੀਦਹ ਕੁਨੀ, ਖ਼ਾਕਿ ਮੁਰਸ਼ਦ, ਐ 'ਗੋਇਆ'।
ਜਮਾਲਿ ਹੱਕ ਨਿਗਰੀ, ਬਾ ਤੋ ਤੂਤੀਆ ਚਿ: ਕੁਨੱਦ ? ੫॥

ਪੰਜਾਬੀ ਕਾਵਿ ਅਨੁਵਾਦ

੧. ਪੱਥਰ-ਚਿਤ ਆਸ਼ਕ ਦੇ ਤਾਈਂ, ਲੱਗੇ ਨ ਮੂਲ ਦਵਾਈ।
ਪੈਰੋਂ ਲੰਙਾ ਹੋਵੇਂ ਜੇ ਤੂੰ, ਰਹਬਰ ਪੇਸ਼ ਨ ਜਾਈ, ਹੂ।

੨. ਬਿਨਾਂ ਪੜਦਿਓਂ ਲਿਸ਼ਕਾਂ ਮਾਰੇ, ਮਾਹੀ-ਮੁੱਖ ਪਿਆਰਾ।
ਪਰ ਤੂੰ ਹਉਮੈ ਓਹਲੇ ਲੁੱਕਿਆ, ਚੰਦ-ਮੁੱਖ ਕਰੇ ਕੀ ਚਾਰਾ, ਹੂ।

੩. ਦਿਲ ਤੇਰਾ ਇਕ ਨੁਕਤੇ ਉੱਤੇ, ਟਿਕਣਾ ਜਦੋਂ ਨ ਜਾਣੇ।
ਚੈਨ ਪੁਚਾਵਣ ਤੈਨੂੰ ਕੀਕਣ, ਸਾਰੇ ਸ਼ਾਂਤ ਟਿਕਾਣੇ, ਹੂ।

੪. ਬਿਨ ਮੁਰਸ਼ਦ ਤੂੰ ਪਾਸ ਪ੍ਰਭੂ ਦੇ, ਪਹੁੰਚੇਂ ਕੀਕਣ ਯਾਰਾ।
ਤੇਰੇ ਸ਼ੌਕ ਦੇ ਬਾਝੋਂ ਉਸ ਦਾ, ਚੱਲੇ ਨ ਕੋਈ ਚਾਰਾ, ਹੂ।

੫. ਧੂੜ ਗੁਰੂ-ਚਰਨਾਂ ਦੀ 'ਗੋਇਆ', ਜਿ ਹੋਵੇ, ਸੁਰਮਾ ਤੇਰਾ।
ਬਿਨਾਂ ਮਮੀਰੇ ਦੇਖ ਸਕੇਂਗਾ, ਹਰ ਥਾਂ, ਹਰਿ ਦਾ ਚਿਹਰਾ, ਹੂ।

ਤਬੀਬ ! ਆਸ਼ਕਿ ਬੇਦਰਦ ਰਾ, ਦਵਾ ਚਿ: ਕੁਨੱਦ।
ਤੁਰਾ ਕਿ: ਪਾਏ ਬਵੱਦ ਲੰਗ, ਰਹਨੁਮਾ ਚਿ: ਕੁਨੱਦ ? ੧॥

ਸ਼ਬਦਾਰਥ : ਤਬੀਬ—ਵੈਦ। ਆਸ਼ਕਿ ਬੇਦਰਦ—ਕਠੋਰ-ਚਿਤ ਪ੍ਰੇਮੀ ਨੂੰ। ਚਿਹ ਕੁਨੱਦ—ਕੀ ਕਰੇ ? ਤੁਰਾ—ਤੈਨੂੰ। ਪਾ—ਪੈਰ। ਬਵੱਦ—ਹੋਵੇ। ਲੰਗ—ਲੰਗੜਾ। ਰਹਨੁਮਾ—ਰਹਬਰ, ਰਾਹ ਵਿਖਾਉਣ ਵਾਲਾ।

ਅਰਥ : ਹੇ ਵੈਦ, ਕਠੋਰ-ਚਿਤ ਆਸ਼ਕ ਨੂੰ ਦਵਾਈ ਕੀ ਕਰੇ (ਭਾਵ, ਕੁਝ ਨਹੀਂ ਕਰ ਸਕਦੀ)। ਤੈਨੂੰ, ਜੇ ਤੇਰੇ ਪੈਰ ਲੰਗੜੇ ਹੋਣ ਤਾਂ ਰਹਬਰ ਕੀ ਕਰੇ।

ਜਮਾਲਿ ਓ ਹਮਾ ਜਾ, ਬੇ-ਹਜਾਬ ਜਲਵਾਗਰ ਅਸ੍।
ਕਿ ਤੂ ਦਰ ਹਜਾਬਿ ਖ਼ੁਦੀ, ਯਾਰਿ ਮਹਲਕਾ ਚਿ: ਕੁਨੱਦ ? ੨॥

ਸ਼ਬਦਾਰਥ : ਜਮਾਲ—ਰੂਪ। ਓ—ਉਸ ਦਾ। ਹਮਾ ਜਾ—ਸਾਰੇ ਥਾਈਂ। ਬੇ—ਬਿਨਾਂ। ਜਾਬ—ਪਰਦਾ। ਜਲਵਾਗਰ—ਪ੍ਰਕਾਸ਼ਮਾਨ। ਖ਼ੁਦੀ—ਹੰਕਾਰ, ਹਉਮੈ। ਮਹਲਕਾ—ਮਹ+ਲਕਾ—ਚੰਦਰ-ਮੁਖੀ।

ਅਰਥ : ਉਸ ਦਾ (ਪਿਆਰੇ ਸਤਿਗੁਰੂ ਦਾ) ਰੂਪ ਸਾਰੇ ਥਾਈਂ ਬਿਨਾਂ ਪਰਦੇ ਦੇ ਪ੍ਰਕਾਸ਼ਮਾਨ ਹੈ। ਤੂੰ ਹੰਕਾਰ ਦੇ ਪੜਦੇ ਵਿਚ ਹੈਂ, ਚੰਦ ਵਰਗੇ ਮੁਖੜੇ ਵਾਲਾ ਮਿੱਤਰ ਕੀ ਕਰੇ। (ਭਾਵ, ਤੂੰ ਹਉਮੈ ਦੇ ਪੜਦੇ ਕਾਰਨ ਉਸ ਦੇ ਪ੍ਰਕਾਸ਼ ਤੋਂ ਵਾਂਞਿਆ ਹੋਇਆ ਹੈਂ)।

ਤੁਰਾ ਕਿ ਨੇਸ੍ ਬਯਕ ਗੂਨਹ ਖ਼ਾਤਰਿ ਮਜਮੂਅ।
ਮਕ਼ਾਮਿ ਐਮਨੋ ਖ਼ੁਸ਼, ਗੋਸ਼ਾ-ਇ ਫ਼ਜ਼ਾ ਚਿ: ਕੁਨੱਦ ? ੩॥

ਸ਼ਬਦਾਰਥ : ਤੁਰਾ—ਤੈਨੂੰ। ਬ—ਨਾਲ, ਸਾਥ। ਯਕ—ਇਕ। ਗੂਨਹ—ਰੰਗ। ਖ਼ਾਤਰ—ਦਿਲ। ਮਜਮੂਅ—ਇਕੱਠਾ। ਮਕ਼ਾਮਿ ਐਮਨੋ ਖ਼ੁਸ਼—ਖ਼ੁਸ਼ੀ ਤੇ ਅਮਨ ਦੇਣ ਵਾਲੇ ਟਿਕਾਣੇ। ਗੋਸ਼ਾ—ਕੋਨਾ, ਨੁੱਕਰ। ਫ਼ਜ਼ਾ—ਵਾਤਾਵਰਨ।

ਅਰਥ : ਤੈਨੂੰ ਕਿ, ਜਿਸ ਦਾ ਦਿਲ ਇਕ-ਰੰਗੀ ਹੋ ਕੇ (ਇਕ ਨੁਕਤੇ ਉਤੇ) ਇਕੱਠਾ (ਇਕਾਗਰ) ਨਹੀਂ ਹੈ, (ਉਸ ਨੂੰ) ਖ਼ੁਸ਼ੀ ਤੇ ਅਮਨ ਦੇਣ ਵਾਲੇ ਟਿਕਾਣੇ ਅਤੇ (ਚੰਗੇ) ਵਾਤਾਵਰਨ ਵਾਲੇ ਪਾਸੇ (ਕੋਨੇ) ਕੀ ਕਰਨ, (ਭਾਵ, ਸੁਖ ਨਹੀਂ ਦੇ ਸਕਦੇ)। ਸਮੁੱਚਾ ਭਾਵ ਇਹ ਕਿ ਅੰਦਰੋਂ ਅਨੰਦ ਦੇ ਸੋਮੇ ਵਾਹਿਗੁਰੂ ਨਾਲ ਜੁੜੇ ਹੋਣ ਤੋਂ ਬਿਨਾਂ ਖ਼ੁਸ਼ੀ ਦੇ ਇਹ ਬਾਹਰਲੇ ਸਾਧਨ ਅਨੰਦ ਦੇ ਜਾਮਨ ਨਹੀਂ ਹੋ ਸਕਦੇ)।

ਬਗ਼ੈਰ ਬਦਰਕਾ-ਇ ਇਸ਼ਕ, ਕੈ ਰਸੀ ਬਾ ਦੋਸ੍ ?
ਬਗ਼ੈਰ ਜਜ਼ਬਾ-ਓ ਸ਼ੌਕਿ-ਤੋ, ਰਹਨਮਾ ਚਿ: ਕੁਨੱਦ ? ੪॥

ਸ਼ਬਦਾਰਥ : ਬਦਰਕਾ-ਇ ਇਸ਼ਕ—ਇਸ਼ਕ (ਪ੍ਰੇਮ) ਦਾ ਰਾਹ ਦੱਸਣ ਵਾਲਾ। ਕੈ—ਕੌਣ। ਰਸੀ—ਪਹੁੰਚੇਗਾ। ਬਾ ਦੋਸ੍—ਮਿੱਤਰ ਕੋਲ।

ਅਰਥ : ਪ੍ਰੇਮ (ਦੇ ਮਾਰਗ) ਦਾ ਰਾਹ ਦੱਸਣ ਵਾਲੇ ਤੋਂ ਬਿਨਾਂ ਮਿੱਤਰ (ਵਾਹਿਗੁਰੂ) ਪਾਸ ਕਿਵੇਂ ਪਹੁੰਚੇਂਗਾ ? ਪਰੰਤੂ ਤੇਰੇ ਉਤਸ਼ਾਹ ਤੇ ਸ਼ੌਕ ਤੋਂ ਬਿਨਾਂ (ਕਾਮਲ) ਆਗੂ ਵੀ ਕੀ ਕਰੇਗਾ ? (ਸਿਖ ਅੰਦਰ ਦਿਲੀ ਚਾਹ, ਸ਼ਰਧਾ ਹੋਣ ਉਤੇ ਹੀ ਉਹ ਕਾਮਲ ਗੁਰੂ ਦੀ

ਕਿਰਪਾ ਨਾਲ ਮੰਜ਼ਲ ਉਤੇ ਪਹੁੰਚ ਸਕਦਾ ਹੈ)।

ਚੂੰ ਸੁਰਮਾ-ਇ ਦੀਦਹ ਕੁਨੀ, ਖ਼ਾਕਿ ਮੁਰਸ਼ਦ, ਐ 'ਗੋਇਆ'।
ਜਮਾਲਿ ਹੱਕ ਨਿਗਰੀ, ਬਾ ਤੋ ਤੂਤੀਆ ਚਿ: ਕੁਨੱਦ ? ੫॥

ਸ਼ਬਦਾਰਥ : ਦੀਦ—ਅੱਖ। ਕੁਨੀ—ਤੂੰ ਕਰੇਂ। ਖ਼ਾਕਿ ਮੁਰਸ਼ਦ—ਸਤਿਗੁਰੂ ਦੇ ਚਰਨਾਂ ਦੀ ਧੂੜ। ਜਮਾਲਿ ਹੱਕ—ਵਾਹਿਗੁਰੂ ਦਾ ਜਮਾਲ, ਪ੍ਰਕਾਸ਼। ਨਿਗਰੀ—ਤੂੰ ਵੇਖੇਂ। ਬਾ—ਨਾਲ। ਤੂਤੀਆ—ਮਮੀਰਾ।

ਅਰਥ : ਐ ਗੋਇਆ, ਜੇ ਸਤਿਗੁਰੂ ਦੇ ਚਰਨਾਂ ਦੀ ਧੂੜ ਨੂੰ ਅੱਖ ਦਾ ਸੁਰਮਾ ਬਣਾਵੇਂ, (ਤਾਂ) ਤੂੰ ਰੱਬ ਦੇ ਪ੍ਰਕਾਸ਼ ਨੂੰ ਦੇਖੇਂਗਾ, (ਤੈਨੂੰ ਮਮੀਰੇ ਦੀ ਲੋੜ ਨਹੀਂ ਰਹੇਗੀ)।

ਵਿਆਖਿਆ

ਭਾਈ ਸਾਹਿਬ ਨੇ ਇਸ ਤੋਂ ਪਿਛਲੀ ਗ਼ਜ਼ਲ ਦੇ ਅਰੰਭ ਵਿਚ ਹੀ ਦਸਿਆ ਸੀ ਕਿ ਸਤਿਗੁਰੂ ਦੇ ਸਰੂਪ ਵਿੱਚ ਜਿਗਰੀ ਮਿੱਤਰ ਦੀ ਆਮਦ ਤੇ ਉਪਦੇਸ਼ ਨਾਲ ਧੁਰ ਅੰਦਰ ਡੂੰਘਾ ਸੁਖ ਤੇ ਅਰਾਮ ਆ ਵੱਸਿਆ ਹੈ। ਇਸ ਗ਼ਜ਼ਲ ਵਿਚ ਏਸ ਨੁਕਤੇ ਉਤੇ ਜ਼ੋਰ ਦਿੱਤਾ ਗਿਆ ਹੈ ਕਿ ਸੁਜਾਨ ਵੈਦ ਸਤਿਗੁਰੂ ਦੀ ਦਵਾ (ਉਪਦੇਸ਼) ਉਤਨਾ ਚਿਰ ਕਾਟ ਨਹੀਂ ਕਰਦੀ ਜਿੰਨਾ ਚਿਰ ਬੀਮਾਰ (ਜਗਿਆਸੂ) ਦਵਾ ਲਈ ਵਿਸ਼ਵਾਸ ਤੇ ਪੱਥ ਧਾਰਨ ਨਹੀਂ ਕਰਦਾ। ਭਗਤ ਕਬੀਰ ਜੀ ਦਾ ਕਥਨ ਹੈ

ਕਬੀਰ, ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ ॥੧੫੮॥

(ਪੰਨਾ ੧੩੭੨)

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਸਤਿਗੁਰੂ ਸਨਮੁਖ ਸਿਖ ਨੂੰ 'ਕੋਟ ਕਦਮ' ਅਗੋਂ ਹੋ ਕੇ ਪਿਆਰ-ਗਲਵਕੜੀ ਵਿੱਚ ਲੈਂਦਾ ਹੈ, ਪਰੰਤੂ ਸ਼ਰਤ ਇਹ ਹੈ ਕਿ ਸਿਖ ਵਿਸ਼ਵਾਸ, ਪਿਆਰ ਤੇ ਸ਼ਰਧਾ ਨਾਲ 'ਭਾਣੇ ਵਿੱਚ ਆ ਕੇ', ਪਹਿਲਾਂ ਇੱਕ ਪੈਂਡ (ਪੈਰ, ਕਦਮ) ਗੁਰਦੇਵ ਵਲ ਪੁੱਟੇ। ਲਿਖਦੇ ਹਨ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ, ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤ ਹੈ॥

ਏਸੇ ਖ਼ਿਆਲ ਨੂੰ 'ਗੋਇਆ' ਜੀ ਇੱਕ ਪਿੰਗਲੇ ਦੀ ਉਦਾਹਰਣ ਦੇ ਕੇ ਸਪੱਸ਼ਟ ਕਰਦੇ ਹਨ ਕਿ ਮੰਜ਼ਲ ਦਾ ਥਹੁ-ਪਤਾ ਹੋਣ ਅਤੇ ਆਗੂ ਦੀ ਅਗਵਾਈ ਪ੍ਰਾਪਤ ਹੋਣ ਉਤੇ ਵੀ, ਪਿੰਗਲਾ ਆਪਣੀ ਮੰਜ਼ਲ ਉਤੇ ਕਿਵੇਂ ਪੁਜੇਗਾ ? ਇਸੇ ਭਾਵ ਨੂੰ ਫੇਰ ਸ਼ੇਅਰ ਨੰ: ੪ ਵਿਚ ਦੁਹਰਾਉਂਦੇ ਹਨ ਕਿ ਪ੍ਰੇਮ ਮਾਰਗ ਦੇ ਆਗੂ ਤੋਂ ਬਿਨਾਂ 'ਮਿੱਤਰ' ਪਾਸ ਪੁੱਜਣਾ ਸੰਭਵ ਨਹੀਂ। ਪਰੰਤੂ, ਅਜਿਹਾ ਕਾਮਲ ਆਗੂ ਵੀ ਕੀ ਕਰੇਗਾ, ਜੇ ਤੇਰੇ ਵਿੱਚ ਸ਼ੌਕ ਦੇ ਜਜ਼ਬੇ ਦਾ ਅਭਾਵ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਅਹਿਮ ਨੁਕਤੇ ਨੂੰ ਇਉਂ ਸਪੱਸ਼ਟ ਕਰਦੇ ਹਨ

ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ।

(ਵਾਰ ਵਡਹੰਸ, ਮ: ੩, ਪੰਨਾ ੫੯੪)

ਜੋ ਪਰਮੇਸ਼ਰ ਦੇ ਮਾਰੇ ਤੇ ਮੁੱਢੋਂ ਖੋਟੀ ਖ਼ਸਲਤ ਦੇ ਹੋਣ, ਉਨ੍ਹਾਂ ਦੇ ਕਾਲੇ ਦਿਲ, ਕਾਲੇ

ਕਾਂ ਵਾਂਗ, ਚੰਗੀ ਸੁਹਬਤ ਨਾਲ, ਕਦੀ ਉਜਲੇ ਨਹੀਂ ਹੁੰਦੇ। ਇਕ ਕਵੀ ਨੇ ਕਿਤਨਾ ਸੁੰਦਰ ਕਿਹਾ ਹੈ:

[1]ਸੁਹਬਤਿ [2]ਅਹਿਲਿ ਸਫ਼ਾ ਸੇ, [3]ਤੀਰਾ ਦਿਲ ਕਬ ਸਾਫ਼ ਹੋਂ।
ਜ਼ੰਗ ਸੇ ਆਲੂਦਹ ਹੋ ਜਾਤਾ ਹੈ [4]ਆਹਨ, [5]ਆਬ ਮੇਂ।

(ਭਾਵ—ਨੇਕ ਪੁਰਸ਼ਾਂ ਦੀ ਸੰਗਤ ਨਾਲ ਕਾਲੇ ਦਿਲ (ਤੇਲੀ ਦੀ ਖੰਨਲੀ ਸਮਾਨ) ਕਦੇ ਪਾਕ ਸਾਫ਼ ਨਹੀਂ ਹੁੰਦੇ, ਜਿਵੇਂ ਪਾਣੀ ਹਰ ਸ਼ੈ ਨੂੰ ਤਾਂ ਪਵਿੱਤਰ ਤੇ ਸਾਫ਼ ਕਰਦਾ ਹੈ, ਪਰੰਤੂ ਲੋਹਾ ਇਸ ਵਿਚ ਰਹਿ ਕੇ ਜੰਗਾਲ ਨਾਲ ਭਰ ਜਾਂਦਾ ਹੈ।)

ਪ੍ਰਮਾਰਥ ਹੋਵੇ ਚਾਹੇ ਵਿਵਹਾਰ, ਤਾੜੀ ਦੋਹਾਂ ਹੱਥਾਂ ਨਾਲ ਵਜਦੀ ਹੈ। ਇਸ ਦੁਵੱਲੀ ਪ੍ਰੀਤ ਨੂੰ 'ਗੋਇਆ' ਜੀ ਇਕ ਹੋਰ ਥਾਂ ਇਉਂ ਬਿਆਨ ਕਰਦੇ ਹਨ

ਆਸ਼ੁਫ਼ਤਾ-ਇ ਆਨੇਮ, ਕਿ ਆਸ਼ੁਫ਼ਤਾ-ਇ ਮਾਸਤ।
ਮਾ ਸ਼ਾਹ ਨ ਦਾਨੇਮ, ਗਦਾ ਰਾ ਨ ਸ਼ਨਾਸੇਮ।

ਅਸੀਂ ਉਸ ਦੇ ਮਤਵਾਲੇ ਹਾਂ ਜੋ ਸਾਡਾ ਮਤਵਾਲਾ ਹੈ। (ਆਪਣੀ ਮਜਲਸ, ਸੰਗਤ ਵਿਚ) ਅਸੀਂ ਨਾ ਕਿਸੇ ਨੂੰ ਰਾਣਾ ਲਖਦੇ ਹਾਂ, ਨਾ ਰੰਕ। ਪਰਮ ਪ੍ਰੀਤ ਮੰਡਲ ਵਿਚ ਸਭ ਪਰਸਪਰ ਸਮਾਨ ਖਿੱਚ ਤੇ ਪਦਵੀ ਰਖਦੇ ਹਨ। ਇਹ ਇੱਕ-ਤਰਫ਼ਾ ਟਰੈਫ਼ਿਕ ਨਹੀਂ:

ਮੁਹੱਬਤ ਕਾ ਤਬ ਮਜ਼ਾ ਹੈ, ਵੁਹ ਭੀ ਹੋਂ ਬੇ-ਕ਼ਰਾਰ।
ਦੋਨੋਂ ਤਰਫ਼ ਹੋ ਆਗ, ਬ੍ਰਾਬਰ ਲਗੀ ਹੁਈ।

ਸੋ, ਗੱਲ ਕੇਵਲ ਉਪਦੇਸ਼ ਸੁਣ ਲੈਣ ਦੀ ਹੀ ਨਹੀਂ, ਉਸ ਨੂੰ ਦਿਲੋਂ ਵਜੋਂ ਮੰਨਣ ਤੇ ਕਮਾਉਣ ਦੀ ਹੈ। ਭਾਈ ਗੁਰਦਾਸ ਜੀ ਦੇ ਨਿਮਨ ਲਿਖਤ ਕਬਿਤ ਵਿੱਚ ਇਸ ਨੁਕਤੇ ਨੂੰ ਬੜੀ ਖ਼ੂਬਸੂਰਤੀ ਨਾਲ ਖੋਲ੍ਹਿਆ ਗਿਆ ਹੈ

ਪੂਛਤ ਪੱਥਕਿ, ਤਿਹ ਮਾਰਗ ਨ ਧਾਰੈ ਪਗਿ, ਪ੍ਰੀਤਮ ਕੈ ਦੇਸ ਕੈਸੇ ਬਾਤਨ ਸੈ ਜਾਈਐ।
ਪੂਛਤ ਹੈ ਵੈਦ, ਖਾਤ ਔਖਧਿ ਨ ਸੰਜਮ ਸੈਂ, ਕੈਸੇ ਮਿਟੇ ਰੋਗ, ਸੁਖ ਸਹਜ ਸਮਾਈਐ।
ਪੂਛਤ ਸੁਹਾਗਨਿ, ਕਰਮ ਹੈ ਦੁਹਾਗਨਿ ਕੈ, ਰਿਦੈ ਬਿਭਚਾਰ, ਕਤ ਸਿਹਜਾ ਬੁਲਾਈਐ।
ਗਾਇ, ਸੁਨੈ, ਆਖੈ ਮੀਚੈ, ਪਾਈਐ ਨ ਪਰਮ ਪਦ,
ਗੁਰ ਉਪਦੇਸੁ ਗਹਿ, ਜੌ ਲੌ ਨ ਕਮਾਈਐ।੪੩੯।

ਸੋ, ਜਦ ਪਰਮ ਪਦ ਦੀ ਪ੍ਰਾਪਤੀ ਲਈ, ਖ਼ੁਦੀ ਦਾ ਪਰਦਾ ਹਟਾ ਕੇ, ਗੁਰੂ-ਚਰਨਾਂ ਦੀ ਖ਼ਾਕ ਦੇ ਸੁਰਮੇ ਨੂੰ, ਨਿਰਮਲ ਭਉ ਦੀਆਂ ਸਲਾਈਆਂ ਨਾਲ, ਨੇਤਰਾਂ ਵਿੱਚ ਪਾਇਆ ਤਾਂ ਹਰ ਥਾਂ ਵਾਹਿਗੁਰੂ ਦਾ ਹੀ ਜ਼ਹੂਰ ਦਿੱਸ ਆਇਆ। ਫੇਰ, ਕੀ ਵਸੋਂ ਤੇ ਕੀ ਉਜਾੜ, ਸਭ ਸੁਖਦਾਈ ਪ੍ਰਤੀਤ ਹੋਏ। ਖੋਟੀ ਮਤ ਦਾ ਵਿਨਾਸ਼ ਤੇ ਉੱਜਲ ਬੁੱਧ ਦਾ ਪ੍ਰਕਾਸ਼ ਹੋਇਆ, ਤੇ ਅੰਦਰਲੇ ਨੇ ਕੁਝ ਇਸ ਤਰ੍ਹਾਂ ਦੀ ਧੁਨ ਝੂਮ ਝੂਮ ਕੇ ਗਾਇਨ ਕੀਤੀ

ਕਹਿ ਕਬੀਰ ਬੁਧਿ ਹਰਿ ਲਈ ਮੇਰੀ, ਬੁਧਿ ਬਦਲੀ ਸਿਧਿ ਪਾਈ॥

(ਗਉੜੀ ਕਬੀਰ ਜੀ, ਪੰਨਾ ੩੩੯)

---

੧. ਸੰਗਤ। ੨. ਨੇਕ ਲੋਕ। ੩. ਕਾਲੇ, ਖੋਟੇ। ੪. ਲੋਹਾ। ੫. ਪਾਣੀ।

ਗ਼ਜ਼ਲ ਨੰਬਰ ੨੧

ਸਬਾਅ, ਚੂੰ ਹਲਕਾ-ਹਾਏ ਜ਼ੁਲਫ਼ਿ ਊ ਰਾ, ਸ਼ਾਨਾ ਮੇ ਸਾਜ਼ਦ।
ਅਜਬ ਜ਼ੰਜੀਰ, ਅਜ਼ ਬਹਰਿ ਦਿਲਿ ਦੀਵਾਨਾ, ਮੇ ਸਾਜ਼ਦ ॥੧॥

ਨ-ਦਾਨਿਸਤਮ ਮਨ, ਅਜ਼ ਰੋਜ਼ਿ ਅਜ਼ਲ, ਈਂ ਨਕਸ਼ਿ ਆਦਮ ਰਾ।
ਕਿ ਨੱਕਾਸ਼ ਅਜ਼ ਬਰਾਏ ਮਾਂਦਨਿ ਖ਼ੁਦ, ਖ਼ਾਨਾ ਮੇ ਸਾਜ਼ਦ ॥੨॥

ਦਿਲਿ ਆਸ਼ਕ, ਬ-ਅੰਦਕ ਫ਼ੁਰਸਤੇ, ਮਾਸ਼ੂਕ ਮੇ ਗਰਦਦ।
ਸਰਾ ਪਾ ਜਾਂ ਸ਼ਵਦ, ਹਰ ਕਸ, ਕਿ ਬਾ ਜਾਨਾਨਾ ਮੇ ਸਾਜ਼ਦ ॥੩॥

ਬਰਾਏ ਗਿਰਦਾ-ਇ ਨਾਂ, ਗਿਰਦ ਹਰ ਦੂਨਾ ਚਿ: ਮੇ ਗਰਦੀ।
ਤਮਾਅ ਦੀਦੀ ਕਿ: ਆਦਮ ਚਾ,ਅਸੀਰਿ ਦਾਨਾ ਮੇ ਸਾਜ਼ਦ ॥੪॥

ਮਗੋ ਅਜ਼ ਹਾਲਿ ਲੈਲਾ, ਬਾ-ਦਿਲਿ ਸ਼ੋਰੀਦਾ-ਇ 'ਗੋਇਆ'।
ਕਿ ਸ਼ਰਹਿ ਕਿੱਸਾ-ਇ ਮਜਨੂੰ, ਮਰਾ ਦੀਵਾਨਾ ਮੇ ਸਾਜ਼ਦ ॥੫॥

ਪੰਜਾਬੀ ਕਾਵਿ ਅਨੁਵਾਦ

੧. ਪੌਣ ਸੁਬਹ ਦੀ ਜਦੋਂ ਸੰਵਾਰੇ, ਕੁੰਡਲ ਜ਼ੁਲਫ਼ਾਂ ਸੰਦਾ।
ਦਿਲ-ਦੀਵਾਨੇ ਲਈ ਉਹ ਮਾਨੋਂ, ਘੜੇ ਅਨੋਖਾ ਫੰਦਾ, ਹੂ।

੨. ਏਸ ਸਰੀਰ ਦੇ ਬਾਰੇ ਮੈਨੂੰ, ਕਦੇ ਖ਼ਿਆਲ ਨਹੀਂ ਆਇਆ।
ਚਿਤਰ-ਹਾਰ ਨੇ ਆਪਣੀ ਖ਼ਾਤਰ, ਮੰਦਰ ਖ਼ੂਬ ਬਣਾਇਆ, ਹੂ।

੩. ਆਸ਼ਕ ਦਾ ਦਿਲ, ਕੁਝ ਚਿਰ ਪਿੱਛੋਂ, ਪ੍ਰੀਤਮ ਰੂਪ ਵਟਾਂਦਾ।
ਸਿਰ ਪੈਰਾਂ ਤੱਕ ਪ੍ਰੀਤਮ ਥੀਂਦਾ, ਪ੍ਰੇਮ-ਪੰਧ ਜੋ ਜਾਂਦਾ, ਹੂ।

੪. ਟੁਕੜੇ ਖ਼ਾਤਰ ਜਣੇ ਖਣੇ ਦੇ, ਛੱਡ ਦੇ ਚੱਕਰ ਲਾਣੇ।
ਆਦਮ ਲੋਭੀ ਕੈਦ ਸੀ ਕੀਤਾ, ਜੰਨਤ ਦੇ ਇਕ ਦਾਣੇ, ਹੂ।

੫. ਲੈਲਾ ਦੀ ਗੱਲ ਮਤ ਕੋਈ ਛੇੜੇ, ਪ੍ਰੇਸ਼ਾਨ ਹੈ 'ਗੋਇਆ'।
ਮਜਨੂੰ ਦੀ ਗੱਲ ਪਹਿਲੇ ਸੁਣ ਕੇ, ਉਹ ਹੈ ਪਾਗਲ ਹੋਇਆ, ਹੂ।

ਸਬਾਅ, ਚੂੰ ਹਲਕਾ-ਹਾਏ ਜ਼ੁਲਫ਼ਿ ਊ ਰਾ, ਸ਼ਾਨਾ ਮੇ ਸਾਜ਼ਦ।
ਅਜਬ ਜ਼ੰਜੀਰ, ਅਜ਼ ਬਹਰਿ ਦਿਲਿ ਦੀਵਾਨਾ, ਮੇ ਸਾਜ਼ਦ ॥੧॥

ਸ਼ਬਦਾਰਥ : ਸਬਾਅ—ਪ੍ਰਭਾਤ (ਸਵੇਰ) ਦੀ ਹਵਾ। ਹਲਕਾ-ਹਾ—ਘੇਰੇ, ਕੁੰਡਲ। ਸ਼ਾਨ—ਕੰਘੀ। ਮੇ ਸਾਜ਼ਦ—ਬਣਾਂਦੀ ਹੈ (ਕਰਦੀ ਹੈ)। ਅਜਬ—ਅਨੋਖੀ। ਜ਼ੰਜੀਰ—ਸੰਗਲ, ਫੰਦਾ। ਅਜ਼ ਬਹਰਿ ਦਿਲਿ ਦੀਵਾਨਾ—ਦੀਵਾਨੇ ਦਿਲ ਦੇ ਵਾਸਤੇ।

ਅਰਥ : ਜਦ ਪ੍ਰਭਾਤ ਦੀ ਪੌਣ ਉਸ (ਪ੍ਰੀਤਮ) ਦੀ ਜ਼ੁਲਫ਼ ਦੇ ਕੁੰਡਲਾਂ ਨੂੰ ਕੰਘੀ ਕਰਦੀ ਹੈ, (ਤਾਂ) ਦੀਵਾਨੇ ਦਿਲ ਵਾਸਤੇ (ਇਕ) ਅਨੋਖੀ ਜ਼ੰਜੀਰ ਬਣਾਉਂਦੀ ਹੈ।

ਨ-ਦਾਨਿਸਤਮ ਮਨ, ਅਜ਼ ਰੋਜ਼ਿ ਅਜ਼ਲ, ਈਂ ਨਕਸ਼ਿ ਆਦਮ ਰਾ।
ਕਿ ਨੱਕਾਸ਼ ਅਜ਼ ਬਰਾਏ ਮਾਂਦਨਿ ਖ਼ੁਦ, ਖ਼ਾਨਾ ਮੇ ਸਾਜ਼ਦ ॥੨॥

ਸ਼ਬਦਾਰਥ : ਨ-ਦਾਨਿਸਤਮ—ਨਹੀਂ ਜਾਣਦਾ ਮੈਂ। ਅਜ਼—ਤੋਂ। ਰੋਜ਼ਿ ਅਜ਼ਲ—ਅਨਾਦੀ ਕਾਲ। ਨਕਸ਼ਿ ਆਦਮ—ਮਨੁੱਖ ਦਾ ਨੱਕਸ਼ (ਪੁਤਲਾ)। ਨਕਾਸ਼—ਚਿਤੇਰਾ, ਚਿੱਤਰਕਾਰ। ਬਰਾਏ—ਵਾਸਤੇ, ਲਈ। ਮਾਂਦਨ—ਰਹਿਣਾ। ਖ਼ੁਦ—ਆਪਣੇ। ਖ਼ਾਨਾ—ਘਰ। ਮੇ ਸਾਜ਼ਦ—ਬਣਾਇਆ ਹੈ।

ਅਰਥ : ਮੈਂ ਨਹੀਂ ਜਾਣਦਾ ਸਾਂ ਕਿ ਅਨਾਦੀ ਕਾਲ ਤੋਂ ਮਨੁੱਖ ਦੇ ਇਸ ਚਿੱਤਰ (ਪੁਤਲੀ) ਨੂੰ ਚਿਤੇਰੇ (ਪ੍ਰਭੂ) ਨੇ ਆਪਣੇ ਨਿਵਾਸ ਲਈ ਘਰ ਬਣਾਇਆ ਹੈ।

ਦਿਲਿ ਆਸ਼ਕ, ਬ-ਅੰਦਕ ਫ਼ੁਰਸਤੇ, ਮਾਸ਼ੂਕ ਮੇ ਗਰਦਦ।
ਸਰਾ ਪਾ ਜਾਂ ਸ਼ਵਦ, ਹਰ ਕਸ, ਕਿ ਬਾ ਜਾਨਾਨਾ ਮੇ ਸਾਜ਼ਦ ॥੩॥

ਸ਼ਬਦਾਰਥ : ਦਿਲਿ ਆਸ਼ਕ—ਆਸ਼ਕ ਦਾ ਦਿਲ। ਬ-ਅੰਦਕ—ਥੋੜਾ ਜਿਹਾ। ਫ਼ੁਰਸਤ—ਵਿਹਲ ਦਾ ਸਮਾਂ। ਮੇ ਗਰਦਦ—ਹੋ ਜਾਂਦਾ ਹੈ। ਸਰਾ ਪਾ—ਸਿਰ ਤੋਂ ਪੈਰਾਂ ਤੀਕ। ਜਾਂ—ਪ੍ਰੀਤਮ, ਪਿਆਰਾ। ਸ਼ਵਦ—ਹੋਵੇ, ਹੁੰਦਾ ਹੈ। ਹਰ ਕਸ—ਹਰ ਕੋਈ। ਬਾ—ਨਾਲ। ਜਾਨਾਨਾ—ਪਿਆਰਾ, ਪ੍ਰੀਤਮ, ਮਿੱਤਰ।

ਅਰਥ : ਆਸ਼ਕ ਦਾ ਦਿਲ ਥੋੜੇ ਸਮੇਂ ਮਗਰੋਂ ਮਾਸ਼ੂਕ ਬਣ ਜਾਂਦਾ ਹੈ। (ਪ੍ਰੇਮੀ) ਸਿਰ ਤੋਂ ਪੈਰਾਂ ਤਕ ਪ੍ਰੀਤਮ (ਦਾ ਰੂਪ) ਹੋ ਜਾਂਦਾ ਹੈ, (ਉਹ) ਹਰ ਕੋਈ ਜੋ ਪਿਆਰੇ ਨਾਲ (ਪ੍ਰੇਮ) ਬਣਾਂਦਾ (ਕਰਦਾ) ਹੈ।

ਬਰਾਏ ਗਿਰਦਾ-ਇ ਨਾਂ, ਗਿਰਦ ਹਰ ਦੂਨਾ ਚਿ: ਮੇ ਗਰਦੀ।
ਤਮਾਅ ਦੀਦੀ ਕਿ: ਆਦਮ ਰਾ, ਅਸੀਰਿ ਦਾਨਾ ਮੇ ਸਾਜ਼ਦ ॥੪॥

ਸ਼ਬਦਾਰਥ : ਬਰਾਏ—ਵਾਸਤੇ। ਗਿਰਦਾ-ਇ ਨਾਂ—ਨਾਨ (ਰੋਟੀ) ਦੀ ਗੁਲਾਈ, ਗ੍ਰਾਹ, ਟੁਕੜਾ। ਗਿਰਦ—ਆਲੇ ਦੁਆਲੇ। ਹਰ—ਹਰੇਕ। ਦੂਨਾ—ਕਮੀਨਾ। ਚਿਹ—ਕੀ (ਕਿਉਂ)। ਮੇ ਗਰਦੀ—ਤੂੰ ਫਿਰਦਾ ਹੈਂ। ਤਮਾਅ—ਤ੍ਰਿਸ਼ਨਾ, ਲੋਭ। ਦੀਦੀ—ਤੂੰ ਵੇਖਿਆ। ਆਦਮ—ਈਸਾਈਆਂ ਤੇ ਮੁਸਲਮਾਨਾਂ ਦੀ ਮਨੌਤ ਅਨੁਸਾਰ ਜੋ ਪਹਿਲਾ ਆਦਮੀ ਹੋਇ।

ਬਣਾਇਆ ਸੀ ਅਤੇ ਜੋ ਵਿਵਰਜਿਤ ਕਣਕ ਦਾ ਦਾਣਾ ਖਾਣ ਦੇ ਅਪਰਾਧ ਵਿਚ ਆਪਣੀ ਔਲਾਦ ਸਹਿਤ ਸਦਾ ਲਈ ਗੁਨਾਹਗਾਰ ਥਾਪ ਕੇ ਬਹਿਸ਼ਤ ਵਿਚੋਂ ਹੇਠਾਂ ਸੁਟ ਦਿਤਾ ਗਿਆ ਸੀ। ਅਸੀਰ—ਕੈਦੀ। ਦਾਨਾ—ਦਾਣਾ (ਕਣਕ ਦਾ)।

ਅਰਥ : ਰੋਟੀ ਦੇ ਟੁਕੜੇ ਲਈ ਤੂੰ ਹਰ ਕਮੀਨੇ ਦੇ ਆਲੇ ਦੁਆਲੇ ਕਿਉਂ ਘੁੰਮਦਾ ਹੈਂ। (ਕੀ) ਤੂੰ ਵੇਖਿਆ ਕਿ ਬਾਬੇ ਆਦਮ ਨੂੰ ਲੋਭ ਨੇ ਦਾਣੇ ਦਾ ਕੈਦੀ ਬਣਾ ਦਿੱਤਾ ਸੀ। (ਜਿਸ ਦੇ ਫਲ ਸਰੂਪ ਉਹ ਸਵਰਗ ਚੋਂ ਕਢਿਆ ਗਿਆ ਸੀ)।

ਮਗੋ ਅਜ਼ ਹਾਲਿ ਲੈਲਾ, ਬਾ-ਦਿਲਿ ਸ਼ੋਰੀਦਾ-ਇ 'ਗੋਇਆ'।
ਕਿ ਸ਼ਰਹਿ ਕਿੱਸਾ-ਇ ਮਜਨੂੰ, ਮਰਾ ਦੀਵਾਨਾ ਮੇ ਸਾਜ਼ਦ ॥੫॥

ਸ਼ਬਦਾਰਥ : ਮਗੋ—ਨਾ ਕਹੁ। ਹਾਲਿ ਲੈਲਾ—ਲੈਲਾ ਦਾ ਹਾਲ। ਬਾ—ਨਾਲ, ਸਾਥ, ਕੋਲ। ਸ਼ੋਰੀਦਾ—ਪਾਗ਼ਲ, ਪ੍ਰੇਸ਼ਾਨ। ਸ਼ਰਹਿ—ਕਥਾ, ਵਾਰਤਾ। ਮਰਾ—ਮੈਨੂੰ।

ਅਰਥ : ਲੈਲਾ ਦਾ ਹਾਲ 'ਗੋਇਆ' ਦੇ ਪ੍ਰੇਸ਼ਾਨ ਦਿਲ ਨੂੰ ਨਾ ਦਸ, (ਕਿਉਂਕਿ ਅਗੇ ਹੀ) ਮਜਨੂੰ ਦੀ ਕਹਾਣੀ ਦੀ ਕਥਾ ਨੇ ਉਸ ਨੂੰ ਪਾਗ਼ਲ ਬਣਾ ਦਿੱਤਾ ਹੈ।

ਵਿਆਖਿਆ

ਵਾਹਿਗੁਰੂ ਦੇ ਜਨਕ ਰੂਪ ਤੇ ਸੁੰਦਰਤਾ ਦਾ ਬਿਆਨ ਅਧੂਰਾ ਰਹੇਗਾ ਜਦ ਤਕ ਸੋਹਣੇ, ਲੰਬੇ, ਕਾਲੇ, ਕੁੰਡਿਆਲੇ ਕੇਸਾਂ ਦਾ ਜ਼ਿਕਰ ਵਿੱਚ ਨਾ ਲਿਆਂਦਾ ਜਾਵੇ। ਪ੍ਰਾਚੀਨ ਰਿਸ਼ੀਆਂ, ਮੁਨੀਆਂ, ਪੀਰਾਂ, ਫ਼ਕੀਰਾਂ, ਪੈਗ਼ੰਬਰਾਂ ਤੇ ਗੁਰੂ ਅਵਤਾਰਾਂ, ਸਭ ਨੇ, ਕੇਸਾਂ ਨੂੰ ਓਸੇ ਤਰ੍ਹਾਂ ਸਰੀਰ ਨਾਲ ਰੱਖਣਾ ਜ਼ਰੂਰੀ ਜਾਤਾ, ਜਿਵੇਂ ਸਰੀਰ ਦੇ ਹੋਰ ਅੰਗਾਂ—ਨੱਕ, ਕੰਨ ਅਤੇ ਅੱਖਾਂ ਨੂੰ। ਜੇ ਤੇ ਜਦ ਕਦੀ ਪ੍ਰਭੂ-ਪ੍ਰੇਮੀਆਂ ਨੇ ਆਪਣੇ ਪ੍ਰੀਤਮ ਵਾਹਿਗੁਰੂ ਦੇ ਦਰਸ਼ਨ ਸਰਗੁਣ ਸਰੂਪ ਤੇ ਤਸੱਵਰ ਵਿਚ ਕੀਤੇ ਤਾਂ ਉਸ ਨੂੰ ਸਦਾ ਲੰਮੇ ਕੇਸਾਂ ਵਾਲਾਂ ਕਰਕੇ ਹੀ ਬਿਆਨਿਆ; ਜਿਵੇਂ ਕਿ

ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥

(ਵਡਹੰਸ ਮ: ੧, ਪੰਨਾ ੫੬੭)

ਕੇਸਾਂ ਦਾ ਸੰਬੰਧ ਸਦਾ ਆਤਮਕ ਜੀਵਨ-ਬਲ ਨਾਲ ਰਿਹਾ ਹੈ। ਬਾਈਬਲ ਵਿਚ ਆਈ ਸੈਮਸਨ ਦੀ ਪ੍ਰਸਿੱਧ ਕਥਾ ਵੀ ਇਹ ਸਿੱਧ ਕਰਦੀ ਹੈ ਕਿ ਸੈਮਸਨ ਦੇ ਮਹਾਨ ਬਲ ਦਾ ਰਾਜ਼ ਉਸ ਦੇ ਲੰਮੇ ਕੇਸਾਂ ਵਿੱਚ ਸੀ। ਸੰਸਾਰ ਦੇ ਹੋਰ ਪ੍ਰਾਚੀਨ ਰਿਸ਼ੀਆਂ, ਮੁਨੀਆਂ, ਵੀਚਾਰਵਾਨਾਂ ਤੇ ਪੈਗ਼ੰਬਰਾਂ (ਬਾਬਾ ਆਦਮ, ਹਜ਼ਰਤ ਸੁਲੇਮਾਨ, ਹਜ਼ਰਤ ਮੁਹੰਮਦ, ਹਜ਼ਰਤ ਮੂਸਾ, ਹਜ਼ਰਤ ਜ਼ਰਤੁਸ਼ਤ, ਸੁਕਰਾਤ, ਯਾ-ਗੱਵਲਕ, ਆਦਿ ਵਾਂਗ) ਹਜ਼ਰਤ ਈਸਾ ਜੀ ਦੇ ਵੀ ਕੇਸ ਸਨ ਅਤੇ ਉਨ੍ਹਾਂ ਦੇ ਕਹੇ ਇਹ ਸ਼ਬਦ ਪ੍ਰਸਿੱਧ ਹਨ ਕਿ ਪ੍ਰਭੂ ਨੇ ਮਨੁੱਖ ਨੂੰ ਆਪਣੇ ਅਕਸ ਅਥਵਾ ਰੂਪ (ਸ਼ਕਲ) ਉਤੇ ਘੜਿਆ ਹੈ

:ated m: after His own image."

ਕੋਈ ਸਮਾਂ ਸੀ ਜਦ ਕਿਸੇ ਦੇ ਕੇਸ ਕਤਲ ਕਰਨਾ ਉਸ ਨੂੰ ਕਤਲ ਦਾ ਦੰਡ ਦੇਣ

ਤੁਲ ਸਮਝਿਆ ਜਾਂਦਾ ਸੀ; ਪਰੰਤੂ ਸਮੇਂ ਦੇ ਫੇਰ ਨਾਲ ਫ਼ੈਸ਼ਨ-ਪ੍ਰਸਤੀ ਅਧੀਨ ਲੋਕਾਂ ਨੇ ਆਪਣੀ ਸੁੰਦਰਤਾ, ਸਰਲਤਾ, ਸਾਦਗੀ ਤੇ ਆਤਮ ਜੀਵਨ ਦੇ ਜ਼ਾਮਨ—ਕੇਸਾਂ—ਉਤੇ ਵੀ ਹੱਥ ਫੇਰਨਾ ਅਰੰਭ ਦਿੱਤਾ ਹੈ। ਹੁਣ, ਕੇਸ ਕਈ ਜਜ਼ਬਿਆਂ ਹੇਠ ਕਟਵਾਏ ਜਾਂਦੇ ਹਨ। ਕੁਝ ਲੋਕ ਇਨ੍ਹਾਂ ਨੂੰ ਬਚਪਨ ਤੋਂ ਹੀ ਪਿਤਾ-ਪੁਰਖੀ ਰੀਤ ਅਨੁਸਾਰ ਕਟਵਾਉਂਦੇ ਹਨ ਤੇ ਫੇਰ ਇਹ ਉਨ੍ਹਾਂ ਦੀ ਵਾਦੀ ਬਣ ਜਾਂਦੀ ਹੈ; ਕੁਝ ਇਸ ਲਈ ਕਿ ਇਹ ਇਕ ਭੇਡ-ਚਾਲ ਹੈ ਅਤੇ ਉਹਨਾਂ ਨੇ ਵੇਖੋ ਵੇਖੀ ਇਸ ਬੁਰਾਈ ਨੂੰ ਅਪਣਾਅ ਲਿਆ ਹੈ: ਪਰੰਤੂ ਇਕ ਤਬਕਾ ਐਸਾ ਵੀ ਹੈ ਜੋ ਫ਼ੈਸ਼ਨ ਤੇ ਵਿਕਾਰ-ਵੱਸ ਹੋ, ਇਹ ਕਮਜ਼ੋਰੀ ਵਿਖਾਉਂਦਾ ਹੈ। ਇਨ੍ਹਾਂ ਦੀ ਇਹ ਦਲੀਲ ਕਿ 'ਸੁਸਾਇਟੀ' (ਵਿਸ਼ੇ ਵਿਕਾਰ-ਗਾਮੀ ਲੋਕ) ਜੋ ਆਤਮਕ ਕੀਮਤਾਂ ਤੋਂ ਕੋਰੇ ਹਨ ਅਤੇ 'ਬਾਬਰ ਬ-ਐਸ਼ ਕੋਸ਼ ਕਿ ਆਲਮ ਦੋਬਾਰਾ ਨੇਸਤ' ਦੇ ਨਾਹਰੇ ਦੇ ਹਾਮੀ ਹਨ, ਉਨ੍ਹਾਂ ਨੂੰ ਪਸੰਦ ਨਹੀਂ ਕਰਦੀ, ਇਤਨੀ ਥੋਥੀ ਤੇ ਥੋਦੀ ਹੈ ਕਿ ਇਸ ਦਾ ਆਤਮਕ ਮੰਡਲਾਂ ਤੇ ਜੀਵਨ ਦੀਆਂ ਸਹੀ ਕੀਮਤਾਂ ਦੀ ਮੰਡੀ ਵਿਚ ਇੱਕ ਫੁੱਟੀ ਕੌਡੀ ਵੀ ਮੁੱਲ ਨਹੀਂ। ਸਵਾਲ ਕੇਸ ਰੱਖਣ ਦਾ ਨਹੀਂ, ਨਾ ਕਟਾਉਣ ਦਾ ਹੈ। ਨਾ ਕਟਾਏ ਜਾਣ ਦੀ ਸੂਰਤ ਵਿਚ ਰੱਖੇ ਇਹ ਆਪੇ ਹੀ ਜਾਣਗੇ, ਬਿਨਾਂ ਕਿਸੇ ਉਚੇਚ ਦੇ। ਏਸੇ ਲਈ ਸ੍ਰੀ ਦਸਮੇਸ਼ ਜੀ ਦਾ ਆਦੇਸ਼ ਹੈ ਕਿ—**'ਸਿਖ ਭਦਨ ਨ ਕਰਾਵੇ'**। (ਭਦਨ—ਸਿਰ ਮੂੰਹ ਮੁੰਡਾਉਣਾ)

ਪੰਜ ਕੁ ਸਾਲ ਹੋਏ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਇਸ ਲੇਖਕ ਪਾਸ ਇਕ ਜਰਮਨ ਵੀਚਾਰਵਾਨ, ਜੋ ਸਿੱਧਾ ਚੀਨ ਤੋਂ ਭਾਰਤ ਆ ਰਿਹਾ ਸੀ ਅਤੇ ਜਿਸ ਨੇ ਚੀਨ ਬਾਰੇ ਇੱਕ ਪੁਸਤਕ ਵੀ ਲਿਖੀ ਤੇ ਪ੍ਰਕਾਸ਼ਤ ਕੀਤੀ ਸੀ, ਆਇਆ। ਸਿੱਖੀ ਬਾਰੇ ਪੁੱਛੇ ਕਈ ਇਕ ਪ੍ਰਸ਼ਨਾਂ ਵਿਚੋਂ ਇੱਕ ਇਹ ਵੀ ਸੀ ਕਿ 'ਸਿਖ ਕੇਸ ਕਿਉਂ ਰਖਦੇ ਹਨ ?' ਇਸ ਲੇਖਕ ਨੇ ਬੜੇ ਸਤਿਕਾਰ ਨਾਲ ਉਸ ਦਾ ਧਿਆਨ ਇਸ ਪ੍ਰਸ਼ਨ ਦੀ ਅਯੋਗਤਾ ਵਲ ਦਿਵਾਇਆ ਤੇ ਕਿਹਾ ਕਿ ਇਹ ਸਵਾਲ ਤਾਂ ਇਸ ਤਰ੍ਹਾਂ ਹੋਣਾ ਯੋਗ ਹੈ ਕਿ ਲੋਕੀਂ ਕੇਸ ਕਿਉਂ ਕਟਵਾਂਦੇ ਹਨ ? ਕੀ ਕਦੀ ਕਿਸੇ ਨੇ, ਕਿਸੇ ਨੂੰ, ਇਹ ਪ੍ਰਸ਼ਨ ਕੀਤਾ ਹੈ ਕਿ—"ਕਿਉਂ ਜੀ, ਤੁਸੀਂ ਇਹ ਅੱਖਾਂ, ਕੰਨ, ਨੱਕ ਆਦਿ ਕਿਉਂ ਰੱਖੇ ਹਨ ?" ਇਹ ਉੱਤਰ ਤੇ ਇਸ ਮਸਲੇ ਬਾਰੇ ਹੋਰ ਵੀਚਾਰ ਸੁਣ ਕੇ, ਉਹ ਬਹੁਤ ਪ੍ਰਭਾਵਤ ਅਤੇ ਪ੍ਰਸੰਨ ਹੋਇਆ।

ਗੋਇਆ ਜੀ ਨੇ ਵੀ ਥਾਂ ਥਾਂ ਸ੍ਰੀ ਦਸਮੇਸ਼ ਜੀ ਦੇ ਕੇਸਾਂ ਦਾ ਬਿਆਨ ਕਈ ਰੰਗਾਂ ਵਿਚ ਕੀਤਾ ਹੈ। ਉਨ੍ਹਾਂ ਨੇ ਇਨ੍ਹਾਂ ਦੀ ਇਕ ਇਕ ਤਾਰ ਦਾ ਮੁੱਲ ਦੋ ਦੋ ਆਲਮ ਪਾਇਆ ਹੈ, ਪਿਆਰੇ ਦੀ ਜ਼ੁਲਫ਼ ਦੇ ਪੇਚ ਵਿਚ ਕੁਲ ਆਲਮ ਬੱਧੇ ਵੇਖੇ ਤੇ ਦੱਸੇ ਹਨ।

ਏਥੇ ਆਪ ਕਹਿੰਦੇ ਹਨ ਕਿ ਜਦ ਸਵੇਰ ਦੀ ਹਵਾ ਪ੍ਰੀਤਮ ਦੀਆਂ ਜ਼ੁਲਫ਼ਾਂ ਦੇ ਕੁੰਡਲਾਂ ਨੂੰ ਕੰਘੀ ਕਰਦੀ ਹੈ ਤਾਂ ਤੇਰੇ ਦੀਵਾਨਿਆਂ ਲਈ ਇਕ ਜ਼ੰਜੀਰ ਬਣ ਜਾਂਦੀ ਹੈ—ਭਾਵ ਜ਼ੁਲਫ਼ਾਂ (ਕੇਸਾਂ) ਦੇ ਕੁੰਡਲਾਂ ਵਿਚ ਪ੍ਰੀਤਵਾਨਾਂ ਦੇ ਦਿਲ ਜਕੜੇ ਜਾਂਦੇ ਹਨ, ਮੋਹੇ ਜਾਂਦੇ ਹਨ।

ਦੂਜਾ ਖ਼ਿਆਲ ਇਸ ਗ਼ਜ਼ਲ ਵਿਚ ਇਹ ਹੈ ਕਿ ਰੱਬ ਨੇ ਮਨੁੱਖੀ ਸਰੀਰ ਨੂੰ ਆਪਣੇ ਰਹਿਣ ਲਈ ਇੱਕ ਘਰ ਬਣਾਇਆ ਹੈ। ਇਹ ਇਸ ਖ਼ਿਆਲ ਦੀ ਹੀ ਪ੍ਰੋੜ੍ਹਤਾ ਹੈ ਕਿ ਪ੍ਰਭੂ ਸਾਡੇ ਹਿਰਦੇ ਵਿਚ ਵਸਦਾ ਹੈ। ਉਸ ਦੀ ਭਾਲ ਅੰਦਰ ਕਰਨੀ ਹੈ

ਥਾਪੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥ (ਪੰਨਾ ੧੩੭)

ਤੀਜਾ ਖ਼ਿਆਲ ਇਹ ਹੈ ਕਿ ਆਸ਼ਕ ਦਾ ਦਿਲ ਪ੍ਰੀਤਮ ਦੇ ਰੰਗ ਵਿੱਚ ਰੰਗਿਆ ਜਾ ਕੇ ਉਸ ਨਾਲ ਇੱਕ-ਮਿੱਕ ਅਥਵਾ ਇੱਕ ਜੋਤ ਹੋ ਜਾਂਦਾ ਹੈ

ਹਰਿ ਹਰਿਜਨ ਦੁਇ ਏਕ ਹੈਂ, ਬਿਬ ਬਿਚਾਰ ਕਛੁ ਨਾਹਿ ॥
ਜਲ ਤੇ ਉਪਜ ਤਰੰਗ ਜਿਉਂ, ਜਲ ਹੀ ਬਿਖੈ ਸਮਾਹਿ ॥੬੦॥

(ਬਚਿਤ੍ਰ ਨਾਟਕ, ਧਿ: ੬)

ਅੰਤ ਵਿਚ, ਬਾਬੇ ਆਦਮ ਦੀ ਪੁਰਾਣਕ ਘਟਨਾ ਦਾ ਹਵਾਲਾ ਦੇ ਕੇ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਤੂੰ ਰੋਟੀ ਦੇ ਇੱਕ ਟੁਕੜੇ ਲਈ ਹਰ ਕਮੀਨੇ ਦੇ ਪਿਛੇ ਕਿਉਂ ਭੌਂਦਾ ਫਿਰਦਾ ਹੈਂ। ਮਨੁੱਖ (ਆਦਮ) ਤੇ 'ਮਾਈ ਹਵਾ' ਦੇ ਲੋਭ-ਲਾਲਚ ਵਿਚ ਆ ਜਾਣ ਦੀ, ਅੰਜੀਲ ਵਿੱਚੋਂ ਲਈ ਮਿਸਾਲ ਦੇ ਕੇ, ਇਸ ਗੱਲ ਨੂੰ ਸਮਝਾਇਆ ਹੈ। ਸੋ ਪ੍ਰਭੂ-ਲੋਕਾਂ ਨੇ

ਮਾਇਆ ਕਾਰਨਿ ਧਾਵਹੀ, ਮੂਰਖ ਲੋਗ ਅਜਾਨ ॥੨੮॥ *(ਮ: ੯, ਪੰਨਾ ੧੪੨੭)*

ਦੇ ਭਾਵ ਨੂੰ ਘੋਖ ਕੇ ਅਤੇ ਰਹਿਤਨਾਮੇ ਵਿਚ ਅੰਕਿਤ ਆਗਿਆ, ਕਿ ਸਿਖ, ਸਿਖ ਕੋਲ ਜਾਵੇ, 'ਛਾਦਨ (ਕਪੜਾ) ਭੋਜਨ ਲੇ ਲੇਵੈ, ਲੋਭ ਨਾ ਕਰੈ' ਦਾ ਧਾਰਨੀ ਹੋਣਾ ਹੈ। ਫੇਰ, ਠਾਕੁਰ, ਨੌਂ ਨਿਧੀਆਂ ਤੇ ਅਠ੍ਹਾਰਾਂ ਸਿਧੀਆਂ ਸੇਵਕ ਦੀ ਹਥੇਲੀ ਉਤੇ ਰਖ ਕੇ ਉਸ ਨੂੰ ਬੇਪ੍ਰਵਾਹ ਤੇ ਪਾਤਸ਼ਾਹਾਂ ਦਾ ਪਾਤਸ਼ਾਹ ਬਣਾ ਦਿੰਦਾ ਹੈ।

.ਗ਼ਜ਼ਲ ਨੰਬਰ ੨੨

ਹਯਦਹ ਹਜ਼ਾਰ ਸਜਦਾ, ਬਸੂਏ ਤੋ ਮੇ ਕੁਨੰਦ।
ਹਰ ਦਮ ਤਵਾਫ਼ਿ ਕਾਅਬਾ-ਇ ਕੂਏ ਤੋ ਮੇ ਕੁਨੰਦ॥੧॥
ਹਰ ਜਾ ਕਿ ਬਿਨਿਗਰੰਦ, ਜਮਾਲਿ-ਤੋ ਬਿਨਿਗਰੰਦ।
ਸਾਹਿਬ ਦਿਲਾਂ, ਨਜ਼ਾਰਾ-ਇ ਰੂਏ ਤੋ ਮੇ ਕੁਨੰਦ॥੨॥
ਜਾਂ ਰਾ ਨਿਸਾਰਿ ਕਿਆਮਤਿ ਰਾਅਨਾਤ ਕਰਦਾ-ਅੰਦ।
ਦਿਲ-ਹਾਏ ਮੁਰਦਹ, ਜ਼ਿੰਦਾ ਜ਼ਿ ਬੂਏ ਤੋ ਮੇ ਕੁਨੰਦ॥੩॥
ਆਈਨਾ-ਇ ਖ਼ੁਦਾ-ਨੁਮਾਏ ਹਸ੍ਰ ਰੂਏ ਤੋ।
ਦੀਦਾਰਿ ਹੱਕ ਜ਼ਿ ਸ਼ੀਸ਼ਾ-ਇ ਰੂਏ ਤੋ ਮੇ ਕੁਨੰਦ॥੪॥
ਤੀਰਾ ਦਿਲਾਂ ਕਿ: ਚਸ਼ਮ ਨ ਦਾਰੰਦ ਦਰ ਮੁਤਲਕਨ।
ਖ਼ੁਰਸ਼ੀਦ ਰਾ ਮੁਕਾਬਲਿ ਰੂਏ ਤੋ ਮੇ ਕੁਨੰਦ॥੫॥
ਮਸਤਾਨਿ ਸ਼ੌਕ ਗ਼ੁਲਗ਼ੁਲਾ ਦਾਰੰਦ ਦਰ ਜਹਾਂ।
ਸਦ ਜਾਂ ਫ਼ਿਦਾਏ, ਯਕ ਸਰਿ ਮੂਏ-ਤੋ ਮੇ ਕੁਨੰਦ॥੬॥
ਦਰ ਪਰਦਾ-ਇ ਜਮਾਲਿ ਤੋ, ਰੌਸ਼ਨ ਸ਼ਵਦ ਜਹਾਂ।
ਦਰ ਹਰ ਤਰਫ਼, ਕਿ: ਜ਼ਿਕਰਿ ਰੂਏ-ਤੋ ਮੇ ਕੁਨੰਦ॥੭॥
ਆਸ਼ੁਫ਼ਤਗਾਨਿ ਸ਼ੌਕਿ ਤੋ, 'ਗੋਇਆ' ਸਿਫ਼ਤ ਮੁਦਾਮ।
ਆਵਾਜ਼ਿ ਖ਼ੁਸ਼ ਕਲਾਮ, ਜ਼ਿ ਬੂਏ ਤੋ ਮੇ ਕੁਨੰਦ॥੮॥

ਪੰਜਾਬੀ ਕਾਵਿ ਅਨੁਵਾਦ

੧. ਦੁਨੀਆ ਦੇ ਸਭ ਜੀਵ ਤੇ ਜੰਤੂ, ਤੈਨੂੰ ਸੀਸ ਝੁਕਾਂਦੇ।
ਆਸ਼ਕ ਤੇਰੇ, ਗਲੀ ਤੇਰੀ ਦੇ, ਮੁੜ ਮੁੜ ਗੇੜੇ ਲਾਂਦੇ, ਹੂ।
੨. ਭੌਰ ਤੇਰੇ ਨੂੰ ਹਰ ਥਾਂ ਦਿੱਸੇ, ਜਲਵਾ ਤੇਰਾ ਨਿਆਰਾ।
ਗੁਰਮੁਖ ਵੇਖਣ ਚਾਈਂ ਚਾਈਂ, ਤੇਰਾ ਮੁੱਖ ਪਿਆਰਾ, ਹੂ।
੩. ਤੇਰੇ ਆਸ਼ਕ ਸੁੰਦਰ ਕੱਦੋਂ, ਤਨ ਮਨ ਘੋਲ ਘੁਮਾਂਦੇ।
ਮਹਿਕ ਤੇਰੀ ਸੰਗ ਮੋਇਆਂ ਤਾਈਂ, ਜ਼ਿੰਦਾ ਕਰ ਦਿਖਲਾਂਦੇ, ਹੂ।
੪. ਚਿਹਰਾ ਤੇਰਾ ਸਤਿਗੁਰ ਮੇਰੇ, ਦਰਪਨ ਵਾਂਗੂ ਫੱਬਦਾ।
ਉਸ ਦੇ ਵਿਚੋਂ ਸਾਨੂੰ ਦਿੱਸੇ, ਮਾਲਕ ਹੈ ਜੋ ਜੱਗ ਦਾ, ਹੂ।
੫. ਮੂਰਖ ਲੋਕੀਂ, ਅਕਲੋਂ ਹੀਣੇ, ਦਮ ਅਕਲ ਦਾ ਭਰਦੇ।
ਸੂਰਜ ਵਰਗਾ ਮੁੱਖੜਾ ਕਹਿ ਕੇ, ਉਪਮਾ ਤੇਰੀ ਕਰਦੇ, ਹੂ।
੬. ਆਸ਼ਕ ਤੇਰਾ, ਚਰਚਾ ਤੇਰੀ, ਕਰਦਾ ਬਾਰੰ ਬਾਰੇ।
ਇੱਕ ਇੱਕ ਰੋਮ ਤੇਰੇ ਦੇ ਉਤੋਂ, ਸੌ ਸੌ ਜਾਨਾਂ ਵਾਰੇ, ਹੂ।
੭. ਤੇਰੇ ਰੂਪ ਦੇ ਪਰਦੇ ਹੇਠਾਂ, ਰੌਸ਼ਨ ਹੈ ਜਗ ਸਾਰਾ।
ਤੇਰੇ ਦੀਦ ਦੀ ਚਰਚਾ ਕਰਦਾ, ਤੇਰਾ ਹਰ ਇੱਕ ਪਿਆਰਾ, ਹੂ।
੮. ਤੇਰੇ ਆਸ਼ਕ 'ਗੋਇਆ' ਤੇਰੀ, ਸਿਫ਼ਤ ਸਲਾਹ ਨੇ ਕਰਦੇ।
ਤੇਰੀ ਮਹਿਕੋਂ ਮਿੱਠਤ ਲੈ ਉਹ, ਗੀਤਾਂ ਵਿੱਚ ਨੇ ਭਰਦੇ, ਹੂ।

ਹਯਦਹ ਹਜ਼ਾਰ ਸਜਦਾ, ਬਸੂਏ ਤੋ ਮੇ ਕੁਨੰਦ।
ਹਰ ਦਮ ਤਵਾਫ਼ਿ ਕਾਅਬਾ-ਇ ਕੂਏ ਤੋ ਮੇ ਕੁਨੰਦ ॥੧॥

ਸ਼ਬਦਾਰਥ : ਹਯਦਹ ਹਜ਼ਾਰ—ਅਠਾਰ੍ਹਾਂ ਹਜ਼ਾਰ (ਆਲਮ), ਕੁਲ ਮਖ਼ਲੂਕਾਤ (ਜੀਵ ਜੰਤ) ਜੋ ਅਠਾਰ੍ਹਾਂ ਹਜ਼ਾਰ ਕਿਸਮ ਦੀ ਮੰਨੀ ਗਈ ਹੈ। ਸਜਦਾ—ਡੰਡਉਤ, ਬੰਦਨਾ। ਬਸੂਏ ਤੋ—ਤੇਰੇ ਵਲ। ਮੇ ਕੁਨੰਦ—ਕਰਦੇ ਹਨ। ਤਵਾਫ਼—ਪਰਕਰਮਾ। ਕੂਏ ਤੋ—ਤੇਰੇ ਕੂਚੇ ਦੀ, ਗਲੀ ਦੀ।

ਅਰਥ : ਅਠਾਰ੍ਹਾਂ ਹਜ਼ਾਰ (ਪ੍ਰਕਾਰ ਦੇ ਜੀਵ ਜੰਤ) ਤੇਰੇ ਵਲ ਬੰਦਨਾ ਕਰਦੇ ਹਨ। (ਪਰ ਤੇਰੇ ਆਸ਼ਕ) ਹਰ ਵੇਲੇ ਤੇਰੇ ਕੂਚੇ ਦੇ ਕਾਅਬੇ ਦੀ ਪਰਕਰਮਾ ਕਰਦੇ ਹਨ।

ਹਰ ਜਾ ਕਿ ਬਿਨਿਗਰੰਦ, ਜਮਾਲਿ-ਤੋ ਬਿਨਿਗਰੰਦ।
ਸਾਹਿਬ ਦਿਲਾਂ, ਨਜ਼ਾਰਾ-ਇ ਰੂਏ ਤੋ ਮੇ ਕੁਨੰਦ ॥੨॥

ਸ਼ਬਦਾਰਥ : ਜਾ—ਥਾਂ। ਬਿਨਿਗਰੰਦ—ਵੇਖਦੇ ਹਨ। ਜਮਾਲ—ਰੂਪ, ਜਲਵਾ। ਸਾਹਿਬ ਦਿਲਾਂ—ਦਿਲ ਦੇ ਮਾਲਿਕ, ਜਿਨ੍ਹਾਂ ਦਾ ਮਨ ਵਸ ਵਿਚ ਹੈ, ਮਹਾਤਮਾ, ਗੁਰਮੁਖ। ਨਜ਼ਾਰਾ—ਦ੍ਰਿਸ਼। ਰੂਏ ਤੋ—ਤੇਰਾ ਚਿਹਰਾ।

ਅਰਥ : (ਤੇਰੇ ਮਤਵਾਲੇ) ਜਿਸ ਥਾਂ ਵੀ ਵੇਖਦੇ ਹਨ, ਤੇਰਾ ਜਲਵਾ ਵੇਖਦੇ ਹਨ। ਗੁਰਮੁਖ ਤੇਰੇ ਚਿਹਰੇ ਦਾ ਜਲਵਾ (ਦ੍ਰਿਸ਼) ਕਰਦੇ ਹਨ (ਮਾਣਦੇ ਹਨ)।

ਜਾਂ ਰਾ ਨਿਸਾਰਿ ਕ਼ਿਆਮਤਿ ਰਾਅਨਾਤ ਕਰਦਾ-ਅੰਦ।
ਦਿਲ-ਹਾਏ ਮੁਰਦਹ, ਜ਼ਿੰਦਾ ਜ਼ਿ ਬੂਏ ਤੋ ਮੇ ਕੁਨੰਦ ॥੩॥

ਸ਼ਬਦਾਰਥ : ਜਾਂ—ਜਿੰਦ। ਨਿਸਾਰ—ਕੁਰਬਾਨ, ਵਾਰਨੇ। ਕ਼ਿਆਮਤ—(ਅਰਬੀ ਪਦ ਹੈ) ਅਰਥ ਹਨ—ਉਠ ਖੜੇ ਹੋ ਜਾਣ ਜਾਂ ਕਾਇਮ ਹੋਣ ਦਾ, ਉਹ ਦਿਨ ਜਦ ਮੁਰਦੇ ਕੱਬਰਾਂ ਵਿਚੋਂ ਉੱਠ ਕੇ ਖੜੇ ਹੋ ਜਾਣੇ (ਮੁਸਲਮਾਨੀ ਮਤ ਅਨੁਸਾਰ) ਮੰਨੇ ਗਏ ਹਨ। ਫ਼ਾਰਸੀ ਬੋਲੀ ਵਿਚ ਇਸ ਦੇ ਅਰਥ ਹਨ—ਬਹੁਤਾਤ, ਅਤਿਅੰਤਤਾ, ਅਨੋਖਾ ਕੰਮ। ਰਾਅਨਾਤ—ਤੇਰੀ ਸੁੰਦਰਤਾ। ਤ—ਤੇਰਾ। ਕਰਦਾ-ਅੰਦ—ਕਰਦੇ ਹਨ। ਜ਼ਿ—ਤੋਂ, ਨਾਲ। ਬੂ—ਸੁਗੰਧੀ।

ਅਰਥ : (ਤੇਰੇ ਪ੍ਰੇਮੀ) ਤੇਰੀ ਕਿਆਮਤ ਲੈ ਆਉਣ ਵਾਲੀ ਸੁੰਦਰਤਾ (ਭਾਵ, ਅਦੁੱਤੀ ਸੁੰਦਰਤਾ) ਤੋਂ (ਆਪਣੀ) ਜਿੰਦ ਕੁਰਬਾਨ ਕਰਦੇ ਹਨ, ਮੁਰਦਾ ਦਿਲਾਂ ਨੂੰ ਸੁਗੰਧੀ ਨਾਲ ਜ਼ਿੰਦਾ ਕਰਦੇ ਹਨ।

ਨੋਟ : ਕਈ ਥਾਈਂ 'ਕਿਆਮਤ' ਦੀ ਥਾਂ ਪਾਠ ਕਾਮਤ ਹੈ, ਇਸ ਦਾ ਅਰਥ ਹੈ—ਕੱਦ, ਜੁੱਸਾ। ਇਸ ਅਨੁਸਾਰ ਪਹਿਲੇ ਮਿਸਰੇ ਦੇ ਅਰਥ ਹਨ (ਤੇਰੇ ਪ੍ਰੇਮੀ) ਤੇਰੇ ਸੁੰਦਰ ਕੱਦ ਤੋਂ ਜਾਨ ਵਾਰਦੇ ਹਨ।

ਆਈਨਾ-ਇ ਖ਼ੁਦਾ-ਨੁਮਾਏ ਹਸੁ ਰੂਏ ਤੋ।
ਦੀਦਾਰਿ ਹੱਕ ਜ਼ਿ ਸ਼ੀਸ਼ਾ-ਇ ਰੂਏ ਤੋ ਮੇ ਕੁਨੰਦ ॥੪॥

ਸ਼ਬਦਾਰਥ : ਆਈਨਾ—ਸ਼ੀਸ਼ਾ, ਦਰਪਨ। ਨੁਮਾ—ਵਿਖਾਣ ਵਾਲਾ। ਹਸਤ—ਹੈ। ਰੂਏ ਤੋ—ਤੇਰਾ ਮੁਖੜਾ। ਦੀਦਾਰਿ ਹੱਕ—ਵਾਹਿਗੁਰੂ ਦੇ ਦਰਸ਼ਨ।

ਅਰਥ : (ਹੇ ਸਤਿਗੁਰੂ) ਤੇਰਾ ਚਿਹਰਾ (ਦਰਸ਼ਨ) ਵਾਹਿਗੁਰੂ ਨੂੰ ਵਿਖਾਉਣ ਵਾਲਾ ਸ਼ੀਸ਼ਾ ਹੈ। (ਇਸ ਲਈ ਤੇਰੇ ਪ੍ਰੇਮੀ) ਪ੍ਰਭੂ ਦਾ ਦਰਸ਼ਨ ਤੇਰੇ ਚਿਹਰੇ ਦੇ ਸ਼ੀਸ਼ੇ ਤੋਂ ਕਰਦੇ ਹਨ।

ਤੀਰਾ ਦਿਲਾਂ ਕਿ: ਚਸ਼ਮ ਨ ਦਾਰੰਦ ਦਰ ਮੁਤਲਕਨ।
ਖ਼ੁਰਸ਼ੀਦ ਰਾ ਮੁਕਾਬਲਿ ਰੂਏ ਤੋ ਮੇ ਕੁਨੰਦ ॥੫॥

ਸ਼ਬਦਾਰਥ : ਤੀਰ ਦਿਲਾਂ—ਹਨੇਰੇ ਦਿਲ ਵਾਲੇ, ਅਗਿਆਨੀ। ਨ ਦਾਰੰਦ—ਨਹੀਂ ਰਖਦੇ। ਮੁਤਲਕਨ—ਉੱਕਾ ਹੀ, ਕੱਤਈ । ਖ਼ੁਰਸ਼ੀਦ—ਸੂਰਜ।

ਅਰਥ : ਹਨੇਰੇ ਦਿਲਾਂ ਵਾਲੇ (ਅਗਿਆਨੀ), ਜੋ ਕਿ ਉੱਕਾ ਹੀ ਅੱਖਾਂ (ਗਿਆਨ-ਚਖਸ਼ੂ) ਨਹੀਂ ਰਖਦੇ, ਉਹ (ਮੂਰਖ) ਸੂਰਜ ਨੂੰ ਤੇਰੇ ਚਿਹਰੇ ਦੀ ਤੁਲਨਾ (ਸਮਾਨਤਾ) ਦਿੰਦੇ ਹਨ।

ਮਸਤਾਨਿ ਸ਼ੌਕ, ਗ਼ੁਲਗ਼ੁਲਾ ਦਾਰੰਦ ਦਰ ਜਹਾਂ।
ਸਦ ਜਾਂ ਫ਼ਿਦਾਏ, ਯਕ ਸਰਿ ਮੂਏ-ਤੋ ਮੇ ਕੁਨੰਦ ॥੬॥

ਸ਼ਬਦਾਰਥ : ਮਸਤਾਨਿ ਸ਼ੌਕ—(ਪ੍ਰਭੂ ਦੇ) ਪ੍ਰੇਮ ਵਿਚ ਮਤਵਾਲੇ। ਗ਼ੁਲਗ਼ੁਲਾ—ਸ਼ੋਰ, ਰੌਲਾ-ਗੌਲਾ। ਦਾਰੰਦ—ਰੱਖਦੇ ਹਨ (ਪਾਉਂਦੇ ਹਨ)। ਸਦ ਜਾਂ—ਸੌ ਜਾਨਾਂ। ਫ਼ਿਦਾ—ਕੁਰਬਾਨ। ਮੂ—ਵਾਲ, ਕੇਸ। ਯਕ ਸਰਿ ਮੂਏ ਤੋ—ਤੇਰੇ ਸਿਰ ਦੇ ਕੇਸਾਂ ਦਾ ਇਕ ਵਾਲ।

ਅਰਥ : (ਪ੍ਰਭੂ ਦੇ) ਪ੍ਰੇਮ ਦੇ ਮਤਵਾਲੇ ਜਗਤ ਵਿੱਚ ਤੇਰਾ ਰੌਲਾ ਗੌਲਾ (ਚਰਚਾ) ਰੱਖਦੇ (ਵੇਖਦੇ) ਹਨ। (ਉਹ) ਸੈਂਕੜੇ ਜਾਨਾਂ ਤੇਰੇ ਸਿਰ ਦੇ ਇਕ ਵਾਲ ਤੋਂ ਕੁਰਬਾਨ ਕਰਦੇ ਹਨ।

ਦਰ ਪਰਦਾ-ਇ ਜਮਾਲਿ ਤੋ, ਰੌਸ਼ਨ ਸ਼ਵਦ ਜਹਾਂ॥
ਦਰ ਹਰ ਤਰਫ਼, ਕਿ: ਜ਼ਿਕਰਿ ਰੂਏ-ਤੋ ਮੇ ਕੁਨੰਦ ॥੭॥

ਸ਼ਬਦਾਰਥ : ਜਮਾਲਿ ਤੋ—ਤੇਰਾ ਰੂਪ, ਪ੍ਰਕਾਸ਼। ਸ਼ਵਦ—ਹੁੰਦਾ ਹੈ। ਰੌਸ਼ਨ—ਚਾਨਣ। ਜ਼ਿਕਰ—ਚਰਚਾ।

ਅਰਥ : ਤੇਰੇ ਰੂਪ (ਪ੍ਰਕਾਸ਼) ਦੇ ਪਰਦੇ ਹੇਠ (ਸਾਰਾ) ਜਗਤ ਜਗਮਗਾਂਦਾ ਹੈ। (ਤੇਰੇ ਜਗਿਆਸੂ) ਹਰ ਪਾਸੇ ਤੇਰੇ ਦੀਦਾਰ ਦਾ (ਹੀ) ਜ਼ਿਕਰ ਕਰਦੇ ਹਨ।

ਆਸ਼ੁਫ਼ਤਗਾਨਿ ਸ਼ੌਕਿ ਤੋ, 'ਗੋਇਆ' ਸਿਫ਼ਤ ਮੁਦਾਮ।
ਆਵਾਜ਼ਿ ਖ਼ੁਸ਼ ਕਲਾਮ, ਜ਼ਿ ਬੂਏ ਤੋ ਮੇ ਕੁਨੰਦ ॥੮॥

ਸ਼ਬਦਾਰਥ : ਆਸ਼ੁਫ਼ਤਗਾਨ—ਮਤਵਾਲੇ, ਪ੍ਰੇਮੀ। ਸ਼ੌਕਿ ਤੋ—ਤੇਰੇ ਪ੍ਰੇਮ ਦੇ। ਸਿਫ਼ਤ—ਤਾਰੀਫ਼, ਕੀਰਤੀ। ਮੁਦਾਮ—ਸਦਾ।

ਅਰਥ : ('ਗੋਇਆ' ਜੀ ਫ਼ੁਰਮਾਉਂਦੇ ਹਨ ਕਿ) ਤੇਰੇ ਮਤਵਾਲੇ ਸਦਾ (ਤੇਰੀ) ਸਦੀਵੀ ਸਿਫ਼ਤ-ਸਲਾਹ (ਕਰਦੇ ਹਨ ਅਤੇ) ਆਪਣੀ ਬੋਲੀ ਵਿਚ ਮਧੁਰਤਾ ਤੇਰੀ ਸੁਗੰਧੀ ਤੋਂ ਲੈਂਦੇ ਹਨ।

ਵਿਆਖਿਆ

ਕਹਿਣ ਮਾਤਰ ਨੂੰ ਤਾਂ ਅਕਾਲ ਪੁਰਖ ਦੇ ਦੋ ਸਰੂਪ ਮੰਨੇ ਜਾਂਦੇ ਹਨ—ਇਕ ਨਿਰਗੁਣ ਤੇ ਦੂਜਾ ਸਰਗੁਣ; ਪਰ ਵਾਸਤਵ ਵਿਚ ਉਹ ਇੱਕੋ ਸਮੇਂ, ਇਕੋ ਹੀ ਹਸਤੀ ਨਿਰਗੁਣ ਵੀ ਹੈ ਤੇ ਸਰਗੁਣ ਵੀ। ਗੁਰਵਾਕ ਹੈ

ਨਿਰਗੁਨੁ ਆਪਿ, ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥ *(ਸੁਖਮਨੀ ਸਾਹਿਬ, ਪੰਨਾ ੨੮੭)*

ਉਸ ਦੇ ਨਿਰਗੁਣ ਸਰੂਪ ਬਾਰੇ ਸਾਹਿਬਾਂ ਦਾ ਫ਼ੁਰਮਾਨ ਹੈ

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ, ਕੋਊ ਕਹਿ ਨ ਸਕਤ ਕਿਹ॥ *(ਜਾਪੁ ਸਾਹਿਬ)*

ਤਥਾ **ਰੂਪੁ ਨ ਰੇਖ ਨ ਰੰਗੁ ਕਿਛੁ, ਤ੍ਰਿਹੁ ਗੁਣ ਤੇ ਪ੍ਰਭੁ ਭਿੰਨ॥**
ਤਿਸਹਿ ਬੁਝਾਏ ਨਾਨਕਾ, ਜਿਸੁ ਹੋਵੈ ਸੁਪ੍ਰਸੰਨ॥
(ਸੁਖਮਨੀ ਸਾਹਿਬ, ਪੰਨਾ ੨੮੩)

ਐਸੀ ਨਿਰੰਕਾਰੀ ਪਰਮ ਜੋਤੀ ਦੇ ਵਾਸ ਬਾਰੇ ਗੁਰਦੇਵ ਜੀ ਫ਼ੁਰਮਾਉਂਦੇ ਹਨ

ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥ *(ਜਪੁਜੀ)*

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਦਿਸਦੇ ਤੇ ਅਣਦਿਸਦੇ ਸੰਸਾਰ ਨੂੰ ਹੋਂਦ ਵਿਚ ਲਿਆਉਣ ਤੇ ਧਾਰਨ ਵਾਲੀ ਐਸੀ ਹਸਤੀ, ਜੋ ਮਨ, ਬੁਧ, ਚਿੱਤ ਤੇ ਇੰਦਰਿਆਂ ਦੀ ਪਹੁੰਚ ਤੋਂ ਪਰੇ ਹੈ, ਦੀ ਲਖਤਾ ਕਿਵੇਂ ਹੋਵੇ ? ਕਿਵੇਂ ਉਸ ਦੇ ਦਰਸ਼ਨ ਹੋਣ ਤੇ ਕਿਵੇਂ ਪਤੀਜੇ ਇਹ ਸਾਡਾ ਅਮੋੜ ਤੇ ਚੰਚਲ ਮਨ ?

ਇਸ ਸੰਬੰਧ ਵਿਚ ਪਹਿਲਾ ਕਦਮ ਇਹ ਹੈ ਕਿ ਉਸ ਹਸਤੀ ਦੀ 'ਸੱਤਯਤਾ' (ਹੋਂਦ) ਬਾਰੇ ਸਾਡੇ ਅੰਦਰ ਦ੍ਰਿੜ੍ਹ ਵਿਸ਼ਵਾਸ ਹੋਵੇ ਕਿ ਵਾਹਿਗੁਰੂ 'ਹੈ' ਅਤੇ 'ਅਵੱਸ਼ ਹੈ।' ਗੁਰਦੇਵ ਨੇ ਮੂਲ ਮੰਤਰ ਵਿਚ '੧ਓ' ਦੀਆਂ ਕੁਝ ਪ੍ਰਸਿੱਧ ਸਿਫ਼ਤਾਂ ਵਰਨਣ ਕਰਨ ਤੋਂ ਪਹਿਲਾਂ ਉਸ ਨੂੰ 'ਸਤਿ' (ਹੋਂਦ ਵਾਲਾ Existential) ਕਰ ਕੇ ਲਿਖਿਆ ਹੈ। 'ਸਤਿਨਾਮੁ' ਨੂੰ ਪਰਾ ਪੂਰਬਲਾ ਨਾਮ ਕਹਿ ਕੇ ਦਰਸਾਇਆ ਤੇ ਵਡਿਆਇਆ ਹੈ। ਗੁਰਵਾਕ ਹੈ

ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥
(ਮਾਰੂ ਮ: ੫, ਪੰਨਾ ੧੦੮੩)

ਉਸ ਦੇ 'ਸਤਿ' ਹੋਣ ਦਾ ਵਿਸ਼ਵਾਸ ਹੀ ਸਹੀ ਤੇ ਨਿਰਮਲ ਗਿਆਨ ਦਾ ਮੁੱਢ ਹੈ, ਪੰਚਮ ਪਾਤਸ਼ਾਹ ਨੇ ਨਿਰਣੈ ਕੀਤਾ ਹੈ :

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥

ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥੨॥੧੭॥ *(ਸੁਖਮਨੀ ਸਾਹਿਬ, ਪੰਨਾ ੨੮੫)*

ਦੂਜਾ, ਉਸ ਦੇ ਸਰਗੁਣ ਸਰੂਪ ਰਾਹੀਂ ਉਸ ਦੀ ਲਖਤਾ ਹੁੰਦੀ ਹੈ। ਕੁਲ ਕਾਇਨਾਤ ਅਥਵਾ ਕੁਦਰਤ ਉਸ ਦਾ ਸਰਗੁਣ ਸਰੂਪ ਹੈ। ਇਸ ਸਭ ਕੁਝ ਨੂੰ ਓਹ ਆਪਣੇ 'ਨਾਮੁ (ਸੱਤਾ) ਨਾਲ ਧਾਰ ਰਿਹਾ ਹੈ। ਕੁਦਰਤ ਦੇ ਵਚਿੱਤਰ ਚਿੱਤਰ ਪਿੱਛੇ ਉਸ ਮਹਾਨ ਕਲਾਕਾਰ ਨੂੰ ਬੜੀ ਸ਼ਿੱਦਤ ਨਾਲ ਅਨੁਭਵ ਕਰਨਾ ਹੈ; ਜਿਵੇਂ

(ੳ) **ਬਲਿਹਾਰੀ ਕੁਦਰਤਿ ਵਸਿਆ ॥** *(ਆਸਾ ਦੀ ਵਾਰ, ਪੰਨਾ ੪੬੯)*

(ਅ) **ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥** *(ਪੰਨਾ ੪੬੩)*

(ੲ) **ਜੇਤਾ ਕੀਤਾ, ਤੇਤਾ ਨਾਉ ॥** *(ਜਪੁਜੀ)*

(ਸ) **ਕਰਤੇ ਕੁਦਰਤੀ ਮੁਸਤਾਕੁ ॥** *(ਤਿਲੰਗ ਮ: ੫, ੭੨੪)*

(ਹ) **ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ ॥**

ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਆ ॥ *(ਸੋਰਠਿ ਮ: ੫, ਪੰਨਾ ੬੧੭)*

ਤੀਜਾ, ਐਸੀਆਂ ਮਹਾਨ ਵਯਕਤੀਆਂ ਰਾਹੀਂ ਉਸ ਦੀ ਲਖਤਾ ਹੁੰਦੀ ਹੈ, ਜੋ ਅਕਾਲ ਪੁਰਖ ਦੀ ਪਰਮ ਜੋਤ ਦੀ ਛੁਹ ਨਾਲ ਸਰਸ਼ਾਰ ਤੇ ਪ੍ਰਜਵੱਲਤ ਹੋਣ। ਇਹ ਸਤਿ ਪੁਰਖ ਐਸੀਆਂ ਨਦੀਆਂ ਸਮਾਨ ਹਨ ਜਿਨ੍ਹਾਂ ਦਾ ਇੱਕ ਸਿਰਾ ਤਾਂ ਪਰਮ ਜੋਤ ਦੇ ਸਰ-ਚਸ਼ਮੇ ਨਾਲ ਜੁੜਿਆ ਹੋਵੇ ਤੇ ਦੂਜਾ ਜਗਤ ਦੇ ਟੋਬਿਆਂ ਨਾਲ। ਉਹ ਵਾਹਿਗੁਰੂ ਨਾਲ ਸਦਾ ਇਕ-ਸੁਰ ਹਨ; ਗੋਬਿੰਦ ਰੂਪ ਹਨ। ਸਿਖ ਜਗਤ ਵਿਚ ਇਨ੍ਹਾਂ ਪੂਜਜ ਹਸਤੀਆਂ ਨੂੰ ਗੁਰੂ ਪਦ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਦੇ ਅਰਥ ਹਨ—ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲਾ (ਭਾਵ, ਅਗਿਆਨ-ਵਿਨਾਸ਼ਕ)।

ਹਿੰਦੂ ਵੀਚਾਰਵਾਨਾਂ ਨੇ ਤਾਂ ਉਪਨਿਸ਼ਦਾਂ ਵਿਚ 'ਈਸ਼੍ਵਰਾਂਸਿੱਧੇ' (ਈਸ਼੍ਵਰ ਸਾਬਤ ਨਹੀਂ ਕੀਤਾ ਜਾ ਸਕਦਾ) ਕਹਿ ਕੇ ਗੱਲ ਹੀ ਮੁਕਾ ਛੱਡੀ ਹੈ, ਕਿਉਂਕਿ ਪਰਤੱਖ, ਅਨੁਮਾਨ ਅਤੇ ਉਪਮਾ ਪ੍ਰਮਾਣਾਂ ਦੁਆਰਾ ਉਸ ਨੂੰ ਸਿੱਧ ਜਾਂ ਅਸਿੱਧ ਕਰਨਾ ਸੰਭਵ ਨਹੀਂ। ਉਹ ਕੇਵਲ ਸ਼ਬਦ ਪ੍ਰਮਾਣ ਦੁਆਰਾ ਹੀ ਸਿੱਧ ਹੋ ਸਕਦਾ ਹੈ। ਵੇਖੋ, ਗੁਰਦੇਵ ਦੁਹਾਈ ਦੇ ਕੇ ਇਹ ਦਾਅਵਾ ਕਰ ਰਹੇ ਹਨ ਕਿ :

ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥ *(ਮ: ੫, ਪੰਨਾ ੩੯੭)*

ਅਤੇ ਨਾਲ ਹੀ ਇਹ ਧਿਜਾਅ ਵੀ ਦਿੰਦੇ ਹਨ ਕਿ ਉਹ ਕਾਮਲ ਗੁਰੂ ਦੇ ਸ਼ਬਦ, ਸਿਖਿਆ ਅਥਵਾ ਬਾਣੀ ਦੁਆਰਾ ਮਹਿਸੂਸਿਆ ਮਾਣਿਆ ਜਾ ਸਕਦਾ ਹੈ। ਫ਼ੁਰਮਾਨ ਹੈ

ਸਭ ਮਹਿ ਜੋਤਿ ਜੋਤਿ ਹੈ ਸੋਇ ॥

ਤਿਸ ਦੈ ਚਾਨਣਿ, ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ, ਜੋਤਿ ਪਰਗਟੁ ਹੋਇ ॥ *(ਸੋਹਿਲਾ)*

ਨੋਟ ਉਪ੍ਰੋਕਤ ਤੁਕਾਂ ਵਿਚ ਪਦ 'ਚਾਨਣਿ' (ਚਾਨਣ ਦੁਆਰਾ) ਤੇ 'ਚਾਨਣੁ' (ਚਾਨਣ) ਨੋਟ ਕਰਨ ਯੋਗ ਹੈ। ਦੋਵੇਂ ਨਾਂਵ ਹਨ, ਪਰ ਪਹਿਲਾ ਕਰਣ ਕਾਰਕ ਵਿੱਚ ਹੈ ਤੇ ਦੂਜਾ ਕਰਤਾ ਕਾਰਕ ਵਿੱਚ। (ਵਾਚੋ—*ਗੁਰਬਾਣੀ ਸੰਪਾਦਨ ਨਿਰਣੈ*)

ਸੋ, ਸਿਖ ਲਈ ਗੁਰੂ ਇਕ ਤਰ੍ਹਾਂ ਨਾਲ ਰੱਬ ਦਾ ਰੂਪ ਵੀ ਹੋਇਆ ਤੇ ਮਨੁੱਖੀ ਸਰੀਰ ਦਾ ਧਾਰਨੀ ਹੋਣ ਕਰਕੇ ਪਰਮ ਗੁਰੂ ਵਿਅਕਤੀ ਤੇ ਉਪਦੇਸ਼ਟਾ ਵੀ। ਅਸਲ ਵਿੱਚ ਉਹ ਇਕ ਪੁਲ ਸਮਾਨ, ਲੋਕ ਤੇ ਪਰਲੋਕ ਅਥਵਾ ਜੀਵਨ ਦੇ ਸੰਸਾਰਕ ਤੇ ਅਧਿਆਤਮਕ ਪੱਖਾਂ ਦੀ ਪਰਸਪਰ ਸਾਂਝ ਕਾਇਮ ਰੱਖਣ ਦਾ ਵਸੀਲਾ ਹੈ, ਬਸੀਠ ਹੈ।

ਏਸੇ ਲਈ, ਭਾਈ ਨੰਦ ਲਾਲ ਜੀ, [1]ਭੱਟਾਂ ਸਮਾਨ, ਜਦ ਕਲਗੀਆਂ ਵਾਲੇ ਨੂੰ ਵਾਹਿਗੁਰੂ ਨਾਲ ਅਭੇਦਤਾ ਵਾਲੀ ਅਵਸਥਾ ਵਿੱਚ ਤਕਦੇ ਹਨ ਤਾਂ ਕੀ ਵੇਖਦੇ ਹਨ ਕਿ ਅਠਾਰ੍ਹਾਂ ਹਜ਼ਾਰ ਪ੍ਰਕਾਰ ਦੀ ਮਖ਼ਲੂਕ ਉਨ੍ਹਾਂ ਨੂੰ ਸਜਦਾ ਕਰ ਰਹੀ ਹੈ। ਸਾਰੇ ਪਾਸੇ ਗੁਰੂ ਜੀ ਦਾ ਹੀ ਪ੍ਰਕਾਸ਼ ਦਿਸਦਾ ਹੈ। ਪਰੰਤੂ, ਜਦ ਉਨ੍ਹਾਂ ਨੂੰ ਮਨੁੱਖੀ ਜਾਮੇ ਵਿਚ ਵੇਖਦੇ ਹਨ ਤਾਂ ਕੇਸਾਂ ਦਿਆਂ ਕੁੰਡਲਾਂ, ਮਤਵਾਲੇ ਨੈਣਾਂ ਅਤੇ ਚੰਦਰਮੁਖੀ ਚਿਹਰੇ ਆਦਿ ਦੀ ਪ੍ਰਸੰਸਾ ਬਿਆਨ ਕਰਦੇ ਨਹੀਂ ਰੱਜਦੇ। ਕੇਸਾਂ ਦੀ ਤਾਰ ਤਾਰ ਤੋਂ ਸਦ-ਜਾਨ ਕੁਰਬਾਨ ਹੁੰਦੇ ਹਨ। ਹਰੀ-ਕੀਰਤਨ ਕਰਨ ਵਾਲੇ ਮਸਤਾਨਿਆਂ ਦੀ ਮਧੁਰ ਸੁਰ ਦਾ ਰਾਜ਼ ਵੀ, ਗੁਰਦੇਵ ਤੋਂ ਪ੍ਰਾਪਤ ਸੁਗੰਧੀ ਹੀ ਦਰਸਾਂਦੇ ਹਨ।

ਗੁਰੂ ਜੀ ਦੇ 'ਗੋਬਿੰਦ ਰੂਪ' ਹੋਣ ਦਾ ਇਹ ਅਦਭੁਤ ਭੇਦ ਜਿਨ੍ਹਾਂ ਜਾਣਿਆ ਉਨ੍ਹਾਂ ਨੇ ਹਰ ਪਾਸੇ 'ਗੁਰੂ' ਦਾ ਹੀ ਜਲਵਾ ਵੇਖਿਆ ਤੇ ਸਦਾ ਓਸੇ ਦਾ ਹੀ ਜ਼ਿਕਰ ਜ਼ਬਾਨ ਉਤੇ ਲਿਆਂਦਾ। ਜਿਵੇਂ :

ਸ਼ਮਾ ਮਹਿਫ਼ਲ ਮੇਂ, ਚਮਨ ਮੇਂ ਗੁਲ, ਫ਼ਲਕ ਪਰ ਮੇਹਰੋ ਮਾਹ।
ਦੇਖਨੇ ਵਾਲਾ ਜੋ ਹੋ, ਹਰ ਜਾ ਤੇਰੀ ਤਸਵੀਰ ਹੈ। *(ਇਕਬਾਲ)*

—o—

ਐ ਜ਼ਹੇ ਮੁਰਸ਼ਿਦ ਕਿ: ਬਾ-ਹੱਕ ਆਸ਼ਨਾ।
ਕਰਦ ਫ਼ਾਰਗ਼ ਅਜ਼ ਗ਼ਮੇ ਰੰਜੋ ਬਲਾ॥੪੩੭॥

(ਜ਼ਿੰਦਗੀਨਾਮਾ, ਭਾ: ਨੰਦ ਲਾਲ ਜੀ)

(ਉਹ) ਸਤਿਗੁਰੂ ਧੰਨ ਹਨ ਜਿਸ ਨੇ ਕਿ ਸੱਚੇ ਵਾਹਿਗੁਰੂ ਨਾਲ (ਸਾਡਾ) ਮੇਲ ਕਰਾ ਦਿੱਤਾ ਹੈ ਅਤੇ ਦੁੱਖਾਂ ਤੇ ਰੋਗਾਂ ਸੋਗਾਂ ਤੋਂ ਛੁਟਕਾਰਾ।

---

੧. ਸਤਜੁਗਿ ਤੈ ਮਾਣਿਓ, ਛਲਿਓ ਬਲਿ, ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ, ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ, ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥੭॥
(ਸਵਈਏ ਮਹਲੇ ਪਹਿਲੇ ਕੇ, ਭੱਟ ਕਲ੍ਹ, ਪੰਨਾ ੧੩੯੦)

ਗ਼ਜ਼ਲ ਨੰਬਰ ੨੩

ਐ ਗਰਦਸ਼ਿ ਚਸ਼ਮੇ ਤੋ, ਕਿ: ਔਯਾਮ ਨ ਦਾਰਦ।
ਖ਼ੁਰਸ਼ੀਦਿ ਫ਼ਲਕ਼ ਪੇਸ਼ਿ ਰੁਖ਼ਤ, ਨਾਮ ਨ ਦਾਰਦ ॥੧॥

ਸੱਯਾਦਿ ਕ਼ੱਜ਼ਾ, ਅਜ਼ ਪਏ ਦਿਲ ਬੁਰਦਨਿ ਆਸ਼ਕ।
ਜੁਜ਼ ਹਲਕਾ-ਇ ਜ਼ੁਲਫ਼ਿ ਤੋ, ਦਿਗਰ ਦਾਮ ਨ-ਦਾਰਦ ॥੨॥

ਈਂ ਉਮਰਿ ਗਿਰਾਂ ਮਾਇਆ, ਗ਼ਨੀਮਤ ਸ਼ੁਮਰ ਆਖ਼ਰ।
ਮਾ ਸੁਬਹ ਨ ਦੀਦੇਮ, ਕਿ ੳ ਸ਼ਾਮ ਨ-ਦਾਰਦ ॥੩॥

ਤਾ ਚੰਦ ਦਿਲਾਸਾ ਕੁਨਮ, ਈਂ ਖ਼ਾਤਰਿ ਖ਼ੁਦ ਰਾ।
ਬੇ ਦੀਦਨਿ ਰੂਏ ਤੋ, ਦਿਲ ਆਰਾਮ ਨ-ਦਾਰਦ ॥੪॥

ਈਂ ਚਸ਼ਮਿ ਗੌਹਰ ਬਾਰ, ਕਿ ਦਰਯਾ ਸ਼ੁਦਾ 'ਗੋਇਆ'।
ਪਏ ਰੂਏ ਦਿਲ ਆਰਾਏ ਤੋ, ਆਰਾਮ ਨ-ਦਾਰਦ ॥੫॥

ਪੰਜਾਬੀ ਕਾਵਿ ਅਨੁਵਾਦ

੧. ਤੇਰੀ ਅੱਖ ਦੇ ਚੱਕਰ ਸਾਹਵੇਂ, ਚੱਕਰ-ਕਾਲ ਨ ਕਾਈ।
ਤੇਰੇ ਦੀਦ ਦੇ ਸਾਹਵੇਂ ਸੂਰਜ, ਹੋਂਦ ਨ ਰੱਖੇ ਰਾਈ, ਹੂ।

੨. ਆਸ਼ਕ ਦੀ ਜਿੰਦ ਕੱਢਣ ਖ਼ਾਤਰ, ਬਾਝੋਂ ਕੁੰਡਲ-ਜਾਲੀ।
ਮੌਤ-ਸ਼ਿਕਾਰੀ ਰਖਦਾ ਨਾਹੀਂ, ਫਾਹੀ ਹੋਰ ਸੁਖਾਲੀ, ਹੂ।

੩. ਇਹ ਜੀਵਨ ਨਿਰਮੋਲਕ ਹੀਰਾ, ਵੇਖੀਂ ਨ ਜਾਏ ਅਜਾਈਂ।
ਸੁਬਹ ਅਸਾਂ ਨ ਐਸੀ ਡਿੱਠੀ, ਜਿਸ ਤੇ ਸ਼ਾਮ ਨ ਆਈ, ਹੂ।

੪. ਦਿਲ ਤਾਈਂ ਮੈਂ ਕਿੱਥੋਂ ਤੀਕਰ, ਦੇਵਾਂ ਧੀਰਜ ਪਿਆਰੇ।
ਪਲ ਭਰ ਉਸ ਨੂੰ ਚੈਨ ਨ ਆਵੇ, ਬਿਨ ਵੇਖੇ ਦੀਦਾਰੇ, ਹੂ।

੫. ਅੱਖ ਮੋਤੀ ਬਰਸਾਵਨ ਵਾਲੀ, ਬਣੀ ਹੈ ਦਰਯਾ ਮੇਰੀ।
ਬਿਨ ਡਿੱਠੇ ਆਰਾਮ ਨ 'ਗੋਇਆ', ਸਹਿ ਨਾ ਸੱਕੇ ਦੇਰੀ, ਹੂ।

ਐ ਗਰਦਸ਼ਿ ਚਸ਼ਮੇ ਤੋ, ਕਿ: ਅੱਯਾਮ ਨ-ਦਾਰਦ।
ਖ਼ੁਰਸ਼ੀਦਿ ਫ਼ਲਕ ਪੇਸ਼ਿ ਰੁਖ਼ਤ, ਨਾਮ ਨ-ਦਾਰਦ ॥੧॥

ਸ਼ਬਦਾਰਥ : ਗਰਦਸ਼—ਫੇਰ। ਅੱਯਾਮ—ਯੌਮ (ਦਿਨ) ਦਾ ਬਹੁ ਵਚਨ, ਸਮਾਂ, ਜ਼ਮਾਨਾ। ਨਦਾਰਦ—ਨਹੀਂ ਰਖਦਾ। ਖ਼ੁਰਸ਼ੀਦ—ਸੂਰਜ। ਫ਼ਲਕ—ਅਕਾਸ਼। ਪੇਸ਼—ਸਾਹਮਣੇ, ਅਗੇ। ਰੁਖ਼ਤ—ਤੇਰਾ ਚਿਹਰਾ।

ਅਰਥ : (ਹੇ ਪ੍ਰੀਤਮ !) ਤੇਰੀ ਅੱਖ ਦਾ ਫੇਰ (ਚੱਕਰ) ਸਮਾਂ ਨਹੀਂ ਰਖਦਾ, ਭਾਵ, ਜਿਥੇ ਕਾਲ ਦਾ ਵੇਗ ਹਰੇਕ ਦਾ ਕਾਲ (ਅੰਤ) ਕਰਦਾ ਹੈ ਓਥੇ ਤੇਰੀ ਅੱਖ ਦਾ ਫੇਰ ਅਮਰ ਅਨੰਦੀ ਜੀਵਨ ਬਖ਼ਸ਼ਦਾ ਹੈ। ਅਕਾਸ਼ ਦਾ ਸੂਰਜ ਤੇਰੇ ਚਿਹਰੇ (ਦੀਦਾਰ) ਸਾਹਮਣੇ (ਕੋਈ) ਨਾਮ (ਹਸਤੀ) ਨਹੀਂ ਰਖਦਾ।

ਸੱਯਾਦਿ ਕ਼ੱਜ਼ਾ, ਅਜ਼ ਪਏ ਦਿਲ ਬੁਰਦਨਿ ਆਸ਼ਕ।
ਜੁਜ਼ ਹਲਕਾ-ਇ ਜ਼ੁਲਫ਼ਿ ਤੋ, ਦਿਗਰ ਦਾਮ ਨ-ਦਾਰਦ ॥੨॥

ਸ਼ਬਦਾਰਥ : ਸੱਯਾਦ—ਸ਼ਿਕਾਰੀ, ਬੱਧਕ। ਕ਼ੱਜ਼ਾ—ਮਰਗ, ਮੌਤ। ਪਏ—ਵਾਸਤੇ। ਬੁਰਦਨ—ਲੈ ਜਾਣਾ, ਕੱਢਣਾ। ਦਿਲ ਬੁਰਦਨ—ਜਾਨ ਕੱਢ ਲੈ ਜਾਣਾ। ਜੁਜ਼—ਬਗ਼ੈਰ। ਹਲਕਾ-ਇ ਜ਼ੁਲਫ਼ਿ ਤੋ—ਤੇਰੀ ਜ਼ੁਲਫ਼ ਦਾ ਕੁੰਡਲ। ਦਿਗਰ—ਹੋਰ, ਦੂਜਾ। ਦਾਮ—ਜਾਲ, ਫਾਹੀ।

ਅਰਥ : ਮੌਤ ਦਾ ਸ਼ਿਕਾਰੀ ਆਸ਼ਕ ਦੀ ਜਾਨ ਕਢਣ ਵਾਸਤੇ ਤੇਰੀ ਜ਼ੁਲਫ਼ ਦੇ ਕੁੰਡਲ ਤੋਂ ਬਗ਼ੈਰ (ਹੋਰ ਕੋਈ) ਫਾਹੀ ਨਹੀਂ ਰਖਦਾ। ਭਾਵ, ਤੇਰੇ ਪ੍ਰੇਮੀਆਂ ਦੀ ਜਾਨ ਤੇਰੇ ਕੇਸਾਂ ਦੀ ਲਿਟ ਦੇ ਕੁੰਡਲ ਵਿਚ ਬੰਦ ਹੈ, ਉਹ ਤੇਰੀ ਸੁੰਦਰਤਾ ਦੇ ਦੀਦਾਰਿਆਂ ਵਿਚ ਲੀਨ ਹੁੰਦੇ ਹਨ, ਇਸ ਲਈ ਮੌਤ ਦੇ ਫ਼ਰਿਸ਼ਤੇ ਦੀ ਤੇਰੇ ਪ੍ਰੇਮੀਆਂ ਅਗੇ ਪੇਸ਼ ਨਹੀਂ ਜਾ ਸਕਦੀ।

ਈਂ ਉਮਰਿ ਗਿਰਾਂ ਮਾਇਆ, ਗ਼ਨੀਮਤ ਸ਼ੁਮਰ ਆਖ਼ਰ।
ਮਾ ਸੁਬਹ ਨ ਦੀਦੇਮ, ਕਿ ਓ ਸ਼ਾਮ ਨ-ਦਾਰਦ ॥੩॥

ਸ਼ਬਦਾਰਥ : ਈਂ—ਇਹ। ਗਿਰਾਂ ਮਾਇਆ—ਮਹਿੰਗੀ, ਵਡਮੁੱਲੀ, ਕੀਮਤੀ। ਗ਼ਨੀਮਤ—ਬਿਨਾਂ ਕਸ਼ਟ ਦੇ ਮਿਲੀ ਵਸਤੂ, ਨਿਆਮਤ, ਬਖ਼ਸ਼ਸ਼ (ਅਰਬੀ ਵਿਚ ਇਸ ਦੇ ਅਰਥ ਹਨ—ਲੁਟ ਦਾ ਮਾਲ)। ਸ਼ੁਮਰ—ਸ਼ੁਮਾਰ ਕਰ, ਸਮਝ। ਨ ਦੀਦੇਮ—ਨਹੀਂ ਵੇਖੀ ਅਸਾਂ।

ਅਰਥ : ਇਸ ਬਹੁ-ਮੁੱਲੀ ਆਯੂ ਨੂੰ ਨਿਆਮਤ ਸਮਝ, (ਕਿਉਂ ਜੁ) ਅਸਾਂ (ਅਜਿਹੀ ਕੋਈ) ਸਵੇਰ ਨਹੀਂ ਵੇਖੀ ਜਿਹੜੀ ਸ਼ਾਮ ਨਾ ਰਖਦੀ ਹੋਵੇ। (ਜੋ ਘੜਿਆ ਓਸ ਨੇ ਭਜਣਾ ਹੈ, ਜੋ ਜੰਮਿਆ ਉਸ ਨੇ ਅੰਤ ਨੂੰ ਮਰਨਾ ਹੈ)।

ਤਾ ਚੰਦ ਦਿਲਾਸਾ ਕੁਨਮ, ਈਂ ਖ਼ਾਤਰਿ ਖ਼ੁਦ ਰਾ।
ਬੇ ਦੀਦਨਿ ਰੂਏ ਤੋ, ਦਿਲ ਆਰਾਮ ਨ-ਦਾਰਦ ॥੪॥

ਸ਼ਬਦਾਰਥ : ਤਾ ਚੰਦ—ਕਿਥੋਂ ਤਕ ? ਕੁਨਮ—ਮੈਂ ਕਰਾਂ (ਦੇਵਾਂ)। ਖ਼ਾਤਰ—ਦਿਲ।

ਖ਼ੁਦ ਰਾ—ਆਪਣੇ ਨੂੰ। ਦੀਦਨ—ਦਰਸ਼ਨ ਕਰਨਾ। ਬੇ—ਬਿਨਾਂ। ਰੂ—ਚਿਹਰਾ।

ਅਰਥ : ਮੈਂ ਕਿਥੋਂ ਤਕ ਆਪਣੇ ਦਿਲ ਨੂੰ ਧੀਰਜ ਦੇਵਾਂ, ਉਹ ਤੇਰੇ ਦੀਦਾਰ ਤੋਂ ਬਿਨਾਂ ਆਰਾਮ ਨਹੀਂ ਰਖਦਾ (ਕਰ ਸਕਦਾ)।

ਈਂ ਚਸ਼ਮਿ ਗੌਹਰ ਬਾਰ, ਕਿ ਦਰਯਾ ਸ਼ੁਦਾ 'ਗੋਇਆ'।
[1]ਪਏ ਰੂਏ ਦਿਲ ਆਰਾਏ ਤੋ, ਆਰਾਮ ਨ-ਦਾਰਦ ॥੫॥

ਸ਼ਬਦਾਰਥ : ਚਸ਼ਮ—ਅੱਖ। ਗੌਹਰ—ਮੋਤੀ। ਗੌਹਰ ਬਾਰ—ਮੋਤੀ (ਅਥਰੂ) ਵਰਸਾਉਣ ਵਾਲੀ। ਸ਼ੁਦਾ—ਹੋਇਆ। ਪਏ—ਵਾਸਤੇ, ਲਈ। ਦਿਲ ਆਰਾਏ—ਦਿਲ ਨੂੰ ਸੁਹੱਪਣ ਦੇਣ ਵਾਲਾ।

ਅਰਥ : ਐ ਗੋਇਆ, ਇਹ ਹੰਝੂ ਵਹਾਉਣ ਵਾਲੀਆਂ ਅੱਖਾਂ ਤੇਰੇ ਸ਼ੋਭਾ ਦੇਣ ਵਾਲੇ ਦਰਸ਼ਨਾਂ ਵਾਸਤੇ ਦਰਿਆ ਬਣ ਗਈਆਂ (ਹਨ), ਧੀਰਜ ਨਹੀਂ ਧਰਦੀਆਂ।

ਵਿਆਖਿਆ

ਇਸ ਗ਼ਜ਼ਲ ਵਿਚ ਭਾਈ ਸਾਹਿਬ ਪ੍ਰੀਤਮ (ਸਤਿਗੁਰੂ) ਦੀ ਅੱਖ ਦੇ ਫੇਰ ਦਾ ਟਾਕਰਾ, ਕਾਲ ਦੇ ਚੱਕਰ ਨਾਲ ਕਰਦੇ ਤੇ ਦਸਦੇ ਹਨ ਕਿ ਜਿਥੇ ਕਾਲ ਦਾ ਨਿਰਦਈ ਵੇਗ ਹਰੇਕ ਦਾ ਕਾਲ (ਅੰਤ) ਕਰਦਾ ਹੈ, ਓਥੇ ਪਿਆਰੇ ਦੀ ਅੱਖ ਦਾ ਚੱਕਰ ਜੀਅ-ਦਾਨ ਬਖ਼ਸ਼ਦਾ ਹੈ। ਏਸੇ ਲਈ, ਆਕਾਸ਼ ਦਾ ਸੂਰਜ ਗੁਰੂ-ਪ੍ਰੀਤਮ ਦੇ ਸਾਹਮਣੇ ਕੋਈ ਹੈਸੀਅਤ ਨਹੀਂ ਰਖਦਾ, ਸਗੋਂ, ਉਸ ਦਾ ਪਾਣੀ ਭਰਦਾ ਹੈ।

ਫੇਰ ਦਸਦੇ ਹਨ ਕਿ ਏਸ ਵਡਮੁੱਲੀ ਉਮਰ ਨੂੰ ਵਾਹਿਗੁਰੂ ਦੀ ਅਮੋਲਕ ਦਾਤ ਸਮਝ ਕੇ ਸਫਲਾ ਕਰਨਾ ਉਚਿਤ ਹੈ। ਜਿਵੇਂ ਹਰ ਸਵੇਰ ਦੀ ਅਵੱਸ਼ ਸ਼ਾਮ ਹੁੰਦੀ ਹੈ, ਤਿਵੇਂ ਹਰੇਕ ਉਮਰ ਦੀ ਡੋਰ ਨੇ ਆਖ਼ਰ ਟੁੱਟ ਜਾਣਾ ਹੈ। ਪਰੰਤੂ, ਮਨੁੱਖ, ਮਾਇਆ ਦੇ ਪ੍ਰਭਾਵ ਹੇਠ ਆਇਆ ਇਸ ਹਕ਼ੀਕ਼ਤ ਨੂੰ ਜਾਣਦਾ ਹੋਇਆ ਵੀ, ਨਹੀਂ ਜਾਣਦਾ। ਸ਼ੇਖ਼ ਫ਼ਰੀਦ ਜੀ ਇਸ ਹਕ਼ੀਕ਼ਤ ਬਾਰੇ ਚੇਤਾਵਨੀ ਕਰਾਉਂਦੇ ਹੋਏ ਫ਼ੁਰਮਾਂਦੇ ਹਨ

ਫਰੀਦਾ ਕਿਥੈ ਤੈਡੇ ਮਾਪਿਆ, ਜਿਨ੍ਹੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ, ਤੂੰ ਅਜੈ ਨ ਪਤੀਣੋਹਿ ॥੭੩॥ *(ਪੰਨਾ ੧੩੮੧)*

ਐਸੇ ਬਲੀ ਕਾਲ ਦਾ ਜ਼ਿਕਰ ਕਰਦੇ ਹੋਏ ਸ੍ਰੀ ਦਸਮੇਸ਼ ਜੀ ਅਕਾਲ ਉਸਤਤਿ ਵਿਚ ਲਿਖਦੇ ਹਨ

ਜੋਗੀ ਜਤੀ ਬ੍ਰਹਮਚਾਰੀ, ਬਡੇ ਬਡੇ ਛਤ੍ਰਧਾਰੀ,
ਛਤ੍ਰ ਹੀ ਕੀ ਛਾਇਆ, ਕਈ ਕੋਸ ਲੌ ਚਲਤ ਹੈਂ।

---

੧. ਦੂਜਾ ਪਾਠ 'ਪਏ ਰੂਏ ਦਿਲ ਆਰਾਏ ਤੋਂ' ਦੀ ਥਾਂ 'ਬੇ ਰੂਏ ਦਿਲ ਆਰਾਏ ਤੋ' ਹੈ।
ਅਰਥ ਹੈ: ਐ ਗੋਇਆ—ਇਹ ਹੰਝੂ ਵਹਾਉਣ ਵਾਲੀਆਂ ਅੱਖਾਂ (ਮਾਨੋ) ਦਰਿਆ ਬਣ ਗਈਆਂ ਹਨ। (ਇਹ) ਤੇਰੇ ਸ਼ੋਭਾ ਦੇਣ ਵਾਲੇ ਦਰਸ਼ਨਾਂ ਤੋਂ ਬਿਨਾਂ ਆਰਾਮ ਨਹੀਂ ਕਰਦੀਆਂ।

ਬਡੇ ਬਡੇ ਰਾਜਨ ਕੇ ਦਾਬਿਤ ਫਿਰਤਿ ਦੇਸ,
ਬਡੇ ਬਡੇ ਭੂਪਨ ਕੇ ਦ੍ਰਪ ਕੌ ਦਲਤ ਹੈਂ।
ਮਾਨ ਸੇ ਮਹੀਪ ਔ, ਦਲੀਪ ਕੇ ਸੇ ਛਤ੍ਰਧਾਰੀ,
ਬਡੋ ਅਭਿਮਾਨ, ਭੁਜ ਦੰਡ ਕੋ ਕਰਤ ਹੈਂ।
ਦਾਰਾ ਸੇ ਦਿਲੀਸਰ, ਦ੍ਰਜੋਧਨ ਕੇ ਸੇ ਮਾਨਧਾਰੀ,
ਭੋਗ ਭੋਗ ਭੂਮ, ਅੰਤ ਭੂਮ ਮੇ ਮਿਲਤ ਹੈਂ ॥੯॥੭੯॥ (ਅਕਾਲ ਉਸਤਤਿ, ਪਾ. ੧੦

ਜਦ ਕਾਲ ਦੀ ਕਿਰਪਾਨ ਨੇ ਸਭ ਛੋਟੇ ਵੱਡੇ ਨੂੰ ਅਵੱਸ਼ ਪਾਰ ਬੁਲਾਣਾ ਹੈ, ਤਾਂ ਓਹੀ ਘੜੀ ਸੁਲੱਖਣੀ ਹੈ ਜੋ ਪਿਆਰੇ ਦੀ ਯਾਦ ਅਥਵਾ ਦੀਦਾਰ ਦੀ ਸਿਕ ਵਿਚ ਗੁਜ਼ਰੇ ਸੋ, ਹਕ਼ੀਕ਼ੀ ਆਸ਼ਕ ਵੈਰਾਗ ਦੇ ਅਥਰੂ ਵਹਾ ਕੇ ਹੜ੍ਹ ਲੈ ਆਉਂਦੇ ਹਨ ਅਤੇ ਉਤਨਾ ਚਿਰ ਉਨ੍ਹਾਂ ਲਈ ਅਰਾਮ ਹਰਾਮ ਹੈ ਜਦ ਤਕ ਉਹ ਦੀਦਾਰ ਦੀ ਪਿਆਸ ਬੁਝਾ, ਨੈਣ ਤੇ ਸੀਨਾ ਠਾਰ, ਪਰਮ ਅਨੰਦ (Perpetual Bliss) ਦੀ ਪ੍ਰਾਪਤੀ ਨਹੀਂ ਕਰ ਲੈਂਦੇ।

.ਗ਼ਜ਼ਲ ਨੰਬਰ ੨੪

ਤਾ ਲਾਅਲਿ ਜਾਂ ਫ਼ਜ਼ਾਏ ਤੋ, ਗੋਇਆ ਨਮੇ ਸ਼ਵੱਦ।
ਦਰਮਾਨਿ ਦਰਦਿ ਮਾਸਤ, ਕਿ ਪੈਦਾ ਨਮੇ ਸ਼ਵੱਦ ॥੧॥

ਲਬਿ ਤਿਸ਼ਨਾ ਰਾ, ਜ਼ਿ ਆਬਿ ਲਬਤ, ਹਸ੍ਰ ਆਰਜ਼ੂ।
ਤਸਕੀਨਿ ਮਾ, ਜ਼ਿ ਖ਼ਿਜ਼ਰੋ ਮਸੀਹਾ, ਨਮੇ ਸ਼ਵੱਦ ॥੨॥

ਦਾਰੇਮ ਦਰਦਿ ਦਿਲ, ਕਿ: ਮਰਾ ਊਰਾ ਇਲਾਜ ਨੇਸ੍ਰ।
ਤਾ ਜਾਂ ਨਮੇ ਦਿਹੇਮ, ਮਦਾਵਾ ਨਮੇ ਸ਼ਵੱਦ ॥੩॥

ਗੁਫ਼ਤਮ ਕਿ: ਜਾਂ ਦਿਹੇਮ, ਇਵਜ਼ਿ ਯਕ ਨਿਗਾਹਿ ਤੋ।
ਗੁਫ਼ਤਾ, ਮਿਆਨੇ ਮਾ ਓ ਤੋ, ਸੌਦਾ ਨਮੇ ਸ਼ਵੱਦ ॥੪॥

ਅੰਦਰ ਹਵਾਏ ਜ਼ੁਲਫ਼ਿ ਗਿਰਹ-ਗੀਰ, ਮਹ-ਵਸ਼ਾਂ।
ਮਨ ਮੇ ਰਵਮ, ਗਿਰਹ ਜ਼ਿ ਦਿਲਮ, ਵਾ ਨਮੇ ਸ਼ਵੱਦ ॥੫॥

ਬਾ ਸਾਹਿਲਿ ਮੁਰਾਦ, ਕੁਜਾੱ ਆਸ਼ਨਾ ਸ਼ਵੇਮ।
ਤਾ ਚਸ਼ਮਿ ਮਾ, ਬ-ਯਾਦਿ ਤੋ, ਦਰਯਾ ਨਮੇ ਸ਼ਵੱਦ ॥੬॥

'ਗੋਇਆ' ਦਰ ਇੰਤਜ਼ਾਰਿ ਤੋ, ਚਸ਼ਮਮ ਸਫ਼ੈਦ ਸ਼ੁਦ।
ਮਨ ਚੂੰ ਕੁਨਮ ਕਿ: ਬੇ ਤੋ, ਦਿਲਾਸਾ ਨਮੇ ਸ਼ਵਦ ॥੭॥

ਪੰਜਾਬੀ ਕਾਵਿ ਅਨੁਵਾਦ

੧. ਜਦ ਤੱਕ ਤੇਰੇ ਬੁੱਲ੍ਹਾਂ ਵਿਚੋਂ, ਬੋਲ ਨ ਨਿਕਲੇ ਪਿਆਰਾ।
ਤਦ ਤਕ ਮੇਰੇ ਦੁੱਖਾਂ ਸੰਦਾ, ਹੋਣਾ ਨਹੀਂ ਕੋਈ ਚਾਰਾ, ਹੂ।

੨. ਬੁਲ੍ਹ ਤਿਹਾਏ ਮੇਰੇ ਲੋੜਨ, ਤੇਰੀ ਅੰਮ੍ਰਿਤ ਧਾਰਾ।
ਖ਼ਿਜ਼ਰ ਮਸੀਹਾ ਕਰ ਨਹੀਂ ਸਕਦੇ, ਇਸ ਦਾ ਕੋਈ ਚਾਰਾ, ਹੂ।

੩. ਜਿਸ ਦਰਦ ਦਾ ਦਾਰੂ ਨਾਹੀਂ, ਵੇਦਨ ਐਸੀ ਚੰਬੜੀ।
ਇਹ ਪੀੜਾ ਨ ਖਹਿੜਾ ਛੱਡੇ, ਬਿਨਾਂ ਵਾਰਿਆਂ ਜਿੰਦੜੀ, ਹੂ।

੪. ਮੈਂ ਕਿਹਾ, "ਇੱਕ ਦ੍ਰਿਸ਼ਟੀ ਉੱਤੋਂ, ਤਨ ਮਨ ਸਦਕੇ ਜਾਵੇ"।
ਓਸ ਕਿਹਾ, "ਇਹ ਸੌਦਾ ਮਹਿੰਗਾ, ਮੈਨੂੰ ਮੂਲ ਨ ਭਾਵੇ", ਹੂ।

੫. ਚੰਦ੍ਰ-ਮੁਖੀ ਦੀ ਜ਼ੁਲਫ਼ ਦੇ ਅੰਦਰ, ਭਟਕ ਰਹਿਆ ਮਨ ਮੇਰਾ।
ਦਿਲ ਦੀ ਘੁੰਡੀ ਖੁੱਲ੍ਹੇ ਨਾਹੀਂ, ਦੀਦਾਰ ਨ ਹੋਵੇ ਤੇਰਾ, ਹੂ।

੬. ਅਸੀਂ ਮੁਰਾਦਾਂ ਵਾਲੇ ਕੰਢਿਓਂ, ਜਾਣੂ ਕਦੇ ਨਹੀਂ ਰਹਿੰਦੇ।
ਯਾਦ ਤੇਰੀ 'ਚ ਜਦ ਤਕ ਨੈਨਾਂ, ਬਣ ਦਰਿਆ ਨਹੀਂ ਵਹਿੰਦੇ, ਹੂ।

੭. ਅੱਖ 'ਗੋਇਆ' ਦੀ ਤਾਂਘ ਦੀਦ ਵਿੱਚ, ਰੋ ਰੋ ਚਿੱਟੀ ਹੋਈ।
ਤੇਰੇ ਬਾਝੋਂ ਇਸ ਨੂੰ ਦਾਤਾ, ਧੀਰ ਨ ਦੇਵੇ ਕੋਈ, ਹੂ।

ਤਾ ਲਾਅਲਿ ਜਾਂ ਫ਼ਜ਼ਾਏ ਤੋ, ਗੋਇਆ ਨਮੇ ਸ਼ਵੱਦ।
ਦਰਮਾਨਿ ਦਰਦਿ ਮਾਸਤ, ਕਿ ਪੈਦਾ ਨਮੇ ਸ਼ਵੱਦ ॥੧॥

ਸ਼ਬਦਾਰਥ : ਜਾਂ—ਜਿੰਦ। ਫ਼ਿਜ਼ਾ—ਵਧਾਉਣ ਵਾਲਾ। ਲਾਅਲ—ਲਾਲ ਰੰਗ ਜੋ ਹਰੇਕ ਵਸਤੂ, ਖ਼ਾਸ ਕਰਕੇ ਲਾਲ ਰੰਗ ਦਾ ਪ੍ਰਸਿੱਧ ਵੱਡਮੁੱਲਾ ਜਵਾਹਰ, ਇਥੇ ਭਾਵ ਪਿਆਰੇ ਦੇ ਲਾਲ ਬੁੱਲ੍ਹਾਂ ਤੋਂ ਹੈ। ਗੋਇਆ—ਕਹਿਣ ਵਾਲਾ, ਬੋਲੀ, ਉਚਾਰ। ਨਮੇ ਸ਼ਵੱਦ ਨਹੀਂ ਹੁੰਦਾ। ਦਰਮਾਨ—ਦਾਰੂ, ਇਲਾਜ।

ਅਰਥ : ਜਦ ਤੀਕ (ਹੇ ਸਤਿਗੁਰੂ!) ਤੇਰੇ ਜੀਵਨ ਬਖ਼ਸ਼ਣ ਵਾਲੇ (ਲਾਲਾਂ ਤੋਂ ਅਮੁਲੀਕ), (ਲਾਲ) ਬੁਲ੍ਹਾਂ ਤੋਂ, (ਕੁਝ) ਉਚਾਰਨ ਨਹੀਂ ਹੁੰਦਾ, (ਜੋ ਕਿ) ਸਾਡੇ ਦਰਦ (ਵਿਜੋਗ ਦੀ ਪੀੜਾ) ਦਾ ਇਲਾਜ ਹੈ, (ਪਰੰਤੂ) ਜੋ (ਇਲਾਜ ਕਿ) ਪੈਦਾ ਨਹੀਂ ਹੋ ਰਿਹਾ (ਭਾਵ—ਪ੍ਰੀਤਮ ਆਪਣੇ ਪਵਿੱਤਰ ਮੁਖੜੇ ਤੋਂ, ਮਿਹਰ ਦੇ ਘਰ ਵਿੱਚ ਆ ਕੇ, ਜਦ ਤਕ ਕੁਝ ਵੀ ਉਚਾਰਨ ਨਹੀਂ ਕਰੇਗਾ, ਮੇਰੇ ਦਰਦ ਦਾ ਦਾਰੂ ਨਹੀਂ ਹੋਵੇਗਾ।

ਲਬਿ ਤਿਸ਼ਨਾ ਰਾ, ਜ਼ਿ ਆਬਿ ਲਬਤ, ਹਸ੍ਤ ਆਰਜ਼ੂ ॥
ਤਸਕੀਨਿ ਮਾ, ਜ਼ਿ ਖ਼ਿਜ਼ਰੋ ਮਸੀਹਾ, ਨਮੇ ਸ਼ਵੱਦ ॥੨॥

ਸ਼ਬਦਾਰਥ : ਲਬ—ਬੁਲ੍ਹ। ਤਿਸ਼ਨਾ—ਪਿਆਸੇ। ਰਾ—ਨੂੰ। ਜ਼ਿ—ਤੋਂ। ਲਬਤ-ਲਬ+ਤ—ਤੇਰੇ ਬੁਲ੍ਹਾਂ। ਆਬ—ਆਬਿ ਹਯਾਤ, ਅੰਮ੍ਰਿਤ। ਹਸ੍ਤ—ਹੈ। ਆਰਜ਼ੂ—ਤਮੰਨਾ, ਇੱਛਾ। ਤਸਕੀਨਿ ਮਾ—ਸਾਡੀ ਤਸੱਲੀ। ਖ਼ਿਜ਼ਰ—ਵਰਣ ਦੇਵਤਾ, ਪਾਣੀਆਂ ਦਾ ਦੇਵਤਾ ਜਿਸ ਦੇ ਇਕ ਸਾਗਰ—ਬਹਿਰੇ ਜ਼ੁਲਮਾਤ (ਅੰਧ ਸਾਗਰ)—ਵਿਚ 'ਆਬਿ ਹਯਾਤ' ਦਾ ਚਸ਼ਮਾ ਹੋਣ ਦੀ ਮਨੌਤ ਹੈ। ਮਸੀਹ—ਦੁਖ ਹਰਨ ਵਾਲਾ, ਈਸਾਈਆਂ ਦਾ ਪੈਗ਼ੰਬਰ, ਯਸੂ। (ਮਨੌਤ ਹੈ ਕਿ ਉਸ ਦਾ ਪੱਲਾ ਛੁਹਣ ਨਾਲ ਮੁਰਦੇ ਜੀਅ ਉਠਦੇ ਹਨ)।

ਅਰਥ : ਪਿਆਸੇ ਬੁਲ੍ਹਾਂ ਨੂੰ ਤੇਰੇ ਬੁਲ੍ਹਾਂ ਦੇ ਅੰਮ੍ਰਿਤ ਦੀ ਤੀਬਰ ਇੱਛਾ ਹੈ, ਸਾਡੀ ਤਸੱਲੀ ਖ਼ਿਜ਼ਰ ਤੇ ਮਸੀਹ ਤੋਂ ਨਹੀਂ ਹੋ ਸਕਦੀ।

ਦਾਰੇਮ ਦਰਦਿ ਦਿਲ, ਕਿ: ਮਰਾ ਊਰਾ ਇਲਾਜ ਨੇਸ੍ਤ।
ਤਾ ਜਾਂ ਨਮੇ ਦਿਹੇਮ, ਮਦਾਵਾ ਨਮੇ ਸ਼ਵੱਦ ॥੩॥

ਸ਼ਬਦਾਰਥ : ਦਾਰੇਮ—ਅਸੀਂ ਰਖਦੇ ਹਾਂ। ਦਰਦਿ ਦਿਲ—ਦਿਲ ਦੀ ਪੀੜਾ। ਮਰਾ—ਮੈਨੂੰ। ਊਰਾ—ਉਸ ਨੂੰ, ਉਸ ਦਾ। ਨੇਸ੍ਤ—ਨਹੀਂ ਹੈ। ਜਾਂ—ਜਿੰਦ। ਨਮੇ ਦਹੇਮ—ਅਸੀਂ ਨਹੀਂ ਦੇਂਦੇ। ਮਦਾਵਾ—ਦਾਰੂ। ਨਮੇ ਸ਼ਵੱਦ—ਨਹੀਂ ਹੁੰਦਾ। ਤਾ—ਜਿਤਨਾ ਚਿਰ ਤਕ।

ਅਰਥ : ਅਸੀਂ (ਅਜਿਹੀ) ਦਿਲ ਦੀ ਪੀੜਾ ਰਖਦੇ ਹਾਂ ਕਿ ਉਸ ਦਾ (ਕੋਈ) ਇਲਾਜ ਨਹੀਂ ਹੈ। ਜਿਤਨਾ ਚਿਰ ਤਕ ਅਸੀਂ ਜਾਨ ਨਹੀਂ ਦਿੰਦੇ (ਕੁਰਬਾਨ ਨਹੀਂ ਕਰਦੇ), (ਦਿਲ-ਪੀੜ ਦਾ) ਦਾਰੂ ਨਹੀਂ ਹੁੰਦਾ (ਹੋ ਸਕਦਾ)।

ਗੁਫ਼ਤਮ ਕਿ: ਜਾਂ ਦਿਹੰਮ, ਇਵਜ਼ਿ ਯਕ ਨਿਗਾਹਿ ਤੋ।
ਗੁਫ਼ਤਾ, ਮਿਆਨੇ ਮਾ ਓ ਤੋ, ਸੌਦਾ ਨਮੇ ਸ਼ਵੱਦ ॥੪॥

ਸ਼ਬਦਾਰਥ : ਗੁਫ਼ਤਮ—ਮੈਂ ਕਿਹਾ। ਦਿਹੰਮ—ਮੈ ਦਿੰਦਾ ਹਾਂ। ਇਵਜ਼—ਬਦਲੇ। ਗੁਫ਼ਤਾ—ਉਸ ਨੇ ਕਿਹਾ। ਮਿਆਨੇ—ਵਿੱਚਕਾਰ।

ਅਰਥ : (ਸਤਿਗੁਰੂ ਸੱਚੇ ਪਾਤਸ਼ਾਹ ਨੂੰ) ਮੈਂ ਕਿਹਾ (ਬਿਨੈ ਕੀਤੀ ਕਿ) ਮੈਂ ਜਾਨ ਦਿੰਦਾ ਹਾਂ ਤੇਰੀ ਇੱਕ (ਮਿਹਰ ਦੀ) ਨਜ਼ਰ ਦੇ ਬਦਲੇ। ਉਸ (ਪਾਤਸ਼ਾਹ) ਨੇ ਕਿਹਾ—ਤੇਰੇ ਤੇ ਸਾਡੇ ਵਿਚਕਾਰ (ਇਹ) ਸੌਦਾ ਨਹੀਂ ਹੋ ਸਕਦਾ। (ਨੋਟ—ਹੁੰਦਾ ਵੀ ਕਿਵੇਂ, ਕਲਗੀਆਂ ਵਾਲੇ ਸਤਿਗੁਰੂ ਦੀ ਮਿਹਰ ਦੀ ਨਜ਼ਰ ਬਦਲੇ ਕੇਵਲ ਇਕ ਸਿਰ ? ਲੱਖਾਂ ਸਿਰਾਂ ਦੀ ਕੁਰਬਾਨੀ ਨਾਲ ਵੀ ਅਜਿਹੀ ਇੱਕ ਤੱਕਣੀ ਪ੍ਰਾਪਤ ਹੋ ਜਾਵੇ, ਤਾਂ ਸੌਦਾ ਸਸਤਾ ਸਮਝੋ)।

ਅੰਦਰ ਹਵਾਏ ਜ਼ੁਲਫ਼ਿ ਗਿਰਹ-ਗੀਰ, ਮਹ-ਵਸ਼ਾਂ।
ਮਨ ਮੇ ਰਵਮ, ਗਿਰਹ ਜ਼ਿ ਦਿਲਮ, ਵਾ ਨਮੇ ਸ਼ਵੱਦ ॥੫॥

ਸ਼ਬਦਾਰਥ : ਹਵਾ—ਸਿਕ, ਤਾਂਘ। ਗਿਰਹ-ਗੀਰ—ਗੁੰਦੀ ਹੋਈ (ਗਿਰਹ—ਗੰਢ, ਘੁੰਡੀ; ਗੀਰ—ਫੜੀ ਹੋਈ)। ਮਹ-ਵਸ਼ਾਂ—ਚੰਦਰ ਮੁਖੀਆਂ। ਮਨ ਮੇ ਰਵਮ—ਮੈਂ ਜਾ ਰਿਹਾ ਹਾਂ। ਜ਼ਿ ਦਿਲਮ—ਮੇਰਾ ਦਿਲ ਹੀ। ਵਾ—ਖੁਲ੍ਹਣਾ।

ਅਰਥ : ਮੈਂ ਚੰਦਰ ਮੁਖੀਆਂ ਦੀ ਗੁੰਦੀ ਹੋਈ ਜ਼ੁਲਫ਼ ਦੀ ਸਿਕ ਵਿਚ ਭਟਕ ਰਿਹਾ ਹਾਂ। ਮੇਰੇ ਦਿਲ ਦੀ ਘੁੰਡੀ ਨਹੀਂ ਖੁਲ੍ਹਦੀ। (ਭਾਵ—ਅਜੇ ਮੈਨੂੰ ਪ੍ਰੀਤਮ ਦੇ ਪ੍ਰੇਮ ਦਾ ਪਾਤਰ ਹੋਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ, ਮੇਰੀ ਦੂਈ ਦੀ ਗੰਢ ਮੈਨੂੰ ਵਸਲੋਂ ਦੂਰ ਰਖ ਰਹੀ ਹੈ)।

ਬਾ ਸਾਹਿਲਿ ਮੁਰਾਦ, ਕੁਜਾ ਆਸ਼ਨਾ ਸ਼ਵੇਮ।
ਤਾ ਚਸ਼ਮਿ ਮਾ, ਬ-ਯਾਦਿ ਤੋ, ਦਰਯਾ ਨਮੇ ਸ਼ਵੱਦ ॥੬॥

ਸ਼ਬਦਾਰਥ : ਸਾਹਿਲ—ਕੰਢਾ। ਕੁਜਾ—ਕਦੋਂ ? ਆਸ਼ਨਾ—ਜਾਣੂ। ਤਾ—ਜਦ ਤਕ। ਬ-ਯਾਦਿ ਤੋ—ਤੇਰੀ ਯਾਦ ਵਿਚ।

ਅਰਥ : ਮੁਰਾਦਾਂ ਦੇ ਸਾਗਰ ਦੇ ਕੰਢੇ ਤੋਂ ਕਦ ਜਾਣੂ ਹੋ ਸਕਦੀ ਹੈ, ਜਦ ਤਕ ਸਾਡੀ ਅੱਖ ਤੇਰੀ ਯਾਦ ਵਿਚ (ਅਥਰੂ ਵਹਾ ਕੇ) ਦਰਿਆ ਨਾ ਹੋ ਜਾਵੇ ? (ਭਾਵ—ਗੁਰਦੇਵ ਦੀ ਮਿਹਰ ਤੇ ਮਿਲਾਪ ਦੀ ਮੰਜ਼ਲ ਉਤੇ ਓਦੋਂ ਹੀ ਪੁਜੀਦਾ ਹੈ ਜਦ ਪ੍ਰੀਤਮ ਦੇ ਬਿਰਹਾ ਤੇ ਵੈਰਾਗ ਵਿਚ 'ਮੈ ਨੀਰੁ ਵਹੇ ਵਹਿ ਚਲੈ ਜੀਉ' ਵਾਲੀ ਅਵਸਥਾ ਵਾਪਰ ਜਾਵੇ)।

'ਗੋਇਆ' ਦਰ ਇੰਤਜ਼ਾਰਿ ਤੋ, ਚਸ਼ਮਮ ਸਫ਼ੈਦ ਸ਼ੁਦ।
ਮਨ ਚੂੰ ਕੁਨਮ ਕਿ: ਬੇ ਤੋ, ਦਿਲਾਸਾ ਨਮੇ ਸ਼ਵਦ ॥੭॥

ਸ਼ਬਦਾਰਥ : ਇੰਤਜ਼ਾਰਿ ਤੋ—ਤੇਰੀ ਉਡੀਕ। ਦਰ—ਵਿੱਚ। ਚਸ਼ਮਮ—ਮੇਰੀ ਅੱਖ। ਸਫ਼ੈਦ ਸ਼ੁਦ—ਚਿੱਟੀ ਹੋ ਗਈ ਹੈ। ਬਿਰਹਾ ਵਿਚ ਰੁਦਨ ਕਰਨ ਦੀ ਅਧਿਕਤਾ ਨਾਲ ਅੱਖ ਦੀ ਸਿਆਹੀ ਧੁਪ ਗਈ ਹੈ—[ਇਹ ਖ਼ਿਆਲ ਬਿਰਹਾ ਤੇ ਵੈਰਾਗ ਦੀ ਬਹੁਲਤਾ (ਵਿਸਮਾਦੀ ਵੈਰਾਗ) ਦਾ ਸੂਚਕ ਹੈ]। ਦਿਲਾਸਾ—ਧੀਰਜ।

ਅਰਥ : ਭਾਈ ਨੰਦ ਲਾਲ ਜੀ ਕਹਿੰਦੇ ਹਨ—ਮੇਰੀ ਅੱਖ ਤੇਰੀ ਉਡੀਕ ਵਿੱਚ ਚਿੱਟੀ ਹੋ ਗਈ ਹੈ। ਮੈਂ ਕੀ ਕਰਾਂ, ਤੇਰੇ ਬਗ਼ੈਰ ਧੀਰਜ ਨਹੀਂ ਹੁੰਦਾ। (ਬਿਰਹਾ ਵਿਚ ਇਤਨੀ ਰੁੰਨੀ

ਕਿ ਅਥਰੂਆਂ ਨਾਲ ਅੱਖ ਦੀ ਪੁਤਲੀ ਧੁਪ ਕੇ ਸਫ਼ੈਦ ਹੋ ਗਈ ਹੈ)।

ਵਿਆਖਿਆ

ਪਿਆਰ ਕਰਨ ਵਾਲੇ ਪ੍ਰੇਮੀਆਂ ਦੀ ਸਭ ਤੋਂ ਪਹਿਲੀ ਖਿੱਚ ਹੁੰਦੀ ਹੈ—ਆਪਣੇ ਪ੍ਰੀਤਮ ਦਾ ਦੀਦਾਰ। 'ਦੀਦਾਰ ਦੀ ਤਲਬ' ਪੂਰੀ ਹੋ ਜਾਣ ਉਤੇ ਜਦ ਨੈਣਾਂ ਨੂੰ ਠੰਢ ਪੈ ਜਾਂਦੀ ਹੈ, ਤਾਂ ਮਿੱਤਰ ਦੇ ਮੂੰਹੋਂ ਮਧੁਰ, ਮਿੱਠੇ ਤੇ ਅਨਮੋਲ ਬਚਨ ਸੁਣਨ ਦੀ ਇੱਛਾ ਜਾਗ ਉੱਠਦੀ ਹੈ। ਏਸੇ ਲਈ ਭਾਈ ਸਾਹਿਬ ਪ੍ਰਾਰਥਨਾ ਕਰਦੇ ਹਨ ਕਿ 'ਹੇ ਪ੍ਰੀਤਮ, ਜਿਤਨਾ ਚਿਰ ਤੇਰੇ ਜੀਵਨ-ਦਾਤਾ ਬੁਲ੍ਹਾਂ ਤੋਂ ਨਿਕਲੇ ਅੰਮ੍ਰਿਤ ਬਚਨ ਸਾਡੇ ਕੰਨੀਂ ਨਹੀਂ ਪੈਂਦੇ, ਉਤਨਾ ਚਿਰ ਬ੍ਰਿਹੋਂ-ਕੁੱਠਿਆਂ ਦੇ ਦਰਦ ਦਾ ਇਲਾਜ ਨਹੀਂ ਹੁੰਦਾ। ਮੈਂ ਜੁੱਗਾਂ ਜੁਗਾਂਤਰਾਂ ਤੋਂ ਤੇਰੇ ਪ੍ਰਿਯ-ਬੁਲ੍ਹਾਂ ਵਿਚੋਂ ਨਿਕਲੇ ਬਚਨਾਂ ਦੇ ਅੰਮ੍ਰਿਤ ਦਾ ਪਿਆਸਾ ਹਾਂ। ਮੇਰੀ ਤਸੱਲੀ ਖ਼੍ਵਾਜਾ ਖ਼ਿਜ਼ਰ ਤੇ ਯਸੂ ਮਸੀਹ ਨਹੀਂ ਕਰ ਸਕਦੇ, ਤੂੰ ਹੀ ਕਰ ਸਕਦਾ ਹੈਂ।'

ਪਰੰਤੂ, ਦੁਨੀਆ ਵਿੱਚ ਹਰ ਸ਼ੈਅ ਦੀ ਕੀਮਤ ਦੇਣੀ ਪੈਂਦੀ ਹੈ। ਸਿੱਖੀ ਦੀ ਤ੍ਰੀਕਤ ਵਿਚ ਇਹ ਮੁੱਲ 'ਪਹਿਲਾ ਮਰਣੁ ਕਬੂਲਿ' ਤੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦੀ ਸ਼ਕਲ ਵਿਚ ਅਦਾਅ ਕਰਨਾ (ਤਾਰਨਾ) ਪੈਂਦਾ ਹੈ। ਏਸੇ ਲਈ, ਗੁਰਮਤਿ ਦੀ ਪ੍ਰੀਤ-ਰੀਤ ਤੋਂ ਜਾਣੂ ਭਾਈ ਸਾਹਿਬ ਸ੍ਰੀ ਦਸਮੇਸ਼ ਜੀ ਨੂੰ ਇਕ ਮਿਹਰ ਦੀ ਨਜ਼ਰ ਬਦਲੇ ਜਾਨ ਸਦਕੇ ਕਰਨ ਦੀ ਪੇਸ਼ਕਸ਼ ਕਰਦੇ ਹਨ; ਪਰੰਤੂ, ਅਗੋਂ ਕਟਾਖ ਭਰਪੂਰ ਤੇ ਬੇਪ੍ਰਵਾਹ ਉੱਤਰ ਮਿਲਦਾ ਹੈ ਕਿ 'ਬਸ, ਇੱਕ ਨਜ਼ਰ ਦਾ ਮੁਲ ਕੇਵਲ ਇਕੋ ਜਾਨ ? ਇਹ ਸੌਦਾ ਮੈਨੂੰ ਨਹੀਂ ਪੁੱਗਦਾ।'

ਜਦ ਵੇਖਿਆ ਕਿ ਸਿਰਾਂ ਦੀਆਂ ਫ਼ੀਸਾਂ ਤੇ ਹਿਸਾਬ ਕਿਤਾਬ ਨਾਲ ਇਹ ਪ੍ਰੇਮ-ਸੌਦਾ ਸਿਰੇ ਨਹੀਂ ਚੜ੍ਹਦਾ, ਤਾਂ ਸਿਦਕ ਤੇ ਬਿਰਹਾ ਦੀ ਤੜਪ ਦਾ ਪ੍ਰਗਟਾਅ, ਨੈਣਾਂ ਵਿਚੋਂ ਨੀਰ ਵਹਾ ਕੇ ਕਰਦੇ ਹਨ। ਭਾਈ ਸਾਹਿਬ ਖ਼ੂਬ ਜਾਣਦੇ ਹਨ ਕਿ ਮੁਰਾਦਾਂ ਦੇ ਸਾਗਰ ਦੇ ਕੰਢੇ ਤੋਂ ਵਾਕਫ਼ ਹੋਣ ਲਈ ਨੈਣਾਂ ਵਿਚੋਂ ਵੈਰਾਗ ਦੇ ਨੀਰ ਦੀਆਂ ਨਦੀਆਂ ਵਗਾਉਣੀਆਂ ਹੀ ਪੈਂਦੀਆਂ ਹਨ। ਸੋ ਆਪ ਜੀ, ਇਹੀ ਮਾਰਗ ਇਖ਼ਤਿਆਰ ਕਰਦੇ ਹਨ।

ਸੋ, ਪ੍ਰੀਤਮ ਦੀ ਉਡੀਕ ਵਿੱਚ ਇਤਨਾ ਨੀਰ ਵਹਾਇਆ ਗਿਆ ਕਿ ਅੱਖਾਂ ਦੀ ਕਲਿੱਤਣ ਧੁਪ ਕੇ ਸਫ਼ੈਦ ਹੋ ਗਈ। ਜਦ ਏਧਰੋਂ ਨੇਤਰਾਂ ਦੀ ਜਲ-ਧਾਰਾ, ਨਦੀ ਦਾ ਰੂਪ ਧਾਰ ਕੇ, ਸ਼ਹੁ-ਸਾਗਰ ਵਲ ਸਿਰ-ਤਲਵਾਈ ਹੋ ਵਧੀ ਤਾਂ ਸਾਗਰ ਨੇ ਵੀ ਅੱਗੋਂ ਬਾਹਾਂ ਪਸਾਰ ਇਸ ਨੂੰ ਗਲਵੱਕੜੀ ਵਿਚ ਲੈ ਕੇ, ਆਪਣੇ ਨਾਲ ਅਭੇਦ ਕਰ ਲਿਆ।

ਇਹ ਉਹੀ ਅਭੇਦਤਾ-ਭਰਪੂਰ ਵਿਸਮਾਦਤ ਅਵਸਥਾ ਹੈ ਜਿਸ ਦਾ ਜ਼ਿਕਰ, ਢੇਰ ਚਿਰ ਪਹਿਲਾਂ, ਪੰਜਵੇਂ ਗੁਰਦੇਵ ਨੇ ਐਉਂ ਕੀਤਾ ਸੀ

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥੮॥੧੧॥ *(ਸੁਖਮਨੀ ਸਾਹਿਬ, ਪੰਨਾ ੨੭੮)*

—o—

ਆਰਿਫ਼ੇ ਅੱਲਾਹ, ਦਰ ਦੁਨੀਆ ਬਵੱਦ ॥
ਦਰ ਹਕੀਕਤ, ਤਾਲਿਬੇ ਮੌਲਾ ਬਵੱਦ ॥੪੯੩॥ *(ਜ਼ਿੰਦਗੀਨਾਮਾ, ਭਾ: ਨੰਦ ਲਾਲ ਜੀ)*

ਵਾਹਿਗੁਰੂ ਦਾ ਪਿਆਰ (ਭਾਵੇਂ) ਦੁਨੀਆ ਵਿਚ ਵੱਸਦਾ ਹੈ, ਪਰ ਅਸਲ ਵਿਚ ਉਹ ਵਾਹਿਗੁਰੂ ਦਾ ਹੀ ਤਾਲਬ (ਚਾਹੁਣ ਵਾਲਾ) ਹੁੰਦਾ ਹੈ।

ਗ਼ਜ਼ਲ ਨੰਬਰ ੨੫

ਚੂੰ ਮਾਹਿ ਦੋ ਹਫ਼ਤਾ, ਰੂ-ਨੁਮਾਈ, ਚਿ: ਸ਼ਵੱਦ ?
ਇਮ-ਸ਼ਬ ਮਹਿ ਮਨ, ਅਗਰ ਬਿਆਈ, ਚਿ: ਸ਼ਵੱਦ ? ।੧।।

ਈਂ ਜੁਮਲਹ ਜਹਾਂ, ਅਸੀਰਿ ਜ਼ੁਲਫ਼ਤ ਗ਼ਸ਼ਤਹ।
ਯਕ ਲਹਜ਼ਾ, ਅਗਰ ਗਿਰਾ ਕੁਸ਼ਾਈ, ਚਿ: ਸ਼ਵੱਦ ? ।੨।।

ਆਲਮ ਹਮਹ ਗਸ਼ਤਹ ਅਸ੍ਰ, ਬੇ ਤੋ ਤਾਰੀਕ।
ਖ਼ੁਰਸ਼ੀਦ ਸਿਫ਼ਤ, ਅਗਰ ਬਰਾਈ, ਚਿ: ਸ਼ਵੱਦ ? ।੩।।

ਯਕ ਲਹਜ਼ਾ ਬਯਾ, ਓ ਦਰ ਚਸ਼ਮਮ ਬਿ-ਨਸ਼ੀਂ।
ਦਰ ਦੀਦਹ ਨਿਸ਼ੱਸਤਹ, ਦਿਲ ਰੁਬਾਈ, ਚਿ: ਸ਼ਵੱਦ ? ।੪।।

ਈਂ ਹਿੰਦੂਏ, ਖ਼ਾਲਤ, ਕਿ ਬਰੂਅਤ ਸ਼ੈਦਾ ਅਸ੍ਰ।
ਬ-ਫ਼ਰੋਸ਼ੀ ਅਗਰ ਬ-ਨਕ਼ਦੇ ਖ਼ੁਦਾਈ, ਚਿ: ਸ਼ਵੱਦ ? ।੫।।

ਦਰ ਦੀਦਹ ਤੂਈ, ਵ ਮਨ, ਬ-ਹਰ ਕੂਏ ਜੋਯਾਂ।
ਅਜ਼ ਪਰਦਾ-ਇ ਗ਼ੈਬ, ਰੂ-ਨੁਮਾਈ, ਚਿ: ਸ਼ਵੱਦ ? ।੬।।

'ਗੋਇਆ' ਅਸ੍ਰ ਬ-ਹਰ ਤਰਫ਼ ਸੁਰਾਗ਼ਤ ਜੋਯਾਂ।
ਗਰ ਗੁਮ ਸ਼ੁਦਹ ਰਾ, ਰਾਹ ਨੁਮਾਈ, ਚਿ: ਸ਼ਵੱਦ ? ।੭।।

ਪੰਜਾਬੀ ਕਾਵਿ ਅਨੁਵਾਦ

੧. ਚੰਦ ਚੌਧਵੀਂ ਵਾਲਾ ਮੁੱਖੜਾ, ਜੇਕਰ ਆਣ ਵਿਖਾਵੇਂ।
ਤੇਰਾ ਕੀ ਘਟ ਜਾਊ ਮਾਹੀ, ਰਾਤੀਂ ਜੇ ਅੱਜ ਆਵੇਂ, ਹੂ।
੨. ਜ਼ੁਲਫ਼ ਤੇਰੀ ਦੇ ਕੈਦੀ ਬਣ ਗਏ, ਬੰਦੇ ਜੱਗ ਦੇ ਸਾਰੇ।
ਇਕ ਪਲ ਘੁੰਡ ਖੋਲ੍ਹ ਜੇ ਦੇਵੇਂ, ਘਟੇ ਘੱਟ ਕੀ ਜਾਊ ਪਿਆਰੇ, ਹੂ।
੩. ਤੇਰੇ ਬਾਝੋਂ ਜੱਗ ਦੇ ਅੰਦਰ, ਛਾਇਆ ਘੋਰ ਅੰਧੇਰਾ।
ਸੂਰਜ ਵਾਂਗੂੰ ਬਾਹਰ ਜੇ ਆਵੇਂ, ਕੀ ਘੱਟ ਜਾਊ ਤੇਰਾ, ਹੂ।
੪. ਇਕ ਪਲ ਇਕ ਛਿਨ ਮੇਰੇ ਨੈਣੀਂ, ਸੱਜਣ ਆ ਕਰ ਡੇਰਾ।
ਨੈਣੀਂ ਵੱਸ, ਚੁਰਾ ਲਏਂ ਦਿਲ ਜੇ, ਕੀ ਘਟ ਜਾਊ ਤੇਰਾ, ਹੂ।
੫. ਤੇਰੇ ਸੋਹਣੇ ਮੁਖੜੇ ਉੱਤੇ, ਜੋ ਤਿਲ ਕਾਲਾ ਮਤਵਾਲਾ।
ਵੇਚੇਂ ਕੁਲ ਖ਼ੁਦਾਈ ਬਦਲੇ, ਤੇਰਾ ਘਟੇ ਨ ਬਾਲਾ', ਹੂ।
੬. ਵੱਸੇ ਨੈਣੀਂ ਹਰ ਦਮ ਪ੍ਰੀਤਮ, ਭਾਲ ਬਾਹਰ ਮੈਂ ਕਰਦਾ।
ਛੁਪਿਆ ਅਪਣਾ ਮੁਖ ਦਿਖਾ ਦੇ, ਲਾਹ ਕੇ ਉੱਤੋਂ ਪਰਦਾ, ਹੂ।
੭. 'ਗੋਇਆ' ਤੈਨੂੰ ਢੂੰਡ ਢੂੰਡ ਕੇ, ਥੱਕ ਟੁੱਟ ਹੋਇਆ ਮਾਂਦਾ।
ਭਟਕੇ ਤਾਈਂ ਰਾਹ ਜੇ ਪਾਂਦਾ, ਤੇਰਾ ਕੀ ਘੱਟ ਜਾਂਦਾ, ਹੂ।

ਚੂੰ ਮਾਹਿ ਦੋ ਹਫ਼ਤਾ, ਰੂ-ਨੁਮਾਈ, ਚਿ: ਸ਼ਵੱਦ ?
ਇਮ-ਸ਼ਬ ਮਹਿ ਮਨ, ਅਗਰ ਬਿਆਈ, ਚਿ: ਸ਼ਵੱਦ ? ।੧।।

ਸ਼ਬਦਾਰਥ : ਚੂੰ—ਜਦ, ਮਾਨਿੰਦ, ਵਰਗਾ। ਮਾਹ—ਚੰਦ। ਮਾਹਿ ਦੋ ਹਫ਼ਤਾ—ਚੌਧਵੀਂ ਦਾ ਚੰਦ। ਰੂ—ਚਿਹਰਾ। ਨੁਮਾਈ—ਤੂੰ ਵਿਖਾਵੇਂ। ਚਿਹ—ਕੀ ? ਸ਼ਵੱਦ—ਹੋਵੇ। ਇਮ ਸ਼ਬ—ਅੱਜ ਦੀ ਰਾਤ। ਬਿਆਈ—ਤੂੰ ਆਵੇਂ। ਅਗਰ—ਜੇ। ਮਹਿ—ਚੰਦ।

ਅਰਥ : ਹੇ ਪ੍ਰੀਤਮ! ਜੇ ਤੂੰ ਚੌਧਵੀਂ ਦੇ ਚੰਦ ਵਰਗਾ (ਆਪਣਾ) ਮੁਖੜਾ ਵਿਖਾਵੇਂ (ਤਾਂ) ਕੀ ਹੋਊ ? ਜੇ ਮੇਰੇ ਚੰਦ, ਅੱਜ ਰਾਤ ਆਵੇਂ (ਮੇਰੇ ਹਿਰਦੇ-ਘਰ ਟਿਕੇਂ) ਤਾਂ ਕੀ ਹੋਊ ? [ਭਾਵ ਜੇ ਮਿਲਾਪ (ਵਸਲ) ਦੀ ਰਾਤ ਬਖ਼ਸ਼ੇਂ ਤਾਂ ਮੇਰੇ ਲਾਲ, ਤੇਰਾ ਕੀ ਘਟ ਚੱਲਿਆ ਹੈ ?]

ਈਂ ਜੁਮਲਹ ਜਹਾਂ, ਅਸੀਰਿ ਜ਼ੁਲਫ਼ਤ ਗ਼ਸ਼ਤਹ।
ਯਕ ਲਹਜ਼ਾ, ਅਗਰ ਗਿਰਾ ਕੁਸ਼ਾਈ, ਚਿ: ਸ਼ਵੱਦ ? ।੨।।

ਸ਼ਬਦਾਰਥ : ਜੁਮਲਹ—ਸਾਰਾ। ਅਸੀਰ—ਕੈਦੀ। ਜ਼ੁਲਫ਼ਤ—ਤੇਰੀ ਜ਼ੁਲਫ਼। ਗਸ਼ਤਹ—ਹੋ ਗਿਆ ਹੈ। ਯਕ ਲਹਜ਼ਾ—ਇਕ-ਦਮ, ਇਕੋ ਵੇਰੀ। ਗਿਰਾ ਕੁਸ਼ਾਈ—ਗੰਢ ਖੋਲ੍ਹ ਦੇਵੇਂ।

ਅਰਥ : ਇਹ ਸਾਰਾ ਜਹਾਨ ਤੇਰੀ ਜ਼ੁਲਫ਼ ਦਾ ਕੈਦੀ ਹੋ ਗਿਆ ਹੈ। ਜੇ ਇਕ-ਦਮ ਗੰਢ ਖੋਲ੍ਹ ਦੇਵੇਂ ਤਾਂ ਕੀ ਹੋਵੇ ?

ਆਲਮ ਹਮਹ ਗਸ਼ਤਹ ਅਸ੍ਤ, ਬੇ ਤੋ ਤਾਰੀਕ।
ਖ਼ੁਰਸ਼ੀਦ ਸਿਫ਼ਤ, ਅਗਰ ਬਰਾਈ, ਚਿ: ਸ਼ਵੱਦ ? ।੩।।

ਸ਼ਬਦਾਰਥ : ਹਮਹ—ਸਾਰਾ। ਗਸ਼ਤਹ ਅਸ੍ਤ—ਹੋ ਗਿਆ ਹੈ। ਬੇ ਤੋ —ਤੇਰੇ ਬਿਨਾਂ। ਤਾਰੀਕ—ਅੰਧੇਰਾ। ਸਿਫ਼ਤ—ਵਾਂਗੂੰ, ਸਮਾਨ। ਬਰਾਈ—ਤੂੰ ਬਾਹਰ ਆਵੇਂ।

ਅਰਥ : ਸਾਰਾ ਸੰਸਾਰ ਤੇਰੇ ਬਿਨਾਂ ਅੰਧੇਰਾ ਹੋ ਗਿਆ ਹੈ। ਸੂਰਜ ਵਾਂਗ ਜੇ ਤੂੰ ਬਾਹਰ ਆਵੇਂ ਤਾਂ ਕੀ ਹੋਊ ?

ਯਕ ਲਹਜ਼ਾ ਬਯਾ, ਓ ਦਰ ਚਸ਼ਮਮ ਬਿ-ਨਸ਼ੀਂ।
ਦਰ ਦੀਦਹ ਨਿਸ਼ੱਸਤਹ, ਦਿਲ ਰੁਬਾਈ, ਚਿ: ਸ਼ਵੱਦ ? ।੪।।

ਸ਼ਬਦਾਰਥ : ਯਕ ਲਹਜ਼ਾ—ਇਕ ਛਿਨ। ਬਯਾ—ਤੂੰ ਆ। ਓ—ਅਤੇ। ਚਸ਼ਮਮ—ਮੇਰੀ ਅੱਖ। ਬਿ-ਨਸ਼ੀਂ—ਤੂੰ ਬੈਠ, ਡੇਰਾ ਕਰ। ਦੀਦਹ—ਅੱਖਾਂ। ਦਿਲ ਰੁਬਾਈ—ਦਿਲ ਖੋਹ ਲੈ ਜਾਵੇਂ।

ਅਰਥ ਇਕ ਛਿਨ ਆ ਤੇ ਮੇਰੀਆਂ ਅੱਖਾਂ ਵਿਚ ਆ ਕੇ ਬੈਠ। (ਜੇ) ਅੱਖਾਂ ਵਿਚ ਬੈਠ ਕੇ ਦਿਲ ਖਹ ਲਿਜਾਵੇਂ ਤਾਂ ਕੀ ਹੋਵੇਗਾ ?

ਈਂ ਹਿੰਦੂਏ, ਖ਼ਾਲਤ, ਕਿ ਬਰੂਅਤ ਸ਼ੈਦਾ ਅਸ੍ਤ।
ਬ-ਫ਼ਰੋਸ਼ੀ ਅਗਰ ਬ-ਨਕ਼ਦੇ ਖ਼ੁਦਾਈ, ਚਿ: ਸ਼ਵੱਦ ? ।੫।।

ਸ਼ਬਦਾਰਥ : ਹਿੰਦੂ—ਕਾਲਾ। ਖ਼ਾਲਤ—ਖ਼ਾਲ+ਤ—ਤੇਰਾ ਤਿਲ। ਬਰੂਅਤ—ਤੇਰੇ ਮੁਖੜੇ ਉਤੇ। ਸ਼ੈਦਾ ਅਸ੍ਰ—ਆਸ਼ਕ ਹੈ, ਪ੍ਰੇਮੀ ਹੈ। ਬ ਫ਼ਰੋਸ਼ੀ—ਤੂੰ ਵੇਚੇਂ। ਬ-ਨਕਦਿ ਖ਼ੁਦਾਈ—(ਸਾਰੇ) ਸੰਸਾਰ ਦੀ ਨਕ਼ਦੀ (ਦੌਲਤ)।

ਅਰਥ : ਇਹ ਕਾਲਾ ਤਿਲ ਜੋ ਤੇਰੇ ਮੁੱਖੜੇ ਉੱਤੇ ਆਸ਼ਕ ਹੈ; ਜੇ (ਇਹ) ਤੂੰ ਸਾਰੇ ਸੰਸਾਰ ਦੀ ਦੌਲਤ ਦੇ ਬਦਲੇ ਵੇਚ ਦੇਵੇਂ (ਤਾਂ) ਕੀ ਹੋਵੇਗਾ ? (ਭਾਵ, ਇਹ ਮੁਲ ਵੀ ਤੁਛ ਹੋਵੇਗਾ)।

ਦਰ ਦੀਦਹ ਤੂਈ, ਵ ਮਨ, ਬ-ਹਰ ਕੂਏ ਜੋਯਾਂ।
ਅਜ਼ ਪਰਦਾ-ਇ ਗ਼ੈਬ, ਰੂ-ਨੁਮਾਈ, ਚਿ: ਸ਼ਵੱਦ ? ।੬॥

ਸ਼ਬਦਾਰਥ : ਤੂਈ—ਤੂੰ ਹੀ ਹੈਂ। ਵ—ਅਤੇ। ਬ-ਹਰ ਕੂਏ—ਹਰੇਕ ਕੂਚੇ ਵਿਚ। ਜੋਯਾਂ—ਭਾਲ ਕਰਦਾ ਹਾਂ। ਗ਼ੈਬ—ਗੁਪਤ। ਰੂ-ਨੁਮਾਈ—ਤੂੰ ਮੂੰਹ ਵਿਖਾਵੇਂ।

ਅਰਥ : ਤੂੰ ਅੱਖਾਂ ਵਿਚ ਹੈਂ ਅਤੇ ਮੈਂ (ਬਾਹਰ) ਹਰੇਕ ਗਲੀ ਕੂਚੇ ਵਿੱਚ ਭਾਲ ਕਰਦਾ ਫਿਰਦਾ ਹਾਂ। ਜੇ ਤੂੰ ਲੁਕੇ ਹੋਏ ਪਰਦੇ ਚੋਂ ਆਪਣਾ ਮੁਖੜਾ ਵਿਖਾਵੇਂ ਤਾਂ ਕੀ ਹੋਊ ?

'ਗੋਇਆ' ਅਸ੍ਰ ਬ-ਹਰ ਤਰਫ਼ ਸੁਰਾਗ਼ਤ ਜੋਯਾਂ।
ਗਰ ਗੁਮ ਸ਼ੁਦਹ ਰਾ, ਰਾਹ ਨੁਮਾਈ ਚਿ: ਸ਼ਵੱਦ ? ।੭॥

ਸ਼ਬਦਾਰਥ : ਸੁਰਾਗ਼ਤ—ਤੇਰਾ ਪਤਾ। ਜੋਯਾਂ—ਤਲਾਸ਼ ਕਰਦਾ ਹੈ। ਰਾਹ ਨੁਮਾਈ—ਤੂੰ ਰਸਤਾ ਵਿਖਾਵੇਂ। ਗੁਮ ਸ਼ੁਦਹ ਰਾ—ਰਾਹੋਂ ਖੁੰਝਿਆਂ ਨੂੰ।

ਅਰਥ : 'ਗੋਇਆ' (ਭਾਈ ਨੰਦ ਲਾਲ) ਸਾਰੀ ਪਾਸੀਂ ਤੇਰਾ ਪਤਾ-ਨਿਸ਼ਾਨ ਲਭ ਰਿਹਾ ਹੈ। ਜੇ ਤੂੰ ਰਾਹੋਂ ਖੁੰਝਿਆਂ (ਭਟਕਦਿਆਂ) ਨੂੰ ਰਾਹ ਵਿਖਾਵੇਂ ਤਾਂ ਕੀ ਹੋਊ ? (ਭਾਵ, ਤੇਰਾ ਕੁਝ ਵੀ ਨਹੀਂ ਘਟੇਗਾ ਅਤੇ ਅਸੀਂ ਤਰ ਜਾਵਾਂਗੇ)।

ਵਿਆਖਿਆ

ਵਾਹਿਗੁਰੂ ਸਰਬੱਗ ਹੈ, ਪਰੰਤੂ ਮਨੁੱਖ ਅਲਪੱਗ। ਜੀਵਨ-ਪੰਧ ਵਿਚ ਜਦ ਮਾਇਆ ਵਲੋਂ ਪਾਈਆਂ ਔਕੜਾਂ, ਇਸ ਨੂੰ ਚੌਹਾਂ ਪਾਸਿਆਂ ਵਲੋਂ ਘੇਰ, ਅਤੇ ਨਿੱਸਲ ਤੇ ਨਿਢਾਲ ਕਰ ਕੇ ਆਪਣੇ ਦਰ ਸੁੱਟ ਲੈਂਦੀਆਂ ਹਨ, ਤਾਂ ਮਨੁੱਖ ਆਪਣੇ ਸੋਮੇ—ਸਰਬ ਸ਼ਕਤੀਮਾਨ ਵਾਹਿਗੁਰੂ ਨਾਲ ਜੁੜਦਾ ਤੇ ਸਹਾਇਤਾ ਲਈ ਅਰਦਾਸ ਕਰਦਾ ਹੈ। ਇਹ ਪੁਕਾਰ ਉਸ ਨੂੰ ਨਵੀਂ ਸ਼ਕਤੀ, ਸਾਹਸ ਤੇ ਵਿਸ਼ਵਾਸ ਨਾਲ ਭਰ ਦੇਂਦੀ ਹੈ। ਇਸੇ ਲਈ ਸਿਖ-ਮਤ ਵਿਚ ਅਰਦਾਸ ਦੀ ਮਹੱਤਤਾ ਉਤੇ ਏਨਾ ਜ਼ੋਰ ਦਿੱਤਾ ਗਿਆ ਹੈ।

ਅਰਦਾਸ ਫ਼ਾਰਸੀ ਦੇ 'ਅਰਜ਼ ਦਾਸ਼ਤ' ਤੋਂ ਬਣਿਆ ਹੈ। ਇਸ ਦੇ ਅਰਥ ਹਨ—ਬੇਨਤੀ ਰਖਣਾ, ਭਾਵ ਬੇਨਤੀ ਕਰਨਾ। ਆਪਣੇ ਤੌਰ ਉਤੇ ਇਹ ਖਲੋ ਕੇ, ਬੈਠ ਕੇ, ਬੋਲ ਕੇ ਜਾਂ ਚੁੱਪ ਰਹਿ ਕੇ, ਕਿਸੇ ਹਾਲਤ ਵਿਚ ਵੀ ਹੋ ਸਕਦੀ ਹੈ। ਲੋੜ, ਇਕ-ਮਨ, ਇਕ-ਚਿਤ ਹੋ ਕੇ ਅਰਦਾਸ ਵਿਚ ਜੁੜਨ ਦੀ ਹੈ। ਸਿੱਖ ਨੂੰ :

ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥

(ਆਸਾ ਮ: ੫, ਪੰਨਾ ੩੮੬)

ਦੀ ਤਾਕੀਦ ਹੈ। ਇਵੇਂ ਸ਼ਖ਼ਸੀ ਅਰਦਾਸ ਵਾਸਤੇ ਵੀ ਕਿਸੇ ਪ੍ਰਕਾਰ ਦੀ ਰਸਮੀ ਪਾਬੰਦੀ ਨਹੀਂ। ਇਹ ਧੁਰ ਅੰਦਰੋਂ ਫੁੱਟਿਆ ਇੱਕ ਵਲਵਲਾ ਤੇ ਵੇਗ ਹੈ ਜੋ ਬੁਧੀ-ਮੰਡਲ ਵਿਚ ਉਤਰਦਿਆਂ ਹੀ ਇੰਜ ਸੁਕ ਜਾਂਦਾ ਹੈ; ਜਿਵੇਂ ਰੇਤ-ਥਲਿਆਂ ਵਿੱਚ ਪਰਬਤੋਂ ਆਈ ਨਦੀ।

ਅਰਦਾਸ ਕਿਵੇਂ ਤੇ ਕਿਹੋ ਜਿਹੀ ਹੋਵੇ ? ਇਸ ਬਾਰੇ ਇੱਕ ਵੀਚਾਰਵਾਨ ਦੇ ਇਹ ਸ਼ਬਦ ਵੀਚਾਰਨ ਤੇ ਰੀਸ ਕਰਨ ਯੋਗ ਹਨ

> "God does not look at the oratory of prayers how eloquent they are; nor at their geometry how lengthy they are; nor at their arithmetic how many they are, nor at their logic how methodical they are, but at their sincerity, how spiritual they are."

> (ਵਾਹਿਗੁਰੂ ਇਹ ਨਹੀਂ ਵੇਖਦਾ ਕਿ ਅਰਦਾਸ ਕਹਿਣ ਦਾ ਢੰਗ ਕਿਤਨਾ ਸੁੰਦਰ ਹੈ, ਨਾ ਹੀ ਇਹ ਕਿ ਇਹ ਕਿਤਨੀ ਲੰਮੀ ਹੈ; ਨਾ ਹੀ ਇਸ ਦੇ ਹਿਸਾਬ-ਕਿਤਾਬ ਵਲ ਧਿਆਨ ਦੇਂਦਾ ਹੈ ਕਿ ਇਹ ਕਿਤਨੀ ਵੇਰ ਕੀਤੀ ਗਈ, ਨਾ ਹੀ ਇਸ ਦੀ ਤਰਤੀਬ ਤੇ ਯੁਕਤੀ-ਭਰਪੂਰ ਹੋਣ ਵਲ; ਉਹ ਤਾਂ ਕੇਵਲ ਇਹ ਵੇਖਦਾ ਹੈ ਕਿ ਅਰਦਾਸ ਕਿਤਨੀ ਕੁ ਮਨ ਨਾਲ, ਦਿਲੋਂ ਵਜੋਂ, ਆਪਣੇ ਆਪ ਨੂੰ ਸਮਰਪਨ ਕਰ ਕੇ ਕੀਤੀ ਗਈ ਹੈ)।

ਭਾਈ ਸਾਹਿਬ ਵੀ ਇਸ ਗ਼ਜ਼ਲ ਵਿਚ ਆਪ ਪ੍ਰਾਰਥਨਾ ਕਰ ਕੇ, ਸਾਨੂੰ ਇਸ ਦਾ ਵੱਲ ਦਸਦੇ ਹਨ। ਉਹ ਅਰਦਾਸ ਕਰਦੇ ਹਨ ਕਿ—"ਹੇ ਪ੍ਰੀਤਮ! ਆਪਣੇ ਪੁੰਨਿਆ ਦੇ ਚੰਦ ਵਰਗੇ ਚਿਹਰੇ ਦੇ ਦਰਸ਼ਨ ਕਰਾ, ਮਾਇਆ ਦੀ ਜ਼ੁਲਫ਼ ਦੀ ਲਪੇਟ ਵਿਚੋਂ ਸਾਨੂੰ ਕੱਢ ਅਤੇ ਸੂਰਜ ਵੱਤ ਪ੍ਰਗਟ ਹੋ ਕੇ ਜਗਤ ਦਾ ਅੰਨ੍ਹੇਰਾ ਦੂਰ ਕਰ। ਇਹੀ ਨਹੀਂ, ਸਗੋਂ ਨੇਤਰਾਂ ਵਿਚ ਬੈਠ ਕੇ ਸਾਡੇ ਦਿਲ ਨੂੰ ਅਪਣਾਅ ਲੈ। ਸਾਡੀ ਤਾਂ, ਹੇ ਸਤਿਗੁਰ! 'ਆਪਨੀ ਕਰਨੀ ਕਰਿ ਨਰਕ ਹੂੰ ਨ ਪਾਵਹੁ ਠਉਰ ਤੁਮਰੇ ਬਿਰਦੁ ਕਰਿ ਆਸਰੋ ਸਮਾਰ ਹੋ' ਵਾਲੀ ਦੀਨ ਦਸ਼ਾ ਹੈ। ਅਸੀਂ ਕੀ ਭੇਟ ਕਰ ਸਕਦੇ ਹਾਂ! ਤੇਰੇ ਚਿਹਰੇ ਦੇ ਤਾਂ ਇਕ ਤਿਲ ਦਾ ਮੁੱਲ ਹੀ, ਤੇਰੀ ਸਾਰੀ ਖ਼ੁਦਾਈ ਤੋਂ ਵਧੇਰੇ ਹੈ।"

ਹੇ ਪ੍ਰੀਤਮ, ਮੈਂ ਮਾਇਆ ਦੇ ਅੰਨ੍ਹੇਰੇ ਵਿਚ ਗੁਆਚਾ ਤੇ ਭਟਕਦਾ ਹਾਰ ਹੁੱਟ ਕੇ ਤੇਰੇ ਦਰ ਢੱਠਾ ਹਾਂ, ਤੂੰ ਮਿਹਰ ਕਰ ਤੇ ਦੀਨ-ਹੀਨ ਨੂੰ ਰਾਹ ਵਿਖਾ।

Remember—"Prayer may not change God, but it does change the man, who prays."

.ਗ਼ਜ਼ਲ ਨੰਬਰ ੨੯

ਕਦਮ ਆਂ ਬਿਹ, ਕਿ: ਦਰ ਰਾਹਿ ਖ਼ੁਦਾ, ਪੈਮੂਦਹ ਮੇ-ਬਾਸ਼ਦ।
ਜ਼ਬਾਨੇ ਬਿਹ, ਕਿ ਦਰ ਜ਼ਿਕਰਿ ਖ਼ੁਦਾ, ਆਸੂਦਹ ਮੇ-ਬਾਸ਼ਦ ॥੧॥

ਬ-ਹਰ ਸੂਏ ਕਿ ਮੇ ਬੀਨਮ ਬ-ਚਸ਼ਮਮ, ਮਾਸਿਵਾ ਨਾਯਦ।
ਹਮੇਸ਼ਾ ਨਕਸ਼ਿ ਊ, ਦਰ ਦੀਦਾ-ਇ ਮਾ, ਬੂਦਹ ਮੇ ਬਾਸ਼ਦ ॥੨॥

ਜ਼ਿ ਫ਼ੈਜ਼ਿ ਮੁਰਸ਼ਦਿ ਕਾਮਲ, ਮਰਾ ਮਾਲੂਮ ਸ਼ੁਦ ਆਖ਼ਰ।
ਕਿ ਦਾਇਮ, ਮਰਦਮਿ ਦੁਨੀਆ, ਬ-ਗ਼ਮ ਆਲੂਦਹ ਮੇ ਬਾਸ਼ਦ ॥੩॥

ਜ਼ਹੇ, ਸਾਹਿਬ ਦਿਲੇ, ਰੌਸ਼ਨ ਜ਼ਮੀਰੇ, ਆਰਫ਼ਿ ਕਾਮਲ।
ਕਿ ਬਰ ਦਰਗਾਹਿ ਹੱਕ, ਪੇਸ਼ਾਨੀ-ਇ ਊ, ਸੂਦਹ ਮੇ ਬਾਸ਼ਦ ॥੪॥

ਬ-ਕੁਰਬਾਨੇ, ਸਰਿ ਕੂਇਸ਼ ਬ-ਗਿਰਦ, ਵ ਦਮ ਮਜ਼ਨ 'ਗੋਇਆ' ॥
ਇਸ਼ਾਰਤ-ਹਾਏ ਚਸ਼ਮਿ ਊ, ਮਰਾ ਫ਼ਰਮੂਦਹ ਮੇ ਬਾਸ਼ਦ ॥੫॥

ਪੰਜਾਬੀ ਕਾਵਿ ਅਨੁਵਾਦ

੧. ਓਹੀ ਕਦਮ ਸੋਹਾਵਾ ਸਮਝੋ, ਜੋ ਰਾਹ-ਰੱਬ ਲਿਜਾਵੇ।
ਜਿਹਬਾ ਓਹੀ ਸਫਲੀ ਜਾਣੋ, ਗੀਤ ਗੋਬਿੰਦ ਜੋ ਗਾਵੇ, ਹੂ।

੨. ਬਾਝੋਂ ਸਤਿਗੁਰ ਨਜ਼ਰ ਨਾ ਆਵੇ, ਤੱਕਾਂ ਮੈ ਹਰ ਪਾਸੇ।
ਅੱਖ ਮੇਰੀ ਵਿੱਚ ਸੂਰਤ ਓਸ ਦੀ, ਮੈਨੂੰ ਹਰ ਦਮ ਭਾਸੇ, ਹੂ।

੩. ਪੂਰੇ ਗੁਰ ਦੀ ਮਿਹਰ ਦਾ ਸਦਕਾ, ਗੱਲ ਮੈਂ ਜਾਣੀ ਸਾਰੀ।
ਵਿੱਚ ਗ਼ਮਾਂ ਦੇ ਫੱਸਿਆ ਰਹਿੰਦਾ, ਲੋਭੀ ਮਾਇਆ-ਧਾਰੀ, ਹੂ।

੪. ਹਰ ਦਮ ਦਾਤਾ ਦੇ ਦਰ ਜਿਹੜਾ, ਮਸਤਕ ਆਣ ਨਿਵਾਵੇ।
ਪੂਰਨ ਬ੍ਰਹਮ ਗਿਆਨੀ ਬਣ ਕੇ, ਜੱਗ ਤੇ ਸ਼ੋਭਾ ਪਾਵੇ, ਹੂ।

੫. ਸਦਕੇ ਹੋ ਜਾ ਉਸ ਦੇ ਦਰ ਤੋਂ, ਮਾਰੀਂ ਦਮ ਨ ਅੜਿਆ।
'ਗੋਇਆ' ਤਾਈਂ ਉਸ ਸਮਝਾਇਆ, ਅੱਖ ਦੇ ਇਕ ਇਸ਼ਾਰੇ, ਹੂ।

ਕਦਮ ਆਂ ਬਿਹ, ਕਿ: ਦਰ ਰਾਹਿ ਖ਼ੁਦਾ, ਪੈਮੂਦਹ ਮੇ-ਬਾਸ਼ਦ।
ਜ਼ਬਾਨੇ ਬਿਹ, ਕਿ ਦਰ ਜ਼ਿਕਰਿ ਖ਼ੁਦਾ, ਆਸੂਦਹ ਮੇ-ਬਾਸ਼ਦ ॥੧॥

ਸ਼ਬਦਾਰਥ : ਆਂ—ਉਹ। ਬਿਹ—ਬਿਹਤਰ, ਸਫਲਾ। ਪੈਮੂਦਹ—ਤੁਰਿਆ ਹੋਇਆ, ਪੁਟਿਆ ਹੋਇਆ। ਮੇ ਬਾਸ਼ਦ—ਹੋਵੇ। ਆਸੂਦਹ—ਅਨੰਦ, ਖ਼ੁਸ਼ੀ। ਜ਼ਿਕਰ—ਸਿਮਰਨ, ਚਰਚਾ, ਕਥਨ।

ਅਰਥ : ਕਦਮ (ਪੈਰ) ਉਹ ਚੰਗਾ ਹੈ ਜਿਹੜਾ ਰੱਬ ਦੇ ਰਾਹ ਉਤੇ ਪੁੱਟਿਆ ਗਿਆ ਹੋਵੇ। ਜੀਭ ਉਹੀ ਸਫਲੀ ਹੈ ਜੋ ਪ੍ਰਭੂ ਦੀ ਚਰਚਾ ਵਿਚ ਸੁਖ ਮਹਿਸੂਸ ਕਰਦੀ ਹੋਵੇ।

ਬ-ਹਰ ਸੂਏ ਕਿ ਮੇ ਬੀਨਮ ਬ-ਚਸ਼ਮਮ, ਮਾਸਿਵਾ ਨਾਯਦ।
ਹਮੇਸ਼ਾ ਨਕਸ਼ਿ ਊ, ਦਰ ਦੀਦਾ-ਇ ਮਾ, ਬੂਦਹ ਮੇ ਬਾਸ਼ਦ ॥੨॥

ਸ਼ਬਦਾਰਥ : ਬ-ਹਰ ਸੂ—ਜਿਸ ਪਾਸੇ (ਵੀ)। ਮੇ ਬੀਨਮ—ਮੈਂ ਵੇਖਦਾ ਹਾਂ। ਬ-ਚਸ਼ਮਮ—ਮੇਰੀਆਂ ਅੱਖਾਂ ਵਿਚ। ਮਾਸਿਵਾ—ਹੋਰ, ਸਿਵਾ, ([1]ਇਸਤਲਾਹ ਵਿਚ, ਰੱਬ ਦੀ ਜ਼ਾਤ ਤੋਂ ਬਿਨਾਂ ਹੋਰ ਸਭ ਮਖ਼ਲੂਕਾਤ, ਪੈਦਾਇਸ਼ ਆਦਿ)। ਨ ਆਯਦ—ਨਹੀ ਆਉਂਦਾ। ਨਕਸ਼—ਤਸਵੀਰ, ਚਿਤਰ। ਦੀਦਹ—ਅੱਖ।

ਅਰਥ : ਜਿਸ ਪਾਸੇ (ਵੀ) ਮੈਂ ਵੇਖਦਾ ਹਾਂ, ਮੇਰੀਆਂ ਅੱਖਾਂ ਵਿੱਚ ਵਾਹਿਗੁਰੂ ਤੋਂ ਬਿਨਾਂ ਹੋਰ ਕੁਝ ਨਹੀਂ ਆਉਂਦਾ। ਮੇਰੀਆਂ ਅੱਖਾਂ ਵਿਚ ਸਦਾ ਉਸ (ਪ੍ਰਭੂ) ਦਾ ਚਿੱਤਰ ਰਹਿੰਦਾ ਹੈ।

ਜ਼ਿ ਫ਼ੈਜ਼ਿ ਮੁਰਸ਼ਦਿ ਕਾਮਲ, ਮਰਾ ਮਾਲੂਮ ਸ਼ੁਦ ਆਖ਼ਰ।
ਕਿ ਦਾਇਮ, ਮਰਦਮਿ ਦੁਨੀਆ, ਬ-ਗ਼ਮ ਆਲੂਦਹ ਮੇ ਬਾਸ਼ਦ ॥੩॥

ਸ਼ਬਦਾਰਥ : ਫ਼ੈਜ਼—ਮਿਹਰ, ਕਿਰਪਾ। ਮੁਰਸ਼ਦ—ਗੁਰੂ। ਕਾਮਲ—ਪੂਰਾ। ਮਰਾ—ਮੈਨੂੰ। ਦਾਇਮ—ਸਦਾ। ਬ-ਗ਼ਮ—ਗ਼ਮ ਨਾਲ, ਦੁਖ ਨਾਲ। ਆਲੂਦਹ—ਲਿਬੜਿਆ ਹੋਇਆ। ਮਰਦਮਿ ਦੁਨੀਆ—ਦੁਨੀਆਵੀ ਪੁਰਸ਼, ਮਾਇਆਧਾਰੀ।

ਅਰਥ : ਪੂਰੇ ਗੁਰੂ ਦੀ ਮਿਹਰ ਨਾਲ ਓੜਕ ਮੈਨੂੰ ਪਤਾ ਲਗ ਗਿਆ (ਹੈ) ਕਿ ਮਾਇਆ-ਧਾਰੀ ਇਨਸਾਨ ਸਦਾ ਗ਼ਮਾਂ ਵਿਚ ਲਿਬੜਿਆ (ਡੁਬਿਆ) ਰਹਿੰਦਾ ਹੈ।

ਜ਼ਹੇ, ਸਾਹਿਬ ਦਿਲੇ, ਰੌਸ਼ਨ ਜ਼ਮੀਰੇ, ਆਰਫ਼ਿ ਕਾਮਲ।
ਕਿ ਬਰ ਦਰਗਾਹਿ ਹੱਕ, ਪੇਸ਼ਾਨੀ-ਇ ਊ, ਸੂਦਹ ਮੇ ਬਾਸ਼ਦ ॥੪॥

ਸ਼ਬਦਾਰਥ : ਜ਼ਹੇ—ਵਾਹ ਵਾਹ, ਧੰਨ ਹੈ। ਸਾਹਿਬ ਦਿਲ—ਦਿਲ ਦਾ ਮਾਲਿਕ, ਮਨ-ਜੇਤੂ। ਰੌਸ਼ਨ ਜ਼ਮੀਰ—ਵੀਚਾਰਵਾਨ। ਆਰਫ਼—ਬ੍ਰਹਮ ਗਿਆਨੀ (ਖ਼ੁਦਾ-ਸ਼ਨਾਸ)।

---

੧. ਇਸਤਲਾਹ—ਕਿਸੇ ਪਦ ਦੇ ਵਾਚਕ ਅਰਥ ਤੋਂ ਬਿਨਾਂ ਹੋਰ ਅਰਥ ਜਾਂ ਭਾਵ-ਅਰਥ, ਜਿਸ ਉੱਤੇ ਕਿਸੇ ਕੌਮ ਜਾਂ ਫ਼ਿਰਕੇ ਦੀ ਸੰਮਤੀ ਹੋਵੇ।

ਕਾਮਲ—ਪੂਰਾ। ਪੇਸ਼ਾਨੀ—ਮਸਤਕ, ਮੱਥਾ। ਸੂਦਹ ਮੇ ਬਾਸ਼ਦ—ਘੱਸਿਆ (ਰਗੜਿਆ) ਹੋਇਆ ਹੈ।

ਅਰਥ : ਧੰਨ ਹੈ ਉਹ ਮਨ-ਜੇਤੂ ਵੀਚਾਰਵਾਨ ਤੇ ਪੂਰਨ ਬ੍ਰਹਮ ਗਿਆਨੀ ਜਿਸ ਦਾ ਮਸਤਕ ਪ੍ਰਭੂ ਦੀ ਦਰਗਾਹ (ਦੇ ਦਰਵਾਜ਼ੇ) ਉਤੇ ਰਗੜਿਆ ਹੋਇਆ ਹੈ।

ਬ-ਕੁਰਬਾਨੇ, ਸਰਿ ਕੂਇਸ਼ ਬ-ਗਿਰਦ, ਵ ਦਮ ਮਜ਼ਨ 'ਗੋਇਆ'।
ਇਸ਼ਾਰਤ-ਹਾਏ ਚਸ਼ਮਿ ਊ, ਮਰਾ ਫ਼ਰਮੂਦਹ ਮੇ ਬਾਸ਼ਦ ॥੫॥

ਸ਼ਬਦਾਰਥ : ਸਰਿ—ਵਲ, ਪਾਸੇ ਤੇ। ਕੂਇਸ਼—ਉਸ ਦਾ ਕੂਚਾ, ਗਲੀ। ਬ-ਗਿਰਦ—ਫਿਰ। ਵ—ਅਤੇ। ਦਮ ਮਜ਼ਨ—ਦਮ ਨ ਮਾਰ। ਇਸ਼ਾਰਤ-ਹਾਏ—ਇਸ਼ਾਰੇ ਦਾ ਬਹੁ-ਵਚਨ। ਫ਼ਰਮੂਦਹ ਮੇ ਬਾਸ਼ਦ—ਫ਼ੁਰਮਾਇਆ ਜਾਂ ਹੁਕਮ ਕੀਤਾ ਹੋਇਆ ਹੈ।

ਅਰਥ : ਕੁਰਬਾਨੀ ਨਾਲ, ਭਾਵ, ਬਲਿਹਾਰ ਜਾ ਕੇ ਉਸ ਦੀ ਗਲੀ ਦੇ ਪਾਸੇ ਵਲ ਫਿਰ (ਚੱਕਰ ਕਟ) ਅਤੇ ਦਮ ਨਾ ਮਾਰ (ਆਪਣੇ ਪਿਆਰ, ਸਿਦਕ ਜਾਂ ਹੋਰ ਵਸਤੂ ਦਾ)। ਉਸ ਦੀ ਅੱਖ ਦੇ ਇਸ਼ਾਰਿਆਂ ਨੇ ਸਾਨੂੰ ਇਹ ਆਗਿਆ ਕੀਤੀ ਅਥਵਾ ਰਮਜ਼ ਸਮਝਾਈ ਹੋਈ ਹੈ।

ਵਿਆਖਿਆ

ਜਿਵੇਂ ਮਨੁੱਖ ਵਿਚਾਰ-ਸ਼ੀਲ ਹੋਣ ਕਰਕੇ ਪਸ਼ੂ-ਪੰਛੀਆਂ ਤੋਂ ਉਚੇਰਾ ਤੇ ਸ੍ਰੇਸ਼ਟ ਹੈ, ਤਿਵੇਂ ਹੀ ਗੁਰਮੁਖਾਂ ਤੇ ਮਨਮੁਖਾਂ ਦਾ ਵੀ ਆਪਸ ਵਿੱਚ ਭਾਰੀ ਅੰਤਰ ਹੈ। ਜਿੱਥੇ ਭਲੇ ਲੋਕ, ਪੂਰਨ ਸੰਤਾਂ ਦੀ ਸੰਗਤ ਵਿਚ ਮਿਲ ਕੇ, ਪ੍ਰਭੂ ਦੀ ਸਿਫ਼ਤ-ਸਲਾਹ ਕਰਦੇ, ਮਿੱਠਾ ਬੋਲਦੇ, ਹਰ ਪਾਸੇ ਵਾਹਿਗੁਰੂ ਦਾ ਜਲਵਾ ਤੱਕਦੇ ਤੇ ਉਸ ਨੂੰ ਦੀਦਿਆਂ ਵਿਚ ਬਿਠਾ ਕੇ ਵਿਗਸਦੇ ਹਨ, ਓਥੇ 'ਸ਼ੈਤਾਨ ਦੇ ਵੰਙਾਏ', ਅਭਾਗੇ ਤੇ ਧਿਰਕਾਰੇ ਲੋਕ ਉਹ ਕੰਮ ਕਰ ਕੇ ਖ਼ੁਸ਼ ਹੁੰਦੇ ਹਨ, ਜਿਨ੍ਹਾਂ ਨਾਲ ਵਾਹਿਗੁਰੂ ਤੋਂ ਦੂਰੀ ਵਧੇ। ਅਜਿਹੇ ਕਰਮ-ਹੀਨਾਂ ਦੇ ਸਿਰ, ਅੱਖਾਂ, ਹੱਥਾਂ ਪੈਰਾਂ ਆਦਿ ਨੂੰ ਭਾਈ ਗੁਰਦਾਸ ਜੀ ਇਉਂ ਧ੍ਰਿਗਤਾ ਪਾਉਂਦੇ ਹਨ

> **ਧ੍ਰਿਗੁ ਸਿਰੁ ਜੋ ਗੁਰ ਨ ਨਿਵੈ, ਗੁਰ ਲਗੈ ਨ ਚਰਣੀ॥**
> **ਧ੍ਰਿਗੁ ਲੋਇਣਿ ਗੁਰ ਦਰਸ ਵਿਣੁ, ਵੇਖੈ ਪਰ ਤਰਣੀ॥**
> **ਧ੍ਰਿਗੁ ਸਰਵਣਿ ਉਪਦੇਸ ਵਿਣੁ, ਸੁਣਿ ਸੁਰਤਿ ਨ ਧਰਣੀ॥**
> **ਧ੍ਰਿਗੁ ਜਿਹਬਾ ਗੁਰ ਸਬਦ ਵਿਣੁ, ਹੋਰ ਮੰਤ੍ਰ ਸਿਮਰਣੀ॥**
> **ਵਿਣੁ ਸੇਵਾ ਧ੍ਰਿਗੁ ਹਥ ਪੈਰ, ਹੋਰ ਨਿਹਫਲ ਕਰਣੀ॥**
> **ਪੀਰ ਮੁਰੀਦਾਂ ਪਿਰਹੜੀ, ਸੁਖ ਸਤਿਗੁਰ ਸਰਣੀ॥੧੦॥੨੭॥**

ਏਥੇ, 'ਗੋਇਆ' ਜੀ ਵੀ, ਇਸ ਗ਼ਜ਼ਲ ਨੂੰ, ਏਸੇ ਭਾਵ ਦੇ ਸ਼ੇਅਰ ਤੋਂ ਅਰੰਭ ਕਰਦੇ ਹਨ। ਫ਼ੁਰਮਾਂਦੇ ਹਨ ਕਿ ਪੈਰ ਓਹੀ ਸਫਲ ਹਨ ਜੋ ਵਾਹਿਗੁਰੂ ਦੇ ਰਾਹ ਤੁਰਨ। ਜੀਭਾ ਉਹ ਸ਼ੁਭ ਹੈ ਜਿਸ ਉਤੇ ਵਾਹਿਗੁਰੂ ਦਾ ਜ਼ਿਕਰ ਹੋਵੇ। ਲਿਖਦੇ ਹਨ ਕਿ ਸਾਡੇ ਨੈਣ ਇਸ ਲਈ ਸਫਲ ਹਨ ਕਿ ਉਨ੍ਹਾਂ ਵਿਚ ਕੇਵਲ 'ਸਤਿਗੁਰੂ' ਦਾ ਹੀ ਵਾਸ ਹੈ, ਤੇ ਉਹ ਜਿਧਰ ਵੇਖਦੇ

ਹਨ, ਉਸੇ ਦਾ ਹੀ ਜਲਵਾ ਤਕਦੇ ਹਨ। ਇਉਂ ਕਿਉਂ ਨਾ ਹੋਵੇ, ਜਦ ਕਿ ਸਾਨੂੰ ਕਾਮਲ ਮੁਰਸ਼ਦ ਤੋਂ ਇਹ ਸੋਝੀ ਪ੍ਰਾਪਤੀ ਹੋਈ ਹੈ ਕਿ ਦੁਨੀਆ ਦੇ ਧੰਧੇ ਪਿੱਟਣ ਵਾਲੇ ਲੋਕਾਂ ਨੂੰ ਆਖ਼ਰ ਦੁਖ-ਕਲੇਸ਼ ਗ੍ਰੱਸ ਲੈਂਦੇ ਤੇ ਪੀੜਤ ਕਰਦੇ ਹਨ। ਇਨ੍ਹਾਂ ਤੋਂ ਛੁਟਕਾਰਾ ਕੇਵਲ ਉੱਜਲ ਤੇ ਨਿਰਮਲ ਗੁਰੂ-ਜੋਤੀ ਦੀ ਮਿਹਰ ਨਾਲ ਹੋਣਾ ਹੈ। ਇਸ ਲਈ ਸਲਾਹ ਦਿੰਦੇ ਹਨ ਕਿ ਐਵੇਂ 'ਦਮ ਨਾ ਮਾਰ', (ਹਉਮੈ ਵਿਚ ਨਾ ਆ) ਅਤੇ ਆਪਾ ਸਮਰਪਣ ਲਈ ਉਸਦੀ ਗਲੀ ਦੇ ਚੱਕਰ ਕੱਟ। ਫੇਰ, ਉਹ ਤ੍ਰੁੱਠ ਕੇ ਨੈਣਾਂ ਦੇ ਇੱਕ ਇਸ਼ਾਰੇ ਨਾਲ ਤੈਨੂੰ ਸਦਾ ਲਈ ਸੁਰਖ਼ਰੂ ਕਰ ਦੇਵੇਗਾ। *(ਵਧੇਰੇ ਵਿਆਖਿਆ ਲਈ ਵੇਖੋ ਗ਼ਜ਼ਲ ਨੰ: ੬)*

ਗ਼ਜ਼ਲ ਨੰਬਰ ੨੭

ਹਜ਼ਾਰ ਤਖ਼ਤਿ ਮੁਰੱਸਾ, ਫ਼ਿਤਾਦਹ ਦਰ ਰਾਹ ਅੰਦ।
ਕ਼ਲੰਦਰਾਨਿ ਤੋ, ਤਾਜੋ ਨਗੀਂ, ਨਮੇ ਖ਼ਾਹੰਦ॥੧॥

ਫ਼ਨਾਹ ਪਜ਼ੀਰ ਬਵੱਦ, ਹਰ ਚਿ: ਹਸਤ ਦਰ ਆਲਮ,
ਨ ਆਸ਼ਕਾਂ, ਕਿ: ਅਜ਼ ਅਸਰਾਰਿ ਇਸ਼ਕ, ਆਗਾਹ ਅੰਦ॥੨॥

ਤਮਾਮ ਚਸ਼ਮ ਤਵਾਂ ਸ਼ੁਦ, ਪਏ ਨਜ਼ਾਰਾ-ਇ ੳ।
ਹਜ਼ਾਰ ਸੀਨਾ ਜ਼ਿ ਸ਼ੌਦਾ-ਏ ਹਿਜਰ, ਮੇ ਕਾਹੰਦ॥੩॥

ਤਮਾਮ ਦੌਲਤਿ ਦੁਨੀਆ, ਬ-ਯਕ ਨਿਗਾਹਿ ਬਖ਼ਸ਼ੰਦ।
ਯਕੀਂ ਬਦਾਂ, ਕਿ ਗਦਾਯਾਨਿ ਉ, ਸ਼ਾਹਨਸ਼ਾਹ ਅੰਦ॥੪॥

ਹਮੇਸ਼ਾ ਸੁਹਬਤਿ ਮਰਦਾਨਿ ਹੱਕ, ਤਲਬ 'ਗੋਇਆ'।
ਕਿ ਤਾਲਬਾਨਿ ਖ਼ੁਦਾ, ਵਾਸਲਾਨਿ ਅੱਲਹ ਅੰਦ॥੫॥

ਪੰਜਾਬੀ ਕਾਵਿ ਅਨੁਵਾਦ

੧. ਤਖ਼ਤ ਜੜਾਊ, ਚਾਹੇ ਹਜ਼ਾਰਾਂ, ਰਾਹ ਉਨ੍ਹਾਂ ਦੇ ਰੁਲਦੇ।
ਪਰ, ਤਾਜ ਨਗੀਨੇ ਵੇਖ ਕੇ, ਤੇਰੇ ਤਾਲਬ ਨਾਹੀਂ ਭੁਲਦੇ, ਹੂ।

੨. ਵਿੱਚ ਜਹਾਨੇ ਜੋ ਕਿਛ ਦਿਸਦਾ, ਇਹ ਸਭ ਬਿਨਸਨਹਾਰਾ।
ਪਰ ਜੋ ਵਾਕਫ਼ ਇਸ਼ਕ ਰਮਜ਼ ਤੋਂ, ਉਹ ਨਾ ਮਿਟੇ ਪਿਆਰਾ, ਹੂ।

੩. ਦਰਸ ਉਹਦੇ ਲਈ ਨੈਨਾਂ ਸਭਸ ਦੇ, ਬੜੇ ਬੇਚੈਨ ਵਿਚਾਰੇ।
ਸਭ ਦੇ ਸੀਨੀਂ, ਹਰ ਦਮ ਸੁਲਘੇ, ਅੱਗ ਹਿਜਰ ਦੀ ਮਾਰੇ, ਹੂ।

੪. ਸਤਿਗੁਰ ਮੇਰੇ ਦੀ ਇੱਕ ਝਾਤੀ, ਬਖ਼ਸ਼ੇ ਦੌਲਤ ਸਾਰੀ।
ਰੱਖ ਭਰੋਸਾ ਮੁਰਸ਼ਦ ਉੱਤੇ, ਰਾਜਾ, ਕਰੇ ਭਿਖਾਰੀ, ਹੂ।

੫. ਸੰਗਤ ਰੱਬ ਦੇ ਰਸੀਆਂ ਸੰਦੀ, ਤਲਬ ਕਰੀਂ ਤੂੰ 'ਗੋਇਆ'।
ਲਗਨ ਪ੍ਰਭੂ ਦੀ ਜਿਸ ਦਿਲ ਲਾਈ, ਰੱਬ ਰੂਪ ਉਹ ਹੋਇਆ, ਹੂ।

ਹਜ਼ਾਰ ਤਖ਼ਤਿ ਮੁਰੱਸਾ, ਫ਼ਿਤਾਦਾਹ ਦਰ ਰਾਹ ਅੰਦ।
ਕਲੰਦਰਾਨਿ ਤੋ, ਤਾਜੋ ਨਗੀਂ, ਨਮੇ ਖ਼ਾਹੰਦ ॥੧॥

ਸ਼ਬਦਾਰਥ : ਮੁਰੱਸਾ—ਜੜ੍ਹਾਊ, ਨਗਾਂ ਨਾਲ ਜੜ੍ਹਤ ਕੀਤੇ ਹੋਏ। ਫ਼ਿਤਾਦਾ—ਡਿਗੇ ਹੋਏ, ਪਏ ਹੋਏ। ਕਲੰਦਰ—ਮਸਤਾਨੇ, ਬੇਪਰਵਾਹ ਫ਼ਕੀਰ। ਨਮੇ ਖ਼ਾਹੰਦ—ਨਹੀਂ ਚਾਹੁੰਦੇ। ਅੰਦ—ਅਸਤ ਦਾ ਬਹੁਵਚਨ, ਹਨ (ਪਏ ਹਨ)।

ਅਰਥ : ਹਜ਼ਾਰ (ਹਜ਼ਾਰਾਂ) ਜੜ੍ਹਾਊ ਤਖ਼ਤ ਰਸਤੇ ਵਿੱਚ ਪਏ ਹੋਏ ਹਨ। (ਪਰੰਤੂ) ਤੇਰੇ ਮਸਤਾਨੇ, ਤਾਜ ਤੇ ਨਗੀਨੇ ਨਹੀਂ ਚਾਹੁੰਦੇ।

ਫ਼ਨਾਹ ਪਜ਼ੀਰ ਬਵੱਦ, ਹਰ ਚਿ: ਹਸਤ ਦਰ ਆਲਮ।
ਨ ਆਸ਼ਕਾਂ, ਕਿ: ਅਜ਼ ਅਸਰਾਰਿ ਇਸ਼ਕ, ਆਗਾਹ ਅੰਦ ॥੨॥

ਸ਼ਬਦਾਰਥ : ਫ਼ਨਾਹ-ਪਜ਼ੀਰ—ਨਾਸ ਹੋ ਜਾਣ ਵਾਲਾ। ਬਵੱਦ—ਹੈ। ਆਲਮ—ਜਗਤ। ਅਸਰਾਰਿ ਇਸ਼ਕ—ਇਸ਼ਕ ਦਾ ਭੇਦ। ਆਗਾਹ ਅੰਦ—ਜਾਣੂ ਹਨ।

ਅਰਥ : ਜੋ ਕੁਝ ਵੀ ਜਗਤ ਵਿਚ ਹੈ, ਨਾਸਵੰਤ ਹੈ, (ਪਰੰਤੂ ਉਹ) ਪ੍ਰੇਮੀ (ਨਾਸਵੰਤ) ਨਹੀਂ ਜੋ ਪ੍ਰੇਮ ਦਿਆਂ ਭੇਦਾਂ ਤੋਂ ਵਾਕਫ਼ ਹਨ।

ਤਮਾਮ ਚਸ਼ਮ ਤਵਾਂ ਸ਼ੁਦ, ਪਏ ਨਜ਼ਾਰਾ-ਇ ਓ।
ਹਜ਼ਾਰ ਸੀਨਾ ਜ਼ਿ ਸ਼ੌਦਾ-ਏ ਹਿਜਰ, ਮੇ ਕਾਹੰਦ ॥੩॥

ਸ਼ਬਦਾਰਥ : ਤਮਾਮ—ਸਾਰੀਆਂ। ਤਵਾਂ ਸ਼ੁਦ—ਬਲਵਾਨ ਹੋ ਗਈਆਂ ਹਨ, ਤੇਜਸਵੀ ਹੋ ਗਈਆਂ ਹਨ। ਪਏ—ਵਾਸਤੇ। ਸ਼ੌਦਾ-ਏ ਹਿਜਰ—ਵਿਛੋੜੇ ਦਾ ਸ਼ੁਦਾ। ਮੇ ਕਾਹੰਦ—ਧੁਖ ਰਹੇ ਹਨ।

ਅਰਥ : ਸਾਰੀਆਂ ਅੱਖਾਂ ਉਸ ਦੇ ਦਰਸ਼ਨਾਂ (ਜਲਵੇ) ਲਈ ਬਲਵਾਨ ਅਥਵਾ ਦਰਸ਼ਨਾਂ ਲਈ ਬੇਤਾਬ ਹਨ, ਹਜ਼ਾਰਾਂ ਸੀਨੇ (ਦਿਲ) ਉਸ ਦੇ ਵਿਜੋਗ ਦੇ ਸ਼ੁਦਾ ਵਿਚ ਧੁਖ ਰਹੇ ਹਨ।

ਤਮਾਮ ਦੌਲਤਿ ਦੁਨੀਆ, ਬ-ਯਕ ਨਿਗਾਹਿ ਬਖ਼ਸ਼ੰਦ।
ਯਕੀਂ ਬਦਾਂ, ਕਿ ਗਦਾਯਾਨਿ ਊ, ਸ਼ਾਹਨਸ਼ਾਹ ਅੰਦ ॥੪॥

ਸ਼ਬਦਾਰਥ : ਬ-ਯਕ ਨਿਗਾਹ—ਇਕ ਨਜ਼ਰ ਨਾਲ। ਯਕੀਂ—ਨਿਸਚਾ। ਬਦਾਂ—ਜਾਣ। ਗਦਾਯਾਨਿ ਊ—ਉਸ (ਪ੍ਰਭੂ) ਦੇ ਮੰਗਤੇ।

ਅਰਥ : (ਉਹ) ਦੁਨੀਆ ਦੀ ਸਾਰੀ ਦੌਲਤ ਇਕ ਨਜ਼ਰ ਨਾਲ ਬਖ਼ਸ਼ ਦਿੰਦੇ ਹਨ। ਯਕੀਨ ਜਾਣ ਕਿ ਉਸ ਦੇ (ਵਾਹਿਗੁਰੂ ਦੇ ਦਰ ਦੇ) ਮੰਗਤੇ ਬਾਦਸ਼ਾਹਾਂ ਦੇ ਬਾਦਸ਼ਾਹ ਹਨ।

ਹਮੇਸ਼ਾ ਸੁਹਬਤਿ ਮਰਦਾਨਿ ਹੱਕ, ਤਲਬ 'ਗੋਇਆ'।
ਕਿ ਤਾਲਬਾਨਿ ਖ਼ੁਦਾ, ਵਾਸਲਾਨਿ ਅੱਲਹ ਅੰਦ ॥੫॥

ਸ਼ਬਦਾਰਥ : ਤਲਬ—ਇੱਛਾ (ਰੱਖ)। ਸੁਹਬਤ—ਸੰਗਤ। ਤਾਲਬਾਨਿ ਖ਼ੁਦਾ—ਰੱਬ ਦੇ ਖੋਜੀ, ਸੁਆਲੀ। ਵਾਸਲਾਨਿ ਅੱਲਾ—ਅੱਲਾ ਨਾਲ ਵਸਲ ਰਖਦੇ ਹਨ, ਅਭੇਦ ਹਨ। ਵਸਲ—ਮਿਲਾਪ।

ਅਰਥ : ਹੇ ਗੋਇਆ, (ਤੂੰ) ਵਾਹਿਗੁਰੂ ਦੇ ਰਸੀਆਂ (ਗੁਰਮੁਖਾਂ) ਦੀ ਸੰਗਤ ਦੀ ਇੱਛਾ ਰੱਖ, ਕਿਉਂਕਿ ਰੱਬ ਦੀ ਖਿਚ (ਤੜਪ) ਰੱਖਣ ਵਾਲੇ ਰੱਬ ਨਾਲ ਅਭੇਦ ਵਰਤਦੇ ਹਨ।

ਵਿਆਖਿਆ

ਇਸ ਗ਼ਜ਼ਲ ਵਿੱਚ 'ਗੋਇਆ' ਜੀ ਨੇ ਵਾਹਿਗੁਰੂ-ਲੋਕਾਂ ਤੇ ਬੇਪਰਵਾਹ ਮਸਤਾਨਿਆਂ ਦੀ ਅਵਸਥਾ ਚੌਥੇ ਗੁਰਦੇਵ ਦੇ ਇਸ ਫ਼ੁਰਮਾਨ ਦੀ ਰੌਸ਼ਨੀ ਵਿੱਚ ਬਿਆਨਣ ਦਾ ਯਤਨ ਕੀਤਾ ਹੈ :

ਜਿਨ ਸਰਧਾ ਰਾਮ ਨਾਮਿ ਲਗੀ, ਤਿਨ੍ ਦੂਜੈ ਚਿਤੁ ਨ ਲਾਇਆ ਰਾਮ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ, ਬਿਨੁ ਨਾਵੈ ਅਵਰੁ ਨ ਭਾਇਆ ਰਾਮ॥

(ਆਸਾ ਮ: ੪, ਪੰਨਾ ੪੪੪)

ਸਿਆਣਿਆਂ ਦਾ ਕਥਨ ਹੈ ਕਿ ਅਮੀਰ ਉਹ ਨਹੀਂ ਜੋ ਸੰਸਾਰ ਦੇ ਪਦਾਰਥਾਂ ਦੀ ਬਹੁਤਾਤ ਰੱਖਦਾ ਵੀ ਹਿਰਸੀ, ਤ੍ਰਿਸ਼ਨਾਲੂ ਤੇ ਲੋਭੀ ਹੈ; ਸਗੋਂ, ਦੌਲਤ-ਮੰਦਾਂ ਦਾ ਦੌਲਤ-ਮੰਦ ਉਹ ਹੈ, ਜਿਸ ਦੀਆਂ ਖ਼ਾਹਸ਼ਾਂ ਘੱਟ ਹਨ। ਪ੍ਰਭੂ-ਲੋਕਾਂ ਦੇ ਪੈਰਾਂ ਵਿਚ ਹਜ਼ਾਰਾਂ ਜੜਾਊ ਤਖ਼ਤ ਰੁਲਦੇ ਫਿਰਦੇ ਹਨ। ਉਹ ਤਾਜਾਂ ਤੇ ਤਖ਼ਤਾਂ ਤੋਂ ਇਸ ਲਈ ਬੇ-ਨਿਆਜ਼ ਹਨ, ਕਿਉਂਕਿ, ਉਨ੍ਹਾਂ ਨੂੰ ਇਹ ਹਕ਼ੀਕ਼ਤ ਚਿੱਟੇ ਦਿਨ ਵਾਂਗ ਰੌਸ਼ਨ ਹੈ ਕਿ 'ਹਕ਼ੀਕ਼ੀ ਪਿਆਰ' ਤੋਂ ਬਿਨਾਂ ਸੰਸਾਰ ਦੀ ਹਰ ਵਸਤੂ ਨਾਸਵੰਤ, ਛਲ ਤੇ ਧੋਖਾ ਹੈ। ਜੇ ਉਹ ਚਾਹੁਣ ਤਾਂ ਸਾਰੀ ਦੁਨੀਆ ਅੱਖ ਦੇ ਇਕ ਇਸ਼ਾਰੇ ਨਾਲ ਬਖ਼ਸ਼ਸ਼ ਕਰ ਦੇਣ। ਵਿਸ਼ਵਾਸ ਰੱਖ ਕਿ ਉਨ੍ਹਾਂ ਦੀ ਗਲੀ ਦੇ ਮੰਗਤੇ ਬਾਦਸ਼ਾਹਾਂ ਦੇ ਵੀ ਬਾਦਸ਼ਾਹ ਹਨ।

ਅੰਤ ਵਿਚ, ਉਪਦੇਸ਼ ਦਿੰਦੇ ਹਨ ਕਿ ਸਦਾ ਪ੍ਰਭੂ-ਲੋਕਾਂ ਦੀ ਸੰਗਤ ਲਈ ਤੜਪ ਰੱਖੋ। ਨਿਸਚੇ ਜਾਣੋ ਕਿ ਵਾਹਿਗੁਰੂ ਦੇ ਭਗਤ ਅੱਲਹ-ਮਿਲਾਪ ਵਿੱਚ ਜੀਉਂਦੇ ਹਨ, ਉਸ ਨਾਲ ਅਭੇਦ ਹਨ। (ਇਸ ਗ਼ਜ਼ਲ ਦਾ ਭਾਵ ਗ਼ਜ਼ਲ ਨੰ: ੯ ਦੀ ਵਿਆਖਿਆ ਵਿਚੋਂ ਵੀ ਵਾਚੋ।)

—o—

ਮਰਦਿ ਆਰਫ਼ ਜ਼ਿੰਦਾ, ਅਜ਼ ਇਰਫ਼ਾਨੇ ਓਸਤ॥
ਨਿਅਮਤੇ ਹਰ-ਦੋ ਜਹਾਂ, ਦਰ ਖ਼੍ਵਾਨੇ ਓਸਤ॥੧੪੯॥ *(ਜ਼ਿੰਦਗੀਨਾਮਾ)*

ਵਿਚਾਰਵਾਨ ਗਿਆਨੀ ਜੀਂਦਾ ਹੈ ਉਸ ਵਾਹਿਗੁਰੂ ਦੀ ਸਿਫ਼ਤ-ਸਲਾਹ ਵਿਚ; ਦੋ ਜਹਾਨਾਂ ਦੀਆਂ ਨਿਆਮਤਾਂ ਉਸ ਦੇ ਜ਼ਿਕਰ ਵਿਚ ਹੁੰਦੀਆਂ ਹਨ।

ਪਾਰਸਾਈ ਬਿਹ ਕਿ: ਬਹਿਰੇ ਹੱਕ ਬਵਦ॥
ਬਾਦਸ਼ਾਹੀ ਚੀਸ੍, ਕਾਂ ਨਾ-ਹੱਕ ਬਵਦ॥੨੦੯॥ *(ਜ਼ਿੰਦਗੀਨਾਮਾ)*

(ਉਹ) ਪਾਰਸਾਈ (ਪਰਹੇਜ਼ਗਾਰੀ) ਬਿਹਤਰ ਹੈ, ਜੋ ਕਿ ਵਾਹਿਗੁਰੂ (ਦੀ ਯਾਦ) ਵਿਚ ਹੁੰਦੀ ਹੈ, (ਪਰ ਉਹ) ਬਾਦਸ਼ਾਹੀ ਕਿਸੇ ਕੰਮ ਨਹੀਂ ਜਿਸ ਵਿਚ ਕਿ ਵਾਹਿਗੁਰੂ ਦੀ ਪ੍ਰੀਤ ਨਹੀਂ।

.ਗ਼ਜ਼ਲ ਨੰਬਰ ੨੯

ਗਰ ਦਸਤਿ ਮਨ ਹਮੇਸ਼ ਪਏ ਕਾਰ ਮੇ ਰਵੱਦ।
ਮਨ ਚੂੰ ਕੁਨਮ ਕਿ ਦਿਲ ਬਸੂਏ ਯਾਰ ਮੇ ਰਵੱਦ॥੧॥

ਆਵਾਜ਼ਿ ਲਨਤਰਾਨੀ, ਬ-ਹਰਦਮ ਬ-ਗੋਸ਼ਿ ਦਿਲ।
ਮੂਸਾ ਮਗਰ ਬ-ਦੀਦਨਿ ਦੀਦਾਰ, ਮੇ ਰਵੱਦ॥੨॥

ਈਂ ਦੀਦਾ ਨੇਸ੍ਤ, ਆਂ ਕਿ: ਅਜ਼ ਓ, ਅਸ਼ਕ ਮੇ ਚਕੱਦ।
ਜਾਮਿ ਮੁਹੱਬਤ ਅਸਤ ਕਿ ਸਰਸ਼ਾਰ ਮੇ ਰਵੱਦ॥੩॥

ਦਿਲਦਾਰ ਓ ਦਿਲ, ਜ਼ਿ ਬਸਕਿ: ਯਕੇ ਅੰਦ ਦਰ ਵਜੂਦ।
ਜ਼ਾਂ ਦਿਲ ਹਮੇਸ਼ਾ ਜਾਨਬਿ ਦਿਲਦਾਰ ਮੇ ਰਵੱਦ॥੪॥

ਦਰ ਹਰ ਦੋ ਕੌਨ, ਗਰਦਨਿ ਊ, ਸਰ-ਬੁਲੰਦ ਸ਼ੁਦ।
ਮਨਸੂਰ ਵਾਰ ਹਰ ਕਿ: ਸੂਏ ਦਾਰ ਮੇ ਰਵੱਦ॥੫॥

'ਗੋਇਆ' ਜ਼ਿ ਜ਼ਾਤਿ ਦੋਸਤ, ਹਕ਼ੀਕ਼ੀ ਹਯਾਤ ਯਾਫ਼ਤ।
ਦੀਗਰ ਚਿਰਾ ਬ-ਕੂਚਾ-ਇ ਖ਼ੁੱਮਾਰ, ਮੇ ਰਵੱਦ॥੬॥

ਪੰਜਾਬੀ ਕਾਵਿ ਅਨੁਵਾਦ

੧. ਹੱਥ ਅਸਾਡਾ, ਭਾਵੇਂ ਯਾਰੋ, ਧੰਦਿਆਂ ਦੇ ਵੱਲ ਧਾਂਦਾ।
ਕੀ ਕਰੀਏ, ਪਰ ਦਿਲ ਅਸਾਡਾ, ਵੱਲ ਗੁਰੂ ਦੇ ਜਾਂਦਾ, ਹੂ।

੨. 'ਤੂੰ ਨਹੀਂ ਵੇਖ ਸਕੇਂਗਾ' ਦੀ ਸੱਦ, ਚਾਹੇ ਕੰਨੀਂ ਆਵੇ।
ਦਰਸ਼ਨ ਕਾਰਨ ਫਿਰ ਵੀ ਮੂਸਾ, ਵਲ ਮਾਹੀ ਦੇ ਧਾਵੇ, ਹੂ।

੩. ਨੇਹੁੰ ਨੀਰ ਬਹੇ ਜਿਸ ਅੱਖੋਂ, ਅੱਖ ਨ ਜਾਣੀਂ ਪਿਆਰੇ।
ਇਹ ਹੈ ਪ੍ਰੇਮ-ਪਿਆਲਾ ਜਿਸ ਚੋਂ, ਪਿਆਰ ਉਛਾਲੇ ਮਾਰੇ, ਹੂ।

੪. ਨਾਲ ਮਾਹੀ ਦੇ ਦਿਲ ਇਹ ਮੇਰਾ, ਦੇਹੀ ਦੇ ਵਿੱਚ ਵਸਦਾ।
ਮਾਹੀ ਦੇ ਵੱਲ ਏਸੇ ਕਾਰਨ, ਮੁੜ ਮੁੜ ਉੱਠ ਉੱਠ ਨੱਸਦਾ, ਹੂ।

੫. ਓਹੀਓ ਬੰਦਾ ਦੁਹੀਂ ਜਹਾਨੀਂ, ਮਾਨ ਸਦਾ ਹੈ ਪਾਂਦਾ।
ਜੋ ਮਨਸੂਰ ਦੇ ਵਾਂਙੂ ਹੱਸ ਹੱਸ, ਸੂਲੀ ਤੇ ਚੜ੍ਹ ਜਾਂਦਾ, ਹੂ।

੬. 'ਗੋਇਆ' ਨੇ ਜਦ ਜੀਵਨ-ਜੁਗਤੀ, ਪ੍ਰੀਤਮ ਤੋਂ ਹੈ ਪਾਈ।
ਮੈ-ਖ਼ਾਨੇ ਦੇ ਕੂਚੇ ਵਲ ਹੁਣ, ਕਰਦਾ ਨਹਿਂ ਉਹ ਧਾਈ, ਹੂ।

ਗਰ ਦਸਤਿ ਮਨ ਹਮੇਸ਼ ਪਏ ਕਾਰ ਮੇ ਰਵੰਦ।
ਮਨ ਚੂੰ ਕੁਨਮ ਕਿ ਦਿਲ ਬਸੂਏ ਯਾਰ ਮੇ ਰਵੰਦ॥੧॥

ਸ਼ਬਦਾਰਥ : ਗਰ—ਭਾਵੇਂ। ਦਸਤਿ ਮਨ— ਮੇਰੇ ਹੱਥ। ਪਏ—ਵਾਸਤੇ। ਕਾਰ—ਕੰਮ। ਮੇ ਰਵੰਦ—ਜਾਂਦਾ ਹੈ। ਮਨ ਚੂੰ ਕੁਨਮ—ਮੈਂ ਕੀ ਕਰਾਂ ? ਸੂ—ਵਲ, ਤਰਫ਼।

ਅਰਥ : ਭਾਵੇਂ ਸਾਡੇ ਹੱਥ ਸਦਾ ਕੰਮ ਵਲ ਜਾਂਦੇ ਹਨ, (ਪਰੰਤੂ) ਮੈਂ ਕੀ ਕਰਾਂ, ਜੋ (ਮੇਰਾ) ਦਿਲ ਮਿੱਤਰ ਵਲ ਜਾਂਦਾ ਹੈ।

ਆਵਾਜ਼ਿ ਲਨਤਰਾਨੀ, ਬ-ਹਰਦਮ ਬ-ਗੋਸ਼ਿ ਦਿਲ।
ਮੂਸਾ ਮਗਰ ਬ-ਦੀਦਨਿ ਦੀਦਾਰ, ਮੇ ਰਵੰਦ॥੨॥

ਸ਼ਬਦਾਰਥ : ਆਵਾਜ਼ਿ ਲਨਤਰਾਨੀ—'ਤੂੰ ਨਹੀਂ ਵੇਖ ਸਕੇਂਗਾ' ਦੀ ਅਵਾਜ਼। ਗੋਸ਼—ਕੰਨ। ਬਗੋਸ਼ਿ ਦਿਲ—ਦਿਲ ਦੇ ਕੰਨ ਵਿਚ। ਬਦੀਦਨਿ ਦੀਦਾਰ—ਦੇਖਣ ਲਈ।

ਅਰਥ : 'ਤੂੰ ਨਹੀਂ ਵੇਖ ਸਕੇਂਗਾ' ਦੀ (ਰੱਬੀ) ਆਵਾਜ਼ (ਭਾਵੇਂ ਮੂਸਾ ਦੇ) ਦਿਲ ਦੇ ਕੰਨਾਂ ਵਿਚ (ਆ ਰਹੀ ਹੈ), ਫਿਰ ਵੀ ਉਹ (ਉਸ ਦੇ) ਦਰਸ਼ਨਾਂ ਲਈ ਅੱਗੇ ਵਧਦਾ ਜਾ ਰਿਹਾ ਹੈ।

ਈਂ ਦੀਦਾ ਨੇਸ੍ਤ, ਆਂ ਕਿ: ਅਜ਼ ਓ, ਅਸ਼ਕ ਮੇ ਚਕੱਦ।
ਜਾਮਿ ਮੁਹੱਬਤ ਅਸਤ ਕਿ ਸਰਸ਼ਾਰ ਮੇ ਰਵੱਦ॥੩॥

ਸ਼ਬਦਾਰਥ : ਦੀਦਾ—ਅੱਖ। ਅਸ਼ਕ—ਅਥਰੂ। ਆਂ ਕਿ ਅਜ਼ ਓ—ਉਹ ਜਿਸ ਚੋਂ ਕਿ। ਮੇ ਚਕੱਦ—ਨਿਕਲਦੇ ਹਨ, ਡਿਗਦੇ ਹਨ। ਜਾਮਿ ਮੁਹੱਬਤ—ਪਿਆਰ ਦਾ ਪਿਆਲਾ। ਸਰਸ਼ਾਰ—ਭਰ ਕੇ ਉਛਲਦਾ ਹੋਇਆ।

ਅਰਥ : ਇਹ ਅੱਖ ਨਹੀਂ ਹੈ ਜਿਸ ਵਿਚੋਂ ਕਿ ਅਥਰੂ ਨਿਕਲਦੇ ਹਨ, (ਇਹ ਤਾਂ) ਪਿਆਰ ਦਾ ਪਿਆਲਾ ਹੈ ਜੋ (ਕੰਢਿਆਂ ਤਕ, ਨਕੋ ਨੱਕ ਪਿਆਰ ਨਾਲ) ਭਰਿਆ ਹੋਇਆ (ਛਲਕ ਰਿਹਾ) ਹੈ।

ਦਿਲਦਾਰ ਓ ਦਿਲ, ਜ਼ਿ ਬਸਕਿ: ਯਕੇ ਅੰਦ ਦਰ ਵਜੂਦ।
ਜ਼ਾਂ ਦਿਲ ਹਮੇਸ਼ਾ ਜਾਨਬਿ ਦਿਲਦਾਰ ਮੇ ਰਵੱਦ॥੪॥

ਸ਼ਬਦਾਰਥ : ਦਿਲਦਾਰ—ਪ੍ਰੀਤਮ। ਓ—ਅਤੇ। ਯਕੇ ਅੰਦ—ਇਕੱਠੇ ਹਨ। ਬਸ ਕਿ—ਜਦ ਕਿ। ਵਜੂਦ—ਸਰੀਰ। ਕਿ—ਕਿਉਂ ਜੁ। ਜ਼ਾਂ—ਇਸ ਵਾਸਤੇ।

ਅਰਥ : ਜਦ ਕਿ ਦਿਲ ਤੇ ਦਿਲਬਰ ਮਨੁੱਖੀ ਸਰੀਰ ਵਿਚ ਇਕੱਠੇ ਹਨ, ਇਸੇ ਲਈ ਸਦਾ ਪ੍ਰੀਤਮ ਦੇ ਵਲ ਜਾਂਦਾ ਹੈ।

ਦਰ ਹਰ ਦੋ ਕੌਨ, ਗਰਦਨਿ ਊ, ਸਰ-ਬੁਲੰਦ ਸ਼ੁਦ।
ਮਨਸੂਰ ਵਾਰ ਹਰ ਕਿ: ਸੂਏ ਦਾਰ ਮੇ ਰਵੱਦ ॥੫॥

ਸ਼ਬਦਾਰਥ : ਕੌਨ—ਜਹਾਨ, ਲੋਕ। ਗਰਦਨ—ਧੌਣ। ਸਰ-ਬੁਲੰਦ—ਉਚੀ। ਮਨਸੂਰ ਵਾਰ—ਮਨਸੂਰ ਦੀ ਤਰ੍ਹਾਂ। ਦਾਰ—ਸੂਲੀ। ਹਰ ਕਿ—ਜਿਹੜਾ ਵੀ।

ਅਰਥ : ਦੋਹਾਂ ਜਹਾਨਾਂ ਵਿਚ ਓਸ ਦੀ ਹੀ ਧੌਣ ਉੱਚੀ ਹੋਈ (ਭਾਵ ਹੁੰਦੀ ਹੈ) ਜਿਹੜਾ ਮਨਸੂਰ ਦੀ ਤਰ੍ਹਾਂ ਸੂਲੀ ਦੇ ਵਲ ਜਾਂਦਾ ਹੈ।

'ਗੋਇਆ' ਜ਼ਿ ਜ਼ਾਤਿ ਦੋਸਤ, ਹਕ਼ੀਕ਼ੀ ਹਯਾਤ ਯਾਫ਼ਤ।
ਦੀਗਰ ਚਿਰਾ ਬ-ਕੂਚਾ-ਇ ਖ਼ੁੱਮਾਰ, ਮੇ ਰਵੱਦ ॥੬॥

ਸ਼ਬਦਾਰਥ : ਜ਼ਿ—ਤੋਂ। ਜ਼ਾਤਿ ਦੋਸਤ—ਮਿੱਤਰ ਦੀ ਜ਼ਾਤ, ਹਸਤੀ। ਹਕ਼ੀਕ਼ੀ—ਅਸਲੀ। ਹਯਾਤ—ਜੀਵਨ, ਜ਼ਿੰਦਗੀ। ਯਾਫ਼ਤ—ਪਾਈ, ਪ੍ਰਾਪਤ ਕੀਤੀ। ਦੀਗਰ—ਹੋਰ, ਦੂਜਾ। ਬ-ਕੂਚਾ—ਗਲੀ ਜਾਂ ਕੂਚੇ ਵਲ। ਖ਼ੁਮਾਰ—ਸ਼ਰਾਬ।

ਅਰਥ : 'ਗੋਇਆ' ਨੇ ਮਿੱਤਰ ਪਿਆਰੇ ਦੀ ਜ਼ਾਤ (ਹਸਤੀ) ਤੋਂ ਅਸਲੀ ਜ਼ਿੰਦਗੀ ਪ੍ਰਾਪਤ ਕੀਤੀ (ਹੈ), ਫੇਰ (ਉਹ) ਕਿਉਂ ਸ਼ਰਾਬਖ਼ਾਨੇ ਦੀ ਗਲੀ (ਨਾਸ਼ਵੰਤ ਸੰਸਾਰਕ ਪਦਾਰਥਾਂ) ਵਲ ਜਾਂਦਾ ਹੈ (ਭਾਵ ਨਹੀਂ ਜਾਂਦਾ, ਉਸ ਨੂੰ ਜਾਣ ਦੀ ਲੋੜ ਹੀ ਨਹੀਂ ਰਹੀ)।

ਵਿਆਖਿਆ

ਸ੍ਰੀ ਨਾਮਦੇਵ ਤੇ ਸ੍ਰੀ ਤ੍ਰਿਲੋਚਨ ਜੀ ਮਹਾਂਰਾਸ਼ਟਰ ਦੇ ਸਮਕਾਲੀ ਪ੍ਰਭੂ-ਭਗਤ ਹੋਏ ਹਨ। ਦੋਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹੈ। ਭਗਤ ਨਾਮਦੇਵ ਜੀ ਦੇ ੬੦ ਸ਼ਬਦ ਹਨ ਅਤੇ ਸ੍ਰੀ ਤ੍ਰਿਲੋਚਨ ਜੀ ਦੇ ਕੇਵਲ ਚਾਰ। ਸਾਖੀ ਹੈ ਕਿ ਇਕ ਵੇਰ ਭਗਤ ਤ੍ਰਿਲੋਚਨ ਜੀ ਭਗਤ ਨਾਮਦੇਵ ਜੀ ਪਾਸ ਦਰਸ਼ਨਾਂ ਨੂੰ ਗਏ; ਪਰੰਤੂ, ਸ੍ਰੀ ਨਾਮਦੇਵ ਜੀ ਸਾਰਾ ਸਮਾਂ ਕਿਰਤ-ਕਾਰ ਵਿਚ ਹੀ ਜੁੱਟੇ ਰਹੇ। ਤ੍ਰਿਲੋਚਨ ਜੀ, ਜੋ ਭਗਤ ਨਾਮਦੇਵ ਜੀ ਦੀ ਪ੍ਰਪੱਕ ਬਿਰਤੀ ਦੀ ਅਵਸਥਾ ਤੋਂ ਅਣਜਾਣ ਸਨ, ਗਿਲੇ ਦੇ ਤੌਰ ਉਤੇ ਕਹਿਣ ਲੱਗੇ

ਨਾਮਾ ਮਾਇਆ ਮੋਹਿਆ, ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤੁ ॥੨੧੨॥

(ਸਲੋਕ ਕਬੀਰ, ਪੰਨਾ ੧੩੭੫)

ਅੱਗੋਂ ਭਗਤ ਨਾਮਦੇਵ ਜੀ, ਜਿਨ੍ਹਾਂ ਦੀ ਅਵਸਥਾ 'ਹੱਥ ਕਾਰ ਵੱਲ ਤੇ ਦਿਲ ਯਾਰ ਵੱਲ' ਵਾਲੀ ਬਣ ਚੁੱਕੀ ਸੀ, ਬੜੇ ਪਿਆਰ ਨਾਲ ਸਮਝਾਇਆ

ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ ॥੨੧੩॥

(ਸਲੋਕ ਕਬੀਰ, ਪੰਨਾ ੧੩੭੬)

ਨਿਰੰਤਰ ਭਗਤੀ ਦੀ ਇਸ ਪ੍ਰਪੱਕ ਅਵਸਥਾ, ਅਥਵਾ 'ਸਿਮਰਨ' ਨੂੰ, ਭਗਤ ਨਾਮਦੇਵ ਜੀ ਨੇ ਇਕ ਹੋਰ ਥਾਂ, ਰਾਗ ਰਾਮਕਲੀ ਵਿਚ ਬੜੀ ਸੁੰਦਰਤਾ ਤੇ ਸਪੱਸ਼ਟਤਾ ਨਾਲ ਦਰਸਾਇਆ ਹੈ। ਫ਼ੁਰਮਾਉਂਦੇ ਹਨ

ਆਨੀ ਲੇ ਕਾਗਦੁ, ਕਾਟੀ ਲੇ ਗੂਡੀ, ਆਕਾਸ ਮਧੇ ਭਰਮੀਅਲੇ ॥
ਪੰਚ ਜਨਾ ਸਿਉ ਬਾਤ ਬਤਊਆ, ਚੀਤੁ ਸੋ ਡੋਰੀ ਰਾਖੀਅਲੇ ॥੧॥
ਮਨੁ ਰਾਮ ਨਾਮਾ ਬੇਧੀਅਲੇ ॥
ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ਰਹਾਉ॥
ਆਨੀ ਲੇ ਕੁੰਭੁ, ਭਰਾਈਲੇ ਊਦਕ, ਰਾਜ ਕੁਆਰਿ ਪੁਰੰਦਰੀਏ ॥
ਹਸਤ ਬਿਨੋਦ ਬੀਚਾਰ ਕਰਤੀ ਹੈ, ਚੀਤੁ ਸੁ ਗਾਗਰਿ ਰਾਖੀਅਲੇ ॥੨॥
ਮੰਦਰੁ ਏਕੁ ਦੁਆਰ ਦਸ ਜਾ ਕੇ, ਗਊ ਚਰਾਵਨ ਛਾਡੀਅਲੇ ॥
ਪਾਂਚ ਕੋਸ ਪਰ ਗਊ ਚਰਾਵਤ, ਚੀਤੁ ਸੁ ਬਛਰਾ ਰਾਖੀਅਲੇ ॥੩॥
ਕਹਤ ਨਾਮਦੇਉ ਸੁਨਹੁ ਤਿਲੋਚਨ, ਬਾਲਕੁ ਪਾਲਨ ਪਉਢੀਅਲੇ ॥
ਅੰਤਰਿ ਬਾਹਰਿ ਕਾਜ ਬਿਰੂਧੀ, ਚੀਤੁ ਸੁ ਬਾਰਿਕ ਰਾਖੀਅਲੇ ॥੪॥ *(ਪੰਨਾ ੯੭੨)*

ਭਾਵ—"ਬਾਲਕ ਦਾ ਸਾਥੀਆਂ ਨਾਲ ਗੱਲਾਂ-ਬਾਤਾਂ ਵਿਚ ਰੁੱਝੇ ਰਹਿਣਾ, ਪਰੰਤੂ, ਚਿੱਤ ਗੁੱਡੀ ਦੀ ਡੋਰ ਤੇ ਗੁੱਡੀ ਵਿਚ ਰੱਖਣਾ; ਸਖੀਆਂ ਦਾ ਆਪਸ ਵਿਚ ਹੱਸਣਾ ਖੇਡਣਾ, ਪਰੰਤੂ ਚਿੱਤ ਸਿਰ ਉਤਲੀ ਗਾਗਰ ਵਿਚ ਰੱਖਣਾ ਕਿ ਕਿਤੇ ਡਿੱਗ ਨਾ ਪਵੇ; ਮਾਤਾ ਦਾ ਅੰਦਰ ਬਾਹਰ ਘਰ ਦੇ ਕੰਮ-ਕਾਜ ਵਿਚ ਪ੍ਰਵਿਰਤ ਹੁੰਦਿਆਂ ਵੀ ਸੁਰਤ ਪੰਘੂੜੇ ਪਏ ਬਾਲਕ ਵਿਚ ਰੱਖਣੀ; ਇਤਿਆਦਿ ਨਿੱਤ ਦੇ ਜੀਵਨ ਦੀਆਂ ਕਿਤਨੀਆਂ ਖ਼ੂਬਸੂਰਤ ਤੇ ਵਾਸਤਵਿਕਤਾ-ਭਰਪੂਰ ਘਟਨਾਵਾਂ ਹਨ, ਜਿਨ੍ਹਾਂ ਤੋਂ 'ਸਿਮਰਨ' ਅਥਵਾ 'ਧਿਆਨ' ਧਰਨ ਦੀ ਕਲਾ ਸਮਝੀ ਜਾ ਸਕਦੀ ਹੈ। ਇਹ ਭਗਤਾਂ ਦੀ ਅਨਿੱਨ ਤੇ ਉਨਮਨ ਅਵਸਥਾ ਦਾ ਪ੍ਰਮਾਣ ਹਨ ਕਿ ਉਹ ਕਿਵੇਂ ਸੰਸਾਰ ਵਿਚ ਇੱਕੋ ਸਮੇਂ ਧਰਮ ਦੀ ਕਿਰਤ ਕਰਦੇ, ਵੰਡ ਛਕਦੇ ਤੇ ਨਾਮ ਜਪਦੇ, ਉਲਾਰ-ਰਹਿਤ ਤੇ ਸਹਿਜ ਵਾਲਾ ਜੀਵਨ ਬਤੀਤ ਕਰਦੇ ਹਨ।"

ਏਸੇ ਹੀ ਪ੍ਰਪੱਕ ਭਗਤੀ ਅਵਸਥਾ ਦਾ ਜ਼ਿਕਰ ਭਾਈ ਸਾਹਿਬ ਨੇ ਇਸ ਗ਼ਜ਼ਲ ਵਿਚ ਕੀਤਾ ਹੈ। ਲਿਖਦੇ ਹਨ ਕਿ "ਸਾਡੇ ਹੱਥ ਭਾਵੇਂ ਸਦਾ ਕਾਰ ਵੱਲ ਰੁੱਝੇ ਰਹਿੰਦੇ ਹਨ ਪਰ ਦਿਲ ਹਮੇਸ਼ਾ ਯਾਰ (ਸਤਿਗੁਰੂ) ਵਲ ਲੱਗਾ ਰਹਿੰਦਾ ਹੈ।" ਭਾਵੇਂ, ਪੈਰ ਪੈਰ ਉਤੇ ਅਟਕਾਂ ਤੇ 'ਘਟ ਅਵਘਟ ਡੂਗਰ ਘਨਾ' ਦੇ ਕਥਨ ਅਨੁਸਾਰ, ਪ੍ਰਮਾਰਥ ਦੀ ਘਾਟੀ ਦਾ ਇਹ ਰਸਤਾ ਬੜਾ ਭੀਹਾਵਲਾ, ਬਿਖੜਾ ਤੇ 'ਤਿਲਕਣਬਾਜ਼ੀ-ਵੇਹੜਾ' ਹੈ, ਪਰੰਤੂ ਫੇਰ ਵੀ ਗੁਰਮੁਖਾਂ ਦਾ ਕਦਮ :

ਆਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ ॥ *(ਪੰਨਾ ੧੦੯੬)*

ਦੇ ਗੁਰਵਾਕ ਅਨੁਸਾਰ, ਮਸਤਾਨਾ-ਵਾਰ ਅੱਗੇ ਵੱਲ ਵੱਧਦਾ ਹੀ ਜਾਂਦਾ ਹੈ।

ਮੂਸਾ ਦੀ ਸਾਖੀ ਦਾ ਹਵਾਲਾ ਦੇ ਕੇ ਦੱਸਦੇ ਹਨ ਕਿ ਭਾਵੇਂ ਪ੍ਰਭੂ ਵੱਲੋਂ ਉਸ ਨੂੰ ਬਾਰ ਬਾਰ ਜਵਾਬ ਮਿਲਿਆ ਕਿ ਉਹ ਦਰਸ਼ਨ ਨਹੀਂ ਕਰ ਸਕੇਗਾ; ਪਰੰਤੂ, ਉਸਦੀ ਦਰਸ਼ਨਾਂ ਦੀ ਤਾਂਘ ਮੱਠੀ ਨਾ ਪਈ, ਤੇ ਉਹ ਆਪਣੇ ਸਿਦਕ ਵਿਚ ਅਵੱਸ਼ ਸਫਲ ਹੋਇਆ। ਇਹ

ਵਖਰੀ ਗੱਲ ਹੈ ਕਿ ਉਹ ਰੱਬ ਦੇ ਜਲਾਲ ਦੀ ਤਾਬ ਨਾ ਲਿਆ ਸਕਿਆ। ਉਸ ਦੇ ਨੈਣ ਚੁੰਧਿਆ ਗਏ।

ਫੇਰ ਬਿਆਨ ਕਰਦੇ ਹਨ ਕਿ ਇਹ ਅੱਖ ਨਹੀਂ ਜਿਸ ਵਿਚੋਂ ਬਿਰਹਾ ਤੇ ਤੜਪ ਦੇ ਅੱਥਰੂ ਕਿਰਦੇ ਹਨ, ਇਹ ਤਾਂ ਪਿਆਰ ਦੇ ਪਿਆਲੇ[1] ਹਨ, ਜੋ ਛਲਕ ਛਲਕ ਕੇ ਅੰਦਰੋਂ ਹਉਮੈ ਦੀ ਗਰਦ-ਗੁਬਾਰ ਧੋ ਰਹੇ ਹਨ। ਅਜਿਹੇ ਇਕ ਇਕ ਅੱਥਰੂ ਨੂੰ ਮਹਾਂਪੁਰਸ਼ਾਂ ਨੇ ਅਮੋਲਕ ਮੋਤੀਆਂ ਨਾਲ ਤੁਲਨਾ ਦਿੱਤੀ ਹੈ। ਮੁਬਾਰਕ ਹਨ ਉਹ ਜਿਨ੍ਹਾਂ ਨੂੰ ਮੋਹ ਮਾਇਆ ਦੇ ਰੋਣ ਪਿੱਟਣ ਦੀ ਥਾਂ ਅਜਿਹੇ ਪਵਿੱਤਰ ਪਿਆਰ-ਹੰਝੂ ਕੇਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ।

.ਗ਼ਜ਼ਲ ਨੰਬਰ ੨੯

ਕੀਸ੍ਤ ਇਮਰੋਜ਼, ਕਿ: ਸੌਦਾ-ਏ ਨਿਗਾਰੇ ਦਾਰਦ।
ਬਾਦਸ਼ਾਹ ਹਸ੍ਤ ਦਰੀਂ ਦਹਰ, ਕਿ ਯਾਰੇ ਦਾਰਦ॥੧॥

ਦਾਨਮ, ਐ ਸ਼ੋਖ਼, ਕਿ: ਖ਼ੂਨਿ ਦੋ ਜਹਾਂ ਖ਼ਾਹਦ ਰੇਖ਼ਤ।
ਚਸ਼ਮਿ ਮਸਤਿ ਤੋ, ਕਿ: ਇਮਰੋਜ਼ ਖ਼ੁਮਾਰੇ ਦਾਰਦ॥੨॥

ਦਾਮਨਿ ਚਸ਼ਮਿ ਮਰਾ, ਖ਼ੂਨਿ ਜਿਗਰ ਰੰਗੀਂ ਕਰਦ।
ਦਿਲਿ ਦੀਵਾਨਾ-ਇ ਮਾ, ਤੁਰਫ਼ਹ ਬਹਾਰੇ ਦਾਰਦ॥੩॥

ਸਾਇਆ-ਇ ਤੂਬਾਏ ਫ਼ਿਰਦੌਸ, ਨਾ ਖ਼ਾਹਦ ਹਰਗਿਜ਼।
ਹਰ ਕਿ ਮਨਸੂਰ ਸਿਫ਼ਤ, ਸਾਇਆ-ਇ ਦਾਰੇ ਦਾਰਦ॥੪॥

ਰੂਏ ਗੁਲਗੂਨਿ ਖ਼ੁਦ, ਐ ਸ਼ਮਾਅ, ਬਰ ਅਫ਼ਰੋਜ਼ ਦਮੇ।
ਦਿਲਿ-ਪਰਵਾਨਾ ਓ ਬੁਲਬੁਲ, ਬ-ਤੋ ਕਾਰੇ ਦਾਰਦ॥੫॥

ਬ-ਹਰ ਦੀਵਾਨਾ ਅਗਰ ਸਿਲਸਿਲਾ-ਹਾ ਮੇ ਸਾਜ਼ੰਦ।
ਦਿਲ 'ਗੋਇਆ' ਬ-ਖ਼ਮਿ ਜ਼ੁਲਫ਼, ਕ਼ਰਾਰੇ ਦਾਰਦ॥੬॥

ਪੰਜਾਬੀ ਕਾਵਿ ਅਨੁਵਾਦ

੧. ਕੌਣ ਸੁਭਾਗਾ ਹੈ ਇਸ ਜੱਗ ਜੋ, ਨਿਹੁੰ ਪੀਆ ਸੰਗ ਲਾਵੇ।
ਜਿਸ ਦਾ ਮਿੱਤਰ ਸਤਿਗੁਰ ਹੋਵੇ, ਉਹ ਸੁਲਤਾਨ ਕਹਾਵੇ, ਹੂ।

੨. ਤੇਰੀ ਅੱਖ ਮਸਤਾਨੀ ਤਾਈਂ, ਪ੍ਰੀਤਮ ਖ਼ੂਬ ਮੈਂ ਜਾਣਾਂ।
ਨਿਸਚੈ, ਸ਼ੋਖ਼ੀ ਨਾਲ ਹੈ ਇਸ ਨੇ, ਜੱਗ ਦਾ ਖ਼ੂਨ ਵਹਾਣਾ, ਹੂ।

੩. ਖ਼ੂਨ ਜਿਗਰ ਨੇ ਰੰਗ ਦਿੱਤਾ ਏ, ਅੱਖ ਮੇਰੀ ਦਾ ਪੱਲਾ।
ਅਜਬ ਬਹਾਰਾਂ ਫਿਰੇ ਦਿਖਾਂਦਾ, ਦਿਲ ਮੇਰਾ ਇਹ ਝੱਲਾ, ਹੂ।

੪. ਕਦੇ ਨ ਲੋੜੇ ਬੰਦਾ ਰੱਬ ਦਾ, ਕਲਪ ਬ੍ਰਿਛ ਦੀ ਛਾਇਆ।
ਵਾਂਗ ਮਨਸੂਰ ਜਿਸ ਸੂਲੀ ਦੇ ਸੰਗ, ਪਿਆਰ ਹੈ ਜਿਗਰੀ ਪਾਇਆ, ਹੂ।

੫. ਐ ਸ਼ਮਾਅ! ਜੇ ਤੂੰ ਟਹਿਕਾਵੇਂ, ਫੁਲ ਜਿਹਾ ਸੂਹਾ ਚਿਹਰਾ।
ਬੁਲਬੁਲ ਤੇ ਪਰਵਾਨੇ ਮਾਨਣ, ਰੱਜ ਰੱਜ ਦਰਸ਼ਨ ਤੇਰਾ, ਹੂ।

੬. ਦੀਵਾਨੇ ਨੂੰ ਜਕੜਨ ਖ਼ਾਤਰ, ਸੰਗਲ ਘੜਿਆ ਜਾਵੇ।
(ਪਰ) 'ਗੋਇਆ' ਕੈਦ ਕੁੰਡਲ ਦੀ ਪੈ ਕੇ, ਚੈਨ ਹਕੀਕੀ ਪਾਵੇ, ਹੂ।

ਕੀਸ੍ਤ ਇਮਰੋਜ਼, ਕਿ: ਸੌਦਾ-ਏ ਨਿਗਾਰੇ ਦਾਰਦ।
ਬਾਦਸ਼ਾਹ ਹਸ੍ਤ ਦਰੀਂ ਦਹਰ, ਕਿ ਯਾਰੇ ਦਾਰਦ ॥੧॥

ਸ਼ਬਦਾਰਥ : ਕੀਸ੍ਤ—ਕੌਣ ਹੈ ? ਇਮਰੋਜ਼—ਅਜ ਦਾ ਦਿਨ। ਕਿ—ਜੋ, ਜਿਹੜਾ। ਸੌਦਾ—ਸ਼ੁਦਾ, ਸ਼ੌਕ, ਜਨੂੰਨ, ਦੀਵਾਨਾ-ਪਨ। ਨਿਗਾਰ—ਪ੍ਰੀਤਮ। ਦਾਰਦ—ਰਖਦਾ ਹੈ। ਦਹਰ—ਦੁਨੀਆ। ਦਰੀਂ—ਦਰ ਈਂ, ਇਸ (ਦੁਨੀਆ) ਵਿਚ।

ਅਰਥ : ਕੌਣ ਹੈ ਜੋ ਅੱਜ ਪ੍ਰੀਤਮ ਦਾ ਸ਼ੁਦਾ (ਅਤੀ ਪਿਆਰ) ਰਖਦਾ, ਬਾਦਸ਼ਾਹ ਹੈ ਇਸ ਦੁਨੀਆ ਵਿਚ ਜੋ ਯਾਰ ਰਖਦਾ ਹੈ।

ਦਾਨਮ, ਐ ਸ਼ੋਖ਼, ਕਿ: ਖ਼ੂਨਿ ਦੋ ਜਹਾਂ ਖ਼ਾਹਦ ਰੇਖ਼ਤ।
ਚਸ਼ਮਿ ਮਸਤਿ ਤੋ, ਕਿ: ਇਮਰੋਜ਼ ਖ਼ੁਮਾਰੇ ਦਾਰਦ ॥੨॥

ਸ਼ਬਦਾਰਥ : ਦਾਨਮ—ਮੈਂ ਜਾਣਦਾ ਹਾਂ। ਸ਼ੋਖ਼—ਚੰਚਲ। ਖ਼ਾਹਦ ਰੇਖ਼ਤ—ਬਹਾ ਦੇਵੇਗੀ, ਕਰ ਦੇਵੇਗੀ। ਖ਼ੁੱਮਾਰ—ਨਸ਼ੇ ਦੀ ਤੋਟ ਦੀ ਅਵਸਥਾ।

ਅਰਥ : ਮੈਂ ਜਾਣਦਾ ਹਾਂ, ਐ ਸ਼ੋਖ਼, ਕਿ ਦੋਹਾਂ ਜਹਾਨਾਂ ਦਾ ਖ਼ੂਨ ਕਰ ਦੇਵੇਗੀ ਤੇਰੀ (ਇਹ) ਨੱਸ਼ਿਆਈ ਅੱਖ, ਜੋ ਕਿ ਅੱਜ ਖ਼ੁਮਾਰ ਰਖਦੀ ਹੈ।

ਦਾਮਨਿ ਚਸ਼ਮਿ ਮਰਾ, ਖ਼ੂਨਿ ਜਿਗਰ ਰੰਗੀਂ ਕਰਦ।
ਦਿਲਿ ਦੀਵਾਨਾ-ਇ ਮਾ, ਤੁਰਫ਼ਹ ਬਹਾਰੇ ਦਾਰਦ ॥੩॥

ਸ਼ਬਦਾਰਥ : ਦਾਮਨਿ ਚਸ਼ਮਿ ਮਰਾ—ਮੇਰੀ ਅੱਖ ਦਾ ਪੱਲਾ। ਦਾਮਨ—ਪੱਲਾ। ਤੁਰਫ਼ਾ—ਅਸਚਰਜ, ਅਨੋਖੀ। ਰੰਗੀਂ—ਰੰਗਦਾਰ।

ਅਰਥ : (ਮੇਰੇ) ਜਿਗਰ ਦੇ ਖ਼ੂਨ ਨੇ ਮੇਰੀ ਅੱਖ ਦੇ ਦਾਮਨ ਨੂੰ ਰੰਗਦਾਰ ਕਰ ਦਿਤਾ ਹੈ। ਸਾਡਾ ਮਸਤ ਦਿਲ ਅਨੋਖੀ ਬਹਾਰ ਰਖਦਾ ਹੈ। (ਭਾਵ, ਅੱਖਾਂ ਉਡੀਕ ਤੇ ਪ੍ਰੇਮ-ਖ਼ੁਮਾਰੀ ਨਾਲ ਰੰਗ-ਰਤੀਆਂ ਹੋ ਗਈਆਂ ਹਨ। ਇਸ ਲਈ ਦਿਲ ਸਦਾ ਅਨੰਦ-ਦਾਇਕ ਅਵਸਥਾ ਵਿਚ ਰਹਿੰਦਾ ਹੈ)।

ਸਾਇਆ-ਇ ਤੂਬਾਏ ਫ਼ਿਰਦੌਸ, ਨ ਖ਼ਾਹਦ ਹਰਗਿਜ਼ ॥
ਹਰ ਕਿ ਮਨਸੂਰ ਸਿਫ਼ਤ, ਸਾਇਆ-ਇ ਦਾਰੇ ਦਾਰਦ ॥੪॥

ਸ਼ਬਦਾਰਥ : ਸਾਇਆ—ਛਾਂ। ਤੂਬਹ—ਬਹੁਤ ਸੁਗੰਧੀ ਵਾਲਾ, ਅਤੀ ਪਵਿੱਤਰ, (ਮੁਸਲਮਾਨੀ ਮੱਤ ਅਨੁਸਾਰ) ਇਕ ਬ੍ਰਿਛ ਜਿਸ ਦੀ ਟਹਿਣੀ ਬਹਿਸ਼ਤ ਦੇ ਹਰੇਕ ਘਰ ਵਿਚ ਅਪੜੀ ਹੋਵੇਗੀ ਅਤੇ ਵੰਨ-ਸੁਵੰਨੀਆਂ ਸੁਗੰਧੀਆਂ ਦੇ ਮੇਵੇ ਇਸ ਤੋਂ ਪ੍ਰਾਪਤ ਹੋਣਗੇ। ਫ਼ਿਰਦੌਸ—ਬਹਿਸ਼ਤ, ਸੁਰਗ। ਨ ਖ਼ਾਹਦ—ਨਹੀਂ ਚਾਹੁੰਦਾ। ਸਿਫ਼ਤ—ਵਾਂਗ। ਦਾਰ—ਸੂਲੀ।

ਅਰਥ : ਬਹਿਸ਼ਤੀ ਬ੍ਰਿਖ—ਤੂਬਾ ਦੀ ਛਾਂ ਕਦਾਚਿਤ ਨਹੀਂ ਚਾਹੁੰਦੇ ਜੋ ਕਿ ਮਨਸੂਰ ਵਾਂਗ ਸੂਲੀ ਦੀ ਛਾਂ ਰਖਦੇ ਹਨ। (ਭਾਵ, ਪ੍ਰਭੂ-ਰੰਗ ਤੇ ਦੀਦਾਰ ਦੇ ਇਸ਼ਕ ਵਿਚ ਰਤੇ ਲੋਕ ਸੁਰਗਾਂ ਦੇ ਸੁਖ ਅਰਾਮ ਨੂੰ ਤੁੱਛ ਸਮਝਦੇ ਹਨ ਅਤੇ ਜੋ ਹੱਕ ਦੇ ਰਾਹ ਉਤੇ ਮਨਸੂਰ

ਵਾਂਗ ਸੂਲੀ ਉਤੇ ਵੀ ਚੜ੍ਹਨਾ ਪਵੇ ਤਾਂ ਉਨ੍ਹਾਂ ਦੇ ਕਦਮ ਨਹੀਂ ਥਿੜਕਦੇ)।

ਰੂਏ ਗੁਲਗੂਨਿ ਖ਼ੁਦ, ਐ ਸ਼ਮਾਅ, ਬਰ ਅਫ਼ਰੋਜ਼ ਦਮੇ।
ਦਿਲਿ-ਪਰਵਾਨਾ ਓ ਬੁਲਬੁਲ, ਬ-ਤੋ ਕਾਰੇ ਦਾਰਦ॥੫॥

ਸ਼ਬਦਾਰਥ : ਰੂ—ਚਿਹਰਾ। ਗੁਲ ਗੂੰ—ਫੁੱਲ ਦੇ ਰੰਗ ਵਰਗਾ, ਲਾਲ ਰੰਗ। ਬਰ ਅਫ਼ਰੋਜ਼—ਚਮਕਾ। ਬ-ਤੋ—ਤੇਰੇ ਨਾਲ। ਕਾਰ—ਕੰਮ, ਮਤਲਬ। ਖ਼ੁਦ—ਆਪਣਾ। ਦਮੇ—ਇਕ ਦਮ ਲਈ।

ਅਰਥ : ਐ ਸ਼ਮ੍ਹਾ! ਆਪਣਾ ਲਾਲ ਫੁੱਲ ਵਰਗਾ ਮੁਖੜਾ ਇਕ ਦਮ ਲਈ ਚਮਕਾ, (ਕਿਉਂਜੁ) ਪਰਵਾਨੇ ਤੇ ਬੁਲਬੁਲ ਦਾ ਦਿਲ ਤੇਰੇ ਨਾਲ ਮਤਲਬ ਰਖਦਾ ਹੈ; (ਭਾਵ, ਤੇਰੇ ਪ੍ਰੀਤਵਾਨਾਂ ਦੇ ਖੇੜੇ ਤੇ ਅਨੰਦ ਦਾ ਰਾਜ਼ ਤੇਰੇ ਦੀਦਾਰ ਵਿਚ ਬੰਦ ਹੈ)।

ਬ-ਹਰ ਦੀਵਾਨਾ ਅਗਰ ਸਿਲਸਿਲਾ-ਹਾ, ਮੇ ਸਾਜ਼ੰਦ।
ਦਿਲਿ 'ਗੋਇਆ' ਬ-ਖ਼ਮਿ ਜ਼ੁਲਫ਼, ਕ਼ਰਾਰੇ ਦਾਰਦ॥੬॥

ਸ਼ਬਦਾਰਥ : ਬ-ਹਰ—ਵਾਸਤੇ। ਸਿਲਸਿਲਾ-ਹਾ—ਜ਼ੰਜੀਰਾਂ। ਮੇ ਸਾਜ਼ੰਦ—ਬਣਾਉਂਦੇ ਹਨ, ਘੜਦੇ ਹਨ। ਖ਼ਮ—ਮੋੜ, ਕੁੰਡਲ। ਕ਼ਰਾਰ—ਚੈਨ।

ਅਰਥ : ਜੇ ਦੀਵਾਨੇ ਲਈ ਜ਼ੰਜੀਰਾਂ ਬਣਾਉਣੇ ਹਨ (ਭਾਵ, ਜ਼ੰਜੀਰਾਂ ਦੀ ਲੋੜ ਹੈ ਤਾਂ) ਗੋਇਆ ਦਾ ਦਿਲ ਜ਼ੁਲਫ਼ ਦੇ ਕੁੰਡਲ ਵਿਚ ਹੀ ਚੈਨ ਰਖਦਾ ਹੈ, (ਉਸ ਲਈ, ਜ਼ੰਜੀਰ ਦੀ ਥਾਂ, ਪਿਆਰੇ ਦੀ ਜ਼ੁਲਫ਼ ਦਾ ਕੁੰਡਲ ਹੀ ਜਕੜ ਕੇ ਰੱਖਣ ਲਈ ਕਾਫ਼ੀ ਹੈ)।

ਵਿਆਖਿਆ

ਮਿੱਤਰ ਕਿਤਨਾ ਪਿਆਰਾ ਤੇ ਸੁਖਦਾਈ ਸ਼ਬਦ ਹੈ। ਇਸ ਦੇ ਕੇਵਲ ਉਚਾਰਨ ਨਾਲ ਹੀ ਅੰਦਰ ਇਕ ਅਕਹਿ ਨਿੱਘ ਤੇ ਖੇੜਾ ਪਸਰ ਜਾਂਦਾ ਹੈ; ਰਸ ਤੇ ਸਰੂਰ ਆ ਜਾਂਦਾ ਹੈ। ਮਿੱਤਰ ਦੇ ਸਾਖਸ਼ਾਤ ਦਰਸ਼ਨਾਂ ਤੇ ਸਮੀਪਤਾ ਦੀ ਮਹਿਮਾ ਤਾਂ ਅਕੱਥ ਹੈ।

ਸਿਖ ਸਾਹਿੱਤ ਅਥਵਾ ਗੁਰਬਾਣੀ ਵਿਚ ਮਿੱਤਰ, ਦੋਸਤ, ਸਖਾ, ਸੱਜਣ ਤੇ ਯਾਰ ਸ਼ਬਦ ਇੱਕੋ ਜਿਹੇ ਸ੍ਰੇਸ਼ਟ ਭਾਵ ਵਿਚ ਵਰਤੇ ਗਏ ਹਨ। ਸਤਿਗੁਰੂ ਤੇ ਵਾਹਿਗੁਰੂ ਨੂੰ ਵੀ ਕਈ ਵੇਰ ਮਿੱਤਰ ਜਾਂ ਯਾਰ ਦੇ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ, ਪੰਜਵੇਂ ਗੁਰੂ ਜੀ ਦਾ ਫ਼ੁਰਮਾਨ ਹੈ

> **ਸੁਣਿ ਯਾਰ ਹਮਾਰੇ ਸਜਣ, ਇਕ ਕਰਉ ਬੇਨੰਤੀਆ॥**
> **ਤਿਸੁ ਮੋਹਨ ਲਾਲ ਪਿਆਰੇ, ਹਉ ਫਿਰਉ ਖੋਜੰਤੀਆ॥** *(ਜੈਤਸਰੀ ਮ: ੫, ਪੰਨਾ ੭੦੩)*

ਤਥਾ **ਯਾਰੜੇ ਦਾ ਸਾਨੂੰ ਸੱਥਰੁ ਚੰਗਾ, ਭੱਠ ਖੇੜਿਆਂ ਦਾ ਰਹਿਣਾ॥** *(ਖਿਆਲ ਪਾ: ੧੦)*

ਸੱਚਾ ਮਿੱਤਰ ਦੁਰਲੱਭ ਹੈ। ਉਹ ਦੁਰਮਤ ਦੂਰ ਕਰਦਾ ਹੈ। ਇਸ ਲਈ ਉਹ ਕੇਵਲ ਇਸ ਲੋਕ ਵਿਚ ਹੀ, ਇਕ ਹਮਦਰਦ ਸਾਥੀ ਨਹੀਂ ਹੁੰਦਾ ਸਗੋਂ ਪਰਲੋਕ ਵਿਚ ਵੀ ਸਾਥ ਨਿਭਾਉਂਦਾ ਹੈ; ਭਾਵ, ਉਸ ਦੀ ਸੰਗਤ ਨਾਲ ਗ੍ਰਹਿਣ ਕੀਤੇ ਸ੍ਰੇਸ਼ਟ ਗੁਣ, ਪਰਲੋਕ ਵਿਚ

ਵੀ ਸਾਡੇ ਸੱਚੇ ਸਹਾਇਕ ਹੁੰਦੇ ਹਨ। ਏਸੇ ਲਈ ਗੁਰਦੇਵ ਫ਼ੁਰਮਾਉਂਦੇ ਹਨ

ਨਾਨਕ ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ॥
ਓਇ (ਕੱਚੇ ਮਿੱਤਰ) **ਜੀਵੰਦੇ ਵਿਛੁੜਹਿ, ਓਇ** (ਸੱਚੇ ਮਿੱਤਰ) **ਮੁਇਆ ਨ ਜਾਹੀ ਛੋੜਿ॥**
(ਡਖਣੇ ਮ: ੫, ਪੰਨਾ ੧੧੦੨)

ਸ਼ਾਇਰ ਦਾ ਹੱਕੀ ਕਥਨ ਹੈ

ਆ ਰਹੀ ਹੈ, ਚਾਹਿ ਯੂਸਫ਼ ਸੇ ਸਦਾਅ। ਦੋਸਤ ਯਾਂ ਹੈਂ ਕੱਮ, ਅਉਰ ਭਾਈ ਬਹੁਤ।

ਨਿਸ਼ਕਾਮ ਮਿੱਤਰਾਂ ਨੂੰ ਦਿਲ ਤੇ ਜਾਨ ਨਾਲ ਸੰਭਾਲ ਕੇ ਰੱਖਣ ਬਾਰੇ ਸ਼ੈਕਸਪੀਅਰ ਲਿਖਦਾ ਹੈ:

'Friends thou hast and their adoption tried, grapple them to thy soul with hoops of steel.'

(ਭਾਵ—ਆਪਣੇ ਪਰਖੇ ਹੋਏ ਮਿੱਤਰਾਂ ਨੂੰ ਆਪਣੀ ਆਤਮਾ ਨਾਲ ਲੋਹੇ ਦੀਆਂ ਤਾਰਾਂ ਨਾਲ ਬੰਨ੍ਹ ਕੇ ਰੱਖੋ।)

ਅਸਲ ਵਿਚ ਸੰਸਾਰ ਉਤੇ ਮਾਤਾ, ਪਿਤਾ, ਭੈਣ, ਭਰਾ, ਪੁੱਤਰ, ਇਸਤ੍ਰੀ ਆਦਿ ਦਾ ਸਹੀ ਰਿਸ਼ਤਾ ਮਿੱਤਰ-ਭਾਵਨਾ ਉਤੇ ਅਧਾਰਤ ਹੈ। ਜਦ, ਇਹ ਭਾਵਨਾ ਵਿਚੋਂ ਨਿਕਲ ਜਾਏ ਤਾਂ ਇਹ ਸਾਕ ਕੂੜਾਵੇ ਤੇ ਵੈਰੀ ਬਣ ਜਾਂਦੇ ਹਨ।

ਇਸ ਗ਼ਜ਼ਲ ਵਿਚ ਭਾਈ ਸਾਹਿਬ ਦੱਸਦੇ ਹਨ ਕਿ ਉਹ ਕੌਣ ਅਜਿਹਾ ਸੁਭਾਗਾ ਹੈ ਜੋ ਆਪਣੇ ਮਹਿਬੂਬ ਲਈ ਸ਼ੁਦਾਈ ਹੈ, ਭਾਵ, ਅਜਿਹੇ ਦੀਵਾਨਿਆਂ ਦੀ ਗਿਣਤੀ ਬਹੁਤ ਘੱਟ ਹੈ:

ਕੋਟਿ ਮਧੇ ਕੋ ਵਿਰਲਾ ਸੇਵਕੁ, ਹੋਰਿ ਸਗਲੇ ਬਿਉਹਾਰੀ॥ *(ਗੂਜਰੀ ਮ: ੫, ਪੰਨਾ ੪੯੫)*

ਵਾਲੀ ਹਾਲਤ ਹੈ ਏਥੇ। ਹੋਰ ਫ਼ੁਰਮਾਇਆ ਹੈ:

ਹੈਨਿ ਵਿਰਲੇ, ਨਾਹੀ ਘਣੇ, ਫੈਲ ਫਕੜੁ ਸੰਸਾਰੁ॥ *(ਮ: ੧, ਪੰਨਾ ੧੪੧੧)*

ਏਸੇ ਲਈ 'ਗੋਇਆ' ਜੀ ਕਹਿੰਦੇ ਹਨ ਕਿ ਜਿਹੜਾ ਮਿੱਤਰ ਰੱਖਦਾ ਹੈ, ਉਹ ਇਸ ਸੰਸਾਰ ਵਿਚ ਬਾਦਸ਼ਾਹ ਹੈ। ਉਹੀ ਦੁਨੀਆਵੀ ਵਡਿਆਈਆਂ ਤੇ ਸੁੱਖਾਂ ਵੱਲੋਂ ਏਥੋਂ ਤਕ ਬੇਨਿਆਜ਼ ਹੋ ਜਾਂਦਾ ਹੈ ਕਿ ਤੂਬਾ (ਕਲਪ ਬ੍ਰਿਛ) ਦੀ ਛਾਂ ਨਾਲੋਂ ਮਨਸੂਰ ਵਾਂਗ ਸੂਲੀ ਦੀ ਨੋਕ ਚੁੰਮਣ ਵਿਚ ਜੀਵਨ ਪਾਉਂਦਾ ਹੈ। ਉਸ ਨੂੰ ਭਾਈ ਮਤੀਦਾਸ ਸਮਾਨ ਦੁਫਾੜ ਚੀਰ ਸੁੱਟਣ ਵਾਲਾ ਆਰਾ ਪਿਆਰਾ ਲਗਦਾ ਹੈ। ਉਹ ਜਿਗਰ ਦੇ ਖ਼ੂਨ ਨਾਲ ਅੱਖ ਦੇ ਪੱਲੇ ਨੂੰ ਰੰਗ ਦੇ ਆਸ਼ਕਾਂ ਵਾਲੀ ਅਜਬ ਬਹਾਰ ਮਨਾਉਂਦਾ ਹੈ। ਇਸ ਅਮੋੜ ਮਨ ਨੂੰ ਜਿੱਤਣ ਵਾਲਾ ਅਜਿਹਾ ਬੇਪਰਵਾਹ ਮਸਤਾਨਾ ਕਿਸੇ ਮਾਇਕੀ ਬੰਧਨ ਦੀ ਜ਼ੰਜੀਰ ਵਿਚ ਜਕੜਿਆ ਨਹੀਂ ਰਹਿੰਦਾ। ਹਾਂ, ਜੇ ਕੋਈ ਵਸਤੂ ਉਸ ਨੂੰ ਆਪਣੀ ਕੈਦ ਵਿਚ ਪਾ ਸਕਦੀ ਹੈ, ਤਾਂ ਉਹ ਹੈ ਪਿਆਰੇ ਦੇ ਕੇਸਾਂ ਦੀ ਕੁੰਡਲ।

ਨੋਟ—ਇਸ ਸੰਬੰਧੀ ਸਵਿਸਥਾਰ ਵਿਚਾਰ ਲਈ ਪੜ੍ਹੋ ਲੇਖ—"ਮਿੱਤਰ"—ਮੇਰੀ ਪੁਸਤਕ *ਗੁਰਮਤਿ ਵਿਆਖਿਆਨ* ਵਿੱਚੋਂ।

.ਗ਼ਜ਼ਲ ਨੰਬਰ ੩੦

ਕਸੇ, ਬਹਾਲਿ ਗ਼ਰੀਬਾਨਿ ਬੇ-ਨਵਾ, ਨ ਰਸੱਦ।
ਰਸੀਦਾ-ਏਮ ਬਜਾਏ, ਕਿ: ਬਾਦਸ਼ਾਹ ਨ ਰਸੱਦ ॥੧॥

ਹਜ਼ਾਰ ਖ਼ੁਲਦਿ ਬਰੀਂ ਰਾ, ਬ-ਨੀਮ ਜੌ, ਨ-ਖ਼ਰੰਦ।
ਅਜ਼ ਆਂ ਕਿ: ਹੇਚ, ਬਦਾਂ ਕੂਏ ਦਿਲ-ਰੁਬਾ ਨ ਰਸੱਦ ॥੨॥

ਤਬੀਬਿ ਇਸ਼ਕ, ਚੁਨੀਂ ਗੁਫ਼ਤਾ ਅਸ੍ਰ, ਮੇ ਗੋਯੰਦ।
ਬਹਾਲਿ ਦਰਦਿ ਗ਼ਰੀਬਾਂ, ਬਜੁਜ਼ ਖ਼ੁਦਾ, ਨ ਰਸੱਦ ॥੩॥

ਬਰਾਏ ਰੌਸ਼ਨੀ-ਇ ਚਸ਼ਮਿ ਦਿਲ, ਅਗਰ ਖ਼ਾਹੀ।
ਬ-ਖ਼ਾਕਿ ਦਰਗਹਿ ਓ, ਹੇਚ ਤੂਤੀਆ ਨ ਰਸੱਦ ॥੪॥

ਬ-ਯਾਦਿ ਦੋਸਤ, ਤਵਾਂ ਉਮਰ ਰਾ ਬਸਰ ਬੁਰਦਨ।
ਕਿ: ਦਰ ਬਰਾਬਰਿ ਆਂ, ਹੇਚ ਕੀਮਯਾ ਨ ਰਸੱਦ ॥੫॥

ਤਮਾਮ ਦੌਲਤਿ ਗੀਤੀ, ਫ਼ਿਦਾਏ ਖ਼ਾਕਿ ਦਰਸ਼।
ਕਿ: ਤਾ ਫ਼ਿਦਾਸ਼ ਨ ਗਰਦਦ, ਕਸੇ ਬਜਾ ਨ ਰਸੱਦ ॥੬॥

ਫ਼ਿਦਾਏ ਖ਼ਾਕਿ ਦਰਸ਼ ਮੇ ਸ਼ਵਦ, ਅਜ਼ਾਂ, 'ਗੋਇਆ'।
ਕਿ: ਹਰ ਕਿ: ਖ਼ਾਕ ਨ-ਗਰਦਦ, ਬ-ਮੁੱਦਆ ਨ ਰਸੱਦ ॥੭॥

ਪੰਜਾਬੀ ਕਾਵਿ ਅਨੁਵਾਦ

੧. ਬੇ-ਪ੍ਰਵਾਹ ਗਰੀਬਾਂ ਵਾਲਾ, ਹਾਲ ਕੋਈ ਕੀ ਜਾਣੇ।
ਅਸੀਂ ਪੁੱਜੇ ਹਾਂ ਓਥੇ, ਜਿੱਥੇ, ਪੁੱਜ ਨ ਸੱਕਣ ਰਾਣੇ, ਹੂ।
੨. ਸੌ ਜੰਨਤ ਦਾ ਮੁੱਲ ਮੈਂ ਪਾਵਾਂ, ਜੌਂ ਦਾ ਅੱਧਾ ਦਾਣਾ।
ਸੁਰਗਾਂ ਰਾਹੀਂ ਹੋ ਨਹੀਂ ਸਕਦਾ, ਗਲੀ ਯਾਰ ਦੀ ਜਾਣਾ, ਹੂ।
੩. ਇਸ਼ਕ ਹਕੀਮ ਹੈ ਕਹਿੰਦਾ ਸੁਣਿਆ, 'ਆਖਣ ਲੋਕ ਸਿਆਣੇ'।
'ਬਾਝੋਂ ਰੱਬ ਦੇ ਆਸ਼ਕ-ਪੀੜਾ, ਹੋਰ ਨ ਕੋਈ ਜਾਣੇ, ਹੂ'।
੪. ਦਿਲ ਦੀਆਂ ਅੱਖਾਂ ਰੌਸ਼ਨ ਕਰਨਾ, ਚਾਹੇਂ ਜੇ ਤੂੰ ਜਾਣੀਂ।
ਉਸ ਦੇ ਦਰ ਦੀ ਖ਼ਾਕ ਜਿਹਾ ਨ, ਸੁਰਮਾ ਹੋਰ ਪਛਾਣੀਂ, ਹੂ।
੫. ਯਾਦ ਸੱਜਣ ਦੀ ਵਿਚ ਜੋ ਬੀਤੇ, ਉਮਰਾ ਸਫਲੀ ਸੋਈ।
ਇਸ ਦੇ ਤੁੱਲ ਨ ਜੱਗ ਦੇ ਉੱਤੇ, ਮਿਲੇ ਰਸਾਇਣ ਕੋਈ, ਹੂ।
੬. ਦੌਲਤ ਦੋ ਜਹਾਨਾਂ ਸੰਦੀ, ਆਸ਼ਕ ਦਰ ਤੋਂ ਵਾਰੇ।
ਬਿਨ-ਕੁਰਬਾਨੀ ਦਿੱਤੇ ਬੰਦਾ, ਪੁੱਜੇ ਨ ਯਾਰ ਦੁਆਰੇ, ਹੂ।
੭. ਉਸ ਦੇ ਦਰ ਦੀ ਖ਼ਾਕੋਂ ਇਸ ਲਈ, 'ਗੋਇਆ' ਸਦਕੇ ਜਾਵੇ।
ਜਦ ਤੱਕ ਖ਼ਾਕ ਨ ਥੀਵੇ ਬੰਦਾ, ਮੰਜ਼ਲ ਯਾਰ ਨ ਪਾਵੇ, ਹੂ।

ਕਸੇ, ਬਹਾਲਿ ਗ਼ਰੀਬਾਨਿ ਬੇ-ਨਵਾ, ਨ ਰਸੱਦ।
ਰਸੀਦਾ-ਏਮ ਬਜਾਏ, ਕਿ: ਬਾਦਸ਼ਾਹ ਨ ਰਸੱਦ ॥੧॥

ਸ਼ਬਦਾਰਥ : ਕਸੇ—ਕੋਈ ਮਨੁੱਖ। ਬਹਾਲ—ਹਾਲ ਨੂੰ, ਹਾਲਤ ਤਕ। ਬੇ-ਨਵਾ—ਬਗ਼ੈਰ ਤੋਸ਼ੇ ਦੇ, ਬੇ-ਸਮਾਨ, ਫ਼ਕੀਰ, ਗਰੀਬ, (ਏਥੇ ਭਾਵ ਬੇਪਰਵਾਹ ਤੋਂ ਹੈ, ਅਖੌਤ ਵੀ ਹੈ—ਨੰਗ ਰੜੇ ਹੀ ਆਕੀ ਹੈ)। ਨ ਰਸੱਦ—ਨਹੀਂ ਪਹੁੰਚਦਾ। ਰਸੀਦੇਮ—ਅਸੀਂ ਪਹੁੰਚੇ ਹਾਂ। ਬਜਾਏ—ਉਸ ਥਾਂ ਉਤੇ, ਓਥੇ।

ਅਰਥ : ਕੋਈ ਬੇਪਰਵਾਹ ਗਰੀਬਾਂ (ਨਿਰਬਾਣ ਰੱਬ ਦੇ ਪਿਆਰਿਆਂ) ਦੇ ਹਾਲ (ਅਵਸਥਾ) ਨੂੰ ਨਹੀਂ ਪਹੁੰਚ ਸਕਦਾ। ਅਸੀਂ ਓਥੇ ਪੁਜੇ ਹਾਂ (ਜਿਥੇ) ਕਿ ਬਾਦਸ਼ਾਹ ਨਹੀਂ ਪਹੁੰਚ ਸਕਦਾ।

ਹਜ਼ਾਰ ਖ਼ੁਲਦਿ ਬਰੀਂ ਰਾ, ਬ-ਨੀਮ ਜੌਂ, ਨ-ਖ਼ਰੰਦ।
ਅਜ਼ ਆਂ ਕਿ: ਹੇਚ, ਬਦਾਂ ਕੂਏ ਦਿਲ-ਰੁਬਾ ਨ ਰਸੱਦ ॥੨॥

ਸ਼ਬਦਾਰਥ : ਖ਼ੁਲਦਿ ਬਰੀਂ—ਉਚਾ ਸੁਰਗ। ਬਹ—ਨਾਲ, ਤੋਂ। ਨੀਮ ਜੌਂ—ਜੌਂ ਦਾ ਅੱਧਾ ਦਾਣਾ। ਨ-ਖ਼ਰੰਦ—ਨਹੀਂ ਖ਼ਰੀਦਦੇ। ਅਜ਼ਾਂ ਕਿ—ਕਿ ਉਨ੍ਹਾਂ ਨਾਲ। ਹੇਚ—ਕੋਈ। ਬਦਾਂ—ਤੂੰ ਜਾਣ।

ਅਰਥ : (ਤੇਰੇ ਦੀਵਾਨੇ) ਹਜ਼ਾਰਾਂ ਉੱਚੇ ਸੁਰਗਾਂ ਨੂੰ ਅੱਧੇ ਜੌਂ ਤੇ (ਵੀ) ਨਹੀਂ ਖ਼ਰੀਦਦੇ, ਕਿਉਂਕਿ ਉਸ ਨਾਲ ਕੋਈ ਮਹਿਬੂਬ ਦੀ ਗਲੀ ਤਕ ਨਹੀਂ ਪੁੱਜਦਾ।

ਤਬੀਬਿ ਇਸ਼ਕ, ਚੁਨੀਂ ਗੁਫ਼ਤਾ ਅਸ੍ਤ, ਮੇ ਗੋਯੰਦ।
ਬਹਾਲਿ ਦਰਦਿ ਗ਼ਰੀਬਾਂ, ਬਜੁਜ਼ ਖ਼ੁਦਾ, ਨ ਰਸੱਦ ॥੩॥

ਸ਼ਬਦਾਰਥ : ਤਬੀਬ—ਵੈਦ। ਚੁਨੀਂ—ਇਸ ਤਰ੍ਹਾਂ। ਗੁਫ਼ਤਾ ਅਸ੍ਤ—ਕਹਿੰਦਾ ਹੈ। ਮੇ ਗੋਯੰਦ—ਕਹਿੰਦੇ ਹਨ। ਬਜੁਜ਼—ਬਿਨਾ, ਸਿਵਾਏ। ਨ ਰਸੱਦ—ਨਹੀਂ ਪਹੁੰਚਦਾ।

ਅਰਥ : ਇਸ਼ਕ ਦੇ ਵੈਦ ਨੇ ਇਸ ਤਰ੍ਹਾਂ ਕਿਹਾ ਹੈ (ਕਿ ਸਿਆਣੇ) ਕਹਿੰਦੇ ਹਨ (ਜੁ) ਗ਼ਰੀਬਾਂ (ਨਿਮਾਣਿਆਂ, ਮਸਕੀਨਾਂ) ਦੀ ਪੀੜਾ ਨੂੰ ਵਾਹਿਗੁਰੂ ਤੋਂ ਬਿਨਾਂ (ਹੋਰ ਕੋਈ) ਨਹੀਂ ਪਹੁੰਚਦਾ (ਜਾਣਦਾ)।

ਬਰਾਏ ਰੌਸ਼ਨੀ-ਇ ਚਸ਼ਮਿ ਦਿਲ, ਅਗਰ ਖ਼ਾਹੀ।
ਬ-ਖ਼ਾਕਿ ਦਰਗਹਿ ਓ, ਹੇਚ ਤੂਤੀਆ ਨ ਰਸੱਦ ॥੪॥

ਸ਼ਬਦਾਰਥ : ਬਰਾਏ—ਵਾਸਤੇ, ਲਈ। ਖ਼ਾਹੀ—ਤੂੰ ਚਾਹੇਂ। ਬ-ਖ਼ਾਕਿ—ਖ਼ਾਕ ਤੋਂ, ਧੂੜੀ ਤੋਂ। ਹੇਚ—ਕੋਈ। ਤੂਤੀਆ—ਮਮੀਰਾ।

ਅਰਥ : ਜੇ ਤੂੰ ਦਿਲ ਦੀ ਅੱਖ ਦੀ ਜੋਤ (ਰੌਸ਼ਨੀ) ਲੈਣੀ ਚਾਹੇਂ (ਤਾਂ) ਉਸ (ਸਤਿਗੁਰੂ) ਦੇ ਦਰ ਦੀ ਖ਼ਾਕ ਨੂੰ ਕੋਈ ਮਮੀਰਾ (ਸੁਰਮਾ) ਨਹੀਂ ਪੁੱਜਦਾ (ਉਸ ਨੂੰ ਪ੍ਰਾਪਤ ਕਰ)।

ਬ-ਯਾਦਿ ਦੋਸਤ, ਤਵਾਂ ਉਮਰ ਰਾ ਬਸਰ ਬੁਰਦਨ।
ਕਿ: ਦਰ ਬਰਾਬਰਿ ਆਂ, ਹੇਚ ਕੀਮਯਾ ਨ ਰਸੱਦ॥੫॥

ਸ਼ਬਦਾਰਥ : ਬ-ਯਾਦਿ ਦੋਸਤ—ਮਿੱਤਰ ਦੀ ਯਾਦ ਵਿਚ। ਤਵਾਂ—ਬੱਲ, ਕੁਦਰਤ, ਸੰਭਵ ਹੋਣਾ (ਸੰਭਾਵਨਾ)। ਬਸਰ ਬੁਰਦਨ—ਗੁਜ਼ਾਰਨਾ। ਕੀਮੀਆ—ਰਸਾਇਣ। ਕਿ—ਕਿਉਂਜੁ।

ਅਰਥ : ਗੁਰੂ ਮਿੱਤਰ ਦੀ ਯਾਦ ਵਿਚ ਉਮਰ ਲੰਘਾ ਦੇਣਾ ਸੰਭਵ ਹੈ, ਕਿਉਂਜੁ ਉਸ ਦੇ ਬਰਾਬਰ ਕੋਈ ਰਸਾਇਣ ਨਹੀਂ ਪੁੱਜ ਸਕਦੀ।

ਤਮਾਮ ਦੌਲਤਿ ਗੀਤੀ, ਫ਼ਿਦਾਏ ਖ਼ਾਕਿ ਦਰਸ਼।
ਕਿ: ਤਾ ਫ਼ਿਦਾਸ਼ ਨ ਗਰਦਦ, ਕਸੇ ਬਜਾ ਨ ਰਸੱਦ॥੬॥

ਸ਼ਬਦਾਰਥ : ਗੀਤੀ—ਦੁਨੀਆ। ਫ਼ਿਦਾ—ਸਦਕੇ। ਦਰਸ਼—ਦਰ+ਸ਼—ਦਰਵਾਜ਼ਾ ਉਸ ਦਾ। ਫ਼ਿਦਾਸ਼—ਕੁਰਬਾਨ ਉਸ ਤੋਂ। ਗਰਦਦ—ਹੋਵੇ, ਹੁੰਦਾ। ਕਸੇ—ਕੋਈ ਆਦਮੀ। ਬਜਾ—(ਬ+ਜਾ) ਥਾਂ ਸਿਰ, ਟਿਕਾਣੇ।

ਅਰਥ : ਦੁਨੀਆ ਦੀ ਸਾਰੀ ਦੌਲਤ ਉਸ ਮਿੱਤਰ ਦੇ ਦਰਵਾਜ਼ੇ ਦੀ ਖ਼ਾਕ ਤੋਂ ਸਦਕੇ (ਹੈ), ਕਿਉਂਜੁ ਜਿਤਨਾ ਚਿਰ ਉਸ ਤੋਂ ਕੋਈ ਕੁਰਬਾਨ ਨਾ ਹੋਵੇ, ਟਿਕਾਣੇ ਉਤੇ ਨਹੀਂ ਪੁਜਦਾ।

ਫ਼ਿਦਾਏ ਖ਼ਾਕਿ ਦਰਸ਼ ਮੇ ਸ਼ਵਦ, ਅਜ਼ਾਂ 'ਗੋਇਆ'।
ਕਿ: ਹਰ ਕਿ: ਖ਼ਾਕ ਨ-ਗਰਦਦ, ਬ-ਮੁੱਦਆ ਨ ਰਸੱਦ॥੭॥

ਸ਼ਬਦਾਰਥ : ਮੇ ਸ਼ਵਦ—ਹੁੰਦਾ ਹੈ। ਬ-ਮੁਦਆ—ਟੀਚਾ, ਮਤਲਬ, ਮੰਤਵ। ਅਜ਼ਾਂ—ਇਸ ਲਈ।

ਅਰਥ : ਉਸ ਦੇ ਦਰ ਦੀ ਖ਼ਾਕ ਤੋਂ 'ਗੋਇਆ' ਇਸ ਲਈ ਸਦਕੇ ਹੁੰਦਾ ਹੈ, ਕਿਉਂਕਿ ਜੋ ਖ਼ਾਕ (ਧੂੜੀ) ਨਹੀਂ ਬਣਦਾ, (ਉਹ ਆਪਣੇ) ਮਨੋਰਥ (ਨਿਸ਼ਾਨੇ) ਨੂੰ ਨਹੀਂ ਪਾ ਸਕਦਾ।

ਵਿਆਖਿਆ

ਮਨੁੱਖ ਉਤੇ ਮਾਇਆ ਨੇ ਆਪਣਾ ਪ੍ਰਭਾਵ, ਕੁਝ ਅਜਿਹਾ ਪਾ ਰੱਖਿਆ ਹੈ ਕਿ ਇਹ, ਇਸ ਦੇ ਛੱਲ ਵਿਚ ਆ ਕੇ, ਰਤਨ ਤਿਆਗਦਾ ਤੇ ਕੱਚ ਵਿਹਾਝਦਾ ਹੈ, ਠਾਕੁਰ ਵੱਲੋਂ ਅੱਖਾਂ ਮੀਟ ਕੇ 'ਚੇਰੀ' (ਮਾਇਆ) ਦੀ ਸੇਵਾ ਕਰਦਾ ਹੈ। ਗੁਰਦੇਵ ਫ਼ੁਰਮਾਂਦੇ ਹਨ

ਰਤਨੁ ਤਿਆਗਿ, ਕਉਡੀ ਸੰਗਿ ਰਚੈ॥
ਸਾਚੁ ਛੋਡਿ, ਝੂਠ ਸੰਗਿ ਮਚੈ॥੪॥੪॥ *(ਸੁਖਮਨੀ ਸਾਹਿਬ, ਪੰਨਾ ੨੬੭)*

ਸਮੂਹ ਖ਼ਜ਼ਾਨਿਆਂ ਤੇ ਕਾਇਨਾਤ ਦੇ ਮਾਲਕ, ਪ੍ਰਭੂ ਦਾਤਾਰ, ਨੂੰ ਛੱਡ ਕੇ ਮਨੁੱਖ ਮੰਗਤਿਆਂ ਦਾ ਮੰਗਤਾ ਬਣਦਾ ਹੈ। ਇਸ ਦੀ ਇਸ ਦੀਨ ਦਸ਼ਾ ਉੱਤੇ ਤਰਸ ਵੀ ਆਉਂਦਾ ਹੈ ਤੇ ਹਿਰਖ ਵੀ :

ਅੰਮ੍ਰਿਤੁ ਕਉਰਾ, ਬਿਖਿਆ ਮੀਠੀ।
ਸਾਕਤ ਕੀ ਬਿਧਿ, ਨੈਨਹੁ ਡੀਠੀ। *(ਰਾਮਕਲੀ ਮ: ੫, ਪੰਨਾ ੮੯੩)*

ਸਤਿਗੁਰ ਸਾਹਿਬ ਛਡਿ ਕੈ, ਮਨਮੁਖੁ ਹੋਇ ਬੰਦੇ ਦਾ ਬੰਦਾ।੪।੧੫। *(ਭਾਈ ਗੁਰਦਾਸ)*

ਪਰ ਸਾਧ ਸੰਗਤ ਦੀ ਕਿਰਪਾ ਨਾਲ ਜੋ ਸੁਭਾਗੇ ਜੀਅੜੇ ਸਤਿਗੁਰਾਂ ਦੇ ਇਸ ਫ਼ੁਰਮਾਨ ਨੂੰ ਹਿਰਦੇ ਵਿਚ ਵਸਾਂਦੇ ਹਨ

ਮਾਂਗਉ ਰਾਮ ਤੇ ਸਭਿ ਥੋਕ॥
ਮਾਨੁਖ ਕਉ ਜਾਚਤ, ਸ੍ਰਮੁ ਪਾਈਐ, ਪ੍ਰਭ ਕੈ ਸਿਮਰਨਿ ਮੋਖ॥
(ਧਨਾਸਰੀ ਮ: ੫, ਪੰਨਾ ੬੮੨)

(ਸ੍ਰਮ—ਸੰ: ਯਤਨ—ਮਿਹਨਤ, ਭਟਕਣਾ)

ਉਹ ਬਾਦਸ਼ਾਹਾਂ ਤੋਂ ਸਜਦੇ ਲੈਂਦੇ ਹਨ, ਉਹ 'ਗ਼ਰੀਬੀ' ਤੇ ਨਿੰਮ੍ਰਤਾ ਦੇ ਧਾਰਨੀ ਹੁੰਦੇ ਹਨ, ਅਤੇ ਉਨ੍ਹਾਂ ਦੇ ਹਿਰਦੇ, ਹਰਿਨਾਮ-ਧਨ ਨਾਲ, ਭਰਪੂਰ ਹੋ ਜਾਂਦੇ ਹਨ।

ਭਾਈ ਸਾਹਿਬ ਜੀ ਦਸਦੇ ਹਨ ਕਿ ਅਜਿਹੇ ਬੇਨਵਾ ਤੇ ਕੇਵਲ ਇਕੋ ਦੇ ਦਰ ਦੇ ਸੁਆਲੀ, ਪ੍ਰਭੂ-ਰੰਗ-ਰਤੇ ਮਸਤਾਨੇ, ਕੂਕ ਉਠਦੇ ਹਨ

ਜਬ ਲਗੁ ਮਨਿ ਬੈਕੁੰਠ ਕੀ ਆਸ॥
ਤਬ ਲਗੁ ਹੋਇ ਨਹੀ, ਚਰਨ ਨਿਵਾਸੁ॥ *(ਗਉੜੀ ਕਬੀਰ, ਪੰਨਾ ੩੨੫)*

ਉਨ੍ਹਾਂ ਦੀ ਬੇਪਰਵਾਹੀ ਦਾ ਇਹ ਆਲਮ ਹੈ ਕਿ ਉਹ ਹਜ਼ਾਰਾਂ ਸੁਰਗਾਂ ਨੂੰ ਅੱਧੇ ਜੌਂ ਤੋਂ ਵੀ ਖ਼ਰੀਦਣਾ ਪਸੰਦ ਨਹੀਂ ਕਰਦੇ। ਫ਼ੁਰਮਾਨ ਹੈ

ਕਈ ਬੈਕੁੰਠ ਨਾਹੀ ਲਵੈ ਲਾਗੇ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥ *(ਮਾਰੂ ਸੋਲਹੇ ਮ: ੫, ਪੰਨਾ ੧੦੭੮)*

ਐਸੇ ਸਾਈਂ-ਲੋਕਾਂ ਨੂੰ ਜੇ ਕੋਈ ਸਿੱਕ ਹੈ ਤਾਂ ਕੇਵਲ ਸਤਿਗੁਰ-ਚਰਨ-ਧੂੜ ਦੀ:

੧. **ਸੁਣਿ ਮੀਤਾ, ਧੂਰੀ ਕਉ ਬਲਿ ਜਾਈ॥ ਇਹੁ ਮਨੁ ਤੇਰਾ ਭਾਈ॥**
(ਸੋਰਠਿ ਮ: ੫, ਪੰਨਾ ੬੧੧)

੨. **ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ॥** *(ਮਾਰੂ ਮ: ੧, ਪੰਨਾ ੯੮੯)*

੩. **ਧੂੜੀ ਵਿਚ ਲੁਡੰਦੜੀ ਸੋਹਾ, ਨਾਨਕ ਤੈ ਸਹੁ ਨਾਲੇ॥** *(ਸਲੋਕ ਮ: ੫, ਪੰਨਾ ੧੪੨੫)*

੪. **ਇਛ ਪੁੰਨੀ ਜਨ ਕੇਰੀਆ, ਲੇ ਸਤਿਗੁਰ ਧੂਰਾ॥** *(ਗਉੜੀ ਮ: ੪, ਪੰਨਾ ੧੬੮)*

'ਗੋਇਆ' ਜੀ ਤਾਕੀਦ ਕਰਦੇ ਹਨ ਕਿ ਉਸ (ਸ੍ਰੀ ਦਸਮੇਸ਼ ਜੀ) ਦੇ ਦਰਵਾਜ਼ੇ ਦੀ ਖ਼ਾਕ ਤੋਂ ਸਦਕੇ ਹੋ ਜਾ। ਜੋ ਉਸ ਦੇ ਦਰ ਦੀ ਧੂੜੀ ਨਹੀਂ ਬਣਦਾ ਉਸ ਨੂੰ ਮਨੋਰਥ-ਸਿਧੀ ਨਹੀਂ ਹੋ ਸਕਦੀ। ਇਹ ਤਾਂ ਸਿਰ ਦੇ ਕੇ ਹੀ ਸਰਦਾਰੀ ਲੈਣ ਵਾਲਿਆਂ ਦਾ ਪੰਥ ਹੈ। ਸੋ, ਸੁਣ ਸੁਹਣਿਆਂ ਦੇ ਸੁਲਤਾਨ ਦੀ ਸੱਦ

ਸੁਨਾ ਹੈ ਕਲ ਅਨੰਦਪੁਰ ਮੇਂ, ਕਹਾ ਯੇ ਸ਼ਾਹਿ ਖ਼ੂਬਾਂ ਨੇ।
ਜੋ ਰਖਤਾ ਦਾਰ ਪਰ ਸਰ ਹੈ, ਵੁਹੀ ਸਰਦਾਰ ਹੋਤਾ ਹੈ।

ਗ਼ਜ਼ਲ ਨੰਬਰ ੩੧

ਮੁਸ਼ਤਿ ਖ਼ਾਕਿ ਦਰਗਹ ਊ, ਕੀਮੀਆਗਰ ਮੇ ਕੁਨੱਦ।
ਹਰ ਗਦਾ ਰਾ, ਬਾਦਸ਼ਾਹਿ ਹਫ਼ਤ ਕਿਸ਼ਵਰ ਮੇ ਕੁਨੱਦ ॥੧॥

ਖ਼ਾਕਿ ਦਰਗਾਹਿ ਤੋ, ਸਦ ਤਾਜ ਅਸ੍ਰ, ਬਹਰਿ ਫ਼ਰਕਿ ਮਨ।
ਆਸੀਅਮ, ਦਿਲ ਗਰ ਹਵਾਏ ਤਾਜੋ ਅਫ਼ਸਰ ਮੇ ਕੁਨੱਦ ॥੨॥

ਕੀਮੀਆਗਰ, ਗਰ ਜ਼ਿ ਮਿਸ, ਸਾਜ਼ਦ ਤਿਲਾ, ਈਂ ਦੂਰ ਨੇਸ੍ਰ।
ਤਾਲਬਿ ਹੱਕ ਖ਼ਾਕ ਰਾ, ਖ਼ੁਰਸ਼ੀਦਿ ਅਨਵਰ ਮੇ ਕੁਨੱਦ ॥੩॥

ਸੁਹਬਤਿ ਆਰਫ਼ ਮੁਯੱਸਰ ਗਰ ਸ਼ਵੱਦ, ਈਂ ਅਜਬ ਦਾਂਅ।
ਈਂ ਤਨਤ ਰਾ ਤਾਲਬਿ ਹੱਕ, ਸ਼ੌਕਿ ਅਕਬਰ ਮੇ ਕੁਨੱਦ ॥੪॥

ਸ਼ੇਅਰਿ 'ਗੋਇਆ' ਹਰ ਕਸੇ ਕੋ, ਬਿਸ਼ਨਵਦ ਅਜ਼ ਜਾਨੋ ਦਿਲ।
ਕੈ ਦਿਲਸ਼, ਪੁਰਵਾਏ ਲਾਅਲ ਓ ਕਾਨਿ ਗੌਹਰ, ਮੇ ਕੁਨੱਦ ॥੫॥

ਪੰਜਾਬੀ ਕਾਵਿ ਅਨੁਵਾਦ

੧. ਗੁਰੂ ਦੇ ਦਰ ਦੀ ਮੁੱਠ ਭਰ ਮਿੱਟੀ, ਰਾਸਾਇਣੀ ਕਰ ਜਾਏ।
ਉਸ ਨੂੰ ਪਾ ਕੇ ਹਰ ਇੱਕ ਮੰਗਤਾ, ਸ਼ਹਿਨਸ਼ਾਹ ਸਦਵਾਏ, ਹੂ।

੨. ਦਰ ਤੇਰੇ ਦੀ ਧੂੜੀ ਨੂੰ ਮੈਂ, ਤਾਜਾਂ ਤੋਂ ਵੱਧ ਜਾਣਾ।
ਪਾਪੀ ਹਾਂ, ਜੇ ਫਿਰ ਵੀ ਇਹ ਦਿਲ, ਕਰੇ ਰਾਜ ਦੀ ਚਾਹਣਾ, ਹੂ।

੩. ਕੀ ਹੋਇਆ ਜੇ ਇਕ ਰਸੈਣੀ, ਤਾਂਬਿਓ, ਤਿਲਾ[1] ਬਣਾਵੇ।
ਆਸ਼ਕ ਰੱਬ ਦਾ ਮਿੱਟੀ ਤਾਈਂ, ਸੂਰਜ ਜਿਉਂ ਚਮਕਾਵੇ, ਹੂ।

੪. ਪੂਰਨ ਸੰਤ ਮਿਲੇ ਜੇ ਤੈਨੂੰ, ਰਹਿਮਤ ਇਸ ਨੂੰ ਜਾਣੀਂ।
ਤਨ ਮਨ ਤੇਰੇ ਲਗਨ ਪ੍ਰਭੂ ਦੀ, ਸਜਣਾ ਉਸ ਨੇ ਲਾਣੀ, ਹੂ।

੫. ਸ਼ੇਅਰ 'ਗੋਇਆ' ਦੇ ਜਿਸਨੇ ਸੁਣ ਕੇ, ਦਿਲ ਦੇ ਵਿੱਚ ਨੇ ਧਾਰੇ।
ਹੀਰੇ ਲਾਲ ਤੇ ਸੁੱਚੇ ਮੋਤੀ, ਲੱਗਣ ਓਸ ਨਕਾਰੇ, ਹੂ।

---
੧. ਤਿਲਾ—ਸੋਨਾ

ਮੁਸ਼ਤਿ ਖ਼ਾਕਿ ਦਰਗਹ ਊ, ਕੀਮੀਆਗਰ ਮੇ ਕੁਨੱਦ।
ਹਰ ਗਦਾ ਰਾ, ਬਾਦਸ਼ਾਹਿ ਹਫ਼ਤ ਕਿਸ਼ਵਰ ਮੇ ਕੁਨੱਦ ॥੧॥

ਸ਼ਬਦਾਰਥ : ਮੁਸ਼ਤ—ਮੁੱਠੀ। ਕੀਮੀਆਗਰ—ਰਸਾਇਣੀ, ਰਸਾਇਣ ਬਣਾਉਣ ਵਾਲਾ, (ਕੀਮੀਆ ਦੇ ਅਸਲਾਹੀ ਅਰਥ ਹਨ ਰੂਹ ਤੇ ਨਫ਼ਸਿ ਤਨ ਨੂੰ ਮਿਲਾ ਕੇ ਕਮਾਲ ਦੇ ਦਰਜੇ ਤਕ ਪਹੁੰਚਾਣਾ)। ਹਫ਼ਤ—ਸਤ। ਕਿਸ਼ਵਰ—ਵਿਲਾਇਤ, ਦੇਸ਼ (ਬਾਦਸ਼ਾਹ ਦਾ ਇਕ ਦੇਸ਼)। ਮੇ ਕੁਨੱਦ—ਕਰਦੀ ਹੈ। ਦਰਗਹ—ਦਰਬਾਰ, ਕਚਹਿਰੀ।

ਅਰਥ : ਉਸ ਦੇ ਦਰਬਾਰ ਦੀ ਮੁੱਠੀ ਭਰ ਮਿੱਟੀ ਰਸਾਇਣੀ ਕਰ ਦਿੰਦੀ ਹੈ। ਇਹ ਹਰੇਕ ਮੰਗਤੇ ਨੂੰ ਸੱਤਾਂ ਦੇਸ਼ਾਂ ਦਾ ਬਾਦਸ਼ਾਹ ਬਣਾ ਦਿੰਦੀ ਹੈ।

ਖ਼ਾਕਿ ਦਰਗਾਹਿ ਤੋ, ਸਦ ਤਾਜ ਅਸ੍ਰ, ਬਹਰਿ ਫ਼ਰਕਿ ਮਨ।
ਆਸੀਅਮ, ਦਿਲ ਗਰ ਹਵਾਏ ਤਾਜੋ ਅਫ਼ਸਰ ਮੇ ਕੁਨੱਦ ॥੨॥

ਸ਼ਬਦਾਰਥ : ਬਹਰੇ—ਵਾਸਤੇ। ਸਦ—ਸੌ। ਫ਼ਰਕ—ਸਿਰ ਦੀ ਖੋਪਰੀ (ਭਾਵ, ਸਿਰ)। ਆਸੀ—ਗੁਨਹਗਾਰ, ਪਾਪੀ। ਅਮ—ਮੈਂ ਹਾਂ। ਹਵਾ—ਇੱਛਾ। ਤਾਜੋ ਅਫ਼ਸਰ—ਤਾਜ ਤੇ ਹਕੂਮਤ, ਰਾਜ ਤਾਜ। ਗਰ—ਜੇ।

ਅਰਥ : ਤੇਰੇ ਦਰਬਾਰ ਦੀ ਮਿੱਟੀ ਮੇਰੇ ਸਿਰ ਲਈ ਸੈਂਕੜੇ ਤਾਜਾਂ (ਸਮਾਨ) ਹੈ। ਮੈਂ ਗੁਨਹਗਾਰ ਹਾਂ ਜੇ ਮੇਰਾ ਦਿਲ (ਫਿਰ ਵੀ) ਤਾਜ ਤੇ ਰਾਜ ਦੀ ਖ਼ਾਹਸ਼ ਕਰਦਾ ਹੈ।

ਕੀਮੀਆਗਰ, ਗਰ ਜ਼ਿ ਮਿਸ, ਸਾਜ਼ਦ ਤਿਲਾ, ਈਂ ਦੂਰ ਨੇਸ੍ਰ।
ਤਾਲਬਿ ਹੱਕ ਖ਼ਾਕ ਰਾ, ਖ਼ੁਰਸ਼ੀਦਿ ਅਨਵਰ ਮੇ ਕੁਨੱਦ ॥੩॥

ਸ਼ਬਦਾਰਥ : ਜ਼ਿ—ਤੋਂ। ਮਿਸ—ਤਾਂਬਾ। ਤਿਲਾ—ਸੋਨਾ। ਤਾਲਬ—ਜਗਿਆਸੂ। ਖ਼ੁਰਸ਼ੀਦ—ਸੂਰਜ। ਅਨਵਰ—ਚਮਕਣ ਵਾਲਾ।

ਅਰਥ : ਰਸਾਇਣੀ ਜੇ ਤਾਂਬੇ ਤੋਂ ਸੋਨਾ ਬਣਾ ਦਿੰਦਾ ਹੈ ਤਾਂ ਇਹ ਦੂਰ (ਅਸਚਰਜ) ਦੀ ਗੱਲ ਨਹੀਂ, (ਕਿਉਂਜੁ) ਪ੍ਰਭੂ ਦਾ ਭਗਤ ਮਿੱਟੀ ਨੂੰ ਪ੍ਰਕਾਸ਼-ਮਈ ਸੂਰਜ ਬਣਾ ਦਿੰਦਾ ਹੈ। (ਉਹ ਇਤਨੀ ਵੱਡੀ ਸ਼ਕਤੀ ਰਖਦਾ ਹੈ)।

ਸੁਹਬਤਿ ਆਰਫ਼ ਮੁਯੱਸਰ ਗਰ ਸ਼ਵੱਦ, ਈਂ ਅਜਬ ਦਾਂਅ।
ਈਂ ਤਨਤ ਰਾ ਤਾਲਬਿ ਹੱਕ, ਸ਼ੌਕਿ ਅਕਬਰ ਮੇ ਕੁਨੱਦ ॥੪॥

ਸ਼ਬਦਾਰਥ : ਸੁਹਬਤ—ਸੰਗਤ। ਆਰਫ਼—ਬ੍ਰਹਮ ਗਿਆਨੀ। ਮੁਯੱਸਰ—ਹਾਸਿਲ। ਸ਼ਵੱਦ—ਹੋਵੇ। ਦਾਂਅ—(ਦਾਨਿਸਤਨ ਮਸਦਰ ਤੋਂ ਹੁਕਮੀ ਕਿਰਿਆ) ਤੂੰ ਜਾਣ ਲੈ, ਸਮਝ ਲੈ। ਤਨਤ—ਤੇਰਾ ਤਨ। ਅਕਬਰ—ਵੱਡਾ।

ਅਰਥ : ਜੇ ਤੈਨੂੰ ਕਿਸੇ ਗਿਆਨੀ (ਪੂਰਨ ਸਤਿਗੁਰੂ) ਦੀ ਸੰਗਤ ਪ੍ਰਾਪਤ ਹੋ ਜਾਵੇ ਤਾਂ ਤੂੰ ਇਸ ਨੂੰ ਅਸਚਰਜ (ਗ਼ਨੀਮਤ) ਜਾਣ। ਉਹ ਤੇਰੇ ਤਨ ਨੂੰ ਪ੍ਰਭੂ ਦਾ ਵੱਡਾ ਸ਼ੌਕ ਦੇਵੇਗਾ।

ਸ਼ੇਅਰਿ 'ਗੋਇਆ' ਹਰ ਕਸੇ ਕੌ, ਬਿਸ਼ਨਵਦ ਅਜ਼ ਜਾਨੋ ਦਿਲ।
ਕੈ ਦਿਲਸ਼, ਪੁਰਵਾਏ ਲਾਅਲ ਓ ਕਾਨਿ ਗੌਹਰ, ਮੇ ਕੁਨੱਦ ॥੫॥

ਸ਼ਬਦਾਰਥ : ਹਰ ਕਸੇ—ਜਿਸ ਕਿਸੇ ਨੇ ਵੀ। ਕੋ—ਕਿ ਓ, ਕਿ ਉਸ ਨੇ। ਬਿਸ਼ਨਵਦ—ਸੁਣਦਾ ਹੈ। ਕੈ—ਕੀ, ਕਦੋਂ, ਕਿੱਥੇ ? ਦਿਲਸ਼—ਉਸ ਦਾ ਦਿਲ। (ਪੁਰਵਾ—ਹਾਜਤ, ਡਰ, ਪਰਵਾਹ) ਕਾਨਿ ਗੌਹਰ—ਮੋਤੀਆਂ ਦੀ ਖਾਣ।

ਅਰਥ : ਜਿਸ ਕਿਸੇ ਨੇ 'ਗੋਇਆ' ਦਾ ਸ਼ੇਅਰ ਦਿਲੋਂ ਵਜੋਂ ਸਰਵਣ ਕੀਤਾ ਹੈ, ਉਹ ਲਾਲਾਂ ਤੇ ਮੋਤੀਆਂ ਦੀ ਖਾਣ ਦੀ ਕੀ (ਕਿਥੇ) ਪਰਵਾਹ ਕਰਦਾ ਹੈ, (ਭਾਵ, ਗੋਇਆ ਦੇ ਇਹ ਸ਼ੇਅਰ ਹੀਰਿਆਂ ਲਾਲਾਂ ਨਾਲੋਂ ਕੀਮਤੀ ਹਨ)।

ਵਿਆਖਿਆ

'ਚਰਣ ਧੂੜ ਹੋਣ ਤੋਂ ਭਾਵ ਹੈ ਕਿ ਗੁਰਸਿਖ ਸਾਧੂ ਜਨਾਂ ਦੇ ਪੈਰਾਂ ਦੀ ਖ਼ਾਕ (ਮਹਾਂ ਨੰਮ੍ਰ) ਹੋਵੇ ਅਤੇ ਜਾਤ ਤੇ ਵਰਣਾਭਿਮਾਨ ਦੇ ਸਿਰ ਮਿੱਟੀ ਪਾਵੇ।'

(ਭਾਈ ਸਾਹਿਬ ਭਾ: ਕਾਹਨ ਸਿੰਘ, 'ਗੁਰਮਤਿ ਮਾਰਤੰਡ')

ਮਹਾਂ ਪੁਰਖਾਂ ਅਥਵਾ ਸੰਗਤ ਦੇ ਚਰਨਾਂ ਦੀ ਖ਼ਾਕ ਦੀ ਗੁਰਬਾਣੀ ਵਿਚ ਬਹੁਤ ਮਹਿਮਾ ਤੇ ਮਹੱਤਤਾ ਦਰਸਾਈ ਗਈ ਹੈ। ਗੁਰੂ ਅਰਜਨ ਦੇਵ ਜੀ, ਆਪ ਵੀ, ਪ੍ਰਭੂ ਪਾਸੋਂ ਸੰਤਨ-ਧੂੜੀ ਵਿੱਚ ਹੀ ਪਰਮ ਸੁੱਖ ਦੀ ਪ੍ਰਾਪਤੀ ਲਖਦੇ ਅਤੇ ਇਸਦੀ ਐਉਂ ਜਾਚਨਾ ਕਰਦੇ ਹਨ

ਨਾਨਕ ਦਾਸੁ ਇਹੈ ਸੁਖੁ ਮਾਗੈ, ਮੋਕਉ ਕਰਿ ਸੰਤਨ ਕੀ ਧੂਰੇ ॥ *(ਕੀਰਤਨ ਸੋਹਿਲਾ)*

ਗੁਰੂ ਨਾਨਕ ਦੇਵ ਜੀ ਪ੍ਰਭੂ-ਚਾਕਰਾਂ ਦੇ ਪੈਰਾਂ ਦੀ ਖ਼ਾਕ ਹੋਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਅਰਸ਼ਾਦ ਹੈ

ਨਾਨਕ ਬੁਗੋਯਦ ਜਨੁ ਤੁਰਾ, ਤੇਰੇ ਚਾਕਰਾਂ ਪਾਖਾਕ ॥ *(ਤਿਲੰਗ ਮ: ੧, ਪੰਨਾ ੭੨੧)*

ਚੌਥੇ ਗੁਰਦੇਵ ਦੀਆਂ ਨਜ਼ਰਾਂ ਵਿੱਚ ਇਸ ਦੀ ਮਹਾਨਤਾ ਇਵੇਂ ਹੈ

ਗੰਗਾ, ਜਮੁਨਾ, ਗੋਦਾਵਰੀ, ਸਰਸੁਤੀ, ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ, ਪਰੇ ਹਮਰੈ ਵਿਚਿ, ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥

(ਮਲਾਰ ਮ: ੪, ਪੰਨਾ ੧੨੬੩)

ਮਹਾਂ ਪੁਰਸ਼ਾਂ ਦੀ ਚਰਨ-ਰੱਜ ਦੀ ਇਸ ਮਹੱਤਤਾ ਦਾ ਵੱਡਾ ਕਾਰਨ ਇਹ ਹੈ ਕਿ ਚਰਨ ਸਾਰਿਆਂ ਅੰਗਾਂ ਤੋਂ ਨੀਵੇਂ ਹੋਣ ਦੇ ਕਾਰਨ ਨਿਮਰਤਾ ਦੇ ਲਖਾਇਕ ਹਨ। ਭਾ: ਗੁਰਦਾਸ ਜੀ, ਵਾਰ ਨੌਵੀਂ ਵਿਚ, ਚਰਨਾਂ ਦੀ ਇਸ ਵਡਿਆਈ ਨੂੰ ਸਵਿਸਥਾਰ, ਇਵੇਂ ਬਿਆਨਦੇ ਹਨ

ਸਿਰ ਉੱਚਾ ਨੀਵੇਂ ਚਰਣ, ਸਿਰ ਪੈਰੀਂ ਪਾਂਦੇ।
ਮੂੰਹ, ਅਖੀਂ, ਨਕੁ, ਕੰਨ, ਹਥ, ਦੇਹ ਭਾਰ ਉਚਾਂਦੇ।
ਸਭ ਚਿਹਨ ਛਡ ਪੂਜੀਅਨ, ਕਉਣ ਕਰਮ ਕਮਾਂਦੇ ?

ਗੁਰ ਸਰਣੀ ਸਾਧ ਸੰਗਤੀ ਨਿਤ ਚਲਿ ਚਲਿ ਜਾਂਦੇ।
ਵੱਤਨਿ (ਚਲਦੇ ਹਨ) **ਪਰਉਪਕਾਰ ਨੂੰ, ਬਰ ਪਾਰ ਵਸਾਂਦੇ (ਵਾਹ ਲਗਦੇ)।**
ਮੇਰੀ ਖੱਲਹੁ ਮੌਜੜੇ, ਗੁਰਸਿਖ ਹੰਢਾਂਦੇ।
ਮਸਤਕ ਲੱਗੇ ਸਾਧੁ ਰੇਣੁ, ਵਡ ਭਾਗ ਜਿਨ੍ਹਾਂ ਦੇ।੧੮।੯।

ਭਾਈ ਨੰਦ ਲਾਲ ਜੀ ਵੀ ਚਰਨ-ਧੂੜ ਦੀ ਵਡਿਆਈ ਨੂੰ ਆਪਣੇ ਅੰਦਾਜ਼ ਵਿਚ ਇਉਂ ਹੀ ਬਿਆਨ ਕਰਦੇ ਹੋਏ ਦਸਦੇ ਹਨ ਕਿ ਮਿੱਤਰ ਦੀ ਦਰਗਾਹ ਦੀ ਮਿੱਟੀ ਦੀ ਮੁੱਠ ਰਸਾਇਣੀ ਬਣਾ ਦਿੰਦੀ ਹੈ, ਤੇ ਰਸਾਇਣੀ ਵੀ ਅਜਿਹਾ ਜੋ ਤਾਂਬੇ ਦਾ ਸੋਨਾ ਹੀ ਬਣਾਉਣ ਦੀ ਸ਼ਕਤੀ ਨਾ ਰਖਦਾ ਹੋਵੇ; ਸਗੋਂ, ਮਿੱਟੀ ਨੂੰ ਚਮਕਣ ਵਾਲਾ ਸੂਰਜ ਬਣਾ ਦੇਵੇ; ਭਾਵ, ਹਿਰਦੇ ਵਿੱਚ ਗਿਆਨ ਦਾ ਸੂਰਜ ਉਦੇ ਕਰਨ ਦੇ ਸਮਰੱਥ ਹੋਵੇ। ਹੋਰ ਤਾਂ ਹੋਰ, ਪੈਰਾਂ ਦੀ ਇਹ ਖ਼ਾਕ ਸੱਤਾਂ ਵਿਲਾਇਤਾਂ ਦਾ ਬਾਦਸ਼ਾਹ ਬਣਾ ਦੇਂਦੀ ਹੈ, ਭਾਵ, ਦੁਨੀਆ ਦੇ ਸ਼ਹਿਨਸ਼ਾਹ ਵੀ ਐਸੇ ਸੱਤ ਪੁਰਖਾਂ ਦੇ ਦਰ ਉਤੇ ਹਾਜ਼ਰ ਹੋ ਕੇ ਸੱਜਦੇ ਕਰਦੇ ਹਨ।

ਅਖ਼ੀਰ ਵਿਚ ਭਾਈ ਸਾਹਿਬ ਲਿਖਦੇ ਹਨ ਕਿ ਮੈਂ ਯਥਾਰਥ ਬਚਨ ਕਰਦਾ ਹਾਂ, ਇਹ ਕੇਵਲ ਕਲਪਨਾ ਹੀ ਨਹੀਂ। ਜੇ ਇਨ੍ਹਾਂ ਨੂੰ ਕੋਈ ਤਨੋਂ ਮਨੋਂ ਸੁਣ ਕੇ ਕਮਾਵੇਗਾ, ਤਾਂ ਉਹ ਲਾਲਾਂ ਤੇ ਮੋਤੀਆਂ ਦੀ ਖਾਣ (ਦੁਨੀਆਵੀ, ਨਾਸ਼ਵੰਤ ਪਦਾਰਥਾਂ) ਤੋਂ ਬੇਪਰਵਾਹ ਹੋ ਜਾਵੇਗਾ।

ਸੋ, ਇਸ ਗ਼ਜ਼ਲ ਵਿਚ ਮਿੱਠਤ, ਨਿਮਰਤਾ, ਗਰੀਬੀ ਤੇ ਨਿਰ-ਅਭਿਮਾਨਤਾ ਦੀ ਮਹਿਮਾ ਗਾਈ ਗਈ ਹੈ। ਇਹ ਗੁਣ ਜਿਸ ਦੇ ਅੰਦਰ ਵੱਸ ਜਾਣ, ਉਸਦੀਆਂ ਬੇਪਰਵਾਹੀਆਂ ਸ਼ਹਿਨਸ਼ਾਹਾਂ ਤੋਂ ਸਜਦੇ ਲੈਂਦੀਆਂ ਹਨ। ਉਸ ਦੇ ਨੈਣਾਂ ਦੀ ਤਰਸ-ਪੂਰਤ ਇੱਕ ਤੱਕਣੀ ਮੁਰਦੇ ਜੀਵਾਉਂਦੀ ਅਤੇ 'ਧਾੜਵੀਆਂ' ਨੂੰ ਸਾਧੂ, 'ਚੋਰਾਂ' ਨੂੰ ਸੇਵਕ ਤੇ ਕਾਤਲਾਂ ਨੂੰ ਦਰਦ-ਮੰਦ ਦਿਲਾਂ ਵਿਚ ਬਦਲ ਦੇਂਦੀ ਹੈ। ਉਸ ਦੀ ਜੀਵਨ-ਛੋਹ ਸਧਾਰਨ ਸਹਿਮੇ ਤੇ ਨੀਵੇਂ ਮਨਾਂ ਨੂੰ ਉੱਚੇ ਸੁੱਚੇ ਤੇ ਪਰਉਪਕਾਰੀ ਸੇਵਕ ਬਣਾ ਦਿੰਦੀ ਹੈ। ਉਸ ਦੀ ਮਧੁਰਤਾ ਤੇ ਪਿਆਰ-ਖਿੱਚ, ਅਨੰਤ ਦਿਲ-ਸਾਗਰਾਂ ਵਿਚ ਪ੍ਰੀਤਾਂ ਦੇ ਜਵਾਰ-ਭਾਟੇ ਲਿਆਉਂਦੀ ਅਤੇ ਜਗਿਆਸੂ ਨੂੰ ਜੀਵਨ ਦੀ ਸਹੀ ਤੇ ਸਫਲ ਸਿੱਖਰ ਉਤੇ ਪਹੁੰਚਾ ਦਿੰਦੀ ਹੈ।

ਧੰਨ ਹਨ ਉਹ ਹਰੀ-ਜਨ, ਜਿਨ੍ਹਾਂ ਨੇ ਨਿਮਰਤਾ ਦੀ ਲਖਾਇਕ—'ਚਰਨ-ਧੂੜ'—ਦੀ ਇਸ ਮਹਾਨਤਾ ਨੂੰ ਸਮਝਿਆ ਤੇ ਸਮਝ ਕੇ ਹਿਰਦੇ ਵਿੱਚ ਵਸਾਇਆ ਤੇ ਕਮਾਇਆ ਹੈ।

ਗ਼ਜ਼ਲ ਨੰਬਰ ੩੨

ਮਿਸਲਿ ਦਹਾਨਿ ਤੰਗ ਤੋ, ਤੁੰਗਿ ਸ਼ੱਕਰ ਨਾ ਬਾਸ਼ਦ।
ਈਂ ਮਿਸਲ ਰਾ ਕਿ ਗੁਫ਼ਤਮ, ਈਂ ਖ਼ੂਬ-ਤਰ ਨ ਬਾਸ਼ਦ ॥੧॥

ਬਾ-ਹਿਜਰ ਆਸ਼ਨਾ ਸ਼ੌ, ਗਰ ਤਾਲਬਿ ਵਸਾਲੀ।
ਰਾਹ ਕੈ ਬਰੀਂ ਬ-ਮੰਜ਼ਲ, ਤਾ ਰਾਹਬਰ ਨਾ ਬਾਸ਼ਦ ॥੨॥

ਦਾਮਾਨਿ ਚਸ਼ਮ ਮ-ਗੁਜ਼ਾਰ ਅਜ਼ ਦਸਤ, ਹਮ ਚੋ ਮਿਯਗਾਂ।
ਤਾ ਜੈਬਿ ਆਰਜ਼ੂ-ਹਾ, ਪੁਰ ਅਜ਼ ਗੌਹਰ ਨਾ ਬਾਸ਼ਦ ॥੩॥

ਸ਼ਾਖ਼ਿ ਉਮੀਦਿ ਆਸ਼ਕ, ਹਰਗਿਜ਼ ਸਮਰ ਨ ਗੀਰਦ।
ਅਜ਼ ਅਸ਼ਕ ਆਬਿ ਮਿਯਗਾਂ, ਤਾ ਸਬਜ਼ ਤਰ ਨ ਬਾਸ਼ਦ ॥੪॥

ਐ ਬੁਲਫ਼ਜ਼ੂਲ 'ਗੋਇਆ', ਅਜ਼ ਇਸ਼ਕਿ ਓ ਮਜ਼ੱਨ ਦਮ।
ਕੋ ਪਾ ਨਿਹੱਦ ਦਰੀਂ ਰਾਹ, ਆਂ ਰਾ ਕਿ ਸਰ ਨ ਬਾਸ਼ਦ ॥੫॥

ਪੰਜਾਬੀ ਕਾਵਿ ਅਨੁਵਾਦ

੧. ਖੰਡ ਦੀ ਬੋਰੀ ਨਾਲੋਂ ਸਤਿਗੁਰ, ਮੂੰਹ ਤੇਰਾ ਹੈ ਮਿੱਠਾ।
ਇਹ ਉਪਮਾ ਕੁੱਝ ਫਬਦੀ ਨਾਹੀ, ਖ਼ੂਬ ਵਿਚਾਰ ਕੇ ਡਿੱਠਾ, ਹੂ।

੨. ਬਿਰਹਾ ਸੰਗ ਯਰਾਨਾ ਪਾ ਲੈ, ਚਾਹੇਂ ਵਸਲ ਜੇ ਪਾਣਾ।
ਬਿਨ ਰਹਿਬਰ ਦੇ ਪਾ ਨਹੀਂ ਸਕਦਾ, ਰਾਹੀ ਕੋਈ ਟਿਕਾਣਾ, ਹੂ।

੩. ਝਿੰਮਣੀ ਵਾਂਙੂ ਕਦੀ ਨਾ ਛੱਡੀਂ, ਮਿੱਤਰਾ ਅੱਖ ਦਾ ਪੱਲਾ।
ਜੇਬ ਆਸ ਦੀ, ਨਾਲ ਮੋਤੀਆਂ, ਭਰੇ ਨਾ ਜਦ ਤੱਕ ਅੱਲ੍ਹਾ, ਹੂ।

੪. ਆਸ਼ਕ-ਆਸ ਦੀ ਟਹਿਣੀ ਤਾਈਂ, ਤਦ ਤਕ ਫਲ ਨਹੀਂ ਲਗਦਾ।
ਜਦ ਤੱਕ ਉਸ ਨੂੰ ਸਿੰਜਣ ਖ਼ਾਤਰ, ਨੈਨੋਂ ਨੀਰ ਨਹਿਂ ਵਗਦਾ, ਹੂ।

੫. ਇਸ਼ਕ ਆਪਣੇ ਦਾ ਤੂੰ 'ਗੋਇਆ', ਨ ਕਰ ਕੂੜਾ ਮਾਣਾ।
ਇਸ਼ਕ ਦੇ ਰਾਹੀ ਨੂੰ ਹੈ ਪੈਂਦਾ, ਤਲੀ ਤੇ ਸੀਸ ਟਿਕਾਣਾ, ਹੂ।

ਮਿਸਲਿ ਦਹਾਨਿ ਤੰਗ ਤੋ, ਤੁੰਗਿ ਸ਼ੱਕਰ ਨਾ ਬਾਸ਼ਦ।
ਈਂ ਮਿਸਲ ਰਾ ਕਿ ਗੁਫ਼ਤਮ, ਈਂ ਖ਼ੂਬ-ਤਰ ਨ ਬਾਸ਼ਦ ॥੧॥

ਸ਼ਬਦਾਰਥ : ਮਿਸਲ—ਵਾਂਗ। ਦਹਾਨ—ਮੂੰਹ। ਤੁੰਗ ਥੈਗੀ। ਨਾ ਬਾਸ਼ਦ—ਨਹੀਂ ਹੁੰਦੀ। ਗੁਫ਼ਤਮ—ਮੈਂ ਆਖੀ। ਖ਼ੂਬ-ਤਰ ਵਧੇਰੇ ਚੰਗੀ।

ਅਰਥ : ਤੇਰੇ ਤੰਗ ਮੂੰਹ ਦੇ ਵਾਂਗ ਸ਼ਕਰ ਦੀ ਬੋਰੀ ਵੀ ਮਿੱਠੀ ਨਹੀਂ ਹੁੰਦੀ (ਨਹੀਂ ਹੈ)। ਇਹ ਉਦਾਹਰਣ ਜੋ ਮੈਂ ਕਹੀ ਹੈ, ਇਹ ਬਹੁਤ ਅੱਛੀ ਨਹੀਂ ਹੈ (ਭਾਵ, ਸ਼ਕਰ, ਖੰਡ ਤੇਰੀ ਮਿਠਾਸ ਦੀ ਬਰਾਬਰੀ ਨਹੀਂ ਕਰ ਸਕਦੀ)।

ਬਾ-ਹਿਜਰ ਆਸ਼ਨਾ ਸ਼ੌ, ਗਰ ਤਾਲਬਿ ਵਸਾਲੀ।
ਰਾਹ ਕੈ ਬਰੀਂ ਬ-ਮੰਜ਼ਲ, ਤਾ ਰਾਹਬਰ ਨਾ ਬਾਸ਼ਦ ॥੨॥

ਸ਼ਬਦਾਰਥ : ਹਿਜਰ—ਵਿਛੋੜਾ। ਆਸ਼ਨਾ—ਵਾਕਫ਼। ਸ਼ੌ—ਹੋ। ਤਾਲਬ—ਚਾਹਵਾਨ। ਵਸਾਲੀ—ਮਿਲਾਪ। ਕੈ—ਕਦੋਂ, ਕਿਵੇਂ ? ਬਰੀਂ—ਉਤੇ।

ਅਰਥ : (ਤੂੰ) ਬਿਰਹੋਂ ਤੋਂ ਜਾਣੂ ਹੋ, ਜੇ ਮਿਲਾਪ ਦਾ ਚਾਹਵਾਨ ਹੈਂ, ਰਸਤੇ (ਰਾਹੀਂ) ਮੰਜ਼ਲ ਉਤੇ ਕਿਵੇਂ ਪੁਜ ਸਕਦਾ ਹੈਂ ਜੇ ਰਹਿਬਰ (ਰਾਹ ਵਿਖਾਉਣ ਵਾਲਾ ਸਤਿਗੁਰੂ) ਨਾ ਹੋਵੇ।

ਦਾਮਾਨਿ ਚਸ਼ਮ ਮ-ਗੁਜ਼ਾਰ ਅਜ਼ ਦਸਤ, ਹਮ ਚੋ ਮਿਯਗਾਂ।
ਤਾ ਜੈਬਿ ਆਰਜ਼ੂ-ਹਾ, ਪੁਰ ਅਜ਼ ਗੌਹਰ ਨਾ ਬਾਸ਼ਦ ॥੩॥

ਸ਼ਬਦਾਰਥ : ਮ-ਗੁਜ਼ਾਰ—(ਮ+ਗੁਜ਼ਾਰ) ਨ ਛਡ। ਦਾਮਨ—ਪੱਲਾ। ਹਮ ਚੋ—ਵਾਂਗੂੰ। ਮਿਯਗਾਂ—ਝਿਮਣੀਆਂ। ਗੌਹਰ—ਮੋਤੀ। ਜੇਬ—ਕੀਸਾ (ਗੀਸਾ, ਖੀਸਾ)।

ਅਰਥ : ਅੱਖ (ਅੱਖਾਂ) ਦਾ ਲੜ ਹੱਥੋਂ ਨਾ ਛੱਡ ਝਿੰਮਣੀਆਂ ਵਾਂਗੂੰ, ਜਿੰਨਾ ਚਿਰ ਤਕ ਕਾਮਨਾਵਾਂ ਦੀ ਜੇਬ ਮੋਤੀਆਂ (ਅਥਰੂਆਂ) ਨਾਲ ਭਰ ਨਹੀਂ ਜਾਂਦੀ। (ਭਾਵ, ਪਿਆਰੇ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਦੀ ਲੋਚਾ ਬਣਾਈ ਰਖ, ਤਾਕਿ ਤੇਰੀ ਝੋਲੀ ਨਾਮ ਦੇ ਨਾਯਾਬ ਮੋਤੀਆਂ ਨਾਲ ਭਰਪੂਰ ਹੋ ਜਾਵੇ)।

ਸ਼ਾਖ਼ਿ ਉਮੀਦਿ ਆਸ਼ਕ, ਹਰਗਿਜ਼ ਸਮਰ ਨ ਗੀਰਦ।
ਅਜ਼ ਅਸ਼ਕ ਆਬਿ ਮਿਯਗਾਂ, ਤਾ ਸਬਜ਼ ਤਰ ਨ ਬਾਸ਼ਦ ॥੪॥

ਸ਼ਬਦਾਰਥ : ਸ਼ਾਖ਼—ਟਹਿਣੀ। ਸਮਰ—ਫਲ। ਨ ਗੀਰਦ—ਨਹੀਂ ਫੜਦੀ, ਨਹੀਂ ਪੈਦਾ ਕਰਦੀ। ਅਸ਼ਕ—ਹੰਝੂ। ਮਿਯਗਾਂ—ਝਿੰਮਣੀਆਂ।

ਅਰਥ : ਆਸ਼ਕ ਦੀ ਆਸ ਦੀ ਟਹਿਣੀ ਕਦੀ ਫਲ ਨਹੀਂ ਫੜਦੀ (ਲਿਆਉਂਦੀ) ਜਦ ਤਕ ਝਿੰਮਣੀਆਂ ਦੇ ਹੰਝੂਆਂ ਦੇ ਪਾਣੀ ਨਾਲ ਚੰਗੀ ਤਰ੍ਹਾਂ ਹਰੀ ਨਹੀਂ ਹੁੰਦੀ। (ਭਾਵ, ਜਿੰਨਾ ਚਿਰ ਮਨ ਵੈਰਾਗ-ਮਈ ਨਹੀਂ ਹੁੰਦਾ ਉੱਨਾ ਚਿਰ ਪਿਆਰੇ ਪ੍ਰੀਤਮ ਦੀ ਪ੍ਰਾਪਤੀ ਨਹੀਂ ਹੋ ਸਕਦੀ)।

ਐ ਬੁਲਫ਼ਜ਼ੂਲ 'ਗੋਇਆ', ਅਜ਼ ਇਸ਼ਕਿ ਓ ਮਜ਼ੱਨ ਦਮ।
ਕੋ ਪਾ ਨਿਹੱਦ ਦਰੀਂ ਰਾਹ, ਆਂ ਰਾ ਕਿ ਸਰ ਨ ਬਾਸ਼ਦ॥੫॥

ਸ਼ਬਦਾਰਥ : ਬੁਲਫ਼ਜ਼ੂਲ—ਵਾਧੂ ਗੱਲਾਂ ਕਰਨ ਵਾਲਾ, ਗੱਪੀ। ਮਜ਼ੱਨ—ਨਾ ਮਾਰ। ਅਜ਼ ਇਸ਼ਕਿ ਓ—ਉਸ ਦੇ ਇਸ਼ਕ ਦਾ। ਪਾ—ਪੈਰ। ਨਿਹੱਦ—ਰਖਦਾ ਹੈ।

ਅਰਥ : (ਨਿਮਰਤਾ ਭਾਵ ਵਿਚ ਕਹਿੰਦੇ ਹਨ) ਐ ਗੱਪੀ 'ਗੋਇਆ'! ਉਸ ਦੇ ਪ੍ਰੇਮ ਦਾ ਦਮ ਨਾ ਮਾਰ (ਮਾਣ ਨਾ ਕਰ), (ਕਿਉਂ) ਜੁ ਇਸ (ਪ੍ਰੇਮ ਦੇ) ਰਾਹ ਵਿੱਚ ਉਹ ਪੈਰ ਰਖਦਾ ਹੈ ਜਿਸ ਦੇ (ਧੜ ਉਤੇ) ਸਿਰ ਨਹੀਂ ਹੁੰਦਾ। (ਭਾਵ, ਪ੍ਰੇਮ ਦੇ ਰਸਤੇ ਵਿਚ ਸਿਰ ਧੜ ਦੀ ਬਾਜ਼ੀ ਲਾਉਣੀ ਪੈਂਦੀ ਹੈ)।

ਵਿਆਖਿਆ

ਬਹੁਤੀ ਵੇਰ ਪ੍ਰਮਾਰਥ ਦੇ ਪਾਂਧੀਆਂ ਨੂੰ ਨਾਮ-ਅੰਮ੍ਰਿਤ ਦੇ ਅਕਹਿ ਤੇ ਅਮਿੱਤ ਸੁਆਦ ਦੀ ਝਲਕ ਦਰਸਾਉਣ ਤੇ ਅਨੁਮਾਨ ਲਵਾਉਣ ਵਾਸਤੇ ਸੰਸਾਰਕ ਰਸਾਂ ਦੇ ਉਦਾਹਰਣ ਤੇ ਹਵਾਲੇ ਦਿੱਤੇ ਜਾਂਦੇ ਹਨ। ਸੋ, ਏਥੇ ਗੁਰਦੇਵ ਸੰਤ ਜਨਾਂ ਅੰਦਰ ਵੱਸੀ ਹਰੀ-ਪ੍ਰੀਤ ਨੂੰ ਪਰਗਟ ਕਰਨ ਲਈ ਕੁਝ ਐਸੇ ਪ੍ਰਮਾਣ ਤੇ ਪ੍ਰਤੀਕ ਵਰਤਦੇ ਹਨ, ਜਿਵੇਂ

ਜਿਉ ਮਛੁਲੀ ਬਿਨੁ ਪਾਣੀਐ, ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ, ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ, ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ, ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ, ਦੇਖਿ ਦਰਸੁ ਅਘਾਵੈ॥

(ਵਾਰ ਜੈਤਸਰੀ ਮ: ੫, ਪੰਨਾ ੭੦੮)

ਭਗਤ ਨਾਮਦੇਵ ਜੀ ਵੀ ਧੁਰ ਅੰਦਰ ਵੱਸੀ ਹਰੀ-ਪ੍ਰੀਤ ਦਾ ਪ੍ਰਗਟਾਅ ਕੁਝ ਇਵੇਂ ਹੀ ਕਰਦੇ ਹਨ

ਮਾਰਵਾੜਿ ਜੈਸੇ ਨੀਰੁ ਬਾਲਹਾ, ਬੇਲਿ ਬਾਲਹਾ ਕਰਹਲਾ॥
ਜਿਉ ਕੁਰੰਕ ਨਿਸਿ ਨਾਦੁ ਬਾਲਹਾ, ਤਿਉ ਮੇਰੈ ਮਨਿ ਰਾਮਈਆ॥ *(ਪੰਨਾ ੬੯੩)*

(ਕਰਹਲਾ—ਊਠ। ਬਾਲਹਾ—ਪਿਆਰਾ)

ਪੰਜਾਬੀ ਵਾਤਾਵਰਣ ਨਾਲ ਗੜੂੰਦ ਹੋਏ ਫ਼ਰੀਦ ਜੀ ਰੱਬ ਦੀ ਮਿਠਾਸ ਦੇ ਸੁਆਦ ਦਾ ਅੰਦਾਜ਼ਾ, ਇਨ੍ਹਾਂ ਮਿੱਠੀਆਂ ਵਸਤਾਂ ਤੋਂ ਲਾਉਣ ਦਾ ਮਸ਼ਵਰਾ ਦਿੰਦੇ ਹਨ

ਫਰੀਦਾ, ਸਕਰ, ਖੰਡੁ, ਨਿਵਾਤ, ਗੁੜੁ, ਮਾਖਿਉ, ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ, ਰਬ ਨ ਪੁਜਨਿ ਤੁਧੁ॥੨੭॥ *(ਪੰਨਾ ੧੩੭੯)*

ਹੁਣ ਅੰਦਾਜ਼ਾ ਲਾਓ ਕਿ ਰੱਬ, ਨਾਮ-ਅੰਮ੍ਰਿਤ ਜਾਂ ਪ੍ਰਭੂ-ਇਕ-ਸੁਰਤਾ ਕਿਤਨੀ ਪ੍ਰਿਯ ਅਥਵਾ ਮਿੱਠੀ ਵਸਤੂ ਹੈ। ਇਹੀ ਭੇਦ ਭਾਈ ਸਾਹਿਬ ਇਸ ਗ਼ਜ਼ਲ ਵਿਚ ਖੋਲ੍ਹਦੇ ਹਨ।

ਲਿਖਦੇ ਹਨ ਕਿ ਤੇਰੀ ਤੰਗ ਵਰਾਸ਼ ਵਿਚੋਂ ਨਿਕਲੇ ਹੋਏ ਮਧੁਰ ਬਚਨ, ਸ਼ੱਕਰ ਦੀ ਬੋਰੀ ਸਮਾਨ ਮਿੱਠੇ ਹਨ। ਫੇਰ, ਤੱਤ-ਛਿਨ ਆਪ ਹੀ ਬੋਲ ਉਠਦੇ ਹਨ ਕਿ ਇਹ ਤੁਲਣਾ ਜੋ ਮੈਂ ਦੇ ਬੈਠਾ ਹਾਂ, ਵਧੀਆ ਨਹੀਂ। ਸ਼ਕਰ ਆਦਿ ਦੇ ਮਿੱਠੇ ਰਸ ਨਾਲ ਮਨ ਭਰ ਜਾਂਦਾ ਹੈ, ਵਿਕਾਰ ਪੈਦਾ ਹੁੰਦੇ ਹਨ

ਮਿਠਾ ਕਰਿ ਕੈ ਖਾਇਆ, ਕਉੜਾ ਉਪਜਿਆ ਸਾਦੁ ॥ *(ਸਿਰੀ ਰਾਗੁ ਮ: ੫, ਪੰਨਾ ੫੦)*

ਸੰਸਾਰਕ ਰਸਾਂ ਦੇ ਸੁਆਦ ਛਿੰਨ-ਭੰਗਰ ਹਨ, ਪਰੰਤੂ ਨਾਮ-ਰਸ, ਵਿਕਾਰ-ਰਹਿਤ ਹੋਣ ਕਰਕੇ, ਸਦੀਵੀ ਸੁਆਦ ਤੇ ਉਮਾਹਾ ਦਿੰਦਾ ਹੈ। ਇਹ ਆਮ ਰਸਾਂ ਵਾਂਗ ਉਤਨਾ ਚਿਰ ਹੀ ਨਹੀਂ ਮਾਣਿਆ ਜਾਂਦਾ, ਜਿਤਨਾ ਚਿਰ ਭੋਗੀਦਾ ਹੈ।

ਫੇਰ ਦੱਸਦੇ ਹਨ ਕਿ ਜੇ ਪਿਆਰੇ ਨਾਲ ਮਿਲਾਪ ਦੀ ਤਾਂਘ ਹੈ ਤਾਂ ਬਿਰਹਾ ਤੇ ਵੈਰਾਗ-ਮਈ ਅਵਸਥਾ ਵਿਚ ਆ। ਬਿਰਹਾ ਤੋਂ ਉਪਜੇ ਵੈਰਾਗ ਦੀ ਕਾਂਗ ਵਿਕਾਰਾਂ ਦਾ ਕੂੜਾ-ਕਰਕਟ ਰੋੜ੍ਹ ਲੈ ਜਾਵੇਗੀ। ਇਹ ਅਵਸਥਾ ਗੁਰ-ਚਰਨਾਂ ਉਤੇ ਆਪਾ ਨਿਛਾਵਰ ਕਰਨ ਨਾਲ ਪਰਾਪਤ ਹੁੰਦੀ ਹੈ। ਸੋ, ਅੱਖਾਂ ਦਾ ਪੱਲਾ (ਗੁਰੂ ਦੀ ਦੀਦ) ਉਤਨਾ ਚਿਰ ਹੱਥੋਂ ਨਾ ਛੱਡ ਜਦ ਤੱਕ ਝਿਮਣੀਆਂ ਵਾਂਗ, ਜੇਬ ਮੋਤੀਆਂ ਨਾਲ ਭਰ ਨਹੀਂ ਜਾਂਦੀ। ਇਨ੍ਹਾਂ ਪਿਆਰ ਤੇ ਵੈਰਾਗ-ਮਈ ਹੰਝੂਆਂ ਨਾਲ ਹੀ ਸਾਦਕ ਆਸ਼ਕਾਂ ਦੀ ਆਸ ਦੀ ਟਹਿਣੀ ਹਰੀ ਹੁੰਦੀ ਹੈ।

ਪਰੰਤੂ, ਵੇਖੀਂ, ਕਿਤੇ ਇੰਨਾ ਕੁਝ ਕਰ ਕੇ ਵੀ ਖ਼ੁਦੀ ਅਥਵਾ ਹਉਂ ਵਿੱਚ, ਉਸ ਪ੍ਰੀਤਮ ਦੇ ਪਿਆਰ ਦਾ ਦਮ ਨਾ ਮਾਰ ਬੈਠੀਂ। ਇਹ ਵੀ ਚੇਤੇ ਰੱਖੀਂ ਕਿ ਪ੍ਰੇਮ ਦੇ ਰਸਤੇ ਵਿਚ ਤਾਂ ਉਹੀ ਪੈਰ ਰਖ ਸਕਦਾ ਹੈ, ਜਿਸ ਦੇ ਮੋਢਿਆਂ ਉਤੇ ਸਿਰ ਨਹੀਂ ਹੁੰਦਾ। ਇਥੇ ਦਿਲਦਾਰ ਸਰਦਾਰ, ਤੇ ਸਰਦਾਰ ਦਿਲਦਾਰ ਬਣਦੇ ਤੇ ਬਦਲਦੇ ਹਨ ਅਤੇ ਉਸ ਦਾ ਸੰਖੇਪ, ਪਰੰਤੂ ਭਾਵ-ਪੂਰਤ, ਢੰਗ ਇਹ ਹੈ

ਦਿਲ [1]ਬ-ਦਿਲਦਾਰ ਬਦੇਹ, ਤਾ ਤੋ ਦਿਲਦਾਰ ਸ਼ਵੀ।
ਸਰ [2]ਬਸਰ [3]ਦਾਰ [4]ਬਨਿਹ, ਤਾ ਤੇ ਸਰਦਾਰ [5]ਸ਼ਵੀ।

(ਆਪਣਾ ਦਿਲ ਪਿਆਰੇ ਦੀ ਭੇਟ ਕਰ ਦੇਹ, ਤਾਂ ਜੁ ਤੂੰ ਆਪ ਪਿਆਰਾ ਥੀਵੇਂ। ਆਪਣੇ ਸਿਰ ਨੂੰ ਸੂਲੀ ਉਤੇ ਰੱਖ ਤਾਂ ਜੁ ਤੂੰ ਸਰਦਾਰ ਦੀ ਪਦਵੀ ਪ੍ਰਾਪਤ ਕਰੇਂ)।

ਨੋਟ ਸਰਦਾਰ ਫ਼ਾਰਸੀ ਦਾ ਸ਼ਬਦ ਹੈ। ਇਸ ਦੇ ਅਰਥ ਹਨ

ਸਰ—ਸਿਰ, ਦਾਰ—ਰਖਦਾ ਹੈ, ਭਾਵ ਜੋ ਸਿਰ (ਅਣਖ) ਰਖਦਾ ਹੈ, ਦਾਰ ਦੇ ਦੂਜੇ ਅਰਥ ਹਨ—ਸੂਲੀ (ਜੋ ਸਿਰ ਨੂੰ ਸੂਲੀ ਉੱਤੇ ਰੱਖ ਸਕਦਾ ਹੈ)।

---

੧. ਦਿਲਦਾਰ ਨੂੰ, ਪਿਆਰੇ ਨੂੰ। ੨. ਸਿਰ ਉੱਤੇ। ੩. ਸੂਲੀ। ੪. ਰੱਖ। ੫. ਹੋਵੇਂਗਾ।

ਗ਼ਜ਼ਲ ਨੰਬਰ ੩੩

ਗੁਲਿ ਹੋਲੀ ਬਬਾਗ਼ਿ ਦਹਰ ਬੂ ਕਰਦ।
ਲਬਿ ਚੂੰ ਗੁੰਚਹ ਰਾ, ਫ਼ਰਖ਼ੰਦਾ ਖ਼ੂ ਕਰਦ ॥੧॥

ਗੁਲਾਬੋ, ਅੰਬਰੋ, ਮੁਸ਼ਕੋ ਅਬੀਰੋ ॥
ਚੁ ਬਾਰਾਂ, ਬਾਰਸ਼ੇ ਅਜ਼ ਸੂ ਬਸੂ ਕਰਦ ॥੨॥

ਜ਼ਹੇ ਪਚਕਾਰੀਏ! ਪੁਰ ਜ਼ਾਫ਼ਰਾਨੀ।
ਕਿ: ਹਰ ਬੇਰੰਗ ਰਾ, ਖ਼ੁਸ਼-ਰੰਗੋ ਬੂ ਕਰਦ ॥੩॥

ਗੁਲਾਲ ਅਫ਼ਸ਼ਾਨੀਏ, ਦਸਤਿ ਮੁਬਾਰਕ।
ਜ਼ਮੀਨੋ ਆਸਮਾਂ ਰਾ, ਸੁਰਖ਼ਰੂ ਕਰਦ ॥੪॥

ਦੋ ਆਲਮ ਗਸ਼ਤ ਰੰਗੀਨ, ਅਜ਼ ਤੁਫ਼ੈਲਸ਼।
ਚੁ ਸ਼ਾਹਮ, ਜਾਮਾ ਰੰਗੀਂ, ਦਰ ਗੈਲੂ ਕਰਦ ॥੫॥

ਕਸੇ ਕੋ ਦੀਦ, ਦੀਦਾਰਿ ਮੁਕ਼ੱਦਸ।
ਮੁਰਾਦਿ ਉਮਰ ਰਾ, ਹਾਸਿਲ ਨਿਕੋ ਕਰਦ ॥੬॥

ਸ਼ਵੱਦ ਕੁਰਬਾਨ, ਖ਼ਾਕਿ ਰਾਹਿ ਸੰਗਤ।
ਦਿਲਿ 'ਗੋਇਆ', ਹਮੀਂ ਰਾ ਆਰਜ਼ੂ ਕਰਦ ॥੭॥

ਪੰਜਾਬੀ ਕਾਵਿ ਅਨੁਵਾਦ

੧. ਫੁੱਲ ਹੋਲੀ ਦੇ, ਜੱਗ-ਬਗੀਚਾ, ਨਾਲ ਸੁਗੰਧ ਮਹਿਕਾਇਆ।
ਗੁੰਚੇ ਵਰਗੇ ਹੋਠਾਂ ਤਾਈਂ, ਸੋਹਣਾ ਓਸ ਸਜਾਇਆ, ਹੂ।
੨. ਫੁੱਲ ਗੁਲਾਬ ਅਤੇ ਮੁਸ਼ਕੰਬਰ, ਅਲਤਾ ਤੇ ਕਸਤੂਰੀ।
ਰਲ ਮਿਲ ਸਭਨਾਂ ਛਹਿਬਰ ਲਾਈ, ਹਰ ਪਾਸੇ ਹਰ ਦੂਰੀ, ਹੂ।
੩. ਕੇਸਰ ਦੀ ਪਿਚਕਾਰੀ ਸਖੀਏ! ਉਸਤਤ ਕਰਾਂ ਕੀ ਤੇਰੀ।
ਹਰ ਬੇਰੰਗ ਨੂੰ ਰੰਗਣ ਦੇ ਕੇ, ਵਾਹ ਵਾਹ ਮਹਿਕ ਖਲੇਰੀ, ਹੂ।
੪. ਪਾਵਨ ਹੱਥਾਂ ਨਾਲ ਗੁਰਾਂ ਨੇ, ਰੂਹ-ਗੁਲਾਬ ਉਡਾਇਆ।
ਧਰਤੀ ਅਤੇ ਆਕਾਸ਼ ਨੂੰ ਜਿਸ ਨੇ, ਲਾਲ ਗੁਲਾਲ ਬਣਾਇਆ, ਹੂ।
੫. ਸੁੰਦਰ ਚੋਲਾ ਦਾਤਾ ਮੇਰੇ, ਗਲ ਵਿੱਚ ਜਦੋਂ ਸਜਾਇਆ।
ਅਰਸ਼ ਫ਼ਰਸ਼ ਹੋ ਸਦਕੇ ਉਸ ਤੋਂ, ਸੁਹਣਾ ਰੂਪ ਵਟਾਇਆ, ਹੂ।
੬. ਜਿਸ ਕਿਸੇ ਨੇ ਮੇਰੇ ਗੁਰ ਦਾ, ਪਾਵਨ ਦਰਸ਼ਨ ਕੀਤਾ।
ਇਸ ਉਮਰਾ ਦਾ ਲਾਹਾ ਸਾਰਾ, ਜਾਣੋ ਉਸ ਨੇ ਲੀਤਾ, ਹੂ।
੭. ਸਾਧ ਸੰਗਤ ਦੀ ਧੂੜੀ ਉੱਤੋਂ, ਤਨ ਮਨ ਘੋਲ ਘੁਮਾਵਾਂ।
ਇੱਕੋ ਇੱਕ ਸੱਧਰ ਇਹ ਮੇਰੀ, 'ਗੋਇਆ' ਹੋਰ ਨ ਚਾਹਵਾਂ, ਹੂ।

ਗੁਲਿ ਹੋਲੀ ਬਬਾਗ਼ ਦਹਰ ਬੂ ਕਰਦ।
ਲਬਿ ਚੂੰ ਗ਼ੁੰਚਹ ਰਾ, ਫ਼ਰਖ਼ੰਦਾ ਖ਼ੂ ਕਰਦ ॥੧॥

ਸ਼ਬਦਾਰਥ : ਗੁਲ ਫੁੱਲ। ਬ ਬਾਗ਼ਿ ਦਾਹਰ ਦੁਨੀਆ ਦੇ ਬਾਗ਼ ਵਿਚ। ਗ਼ੁੰਚਹ ਅਣ ਖਿੜਿਆ ਫੁੱਲ, ਡੋਡੀ। ਫ਼ਰਖ਼ੰਦਾ ਖਿੜਿਆ ਹੋਇਆ। ਖ਼ੂ ਕਰਦ ਖ਼ੂਬ (ਸੋਹਣਾ) ਕਰ ਦਿੱਤਾ।

ਅਰਥ : ਹੋਲੀ ਦਾ ਫੁੱਲ (ਖਿੜਿਆ), ਦੁਨੀਆ ਦੇ ਬਾਗ਼ ਵਿਚ ਸੁਗੰਧੀ ਕਰ ਦਿੱਤੀ। ਗ਼ੁੰਚੇ ਵਰਗੇ (ਪ੍ਰੀਤਮ ਦੇ ਮੀਟੇ) ਬੁਲ੍ਹਾਂ ਨੂੰ ਸੋਹਣਾ ਖਿੜਾ ਦਿੱਤਾ।

ਗੁਲਾਬੋ, ਅੰਬਰੋ, ਮੁਸ਼ਕੋ ਅਬੀਰੇ।
ਚੁ ਬਾਰਾਂ, ਬਾਰਸ਼ੇ ਅਜ਼ ਸੂ ਬਸੂ ਕਰਦ ॥੨॥

ਸ਼ਬਦਾਰਥ : ਮੁਸ਼ਕ—ਕਸਤੂਰੀ। ਚੁ—ਵਾਂਗ। ਬਾਰਾਂ—ਮੀਂਹ। ਅਬੀਰ—ਅਲਤਾ (ਲਾਲ ਰੰਗ ਨਾਲ ਰੰਗਿਆ ਹੋਇਆ ਅਟਾ)। ਸੂ ਬਸੂ—ਹਰ ਪਾਸਿਓਂ।-ਓ—ਤੇ।

ਅਰਥ : ਗੁਲਾਬ, ਮੁਸ਼ਕੰਬਰ, ਕਸਤੂਰੀ ਤੇ ਅਬੀਰ ਹਰ ਪਾਸਿਓਂ ਮੀਂਹ ਵਾਂਗ ਵੱਸਣ ਲਗੇ।

ਜ਼ਹੇ ਪਚਕਾਰੀਏ, ਪੁਰ ਜ਼ਾਫ਼ਰਾਨੀ।
ਕਿ: ਹਰ ਬੇਰੰਗ ਰਾ, ਖ਼ੁਸ਼-ਰੰਗੋ ਬੂ ਕਰਦ ॥੩॥

ਸ਼ਬਦਾਰਥ : ਜ਼ਹੇ—ਵਾਹ ਵਾਹ! ਪੁਰ—ਭਰੀ ਹੋਈ। ਜ਼ਾਫ਼ਰਾਨੀ—ਕੇਸਰ ਘੁਲਿਆ ਪਾਣੀ।

ਅਰਥ : ਕੇਸਰ ਦੀ ਭਰੀ ਹੋਈ ਪਿਚਕਾਰੀਏ, ਵਾਹ ਵਾਹ, ਕਿ ਜਿਸ ਨੇ ਹਰੇਕ ਬੇਰੰਗ (ਵਸਤੂ) ਨੂੰ ਸੋਹਣੇ ਰੰਗ ਤੇ ਸੁਗੰਧੀ ਵਾਲਾ ਕਰ ਦਿੱਤਾ। (ਸਤਿਗੁਰੂ ਬਖ਼ਸ਼ੇ ਨਾਮ-ਰਸ ਦੇ ਅੰਮ੍ਰਿਤ ਨਾਲ, ਭਗਤੀ-ਹੀਨ ਸੁੱਕੇ ਹਿਰਦੇ ਵੀ ਰਸ-ਭਰਪੂਰ ਤੇ ਅਨੰਦ-ਦਾਇਕ ਹੋ ਗਏ)।

ਗੁਲਾਲ ਅਫ਼ਸ਼ਾਨੀਏ, ਦਸਤਿ ਮੁਬਾਰਕ।
ਜ਼ਮੀਨੋ ਆਸਮਾਂ ਰਾ, ਸੁਰਖ਼ਰੂ ਕਰਦ ॥੪॥

ਸ਼ਬਦਾਰਥ : ਗੁਲਾਲ—ਅਲਤਾ। ਅਫ਼ਸ਼ਾਨੀ—ਉਡਾਉਣਾ। ਦਸਤਿ ਮੁਬਾਰਕ—ਪਵਿੱਤਰ ਹੱਥ। ਸੁਰਖ਼ਰੂ—ਲਾਲ ਚਿਹਰਾ।

ਅਰਥ : (ਸਤਿਗੁਰੂ ਨੇ ਆਪਣੇ) ਪਵਿੱਤਰ ਹੱਥ (ਹੱਥਾਂ) ਨਾਲ ਗੁਲਾਲ ਉਡਾ ਕੇ ਧਰਤੀ ਤੇ ਅਕਾਸ਼ ਨੂੰ ਲਾਲ ਚਿਹਰੇ ਵਾਲਾ (ਭਾਵ, ਲਾਲੋ ਲਾਲ) ਕਰ ਦਿੱਤਾ।

ਦੋ ਆਲਮ ਗਸ਼ਤ ਰੰਗੀਨ, ਅਜ਼ ਤੁਫ਼ੈਲਸ਼।
ਚੁ ਬਾਹਮ, ਜਾਮਾ ਰੰਗੀਂ, ਦਰ ਗੁਲੂ ਕਰਦ ॥੫॥

ਸ਼ਬਦਾਰਥ : ਦੋ ਆਲਮ—ਦੋਵੇਂ ਜਹਾਨ। ਗਸ਼ਤ—ਹੋ ਗਏ। ਤੁਫ਼ੈਲਸ਼—(ਤੁਫ਼ੈਲ+ਸ਼)—ਉਸ ਦੇ ਤੁਫ਼ੈਲ, ਵਸੀਲੇ ਨਾਲ। ਸ਼ਾਹਮ—ਮੇਰੇ ਪਾਤਸ਼ਾਹ। ਗੁਲੂ—ਗਲ।

ਅਰਥ : ਦੋਵੇਂ ਲੋਕ ਉਸ ਦੇ ਵਸੀਲੇ (ਕਿਰਪਾ) ਨਾਲ ਰੰਗੇ ਗਏ, ਜਦ ਮੇਰੇ ਪਾਤਸ਼ਾਹ (ਸਤਿਗੁਰੂ) ਨੇ ਰੰਗਦਾਰ ਪੋਸ਼ਾਕਾ ਗਲ ਵਿਚ ਕੀਤਾ (ਪਾਇਆ, ਪਹਿਨਿਆ)।

ਕਸੇ ਕੋ ਦੀਦ, ਦੀਦਾਰਿ ਮੁਕ਼ੱਦਸ।
ਮੁਰਾਦਿ ਉਮਰ ਰਾ, ਹਾਸਿਲ ਨਿਕੋ ਕਰਦ ॥੬॥

ਸ਼ਬਦਾਰਥ : ਕਸੇ ਕੋ—ਜਿਸ ਕਿਸੇ ਨੇ। ਦੀਦ—ਵੇਖਿਆ। ਮੁਕੱਦਸ—ਪਵਿੱਤਰ। ਨਿਕੋ—ਚੰਗੀ ਤਰ੍ਹਾਂ।

ਅਰਥ : ਜਿਸ ਕਿਸੇ ਨੇ (ਸਤਿਗੁਰੂ ਦਾ) ਪਵਿੱਤਰ ਦੀਦਾਰ ਵੇਖਿਆ, (ਉਸ ਨੇ) ਜੀਵਨ-ਭਰ ਦੀਆਂ ਮੁਰਾਦਾਂ ਨੂੰ ਚੰਗੀ ਤਰ੍ਹਾਂ ਪ੍ਰਾਪਤ ਕਰ ਲਿਆ।

ਸ਼ਵੱਦ ਕੁਰਬਾਨ, ਖ਼ਾਕਿ ਰਾਹਿ ਸੰਗਤ।
ਦਿਲਿ 'ਗੋਇਆ', ਹਮੀਂ ਰਾ ਆਰਜ਼ੂ ਕਰਦ ॥੭॥

ਸ਼ਬਦਾਰਥ : ਸ਼ਵੱਦ—ਹੋਵੇ। ਹਮੀਂ—ਇਹੀ। ਆਰਜ਼ੂ—ਖ਼ਾਹਸ਼।

ਅਰਥ : ਸੰਗਤ ਦੇ ਰਾਹ ਦੀ ਖ਼ਾਕ ਉਤੋਂ ਕੁਰਬਾਨ ਹੋਵੇ, 'ਗੋਇਆ' ਦੇ ਦਿਲ ਦੀ ਬਸ ਇਹੋ ਲਾਲਸਾ ਹੈ।

ਵਿਆਖਿਆ

ਭਾਰਤ ਵਾਸੀਆਂ ਨੇ ਪ੍ਰਾਚੀਨ ਕਾਲ ਤੋਂ ਹਰੇਕ ਰੁੱਤ ਦੇ ਪਲਟੇ ਉੱਤੇ ਦਿਲੀ ਭਾਵ ਤੇ ਹੁਲਾਸ ਦਾ ਪ੍ਰਗਟਾਅ ਕਰਨ ਲਈ, ਕੋਈ ਨਾ ਕੋਈ, ਤਿਉਹਾਰ ਨਿਯਤ ਕੀਤਾ ਹੋਇਆ ਹੈ; ਜਿਹਾ ਕਿ, ਦੀਵਾਲੀ, ਵੈਸਾਖੀ, ਬਸੰਤ ਤੇ ਹੋਲੀ। ਜਦ ਈਰਖਾ, ਦ੍ਵੈਖ, ਫੁੱਟ ਤੇ ਚਲਨ ਦੀ ਗਿਰਾਵਟ ਦੇ ਕਾਰਨ ਭਾਰਤ ਦੇ ਐਸ਼ਵਰਜ ਦੀ ਆਕਾਸ਼-ਚੜ੍ਹੀ ਪੀਂਘ ਰਸਾਤਲ ਜਾ ਟੁੱਟੀ, ਤਾਂ ਇਨ੍ਹਾਂ ਤਿਉਹਾਰਾਂ ਦੇ ਜਿੰਦ-ਹੀਨ ਕਲਬੂਤ ਹੀ ਬਾਕੀ ਰਹਿ ਗਏ। ਚਲਨ ਦੀ ਪੱਧਰ ਨੀਵੀਂ ਹੋ ਜਾਣ ਦੇ ਕਾਰਨ, ਪਹਿਲਾਂ ਆਜ਼ਾਦੀ ਖ਼ੁਸੀ ਅਤੇ ਜੋ ਰਹਿੰਦੀ-ਖੂੰਹਦੀ ਕਸਰ ਸੀ ਉਹ ਗ਼ੁਲਾਮੀ ਦੀ ਛੱਟ ਨੇ ਪੂਰੀ ਕਰ ਦਿੱਤੀ। ਹੋਲੀ ਤਾਂ ਫੇਰ ਵੀ ਖੇਡੀ ਜਾਂਦੀ ਰਹੀ, ਪਰੰਤੂ, ਗ਼ੁਲਾਮਾਂ ਦੀ ਹੋਲੀ, ਕਾਹਦੀ ਹੋਲੀ ਸੀ। ਕਪੜਿਆਂ ਉਤੇ ਰੰਗ, ਘੱਟਾ-ਮਿੱਟੀ ਤੇ ਸੁਆਹ ਆਦਿ ਸੁੱਟਣ ਦੇ ਸ਼ੁਗਲ ਤੋਂ ਵੱਧ, ਕਿਸੇ ਪਰਕਾਰ ਦੇ ਰਹੱਸ ਦੀ ਅੰਸ਼ ਇਸ ਵਿਚ ਬਾਕੀ ਨਾ ਰਹੀ। ਡੂੰਘੀ ਸੂਝ-ਬੂਝ ਰੱਖਣ ਵਾਲੇ ਆਪਣੇ ਵੀਚਾਰਵਾਨਾਂ ਲਈ ਇਹ ਦ੍ਰਿਸ਼ ਦ੍ਵੈਖ ਅਤੇ ਪਰਾਇਆਂ ਲਈ ਮਜ਼ਾਕ (ਹਾਸੇ) ਦਾ ਮੌਜ਼ੂਅ (ਵਿਸ਼ਾ) ਬਣ ਕੇ ਰਹਿ ਗਿਆ।

ਸਿਖ ਸਤਿਗੁਰਾਂ ਨੇ ਜਿੱਥੇ ਜੀਵਨ ਦੇ ਹੋਰ ਖੇਤਰਾਂ ਵਿਚ ਨਰੋਆ ਪ੍ਰੀਵਰਤਨ ਲਿਆਂਦਾ, ਓਥੇ ਪੰਜਵੇਂ ਗੁਰਦੇਵ ਨੇ ਪ੍ਰਮਾਰਥ ਦੇ ਮਾਰਗ ਦੀ ਅਨੰਦ-ਮਈ ਹੋਲੀ ਖੇਡਣ ਦਾ ਵੀ ਸੰਕੇਤ ਦਿੱਤਾ ਹੈ। ਆਪ ਫ਼ੁਰਮਾਉਂਦੇ ਹਨ :

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥ਰਹਾਉ ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥

(ਬਸੰਤ ਮ: ੫, ਪੰਨਾ ੧੧੮੦)

ਸ੍ਰੀ ਦਸਮੇਸ਼ ਜੀ ਨੇ, ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ, ਉਪਰੋਕਤ, ਅੰਦਰ-ਵਾਪਰੇ, ਪ੍ਰੀਵਰਤਨ ਦਾ ਪ੍ਰਗਟਾਅ ਬਾਹਰ ਕਰਨਾ ਵੀ ਜ਼ਰੂਰੀ ਜਾਤਾ। ਗੁਲਾਲ ਖੇਡਣ ਦੇ ਨਾਲ਼ ਨਾਲ ਹੋਲਿਆਂ ਮਹੱਲਿਆਂ ਸਮੇਂ ਸ਼ਸਤਰ-ਵਿਦਿਆ ਦੇ ਕਮਾਲ ਵੀ ਵਿਖਾਏ ਜਾਣ ਲੱਗੇ। ਦੇਸ਼-ਦੇਸ਼ਾਂਤ੍ਰਾਂ ਦੀਆਂ ਸੰਗਤਾਂ ਜੁੜਦੀਆਂ ਅਤੇ ਸਮੇਂ ਦੀ ਲੋੜ ਅਨੁਸਾਰ ਇਹ ਸ਼ਸਤਰ-ਮਈ ਹੋਲਾ ਖੇਡਿਆ ਜਾਂਦਾ। ਇਹ ਰਿਵਾਜ ਅੱਜ ਵੀ ਜਾਰੀ ਹੈ।

ਭਾਈ ਨੰਦ ਲਾਲ ਜੀ ਦਾ ਕਿਤਨਾ ਸੁਭਾਗ ਸੀ ਕਿ ਉਨ੍ਹਾਂ ਨੇ ਪੰਜ-ਭੂਤਕ ਸਰੀਰ ਵਿਚ ਕਲਗੀਆਂ ਵਾਲੇ ਸਤਿਗੁਰੂ ਦੇ ਦਰਸ਼ਨ ਕੀਤੇ ਅਤੇ ਬਾ-ਕਮਾਲ ਸ੍ਰੀ ਦਸਮੇਸ਼ ਜੀ ਦੇ ਅਜਿਹੇ ਦੁਰਲੱਭ ਦੂਰ-ਰੱਸ ਦ੍ਰਿਸ਼ ਵੇਖ ਵੇਖ ਕੇ ਸੀਨਾ ਠਾਰਿਆ।

ਭਾਈ ਸਾਹਿਬ ਇਸ ਗ਼ਜ਼ਲ ਵਿਚ ਮਨੁੱਖ ਜਨਮ ਦੀ ਉਸ ਬਹਾਰ ਵੱਲ ਇਸ਼ਾਰਾ ਕਰਦੇ ਹਨ ਜੋ ਕੀਟ, ਪਤੰਗ, ਗਜ ਤੇ ਮੀਨ, ਕੁਰੰਗ ਆਦਿ ਜੂਨੀਆਂ ਤੋਂ ਬਾਅਦ ਮਨੁੱਖਾ-ਦੇਹੀ ਦੇ ਰੂਪ ਵਿਚ ਪ੍ਰਾਪਤ ਹੋਈ ਹੈ। ਇਸ ਦੇਹੀ ਦੀ ਆਤਮਕ ਖੇੜਿਆਂ-ਭਰਪੂਰ ਹੋਲੀ ਇਹੀ ਹੈ ਕਿ ਆਪ ਨਾਮ-ਰੰਗਣ ਵਿੱਚ ਰੰਗੀਜ ਕੇ ਉਪਕਾਰ, ਜੱਤ, ਸੱਤ ਤੇ ਤੱਪ ਦੇ ਕੇਸਰ-ਭਰੀਆਂ ਪਿਚਕਾਰੀਆਂ ਨਾਲ ਆਲੇ-ਦੁਆਲੇ ਨੂੰ ਸੁਗੰਧਤ ਕੀਤਾ ਜਾਵੇ। ਕੋਈ ਅਭਾਗਾ ਅਜਿਹਾ ਨਾ ਰਹਿ ਜਾਵੇ ਜੋ ਸਤਿਗੁਰਾਂ ਦੇ ਪਾਕ ਦੀਦਾਰ ਤੇ ਸੰਗਤ ਦੀ ਪਵਿੱਤਰ ਖ਼ਾਕ ਤੋਂ ਆਪਾ ਵਾਰਨ ਲਈ ਬੇਤਾਬ ਨਾ ਦਿੱਸੇ।

ਜੇ ਓਦੋਂ 'ਤਪਤ ਵਿਚ ਠੰਢ' ਵਰਤਾਉਣ ਵਾਲੀ ਅਜਿਹੀ ਹੋਲੀ ਖੇਡਣ ਦੀ ਲੋੜ ਭਾਸੀ ਸੀ, ਤਾਂ ਅੱਜ ਐਟਮ ਤੇ ਹਾਈਡਰੋਜਨ, ਵਿਨਾਸ਼ਕਾਰੀ ਬੰਬਾਂ ਦੇ ਯੁੱਗ ਵਿਚ, ਇਹ ਲੋੜ ਹਜ਼ਾਰਾਂ ਗੁਣਾ ਵੱਧ ਹੈ--ਪਰੰਤੂ ਹੁਣ ਇਸ ਖੇਡ ਵਿਚ ਅਗਵਾਈ ਕੌਣ ਕਰੇ ? ਸਤਿਗੁਰੂ ਦਾ ਖ਼ਾਸ ਰੂਪ ਖ਼ਾਲਸਾ, ਜਾਂ...... .

ਗ਼ਜ਼ਲ ਨੰਬਰ ੩੪

ਜ਼ਿਕਰਿ ਵਸਫ਼ਸ਼, ਬਰ ਜ਼ਬਾਂ, ਬਾਸ਼ਦ ਲਜ਼ੀਜ਼।
ਨਾਮਿ ਊ ਅੰਦਰ ਜਹਾਂ, ਬਾਸ਼ਦ ਲਜ਼ੀਜ਼॥੧॥

ਐ ਜ਼ਹੇ! ਸੇਬਿ ਜ਼ਨਖ਼ਦਾਨਿ ਸ਼ੁਮਾ।
ਮੇਵਾ ਚੂੰ ਦਰ ਬੋਸਤਾਂ ਬਾਸ਼ਦ ਲਜ਼ੀਜ਼॥੨॥

ਚਸ਼ਮਿ ਮਾ ਰੌਸ਼ਨ ਜ਼ਿ ਦੀਦਾਰਿ ਸ਼ੁਮਾਸ੍ਤ।
ਜਾਂ ਨਸਾਰਸ਼ ਬਸ ਕਿ: ਆਂ ਬਾਸ਼ਦ ਲਜ਼ੀਜ਼॥੩॥

ਸੁੰਬਲਿ ਜ਼ੁਲਫ਼ਿ ਤੋ, ਦਿਲ ਰਾ ਬੁਰਦਾ ਅਸ੍ਤ।
ਆਂ ਲਬਿ ਲਾਅਲਿ ਤੋ, ਜ਼ਾਂ ਬਾਸ਼ਦ ਲਜ਼ੀਜ਼॥੪॥

ਸ਼ੇਅਰਿ 'ਗੋਇਆ' ਬੇਸ਼ ਅਜ਼ ਸ਼ੀਰੋ ਸ਼ਕਰ।
ਮੇਵਾ ਦਰ ਹਿੰਦੁਸਤਾਂ ਬਾਸ਼ਦ ਲਜ਼ੀਜ਼॥੫॥

ਪੰਜਾਬੀ ਕਾਵਿ ਅਨੁਵਾਦ

੧. ਕਲਗੀ ਵਾਲੇ ਗੁਰੂ ਦਾ ਵਰਨਣ, ਡਾਢਾ ਮਿੱਠਾ ਲੱਗੇ।
ਨਾਮ ਉਸ ਦਾ ਦੁਨੀਆ ਅੰਦਰ, ਸਭ ਦੇ ਮਨ ਨੂੰ ਠੱਗੇ, ਹੂ।

੨. ਸੇਬ ਜਿਹੀ ਇਹ ਠੋਡੀ ਤੇਰੀ, ਧੰਨਤਾ ਜੋਗ ਕਹਾਵੇ।
ਜਿਵੇਂ ਬਗ਼ੀਚੇ ਦੇ ਵਿਚ ਮਿੱਠਾ ਫਲ ਕੋਈ ਸ਼ੋਭਾ ਪਾਵੇ, ਹੂ।

੩. ਦਰਸ਼ਨ ਤੇਰਾ ਪਾ ਕੇ ਪ੍ਰੀਤਮ, ਅੱਖ ਮੇਰੀ ਰੁਸ਼ਨਾਵੇ।
ਜਾਨ ਪਿਆਰੀ ਉਸ ਦੇ ਉੱਤੋਂ, ਸਦਕੇ ਵਾਰੀ ਜਾਵੇ, ਹੂ।

੪. ਸੁੰਬਲ ਵਰਗੇ ਕੇਸ ਤੇਰੇ ਜੋ, ਦਿਲ ਨੂੰ ਧੂਹ ਨੇ ਪਾਂਦੇ।
ਲਾਲ ਹੋਂਠ ਵੀ ਤੇਰੇ ਪ੍ਰੀਤਮ, ਮਨ ਨੂੰ ਡਾਢਾ ਭਾਂਦੇ, ਹੂ।

੫. ਭਾਰਤ ਭਰ ਵਿਚ ਸ਼ੇਅਰ ਤੇਰੇ ਨੇ, 'ਗੋਇਆ' ਜਿਵੇਂ ਸੁਆਦੀ।
ਐਸਾ ਨਹੀਂ ਕੋਈ ਮੇਵਾ ਮਿਠਾ, ਡਿੱਠਾ ਆਦਿ ਜੁਗਾਦੀ, ਹੂ।

ਜ਼ਿਕਰਿ ਵਸਫ਼ਸ਼, ਬਰ ਜ਼ਬਾਂ, ਬਾਸ਼ਦ ਲਜ਼ੀਜ਼।
ਨਾਮਿ ਊ ਅੰਦਰ ਜਹਾਂ, ਬਾਸ਼ਦ ਲਜ਼ੀਜ਼ ॥੧॥

ਸ਼ਬਦਾਰਥ : ਜ਼ਿਕਰਿ ਵਸਫ਼ਸ਼—ਉਸ ਦੀਆਂ ਸਿਫ਼ਤਾਂ ਦਾ ਵਰਣਨ। ਬਰ-ਉਤੇ। ਬਾਸ਼ਦ—ਹੁੰਦਾ ਹੈ। ਲਜ਼ੀਜ਼—ਸੁਆਦਲਾ।

ਅਰਥ : ਜੀਭਾ ਉਤੇ ਉਸ ਦਿਆਂ ਗੁਣਾਂ ਦਾ ਵਰਣਨ ਸੁਆਦਲਾ ਹੁੰਦਾ ਹੈ। ਉਸ ਦਾ ਨਾਮ ਜਹਾਨ ਵਿੱਚ ਸੁਆਦੀ (ਰਸੀਲਾ) ਹੁੰਦਾ ਹੈ।

ਐ ਜ਼ਹੇ ! ਸੇਬਿ ਜ਼ਨਖ਼ਦਾਨਿ ਸ਼ੁਮਾ।
ਮੇਵਾ ਚੂੰ ਦਰ ਬੋਸਤਾਂ ਬਾਸ਼ਦ ਲਜ਼ੀਜ਼ ॥੨॥

ਸ਼ਬਦਾਰਥ : ਜ਼ਹੇ—ਵਾਹ ਵਾਹ ! ਜ਼ਨਖ਼ਦਾਂ—ਠੋਡੀ। ਸ਼ੁਮਾ—ਤੁਹਾਡੀ। ਬੋਸਤਾਂ—ਬਾਗ। ਚੂੰ—ਜਿਵੇਂ।

ਅਰਥ : ਤੁਹਾਡੀ ਠੋਡੀ ਦਾ ਸੇਬ (ਭਾਵ, ਸੇਬ ਵਰਗੀ ਠੋਡੀ) ਵਾਹ ਵਾਹ (ਹੈ); ਜਿਵੇਂ ਬਾਗ਼ ਵਿਚ ਫੁਲ ਸੁਹਾਵਾ ਤੇ ਸੁਆਦਲਾ ਹੁੰਦਾ ਹੈ।

ਚਸ਼ਮਿ ਮਾ ਰੌਸ਼ਨ ਜ਼ਿ ਦੀਦਾਰਿ ਸ਼ੁਮਾਸੁ।
ਜਾਂ ਨਸਾਰਸ਼ ਬਸ ਕਿ: ਆਂ ਬਾਸ਼ਦ ਲਜ਼ੀਜ਼ ॥੩॥

ਸ਼ਬਦਾਰਥ : ਚਸ਼ਮਿ ਮਾ—ਸਾਡੀ ਅੱਖ। ਨਸਾਰ+ਸ਼—ਉਸ ਤੋਂ ਕੁਰਬਾਨ। ਬਸ ਕਿ—ਬਹੁਤ।

ਅਰਥ : ਸਾਡੀਆਂ ਅੱਖਾਂ ਤੁਹਾਡੇ ਦਰਸ਼ਨਾਂ ਨਾਲ ਰੌਸ਼ਨ ਹਨ। ਉਸ ਤੋਂ ਜਾਨ ਸਦਕੇ ਹੈ ਕਿ ਉਹ ਬਹੁਤ ਸੁਆਦਲੀ ਹੈ।

ਸੁੰਬਲਿ ਜ਼ੁਲਫ਼ਿ ਤੋ, ਦਿਲ ਰਾ ਬੁਰਦਾ ਅਸੁ।
ਆਂ ਲਬਿ ਲਾਅਲਿ ਤੋ, ਜ਼ਾਂ ਬਾਸ਼ਦ ਲਜ਼ੀਜ਼ ॥੪॥

ਸ਼ਬਦਾਰਥ : ਸੁੰਬਲ—ਇਕ ਤਰ੍ਹਾਂ ਦਾ ਲੰਮਾ ਲੰਮਾ ਘਾਹ ਜੋ ਕੇਸਾਂ ਸਮਾਨ ਵਧਿਆ ਹੋਇਆ ਹੁੰਦਾ ਹੈ। ਬੁਰਦਹ ਅਸੁ—ਖੋਹ ਕੇ ਲੈ ਗਿਆ ਹੈ। ਜ਼ਾਂ—ਇਸ ਕਰਕੇ।

ਅਰਥ : ਤੇਰੀ ਸੁੰਬਲ ਵਰਗੀ ਜ਼ੁਲਫ (ਕੇਸਾਂ ਦੀ ਲਿਟ) ਦਿਲ ਨੂੰ ਖੋਹ ਕੇ ਲੈ ਗਈ ਹੈ। ਉਹ ਤੇਰੇ ਲਾਲਾਂ ਵਰਗੇ ਬੁਲ੍ਹ ਏਸੇ ਕਰਕੇ ਪਿਆਰੇ ਲਗਦੇ ਹਨ।

ਸ਼ੇਅਰਿ 'ਗੋਇਆ' ਬੇਸ਼ ਅਜ਼ ਸ਼ੀਰੋ ਸ਼ਕਰ।
ਮੇਵਾ ਦਰ ਹਿੰਦੁਸਤਾਂ ਬਾਸ਼ਦ ਲਜ਼ੀਜ਼ ॥੫॥

ਸ਼ਬਦਾਰਥ : ਬੇਸ਼—ਵਧੇਰੇ। ਸ਼ੀਰ—ਦੁੱਧ। ਸ਼ਕਰ—ਖੰਡ, ਮਿੱਠਾ।

ਅਰਥ : 'ਗੋਇਆ' ਦੀ ਕਵਿਤਾ ਦੁੱਧ ਤੇ ਖੰਡ ਨਾਲੋਂ ਵਧੇਰੇ (ਮਿੱਠੀ ਹੈ ਜਿਵੇਂ ਕਿ)

ਹਿੰਦੁਸਤਾਨ ਵਿਚ ਮੇਵਾ ਮਿੱਠਾ ਹੁੰਦਾ ਹੈ।

ਨੋਟ: ਇਹ ਸ਼ੇਅਰ ਇਸ ਤਰ੍ਹਾਂ ਵੀ ਲਿਖਿਆ ਮਿਲਦਾ ਹੈ

ਲੱਜ਼ਤਿ 'ਗੋਇਆ' ਨ ਬਾਸ਼ਦ ਇਹ ਅਜ਼ੀਂ।
ਹਮ ਚੁ ਸ਼ਿਅਰੇ ਤੋ ਬ-ਹਿੰਦੁਸਤਾਂ ਲਜ਼ੀਜ਼॥

ਅਰਥ: ਐ ਗੋਇਆ, ਕੋਈ ਸੁਆਦ ਇਸ ਤੋਂ ਚੰਗੇਰਾ ਨਹੀਂ ਜਿਹੋ ਜਿਹੇ ਤੇਰੇ ਸ਼ੇਅਰ ਹਿੰਦੁਸਤਾਨ ਵਿੱਚ ਸੁਆਦਲੇ ਹਨ।

ਵਿਆਖਿਆ

ਇਥੇ ਭਾਈ ਸਾਹਿਬ ਗ਼ਜ਼ਲ ਨੰ: ੩੨ ਵਿਚ ਦੱਸੇ ਭਾਵਾਂ ਨੂੰ ਫੇਰ ਦੁਹਰਾਉਂਦੇ ਹਨ ਕਿ ਪ੍ਰਭੂ-ਪਿਆਰਿਆਂ ਨੂੰ ਉਸ ਦਾ ਨਾਮ ਸਭ ਵਸਤਾਂ ਨਾਲੋਂ ਸੁਆਦਲਾ ਤੇ ਪਿਆਰਾ ਲਗਦਾ ਹੈ, ਅੰਤਲੇ ਸ਼ੇਅਰ ਵਿੱਚ ਆਪਣੀ ਜੀਵਨ-ਦਾਤੀ ਕਵਿਤਾ ਦੀ ਖ਼ੂਬਸੂਰਤੀ ਉਤੇ, ਬਜਾਅ ਤੌਰ ਉਤੇ, ਫ਼ਖ਼ਰ ਕਰਦੇ ਹਨ।

.ਗ਼ਜ਼ਲ ਨੰਬਰ ੩੫

ਆਰਫ਼ਾਂ ਰਾ, ਸੂਏ ਊ, ਬਾਸ਼ਦ ਲਜ਼ੀਜ਼।
ਆਸ਼ਕਾਂ ਰਾ, ਕੂਏ ਊ, ਬਾਸ਼ਦ ਲਜ਼ੀਜ਼॥੧॥

ਕਾਕਲਿ ਊ, ਦਿਲ-ਫ਼ਰੇਬਿ ਆਲਮ ਅਸ੍ਤ।
ਤਾਲਬਾਂ ਰਾ, ਮੂਏ ਊ, ਬਾਸ਼ਦ ਲਜ਼ੀਜ਼॥੨॥

ਰੋਜ਼ਾ-ਇ ਬਾਗ਼ਿ ਇਰਮ, ਕੁਰਬਾਂਅ ਕੁਨੱਮ॥
ਬਸ ਕਿ: ਮਾ ਰਾ, ਕੂਏ ਊ, ਬਾਸ਼ਦ ਲਜ਼ੀਜ਼॥੩॥

ਜ਼ਿੰਦਾ ਮੇ ਗਰਦਮ ਜ਼ਿ ਬੂਏ ਮਕੱਦਮਸ਼।
ਬਸ ਕਿ: ਮਾ ਰਾ ਬੂਏ ਊ, ਬਾਸ਼ਦ ਲਜ਼ੀਜ਼॥੪॥

ਅਜ਼ ਹਮਹ ਮੇਵਾ ਕਿ: ਊ, ਬਾਸ਼ਦ ਲਜ਼ੀਜ਼।
ਜ਼ਿਕਰੋ, ਯਾਦੋ, ਰੂਏ ਊ, ਬਾਸ਼ਦ ਲਜ਼ੀਜ਼॥੫॥

ਆਬ ਬਖ਼ਸ਼ੇ ਜੁਮਲਾ ਆਲਮ ਮੇ ਸ਼ਵੀ।
ਗਰ ਤੁਰਾ ਅਬਰੂਏ ਊ, ਬਾਸ਼ਦ ਲਜ਼ੀਜ਼॥੬॥

ਲਜ਼ਤੇ 'ਗੋਇਆ' ਨ ਬਾਸ਼ਦ ਬਿਹ ਅਜ਼ੀਂ।
ਹਮਚੂ ਖ਼ੂਏ ਸ਼ੇਅਰਿ ਊ, ਬਾਸ਼ਦ ਲਜ਼ੀਜ਼॥੭॥

ਪੰਜਾਬੀ ਕਾਵਿ ਅਨੁਵਾਦ

੧. ਆਸ਼ਕ ਤਾਈਂ ਗਲੀ ਯਾਰ ਦੀ, ਮਨ ਨੂੰ ਜਿਵੇਂ ਸੁਖਾਵੇ।
ਗਿਆਨਵਾਨ ਤਿਉਂ ਵੱਲ ਪ੍ਰਭੂ ਦੇ, ਤੁਰ ਕੇ ਖ਼ੁਸ਼ੀ ਮਨਾਵੇ, ਹੂ।
੨. ਜ਼ੁਲਫ਼ ਓਸ ਦੀ ਕੁੰਡਲਾਂ ਵਾਲੀ, ਜੱਗ ਦੇ ਦਿਲ ਨੂੰ ਠੱਗੇ।
ਤਾਲਬਾਂ ਤਾਈਂ ਵਾਲ ਮਾਹੀ ਦਾ, ਪਿਆਰਾ ਪਿਆਰਾ ਲੱਗੇ, ਹੂ।
੩. ਉਸ ਦੇ ਦਰ ਤੋਂ ਬਾਗ਼ ਜੰਨਤ ਦੇ, ਵਾਰਾਂ ਸੌ ਸੌ ਵਾਰੀ।
ਗਲੀ ਮਾਹੀ ਦੀ ਮੈਨੂੰ ਸਖੀਓ! ਲੱਗੇ ਅਤਿ ਪਿਆਰੀ, ਹੂ।
੪. ਚਰਨ-ਸੁਗੰਧੀ ਉਸ ਮਾਹੀ ਦੀ, ਜੀਵਨ ਨਵਾਂ ਲਿਆਵੇ।
ਏਸੇ ਕਾਰਨ ਮਹਿਕ ਓਸ ਦੀ, ਮੇਰੇ ਮਨ ਨੂੰ ਭਾਵੇ, ਹੂ।
੫. ਉਸ ਦਾ ਮੁੱਖੜਾ, ਯਾਦ ਤੇ ਵਰਨਣ, ਲੱਗਣ ਮੈਨੂੰ ਮਿੱਠੇ।
ਫਲ ਸਵਾਦੀ ਵੱਧ ਇਹਨਾਂ ਤੋਂ, ਅਸਾਂ ਕਦੇ ਨਹੀਂ ਡਿੱਠੇ, ਹੂ।
੬. ਭਵਾਂ ਓਸ ਦੀਆਂ ਦਾ ਤੂੰ, ਜੇ ਬਣ ਜਾਏਂ ਮਤਵਾਲਾ।
ਦੁਨੀਆ ਅੰਦਰ ਥੀਵੇਂ ਬੀਬਾ। ਜੀਵਨ ਬਖ਼ਸ਼ਣ ਵਾਲਾ, ਹੂ।
੭. 'ਗੋਇਆ' ਏਸ ਸਵਾਦੋਂ ਕੋਈ, ਹੋਰ ਸੁਆਦ ਨ ਮਿੱਠਾ।
ਤੇਰੀ ਰਮਜ਼ੀ ਕਵਿਤਾ ਅੰਦਰ, ਅੰਮ੍ਰਿਤ-ਰੱਸ ਜੋ ਡਿੱਠਾ, ਹੂ।

ਆਰਫ਼ਾਂ ਰਾ, ਸੂਏ ਊ, ਬਾਸ਼ਦ ਲਜ਼ੀਜ਼।
ਆਸ਼ਕਾਂ ਰਾ, ਕੂਏ ਊ, ਬਾਸ਼ਦ ਲਜ਼ੀਜ਼ ॥੧॥

ਸ਼ਬਦਾਰਥ : ਆਰਫ਼ਾਂ ਰਾ—ਗਿਆਨੀਆਂ ਨੂੰ। ਸੂ—ਤਰਫ਼, ਪਾਸਾ। ਲਜ਼ੀਜ਼—ਸੁਆਦਲਾ, ਪਿਆਰਾ। ਕੂਏ ਊ—ਉਸ ਦੀ ਗਲੀ।

ਅਰਥ : ਗਿਆਨੀਆਂ ਨੂੰ ਉਸ ਦੇ ਵਲ (ਜਾਣਾ) ਪਿਆਰਾ ਹੁੰਦਾ ਹੈ। ਪ੍ਰੇਮੀਆਂ ਨੂੰ ਉਸ ਦੀ ਗਲੀ ਵਲ ਜਾਣਾ ਸੁਆਦਲਾ ਹੁੰਦਾ ਹੈ।

ਕਾਕਲਿ ਊ, ਦਿਲ-ਫ਼ਰੇਬਿ ਆਲਮ ਅਸ੍ਰ।
ਤਾਲਬਾਂ ਰਾ, ਮੂਏ ਊ, ਬਾਸ਼ਦ ਲਜ਼ੀਜ਼ ॥੨॥

ਸ਼ਬਦਾਰਥ : ਕਾਕਲ—ਕੇਸਾਂ ਦੀ ਲਿਟ, ਜ਼ੁਲਫ਼। ਦਿਲ ਫ਼ਰੇਬ—ਦਿਲ ਨੂੰ ਮੋਹ ਲੈਣ ਵਾਲੀ। ਮੂ—ਕੇਸ਼।

ਅਰਥ : ਉਸ ਦੀ ਜ਼ੁਲਫ਼ ਜਗਤ ਦੇ ਦਿਲ ਨੂੰ ਮੋਹ ਲੈਣ ਵਾਲੀ ਹੈ। ਪ੍ਰੇਮੀਆਂ ਨੂੰ ਉਸ ਦੇ ਕੇਸ ਪਿਆਰੇ ਹੁੰਦੇ ਹਨ।

ਨੋਟ : ਕਈ ਥਾਈਂ ਦੂਸਰਾ ਮਿਸਰਾ ਇਸ ਤਰ੍ਹਾਂ ਹੈ

ਸੇਬਿ ਜ਼ਨਖ਼ਸ਼ ਰੂਏ ਓ ਬਾਸ਼ਦ ਲਜ਼ੀਜ਼।
ਜ਼ਨਖ਼+ਸ਼—ਉਸ ਦੀ ਠੋਡੀ। ਰੂ—ਚਿਹਰਾ।

ਅਰਥ : ਉਸ ਦਾ, ਸੇਬ ਵਰਗੀ ਠੋਡੀ ਵਾਲਾ, ਚਿਹਰਾ ਪਿਆਰਾ ਲਗਦਾ ਹੈ।

ਰੋਜ਼ਾ-ਇ ਬਾਗ਼ਿ ਇਰਮ, ਕੁਰਬਾਂਅ ਕੁਨੱਮ।
ਬਸ ਕਿ: ਮਾ ਰਾ, ਕੂਏ ਊ, ਬਾਸ਼ਦ ਲਜ਼ੀਜ਼ ॥੩॥

ਸ਼ਬਦਾਰਥ : ਰੋਜ਼ਾ—ਸਬਜ਼ਾ-ਜ਼ਾਰ, ਫੁਲਵਾੜੀ। ਬਾਗ਼ਿ ਇਰਮ—ਬਹਿਸ਼ਤੀ ਬਾਗ਼। ਕੁਰਬਾਂ—ਸਦਕੇ, ਵਾਰਨੇ। ਕੁਨੱਮ—ਮੈਂ ਕਰ ਦੇਵਾਂ।

ਅਰਥ : (ਉਸ ਦੇ ਕੂਚੇ ਤੋਂ) ਮੈਂ ਬਹਿਸ਼ਤੀ ਬਾਗ਼ ਦੀ ਫੁਲਵਾੜੀ ਵਾਰ ਦਿਆਂ, ਕਿਉਂ ਜੁ ਮੈਨੂੰ ਉਸ (ਪ੍ਰੀਤਮ) ਦੀ ਗਲੀ ਡਾਢੀ ਸੁਆਦਲੀ ਹੈ।

ਜ਼ਿੰਦਾ ਮੇ ਗਰਦਮ ਜ਼ਿ ਬੂਏ ਮਕੱਦਮਸ਼।
ਬਸ ਕਿ: ਮਾ ਰਾ ਬੂਏ ਊ, ਬਾਸ਼ਦ ਲਜ਼ੀਜ਼ ॥੪॥

ਸ਼ਬਦਾਰਥ : ਮੇ ਗਰਦਮ—ਮੈਂ ਹੁੰਦਾ ਹਾਂ। ਬੂਏ—ਸੁਗੰਧੀ। ਮਕੱਦਮਸ਼—ਉਸ ਦੇ ਚਰਨ।

ਅਰਥ : ਮੈਂ ਜ਼ਿੰਦਾ ਹੁੰਦਾ ਹਾਂ ਉਸ ਦੇ ਚਰਨਾਂ ਦੀ ਸੁਗੰਧੀ ਤੋਂ, ਕਿਉਂ ਜੁ ਸਾਨੂੰ ਉਸ ਦੀ ਸੁਗੰਧੀ ਪਿਆਰੀ ਹੁੰਦੀ (ਲਗਦੀ) ਹੈ।

ਅਜ਼ ਹਮਹ ਮੇਵਾ ਕਿ: ਊ, ਬਾਸ਼ਦ ਲਜ਼ੀਜ਼।
ਜ਼ਿਕਰੋ, ਯਾਦੋ, ਰੂਏ ਊ, ਬਾਸ਼ਦ ਲਜ਼ੀਜ਼ ॥੫॥

ਸ਼ਬਦਾਰਥ : ਹਮਹ—ਸਾਰੇ। ਰੂਏ ਊ—ਉਸ ਦਾ ਮੁਖੜਾ। ਜ਼ਿਕਰ—ਵਰਣਨ।

ਅਰਥ : ਸਾਰਿਆਂ ਫਲਾਂ ਤੋਂ ਉਹ ਸੁਆਦਲਾ ਹੁੰਦਾ ਹੈ। ਉਸ ਦਾ ਵਰਣਨ, ਯਾਦ ਤੇ ਮੁਖੜਾ ਸੁਆਦਲਾ ਹੁੰਦਾ ਹੈ (ਲਗਦਾ ਹੈ)।

ਆਬ ਬਖ਼ਸ਼ੇ ਜੁਮਲਾ ਆਲਮ ਮੇ ਸ਼ਵੀ।
ਗਰ ਤੁਰਾ ਅਬਰੂਏ ਊ, ਬਾਸ਼ਦ ਲਜ਼ੀਜ਼ ॥੬॥

ਸ਼ਬਦਾਰਥ : ਆਬ—ਪਾਣੀ। ਜੁਮਲਾ ਆਲਮ—ਸਾਰਾ ਸੰਸਾਰ। ਅਬਰੂ—ਭਰਵੱਟਾ।

ਅਰਥ : ਜੇ ਤੈਨੂੰ ਉਸ ਦੇ ਭਰਵੱਟੇ (ਸੁੰਦਰ ਨੇਤਰਾਂ ਦੀ ਉੱਚੀ ਦ੍ਰਿਸ਼ਟੀ) ਮਿੱਠੇ ਲੱਗਣ (ਤਾਂ) ਤੂੰ ਸਾਰੇ ਜਹਾਨ ਨੂੰ ਪਾਣੀ ਦੇਣ ਵਾਲਾ (ਜੀਵਨ ਦੇਣ ਵਾਲਾ) ਬਣ ਜਾਵੇਂ।

ਲਜ਼ਤੇ 'ਗੋਇਆ' ਨ ਬਾਸ਼ਦ ਬਿਹ ਅਜ਼ੀਂ।
ਹਮਚੂ ਖ਼ੂਏ ਸ਼ੇਅਰਿ ਊ, ਬਾਸ਼ਦ ਲਜ਼ੀਜ਼ ॥੭॥

ਸ਼ਬਦਾਰਥ : ਬਿਹ—ਬਿਹਤਰ। ਅਜ਼ੀਂ—ਅਜ਼+ਈਂ, ਇਸ ਨਾਲੋਂ। ਖ਼ੂ—ਅਸਲਾ, ਰਮਜ਼।

ਅਰਥ : ਐ 'ਗੋਇਆ', ਇਸ ਸਵਾਦ ਨਾਲੋਂ ਹੋਰ ਕੋਈ ਰੱਸ ਵਧੇਰੇ ਸਵਾਦਲਾ ਨਹੀਂ, ਜਿੰਨੀ ਉਸ ਦੇ (ਸ੍ਰੀ ਦਸਮੇਸ਼ ਜੀ ਦੇ) ਸ਼ੇਅਰਾਂ ਦੀ ਰਮਜ਼ ਮਿੱਠੀ ਹੈ।

ਵਿਆਖਿਆ

ਇਸ ਗ਼ਜ਼ਲ ਵਿਚ ਭੀ ਭਾਈ ਸਾਹਿਬ ਨੇ ਆਪਣੇ ਮੁਰਸ਼ਦ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਿਹਰੇ ਦੀ ਅਨੋਖੀ ਆਭਾ, ਕੇਸਾਂ ਦੀ ਕਸ਼ਸ਼, ਮਟਕ ਭਰੀ ਤੋਰ, ਉਸਦੇ ਮਿੱਠੇ ਬਚਨਾਂ ਅਤੇ ਉਸ ਦੇ ਕੂਚੇ ਦੀ ਵਡਿਆਈ ਦਾ ਵਰਣਨ ਕੀਤਾ ਹੈ, ਅਤੇ ਇਹ ਵੀ ਬਿਆਨਿਆ ਹੈ ਕਿ ਉਸ ਦਾ ਸਿਮਰਨ (ਯਾਦ) ਸੰਸਾਰ ਦੇ ਸਮੂਹ ਮਿੱਠੇ ਮੇਵਿਆਂ ਨਾਲੋਂ ਸੁਆਦਲਾ, ਰਸਦਾਇਕ ਅਤੇ ਅਨੰਦਮਈ ਹੈ।

—o—

ਐ ਜ਼ਹੇ ਮੁਰਸ਼ਿਦ, ਕਿ ਉਮਰੇ ਜਾਵਿਦਾਂ,
ਬਖ਼ਸ਼ਦ ਅਜ਼ ਨਾਮਿ ਖ਼ੁਦਾਏ ਬੇ-ਨਿਸ਼ਾਂ ॥੪੩੮॥
ਐ ਜ਼ਹੇ ਮੁਰਸ਼ਿਦ ਕਿ ਊ ਅਜ਼ ਕਤਰਾਇ ਆਬ ॥
ਕਰਦ ਰੌਸ਼ਨ ਹਮਚੁ ਮਾਹੋ ਆਫ਼ਤਾਬ ॥੪੩੯॥ *(ਜ਼ਿੰਦਗੀਨਾਮਾ, ਭਾ: ਨੰਦ ਲਾਲ ਜੀ)*

(ਉਹ) ਸਤਿਗੁਰੂ ਧੰਨ ਹੈ ਜੋ ਕਿ ਨਿਰਗੁਣ ਵਾਹਿਗੁਰੂ ਦੇ ਨਾਮ ਦੀ ਰਾਹੀਂ ਸਦੈਵੀ ਜੀਵਨ ਬਖ਼ਸ਼ਦਾ ਹੈ।

(ਉਹ) ਸਤਿਗੁਰੂ ਧੰਨ ਹੈ ਜੋ ਕਿ ਇਕ ਪਾਣੀ ਦੇ ਬੁਲਬੁਲੇ (ਤੋਂ ਬਣੇ ਜੀਵ) ਨੂੰ ਚੰਦਰਮਾ ਤੇ ਸੂਰਜ ਵਾਂਗ ਰੁਸ਼ਨਾ ਦਿੰਦਾ ਹੈ।

.ਗਜ਼ਲ ਨੰਬਰ ੩੬

ਜ਼ਿ ਫ਼ੈਜ਼ਿ ਮੁਕੱਦਮਤ, ਐ ਆਬਰੂਏ ਫ਼ਸਲਿ ਬਹਾਰ।
ਜਹਾਂ ਚੁ ਬਾਗ਼ਿ ਇਰਮ ਪੁਰ ਸ਼ੁਦਾਸ੍ਤ, ਅਜ਼ ਗੁਲਜ਼ਾਰ ॥੧॥

ਤਬੱਸੁਮਿ ਤੋ, ਜਹਾਂ ਰਾ, ਹਯਾਤ ਮੇ ਬਖ਼ਸ਼ਦ।
ਕ਼ਰਾਰਿ ਦੀਦਾ-ਇ ਸਾਹਿਬ ਦਿਲਾਨਿ ਪੁਰ-ਅਸਰਾਰ ॥੨॥

ਬਗ਼ੈਰ ਇਸ਼ਕਿ ਖ਼ੁਦਾ, ਹੇਚ ਇਸ਼ਕ ਕਾਇਮ ਨੇਸ੍ਤ।
ਬਗ਼ੈਰ ਆਸ਼ਕਿ ਮੌਲਾ, ਹਮਾ ਫ਼ਨਾ ਪਿੰਦਾਰ ॥੩॥

ਬ-ਹਰ ਤਰਫ਼ ਕਿ ਨਗਾਹੇ ਕੁਨੀ, ਰਵਾਂ ਬਖ਼ਸ਼ੀ।
ਨਗਾਹਿ ਤੁਸ੍ਤ ਕਿ ਦਰ ਹਰ ਤਰਫ਼ ਬਵੱਦ, ਜਾਂ ਬਾਰ ॥੪॥

ਖ਼ੁਦਾ ਕਿ: ਦਰ ਹਮਾ ਹਾਲ ਅਸ੍ਤ, ਹਾਜ਼ਰੋ ਨਾਜ਼ਰ।
ਕੁਜਾਸ੍ਤ ਦੀਦਹ, ਕਿ ਬੀਨਦ ਬ-ਹਰ ਤਰਫ਼ ਦੀਦਾਰ ॥੫॥

ਬਗ਼ੈਰ ਆਰਫ਼ਿ ਮੌਲਾ, ਕਸੇ ਨਜਾਤ ਨ ਯਾਫ਼ਤ।
ਅਜ਼ਲ ਜ਼ਮੀਨੋ ਜ਼ਮਾਂ ਰਾ ਗ੍ਰਿਫ਼ਤਹ, ਦਰ ਮਿਨਕਾਰ ॥੬॥

ਹਮੇਸ਼ਾ ਜ਼ਿੰਦਾ ਬਵੱਦ ਬੰਦਾ-ਇ ਖ਼ੁਦਾ, 'ਗੋਇਆ'।
ਕਿ: ਗ਼ੈਰ ਬੰਦਗੀਸ਼, ਨੇਸ੍ਤ ਦਰ ਜਹਾਂ, ਆਸਾਰ ॥੭॥

ਪੰਜਾਬੀ ਕਾਵਿ ਅਨੁਵਾਦ

੧. ਰੁੱਤ ਬਸੰਤੀ ਜੱਗ ਤੇ ਛਾਈ, ਕਦਮ ਪਿਆ ਜਦ ਤੇਰਾ।
ਨੰਦਨ ਬਾਗ ਦੇ ਵਾਂਙੂ ਮੋਹਿਨਾ, ਖਿੜਿਆ ਚਾਰ-ਚੁਫੇਰਾ, ਹੂ।
੨. ਜੱਗ ਨੂੰ ਇਕ ਮੁਸਕ੍ਰਾਹਟ ਤੇਰੀ, ਬਖ਼ਸ਼ੇ ਜੀਵਨ-ਧਾਰਾ।
ਭੇਦ ਪ੍ਰਭੂ ਤੋਂ ਜਾਣੂ ਹੋਵੇ, ਪਾ ਕੇ ਇੱਕ ਇਸ਼ਾਰਾ, ਹੂ।
੩. ਬਾਝੋਂ ਇਸ਼ਕ ਖ਼ੁਦਾ ਦੇ ਜਾਣੋਂ, ਕਾਇਮ ਇਸ਼ਕ ਨ ਕਾਈ।
ਰੱਬ ਦੇ ਆਸ਼ਕ ਬਾਝੋਂ ਸਮਝੋ, ਫ਼ਾਨੀ ਸਭ ਦਾਨਾਈ, ਹੂ।
੪. ਜਿਸ ਪਾਸੇ ਵੀ ਤੱਕੇਂ ਪ੍ਰੀਤਮ, ਜੀਵਨ ਦੇਂਦਾ ਜਾਵੇਂ।
ਨਦਰ ਮਿਹਰ ਦੀ ਨਾਲ ਤੂੰ ਸਾਰੇ, ਜੀਵਨ-ਬਰਖਾ ਲਾਵੇਂ, ਹੂ।
੫. ਓਹ ਮਾਲਕ ਹੈ ਹਾਜ਼ਰ ਨਾਜ਼ਰ, ਹਰ ਥਾਂ ਹਰੇਕ ਟਿਕਾਣੇ।
ਅੱਖ ਅਜਿਹੀ ਕਿਥੋਂ ਲੱਭਾਂ, ਦੀਦ ਜੋ ਉਸ ਦਾ ਮਾਣੇਂ, ਹੂ।
੬. ਬ੍ਰਹਮ ਗਿਆਨੀਆਂ ਬਾਝੋਂ ਏਥੇ, ਮੁਕਤੀ ਨ ਕੋਈ ਪਾਵੇ।
ਹਰ ਵੇਲੇ ਹਰ ਜੀਵ ਦੇ ਉੱਤੇ, ਮੌਤ ਪਈ ਮੰਡਲਾਵੇ,, ਹੂ।
੭. ਬੰਦਾ ਰੱਬ ਦਾ, ਭਗਤੀ ਸਦਕਾ, 'ਗੋਇਆ' ਅਮਰ ਹੋ ਜਾਵੇ।
ਭਗਤੀ ਬਾਝੋਂ ਦੁਨੀਆ ਅੰਦਰ, ਰਹਿਣ ਨ ਕੋਊ ਪਾਵੇ, ਹੂ।

ਜ਼ਿ ਫ਼ੈਜ਼ਿ ਮੁਕੱਦਮਤ, ਐ ਆਬਰੂਏ ਫ਼ਸਲਿ ਬਹਾਰ।
ਜਹਾਂ ਚੁ ਬਾਗ਼ਿ ਇਰਮ ਪੁਰ ਸ਼ੁਦਾਸ੍ਤ, ਅਜ਼ ਗੁਲਜ਼ਾਰ ॥੧॥

ਸ਼ਬਦਾਰਥ : ਫ਼ੈਜ਼—ਬਖ਼ਸ਼ਸ਼, ਲਾਭ, ਬਰਕਤ। ਮੁਕੱਦਮਤ—ਤੇਰੇ ਕਦਮ। ਆਬਰੂ—ਇੱਜ਼ਤ। ਇਰਮ—ਸਵਰਗ। ਪੁਰ ਸ਼ੁਦ ਅਸ੍ਤ—ਭਰ ਗਿਆ ਹੈ।

ਅਰਥ : ਤੇਰੇ ਕਦਮਾਂ ਦੀ ਬਰਕਤ ਨਾਲ (ਭਾਵ, ਆਉਣ ਨਾਲ), ਐ ਬਹਾਰ ਦੇ ਮੌਸਮ ਦੀ ਆਬਰੂ, ਜਗਤ ਬਹਿਸ਼ਤੀ ਬਾਗ਼ ਵਾਂਗ ਫੁਲਵਾੜੀ ਨਾਲ ਭਰ ਗਿਆ ਹੈ।

ਤਬੱਸੁਮਿ ਤੋ, ਜਹਾਂ ਰਾ, ਹਯਾਤ ਮੇ ਬਖ਼ਸ਼ਦ।
ਕ਼ਰਾਰਿ ਦੀਦਾ-ਇ ਸਾਹਿਬ ਦਿਲਾਨਿ ਪੁਰ-ਅਸਰਾਰ ॥੨॥

ਸ਼ਬਦਾਰਥ : ਤਬੱਸੁਮ—ਮੁਸਕ੍ਰਾਹਟ। ਹਯਾਤ—ਜ਼ਿੰਦਗੀ। ਕਰਾਰ—ਚੈਨ, ਆਸਰਾ ਪੁਰ ਇਸਰਾਰ—ਭੇਦ-ਭਰਪੂਰ। ਦੀਦਾ—ਅੱਖਾਂ।

ਅਰਥ : ਤੇਰੀ ਮੁਸਕ੍ਰਾਹਟ ਸੰਸਾਰ ਨੂੰ ਜ਼ਿੰਦਗੀ ਬਖ਼ਸ਼ਦੀ ਹੈ (ਅਤੇ) ਭੇਦ-ਭਰਪੂਰ ਪ੍ਰਭੂ-ਸੰਤਾਂ ਦੀ ਅੱਖ (ਅੱਖਾਂ) ਦਾ ਚੈਨ (ਆਸਰਾ) (ਹੈ)।

ਬਗ਼ੈਰ ਇਸ਼ਕਿ ਖ਼ੁਦਾ, ਹੇਚ ਇਸ਼ਕ ਕਾਇਮ ਨੇਸ੍ਤ।
ਬਗ਼ੈਰ ਆਸ਼ਕਿ ਮੌਲਾ, ਹਮਾ ਫ਼ਨਾ ਪਿੰਦਾਰ ॥੩॥

ਸ਼ਬਦਾਰਥ : ਹੇਚ—ਹੋਰ ਕੋਈ। ਕਾਇਮ—ਸਥਿਰ। ਫ਼ਨਾ—ਨਾਸਵੰਤ। ਪਿੰਦਾਰ—ਸਮਝ, ਅਕਲ।

ਅਰਥ : ਪ੍ਰਭੂ ਦੇ ਪ੍ਰੇਮ ਤੋਂ ਬਿਨਾਂ ਹੋਰ ਕੋਈ ਪਿਆਰ ਸਥਿਰ ਨਹੀਂ ਹੈ। ਰੱਬ ਦੇ ਪ੍ਰੇਮੀਆਂ ਤੋਂ ਬਿਨਾਂ ਸਭ ਅਕਲ (ਸਭ ਕੁਝ) ਨਾਸਵੰਤ (ਹੈ)।

ਬ-ਹਰ ਤਰਫ਼ ਕਿ ਨਗਾਹੇ ਕੁਨੀ, ਰਵਾਂ ਬਖ਼ਸ਼ੀ।
ਨਗਾਹਿ ਤੁਸ੍ਤ ਕਿ ਦਰ ਹਰ ਤਰਫ਼ ਬਵੱਦ, ਜਾਂ ਬਾਰ ॥੪॥

ਸ਼ਬਦਾਰਥ : ਬ-ਹਰ ਤਰਫ਼—ਜਿਸ ਪਾਸੇ ਵੀ। ਕੁਨੀ—ਤੂੰ ਕਰਦਾ ਹੈਂ। ਰਵਾਂ—ਪ੍ਰਾਣ, ਜਾਨ। ਤੁਸ੍ਤ—ਤੁ+ਅਸ੍ਤ—ਤੇਰੀ ਹੈ। ਜਾਂ—ਜੀਵਨ। ਬਾਰ—ਵਰਸਾਉਣ ਵਾਲੀ।

ਅਰਥ : ਜਿਸ ਪਾਸੇ ਵੀ ਤੂੰ ਨਿਗਾਹ ਕਰਦਾ ਹੈਂ, ਜੀਵਨ ਬਖ਼ਸ਼ਦਾ ਹੈਂ। ਤੇਰੀ ਨਿਗਾਹ ਹੈ ਕਿ ਹਰ ਪਾਸੇ ਵਲ ਜੀਵਨ ਦੀ ਬਰਖਾ ਕਰਨ ਵਾਲੀ ਹੁੰਦੀ ਹੈ।

ਖ਼ੁਦਾ ਕਿ: ਦਰ ਹਮਾ ਹਾਲ ਅਸ੍ਤ, ਹਾਜ਼ਰੋ ਨਾਜ਼ਰ।
ਕੁਜਾਸ੍ਤ ਦੀਦਹ, ਕਿ ਬੀਨਦ ਬ-ਹਰ ਤਰਫ਼ ਦੀਦਾਰ ॥੫॥

ਸ਼ਬਦਾਰਥ : ਦਰ ਹਮਾ ਹਾਲ—ਸਾਰੇ ਹਾਲਾਤ ਵਿਚ। ਬੀਨਦ—ਵੇਖੇ। ਕੁਜਾਸ੍ਤ—ਕੁਜਾ ਅਸਤ, ਕਿਥੇ ਹੈ?

ਅਰਥ : ਵਾਹਿਗੁਰੂ ਸਦਾ ਸਾਰੇ ਹਾਲਾਤ ਵਿਚ ਹਾਜ਼ਰ ਨਾਜ਼ਰ ਹੈ। (ਪਰੰਤੂ ਉਹ) ਅੱਖ ਕਿਥੇ ਹੈ ਜੋ ਹਰ ਪਾਸੇ (ਉਸ ਦਾ) ਜਲਵਾ ਵੇਖੇ।

ਬ.ਗ਼ੈਰ ਆਰਫ਼ਿ ਮੌਲਾ, ਕਸੇ ਨਜਾਤ ਨ ਯਾਫ਼ਤ।
ਅਜ਼ਲ ਜ਼ਮੀਨੋ ਜ਼ਮਾਂ ਰਾ ਗਿ੍ਫ਼ਤਹ, ਦਰ ਮਿਨਕਾਰ ॥੬॥

ਸ਼ਬਦਾਰਥ : ਆਰਫ਼ਿ ਮੌਲਾ—ਬ੍ਰਹਮ ਗਿਆਨੀ। ਕਸੇ—ਕਿਸੇ ਨੂੰ। ਨਜਾਤ—ਖਲਾਸੀ, ਛੁਟਕਾਰਾ। ਗਿ੍ਫ਼ਤਾ—ਫੜਿਆ ਹੋਇਆ। ਮਿਨਕਾਰ—ਚੁੰਜ।

ਅਰਥ : ਬਿਨਾਂ ਬ੍ਰਹਮ ਗਿਆਨੀਆਂ (ਸੱਚ ਦੇ ਪੰਧਾਊਆਂ) ਤੋਂ ਕਿਸੇ ਨੇ ਮੁਕਤੀ ਪ੍ਰਾਪਤ ਨਹੀਂ ਕੀਤੀ। ਮੌਤ (ਕਾਲ) ਨੇ ਦੇਸ਼ ਤੇ ਸਮੇਂ ਨੂੰ ਚੁੰਜ ਵਿੱਚ ਫੜਿਆ ਹੋਇਆ ਹੈ।

ਹਮੇਸ਼ਾ ਜ਼ਿੰਦਾ ਬਵੱਦ ਬੰਦਾ-ਇ ਖ਼ੁਦਾ, 'ਗੋਇਆ'।
ਕਿ: ਗ਼ੈਰ ਬੰਦਗੀਸ਼, ਨੇਸ੍ਤ ਦਰ ਜਹਾਂ, ਆਸਾਰ ॥੭॥

ਸ਼ਬਦਾਰਥ : ਬੰਦਗੀਸ਼—ਉਸ ਦੀ ਬੰਦਗੀ। ਆਸਾਰ—ਨਿਸ਼ਾਨ।

ਅਰਥ : ਐ ਗੋਇਆ, ਪ੍ਰਭੂ ਦਾ ਭਗਤ ਸਦਾ ਜੀਂਦਾ ਰਹਿੰਦਾ ਹੈ, ਕਿਉਂਕਿ ਵਾਹਿਗੁਰੂ ਦੀ ਭਗਤੀ ਤੋਂ ਬਿਨਾਂ ਦੁਨੀਆ ਵਿਚ (ਕਿਸੇ ਹੋਰ ਦਾ) ਨਿਸ਼ਾਨ ਬਾਕੀ ਨਹੀਂ ਹੈ (ਨਹੀਂ ਰਹਿੰਦਾ)।

ਵਿਆਖਿਆ

ਪ੍ਰੇਮ ਇਕ ਅਤਿ ਉੱਤਮ ਅਤੇ ਅਜ਼ਲੀ ਸ਼ਬਦ ਤੇ ਜਜ਼ਬਾ ਹੈ। ਇਥੋਂ ਤਕ ਕਿ ਮਾਰਫ਼ਤ ਦੇ ਪੰਧਾਊਆਂ ਨੇ ਪ੍ਰੇਮ ਨੂੰ ਰੱਬ, ਤੇ ਰੱਬ ਨੂੰ ਪ੍ਰੇਮ ਕਰਕੇ ਜਾਤਾ ਹੈ। ਪਿਆਰ ਦੀ ਖੇਡ ਆਸਾਨ ਨਹੀਂ। ਜੇ ਨਿਰੰਕਾਰੀ ਨਾਨਕ ਨੇ, ਪ੍ਰੇਮ ਦੀ ਖੇਡ ਖੇਡਣ ਵਾਲਿਆਂ ਨੂੰ ਸਿਰ ਤਲੀ ਉਤੇ ਰਖ ਕੇ ਪ੍ਰੇਮ-ਗਲੀ ਵਿਚ ਪੈਰ ਰੱਖਣ ਲਈ ਵੰਗਾਰਿਆ, ਤਾਂ ਉਨ੍ਹਾਂ ਦੇ ਹੀ ਦਸਵੇਂ ਸਰੂਪ ਨੇ ਪ੍ਰਭੂ-ਪ੍ਰਾਪਤੀ ਦਾ ਇਕੋ ਇਕ ਵਸੀਲਾ, ਪ੍ਰੇਮ ਨੂੰ ਹੀ ਪ੍ਰਵਾਨਿਆ ਹੈ

ਸਾਚੁ ਕਹੌਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਅੱਲਾਮਾ ਇਕਬਾਲ ਤਾਕੀਦ ਕਰਦਾ ਹੈ, ਜੇ ਰੱਬ ਨਾਲ ਇਕ-ਸੁਰਤਾ ਚਾਹੁੰਦਾ ਹੈਂ ਤਾਂ ਪ੍ਰੇਮ ਨੂੰ ਈਮਾਨ ਦੀ ਬੁਨਿਆਦ ਬਣਾ

ਅਕਲ ਕੋ ਤਨਕੀਦ ਸੇ ਫ਼ੁਰਸਤ ਨਹੀਂ।
ਇਸ਼ਕ ਪੇ ਈਮਾਨ ਕੀ ਬੁਨਿਆਦ ਰੱਖ।

ਪਰੰਤੂ, ਕਾਮ ਆਦਿਕ ਵਿਸ਼ੇ ਵਿਕਾਰਾਂ ਨਾਲ ਗ੍ਰਸੇ ਜੀਵਾਂ ਨੇ ਜੋ ਦੁਰ ਵਰਤੋਂ ਇਸ ਪਵਿੱਤਰ ਸ਼ਬਦ ਦੀ ਕੀਤੀ ਹੈ, ਉਹ ਸ਼ਾਇਦ ਹੀ ਕਿਸੇ ਹੋਰ ਦੀ ਹੋਈ ਹੋਵੇ। ਮੋਹ ਤੇ ਕਾਮ ਵਸ ਹੋਏ ਪ੍ਰਾਣੀ ਵੀ, ਆਪਣੀ ਸੁਆਰਥੀ ਤੇ ਨਾਸਵੰਤ ਕਾਮਕ ਪ੍ਰੀਤ ਨੂੰ ਵੀ ਪ੍ਰੇਮ ਦਾ ਨਾਉਂ ਦਿੰਦੇ ਹਨ, ਜਦ ਕਿ ਉਨ੍ਹਾਂ ਦੀ ਇਹ ਪ੍ਰੀਤ ਸੁਆਰਥ ਭਰਪੂਰ ਹੁੰਦੀ ਹੈ ਅਤੇ ਸੁਆਉ

ਪੂਰਾ ਨਾ ਹੋਣ ਉਤੇ ਬੱਦਲ ਦੀ ਛਾਂ ਵਾਂਗ ਬਿਨਸ ਜਾਂਦੀ ਹੈ।

ਏਸੇ ਲਈ, ਏਥੇ ਭਾਈ ਸਾਹਿਬ ਦਸਦੇ ਹਨ ਕਿ ਸੰਸਾਰ ਵਿਚ ਕੇਵਲ ਇਕ ਹੀ ਇਸ਼ਕ ਅਥਵਾ ਪ੍ਰੇਮ, ਸੱਚਾ ਤੇ ਅਬਦੀ ਹੈ, ਅਤੇ ਉਹ ਹੈ ਉਸ ਪ੍ਰਭੂ ਦਾ, ਜੋ 'ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ' ਹੈ। ਐਸੇ, ਸਦਾ ਸਦਾ ਥਿਰ ਰਹਿਣ ਵਾਲੇ ਸੱਚੇ ਪ੍ਰਭੂ ਦੀ ਬੰਦਗੀ ਕਰਨ ਵਾਲਾ ਬੰਦਾ ਹੀ ਆਪਣੇ ਕੇਂਦਰ—ਅਸਲੇ ਨਾਲ, ਇਕ-ਜੋਤ ਹੋ ਕੇ, ਸਦੀਵੀ ਤੇ ਹਕ਼ੀਕ਼ੀ ਹਯਾਤ ਪ੍ਰਾਪਤ ਕਰਦਾ ਹੈ। ਗੁਰ-ਫ਼ੁਰਮਾਨ ਹੈ

ਥਿਰੁ ਪਾਰਬ੍ਰਹਮੁ ਪਰਮੇਸਰੋ, ਸੇਵਕੁ ਥਿਰੁ ਹੋਸੀ॥ *(ਸਲੋਕ ਡਖਣੇ ਮ: ੫, ਪੰਨਾ ੧੧੦੦)*

.ਗ਼ਜ਼ਲ ਨੰਬਰ ੩੭

ਮਨ ਅਜ਼ ਜਵਾਂਅ ਕਿ: ਪੀਰ ਸ਼ੁਦਮ, ਦਰ ਕਿਨਾਰਿ ਉਮਰ।
ਐ, ਬਾ ਤੋ ਖ਼ੁਸ਼ ਗੁਜ਼ਸ੍ਤ ਮਰਾ, ਦਰ ਕਿਨਾਰਿ ਉਮਰ ॥੧॥

ਦਮ-ਹਾਏ ਮਾਂਦਾ ਰਾ, ਤੋ ਚੁਨੀਂ ਮੁਗ਼ਤਨਮ ਸ਼ੁਮਾਰ।
ਆਖ਼ਰ ਖ਼ਿਜ਼ਾਂ ਬਿਆਵੁਰਦ, ਈਂ ਨੌ-ਬਹਾਰਿ ਉਮਰ ॥੨॥

ਹਾਂ, ਮੁਗ਼ਤਨਮ ਸ਼ੁਮਾਰ ਦਮੇ ਰਾ, ਬ-ਜ਼ਿਕਰਿ ਹੱਕ।
ਚੂੰ ਬਾਦ ਮੇ ਰਵੱਦ ਜ਼ਿ ਨਜ਼ਰ, ਦਰ ਸ਼ੁਮਾਰਿ ਉਮਰ ॥੩॥

ਬਾਸ਼ਦ ਰਵਾਂ ਚੁ ਕਾਫ਼ਲਾ-ਇ ਮੌਜ, ਪੈ ਬ-ਪੈ।
ਆਬੇ ਬਨੋਸ਼ ਯਕ ਨਫ਼ਸ, ਅਜ਼ ਜੂਏ ਬਾਰਿ ਉਮਰ ॥੪॥

ਸਦ ਕਾਰ ਕਰਦਾ-ਈ, ਕਿ ਨਿਆਇਦ ਬ-ਕਾਰਿ ਤੋ।
'ਗੋਇਆ' ਬ-ਕੁਨ, ਕਿ ਬਾਜ਼ ਬਿਆਇਦ, ਬਕਾਰਿ ਉਮਰ ॥੫॥

ਪੰਜਾਬੀ ਕਾਵਿ ਅਨੁਵਾਦ

੧. ਜੀਵਨ ਗੋਦੀ ਮੈਂ ਹੰਢਾਇਆ, ਜੋਬਨ ਅਤੇ ਬੁਢਾਪਾ।
ਦਾਤਾ ਤੇਰੀ ਰਹਿਮਤ ਸਦਕਾ, ਪਾਇਆ ਸੁਖ ਅਮਾਪਾ, ਹੂ।

੨. ਬਾਕੀ ਰਹਿੰਦੀ ਉਮਰਾ ਬੰਦੇ!, ਤੂੰ ਗ਼ਨੀਮਤ ਜਾਣੀਂ।
ਹਰ ਬਸੰਤ ਦੇ ਉਤੇ ਸਰਪਰ, ਇੱਕ ਦਿਨ ਪਤਝੜ ਆਣੀ, ਹੂ।

੩. ਯਾਦ ਮੌਲਾ ਵਿੱਚ ਸਫਲੇ ਕਰ ਲੈ, ਸਾਸ ਜੋ ਤੈਨੂੰ ਆਵਣ।
ਵਾਂਙ ਹਵਾ ਦੇ ਬੁੱਲੇ ਨਹੀਂ ਤਾਂ, ਇਹ ਸਾਰੇ ਲੰਘ ਜਾਵਣ, ਹੂ।

੪. ਲਹਿਰਾਂ ਵਾਂਙੂ ਅੱਗੇ ਪਿੱਛੋਂ ਲੰਘਣ ਹਰ ਦਮ ਜਾਣੀਂ।
ਜੀਵਨ ਦੀ ਇਸ ਨਹਿਰੋਂ ਪੀ ਲੈ, ਸਿਮਰਨ ਸੰਦਾ ਪਾਣੀ, ਹੂ।

੫. ਸੈ ਧੰਧੈ ਜੋ ਪਿੱਟੇਂ 'ਗੋਇਆ', ਕੰਮ ਨਹੀਂ ਆਉਣੇ ਕਾਈ।
ਐਸੇ ਕੰਮ ਕਰੀਂ ਤੂੰ ਜਿਹੜੇ, ਅੰਤੇ ਹੋਣ ਸਹਾਈ, ਹੂ।

ਮਨ ਅਜ਼ ਜਵਾਂਅ ਕਿ: ਪੀਰ ਸ਼ੁਦਮ, ਦਰ ਕਿਨਾਰਿ ਊਮਰ।
ਐ, ਬਾ ਤੋ ਖ਼ੁਸ਼ ਗੁਜ਼ਸ੍ਤ ਮਰਾ, ਦਰ ਕਿਨਾਰਿ ਊਮਰ ॥੧॥

ਸ਼ਬਦਾਰਥ : ਪੀਰ—ਬੁੱਢਾ। ਸ਼ੁਦ੍ਮ—ਮੈਂ ਹੋਇਆ। ਕਿਨਾਰ—ਬਗ਼ਲ, ਬੁੱਕਲ। ਬਾ—ਨਾਲ, ਸਾਥ।

ਅਰਥ : ਮੈਂ ਜੋ ਕਿ ਉਮਰ ਦੀ ਬਗ਼ਲ ਵਿੱਚ ਜਵਾਨ ਤੋਂ ਬੁੱਢਾ ਹੋਇਆ (ਹਾਂ)। ਐ (ਸਤਿਗੁਰੂ)! ਤੇਰੇ ਨਾਲ (ਤੇਰੀ ਕਿਰਪਾ ਨਾਲ) ਉਮਰ ਦੀ ਬੁੱਕਲ ਵਿੱਚ ਮੇਰੀ (ਆਯੂ) ਚੰਗੀ ਲੰਘੀ (ਹੈ)।

ਦਮ-ਹਾਏ ਮਾਂਦਾ ਰਾ, ਤੋ ਚੁਨੀਂ ਮੁਗ਼ਤਨਮ ਸ਼ੁਮਾਰ।
ਆਖ਼ਰ ਖ਼ਿਜ਼ਾਂ ਬਿਆਵੁਰਦ, ਈਂ ਨੌ-ਬਹਾਰਿ ਊਮਰ ॥੨॥

ਸ਼ਬਦਾਰਥ : ਦਮਹਾਏ—ਸੁਆਸ (ਬਹੁ-ਵਚਨ ਦਮ ਦਾ)। ਮਾਂਦਾ—ਬਾਕੀ ਰਹਿੰਦੇ। ਚੁਨੀਂ—(ਚੂ+ਈਂ) ਅਜਿਹੀ, ਅਜਿਹੀ ਗੱਲ। ਮੁਗ਼ਤਨਮ—ਗ਼ਨੀਮਤ, ਦੁਰਲਭ। ਸ਼ੁਮਾਰ—ਗਿਣ ਸਮਝ)। ਬਿਆਵੁਰਦ—(ਬਰ+ਆਵੁਰਦ) ਉਪਰ ਹਮਲਾ ਕਰ ਦੇਵੇਗੀ। (ਆਵੁਰਦਨ—ਹਮਲਾ ਕਰਨਾ, ਲੜਾਈ ਕਰਨਾ, ਲਿਆਉਣਾ)।

ਅਰਥ : ਤੂੰ ਬਾਕੀ ਰਹਿੰਦੇ ਸਵਾਸਾਂ ਨੂੰ ਇਉਂ (ਬਹੁਤ ਹੀ) ਦੁਰਲਭ ਗਿਣ। (ਕਿਉਂਕਿ) ਅੰਤ ਨੂੰ ਪਤਝੜ ਨੇ ਇਸ ਉਮਰ ਦੀ ਨਵੀਂ ਬਹਾਰ (ਖੇੜੇ, ਜਵਾਨੀ) ਉਤੇ ਹਮਲਾ ਕਰ ਦੇਣਾ ਹੈ। (ਭਾਵ, ਅਖ਼ੀਰ ਸਰੀਰ ਨੇ ਬਿਰਧ ਹੋ ਬਿਨਸ ਜਾਣਾ ਹੈ)।

ਹਾਂ ਮੁਗ਼ਤਨਮ ਸ਼ੁਮਾਰ ਦਮੇ ਰਾ, ਬ-ਜ਼ਿਕਰਿ ਹੱਕ।
ਚੂੰ ਬਾਦ ਮੇ ਰਵੱਦ ਜ਼ਿ ਨਜ਼ਰ, ਦਰ ਸ਼ੁਮਾਰਿ ਊਮਰ ॥੩॥

ਸ਼ਬਦਾਰਥ : ਮੁਗ਼ਤਨਮ—ਦੁਰਲਭ, ਅਮੁੱਲੇ। ਬਾ-ਜ਼ਿਕਰਿ ਹੱਕ—ਪ੍ਰਭੂ ਦੇ ਸਿਮਰਨ ਵਿੱਚ। ਚੂੰ—ਵਾਂਗ। ਬਾਦ—ਹਵਾ। ਮੇ ਰਵੱਦ—ਜਾ ਰਹੀ ਹੈ। ਦਰ ਸ਼ੁਮਾਰਿ ਊਮਰ—ਉਮਰ ਦੀ ਗਿਣਤੀ ਵਿਚ। ਹਾਂ—ਖ਼ਬਰਦਾਰ ਰਹੋ।

ਅਰਥ : ਸੁਚੇਤ ਰਹੋ ਅਤੇ ਸਵਾਸਾਂ ਨੂੰ ਅਮੁੱਲੇ ਗਿਣ, (ਜੋ) ਪ੍ਰਭੂ ਦੇ ਸਿਮਰਨ ਵਿਚ (ਲੰਘਣ), (ਕਿਉਂਜੁ ਉਹ) ਉਮਰ ਦੀ ਗਿਣਤੀ ਵਿਚ ਹਵਾ (ਦੇ ਬੁਲ੍ਹਿਆਂ) ਵਾਂਗ ਅੱਖਾਂ ਸਾਹਮਣਿਓਂ ਲੰਘ ਰਹੇ ਹਨ।

ਬਾਸ਼ਦ ਰਵਾਂ ਚੁ ਕਾਫ਼ਲਾ-ਇ ਮੌਜ, ਪੈ, ਬ-ਪੈ।
ਆਬੇ ਬਨੋਸ਼ ਯਕ ਨਫ਼ਸ, ਅਜ਼ ਜੂਏ ਬਾਰਿ ਊਮਰ ॥੪॥

ਸ਼ਬਦਾਰਥ : ਬਾਸ਼ਦ ਰਵਾਂ—ਚਲਦਾ ਹੈ। ਚੁ—ਵਾਂਗ। ਕਾਫ਼ਲਾ—ਵਹੀਰ, ਤੁਰਨ ਵਾਲਾ ਜਥਾ। ਮੌਜ—ਪਾਣੀ ਦੀ ਲਹਿਰ। ਪੈ ਬ-ਪੈ—ਅਗੇ ਪਿਛੇ। ਬਨੋਸ਼—ਤੂੰ ਪੀ। ਨਫ਼ਸ—ਸਵਾਸ। ਜੂਏ—ਨਹਿਰ, ਨਦੀ। ਜੂਏ ਬਾਰ—ਉਹ ਵੱਡੀ ਨਹਿਰ ਜੋ ਕਈ ਨਹਿਰਾਂ ਨਾਲ ਮਿਲ ਕੇ ਬਣੀ ਹੋਵੇ।

ਅਰਥ : ਸਵਾਸ (ਇਵੇਂ) ਚਲ ਰਹੇ ਹਨ (ਜਿਵੇਂ) ਲਹਿਰਾਂ ਦਾ ਵਹੀਰ ਅਗੇ ਪਿਛੇ (ਚਲਦਾ ਹੈ) ਇਕ-ਦਮ ਲਈ (ਪ੍ਰਭੂ-ਯਾਦ ਦਾ) ਪਾਣੀ ਪੀ, ਇਸ ਉਮਰ ਦੀ ਵੱਡੀ ਨਹਿਰ ਵਿੱਚੋਂ।

ਸਦ ਕਾਰ ਕਰਦਾ-ਈ, ਕਿ ਨਿਆਇਦ ਬ-ਕਾਰਿ ਤੋ।
'ਗੋਇਆ' ਬ-ਕੁਨ, ਕਿ ਬਾਜ਼ ਬਿਆਇਦ, ਬਕਾਰਿ ਉਮਰ॥੫॥

ਸ਼ਬਦਾਰਥ : ਸਦ—ਸੌ। ਕਾਰ—ਕੰਮ। ਕਰਦਾ-ਈ—ਤੂੰ ਕੀਤੇ ਹਨ। ਨਿਆਇਦ—ਨਹੀਂ ਆਉਂਦੇ। ਬਕਾਰ—ਕੰਮ ਦੀ (ਗਿਣਤੀ ਵਿਚ)। ਬ-ਕੁਨ—ਤੂੰ (ਅਜਿਹੇ ਕੰਮ) ਕਰ। ਬਾਜ਼—ਫਿਰ (ਅੰਤ ਨੂੰ)।

ਅਰਥ : ਤੂੰ ਸੈਂਕੜੇ ਕੰਮ ਕੀਤੇ ਹਨ, ਜੋ ਤੇਰੇ (ਕਿਸੇ) ਕੰਮ ਨਹੀਂ ਆਏ। 'ਗੋਇਆ' ਤੂੰ (ਅਜਿਹੇ) ਕੰਮ ਕਰ ਜੋ ਫੇਰ ਵੀ ਉਮਰ ਦੇ ਕੰਮ ਆਉਣ (ਲੋਕ ਪਰਲੋਕ ਵਿਚ ਸਹਾਈ ਹੋਣ)।

ਵਿਆਖਿਆ

'ਮਰਨਾ ਸੱਚ ਹੈ ਤੇ ਜੀਉਣਾ ਝੂਠ', ਜੀਵਨ ਦੀ ਇੱਕ ਉਹ ਤਲਖ਼ ਹਕ਼ੀਕ਼ਤ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੀਵਨ-ਫੇਰੀ ਵਿਚ, ਕਈ ਤਰ੍ਹਾਂ ਨਾਲ ਬਾਰ ਬਾਰ ਦਰਸਾਈ। ਪੂਰੇ ਗੁਰੂ ਦੀ ਕਿਰਪਾ ਨਾਲ, ਜਿਸ ਨੂੰ ਸੰਸਾਰ ਦੀ ਅਸਾਰਤਾ ਦਾ ਗਿਆਨ ਅਤੇ ਮਰਨਾ ਚੇਤੇ ਹੈ, ਉਹ ਸੁਪਨੇ ਵਿਚ ਵੀ ਕਿਸੇ ਨਾਲ ਧੱਕੇ ਧੋੜੇ ਜਾਂ ਵਲ-ਛਲ-ਭਰਪੂਰ, ਕਪਟੀ ਵਿਉਹਾਰ ਨਹੀਂ ਕਰਦਾ। ਭੋਗ ਪਦਾਰਥਾਂ ਦੀ ਖਿੱਚ ਤੇ ਮਾਇਆ ਦੀ ਠਗਉਰੀ ਦੇ ਰੂਬਰੂ ਅਜਿਹੇ ਗੁਰਮੁਖ, ਇਸ ਪ੍ਰਸ਼ਨ—ਕਿਹੜੇ ਜੀਵਨ ਲਈ ? ਨਾਲ ਆਪਣੇ ਆਪ ਨੂੰ ਸੰਬੋਧਨ ਕਰਦੇ ਤੇ ਵੈਰਾਗ-ਮਈ ਹੋ ਜਾਂਦੇ ਹਨ। ਇਸ ਤਰ੍ਹਾਂ ਉਹ ਆਪਣੇ ਜੀਵਨ-ਰੱਥ ਨੂੰ ਕੁਰਾਹੇ ਨਹੀਂ ਪੈਣ ਦੇਂਦੇ। ਉਹ ਸਮਝਦੇ ਹਨ ਕਿ ਹਰ ਸਵੇਰ ਦੀ ਸ਼ਾਮ ਹੁੰਦੀ ਹੈ। ਉਨ੍ਹਾਂ ਨੂੰ ਪਤਾ ਹੈ ਕਿ ਬਿਨਸਨਹਾਰ ਉਮਰ ਦੀ ਹਵਾ ਦਾ ਬੁੱਲਾ ਏਧਰੋਂ ਆਇਆ ਹੈ ਤੇ ਓਧਰ ਲੰਘ ਜਾਵੇਗਾ। ਉਹ ਜਾਣਦੇ ਹਨ ਕਿ

ਸਭਨਾ ਮਰਣਾ ਆਇਆ, ਵੇਛੋੜਾ ਸਭਨਾਹ॥ *(ਸੋਰਠਿ ਮ: ੧, ਪੰਨਾ ੫੯੫)*

ਤਥਾ **ਮਾ ਸੁਬਾਹ ਨ ਦੀਦੇਮ, ਕਿ ਓ ਸ਼ਾਮ ਨ ਦਾਰਦ।**

ਅਤੇ **ਸੇਖ ਹੈਯਾਤੀ ਜਗਿ, ਨ ਕੋਈ ਥਿਰੁ ਰਹਿਆ॥**
ਜਿਸੁ ਆਸਣਿ ਹਮ ਬੈਠੇ, ਕੇਤੇ ਬੈਸਿ ਗਇਆ॥ *(ਆਸਾ ਫਰੀਦ ਜੀ, ਪੰਨਾ ੪੮੮)*

ਇਸ ਲਈ ਉਹ ਸੱਚੇ ਸਾਕੀ—ਸਤਿਗੁਰੂ ਦੇ ਜੀਵਨ-ਰੌ ਨਾਲ ਛਲਕ ਰਹੇ ਨੈਣਾਂ ਵਿਚੋਂ, ਨਾਮ ਦੀ ਮੈ (ਸ਼ਰਾਬ) ਦੇ ਜਾਮ ਤੇ ਜਾਮ ਪੀਂਦੇ, ਪਿਲਾਂਦੇ ਤੇ ਖੀਵੇ ਥੀਂਦੇ ਹਨ।

ਏਸੇ ਹਕ਼ੀਕ਼ਤ ਨੂੰ ਭਾਈ ਸਾਹਿਬ ਆਪਣੇ ਅੰਦਾਜ਼ ਵਿੱਚ, ਇਸ ਗ਼ਜ਼ਲ ਵਿਚ ਬਿਆਨਦੇ ਹਨ। ਦਸਦੇ ਹਨ ਕਿ ਮੈਂ ਬਾਲ, ਜੁਆਨੀ ਤੇ ਬਿਰਧ ਅਵਸਥਾ, ਜ਼ਿੰਦਗੀ ਦਿਆਂ

ਤਿੰਨਾਂ ਰੰਗਾਂ ਨੂੰ ਮੁਰਸ਼ਿਦ ਕਾਮਲ—ਕਲਗੀਆਂ ਵਾਲੇ—ਦੀ ਅਪਾਰ ਕਿਰਪਾ ਨਾਲ ਸਫਲ ਕੀਤਾ ਹੈ। ਹੇ ਦੁਨੀਆ ਦੇ ਭੁਲੇ ਭਟਕੇ ਲੋਕੋ ! ਪੂਰੇ ਸਤਿਗੁਰੂ ਦੀ ਸ਼ਰਨ ਆਵੋ ਤੇ ਜੀਵਨ ਦਾ ਮੁੱਖ ਮੰਤਵ ਜਾਣੋ, ਸਹੀ ਸੁਆਦ ਮਾਣੋ। ਯਾਦ ਰਖੋ, ਬੁਢੇਪੇ ਦੀ ਪਤ-ਝੜ ਜਵਾਨ ਜੀਵਨ ਦੀ ਬਹਾਰ ਉਤੇ ਛਾ ਜਾਣ ਲਈ ਧਾਈ ਕਰੀ ਆ ਰਹੀ ਹੈ। ਤੁਹਾਡਾ ਇਕ ਸੁਾਸ ਵੀ ਪ੍ਰਭੂ-ਯਾਦ ਤੋਂ ਬਿਨਾਂ ਨਾ ਗੁਜ਼ਰੇ। ਸਵਾਸਾਂ ਦੀ ਨਦੀ ਦਾ ਵਹੀਰ, ਸਾਗਰ ਦੀਆਂ ਲਹਿਰਾਂ ਵਾਂਗ ਅੱਗੜ ਪਿੱਛੜ ਧਾਈ ਕਰੀ ਜਾ ਰਿਹਾ ਹੈ। ਇਸ ਵਿਚੋਂ ਸਿਮਰਨ ਦੇ ਦੋ ਘੁਟ ਪੀਵੋ। ਇਹੀ ਉਹ ਅੰਮ੍ਰਿਤ ਹੈ ਜੋ ਲੋਕ ਪਰਲੋਕ ਵਿਚ ਤੁਹਾਡੀ ਸਹਾਇਤਾ ਤੇ ਕਲਿਆਨ ਦਾ ਜ਼ਾਮਨ ਹੈ।

.ਗ਼ਜ਼ਲ ਨੰਬਰ ੩੮

ਮਾ ਕਿ: ਦੀਦੇਮ ਸਰਿ ਕੂਏ ਤੋ, ਐ ਮਹਿਰਮਿ ਰਾਜ਼।
ਵਜ਼ ਹਮਹ ਰੂਏ ਫ਼ਰੰਗਦੇਮ ਸਰੇ, ਬਹਰਿ ਨਿਆਜ਼ ॥੧॥

ਤਾ ਬ-ਗਿਰਦ ਸਰਿ ਕੂਏ ਤੋ, ਬਿ-ਗਰਦੀਦ ਦਿਲਮ।
ਰੌਜ਼ਾ-ਇ ਖ਼ੁਲਦਿ ਬਰੀਂ ਰਾ, ਬ-ਕੁਨਮ ਪਾ ਅੰਦਾਜ਼ ॥੨॥

ਅਜ਼ ਖ਼ਮਿ ਕਾਕਲਿ ਮੁਸ਼ਕੀਂ, ਦਿਲੋ ਦੀਂ ਬੁਰਦ, ਜ਼ਿ ਮਾ।
ਹਾਸਲਿ ਉਮਰ ਹਮੀਂ ਬਵੱਦ, ਅਜ਼ੀਂ ਉਮਰਿ ਦਰਾਜ਼ ॥੩॥

ਮਸਹਫ਼ਿ ਰੂਏ ਤੋ, ਹਾਫ਼ਿਜ਼ਿ ਹਮਹ ਰਾ, ਦਰ ਹਮਹ ਹਾਲ।
ਖ਼ਮਿ ਅਬਰੂਏ ਤੋ, ਮਹਰਾਬਿ ਦਿਲ, ਅਹਲਿ ਨਮਾਜ਼ ॥੪॥

ਦਿਲਿ ਮਨ, ਬੇ ਤੋ ਚੁਨਾਂਸ੍ਰ, ਚਿ: ਗੋਇਦ 'ਗੋਇਆ'।
ਹਮਚੂ ਆਂ ਸ਼ਮਾਅ,ਕਿ ਦਾਇਮ,ਬਵਦਸ਼ ਸੋਜ਼ੋ ਗੁਦਾਜ਼ ॥੫॥

ਪੰਜਾਬੀ ਕਾਵਿ ਅਨੁਵਾਦ

੧. ਮਹਰਮ ਰੱਬ ਦੇ, ਦਰ ਤੇਰੇ ਦਾ, ਦਰਸ ਅਸਾਂ ਜਦ ਪਾਇਆ।
ਹਰ ਤਰਫ਼ੋਂ ਸਿਰ ਚੁੱਕ ਕੇ, ਤੇਰੇ ਚਰਨੀਂ ਆਣ ਟਿਕਾਇਆ, ਹੂ।

੨ ਗਲੀ ਤੇਰੀ ਦੇ ਜਦ ਤੋਂ ਦਾਤਾ, ਮੈਂ ਚੱਕਰ ਨੇ ਕੱਟੇ।
ਦੇਵ-ਪੁਰੀ ਦੇ ਬਾਗ਼ ਬਗ਼ੀਚੇ, ਪੈਰਾਂ ਥੱਲੇ ਸੱਟੇ, ਹੂ।

੩. ਮਹਿਕ ਤੇਰੇ ਕੇਸਾਂ ਦੀ ਮਾਹੀ, ਦਿਲ ਈਮਾਨ ਹੈ ਖੋਹਿਆ।
ਤਾਂ ਲੰਮੇ ਜੀਵਨ ਸੰਦਾ ਲਾਹਾ, ਅਸਾਂ ਪ੍ਰਾਪਤ ਹੋਇਆ, ਹੂ।

੪. ਤਿਰੇ ਕੁਰਾਨੀ ਚਿਹਰੇ ਤਾਈਂ, ਸਾਰੇ ਹਿਫ਼ਜ਼ ਨੇ ਕਰਦੇ।
ਭਵਾਂ ਮਹਿਰਾਬੀ ਅੱਗੇ ਸਾਰੇ, ਸੀਸ ਨਮਾਜ਼ੀ ਧਰਦੇ, ਹੂ।

੫. 'ਗੋਇਆ' ਤੜਪੇ ਤੇਰੇ ਬਾਝੋਂ, ਘਾਇਲ ਇਹ ਦਿਲ ਮੇਰਾ।
ਵਾਂਙ ਸ਼ਮਾਅ ਦੇ ਜਲਨਾ ਬਲਨਾ, ਧੰਧਾ ਹੁਣ ਇਸ ਕੇਰਾ, ਹੂ।

ਮਾ ਕਿ: ਦੀਦੇਮ ਸਰਿ ਕੂਏ ਤੋ, ਐ ਮਹਿਰਮਿ ਰਾਜ਼।
ਵਜ਼ ਹਮਹ ਰੂਏ ਫ਼ਗੰਦੇਮ ਸਰੇ, ਬਹਰਿ ਨਿਆਜ਼॥੧॥

ਸ਼ਬਦਾਰਥ : ਮਾ—ਅਸਾਂ। ਦੀਦੇਮ—ਅਸਾਂ ਵੇਖਿਆ। ਕੂਏ—ਕੂਚਾ, ਗਲੀ। ਮਹਿਰਮ—ਭੇਤੀ, ਜਾਣੂ। ਰਾਜ਼—ਭੇਤ। ਵ+ਜ਼—ਅਤੇ ਤੋਂ। ਸਰ—ਸਿਰਾ। ਵਜ਼ ਹਮਹ ਰੂਏ—ਅਤੇ ਸਾਰਿਆਂ ਪਾਸਿਆਂ ਤੋਂ। ਫ਼ਗੰਦੇਮ—ਅਸਾਂ ਸੁਟਿਆ। ਸਰੇ—ਸਿਰ। ਬ ਨਿਆਜ਼—ਸਜਦੇ ਵਿੱਚ।

ਅਰਥ : ਐ (ਵਾਹਿਗੁਰੂ ਦੇ) ਭੇਤਾਂ ਦੇ ਭੇਤੀ (ਸਤਿਗੁਰੂ), ਅਸਾਂ ਤੇਰੇ ਕੂਚੇ ਦਾ ਸਿਰਾ (ਭਾਵ ਕੂਚਾ) ਵੇਖਿਆ (ਹੈ); ਤੇ ਸਾਰੇ ਪਾਸਿਆਂ ਤੋਂ (ਹਟਾ ਕੇ) ਸਿਰ ਨੂੰ (ਤੇਰੇ) ਸਿਜਦੇ ਵਿਚ ਸੁੱਟ ਦਿੱਤਾ (ਹੈ)।

ਤਾ ਬ-ਗਿਰਦ ਸਰਿ ਕੂਏ ਤੋ, ਬਿ-ਗਰਦੀਦ ਦਿਲਮ।
ਰੌਜ਼ਾ-ਇ ਖ਼ੁਲਦਿ ਬਰੀਂ ਰਾ, ਬ-ਕੁਨਮ ਪਾ ਅੰਦਾਜ਼॥੨॥

ਸ਼ਬਦਾਰਥ : ਬ-ਗਿਰਦ—ਆਲੇ ਦੁਆਲੇ। ਬਿ-ਗਰਦੀਦ—ਫਿਰ ਆਇਆ। ਦਿਲਮ—ਮੇਰਾ ਦਿਲ। ਰੌਜ਼ਾ—ਬਹਿਸ਼ਤੀ ਬਾਗ਼। ਖ਼ੁਲਦ—ਸੁਰਗ। ਬਰੀਂ—ਉੱਚਾ। ਰਾ—ਨੂੰ। ਬਿ-ਕੁਨਮ—ਮੈਂ ਕੀਤਾ ਹੈ। ਪਾ—ਪੈਰ। ਅੰਦਾਜ਼—ਸੁਟਿਆ। ਤਾ—ਜਦੋਂ ਤੋਂ।

ਅਰਥ : ਜਦੋਂ ਤੋਂ ਮੇਰਾ ਦਿਲ ਤੇਰੀ ਗਲੀ ਦੇ ਆਲੇ ਦੁਆਲੇ ਫਿਰਿਆ (ਹੈ), (ਤਦ ਤੋਂ) ਉੱਚੇ ਸੁਰਗ ਦੇ ਰੋਜ਼ੇ ਦੀ ਫੁਲਵਾੜੀ ਨੂੰ ਮੈਂ ਪੈਰਾਂ (ਹੇਠ) ਸੁੱਟ ਦਿੱਤਾ ਹੈ।

ਅਜ਼ ਖ਼ਮਿ ਕਾਕਲਿ ਮੁਸ਼ਕੀਂ, ਦਿਲੋ ਦੀਂ ਬੁਰਦ, ਜ਼ਿ ਮਾ।
ਹਾਸਲਿ ਉਮਰ ਹਮੀਂ ਬਵੱਦ, ਅਜ਼ੀਂ ਉਮਰਿ ਦਰਾਜ਼॥੩॥

ਸ਼ਬਦਾਰਥ : ਅਜ਼—ਨਾਲ। ਖ਼ਮ—ਪੇਚ, ਕੁੰਡਲ। ਕਾਕਲ—ਜ਼ੁਲਫ਼, ਕੇਸ। ਮੁਸ਼ਕੀਂ—ਸੁਗੰਧੀ ਵਾਲੀ। ਦਿਲੋ ਦੀਂ—ਦਿਲ ਤੇ ਦੀਨ ਧਰਮ। ਬੁਰਦ—ਲੈ ਗਿਆ। ਜ਼ਿ ਮਾ—ਸਾਥੋਂ। ਹਾਸਲ—ਲਾਭ। ਹਮੀਂ—ਇਹੀ। ਦਰਾਜ਼—ਲੰਮੀ।

ਅਰਥ : (ਉਹ ਮੇਰਾ ਪ੍ਰੀਤਮ) ਸੁਗੰਧਤ ਕੇਸਾਂ ਦੇ ਪੇਚ ਨਾਲ ਦਿਲ ਤੇ ਦੀਨ (ਈਮਾਨ) ਸਾਥੋਂ ਲੈ ਗਿਆ (ਹੈ), (ਸਾਨੂੰ) ਇਸ ਲੰਮੀ ਉਮਰ ਤੋਂ, ਉਮਰ ਦਾ ਇਹੀ ਲਾਭ (ਪ੍ਰਾਪਤ) ਹੋਇਆ ਹੈ।

ਮਸਹਫ਼ਿ ਰੂਏ ਤੋ, ਹਾਫ਼ਿਜ਼ਿ ਹਮਹ ਰਾ, ਦਰ ਹਮਹ ਹਾਲ।
ਖ਼ਮਿ ਅਬਰੂਏ ਤੋ, ਮਹਰਾਬਿ ਦਿਲ, ਅਹਲਿ ਨਮਾਜ਼॥੪॥

ਸ਼ਬਦਾਰਥ : ਮਸਹਫ਼—ਕੁਰਾਨ। ਰੂਏ ਤੋ—ਤੇਰਾ ਚਿਹਰਾ। ਹਾਫ਼ਿਜ਼—ਕੰਠ ਕਰਨ ਵਾਲਾ, ਜਿਸ ਨੂੰ ਕੁਰਾਨ ਸ਼ਰੀਫ਼ ਜ਼ਬਾਨੀ ਯਾਦ ਹੋਵੇ। ਹਮਹ ਰਾ—ਸਾਰਿਆਂ ਨੂੰ। ਦਰ ਹਮਹ ਹਾਲ—ਹਰ ਹਾਲ ਵਿਚ। ਮਹਰਾਬ—ਮਸੀਤ ਵਿਚ ਡਾਟ ਵਾਲੀ ਥਾਂ ਜਿਸ ਵਲ ਮੂੰਹ ਕਰ ਕੇ ਨਮਾਜ਼ੀ ਸਜਦਾ ਕਰਦੇ ਹਨ। ਅਹਲਿ ਨਮਾਜ਼—ਨਮਾਜ਼ੀ।

ਅਰਥ : ਤੇਰੇ ਚਿਹਰੇ ਦਾ ਕੁਰਾਨ ਸਰਬੱਤ ਨੂੰ ਹਰ ਹਾਲ ਵਿੱਚ ਕੰਠ (ਚੇਤੇ ਰਹਿੰਦਾ)

ਹੈ। ਤੇਰੇ ਭਰਵੱਟਿਆਂ ਦਾ ਟੇਢ ਮਾਜ਼ੀਆਂ (ਪ੍ਰੇਮੀਆਂ) ਦੇ ਦਿਲਾਂ ਦਾ ਮਹਰਾਬ ਹੈ।

ਦਿਲਿ ਮਨ, ਬੇ ਤੋ ਚੁਨਾਂਸ੍ਤ ਚਿ: ਗੋਇਦ 'ਗੋਇਆ'।
ਹਮਚੂ ਆਂ ਸ਼ਮਾਅ, ਕਿ ਦਾਇਮ ਬਵਦਸ਼ ਸੋਜ਼ੋ ਗੁਦਾਜ਼ ॥੫॥

ਸ਼ਬਦਾਰਥ : ਦਿਲੇ ਮਨ—ਮੇਰਾ ਦਿਲ। ਬੇ ਤੋ—ਤੇਰੇ ਬਗ਼ੈਰ। ਚੁਨਾਂਸ੍ਤ—ਕਿਸੇ ਤਰ੍ਹਾਂ ਹੈ? ਚਿ ਗੋਇਦ—ਕੀ ਕਹੇ, ਆਖੇ? ਹਮਚੂ—ਵਾਂਗੂੰ। ਦਾਇਮ—ਹਮੇਸ਼ਾ, ਨਿਤ। ਸੋਜ਼ ਗੁਦਾਜ਼—ਸੜਨਾ ਤੇ ਪਿਘਲਣਾ। ਬਵਦਸ਼—ਉਹ ਹੁੰਦੀ ਹੈ, ਸਹਿੰਦੀ ਹੈ।

ਅਰਥ : ਗੋਇਆ ਕੀ ਆਖੇ—"ਮੇਰਾ ਦਿਲ ਤੇਰੇ ਬਿਨਾਂ ਕਿਸ ਤਰ੍ਹਾਂ (ਕਿਸ ਦਸ਼ਾ ਵਿਚ) ਹੈ?" (ਇਹ) ਉਸ ਸ਼ਮ੍ਹਾ ਸਮਾਨ (ਹੈ) ਜਿਸ (ਦੀ ਕਾਰ) ਸਦਾ ਸੜਨਾ ਤੇ ਪਿਘਲਣਾ ਹੁੰਦਾ ਹੈ।

ਵਿਆਖਿਆ

ਇਸ ਗ਼ਜ਼ਲ ਵਿਚ ਭਾਈ ਸਾਹਿਬ ਉਸ ਅਨਿੰਨ ਸ਼ਰਧਾ ਤੇ ਭਗਤੀ ਦਾ ਜ਼ਿਕਰ ਕਰਦੇ ਹਨ ਜੋ ਜਗਿਆਸੂ ਨੂੰ ਪੂਰੇ ਗੁਰੂ ਨਾਲ ਅਭੇਦ ਕਰਨ ਦੀ ਜ਼ਾਮਨ ਹੈ। ਜਦ ਸਿੱਖ ਨੇ

ਅਵਰ ਓਟ ਮੈ ਸਗਲੀ ਦੇਖੀ, ਇਕ ਤੇਰੀ ਓਟ ਰਹਾਈਐ॥ *(ਸੋਰਠਿ ਮ: ੫, ਪੰਨਾ ੬੨੫)*

ਤਥਾ **ਹਭੇ ਸਾਕ ਕੂੜਾਵੇ ਡਿਠੇ, ਤਉ ਪਲੈ ਤੈਡੈ ਲਾਗੀ॥** *(ਰਾਮਕਲੀ ਮ: ੫, ਪੰਨਾ ੯੬੩)*

ਦੀ ਸਿਖਿਆ ਨੂੰ ਘੁੱਟ ਕੇ ਪਲੇ ਬੰਨ੍ਹ, ਆਪਣਾ ਤਨ, ਮਨ, ਧਨ ਸਤਿਗੁਰੂ ਦੇ ਅਰਪਣ ਕਰ ਦਿੱਤਾ, ਤਾਂ ਸਤਿਗੁਰੂ ਨੇ 'ਕੋਟਿ ਪੈਂਡਾ ਆਗੇ ਹੋਇ ਲੇਤ ਹੈ' ਦੀ ਗੁਰ-ਰੀਤ ਅਨੁਸਾਰ, ਅਗੇ ਵਧ ਕੇ ਗੁਰਸਿਖ ਨੂੰ ਗਲਵਕੜੀ ਵਿਚ ਲੈ ਲਿਆ, ਤੇ 'ਆਪੇ ਗੁਰ ਚੇਲਾ' ਵਾਲੀ ਅਵਸਥਾ ਛਾ ਗਈ। ਬੱਸ, ਫੇਰ ਕੀ ਸੀ, ਗੁਰਦੇਵ (ਪ੍ਰੀਤਮ) ਦੀਆਂ ਗਲੀਆਂ ਉਤੋਂ ਬਹਿਸ਼ਤ ਦੇ ਬਾਗ਼ ਬਗੀਚੇ ਵਾਰੇ ਜਾਣ ਲੱਗੇ।

ਇਹੀ ਹਨ ਜੀਉਂਦੇ ਮਨੁੱਖਾਂ ਦੀਆਂ ਨਿਸ਼ਾਨੀਆਂ ਤੇ ਇਸੇ ਹਰਕਤ ਦਾ ਨਾਮ ਹੈ 'ਜ਼ਿੰਦਗੀ'। ਜਦ ਇਸ ਹਕ਼ੀਕ਼ਤ ਦੇ ਕਿਣਕੇ ਦੀ ਇੱਕ ਝਲਕ ਕਿਸੇ ਸ਼ਾਇਰ ਨੂੰ ਪ੍ਰਾਪਤ ਹੋਈ ਤਾਂ ਉਹ ਬੇਸਾਖ਼ਤਾ ਐਉਂ ਪੁਕਾਰ ਉਠਿਆ

[1]ਸਕੂਨਿ [2]ਬੇਕਰਾਰੀ, ਮੌਤ ਕਾ ਪੈਗ਼ਾਮ ਹੈ, ਸਾਕ਼ੀ।
ਕਿ ਦਿਲ ਕੀ ਧੜਕਨੋਂ ਕਾ ਜ਼ਿੰਦਗਾਨੀ ਨਾਮ ਹੈ ਸਾਕ਼ੀ।
ਉਸੀ ਮਹਿਫ਼ਲ ਮੇਂ ਲੇ ਚਲ, ਇਸ ਮੇਰੀ [3]ਤਾਰੀਕ ਦੁਨੀਆ ਕੋ।
ਜਹਾਂ ਤੇਰੀ [4]ਤਜੱਲੀ ਕਾ [5]ਫ਼ਰੋਗਿ ਆਮ ਹੈ ਸਾਕ਼ੀ।

ਤਥਾ **ਨਹੀਂ ਜ਼ਿੰਦਗੀ ਸਿਲਸਿਲਾ ਰੋਜ਼ੋ ਸ਼ਬ ਕਾ।**
ਨਹੀਂ ਜ਼ਿੰਦਗੀ: ਮਸਤੀਓ ਨੀਮ ਖ਼੍ਵਾਬੀ।
ਹਯਾਤ ਅਸਤ: ਦਰ ਆਤਿਸ਼ੇ ਖ਼ੁਦ ਤਪੀਦਨ।
ਖ਼ੁਸ਼ ਆਂ ਦਮ ਕਿ ਈਂ ਨੁਕਤਾ ਰਾ ਬਾਜ਼ਯਾਬੀ। (ਅੱਲਾਮਾ ਇਕਬਾਲ)

---

੧ ਠਹਿਰਾਓ, ਅਟਲ। ੨ ਬੇਚੈਨੀ, ਤੜਪ, ਸਮੇਂ, ਤਾਂਘ। ੩ ਅੰਨ੍ਹੇਰੀ, ਅਗਿਆਨਤਾ ਭਰਪੂਰ। ੪ ਰੌਸ਼ਨੀ, ਪ੍ਰਕਾਸ਼। ੫ ਬਾਗ਼, ਉੱਨਤੀ।

.ਗ਼ਜ਼ਲ ਨੰਬਰ ੩੯

ਜੁਮਲਹ ਆਲਮ, ਬੇ ਤੋ, ਹੈਰਾਨ ਅਸਤੋ, ਬਸ।
ਸੀਨਾ ਅਜ਼ ਹਿਜਰਿ ਤੋ, ਬਿਰਯਾਨ ਅਸਤੋ, ਬਸ ॥੧॥

ਤਾਲਬਿ ਮੌਲਾ, ਹਮੇਸ਼ਾ ਜ਼ਿੰਦਾ ਅਸ੍ਤ।
ਬਰ ਜ਼ਬਾਨਸ਼, ਜ਼ਿਕਰਿ ਸੁਬਹਾਨ ਅਸਤੋ, ਬਸ ॥੨॥

ਖ਼ਾਲਿ ਮੁਸ਼ਕੀਨਸ਼, ਦਿਲਿ ਆਲਮ ਰਬੂਦ।
ਕੁਫ਼ਰਿ ਜ਼ੁਲਫ਼ਸ਼, ਦਾਮਿ ਈਮਾਨ ਅਸਤੋ, ਬਸ ॥੩॥

ਜ਼ੂਦ ਬਨੁਮਾ, ਆਂ ਰੁਖ਼ੇ, ਚੂੰ ਆਫ਼ਤਾਬ।
ਈਂ ਇਲਾਜਿ ਚਸ਼ਮਿ ਗਿਰਿਆਨ ਅਸਤੋ, ਬਸ ॥੪॥

ਦਿਲ ਨਸਾਰੇ ਕ਼ਾਮਤਿ ਰਅਨਾਏ ਊ।
ਜਾਂ ਫ਼ਿਦਾਏ ਜਾਨਿ ਜਾਨਾਨ ਅਸਤੋ, ਬਸ ॥੫॥

ਗਰ ਬ-ਪੁਰਸੀ ਹਾਲਿ 'ਗੋਇਆ', ਯਕ ਨਫ਼ਸ।
ਈਂ ਇਲਾਜਿ ਦਰਦਿ ਹਿਰਮਾਨ ਅਸਤੋ, ਬਸ ॥੬॥

ਪੰਜਾਬੀ ਕਾਵਿ ਅਨੁਵਾਦ

੧. ਤੇਰੇ ਬਾਝੋਂ ਦੁਨੀਆ ਸਾਰੀ, ਬੜੀ ਅਚੰਭਤ ਹੋਈ।
ਛਾਤੀ ਉਸ ਦੀ ਵਿੱਚ ਹਿਜਰ ਦੇ, ਸੜ ਬਲ ਕੋਲਾ ਹੋਈ, ਹੂ।

੨. ਤਾਲਬ ਰੱਬ ਦਾ ਸਦਾ ਸਲਾਮਤ, ਕਦੇ ਨਹੀਂ ਉਹ ਮਰਦਾ।
ਜੀਭਾ ਨਾਲ ਸਦਾ ਉਹ ਰੱਬ ਰੱਬ, ਵਾਹ ਵਾਹ! ਨਿੱਤ ਹੈ ਕਰਦਾ, ਹੂ।

੩. ਉਸਦੇ ਮੁੱਖ ਦਾ ਤਿਲ ਜੋ ਕਾਲਾ, ਲੈ ਗਿਆ ਦਿਲ ਨੂੰ ਫਾਹ ਕੇ।
ਈਮਾਨ ਮਿਰਾ ਉਸ ਕਾਫ਼ਰ ਕੀਤਾ, ਫਾਹੀ ਜ਼ੁਲਫ਼ ਦੀ ਪਾ ਕੇ, ਹੂ।

੪. ਸੂਰਜ ਵਰਗਾ ਮੁੱਖ ਦਿਖਾਵੀਂ, ਤੁਰਤ, ਬਿਨਾ ਕਿਛ ਦੇਰੀ।
ਨੀਰ ਵਹਾਂਦੀ ਅੱਖ ਉਸ ਬਾਝੋਂ, ਠੀਕ ਨਹੀਂ ਹੋਣੀ ਮੇਰੀ, ਹੂ।

੫. ਸੋਹਣੇ ਕੱਦ ਮਾਹੀ ਦੇ ਉਤੋਂ ਸਦ ਬਲਿਹਾਰੇ ਜਾਵਾਂ।
ਪਿਆਰੇ ਦੀ ਜਿੰਦ ਜਾਨ ਦਾ ਸਦਕਾ, ਜਿੰਦੜੀ ਘੋਲ ਘੁਮਾਵਾਂ, ਹੂ।

੬. ਇਕ ਛਿਨ ਪੁੱਛੇਂ ਮੇਰਾ, ਜੇਕਰ, ਹਾਲ ਤੂੰ ਆ ਕੇ, 'ਗੋਇਆ'।
ਦਰਦ ਹਿਜਰ ਦਾ ਨਿਸਚੇ ਜਾਣੀਂ, ਤੁਰਤ ਦੂਰ ਸਭ ਹੋਇਆ, ਹੂ।

ਜੁਮਲਹ ਆਲਮ ਬੇ ਤੋ, ਹੈਰਾਨ ਅਸਤੋ, ਬਸ।
ਸੀਨਾ ਅਜ਼ ਹਿਜਰਿ ਤੋ, ਬਿਰਯਾਨ ਅਸਤੋ, ਬਸ॥੧॥

ਸ਼ਬਦਾਰਥ : ਜੁਮਲਾ—ਸਾਰਾ। ਆਲਮ—ਸੰਸਾਰ। ਬੇ ਤੋ—ਤੇਰੇ ਬਗ਼ੈਰ। ਹਿਜਰ—ਵਿਛੋੜਾ। ਬਿਰਯਾਨ—ਭੁੱਜਿਆ ਹੋਇਆ।

ਅਰਥ : ਬਸ, ਸਾਰਾ ਸੰਸਾਰ ਤੇਰੇ ਬਗ਼ੈਰ ਬਹੁਤ ਹੈਰਾਨ ਹੈ। (ਉਸ ਦੀ) ਛਾਤੀ ਤੇਰੀ ਬਿਰਹੋਂ (ਅਗਨੀ) ਨਾਲ ਭੁੱਜੀ ਹੋਈ ਹੈ।

ਤਾਲਬਿ ਮੌਲਾ, ਹਮੇਸ਼ਾ ਜ਼ਿੰਦਾ ਅਸ੍ਰ।
ਬਰ ਜ਼ਬਾਨਸ਼, ਜ਼ਿਕਰਿ ਸੁਬਹਾਨ ਅਸਤੋ, ਬਸ॥੨॥

ਸ਼ਬਦਾਰਥ : ਤਾਲਬਿ ਮੌਲਾ—ਪ੍ਰਭੂ ਦਾ ਚਾਹਵਾਨ, ਪ੍ਰੀਤਵਾਨ। ਬਰ—ਉਤੇ। ਜ਼ਬਾਨ+ਸ਼—ਉਸ ਦੀ ਜ਼ਬਾਨ। ਸੁਬਹਾਨ—ਵਾਹ ਵਾਹ, ਧੰਨ!

ਅਰਥ : ਪ੍ਰਭੂ ਦਾ ਪ੍ਰੀਤਵਾਨ ਸਦਾ ਜ਼ਿੰਦਾ ਹੈ; (ਕਿਉਂਕਿ) ਉਸ ਦੀ ਜੀਭ ਉਤੇ ਸਦਾ ਵਾਹ ਵਾਹ (ਰੱਬ ਦੀ ਸਿਫ਼ਤ-ਸਲਾਹ) ਦਾ ਜ਼ਿਕਰ ਹੈ।

ਖ਼ਾਲਿ ਮੁਸ਼ਕੀਨਸ਼, ਦਿਲਿ ਆਲਮ ਰਬੂਦ।
ਕੁਫ਼ਰਿ ਜ਼ੁਲਫ਼ਸ਼, ਦਾਮਿ ਈਮਾਨ ਅਸਤੋ, ਬਸ॥੩॥

ਸ਼ਬਦਾਰਥ : ਖ਼ਾਲ—ਤਿਲ। ਮੁਸ਼ਕੀ—ਕਾਲਾ। ਸ਼—ਉਸ ਦਾ। ਰਬੂਦ—ਲੈ ਗਿਆ। ਕੁਫ਼ਰ—ਈਮਾਨ ਜਾਂ ਦੀਨ ਰਹਿਤ ਹੋਣਾ। ਦਾਮ—ਜਾਲ, ਫਾਹੀ।

ਅਰਥ : ਉਸਦੇ (ਚਿਹਰੇ ਦਾ) ਕਾਲਾ ਤਿਲ ਜਗਤ ਦਾ ਦਿਲ (ਖੋਹ ਕੇ) ਲੈ ਗਿਆ। ਬਸ, ਉਸ ਦੀ ਜ਼ੁਲਫ਼ ਦਾ ਕੁਫ਼ਰ (ਹੀ) ਈਮਾਨ ਦੀ ਫਾਹੀ ਹੈ।

ਜ਼ੂਦ ਬਨੁਮਾ, ਆਂ ਰੁਖ਼ੇ, ਚੂੰ ਆਫ਼ਤਾਬ।
ਈਂ ਇਲਾਜਿ ਚਸ਼ਮਿ ਗਿਰਿਆਨ ਅਸਤੋ, ਬਸ॥੪॥

ਸ਼ਬਦਾਰਥ : ਜ਼ੂਦ—ਛੇਤੀ। ਬਨੁਮਾ—ਵਿਖਾ। ਰੁਖ਼—ਚਿਹਰਾ। ਚੂੰ—ਵਰਗਾ। ਗਿਰਿਆਨ—ਰੋਣ ਵਾਲੀ।

ਅਰਥ : ਸ਼ੀਘਰ (ਹੀ) ਉਹ ਸੂਰਜ ਵਰਗਾ ਮੁਖੜਾ ਵਿਖਾ, (ਕਿਉਂ ਜੁ) ਰੋਣ ਵਾਲੀ ਅੱਖ ਦਾ ਬਸ ਇਹੀ ਦਾਰੂ ਹੈ।

ਦਿਲ ਨਸਾਰੇ ਕ਼ਾਮਤਿ ਰਅਨਾਏ ਊ।
ਜਾਂ ਫ਼ਿਦਾਏ ਜਾਨਿ ਜਾਨਾਨ ਅਸਤੋ, ਬਸ॥੫॥

ਸ਼ਬਦਾਰਥ : ਨਸਾਰ—ਕੁਰਬਾਨ, ਵਾਰੀ। ਕ਼ਾਮਤ—ਕੱਦ। ਰਅਨਾ—ਸੁੰਦਰ। ਜਾਨਾਨ—ਪਿਆਰਾ।

ਅਰਥ ਦਿਲ ਉਸ ਦੇ ਸੁੰਦਰ ਕੱਦ ਤੋਂ ਕੁਰਬਾਨ (ਹੈ ਤੇ) ਜਿੰਦ ਪਿਆਰੇ ਦੀ ਜਾਨ ਤੋਂ ਵਾਰੀ ਹੈ।

ਗਰ ਬ-ਪੁਰਸੀ ਹਾਲਿ 'ਗੋਇਆ', ਯਕ ਨਫ਼ਸ।
ਈਂ ਇਲਾਜਿ ਦਰਦਿ ਹਿਰਮਾਨ ਅਸਤੋ, ਬਸ ॥੬॥

ਸ਼ਬਦਾਰਥ : ਬ-ਪੁਰਸੀ—ਤੂੰ ਪੁੱਛੇਂ। ਨਫ਼ਸ—ਦਮ। ਹਿਰਮਾਨ—ਵਿਯੋਗ ਦਾ ਗ਼ਮ।

ਅਰਥ : ਜੇ ਤੂੰ 'ਗੋਇਆ' ਦਾ ਹਾਲ ਇਕ-ਦਮ (ਲਈ ਵੀ) ਪੁਛੇ (ਤਾਂ ਨਿਸਚੇ ਜਾਣ ਕਿ) ਇਹੋ ਹੀ ਵਿਛੋੜੇ ਦੇ ਗ਼ਮ ਦੇ ਦਰਦ ਦਾ ਦਾਰੂ ਹੈ।

ਵਿਆਖਿਆ

ਇਸ ਗ਼ਜ਼ਲ ਵਿਚ ਭਾਈ ਸਾਹਿਬ ਬਿਰਹਾ ਤੇ ਜੁਦਾਈ ਦੀ ਉਸ ਅਵਸਥਾ ਦਾ ਜ਼ਿਕਰ ਕਰਦੇ ਹਨ ਜੋ ਸਤਿਗੁਰੂ ਤੋਂ ਵਿੱਛੜ ਕੇ ਸਿਖ ਉਤੇ ਵਾਪਰਦੀ ਹੈ। ਸਿੱਖ ਦਾ ਹਿਰਦਾ ਆਪਣੇ ਗੁਰਦੇਵ ਦੇ ਵਿਛੋੜੇ ਵਿੱਚ ਇਉਂ ਭੁਜ ਜਾਂਦਾ ਹੈ ਜਿਵੇਂ ਸੀਖ਼ ਉਤੇ ਭੁੱਜਾ ਕਬਾਬ। ਉਹ ਬਿਰਹਾ ਵਿਚ ਇਉਂ ਤੜਫਦਾ ਹੈ ਜਿਉਂ ਪਾਣੀ ਤੋਂ ਬਿਨਾਂ ਮੱਛੀ। ਮਾਹੀ ਦੇ ਵਿਛੋੜੇ ਵਿੱਚ ਅਸੀਂ

ਕਬਾਬਿ ਸੀਖ ਹੈਂ ਹਮ, ਕਰਵਟੇਂ ਹਰਸੂ ਬਦਲਤੇ ਹੈਂ।
ਜੋ ਜਲ ਜਾਤਾ ਹੈ ਯਿਹ ਪਹਿਲੂ, ਤੋ ਵੁਹ ਪਹਿਲੂ ਬਦਲਤੇ ਹੈਂ।

ਇਸੇ ਬ੍ਰਿਹੋਂ-ਨਾਗ ਦਾ ਡੱਸਿਆ, ਭਗਤ ਕਬੀਰ, ਆਪਣੀ ਬੇਬਸੀ ਨੂੰ ਇਉਂ ਬਿਆਨ ਕਰਦਾ ਹੈ

ਕਬੀਰ, ਬਿਰਹੁ ਭੁਯੰਗਮੁ ਮਨਿ ਬਸੈ, ਮੰਤੁ ਨ ਮਾਨੈ ਕੋਇ॥
ਰਾਮ ਬਿਓਗੀ ਨਾ ਜੀਐ, ਜੀਐ ਤ ਬਉਰਾ ਹੋਇ॥੭੬॥ *(ਪੰਨਾ ੧੩੬੮)*

ਫੇਰ ਦੱਸਦੇ ਹਨ ਕਿ ਵਾਹਿਗੁਰੂ ਦੇ ਜਾਚਕ ਦੇ ਅਮਰ-ਜੀਵਨ ਦਾ ਰਾਜ਼ (ਭੇਤ) ਪ੍ਰਭੂ ਦੀ ਉਹ ਸਿਫ਼ਤ-ਸਲਾਹ ਹੈ ਜੋ ਹਰ ਸਮੇਂ ਉਸ ਦੀ ਜ਼ਬਾਨ ਉਤੇ ਰਹਿੰਦੀ ਹੈ। ਗੁਰੂ ਦਾ ਮਿਲਾਪ ਹੀ, ਬ੍ਰਿਹੋਂ-ਕੁੱਠਿਆਂ ਦਾ, ਵਾਹਿਦ ਇਲਾਜ ਹੈ।

.ਗਜ਼ਲ ਨੰਬਰ ੪੦

ਮੁਦਾਮ ਬਾਦਹ ਕਸ਼ੋ, ਸੂਫ਼ੀਏ ਸਿਫ਼ਾ, ਮੇ ਬਾਸ਼।
ਤਮਾਮ ਜ਼ੁਹਦ ਸ਼ੌ, ਵ ਰਿੰਦਿ ਬੇਨਵਾ, ਮੇ ਬਾਸ਼॥੧॥

ਬਸੂਏ .ਗੈਰ ਮਯਫ਼ਗਨ ਨਜ਼ਰ, ਕਿ ਬੇ ਬਸਰੀਸਤ।
ਤਮਾਮ ਚਸ਼ਮ ਸ਼ੌ, ਸੂਏ ਦੋਸਤ ਵਾ, ਮੇ ਬਾਸ਼॥੨॥

ਬ-ਗਿਰਦ ਕ਼ਾਮਤਿ ਆਂ ਸ਼ਾਹਿ ਦਿਲਰੁਬਾ, ਮੇ ਗਰਦ।
ਅਸੀਰਿ ਹਲਕ਼ਾ-ਇ ਆਂ ਜ਼ੁਲਫ਼ਿ ਮੁਸ਼ਕਸਾ, ਮੇ ਬਾਸ਼॥੩॥

ਨ ਗੋਇਮਤ, ਕਿਃ ਸੂਏ ਦੈਰ ਯਾ ਹਰਮ ਮੇ ਰੌ।
ਬ-ਹਰ ਤਰਫ਼ ਕਿਃ ਰਵੀ, ਜਾਨਬਿ ਖ਼ੁਦਾ, ਮੇ ਬਾਸ਼॥੪॥

ਬਸੂਏ .ਗੈਰ ਚੁ ਬੇਗਾਨਗਾਂ, ਚਿਃ ਮੇ ਗਰਦੀ।
ਦਮੇ ਜ਼ਿ ਹਾਲਿ ਦਿਲਿ ਖ਼ਸਤਾ, ਆਸ਼ਨਾ ਮੇ ਬਾਸ਼॥੫॥

ਮੁਦਾਮ ਸ਼ਾਕਰੋ ਸ਼ਾਦਾਬ, ਚੂੰ ਦਿਲਿ 'ਗੋਇਆ'।
ਤਮਾਮ ਮਤਲਬੋ ਫ਼ਾਰਗ਼ ਜ਼ਿ ਮੁਦਆ, ਮੇ ਬਾਸ਼॥੬॥

ਪੰਜਾਬੀ ਕਾਵਿ ਅਨੁਵਾਦ

੧. ਸਿਮਰਨ ਸੰਦੀ, ਮੱਦ ਅਨੋਖੀ, ਪੀ ਪੀ ਖੀਵਾ ਹੋਵੀਂ।
ਬਣ ਮਸਤਾਨਾ ਤਪੀ ਤਪੀਸ਼ਰ, ਖ਼ਾਹਸ਼ਾਂ ਸੱਭੇ ਖੋਹਵੀਂ, ਹੂ।

੨. ਨ ਤੱਕੀਂ ਤੂੰ ਗ਼ੈਰਾਂ ਵੱਲੇ, ਅੰਧਾ-ਪਨ ਇਹ ਜਾਣੀਂ।
ਲੂੰਅ ਲੂੰਅ ਤਾਈਂ ਨੈਣ ਬਣਾ ਕੇ, ਦਰਸ ਪੀਆ ਦਾ ਮਾਣੀਂ, ਹੂ!

੩. ਸੋਹਣਿਆਂ ਦੇ ਸੁਲਤਾਨ ਦੁਵਾਲੇ, ਹਰ ਦਮ ਚੱਕਰ ਲਾਵੀਂ।
ਮਹਿਕਾਂ ਵਾਲੀ ਜ਼ੁਲਫ਼ ਓਸ ਦੀ, ਦਾ ਕੈਦੀ ਬਣ ਜਾਵੀਂ, ਹੂ।

੪. ਮੈਂ ਨਹੀਂ ਕਹਿੰਦਾ ਮੰਦਰ ਜਾ ਤੂੰ, ਜਾਂ ਮਸਜਦ ਵੱਲ ਧਾਵੀਂ।
ਜਿਧਰ ਵੀ ਜਾਣਾ, ਜੰਮ ਜੰਮ ਜਾ ਤੂੰ, ਪਰ ਰੱਬ ਦੇ ਵੱਲ ਜਾਵੀਂ, ਹੂ।

੫. ਗ਼ੈਰਾਂ ਵਲੇ ਕਾਹਨੂੰ ਸੱਜਣਾ, ਤੂੰ ਐਵੇਂ ਹੈ ਫਿਰਦਾ।
ਇਕ ਛਿਨ ਲਈ ਤੂੰ ਹੋ ਜਾ ਜਾਣੂ, ਇਸ ਵੈਰਾਗੀ ਦਿਲ ਦਾ, ਹੂ।

੬ ਹੋ ਸ਼ਾਕਰ, ਦਿਲ 'ਗੋਇਆ' ਵਾਂਗੂ, ਸਦਾ ਰਹੀਂ ਤੂੰ ਖਿੜਿਆ।
ਸਭ ਲੋੜਾਂ ਤੇ ਖ਼ਾਹਸ਼ਾਂ ਉੱਤੋਂ, ਉੱਪਰ ਉੱਠੀਂ ਅੜਿਆ, ਹੂ।

ਮੁਦਾਮ ਬਾਦਹ ਕਸ਼ੋ, ਸੂਫ਼ੀਏ ਸਿਫ਼ਾ ਮੇ ਬਾਸ਼।
ਤਮਾਮ ਜ਼ੁਹਦ ਸ਼ੌ, ਵ ਰਿੰਦਿ ਬੇਨਵਾ ਮੇ ਬਾਸ਼॥੧॥

ਸ਼ਬਦਾਰਥ : ਮੁਦਾਮ—ਹਮੇਸ਼ਾ। ਬਾਦਹ—ਸ਼ਰਾਬ। ਕਸ਼—(ਕਸ਼ੀਦਨ ਮਸਦਰ ਤੋਂ ਹੁਕਮੀ ਕਿਰਿਆ) ਪੀ। ਓ—ਅਤੇ। ਸੂਫ਼ੀ—ਗ਼ੈਰ-ਸ਼ਰਅਈ ਮੁਸਲਮਾਨਾਂ ਦਾ ਇਕ ਫ਼ਿਰਕਾ, ਜੋ ਰੱਬ ਦੀ ਭਗਤੀ, ਮਸਤੀ ਤੇ ਅਮਲੀ ਜੀਵਨ ਉਤੇ ਵਧੇਰੇ ਜ਼ੋਰ ਦਿੰਦੇ ਹਨ ਤੇ ਆਮ ਕਰਕੇ ਗਲ ਵਿਚ ਸੂਫ਼ ਦਾ ਚੋਗ਼ਾ ਪਾਉਂਦੇ ਹਨ। ਸਿਫ਼ਾ—ਪਾਕ ਸਿਫ਼ਤਾਂ। ਮੇ ਬਾਸ਼—ਹੋ। ਜ਼ੁਹਦ—ਤਪੱਸਿਆ। ਸ਼ੌ—ਹੋ। ਰਿੰਦ—ਮਸਤਾਨਾ। ਬੇਨਵਾ—ਕਾਮਨਾ-ਰਹਿਤ। ਵ—ਅਤੇ।

ਅਰਥ : ਹਮੇਸ਼ਾ (ਨਾਮ ਦੀ) ਸ਼ਰਾਬ ਪੀ ਅਤੇ ਪਾਕ ਸਾਫ਼ ਸਿਫ਼ਤਾਂ ਵਾਲਾ ਸੂਫ਼ੀ ਹੋ। ਸਾਰਾ (ਪੂਰਨ ਤੌਰ ਤੇ) ਤਪੱਸਵੀ ਹੋ ਤੇ (ਇਸ ਤਰ੍ਹਾਂ) ਕਾਮਨਾ-ਰਹਿਤ ਮਸਤਾਨਾ ਹੋ ਜਾ।

ਬਸੂਏ ਗ਼ੈਰ ਮਯਫ਼ਗਨ ਨਜ਼ਰ, ਕਿ ਬੇ ਬਸਰੀਸਤ।
ਤਮਾਮ ਚਸ਼ਮ ਸ਼ੌ, ਸੂਏ ਦੋਸਤ ਵਾ ਮੇ ਬਾਸ਼॥੨॥

ਸ਼ਬਦਾਰਥ : ਬਸੂਏ ਗ਼ੈਰ—ਦੂਜੇ ਵਲ, ਬੇਗਾਨੇ। ਮ+ਯਫ਼ਗਨ—ਨਾ ਸੁਟ, ਨਾ ਪਾ, ਨਾ ਕਰ। ਬੇ+ਬਸਰੀ—ਵੇਖਣ ਦੀ ਸ਼ਕਤੀ ਤੋਂ ਬਿਨਾਂ, ਅੰਧਾ-ਪਨ। ਵਾ—ਖੋਲ੍ਹ।

ਅਰਥ : (ਪ੍ਰਭੂ ਤੋਂ ਬਿਨਾਂ) ਗ਼ੈਰ (ਬੇਗਾਨੇ) ਵਲ ਨਜ਼ਰ ਨਾ ਪਾ, ਕਿਉਂ ਜੁ (ਇਹ) ਅੰਧਾ-ਪਨ (ਅਗਿਆਨਤਾ) ਹੈ। ਸਾਰਾ (ਸਰੀਰ ਹੀ) ਅੱਖ ਹੋ ਜਾ ਅਤੇ ਮਿੱਤਰ ਵਲ ਖੋਲ੍ਹ। (ਨੇਤਰ ਨਾਲ ਹਰ ਪਾਸੇ ਹਰੀ ਦਾ ਹੀ ਜਲਵਾ ਵੇਖ)।

ਬ-ਗਿਰਦ ਕ਼ਾਮਤਿ ਆਂ ਸ਼ਾਹਿ ਦਿਲਰੁਬਾ ਮੇ ਗਰਦ।
ਅਸੀਰਿ ਹਲਕ਼ਾ-ਇ ਆਂ ਜ਼ੁਲਫ਼ਿ ਮੁਸ਼ਕਸਾ, ਮੇ ਬਾਸ਼॥੩॥

ਸ਼ਬਦਾਰਥ : ਬ-ਗਿਰਦ—ਚੁਫੇਰੇ। ਕਾਮਤ—ਕੱਦ। ਸ਼ਾਹਿ ਦਿਲਰੁਬਾ—ਸੋਹਣਿਆਂ ਦੇ ਸੁਲਤਾਨ। ਮੇ ਗਰਦ—ਤੂੰ ਘੁੰਮ। ਅਸੀਰ—ਕੈਦੀ। ਮੁਸ਼ਕਸਾ—ਕਸਤੂਰੀ ਵਰਗੀ।

ਅਰਥ : ਉਸ ਸੋਹਣਿਆਂ ਦੇ ਸੁਲਤਾਨ ਦੇ ਕੱਦ ਦੇ ਚੁਫੇਰੇ ਘੁੰਮ। ਉਸ ਦੀ ਕਸਤੂਰੀ ਜਿਹੀ (ਸੁਗੰਧਤ) ਜ਼ੁਲਫ਼ ਦੇ ਕੁੰਡਲ ਦਾ ਕੈਦੀ ਹੋ।

ਨ ਗੋਇਮਤ, ਕਿ: ਸੂਏ ਦੈਰ ਯਾ ਹਰਮ ਮੇ ਰੌ।
ਬ-ਹਰ ਤਰਫ਼ ਕਿ: ਰਵੀ, ਜਾਨਬਿ ਖ਼ੁਦਾ ਮੇ ਬਾਸ਼॥੪॥

ਸ਼ਬਦਾਰਥ : ਨ ਗੋਇ+ਮ+ਤ—ਨਹੀਂ ਆਖਦਾ ਮੈਂ ਤੈਨੂੰ। ਦੈਰ—ਮੰਦਰ। ਹਰਮ—ਮਸੀਤ। ਮੇ ਰੌ—ਤੂੰ ਜਾ। ਬ-ਹਰ ਤਰਫ਼—ਜਿਸ ਪਾਸੇ ਵੀ। ਰਵੀ—ਤੂੰ ਜਾਵੇਂ। ਜਾਨਬ—ਵਲ, ਤਰਫ਼।

ਅਰਥ : ਮੈ ਤੈਨੂੰ ਨਹੀਂ ਆਖਦਾ ਕਿ ਤੂੰ ਮੰਦਰ ਵਲ ਜਾ, ਜਾਂ ਮਸੀਤ ਵਲ ਜਾ। (ਪਰ) ਜਿਸ ਪਾਸੇ ਵਲ ਵੀ ਤੂੰ ਜਾਵੇਂ, ਰੱਬ ਵਾਲੇ ਪਾਸੇ ਵਲ ਹੋ। (ਹਰ ਪਾਸੇ ਉਸ ਦਾ ਦੀਦਾਰ ਵੇਖ)।

ਬਸੂਏ ਗ਼ੈਰ ਚੁ ਬੇਗਾਨਗਾਂ, ਚਿ: ਮੇ ਗਰਦੀ।
ਦਮੇ ਜ਼ਿ ਹਾਲਿ ਦਿਲਿ ਖ਼ਸਤਾ, ਆਸ਼ਨਾ ਮੇ ਬਾਸ਼ ॥੫॥

ਸ਼ਬਦਾਰਥ : ਚੁ—ਵਾਂਗੂੰ। ਚਿ—ਕੀ ? ਮੇ ਗਰਦੀ—ਫਿਰਦਾ ਹੈਂ। ਦਮੇ—ਇਕ ਦਮ ਲਈ, ਇਕ ਛਿਨ ਲਈ। ਖ਼ਸਤਾ—ਟੁੱਟਾ ਹੋਇਆ। ਆਸ਼ਨਾ—ਵਾਕਫ਼।

ਅਰਥ : ਬੇਗਾਨਿਆਂ ਦੇ ਵਲ ਓਪਰਿਆਂ ਵਾਂਗ ਕੀ ਫਿਰਦਾ ਹੈਂ। ਇਕ ਦਮ ਲਈ (ਆਪਣੇ) ਟੁੱਟੇ ਦਿਲ ਦੇ ਹਾਲ ਤੋਂ ਜਾਣੂ ਹੋ।

ਮੁਦਾਮ ਸ਼ਾਕਰੋ ਸ਼ਾਦਾਬ, ਚੂੰ ਦਿਲਿ 'ਗੋਇਆ'।
ਤਮਾਮ ਮਤਲਬੋ ਫ਼ਾਰਗ਼ ਜ਼ਿ ਮੁਦਆ, ਮੇ ਬਾਸ਼ ॥੬॥

ਸ਼ਬਦਾਰਥ : ਮੁਦਾਮ—ਹਮੇਸ਼ਾ। ਸ਼ਾਕਰ—ਸ਼ੁਕਰ ਕਰਨ ਵਾਲਾ। ਸ਼ਾਦਾਬ—ਹਰਿਆ ਭਰਿਆ। ਚੂੰ—ਵਾਂਗ। ਫ਼ਾਰਗ਼—ਵਿਹਲਾ (ਤਿਆਗ ਕੇ)। ਮੁਦਆ—ਖ਼ਾਹਸ਼, ਕਾਮਨਾ।

ਅਰਥ : ਹਮੇਸ਼ਾ ਸ਼ੁਕਰ ਕਰਨ ਵਾਲਾ ਤੇ ਹਰਿਆ ਭਰਿਆ (ਹੋ) ਅਤੇ ਏਵੇਂ 'ਗੋਇਆ' ਦੇ ਦਿਲ ਵਾਂਗ ਸਾਰੀਆਂ ਲੋੜਾਂ ਤੇ ਕਾਮਨਾਵਾਂ ਤੋਂ ਵਿਹਲਾ (ਉੱਚਾ, ਪਰੇ) ਹੋ ਜਾ।

ਵਿਆਖਿਆ

ਗੁਰਬਾਣੀ ਵਿਚ, ਜਿੱਥੇ ਸੰਤੋਖ ਤੇ ਸਬਰ ਨੂੰ ਫ਼ਰਿਸ਼ਤਿਆਂ ਦਾ ਤੋਸ਼ਾ ਕਰ ਕੇ ਵਡਿਆਇਆ ਹੈ, ਓਥੇ ਤ੍ਰਿਸ਼ਨਾ ਨੂੰ ਮਨੁੱਖ ਦੇ ਦੁਖਾਂ ਤੇ ਕਲੇਸ਼ਾਂ ਦਾ ਮੂਲ ਕਾਰਨ ਕਰਕੇ ਵੀ ਦਸਿਆ ਹੈ। ਇਹ ਐਸਾ ਭਾਂਬੜ ਹੈ ਜੋ ਇਕ ਵੇਰ ਮੱਚਿਆ ਫੇਰ ਘਟ ਹੀ ਬੁੱਝਦਾ ਹੈ। ਲੋਭ-ਗ੍ਰੱਸਿਆ ਪ੍ਰਾਣੀ, ਚਲਨ ਦੀ ਗਿਰਾਵਟ ਦੀ ਡੂੰਘੀ ਖੱਡ ਵਿੱਚ ਪੈ ਕੇ, ਨੀਚ ਤੋਂ ਨੀਚ ਕਰਮ ਕਰਨ ਲਈ ਮਜਬੂਰ ਹੋ ਜਾਂਦਾ ਹੈ। ਲੋਭੀ ਪੁਰਸ਼ ਨੂੰ ਮਾਤਾ ਪਿਤਾ, ਮਿੱਤਰ ਤੇ ਸਖੇ ਸੰਬੰਧੀ ਕਿਸੇ ਦੀ ਲੱਜਾ ਨਹੀਂ ਰਹਿ ਜਾਂਦੀ। ਮਾਯੂਸੀ ਤੇ ਅਸਫਲਤਾ ਦੀ ਡੂੰਘੀ ਖਾਈ ਵਿਚ ਪਿਆ ਉਹ ਗ਼ਮ ਗ਼ਲਤ ਕਰਨ ਲਈ ਸ਼ਰਾਬ ਆਦਿ ਨਸ਼ਿਆਂ ਦੀ ਵਰਤੋਂ ਕਰਦਾ ਹੈ। ਉਹ ਨਹੀਂ ਜਾਣਦਾ ਕਿ ਇਹ ਇਲਾਜ, ਬੀਮਾਰੀ ਨਾਲੋਂ ਵੀ ਵਧੇਰੇ ਖ਼ਤਰਨਾਕ ਹੈ। ਇਹ ਨਸ਼ੇ ਸੰਕਲਪਾਂ ਵਿਕਲਪਾਂ ਨੂੰ ਮਿਟਾ ਕੇ ਬੁੱਧ ਉੱਜਲੀ ਕਰਨ ਦੀ ਥਾਂ ਰਹਿੰਦੀ-ਖੂੰਹਦੀ ਮਤ ਵੀ ਮਾਰ ਦਿੰਦੇ ਹਨ ਅਤੇ ਜੀਵ ਅਜਿਹੇ ਅਨੁਚਿੱਤ ਕਰਮ ਕਰਨ ਦਾ ਭਾਗੀ ਹੋ ਜਾਂਦਾ ਹੈ, ਜਿਨ੍ਹਾਂ ਤੋਂ ਸੋਫ਼ੀ ਹੋਣ ਦੀ ਹਾਲਤ ਵਿਚ ਉਹ ਅਤਿਅੰਤ ਲੱਜਾਵਾਨ ਹੋਵੇ। ਏਸੇ ਲਈ ਗੁਰਦੇਵ ਫ਼ੁਰਮਾਉਂਦੇ ਹਨ

ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ ॥
ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥
.....ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥ *(ਮ: ੩, ਪੰਨਾ ੫੫੪)*

ਸੋ, ਗੁਰਮਤਿ ਵਿਚ ਤ੍ਰਿਸ਼ਨਾ ਤੇ ਇਸ ਤੋਂ ਉਪਜੇ ਕਲੇਸ਼ਾਂ ਦਾ ਇਲਾਜ ਨਸ਼ੇ ਪੀ ਕੇ ਬੁਧੀ-ਹੀਣ ਹੋਣਾ ਨਹੀਂ, ਸਗੋਂ ਨਾਮ-ਖੁਮਾਰੀ ਰਾਹੀਂ ਬੁਧੀ ਮੰਡਲੇ ਤੋਂ ਅਗੇ ਲੰਘ ਕੇ, ਵਲਵਲੇ ਤੇ ਵਿਸਮਾਦ ਦੇ ਦੇਸ਼ ਵਿਚ ਪੁੱਜਣਾ ਹੈ। ਜਦ ਮਨ ਕਿਸੇ ਸੁੰਦਰ ਵਸਤੂ ਨੂੰ ਵੇਖਦਾ

ਹੈ, ਤਾਂ ਤਤਕਾਲ ਉਸ ਦੇ ਰੂਪ, ਰੰਗ, ਕਾਰਨ ਤੇ ਕਾਰਜ ਉਤੇ ਵੀਚਾਰ ਕਰਨ ਲੱਗ ਜਾਂਦਾ ਹੈ। ਆਖ਼ਰ ਸਿਮਰਨ ਦੁਆਰਾ, ਇਸ ਦੇ ਪ੍ਰਸ਼ਨਾਂ ਤੇ ਸੰਚਾਂ ਤੋਂ ਅੰਤ ਇਕ ਅਸਥਾਨ ਐਸਾ ਆ ਜਾਂਦਾ ਹੈ, ਜਦ ਸੁਰਤ ਸੁਤੰਤਰ ਹੋ ਕੇ ਉਸ ਵਿਚ ਗਵਨ ਕਰਦੀ ਹੈ। ਇਸੇ ਮੰਡਲ ਦਾ ਨਾਮ ਹੀ ਵਿਸਮਾਦ ਮੰਡਲ ਹੈ। ਭਾਈ ਸਾਹਿਬ ਵੀਰ ਸਿੰਘ ਜੀ ਇਸ ਅਵਸਥਾ ਨੂੰ ਇਉਂ ਸਪੱਸ਼ਟ ਕਰਦੇ ਹਨ

ਜਿਨ੍ਹਾਂ ਉਚਿਆਈਆਂ ਉਤੋਂ ਬੁੱਧੀ ਖੰਭ ਸਾੜ ਢੱਠੀ,
ਮੱਲੋ ਮੱਲੀ ਦਿਲ ਉਥੇ ਮਾਰਦਾ ਉਡਾਰੀਆਂ।
ਪਿਆਲੇ ਅਣਡਿੱਠੇ ਨਾਲ ਬੁਲ੍ਹ ਲਗ ਜਾਣ ਓਥੇ,
ਰਸ ਤੇ ਸਰੂਰ ਚੜ੍ਹੇ ਝੂਮਾਂ ਆਉਣ ਪਿਆਰੀਆਂ।
ਗਿਆਨੀ ਸਾਨੂੰ ਹੋੜਦਾ ਤੇ ਵਹਿਮੀ ਢੋਲਾ ਆਖਦਾ ਏ,
ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।
ਬੈਠ ਵੇ ਗਿਆਨੀ, ਬੁੱਧੀ ਮੰਡਲੇ ਦੀ ਕੈਦ ਵਿਚ,
ਵਲਵਲੇ ਦੇ ਦੇਸ ਸਾਡੀਆਂ ਲਗ ਗਈਆਂ ਯਾਰੀਆਂ।

ਵਲਵਲੇ ਦੇ ਦੇਸ਼ ਨਾਲ ਸਾਂਝਾਂ ਪੁਆਉਣ ਵਾਲੇ ਨਾਮ-ਅੰਮ੍ਰਿਤ ਦਾ ਜਾਮ, ਸਿਮਰਨ ਦੇ ਰੂਪ ਵਿਚ, ਬਾਬੇ ਨਾਨਕ ਨੇ ਧੁਰ ਦਰਗਾਹੋਂ ਪ੍ਰਾਪਤ ਕੀਤਾ, ਆਪ ਪੀ ਕੇ ਖੀਵੇ ਹੋਏ ਤੇ ਸੰਗਤਾਂ ਨੂੰ ਵੀ ਰੱਜ ਰੱਜ ਪਿਲਾਇਆ। ਜੋ ਉਨ੍ਹਾਂ ਦੇ ਮਾਰਗ ਵਿਚ ਆਇਆ, ਨਾਮ-ਖੁਮਾਰੀ ਨਾਲ ਸਰਸ਼ਾਰ ਹੋ ਗਿਆ। ਇਸੇ ਪਿਰਮ ਰਸ ਨੂੰ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਦੇ ਬਲ ਨਾਲ ਨਵੀਂ ਵਿਉਂਤ ਰਾਹੀਂ, 'ਖੰਡੇ ਦੀ ਪਾਹੁਲ' ਦੇ ਰੂਪ ਵਿਚ ਤਿਆਰ ਕੀਤਾ, ਪੰਜਾਂ ਨੂੰ ਛਕਾਇਆ ਤੇ ਫੇਰ ਗੁਰੂ ਤੇ ਸਿਖ ਦੀ ਅਭੇਦਤਾ ਦਰਸਾਉਣ ਲਈ, ਉਨ੍ਹਾਂ ਪਾਸੋਂ ਆਪ ਛੱਕਿਆ, ਗੁਰੂ ਚੇਲਾ, ਤੇ ਚੇਲਾ ਗੁਰੂ ਹੋ ਗਿਆ।

ਭਾਈ ਨੰਦ ਲਾਲ ਜੀ ਇਸ ਗ਼ਜ਼ਲ ਵਿਚ ਇਸੇ ਪਿਰਮ ਰਸ ਦੇ ਪਿਆਲੇ ਨੂੰ ਪੀ ਕੇ ਕਰਮ ਕਾਂਡ ਦੇ ਬੰਧਨਾਂ ਤੋਂ ਖਲਾਸੀ ਪਾਉਣ ਦਾ ਮਸ਼ਵਰਾ ਦੇ ਰਹੇ ਹਨ। ਪ੍ਰਭੂ-ਰੰਗ-ਰੱਤਿਆਂ ਦੀਆਂ ਨਜ਼ਰਾਂ ਵਿਚ ਅਲਾਹ ਤੇ ਰਾਮ ਦੇ ਭਰਮ-ਭੇਦ ਮਿੱਟ ਜਾਂਦੇ ਹਨ। ਉਨ੍ਹਾਂ ਨੂੰ ਹਰ ਪਾਸੇ ਇੱਕੋ ਦਾ ਜ਼ਹੂਰ ਦਿੱਸਦਾ ਹੈ। ਉਹ ਗੁਰੂ ਦੇ ਬਚਨਾਂ-ਰੂਪੀ ਕਿਲ੍ਹੇ ਦੀ ਕੈਦ ਵਿਚ ਬੱਝ ਕੇ, ਕਾਮ ਕ੍ਰੋਧ ਆਦਿ ਡਾਕੂਆਂ ਤੋਂ ਮਹਿਫ਼ੂਜ਼ ਹੋ ਜਾਂਦੇ ਹਨ। ਉਨ੍ਹਾਂ ਦਾ, ਬੱਸ, ਇੱਕੋ ਇੱਕ ਕਰਤੱਵ ਰਹਿ ਜਾਂਦਾ ਹੈ—ਵਾਹਿਗੁਰੂ ਦੀ ਸਿਫ਼ਤ-ਸਲਾਹ ਵਿਚ ਮਸਤ ਰਹਿਣਾ, ਧਰਮ ਦੀ ਕਿਰਤ ਕਰਨਾ ਤੇ ਕਿਸੇ ਦੀ ਕਾਣ ਨਾ ਕੱਢਣਾ। ਉਹ ਪਾਤਸ਼ਾਹਾਂ ਦੇ ਪਾਤਸ਼ਾਹ ਹੋ ਨਿਬੜਦੇ ਹਨ। ਫ਼ੁਰਮਾਨ ਹੈ

ਜਿਸਨੋ ਬਖਸੇ ਸਿਫਤਿ ਸਾਲਾਹ ॥ ਨਾਨਕ, ਪਾਤਿਸਾਹੀ ਪਾਤਸਾਹੁ ॥ (ਜਪੁਜੀ)

.ਗ਼ਜ਼ਲ ਨੰਬਰ ੪੧

ਹਮਾ ਰਾ ਸੀਨਾ-ਇ ਬਿਰਯਾਨਸਤੋ, ਬਿਰਯਾਨਸਤੋ, ਬਿਰਯਾਨਸ਼।
ਦੋ ਆਲਮ, ਬਹਰਿ ਆਂ ਦੀਦਾਰ, ਹੈਰਾਨਸਤੋ, ਹੈਰਾਨਸ਼॥੧॥

ਜ਼ਿ ਖ਼ਾਕਿ ਕੂਏ ਤੋ, ਕਾਂ ਸੁਰਮਾ-ਇ ਅਹਲਿ ਨਜ਼ਰ ਬਾਸ਼ਦ।
ਨਮੇ ਬਾਸ਼ਦ ਇਲਾਜੇ ਬਿਹ, ਬਰਾਏ ਚਸ਼ਮਿ ਗਿਰਯਾਨਸ਼॥੨॥

ਮਹ ਓ, ਖ਼ੁਰਸ਼ੀਦ, ਗਿਰਦਿ ਕੂਏ ਊ, ਗਰਦੰਦ ਰੋਜ਼ੋ ਸ਼ਬ।
ਅਜਾਇਬ ਰੌਸ਼ਨੀ ਬਖ਼ਸ਼, ਦੋ ਆਲਮ ਹਸ੍ਤ ਅਹਿਸਾਨਸ਼॥੩॥

ਬ-ਹਰ ਸੂਏ ਕਿ ਮੇ ਬੀਨਮ, ਜਮਾਲਸ਼ ਜਲਵਾ-ਗਰ ਬਾਸ਼ਦ।
ਜਹਾਂ ਆਸ਼ੁਫ਼ਤਾ ਓ ਸ਼ੈਦਾ, ਬ-ਦਾਮਿ, ਜ਼ੁਲਫ਼ਿ ਪੇਚਾਨਸ਼॥੪॥

ਸ਼ੁਦਹ ਜੈਬਿ ਜ਼ਮੀਂ ਪੁਰ ਲੂਲੂਏ ਲਾਲਹ ਜ਼ਿ ਅਸ਼ਕਿ ਮਨ।
ਜਹਾਂ ਬ-ਗੁਿਫ਼ਤਾ-ਅਮ 'ਗੋਇਆ', ਬ-ਯਾਦਿ ਲਾਅਲਿ ਖ਼ੰਦਾਨਸ਼॥੫॥

ਪੰਜਾਬੀ ਕਾਵਿ ਅਨੁਵਾਦ

੧. ਸੱਭੇ ਸੀਨੇ ਕੋਲੇ ਹੋਏ, ਸੜ ਕੇ ਵਿੱਚ ਹਿਜਰ ਦੇ।
ਦੋਵੇਂ ਆਲਮ ਦਰਸ਼ਨ ਬਾਝੋਂ, ਬਿਹਬਲ ਦਿੱਸਣ ਫਿਰਦੇ, ਹੂ।

੨. ਮਹਾਂ ਪੁਰਸ਼ਾਂ ਦੀ ਅੱਖ ਦਾ ਸੁਰਮਾ, ਦਰ ਤੇਰੇ ਦੀ ਮਿੱਟੀ।
ਨੀਰ ਵਹਾਂਦੀ ਅੱਖ ਲਈ ਇਹ ਔਸ਼ਧ, ਵਧੀਆ ਡਿੱਠੀ, ਹੂ।

੩. ਚੰਦ ਤੇ ਸੂਰਜ ਨਿੱਤ ਪ੍ਰਕਰਮਾ, ਦਰ ਉਸ ਦੇ ਦੀ ਕਰਦੇ।
ਮਿਹਰ ਪ੍ਰਭੂ ਦੀ ਰਾਹੀਂ, ਦੁਨੀਆ ਨਾਲ ਨੂਰ ਨਿੱਤ ਭਰਦੇ, ਹੂ।

੪. ਜਿੱਧਰ ਅੱਖ ਉਠਾ ਕੇ ਵੇਖਾਂ, ਜਲਵਾ ਓਸੇ ਪਾਸੇ।
ਜ਼ੁਲਫ਼ ਮਾਹੀ ਦਾ ਆਸ਼ਕ ਸਾਰਾ, ਆਲਮ ਮੈਨੂੰ ਭਾਸੇ, ਹੂ।

੫. ਅੱਖ ਮੇਰੀ ਦੇ ਹੰਝੂ-ਲਾਲਾਂ, ਧਰਤੀ ਦਾ ਲੜ ਫੜਿਆ।
ਉਸ ਦੇ ਹਸਦੇ ਹੋਠਾਂ ਸਦਕਾ, 'ਗੋਇਆ' ਆਲਮ ਠਰਿਆ, ਹੂ।

ਹਮਾ ਰਾ ਸੀਨਾ-ਇ ਬਿਰਯਾਨਸਤੋ, ਬਿਰਯਾਨਸਤੋ, ਬਿਰਯਾਨਸ਼।
ਦੋ ਆਲਮ ਬਹਰਿ ਆਂ ਦੀਦਾਰ, ਹੈਰਾਨਸਤੋ, ਹੈਰਾਨਸ਼ ॥੧॥

ਸ਼ਬਦਾਰਥ : ਹਮਾ ਰਾ—ਸਾਰਿਆਂ ਦਾ। ਬਿਰਯਾਨ—ਭੁਜਿਆ ਹੋਇਆ। ਬ-ਹਰਿ ਆਂ ਦੀਦਾਰ—ਉਸ (ਦੇ) ਦਰਸ਼ਨ ਵਾਸਤੇ। ਸਤ—ਅਸ੍ਤ, ਹੈ।

ਅਰਥ : ਸਾਰਿਆਂ (ਸਾਰੀ ਲੋਕਾਈ) ਦਾ ਸੀਨਾ (ਤੇਰੇ ਬਿਰਹੋਂ ਵਿੱਚ) ਭੁੱਜਾ ਹੋਇਆ (ਤੜਪ ਤੇ ਸੋਜ਼-ਭਰਪੂਰ) ਹੈ। ਦੋਵੇਂ ਜਹਾਨ ਉਸ ਦੇ (ਤੇਰੇ) ਦਰਸ਼ਨਾਂ ਲਈ ਹੈਰਾਨ ਹਨ (ਬਿਹਬਲ ਹਨ)।

ਜ਼ਿ ਖ਼ਾਕਿ ਕੂਏ ਤੋ, ਕਾਂ ਸੁਰਮਾ-ਇ ਅਹਲਿ ਨਜ਼ਰ ਬਾਸ਼ਦ।
ਨਮੇ ਬਾਸ਼ਦ ਇਲਾਜੇ ਬਿਹ, ਬਰਾਏ ਚਸ਼ਮਿ ਗਿਰਯਾਨਸ਼ ॥੨॥

ਸ਼ਬਦਾਰਥ : ਕਾਂ—ਕਿ ਆਂ, ਕਿ ਉਹ। ਅਹਲਿ ਨਜ਼ਰ—ਨਜ਼ਰ ਵਾਲੇ, ਦਿਬ ਦ੍ਰਿਸ਼ਟੀ ਵਾਲੇ, ਗਿਆਨੀ। ਨਮੇ ਬਾਸ਼ਦ—ਨਹੀਂ ਹੁੰਦਾ। ਬਿਹ—ਚੰਗੇਰਾ। ਗਿਰੀਆਂ—ਰੋਣ ਵਾਲੀ। ਸ਼—ਉਸ ਦੀ।

ਅਰਥ : ਤੇਰੀ ਗਲੀ ਦੀ ਮਿੱਟੀ ਤੋਂ, ਜੋ ਕਿ ਉੱਚੀ ਨਜ਼ਰ ਵਾਲੇ ਪੁਰਸ਼ਾਂ ਦੀ ਨਜ਼ਰ ਦਾ ਸੁਰਮਾ ਹੁੰਦੀ ਹੈ, ਹੋਰ ਚੰਗੇਰਾ (ਬਿਹਤਰ) ਇਲਾਜ ਉਸ ਦੀ ਰੋਣ ਵਾਲੀ ਅੱਖ ਲਈ ਨਹੀਂ ਹੋ ਸਕਦਾ। (ਭਾਵ, ਤੇਰੇ ਬਿਰਹੋਂ ਵਿਚ ਵਿਰਲਾਪ ਕਰਦੇ ਸੂਝਵਾਨਾਂ ਲਈ ਤੇਰੀ ਚਰਨ ਧੂੜੀ ਹੀ ਕਾਰੀ ਇਲਾਜ ਹੈ)।

ਮਹ ਓ ਖ਼ੁਰਸ਼ੀਦ, ਗਿਰਦਿ ਕੂਏ ਊ, ਗਰਦੰਦ ਰੋਜ਼ੋ ਸ਼ਬ।
ਅਜਾਇਬ ਰੌਸ਼ਨੀ ਬਖ਼ਸ਼, ਦੋ ਆਲਮ ਹਸ੍ਤ ਅਹਿਸਾਨਸ਼ ॥੩॥

ਸ਼ਬਦਾਰਥ : ਮਹ—ਚੰਦਰਮਾ। ਖ਼ੁਰਸ਼ੀਦ—ਸੂਰਜ। ਗਿਰਦ—ਚੁਗਿਰਦੇ, ਚੁਫੇਰੇ। ਗਰਦੰਦ—ਫਿਰ ਰਹੇ ਹਨ। ਰੋਜ਼ੋ ਸਬ—ਦਿਨ ਤੇ ਰਾਤ। ਅਹਿਸਾਨਸ਼—ਉਸ ਦੀ ਕਿਰਪਾ, ਮਿਹਰ। ਅਜਾਇਬ—ਅਸਚਰਜ।

ਅਰਥ : ਚੰਦ ਤੇ ਸੂਰਜ (ਦੋਵੇਂ) ਉਸ (ਪ੍ਰੀਤਮ) ਦੇ ਕੂਚੇ ਦੇ ਆਲੇ ਦੁਆਲੇ ਦਿਨ ਰਾਤ ਘੁੰਮਦੇ ਹਨ। ਉਸ ਦੀ ਕਿਰਪਾਲਤਾ ਦੋਹਾਂ ਲੋਕਾਂ ਨੂੰ ਅਸਚਰਜ ਚਾਨਣ ਬਖ਼ਸ਼ ਕੇ ਅਹਿਸਾਨ ਕਰਨ ਵਾਲੀ ਹੈ।

ਬ-ਹਰ ਸੂਏ ਕਿ ਮੇ ਬੀਨਮ, ਜਮਾਲਸ਼ ਜਲਵਾ-ਗਰ ਬਾਸ਼ਦ।
ਜਹਾਂ ਆਸ਼ੁਫ਼ਤਾ ਓ ਸ਼ੈਦਾ, ਬ-ਦਾਮਿ, ਜ਼ੁਲਫ਼ਿ ਪੇਚਾਨਸ਼ ॥੪॥

ਸ਼ਬਦਾਰਥ : ਮੇ ਬੀਨਮ—ਮੈਂ ਵੇਖਦਾ ਹਾਂ। ਜਮਾਲਸ਼—ਉਸ ਦਾ ਹਸੁਨ, ਸੁੰਦਰਤਾ। ਜਲਵਾਗਰ—ਪ੍ਰਕਾਸ਼ਮਾਨ। ਆਸ਼ੁਫ਼ਤਾ—ਪ੍ਰੇਸ਼ਾਨ, ਭੌਰ ਭੌਰ, ਚਿੰਤਤ। ਸ਼ੈਦਾ—ਪ੍ਰੀਤਵਾਨ, ਆਸ਼ਕ। ਬ+ਦਾਮ—ਜਾਲ ਵਿਚ। ਜ਼ੁਲਫ਼ਿ ਪੇਚਾਨ+ਸ਼—ਉਸ ਦੀ ਪੇਚਾਂ ਵਾਲੀ ਜ਼ੁਲਫ਼।

ਅਰਥ : ਜਿਸ ਪਾਸੇ (ਵੀ) ਮੈਂ ਵੇਖਦਾ ਹਾਂ ਉਸ ਦਾ ਸੁਹੱਪਣ ਪ੍ਰਕਾਸ਼ਮਾਨ ਹੈ। ਜਹਾਨ

ਉਸ ਦੀ ਕੁੰਡਲਾਂ ਵਾਲੀ ਜ਼ੁਲਫ਼ (ਕੇਸਾਂ ਦੀ ਸੁੰਦਰਤਾ) ਦੀ ਫਾਹੀ ਲਈ ਚਿੰਤਤ ਤੇ ਆਸ਼ਕ ਹੈ।

ਸ਼ੁਦਹ ਜੈਬਿ ਜ਼ਮੀਂ ਪੁਰ ਲੂਲੂਏ ਲਾਲਹ ਜ਼ਿ ਅਸ਼ਕਿ ਮਨ।
ਜਹਾਂ ਬ-ਗਿਫ਼ਤਾ-ਅਮ 'ਗੋਇਆ', ਬ-ਯਾਦਿ ਲਾਅਲਿ ਖ਼ੰਦਾਨਸ਼॥੫॥

ਸ਼ਬਦਾਰਥ : ਪੁਰ ਸ਼ੁਦਾ—ਭਰੀ ਹੋਈ ਹੈ। ਲੂਲੂਏ—ਮੋਤੀ। ਲਾਲਹ—ਲਾਲ, ਸੁਰਖ਼। ਅਸ਼ਕ—ਅਥਰੂ। ਬ-ਗਿਫ਼ਤਾਅਮ—ਮੈ ਫੜਿਆ ਹੋਇਆ ਹਾਂ। ਲਾਅਲਿ—ਸੁਰਖ਼ (ਹੋਂਠ)। ਖ਼ੰਦਾਨਸ਼—ਉਸ ਦੇ ਹਸਦੇ ਹੋਏ, ਖੇੜੇ ਵਾਲੇ।

ਅਰਥ : ਧਰਤੀ ਦੀ ਜੇਬ ਮੇਰੇ ਅਥਰੂਆਂ ਦੇ ਲਾਲ ਮੋਤੀਆਂ ਨਾਲ ਭਰੀ ਹੋਈ ਹੈ। ਐ ਗੋਇਆ, ਮੈਂ ਜਹਾਨ ਨੂੰ ਉਸ ਦੇ ਖੇੜੇ-ਭਰਪੂਰ ਬੁਲ੍ਹਾਂ ਦੀ ਯਾਦ ਨਾਲ ਫੜ ਰਖਿਆ ਹੈ। (ਭਾਵ ਇਹ ਹੈ ਕਿ ਪ੍ਰੀਤਮ ਦੀ ਆਮਦ ਦੀ ਲੰਮੀ ਉਡੀਕ ਵਿਚ ਲਾਲ ਹੋਏ ਨੈਣਾਂ ਵਿਚੋਂ ਜੋ ਅਥਰੂ ਡਿਗਦੇ ਹਨ, ਉਹ ਲਾਲ ਮੋਤੀਆਂ ਸਮਾਨ ਭਾਸਦੇ ਹਨ ਅਤੇ ਇਹ ਇਸ ਬਹੁਤਾਤ ਵਿਚ ਵਹਿ ਰਹੇ ਹਨ ਕਿ ਸਾਰੀ ਧਰਤੀ ਇਨ੍ਹਾਂ ਨਾਲ ਭਰ ਗਈ ਹੈ)। (ਇਥੇ ਵੈਰਾਗ-ਮਈ, ਬਿਹਬਲ ਅਵਸਥਾ ਦਾ ਚਿੱਤਰ ਖਿੱਚਿਆ ਗਿਆ ਹੈ)।

ਵਿਆਖਿਆ

ਇਸ ਗ਼ਜ਼ਲ ਦਾ ਭਾਵ ਵਧੇਰੇ ਕਰਕੇ ਗ਼ਜ਼ਲ ਨੰਬਰ ੮ ਤੇ ੩੯ ਵਿਚ ਆ ਚੁੱਕਾ ਹੈ।

ਗ਼ਜ਼ਲ ਨੰਬਰ ੪੨

ਹਰ ਕਸ ਸ਼ੁਨੀਦਾ ਅਸ੍ਰ ਬ-ਦਿਲ, ਗੁਫ਼ਤਗੂਏ ਖ਼ਾਸ।
ਅਜ਼ ਸਦ ਗ਼ਮਿ ਸ਼ਦੀਦ ਸ਼ੁਦਾ, ਜ਼ੂਦ ਤਰ ਖ਼ਲਾਸ॥੧॥

ਆਬਿ ਹਯਾਤਿ ਮਾ, ਸੁਖ਼ਨਿ ਪੀਰਿ ਕਾਮਲ ਅਸ੍ਰ।
ਦਿਲਹਾਇ ਮੁਰਦਾ ਰਾ, ਬ-ਕੁਨੱਦ ਜ਼ਿੰਦਾ-ਓ ਖ਼ਲਾਸ॥੨॥

ਈਂ ਖ਼ੁਦ-ਨੁਮਾਈ-ਇ ਤੋ, ਖ਼ੁਦਾ ਹਸ੍ਰ ਦੂਰ ਤਰ।
ਬੀਨੀ ਦਰੂਨਿ ਖ਼ੇਸ਼, ਸ਼ਵੀ ਅਜ਼ ਖ਼ੁਦੀ ਖ਼ਲਾਸ॥੩॥

ਚੂੰ ਸਾਲਕਾਨਿ ਖ਼ੁਦਾਏ ਰਾ, ਬ-ਕੁਨੀ ਤੂ ਖ਼ਿਦਮਤੇ।
ਅਜ਼ ਕੈਦਿ ਗ਼ਮਿ ਜਹਾਂ, ਬ-ਸ਼ਵੱਦ ਜਾਨਿ ਤੋ ਖ਼ਲਾਸ॥੪॥

'ਗੋਇਆ' ਤੋ ਦਸਤਿ ਖ਼ੁਦ ਰਾ, ਅਜ਼ੀਂ ਹਿਰਸ ਕੋਤਹ ਕੁਨ।
ਤਾ ਅੰਦਰੂਨਿ ਖ਼ਾਨਾ, ਬ-ਬੀਨੀ ਖ਼ੁਦਾਏ ਖ਼ਾਸ॥੫॥

ਪੰਜਾਬੀ ਕਾਵਿ ਅਨੁਵਾਦ

੧. ਜਿਸ ਕਿਸੇ ਵੀ ਸਤਿਗੁਰ ਪਾਸੋਂ, ਪਾਇਆ ਰਮਜ਼-ਇਸ਼ਾਰਾ।
ਸੈਆਂ ਮਾਰੂ ਫਿਕਰਾਂ ਕੋਲੋਂ, ਪਾਇਆ ਉਸ ਛੁਟਕਾਰਾ, ਹੂ।

੨. ਸਾਡੇ ਲਈ ਹੈ ਅੰਮ੍ਰਿਤਧਾਰਾ, ਬਾਣੀ ਪਾਕ ਗੁਰਾਂ ਦੀ।
ਮੋਇਆਂ ਨੂੰ ਜੀਵਾਵਣ-ਹਾਰੀ, ਨਾਲੇ ਮੁਕਤ ਕਰਾਂਦੀ, ਹੂ।

੩. ਤੇਰੇ ਖ਼ੁਦੀ ਤਕੱਬਰ ਕੋਲੋਂ, ਰੱਬ ਹੈ ਦੂਰ ਨਸਾਂਦਾ।
ਇਸ ਤੋਂ ਮੁਕਤ ਹੋਣ ਦੀ ਖ਼ਾਤਰ, ਕਿਉਂ ਅੰਦਰ ਝਾਤ ਨਹੀਂ ਪਾਂਦਾ, ਹੂ।

੪. ਪੰਧ-ਪ੍ਰਭੂ ਦੇ ਚੱਲਣ ਵਾਲੇ ਦਾ ਜੋ ਸੇਵ ਕਮਾਵੇ।
ਗ਼ਮ ਦੀ ਕੈਦੋਂ ਜਾਨ ਓਸ ਦੀ, ਤੁਰਤ ਖ਼ਲਾਸੀ ਪਾਵੇ, ਹੂ।

੫. 'ਗੋਇਆ' ਆਪਣੇ ਹੱਥਾਂ ਤਾਈਂ, ਹਿਰਸੋਂ ਖਿੱਚ ਪਿਆਰੇ।
ਤਾਂ ਜੁ ਆਪਣੇ ਵਿਚੋਂ ਪਾਵੇਂ, ਰੱਬੀ ਖ਼ਾਸ ਦੀਦਾਰੇ, ਹੂ।

ਹਰ ਕਸ ਸ਼ੁਨੀਦਾ ਅਸ੍ਤ ਬ-ਦਿਲ ਗੁਫ਼ਤਗੂਏ ਖ਼ਾਸ।
ਅਜ਼ ਸਦ ਗ਼ਮਿ ਸ਼ਦੀਦ ਸ਼ੁਦਾ, ਜ਼ੂਦ ਤਰ ਖ਼ਲਾਸ ॥੧॥

ਸ਼ਬਦਾਰਥ : ਹਰ ਕਸ—ਜਿਸ ਕਿਸੇ। ਸ਼ੁਨੀਦਾ ਅਸ੍ਤ—ਸੁਣਿਆ ਹੈ। ਬ-ਦਿਲ—ਦਿਲ ਨਾਲ। ਗੁਫ਼ਤਗੂਏ ਖ਼ਾਸ—ਖ਼ਾਸ ਗੱਲ ਬਾਤ। ਸ਼ਦੀਦ—ਕਰੜਾ। ਜ਼ੂਦ ਤਰ—ਬਹੁਤ ਛੇਤੀ। ਖ਼ਲਾਸ—ਬੰਧਨ ਰਹਿਤ।

ਅਰਥ : ਜਿਸ ਕਿਸੇ ਨੇ (ਸਤਿਗੁਰੂ ਪਾਸੋਂ) ਚਿੱਤ ਲਾ ਕੇ ਖ਼ਾਸ (ਰਮਜ਼ ਵਾਲੀ) ਗੱਲ ਬਾਤ ਸੁਣ ਲਈ ਹੈ, ਉਸ ਨੇ ਸੈਂਕੜੇ ਡੂੰਘੇ ਗ਼ਮਾਂ ਤੋਂ ਬਹੁਤ ਛੇਤੀ ਛੁਟਕਾਰਾ ਪਾ ਲਿਆ।

ਆਬਿ ਹਯਾਤਿ ਮਾ, ਸੁਖ਼ਨਿ ਪੀਰਿ ਕਾਮਲ ਅਸ੍ਤ।
ਦਿਲਹਾਇ ਮੁਰਦਾ ਰਾ, ਬ-ਕੁਨੱਦ ਜ਼ਿੰਦਾ-ਓ ਖ਼ਲਾਸ ॥੨॥

ਸ਼ਬਦਾਰਥ : ਆਬਿ ਹਯਾਤ—ਜ਼ਿੰਦਗੀ ਦਾ ਪਾਣੀ, ਅੰਮ੍ਰਿਤ। ਸੁਖ਼ਨ—ਬਚਨ। ਪੀਰਿ ਕਾਮਲ—ਪੂਰਾ ਸਤਿਗੁਰੂ। ਬ-ਕੁਨੱਦ—ਕਰਦਾ ਹੈ।

ਅਰਥ : ਕਾਮਲ (ਪੂਰਨ) ਗੁਰੂ ਦੇ ਬਚਨ ਸਾਡਾ (ਸਾਡੇ ਲਈ) ਅੰਮ੍ਰਿਤ ਹਨ। (ਇਹ) ਮੁਰਦੇ ਦਿਲਾਂ ਨੂੰ ਜ਼ਿੰਦਾ ਤੇ ਮੁਕਤ ਕਰਦੇ ਹਨ।

ਈਂ ਖ਼ੁਦ-ਨੁਮਾਈ-ਇ ਤੋ, ਖ਼ੁਦਾ ਹਸ੍ਤ ਦੂਰ ਤਰ।
ਬੀਨੀ ਦਰੂਨਿ ਖ਼ੇਸ਼, ਸ਼ਵੀ ਅਜ਼ ਖ਼ੁਦੀ ਖ਼ਲਾਸ ॥੩॥

ਸ਼ਬਦਾਰਥ : ਖ਼ੁਦ ਨੁਮਾਈ—ਆਪਣੇ ਆਪ ਦਾ ਵਿਖਾਵਾ, ਹਉਮੈ ਭਾਵ। ਦੂਰ ਤਰ—ਹੋਰ ਦੂਰ, ਵਧੇਰੇ ਦੂਰ। ਬੀਨੀ—ਤੂੰ ਵੇਖੇਂ। ਦਰੂਨਿ ਖ਼ੇਸ਼—ਆਪਣੇ ਅੰਦਰ। ਸ਼ਵੀ—ਤੂੰ ਹੋਵੇਂ। ਖ਼ੁਦੀ—ਹਉਮੈ।

ਅਰਥ : ਤੇਰੇ ਵਿਖਾਵੇ ਦੇ ਭਾਵਾਂ ਤੋਂ ਰੱਬ ਬਹੁਤ ਦੂਰ ਹੈ। (ਜੇ) ਆਪਣੇ ਅੰਦਰ ਝਾਤੀ ਮਾਰੇਂ (ਤਾਂ) ਹਉਮੈ ਤੋਂ ਖਲਾਸੀ ਹੋ ਜਾਏ। (ਭਾਵ, ਦਿਖਾਵਾ ਕਰਨ ਦੀ ਥਾਂ, ਹਉਮੈ ਦੂਰ ਕਰ ਕੇ ਆਪਣੇ ਅੰਦਰ ਝਾਤੀ ਮਾਰੋ)।

ਚੂੰ ਸਾਲਕਾਨਿ ਖ਼ੁਦਾਏ ਰਾ, ਬ-ਕੁਨੀ ਤੂ ਖ਼ਿਦਮਤੇ।
ਅਜ਼ ਕੈਦਿ ਗ਼ਮਿ ਜਹਾਂ, ਬ-ਸ਼ਵੱਦ ਜਾਨਿ ਤੋ ਖ਼ਲਾਸ ॥੪॥

ਸ਼ਬਦਾਰਥ : ਸਾਲਕਾਨ—ਬਹੁ-ਵਚਨ 'ਸਾਲਿਕ' ਦਾ, ਪ੍ਰਭੂ ਦੇ ਰਸਤੇ ਤੁਰਨ ਵਾਲੇ। ਬ-ਕੁਨੀ—ਤੂੰ ਕਰੀਂ। ਚੂੰ—ਜਦ।

ਅਰਥ : ਜਦ ਤੂੰ ਪ੍ਰਭੂ ਦੇ ਮਾਰਗ ਉਤੇ ਤੁਰਨ ਵਾਲਿਆਂ ਦੀ ਸੇਵਾ ਕਰੇਂਗਾ, (ਤਾਂ) ਦੁਨੀਆ ਦੇ ਗ਼ਮਾਂ ਦੀ ਕੈਦ ਤੋਂ ਤੇਰੀ ਜਾਨ ਦੀ ਖ਼ਲਾਸੀ ਹੋ ਜਾਵੇਗੀ।

'ਗੋਇਆ' ਤੋ ਦਸਤਿ ਖ਼ੁਦ ਰਾ, ਅਜ਼ੀਂ ਹਿਰਸ ਕੋਤਹ ਕੁਨ।
ਤਾ ਅੰਦਰੂਨਿ ਖ਼ਾਨਾ, ਬ-ਬੀਨੀ ਖ਼ੁਦਾਏ ਖ਼ਾਸ ॥੫॥

ਸ਼ਬਦਾਰਥ : ਹਿਰਸ—ਲਾਲਚ, ਤ੍ਰਿਸ਼ਨਾ। ਕੋਤਹ ਕੁਨ—ਛੋਟੇ ਕਰ, ਸੰਕੋਚ ਲੈ। ਖ਼ਾਨਾ—ਘਰ (ਦਿਲ)। ਬਬੀਨੀ—ਤੂੰ ਵੇਖੇਂ।

ਅਰਥ : 'ਗੋਇਆ' ਤੂੰ ਆਪਣੇ ਹੱਥ ਤ੍ਰਿਸ਼ਨਾ ਵਲੋਂ ਖਿਚ ਲੈ, ਤਾਂ ਜੁ ਤੂੰ ਦਿਲ ਵਿਚ ਖ਼ਾਸ (ਸਤਿ) ਪ੍ਰਭੂ ਦੇ ਦਰਸ਼ਨ ਕਰੇਂ। (ਭਾਵ, ਵਾਹਿਗੁਰੂ ਦੇ ਦਰਸ਼ਨ ਹਿਰਦੇ ਅੰਦਰ ਕਰਨ ਲਈ ਲਾਲਚ ਛਡ ਤੇ ਸੰਤੋਖੀ ਬਣ)।

ਵਿਆਖਿਆ

ਭਾਈ ਸਾਹਿਬ ਇਸ ਗ਼ਜ਼ਲ ਵਿੱਚ ਦੋ ਵੀਚਾਰ ਬੜੀ ਸਪੱਸ਼ਟਤਾ ਨਾਲ ਉਘੇੜਦੇ ਹਨ। ਇਕ ਤਾਂ 'ਹਿਰਸ' (ਤ੍ਰਿਸ਼ਨਾ) ਨੂੰ ਤਿਆਗਣ ਦਾ ਵੀਚਾਰ, ਤੇ ਦੂਜਾ 'ਆਪਾ ਭਾਵ' ਹਉਮੈ) ਨੂੰ ਮਿਟਾਉਣ ਦਾ। ਤ੍ਰਿਸ਼ਨਾ ਤੇ ਹਉਮੈ ਦੇ ਗਰਦ-ਗੁਬਾਰ ਦਾ ਅਭਾਵ ਹੋਣ ਉਤੇ ਹੀ ਆਪਣੇ ਅੰਦਰ ਝਾਤੀ ਮਾਰੀ ਜਾ ਸਕੀਦੀ ਹੈ। ਜਾਂ ਇਉਂ ਆਖੋ ਕਿ ਆਪਾ ਚੀਨੇ ਤੋਂ ਬਨਾਂ ਇਹ ਭਰਮ ਦੀ 'ਕਾਈ' ਮਿਟਣੀ ਸੰਭਵ ਨਹੀਂ, ਨੌਵੇਂ ਗੁਰਦੇਵ ਦਾ ਫ਼ੁਰਮਾਨ ਹੈ

ਜਨ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ॥

(ਧਨਾਸਰੀ ਮ: ੯, ਪੰਨਾ ੬੮੪)

ਸੋ ਇਸ ਸਮੱਸਿਆ ਨੂੰ ਕਿਸੇ ਸਿਰਿਓਂ ਵੀ ਹਲ ਕਰਨ ਲਈ ਸਾਹਸ ਕਿਉਂ ਨਾ ਧਾਰਿਆ ਜਾਵੇ, ਮੁਬਾਰਕ ਹੈ। ਸਦ-ਗੁਣਾਂ ਦੀ ਪ੍ਰਾਪਤੀ ਨਾਲ ਵਿਕਾਰਾਂ ਦਾ ਅਭਾਵ ਹੁੰਦਾ ਹੈ, ਅਤੇ ਤ੍ਰੇਨ੍ਹਾਂ ਦੇ ਅਭਾਵ ਨਾਲ ਆਪੇ ਦੀ ਸੋਝੀ ਪੈਂਦੀ ਹੈ।

ਗ਼ਜ਼ਲ ਨੰਬਰ ੪੩

ਬਯਾ ਚੂ ਸਰਵਿ ਖ਼ੁਰਾਮਾਂ, ਦਮੇ, ਬ-ਸੈਰਿ ਰਿਆਜ਼।
ਸਵਾਦਿ ਦੀਦਾ-ਇ ਮਾ ਜ਼ਾਂਕਿ: ਬੇ ਤੋ, ਗਸ਼ਤ ਬਿਆਜ਼ ॥੧॥

ਬਰਾਏ ਰੇਸ਼ਿ ਦਿਲਮ, ਖ਼ੰਦਾਇ ਤੋ, ਮਰਹਮੇ ਬਸ।
ਤਬੱਸਮਿ ਲਬਿ ਲਾਅਲਤ, ਦਵਾਏ ਹਰ ਅਮਰਾਜ਼ ॥੨॥

ਨਿਗਾਹ ਕਰਦ, ਵ ਮਤਾਇ ਦਿਲਮ, ਬ-ਗ਼ਾਰਤ ਬੁਰਦ।
ਬਰੀਦ ਜੇਬਿ ਦਿਲਮ ਰਾ, ਬ-ਗ਼ਮਜ਼ਹ, ਚੂੰ ਮਿਕ਼ਰਾਜ਼ ॥੩॥

ਬ-ਫ਼ੈਜ਼ਿ ਮਕੱਦਮਤ, ਐ ਨੌ-ਬਹਾਰਿ ਗੁਲਸ਼ਨਿ ਹੁਸਨ।
ਜਹਾਂ ਚੋ ਬਾਗ਼ਿ ਇਰਮ ਗਸ਼ਤਹ, ਐ ਜ਼ਹੇ ਫ਼ਯਾਜ਼ ॥੪॥

ਚਿਰਾ ਬ-ਹਾਲਤਿ 'ਗੋਇਆ', ਨਜ਼ਰ ਨਮੇ ਫ਼ਿਗਨੀ।
ਕਿ ਯਕ ਨਿਗਾਹਿ ਤੋ, ਹਾਸਿਲ ਮੁਰਾਦਿ ਅਹਿਲਿ ਇਗ਼ਰਾਜ ॥੫॥

ਪੰਜਾਬੀ ਕਾਵਿ ਅਨੁਵਾਦ

੧. ਤੁਰਦੇ ਫਿਰਦੇ ਸਰੂ ਦੇ ਬੂਟੇ, ਆਵੀਂ ਬਾਗ਼ ਤੂੰ ਮੇਰੇ।
ਨੈਨ ਮੇਰੇ ਰੋ, ਚਿੱਟੇ ਹੋਏ, ਬਾਝੋਂ ਦਰਸ਼ਨ ਤੇਰੇ, ਹੂ।

੨. ਜ਼ਖ਼ਮੀ ਦਿਲ ਨੂੰ ਹਾਸਾ ਤੇਰਾ, ਡਾਢੀ ਮਰਹਮ ਕਾਰੀ।
ਬੁੱਲ੍ਹਾਂ ਦੀ ਮੁਸਕਾਹਟ ਤੇਰੀ, ਦਾਰੂ ਹਰ ਬੀਮਾਰੀ, ਹੂ।

੩. ਦਿਲ ਮੇਰੇ ਦੀ ਪੂੰਜੀ ਖੋਹ ਲਈ, ਪਾ ਇੱਕ ਝਾਤ ਪਿਆਰੇ।
ਦਿਲ-ਖੀਸੇ ਨੂੰ ਕੈਂਚੀ ਵਾਂਙੂ, ਕੱਟਿਆ ਅੱਖ-ਇਸ਼ਾਰੇ, ਹੂ।

੪. ਹੁਸਨ-ਚਮਨ ਤੇ ਰੁੱਤ ਬਸੰਤੀ, ਦੇ, ਹੇ ਮਾਲਕ ਪਿਆਰੇ।
ਦੁਨੀਆ ਹੋਈ ਵਾਂਗ ਸੁਰਗ ਦੇ, ਛੁਹ ਤੇਰੇ ਚਰਨਾਰੇ, ਹੂ।

੫. ਕਿਉਂ 'ਗੋਇਆ' ਦੀ ਹਾਲਤ ਉੱਤੇ, ਸਤਿਗੁਰ ਨਜ਼ਰ ਨਹੀਂ ਕਰਦੇ?
ਝਾਤੀ ਪਾ ਕੇ, ਝੋਲੀ ਉਸ ਦੀ, ਨਾਲ ਮੁਰਾਦਾਂ ਭਰਦੇ, ਹੂ?

ਬਯਾ ਚੂ ਸਰਵਿ ਖ਼ੁਰਾਮਾਂ, ਦਮੇ, ਬ-ਸੈਰਿ ਰਿਆਜ਼।
ਸਵਾਦਿ ਦੀਦਾ-ਇ ਮਾ ਜ਼ਾਂਕਿ: ਬੇ ਤੋ, ਗਸ਼ਤ ਬਿਆਜ਼ ॥੧॥

ਸ਼ਬਦਾਰਥ : ਬਯਾ—ਆ। ਚੂ—ਤਰ੍ਹਾਂ, ਮਾਨਿੰਦ। ਸਰਵਿ ਖ਼ੁਰਾਮਾਂ—ਤੁਰਦਾ ਫਿਰਦਾ ਸਰੂ। ਰਿਆਜ਼—ਬਾਗ਼। ਬਿਆਜ਼—ਚਿੱਟੀ। ਸਵਾਦ—ਸਿਆਹੀ।

ਅਰਥ : (ਐ ਪ੍ਰੀਤਮ) ਤੁਰਦੇ ਫਿਰਦੇ ਸਰੂ ਦੀ ਤਰ੍ਹਾਂ ਇਕ ਦਮ ਲਈ ਬਾਗ਼ ਦੀ ਸੈਰ ਲਈ ਆ। ਕਿਉਂ ਜੁ ਸਾਡੀਆਂ ਅੱਖਾਂ ਦੀ ਸਿਆਹੀ ਤੇਰੇ ਬਗ਼ੈਰ ਚਿੱਟੀ ਹੋ ਗਈ। (ਭਾਵ—ਤੈਨੂੰ ਤਕਦਿਆਂ ਤੇ ਤੇਰੇ ਬਿਰਹੋਂ ਵਿੱਚ ਅਥਰੂ ਵਹਾਉਂਦਿਆਂ ਅੱਖਾਂ ਦੀ ਸਿਆਹੀ ਧੁਪ ਗਈ ਹੈ)।

ਬਰਾਏ ਰੇਸ਼ਿ ਦਿਲਮ, ਖ਼ੰਦਾਇ ਤੋ, ਮਰਹਮੋ ਬਸ।
ਤਬੱਸਮਿ ਲਬਿ ਲਾਅਲਤ, ਦਵਾਏ ਹਰ ਅਮਰਾਜ਼ ॥੨॥

ਸ਼ਬਦਾਰਥ : ਬਰਾਏ—ਵਾਸਤੇ। ਰੇਸ਼—ਜ਼ਖ਼ਮ। ਖ਼ੰਦਾ—ਹਾਸਾ। ਤਬੱਸਮ—ਮੁਸਕ੍ਰਾਹਟ। ਲਬਿ ਲਾਅਲ+ਤ—ਤੇਰੇ ਲਾਲ ਬੁਲ੍ਹ। ਅਮਰਾਜ਼—ਬਹੁ-ਵਚਨ 'ਮਰਜ਼' ਦਾ, ਬੀਮਾਰੀਆਂ। ਬਸ—ਬਹੁਤ।

ਅਰਥ : ਮੇਰੇ ਦਿਲ ਦੇ ਜ਼ਖ਼ਮ ਲਈ ਤੇਰਾ ਹਾਸਾ ਮਰਹਮ (ਹੈ) (ਤੇ ਇਹੀ) ਬਹੁਤ (ਹੈ)। ਤੇਰੇ ਲਾਲ ਵਰਗੇ (ਸੁਰਖ਼) ਬੁਲ੍ਹਾਂ ਦੀ ਮੁਸਕ੍ਰਾਹਟ (ਸਾਰੀਆਂ) ਬੀਮਾਰੀਆਂ ਦੀ ਦਵਾ (ਹੈ)।

ਨਿਗਾਹ ਕਰਦ, ਵ ਮਤਾਇ ਦਿਲਮ, ਬ-ਗ਼ਾਰਤ ਬੁਰਦ।
ਬਰੀਦ ਜੇਬਿ ਦਿਲਮ ਰਾ, ਬ-ਗ਼ਮਜ਼ਹ, ਚੂੰ ਮਿਕ਼ਰਾਜ਼ ॥੩॥

ਸ਼ਬਦਾਰਥ : ਮਤਾਅ—ਪੂੰਜੀ, ਰਾਸ। ਗ਼ਾਰਤ ਬੁਰਦ—ਲੁੱਟ ਲਿਆ। ਬਰੀਦ—ਕਤਰ ਲਈ, ਕਟ ਲਈ। ਬ+ਗ਼ਮਜ਼ਹ—ਗ਼ਮਜ਼ਹ ਨਾਲ (ਗ਼ਮਜ਼ਹ—ਮਹਿਬੂਬ ਦਾ ਅੱਖਾਂ ਜਾਂ ਭਰਵੱਟੇ ਦਾ ਇਸ਼ਾਰਾ)। ਮਿਕ਼ਰਾਜ਼—ਕੈਂਚੀ।

ਅਰਥ : (ਮੇਰੇ ਪ੍ਰੀਤਮ) ਨੇ (ਮੇਰੇ ਵਲ) ਨਜ਼ਰ ਕੀਤੀ ਤੇ ਮੇਰੇ ਦਿਲ ਦੀ ਪੂੰਜੀ ਲੁੱਟ ਲਈ (ਆਪਣੇ ਚਰਨੀਂ ਲਾ ਲਿਆ)। ਮੇਰੇ ਦਿਲ ਦੀ ਜੇਬ ਨੂੰ ਉਸ ਨੇ ਅੱਖਾਂ ਦੇ ਇਸ਼ਾਰੇ ਦੀ ਕੈਂਚੀ ਨਾਲ ਕੱਟ ਲਿਆ।

ਭਾਵ **ਕ੍ਰਿਪਾ ਕਟਾਖੵ ਅਵਲੋਕਨੁ ਕੀਨੋ ਦਾਸ ਦਾ ਦੂਖੁ ਬਿਦਾਰਿਓ ॥** *(ਪੰਨਾ ੬੮੧)*

ਵਾਲੀ ਅਵਸਥਾ ਵਾਪਰ ਗਈ ਹੈ, (ਜੇਬ ਨੂੰ ਦਿਲ ਨਾਲ ਅਤੇ ਅੱਖਾਂ ਨੂੰ ਕੈਂਚੀ ਨਾਲ ਉਪਮਾ ਕਿਤਨੀ ਢੁਕਵੀਂ ਹੈ)।

ਬ-ਫ਼ੈਜ਼ਿ ਮਕੱਦਮਤ, ਐ ਨੌ-ਬਹਾਰਿ ਗੁਲਸ਼ਨਿ ਹੁਸਨ।
ਜਹਾਂ ਚੋ ਬਾਗ਼ਿ ਇਰਮ ਗਸ਼ਤਹ, ਐ ਜ਼ਹੇ ਫ਼ਯਾਜ਼ ॥੪॥

ਸ਼ਬਦਾਰਥ : ਬ+ਫ਼ੈਜ਼—ਮਿਹਰ ਨਾਲ, ਕਿਰਪਾ ਨਾਲ। ਮਕੱਦਮ+ਤ—ਤੇਰੇ ਪੈਰ ਰੱਖਣ

ਨਾਲ, ਤੇਰੇ ਫਿਰ ਕੇ ਆਉਣ ਨਾਲ। ਮਕੱਦਮ—ਸਫ਼ਰ ਜਾਂ ਕਿਸੇ ਥਾਂ ਤੋਂ ਫਿਰ ਕੇ ਆਉਣਾ, (ਕਦਮ ਰਖਣ ਦੀ ਥਾਂ)। ਇਰਮ—ਸੁਰਗ। ਜ਼ਹੇ—ਧੰਨਤਾ ਯੋਗ, ਵਾਹ ਵਾਹ। ਫ਼ਯਾਜ਼—ਉਦਾਰ, ਸਖੀ।

ਅਰਥ : ਐ ਸੁੰਦਰਤਾ ਦੀ ਫੁਲਵਾੜੀ ਦੀ ਬਸੰਤ ਰੁਤ, ਹੇ ਖੇੜਾ ਬਖ਼ਸ਼ਣ ਵਾਲੇ ਸਤਿਗੁਰੂ, ਤੇਰੇ ਚਰਨ ਪਾਉਣ ਦੀ ਕਿਰਪਾ ਨਾਲ ਜਗਤ ਬਹਿਸ਼ਤੀ ਬਾਗ਼ ਸਮਾਨ ਹੋ ਗਿਆ ਹੈ, ਤੇਰੀ ਉਦਾਰਤਾ ਧੰਨਤਾ ਯੋਗ ਹੈ।

ਚਿਰਾ ਬ-ਹਾਲਤਿ 'ਗੋਇਆ', ਨਜ਼ਰ ਨਮੇ ਫ਼ਿਗਨੀ।
ਕਿ ਯਕ ਨਿਗਾਹਿ ਤੋ, ਹਾਸਿਲ ਮੁਰਾਦਿ ਅਹਿਲਿ ਇ.ਗਰਾਜ਼ ॥੫॥

ਸ਼ਬਦਾਰਥ : ਚਿਰਾ—ਕਿਉਂ ? ਬ+ਹਾਲਤਿ ਗੋਇਆ—ਗੋਇਆ ਦੀ ਹਾਲਤ ਉਤੇ। ਨਮੇ ਫ਼ਿਗਨੀ—ਨਹੀਂ ਪਾਉਂਦਾ, ਕਰਦਾ। ਅਹਿਲਿ ਅ.ਗਰਾਜ਼—.ਗਰਜ਼ਾਂ (ਲੋੜਾਂ) ਵਾਲੇ ਲੋਕ। ('ਅਗਰਾਜ਼ 'ਬਹੁ-ਵਚਨ ਹੈ .ਗਰਜ਼ ਦਾ)। ਹਾਸਿਲ—ਪ੍ਰਾਪਤੀ, ਨਤੀਜਾ, ਮਤਲਬ, ਖ਼ੁਲਾਸਾ।

ਅਰਥ : (ਹੇ ਪ੍ਰੀਤਮ, ਤੂੰ) 'ਗੋਇਆ' ਦੇ ਹਾਲ ਉਤੇ ਕਿਉਂ (ਮਿਹਰ ਦੀ) ਨਜ਼ਰ ਨਹੀਂ ਕਰਦਾ, (ਜਦ ਕਿ) ਤੇਰੀ ਇਕ ਤਕਣੀ ਨਾਲ ਲੋੜਵੰਦਾਂ ਦੀ ਮੁਰਾਦ (ਪੂਰੀ ਹੁੰਦੀ ਹੈ)।

ਵਿਆਖਿਆ

ਇਸ ਗ਼ਜ਼ਲ ਵਿਚ ਬਿਰਹਾ, ਵਿਛੋੜੇ ਜਾਂ ਵਿਜੋਗ ਦਾ ਬਿਆਨ ਹੈ, ਅਤੇ ਇਸ ਨੂੰ ਦੂਰ ਕਰਨ ਲਈ ਸਤਿਗੁਰੂ ਜੀ ਅੱਗੇ ਜੋਦੜੀ ਹੈ। ਇਨ੍ਹਾਂ ਭਾਵਾਂ ਨੂੰ ਸਵਿਸਥਾਰ ਕਥਨ ਕਰਨ ਦਾ ਯਤਨ ਗ਼ਜ਼ਲ ਨੰ: ੭ ਵਿੱਚ ਕੀਤਾ ਜਾ ਚੁੱਕਾ ਹੈ। ਸ਼ੇਖ਼ ਫ਼ਰੀਦ ਜੀ ਬਿਰਹਾ ਨੂੰ ਸੁਲਤਾਨ ਕਰਕੇ ਖ਼ਿਤਾਬਦੇ ਹਨ। ਅਜਿਹਾ ਹੋਵੇ ਵੀ ਕਿਉਂ ਨਾ, ਜਦ ਕਿ ਮਿਲਾਪ ਦਾ ਬੀਜ, ਵਿਜੋਗ ਦੇ ਅਹਿਸਾਸ ਵਿਚ ਲੁਕਿਆ ਪਿਆ ਹੈ। ਦਰ ਅਸਲ ਇਹੀ ਅਹਿਸਾਸ ਹੀ ਕਾਰਨ ਹੈ, ਵਸਲ (ਮਿਲਾਪ) ਦੇ ਯਤਨਾਂ ਵਿਚ ਜੁੱਟਣ ਦਾ। ਯਤਨ-ਕਾਲ ਦੇ ਅਰੰਭ ਤੋਂ ਹੀ ਲਗਨ ਜਾਂ ਸਫਲਤਾ ਦੀ ਪੂਰਨਤਾ ਦੀ ਆਸ ਵਿਚ ਜੋ ਸੁਆਦ ਪ੍ਰਾਪਤ ਹੁੰਦਾ ਹੈ, ਉਹ ਮਿਲਾਪ ਦੀ ਸਿਖਰ ਉਤੇ ਜਾ ਕੇ ਸਮਾਪਤ ਹੋ ਜਾਂਦਾ ਹੈ। ਏਸੇ ਲਈ ਵੀਚਾਰਵਾਨ ਲੋਕ ਵਸਲ (ਮਿਲਾਪ) ਨਾਲੋਂ ਉਡੀਕ ਦੀਆਂ ਘੜੀਆਂ ਨੂੰ ਵਧੇਰੇ ਮਹੱਤਵ ਦਿੰਦੇ ਹਨ। ਮਹਾਂ ਕਵੀ ਟੈਗੋਰ ਨੇ ਇਕ ਥਾਂ, ਪ੍ਰਭੂ ਪਾਸੋਂ ਇਹ ਦਾਤ ਮੰਗੀ ਹੈ, ਕਿ 'ਹੇ ਪ੍ਰਮਾਤਮਾ, ਮੇਰੇ ਅੰਦਰੋਂ ਇਹ ਵਿਸ਼ਵਾਸ ਨਾ ਖੋਹ ਕਿ ਮੈਂ ਤੈਥੋਂ ਵਿਛੜਿਆ ਹੋਇਆ ਹਾਂ।' ਐਸਾ ਕਿਉਂ ? ਇਸ ਲਈ ਕਿ ਏਸ ਅਹਿਸਾਸ ਵਿੱਚ ਹੀ ਮਿਲਾਪ ਦੀ ਸਫਲਤਾ ਦਾ ਬੀਜ ਬੰਦ, ਤੇ ਭੇਦ ਲੁਕਿਆ ਪਿਆ ਹੈ।

ਚੇਤੇ ਰਹੇ ਕਿ ਬਿਰਹਾ ਦੇ ਬੂਟੇ ਨੂੰ ਸਿੰਜਣ ਤੇ ਹਰਿਆ ਭਰਿਆ ਰੱਖਣ ਲਈ ਅਥਰੂਆਂ ਦੇ ਪਾਣੀ ਦੀ ਲੋੜ ਹੈ। ਸੋ, ਆਸ਼ਕ ਲੋਕ, ਮਿੱਤਰ ਦੇ ਮਿਲਾਪ ਲਈ, ਅਥਰੂ ਵਹਾਉਂਦੇ, ਬ੍ਰਿਹੋਂ-ਕੁੱਠੇ ਦਿਲ ਦੇ ਜ਼ਖ਼ਮਾਂ ਲਈ ਪ੍ਰੀਤਮ ਦੇ ਬੁਲ੍ਹਾਂ ਦੀ ਮਿੱਠੀ ਮੁਸਕਰਾਹਟ ਦੀ ਮਲ੍ਹਮ ਲਈ ਲੋਚਦੇ ਅਤੇ ਹਰ ਛਿਨ ਮਿਹਰ ਦੀ ਇੱਕ ਨਜ਼ਰ ਲਈ ਵਿਲਕਦੇ ਹਨ। ਇਉਂ ਹੋਵੇ ਵੀ ਕਿਉਂ ਨਾ, ਜਦ ਕਿ ਇਹੀ ਹੈ ਸਾਰਥਕ ਮੰਜ਼ਲ ਤੇ ਸਫਲ ਜੀਵਨ, ਸਾਹਿਬ-ਦਿਲ ਲੋਕਾਂ ਦਾ।

.ਗ਼ਜ਼ਲ ਨੰਬਰ ੪੪

ਬਸਕਿ: ਮਾ ਰਾ ਹਸ੍ਰ ਬਾ ਤੋ, ਇਰਤਬਾਤ।
ਅਜ਼ ਕਦੂਮਿ ਤੁਸ੍ਰ, ਦਰ ਆਲਮ ਨਿਸ਼ਾਤ ॥੧॥

ਫ਼ਰਸ਼ ਕਰਦਮ ਦਰ ਕਦੂਮਿ ਰਾਹਿ ਤੋ।
ਦੀਦਾ ੳ ਦਿਲ ਰਾ, ਕਿ ਬੂਦਹ ਦਰ ਬ਼ਸਾਤ ॥੨॥

ਬਰ ਫ਼ਕੀਰਾਨਿ ਖ਼ੁਦਾ, ਰਹਮੇ ਬ-ਕੁਨ।
ਤਾਂ, ਦਰੀਂ ਦੁਨੀਆ, ਬ-ਯਾਬੀ, ਇੰਬਸਾਤ ॥੩॥

ਦਾਇਮਾਂ ਦਿਲ ਰਾ, ਬ-ਸੂਏ ਹੱਕ ਬਿਆਰ।
ਤਾ ਬ-ਆਸਾਂਅ ਬਗੁਜ਼ਰੀ, ਈਂ ਪੁਲ-ਸਰਾਤ ॥੪॥

ਨੇਸ੍ਰ ਆਸੂਦਾ ਕਸੇ, ਦਰ ਜ਼ੋਰਿ ਚਰਖ਼।
ਬ-ਗੁਜ਼ਰ, ਐ 'ਗੋਇਆ', ਅਜ਼ੀਂ ਕੁਹਨਾ ਰੁਬਾਤ ॥੫॥

ਪੰਜਾਬੀ ਕਾਵਿ ਅਨੁਵਾਦ

੧. ਤੇਰੇ ਨਾਲ ਹੀ, 'ਦਾਤਾ' ਮੇਰੇ, ਲੱਗੀ ਸਾਡੀ ਯਾਰੀ।
ਤੇਰੇ ਆਇਆਂ ਮਉਲ ਉੱਠੀ ਹੈ, ਖ਼ਾਲਕ-ਖ਼ਲਕਤ ਸਾਰੀ, ਹੂ।

੨. ਪੂੰਜੀ ਮੇਰੀ ਮਾਹੀ ਏਹੋ, ਇੱਕ ਦਿਲ ਤੇ ਦੋ ਅੱਖਾਂ।
ਇਹਨਾਂ ਤਾਈਂ ਹੱਸ ਕੇ, ਦਾਤਾ! ਤੇਰੇ ਚਰਨੀਂ ਰੱਖਾਂ, ਹੂ।

੩. ਮੌਲਾ ਦੇ ਤੂੰ ਫੱਕਰਾਂ ਉੱਤੇ, ਨਜ਼ਰ ਮਿਹਰ ਦੀ ਪਾ ਦੇ।
ਸ਼ਾਲਾ, ਥੀਵੇਂ ਸਦਾ ਸਲਾਮਤ, ਖੇੜਾ ਜੱਗ ਲਿਆ ਦੇ, ਹੂ।

੪. ਦਿਲ ਨੂੰ ਸਾਈਂ ਵੱਲ ਜੇ ਲਾ ਕੇ, ਜਪੇਂ ਪ੍ਰੇਮ ਦੀ ਮਾਲਾ।
ਪੁਲ-ਸਰਾਤ ਦੇ ਉਤੋਂ ਫਿਰ ਤੂੰ, ਜਾਵੇਂ ਲੰਘ ਸੁਖਾਲਾ, ਹੂ।

੫. ਏਸ ਅਕਾਸ਼ ਦੇ ਹੇਠਾਂ ਮੈਨੂੰ, ਸੁਖੀਆ ਕੋਈ ਨਾ ਜਾਪੇ।
ਖ਼ਸਤਾ ਦੁਨੀ-ਸਰਾਂ ਤੋਂ ਅੱਗੇ, 'ਗੋਇਆ' ਲੰਘ ਜਾ ਆਪੇ, ਹੂ।

ਬਸਕਿ: ਮਾ ਰਾ ਹਸ੍ਤ ਬਾ ਤੋ, ਇਰਤਬਾਤ।
ਅਜ਼ ਕਦੂਮਿ ਤੁਸ੍ਤ, ਦਰ ਆਲਮ ਨਿਸ਼ਾਤ ॥੧॥

ਸ਼ਬਦਾਰਥ : ਬਸਕਿ—ਕੇਵਲ। ਮਾ ਰਾ—ਸਾਨੂੰ। ਬਾ ਤੋ—ਤੇਰੇ ਨਾਲ। ਇਰਤਬਾਤ—ਮਿੱਤਰਤਾ, ਮਿਲਾਉਣਾ, ਸੰਬੰਧ ਵਧਾਉਣਾ। ਕਦਮ—ਕਿਸੇ ਥਾਂ ਜਾਂ ਸਫ਼ਰ ਤੋਂ ਆਉਣਾ। ਤੁਸ੍ਤ—ਤੂ +ਅਸਤ, ਤੇਰੇ ਹੈ। ਨਿਸ਼ਾਤ—ਖ਼ੁਸ਼ੀ।

ਅਰਥ : ਸਾਨੂੰ ਕੇਵਲ ਤੇਰੇ ਨਾਲ ਮਿੱਤਰਤਾ ਹੈ। ਤੇਰੇ ਆਉਣ ਨਾਲ ਦੁਨੀਆ ਵਿਚ ਖ਼ੁਸ਼ੀ ਹੈ (ਖੇੜਾ ਹੈ)।

ਫ਼ਰਸ਼ ਕਰਦਮ ਦਰ ਕਦੂਮਿ ਰਾਹਿ ਤੋ।
ਦੀਦਾ ਓ ਦਿਲ ਰਾ, ਕਿ ਬੂਦਹ ਦਰ ਬਸਾਤ ॥੨॥

ਸ਼ਬਦਾਰਥ : ਬਸਾਤ—ਘਰ ਦੀ ਪੂੰਜੀ। ਕਦੂਮ—ਆਉਣਾ। ਫ਼ਰਸ਼ ਕਰਦਮ—ਮੈਂ ਵਿਛਾ ਦਿੱਤੇ।

ਅਰਥ : ਤੇਰੇ ਆਉਣ ਵਾਲੇ ਰਾਹ 'ਤੇ ਮੈਂ ਦਿਲ ਤੇ ਅੱਖੀਆਂ, ਜੋ ਕਿ ਮੇਰੀ ਪੂੰਜੀ (ਹਨ), ਵਿਛਾ ਦਿੱਤੀਆਂ ਹਨ।

ਬਰ ਫ਼ਕੀਰਾਨਿ ਖ਼ੁਦਾ, ਰਹਮੇ ਬ-ਕੁਨ।
ਤਾਂ ਦਰੀਂ ਦੁਨੀਆ, ਬ-ਯਾਬੀ, ਇੰਬਸਾਤ ॥੩॥

ਸ਼ਬਦਾਰਥ : ਬਕੁਨ—ਕਰ। ਇੰਬਸਾਤ—ਖ਼ੁਸ਼ੀ, ਖੇੜਾ। ਬ-ਯਾਬੀ—ਬ+ਯਾਬੀ—ਤੂੰ ਪਾਵੇਂ। ਦਰੀਂ—ਦਰ+ਈਂ, ਇਸ ਵਿੱਚ।

ਅਰਥ : ਵਾਹਿਗੁਰੂ ਦਿਆਂ ਭਗਤਾਂ ਉਤੇ ਰਹਿਮ ਕਰ, ਤਾਂ ਜੁ ਇਸ ਦੁਨੀਆ ਵਿਚ ਖ਼ੁਸ਼ੀ ਪਾਵੇਂ।

ਦਾਇਮਾਂ ਦਿਲ ਰਾ, ਬ-ਸੂਏ ਹੱਕ ਬਿਆਰ।
ਤਾ ਬ-ਆਸਾਂਅ ਬਗੁਜ਼ਰੀ, ਈਂ ਪੁਲ-ਸਰਾਤ ॥੪॥

ਸ਼ਬਦਾਰਥ : ਦਾਇਮ—ਹਮੇਸ਼ਾ। ਬ-ਸੂਏ—ਵਲ, ਪਾਸੇ। ਬਿਆਰ—ਲਾ, ਲਿਆ। ਪੁਲ ਸਰਾਤ—(੧) ਮੁਸਲਮਾਨੀ ਮਤ ਅਨੁਸਾਰ ਮੰਨੇ ਇਕ ਪੁਲ ਦਾ ਨਾਮ ਹੈ, ਜੋ ਦੋਜ਼ਖ਼ (ਨਰਕ) ਦੇ ਸਿਰ ਉਤੇ ਕਾਇਮ ਹੋਵੇਗਾ। ਉਹ ਵਾਲੋਂ ਬਰੀਕ ਤੇ ਤਲਵਾਰ ਨਾਲੋਂ ਤੇਜ਼ ਹੈ। ਹਰੇਕ ਪ੍ਰਾਣੀ ਨੂੰ ਮੌਤ ਉਪਰੰਤ ਇਸ ਉਤੋਂ ਲੰਘਣਾ ਪਵੇਗਾ, (੨) ਰਾਹ, (੩) ਸਿੱਧੀ ਰਾਹ।

ਅਰਥ : ਆਪਣੇ ਦਿਲ ਨੂੰ ਹਮੇਸ਼ਾ ਵਾਹਿਗੁਰੂ ਵਲ ਲਾ, ਤਾਂ ਜੁ ਆਸਾਨੀ ਨਾਲ ਪੁਲ-ਸਰਾਤ ਉਤੋਂ ਲੰਘ ਜਾਵੇਂ।

ਨੇਸ੍ਤ ਆਸੂਦਾ ਕਸੇ, ਦਰ ਜੇਰਿ ਚਰਖ਼।
ਬ-ਗੁਜ਼ਰ, ਐ 'ਗੋਇਆ', ਅਜ਼ੀਂ ਕੁਹਨਾ ਰੁਬਾਤ ॥੫॥

ਸ਼ਬਦਾਰਥ : ਆਸੂਦਾ—ਸੁਖੀ, ਖ਼ੁਸ਼। ਕਸੇ—ਕੋਈ ਵੀ। ਚਰਖ਼—ਅਕਾਸ਼। ਬਿ-ਗੁਜ਼ਰ—ਲੰਘ ਜਾ। ਕੁਹਨਾ—ਪੁਰਾਣੀ। ਰੁਬਾਤ—ਸਰਾਂ, ਮੁਸਾਫ਼ਰ-ਖ਼ਾਨਾ।

ਅਰਥ : ਇਸ ਅਕਾਸ਼ ਦੇ ਥੱਲੇ ਕੋਈ ਵੀ (ਪੂਰਨ ਤੌਰ 'ਤੇ) ਖ਼ੁਸ਼ (ਸੁਖੀ) ਨਹੀਂ ਹੈ। (ਇਸ ਲਈ) ਐ ਗੋਇਆ, ਇਸ ਪੁਰਾਣੀ ਸਰਾਂ (ਸੰਸਾਰ) ਵਿਚੋਂ ਲੰਘ ਜਾ।

ਵਿਆਖਿਆ

ਸੰਸਾਰ ਵਿਚ ਧਨ ਪਦਾਰਥ, ਘਰ ਬਾਰ, ਟੱਬਰ ਕਬੀਲੇ ਆਦਿ ਦੇ ਸਾਰੇ ਸੁਖ ਪ੍ਰਾਪਤ ਹੋਣ ਉਤੇ ਵੀ, ਜੇ ਕੋਈ ਆਦਮੀ ਸੱਚਾ ਹਮਰਾਜ਼ ਮਿੱਤਰ ਪੈਦਾ ਨਹੀਂ ਕਰ ਸਕਿਆ ਤਾਂ ਉਹ ਐਸੇ ਪਾਂਧੀ ਸਮਾਨ ਹੈ ਜਿਸ ਨੂੰ ਮੰਜ਼ਲ ਉਤੇ ਪਹੁੰਚ ਕੇ ਵੀ ਮੰਜ਼ਲ ਨਾ ਦਿੱਸੇ; ਉਹ ਐਸੇ ਅਭਾਗੇ ਇਨਸਾਨ ਤੁਲ ਹੈ ਜੋ ਨਦੀ ਕਿਨਾਰੇ ਖਲੋਤਾ, ਤ੍ਰੇਹ ਨਾਲ ਦਮ ਤੋੜ ਰਿਹਾ ਹੋਵੇ, ਜਾਂ ਜੋ ਬਹਾਰ ਤੇ ਬਸੰਤ ਦੀ ਸੁਹਾਵਣੀ ਰੁੱਤੇ ਪੱਤਝੜ ਤੇ ਵੀਰਾਨਿਆਂ ਦੇ ਸੁਪਨੇ ਲੈ ਕੇ ਤੜਪੀ ਜਾਵੇ। ਸੁਖਦਾਈ ਸੂਝ ਬੂਝ ਤੋਂ ਬਿਨਾਂ ਇਹ ਸਾਰੇ ਅਡੰਬਰ ਬਿਰਥੇ ਤੇ ਨਿਰਾਰਥ ਹਨ; ਪਰੰਤੂ, ਹਕੀਕੀ ਸੁਖ ਦਾ ਭੇਦ, ਹਕੀਕੀ ਦੋਸਤ ਤੋਂ ਬਿਨਾਂ ਦੱਸੇ ਕੌਣ ? ਇਹੀ ਕਾਰਨ ਹੈ ਕਿ ਮਿੱਤਰ ਦਾ ਰੁਤਬਾ ਇਤਨਾ ਬੁਲੰਦ ਹੈ। ਏਥੋਂ ਤਕ ਕਿ ਗੁਰਬਾਣੀ ਵਿੱਚ ਵਾਹਿਗੁਰੂ ਅਕਾਲ ਪੁਰਖ ਨੂੰ ਵੀ ਸੱਜਣ, ਸਖਾ, ਮਿੱਤਰ ਤੇ ਯਾਰ ਕਰਕੇ ਸੰਬੋਧਨ ਕੀਤਾ ਗਿਆ ਹੈ।

ਭਾਈ ਸਾਹਿਬ ਇਸ ਗ਼ਜ਼ਲ ਵਿਚ ਗੁਰਦੇਵ ਅੱਗੇ ਜੋਦੜੀ ਕਰਦੇ ਹਨ ਕਿ ਉਨ੍ਹਾਂ ਨੂੰ ਗੁਰੂ ਦੇ ਦੁਆਰਿਓਂ ਮਿਤ੍ਰਤਾਈ ਦਾ ਖ਼ੈਰ ਮਿਲੇ। ਮਿੱਤਰ ਵੀ ਐਸਾ ਹੋਵੇ ਜਿਸ ਦੀ ਆਮਦ ਦੀ ਸੋਅ ਨਾਲ ਸੰਸਾਰ ਵਿਚ ਪਸਰ ਰਹੀ ਮੁਰਦਿਆਨੀ ਦੂਰ ਹੋ ਕੇ ਆਤਮਕ ਖੇੜੇ ਛਾ ਜਾਣ। ਐਸੇ ਮਿੱਤਰ-ਗੁਰੂ ਦੇ ਚਰਨ ਕੰਵਲਾਂ ਹੇਠ ਨੈਣਾਂ ਦੀ ਸੇਜ ਵਿਛਾਉਣ ਵਿੱਚ ਵੀ ਇਕ ਸ਼ਰਫ਼ (ਵਡਿਆਈ) ਹੈ।

ਪਰੰਤੂ, ਗੁਰਮਤਿ ਤੋਂ ਜਾਣੂ ਭਾਈ ਸਾਹਿਬ, ਨਾਲ ਹੀ ਸਿਖ ਨੂੰ ਸੂਚਿਤ ਵੀ ਕਰਦੇ ਹਨ ਕਿ ਵੇਖੀਂ, ਮਿੱਤਰ ਦੀ ਇਹ ਮਿਹਰ ਤੇ ਮਿੱਤਰਤਾਈ ਕਿਸੇ ਆਪਣੀ ਜੁਗਤ, ਭੁਗਤ ਜਾਂ ਬੁੱਧੀ ਦੇ ਫਲ ਸਰੂਪ, ਪ੍ਰਾਪਤ ਹੋਈ ਸਮਝ ਕੇ, ਮਾਣ ਨਾ ਕਰ ਬੈਠੀਂ। ਇਸੇ ਲਈ ਉਹ ਆਪ ਉਸ ਦੀ ਰਹਿਮਤ, ਮਿਹਰ ਦੇ ਗੱਫਿਆਂ ਲਈ ਪ੍ਰਾਰਥਨਾ ਕਰਦੇ ਹਨ। ਜਿਸ ਨੂੰ ਇਹ ਅਲਾਹੀ ਦਾਤ ਮਿਲ ਗਈ ਉਹ ਸੰਸਾਰ-ਰੂਪੀ ਪੁਰਾਣੀ ਸਰਾਂ ਤੋਂ ਪਾਰ ਹੋ ਕੇ, ਨਿਰਸੰਦੇਹ, ਲੋਕ ਸੁਖੀ ਤੇ ਪ੍ਰਲੋਕ ਸੁਹੇਲਾ ਹੋ ਗਿਆ। (ਇਸ ਸੰਬੰਧ ਵਿਚ ਗ਼ਜ਼ਲ ਨੰ: ੨੯ ਦੀ ਵਿਆਖਿਆ ਵੀ ਵਾਚਣ-ਯੋਗ ਹੈ)।

—o—

ਤਾਲਿਬੇ ਮਰਦਾਨਿ ਹੱਕ ਰਾ, ਦੋਸ੍ਤ ਦਾਰ।
ਗ਼ੈਰ ਜ਼ਿਕਰਸ਼ ਬਰ ਜ਼ੁਬਾਂ, ਹਰਗ਼ਿਜ਼ ਮ-ਯਾਰ ॥੪੬੧॥ *(ਜ਼ਿੰਦਗੀਨਾਮਾ, ਭਾ: ਨੰਦ ਲਾਲ ਜੀ)*

ਸੱਚ ਸਰੂਪ ਵਾਹਿਗੁਰੂ ਤੇ ਮੁਤਲਾਸ਼ੀਆਂ (ਢੂੰਡਾਊਆਂ) ਨੂੰ ਮਿੱਤਰ ਬਣਾ। ਉਸ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਦਾ ਬਿਆਨ ਜੀਭ ਉੱਤੇ ਨਾ ਲਿਆ।

.ਗਜ਼ਲ ਨੰਬਰ ੪੫

ਬ-ਹਰ ਕੁਜਾ ਕਿ ਰਵੀ, ਜਾਨਿ ਮਨ, ਖ਼ੁਦਾ ਹਾਫ਼ਿਜ਼।
ਬਬੁਰਦਾ-ਇ ਦਿਲੋ ਈਮਾਨ ਮਨ, ਖ਼ੁਦਾ ਹਾਫ਼ਿਜ਼॥੧॥

ਬਯਾ ਕਿਃ ਬੁਲਬੁਲੋ ਗੁਲਹਾ, ਦਰ ਇੰਤਜ਼ਾਰਿ ਤੋ ਅੰਦ।
ਦਮੇ ਬ-ਜਾਨਬੇ ਬੁਸਤਾਨਿ ਮਨ, ਖ਼ੁਦਾ ਹਾਫ਼ਿਜ਼॥੨॥

ਨਮਕ ਜ਼ਿ ਲਾਲਿ ਲਬਤ ਰੇਜ਼, ਬਰ ਦਿਲਿ ਰੇਸ਼ਮ।
ਤਪੀਦ ਸੀਨਾ-ਇ ਬਿਰਿਆਨਿ ਮਨ, ਖ਼ੁਦਾ ਹਾਫ਼ਿਜ਼॥੩॥

ਚਿਃ ਖ਼ੁਸ਼ ਬਵੱਦ, ਕਿ ਖ਼ਰਾਮਦ ਕ਼ਦਤ, ਚੁ ਸਰਵਿ ਬੁਲੰਦ।
ਦਮੇ ਬਸੂਏ ਗੁਲਿਸਤਾਨਿ ਮਨ, ਖ਼ੁਦਾ ਹਾਫ਼ਿਜ਼॥੪॥

ਬਯਾ, ਬਮਰਦਕਿ ਦੀਦਾ-ਅਮ, ਕਿ ਖ਼ਾਨਾ-ਇ ਤੁਸ੍ਤ।
ਦਰੂਨਿ ਦੀਦਾ-ਇ, ਗਿਰਯਾਨਿ ਮਨ, ਖ਼ੁਦਾ ਹਾਫ਼ਿਜ਼॥੫॥

ਪੰਜਾਬੀ ਕਾਵਿ ਅਨੁਵਾਦ

੧. ਰੱਬ ਸਹਾਈ ਹੋਵੇ ਤੇਰਾ, ਜਿਥੇ ਪ੍ਰੀਤਮ ਜਾਵੇਂ।
ਮੇਰੇ ਦਿਲ ਨੂੰ ਲੁੱਟਣ ਵਾਲੇ, ਰੱਬ ਤੋਂ ਰਾਖੀ ਪਾਵੇਂ, ਹੂ।

੨. ਫੁੱਲ ਤੇ ਬੁਲਬੁਲ ਤੈਨੂੰ ਤਾਘਣ, ਮਾਹੀ ਮੇਰੇ ਆ ਜਾ।
ਰੱਬ ਮੁਹਾਫ਼ਜ਼ ਹੋਵੇ ਤੇਰਾ, ਫੇਰਾ ਬਾਗ਼ੀਂ ਪਾ ਜਾ, ਹੂ।

੩. ਲਾਲ ਲਬਾਂ ਤੋਂ ਲੂਣ ਤੂੰ ਮੇਰੇ, ਜ਼ਖ਼ਮੀ ਦਿਲ ਤੇ ਪਾ ਦੇ।
ਮੌਲਾ ਕਰੇ ਹਿਫ਼ਾਜ਼ਤ ਤੇਰੀ, ਦਿਲ ਮੇਰਾ ਗਰਮਾ ਦੇ, ਹੂ।

੪. ਮਟਕ ਮਟਕ ਜੇ ਵਾਂਗ ਸਰੂ ਦੇ, ਬਾਗ ਮੇਰੇ ਤੂੰ ਆਵੇਂ।
ਮੇਰੇ ਚਿੱਤ ਹੁਲਾਸ ਜੇ ਬਖ਼ਸ਼ੇਂ ਰੱਬ ਤੋਂ ਰਾਖੀ ਪਾਵੇਂ, ਹੂ।

੫. 'ਗੋਇਆ' ਦੀ ਅੱਖ-ਪੁਤਲੀ ਪ੍ਰੀਤਮ, ਬਣਿਆ ਘਰ ਹੈ ਤੇਰਾ।
ਵਿਗੜੂ ਕੀ ? ਜੇ ਆ ਤੁੱਠ ਲਾਵੇਂ, ਰੋਂਦੇ ਨੈਨੀਂ ਡੇਰਾ, ਹੂ।

ਬ-ਹਰ ਕੁਜਾ ਕਿ ਰਵੀ, ਜਾਨਿ ਮਨ, ਖ਼ੁਦਾ ਹਾਫ਼ਿਜ਼।
ਬਬੁਰਦਾ-ਇ ਦਿਲੋ ਈਮਾਨ ਮਨ, ਖ਼ੁਦਾ ਹਾਫ਼ਿਜ਼ ॥੧॥

ਸ਼ਬਦਾਰਥ : ਬ-ਹਰ ਕੁਜਾ—ਜਿਸ ਪਾਸੇ ਵੀ, ਜਿਥੇ ਵੀ। ਰਵੀ—ਜਾਵੇਂ। ਖ਼ੁਦਾ ਹਾਫ਼ਿਜ਼—ਵਾਹਿਗੁਰੂ ਅੰਗ ਸੰਗ ਹੋਵੇ, ਰਖਿਆ ਕਰੇ, ਰਾਖਾ ਹੋਵੇ। ਬਬੁਰਦੀ—ਲੈ ਗਿਆ ਹੈਂ।

ਅਰਥ : (ਹੇ) ਮੇਰੀ ਜਾਨ (ਮਹਬੂਬ, ਸਤਿਗੁਰੂ)! ਜਿਥੇ ਵੀ ਤੂੰ ਜਾਵੇਂ, ਖ਼ੁਦਾ (ਤੇਰਾ) ਵਾਹਿਗੁਰੂ ਸਹਾਈ ਹੋਵੇ, ਤੂੰ ਮੇਰਾ ਦਿਲ ਤੇ ਈਮਾਨ (ਖੋਹ ਕੇ) ਲੈ ਗਿਆ ਹੈਂ, ਵਾਹਿਗੁਰੂ ਤੇਰਾ ਰਾਖਾ ਹੋਵੇ।

ਬਯਾ ਕਿ: ਬੁਲਬੁਲੋ ਗੁਲਹਾ, ਦਰ ਇੰਤਜ਼ਾਰਿ ਤੋ ਅੰਦ।
ਦਮੇ ਬ-ਜਾਨਬੇ ਬੁਸਤਾਨਿ ਮਨ, ਖ਼ੁਦਾ ਹਾਫ਼ਿਜ਼ ॥੨॥

ਸ਼ਬਦਾਰਥ : ਬਯਾ—ਆ। ਅੰਦ—ਹਨ (ਅਸੁ ਦਾ ਬਹੁ-ਵਚਨ)। ਦਮੇ—ਇਕ ਦਮ ਲਈ। ਬੁਸਤਾਨ—ਬਾਗ਼।

ਅਰਥ : (ਹੇ ਸਤਿਗੁਰੂ !) ਤੂੰ ਆ, (ਕਿਉਂ ਜੁ) ਬੁਲਬੁਲ ਤੇ ਫੁੱਲ (ਤੇਰੇ ਪ੍ਰੀਤਵਾਨ) ਤੇਰੀ ਉਡੀਕ ਵਿਚ ਹਨ। ਇਕ ਦਮ ਲਈ ਮੇਰੇ ਬਾਗ਼ ਵਲ ਆ, ਤੇਰਾ ਰੱਬ ਰਾਖਾ।

ਨਮਕ ਜ਼ਿ ਲਾਲਿ ਲਬਤ ਰੇਜ਼, ਬਰ ਦਿਲਿ ਰੇਸ਼ਮ।
ਤਪੀਦ ਸੀਨਾ-ਇ ਬਿਰਿਆਨਿ ਮਨ, ਖ਼ੁਦਾ ਹਾਫ਼ਿਜ਼ ॥੩॥

ਸ਼ਬਦਾਰਥ : ਲਾਲਿ ਲਬ+ਤ—ਸੁਰਖ਼ ਬੁਲ੍ਹ ਤੇਰੇ। ਰੇਜ਼—ਤੂੰ ਡਾਲ, ਗਿਰਾ, ਛਿੜਕ (ਰੇਖ਼ਤਨ ਮਸਦਰ ਤੋਂ ਰੇਜ਼ਦ ਮੁਜ਼ਾਰੈਅ, ਰੇਜ਼—ਹੁਕਮੀ ਕਿਰਿਆ)। ਰੇਸ਼ਮ—ਮੇਰਾ ਜ਼ਖ਼ਮੀ। ਤਪੀਦ—ਤੜਫਿਆ ਤੇ ਗਰਮ ਹੋਇਆ। ਬਿਰਿਆਨ—ਭੁੱਜਾ ਹੋਇਆ।

ਅਰਥ : ਤੂੰ (ਆਪਣੇ) ਲਾਲ ਬੁਲ੍ਹਾਂ ਨਾਲ ਮੇਰੇ ਜ਼ਖ਼ਮੀ ਦਿਲ ਉਤੇ ਲੂਣ ਛਿੜਕ, (ਕਿਉਂ ਜੁ) ਮੇਰਾ ਭੁੱਜਾ ਹੋਇਆ ਸੀਨਾ ਗਰਮ ਹੋ ਕੇ ਤੜਫ਼ ਉਠਿਆ (ਹੈ), ਤੇਰਾ ਵਾਹਿਗੁਰੂ ਸਹਾਈ ਹੋਵੇ!

ਨੋਟ ਇਸ ਖ਼ਿਆਲ ਤੇ ਤਨਜ਼ ਨੂੰ ਇਕ ਸ਼ਾਇਰ ਦਾ ਇਹ ਸ਼ੇਅਰ ਸਪੱਸ਼ਟ ਕਰਦਾ ਹੈ

ਨਮਕ ਛਿੜਕੋ, ਨਮਕ ਛਿੜਕੋ, ਮਜ਼ਾ ਇਸ ਹੀ ਮੇਂ ਆਤਾ ਹੈ।
ਕਸਮ ਲੇ ਲੋ ਨਹੀਂ ਆਦਤ, ਮੇਰੇ ਜ਼ਖ਼ਮੋਂ ਕੋ ਮਰਹਮ ਕੀ।

ਚਿ: ਖ਼ੁਸ਼ ਬਵੱਦ, ਕਿ ਖ਼ਰਾਮਦ ਕ਼ਦਤ, ਚੁ ਸਰਵਿ ਬੁਲੰਦ।
ਦਮੇ ਬਸੂਏ ਗੁਲਿਸਤਾਨਿ ਮਨ, ਖ਼ੁਦਾ ਹਾਫ਼ਿਜ਼ ॥੪॥

ਸ਼ਬਦਾਰਥ : ਖ਼ਰਾਮਦ—ਮਟਕ ਨਾਲ ਟਹਿਲਦਾ ਹੋਇਆ ਆਵੇਂ। ਕ਼ਦਤ—ਤੇਰਾ ਕੱਦ। ਸਰਵ—ਸਰੂ।

ਅਰਥ : ਕਿਆ ਚੰਗਾ ਹੋਵੇ ਜੇ ਤੂੰ (ਆਪਣੇ) ਸਰੂ ਵਾਂਗ ਉਚੇ ਕੱਦ ਸਹਿਤ ਮਟਕ

ਨਾਲ ਤੁਰਦਾ ਹੋਇਆ ਇਕ ਦਮ ਲਈ ਮੇਰੇ ਬਾਗ਼ ਵਲ ਆਵੇਂ। (ਅਰਦਾਸ ਹੈ) ਕਿ ਤੇਰਾ ਰੱਬ ਰਾਖਾ ਹੋਵੇ।

ਬਯਾ, ਬਮਰਦਕਿ ਦੀਦਾ-ਅਮ, ਕਿ ਖ਼ਾਨਾ-ਇ ਤੁਸ੍ਤ।
ਦਰੂਨਿ ਦੀਦਾ-ਇ, ਗਿਰਯਾਨਿ ਮਨ, ਖ਼ੁਦਾ ਹਾਫ਼ਿਜ਼॥੫॥

ਸ਼ਬਦਾਰਥ : ਬਮਰਦਕ—ਅੱਖ ਦੀ ਪੁਤਲੀ ਵਿਚ। ਖ਼ਾਨਾ—ਘਰ। ਤੁ+ਅਸ੍ਤ—ਤੇਰਾ ਹੈ। ਦਰੂਨ—ਅੰਦਰ। ਦੀਦਾ-ਇ ਗਿਰਯਾਨਿ ਮਨ—ਮੇਰੀ ਰੋਣ ਵਾਲੀ ਅੱਖ।

ਅਰਥ : ਤੂੰ ਮੇਰੀ ਅੱਖ ਦੀ ਪੁਤਲੀ, ਜੋ ਕਿ ਤੇਰਾ (ਆਪਣਾ) ਘਰ ਹੈ, ਵਿਚ ਆ। ਮੇਰਿਆਂ ਰੋਂਦਿਆਂ ਨੈਣਾਂ ਵਿੱਚ (ਆ ਬਿਰਾਜ), (ਤੇਰਾ) ਰੱਬ ਰਾਖਾ!

ਵਿਆਖਿਆ

ਇਸ ਗ਼ਜ਼ਲ ਵਿੱਚ, ਇਕ ਤਰ੍ਹਾਂ ਨਾਲ, ਭਾਈ ਸਾਹਿਬ ਉਸ ਝਾਕੀ ਦਾ ਵਰਣਨ ਕਰਦੇ ਹਨ ਜਦ ਸੰਸਾਰ ਉਤੇ ਜ਼ੋਰ, ਜਬਰ, ਈਰਖਾ, ਦਵੈਤ, ਅੱਨਿਆਏ ਤੇ ਕੂੜ-ਕੁਸੱਤ ਦੇ ਛਾ ਰਹੇ ਗੁਬਾਰ ਨੂੰ ਸੱਚ, ਸੰਤੋਖ, ਸੇਵਾ ਤੇ ਕੁਰਬਾਨੀ ਦੇ ਦੈਵੀ ਗੁਣਾਂ ਦੀਆਂ ਕਿਰਨਾਂ ਨਾਲ ਦੂਰ ਕਰਨ ਤੇ ਧਰਮ ਚਲਾਵਨ ਲਈ, ਅਕਾਲ ਪੁਰਖ ਨੇ ਗੁਰੂ ਗੋਬਿੰਦ ਸਿੰਘ ਜੀ—ਨੂੰ ਥਾਪੜਾ ਦੇ ਕੇ ਮਾਤ ਲੋਕ ਵਿਚ ਭੇਜਿਆ ਸੀ ਅਤੇ ਵਿਸ਼ਵਾਸ ਦਿਵਾਇਆ ਸੀ ਕਿ 'ਤੁਹਾਡਾ ਰਾਖਾ ਰੱਬ ਹੋਵੇਗਾ।'

ਇਤਿਹਾਸ ਗਵਾਹ ਹੈ ਕਿ ਮਰਦ-ਅਗੰਮੜੇ ਸਤਿਗੁਰੂ ਜੀ ਨੇ ਆਪਣੇ ਜ਼ਿੰਮੇ ਲੱਗੇ 'ਧਰਮ ਚਲਾਵਨ ਸੰਤ ਉਬਾਰਨ, ਦੁਸਟ ਸਭਨ ਕੋ ਮੂਲ ਉਪਾਰਨ' ਦੇ ਅਤਿ ਬਿਖਮ ਕੰਮ ਨੂੰ ਕਿਤਨੀ ਦ੍ਰਿੜ੍ਹਤਾ ਤੇ ਖ਼ੂਬਸੂਰਤੀ ਨਾਲ ਨਿਭਾਇਆ। ਸਦੀਆਂ ਤੋਂ ਲਿਤਾੜੀ ਤੇ ਅਣਖ-ਹੀਨ ਹੋ ਚੁੱਕੀ ਕੌਮ ਨੂੰ ਫੇਰ ਅਣਖੀਲੇ ਤੇ ਦਰਦ-ਮੰਦ ਦਿਲਾਂ ਵਾਲੇ ਦੈਵੀ ਲੋਕਾਂ ਵਿਚ ਬਦਲ ਦਿੱਤਾ। ਗੁਰੂ ਜੀ ਦੇ ਨਿਜ ਸਰੂਪ ਤੋਂ ਪ੍ਰਗਟੇ ਖਾਲਸੇ ਨੇ ਜਾਬਰਾਂ ਤੇ ਜਰਵਾਣਿਆਂ ਦੇ ਸਦੀਆਂ ਤੋਂ ਜੰਮੇ ਰਾਜ ਨੂੰ ਉਖੇੜ ਕੇ ਰੱਖ ਦਿੱਤਾ। ਇਸ ਅਦੁੱਤੀ ਕ੍ਰਿਸ਼ਮੇ ਤੇ ਕਰਾਮਾਤ ਦਾ ਭੇਦ 'ਸ੍ਰੀ ਅਕਾਲ ਪੁਰਖ' ਦੀ ਉਹ ਸਹਾਇਤਾ ਸੀ, ਜਿਸ ਦਾ ਵਿਸ਼ਵਾਸ ਆਪ ਨੂੰ ਆਦਿ ਵਿਚ 'ਰੱਬ ਰਾਖਾ' ਆਖ ਕੇ ਦਿਵਾਇਆ ਗਿਆ ਸੀ।

ਸੋ ਭਾਈ ਸਾਹਿਬ ਵੀ ਇਸ ਗ਼ਜ਼ਲ ਵਿਚ ਇਹੀ ਕਥਨ ਕਰਦੇ ਹਨ ਕਿ ਹੇ ਸਤਿਗੁਰੂ! ਤੂੰ ਜਿੱਥੇ ਵੀ ਹੈਂ, ਤੇਰਾ ਰੱਬ ਰਾਖਾ ਹੈ। ਜਿਵੇਂ ਵਾਹਿਗੁਰੂ ਤੁਹਾਡਾ ਰਾਖਾ ਹੈ ਤਿਵੇਂ ਤੁਸੀਂ ਵੀ ਮੇਰੇ ਦੀਨ ਦੁਨੀਆ ਦੀ ਰਾਖੀ ਦੇ ਜ਼ਾਮਨ ਹੋ। ਤੂੰ ਮੇਰੀ ਦਿਲ-ਰੂਪੀ ਫੁਲਵਾੜੀ ਵਿਚ ਫੇਰਾ ਪਾ। ਓਥੇ ਮੇਰੀ ਆਤਮਾ-ਰੂਪੀ ਬੁਲਬੁਲ ਤੇ ਸਤੋ-ਗੁਣੀ ਰੂਪੀ ਫੁੱਲ ਤੇਰੀ ਉਡੀਕ ਵਿਚ ਬਿਹਬਲ ਹੋ ਰਹੇ ਹਨ। ਪਿਆਰ ਦੀ ਨਿਰਾਲੀ ਖੇਡ ਵਿਚ, ਮੇਰੇ ਬ੍ਰਿਹਾ-ਕੁੱਠੇ ਦਿਲ ਉਤੇ, ਬਿਰਹੋਂ ਦਾ ਹੋਰ ਲੂਣ ਛਿੜਕੋ, ਤਾਂ ਜੁ ਵਸਲ (ਮਿਲਾਪ) ਵੇਲੇ ਅਨੰਦ ਦੀ ਬਹੁਲਤਾ ਵੀ ਓਸੇ ਮਿਕਦਾਰ ਵਿਚ ਵਧੇਰੇ ਮਾਣੀ ਜਾ ਸਕੇ। ਹੇ ਦਾਤਾ, ਤੇਰੀ ਉਡੀਕ ਵਿਚ ਮੇਰਿਆਂ ਨੈਣਾਂ ਨੇ ਝੜੀ ਲਾਈ ਹੋਈ ਹੈ। ਇਹ ਤੇਰਾ ਆਪਣਾ ਘਰ ਹੈ, ਆ ਅਤੇ ਅੱਖਾਂ ਦੀਆਂ ਪੁਤਲੀਆਂ ਦੀ ਇਸ ਸੇਜ ਉਤੇ ਬਿਰਾਜਮਾਨ ਹੋ, ਤਾਂ ਜੁ ਇਨ੍ਹਾਂ ਵਿਚੋਂ ਦੀ, ਜੋ ਵੀ ਨਜ਼ਰੀਂ ਪਵੇ, ਉਹ ਤੇਰਾ ਹੀ ਰੂਪ ਹੋ ਦਿੱਸੇ।

.ਗ਼ਜ਼ਲ ਨੰਬਰ ੪੬

ਐ ਰੁਖ਼ੇ ਤੋ, ਰੌਨਕਿ ਬਾਜ਼ਾਰਿ ਸ਼ਮਾਅ।
ਅਸ਼ਕ ਰੇਜ਼ਦ, ਚਸ਼ਮਿ ਗੌਹਰ ਬਾਰਿ ਸ਼ਮਾਅ ॥੧॥

ਮਹਰਮਿ ਹਰਫ਼ਾਤਿ ਊ ਰਾ, ਗਸ਼ਤਾ ਅਸ੍ਤ।
ਅਸ਼ਕ ਮੇ ਰੇਜ਼ਦ, ਦਿਲਿ ਅਫ਼ਗਾਰਿ ਸ਼ਮਾਅ ॥੨॥

ਹਰ ਕੁਜਾ ਰੌਸ਼ਨ ਚਰਾਗ਼ੇ ਕਰਦਾ-ਅੰਦ।
ਯਕ ਗੁਲੇ ਬੂਦ ਅਸ੍ਤ, ਅਜ਼ ਗੁਲਜ਼ਾਰਿ ਸ਼ਮਾਅ ॥੩॥

ਤਾਕਿ: ਬਰ ਅਫ਼ਰੋਖ਼ਤੀ, ਰੁਖ਼ਸਾਰਿ ਖ਼ੁਦ।
ਮੇ-ਸ਼ਵੱਦ ਕੁਰਬਾਨਿ ਤੋ, ਸਦ ਬਾਰੇ ਸ਼ਮਾਅ ॥੪॥

ਗਿਰਦਿ ਰੁਖ਼ਸਾਰੇ ਤੋ, ਅਜ਼ ਬਹਰੇ ਨਿਸਾਰ।
ਜਾਂ ਬਰੇਜ਼ਦ, ਦੀਦਾ-ਹਾਏ ਜ਼ਾਰਿ ਸ਼ਮਾਅ ॥੫॥

ਬਸਕਿ: ਇਮ-ਸ਼ਬ ਨਾਮਦੀ, ਅਜ਼ ਇੰਤਜ਼ਾਰ।
ਸੋਖ਼ਤ ਮਹਫ਼ਲ, ਚਸ਼ਮਿ ਆਤਸ਼ਬਾਰਿ ਸ਼ਮਾਅ ॥੬॥

ਸੁਬਹ-ਦਮ 'ਗੋਇਆ' ਤਮਾਸ਼ਾਏ ਅਜੀਬ।
ਜੁਮਲਾ ਆਲਮ ਖ਼ੁਫ਼ਤਾ-ਓ, ਬੇਦਾਰਿ ਸ਼ਮਾਅ ॥੭॥

ਪੰਜਾਬੀ ਕਾਵਿ ਅਨੁਵਾਦ

੧. ਸ਼ਾਨ ਸ਼ਮਾਅ ਦੀ ਆਨ ਵਧਾਈ, ਤੇਰੇ ਨੂਰੀ ਚਿਹਰੇ।
ਏਸੇ ਕਾਰਨ ਅੱਖ ਓਸ ਦੀ, ਛਮ ਛਮ ਮੋਤੀ ਕੇਰੇ, ਹੂ।
੨. ਸ਼ਮਾਅ ਏਸ ਨੇ ਰਮਜ਼ ਤੇਰੀ ਦਾ, ਜਦ ਤੋਂ ਭੇਦ ਹੈ ਪਾਇਆ।
ਜ਼ਖ਼ਮੀ ਦਿਲ ਤੋਂ ਉਸ ਨੇ ਮਾਹੀ! ਰੋ ਰੋ ਨੀਰ ਬਹਾਇਆ, ਹੂ।
੩. ਜਿੱਥੇ ਕਿੱਥੇ ਸਤਸੰਗੀ ਨੇ, ਅਪਣੀ ਜੋਤ ਜਗਾਈ।
ਏਸ ਚਮਨ ਦਾ ਫੁੱਲ ਓਸ ਨੂੰ, ਆਖੇ ਸਭ ਲੋਕਾਈ, ਹੂ।
੪. ਜੇ ਰੁਸ਼ਨਾਵੇਂ ਮੁਖੜਾ ਨੂਰੀ, ਮੇਰੇ ਪ੍ਰੀਤਮ ਪਿਆਰੇ।
ਸ਼ਮਾਅ ਓਸ ਪ੍ਰਕਾਸ਼ ਦੇ ਉਤੋਂ, ਜਾਵੇ ਸਦ ਬਲਿਹਾਰੇ, ਹੂ।
੫. ਤੇਰੇ ਸੁੰਦਰ ਚਿਹਰੇ ਉਤੋਂ, ਸ਼ਮਾਅ ਹੈ ਸਦਕੇ ਜਾਂਦੀ।
ਜਿੰਦੜੀ ਵਾਰੇ ਸੌ ਸੌ ਵਾਰੀ! ਨੈਨੋਂ ਨੀਰ ਬਹਾਂਦੀ, ਹੂ।
੬. ਰਾਤੀਂ ਜਦ ਨਾ ਆਇਓਂ ਮਾਹੀ, ਸ਼ਮਾਅ ਬਹੁਤ ਘਬਰਾਈ।
ਬਿਰਹੋਂ-ਅੱਗ ਵਸਾਅ ਉਸ ਅੱਖੋਂ, ਮਹਿਫ਼ਲ ਸਾੜ ਮੁਕਾਈ, ਹੂ।
੭. ਅੰਮ੍ਰਿਤ ਵੇਲੇ ਹੁੰਦਾ 'ਗੋਇਆ', ਵਾਹ ਵਾਹ। ਅਜਬ ਨਜ਼ਾਰਾ।
ਸ਼ਮਾਅ ਜਾਗਦੀ ਭਗਤਾਂ ਸੰਦੀ, ਸੌਂਦਾ ਆਲਮ ਸਾਰਾ, ਹੂ।

ਐ ਰੁਖ਼ੇ ਤੋ, ਰੌਨਕਿ ਬਾਜ਼ਾਰਿ ਸ਼ਮਾਅ।
ਅਸ਼ਕ ਰੇਜ਼ਦ, ਚਸ਼ਮਿ ਗੌਹਰ ਬਾਰਿ ਸ਼ਮਾਅ ॥੧॥

ਸ਼ਬਦਾਰਥ : ਅਸ਼ਕ—ਅਥਰੂ। ਰੇਜ਼ਦ—ਵਹਾਉਂਦੀ ਹੈ। ਗੌਹਰ+ਬਾਰ—ਮੋਤੀ ਵਰਸਾਉਣ ਵਾਲੀ। ਸ਼ਮਾਅ—ਅਰਬੀ ਵਿਚ ਅਰਥ ਹਨ ਮੋਮ, ਫ਼ਾਰਸੀ ਵਿੱਚ—ਮੋਮ ਨੂੰ ਪੰਘਰਾ ਕੇ ਰੌਸ਼ਨ ਹੋਣ ਵਾਲੀ, (ਏਥੇ ਇਸ ਦਾ ਭਾਵ ਹੈ ਉਹ ਗੁਰਮੁਖ ਪਿਆਰੇ ਜਿਨ੍ਹਾਂ ਦੀ ਆਤਮਾ ਗੁਰੂਦੇਵ ਜੋਤੀ ਨੂੰ ਪਰਸ ਕੇ ਪ੍ਰਜ੍ਵਲਤ ਤੇ ਪ੍ਰਚੰਡ ਹੋ ਚੁਕੀ ਹੈ)।

ਅਰਥ : ਐ ਪ੍ਰੀਤਮ, ਤੇਰਾ (ਪੁਰ ਨੂਰ) ਚਿਹਰਾ ਸ਼ਮਾਅ ਦੇ ਬਾਜ਼ਾਰ (ਗੁਰਮੁਖਾਂ ਦੇ ਸਤਿਸੰਗ) ਦੀ ਰੌਣਕ ਹੈ, (ਏਸੇ ਲਈ) ਸ਼ਮਾਅ ਦੀ ਮੋਤੀ ਵਰਸਾਉਣ ਵਾਲੀ ਅੱਖ (ਤੇਰੀ ਰੰਗਣ ਦੇ ਵਿਸਮਾਦ ਵਿਚ ਪਿਆਰ ਤੇ ਸ਼ੁਕਰਾਨੇ ਦੇ) ਮੋਤੀ (ਅਥਰੂ) ਕੇਰਦੀ ਹੈ।

ਮਹਰਮਿ ਹਰਫ਼ਾਤਿ ਊ ਰਾ, ਗਸ਼ਤਾ ਅਸ੍ਤ।
ਅਸ਼ਕ ਮੇ ਰੇਜ਼ਦ, ਦਿਲਿ ਅਫ਼ਗਾਰਿ ਸ਼ਮਾਅ ॥੨॥

ਸ਼ਬਦਾਰਥ : ਮਹਰਮ—ਵਾਕਫ਼, ਭੇਤੀ। ਹਰਫ਼ਾਤ—ਗੱਲਾਂ, ਰਮਜ਼ਾਂ। ਗਸ਼ਤਾ ਅਸ੍ਤ—ਹੋ ਗਿਆ ਹੈ। ਅਫ਼ਗਾਰ—ਜ਼ਖ਼ਮੀ।

ਅਰਥ : ਉਸ ਦੀਆਂ (ਮੇਰੇ ਪ੍ਰੀਤਮ ਦੀਆਂ) ਰਮਜ਼ਾਂ ਤੋਂ ਉਹ ਭੇਤੀ ਹੋ ਰਾਈ ਹੈ। (ਇਸੇ ਲਈ) ਉਸ (ਸ਼ਮਾਅ) ਦਾ ਜ਼ਖ਼ਮੀ (ਬ੍ਰਿਹੋਂ ਕੁੱਠਾ) ਦਿਲ (ਪ੍ਰੀਤਮ ਦੇ ਬਿਰਹਾ ਵਿਚ) ਅਥਰੂ ਵਹਾਉਂਦਾ ਹੈ।

ਹਰ ਕੁਜਾ ਰੌਸ਼ਨ ਚਰਾਗ਼ੇ ਕਰਦਾ-ਅੰਦ।
ਯਕ ਗੁਲੇ ਬੂਦ ਅਸ੍ਤ, ਅਜ਼ ਗੁਲਜ਼ਾਰਿ ਸ਼ਮਾਅ ॥੩॥

ਸ਼ਬਦਾਰਥ : ਹਰ ਕੁਜਾ—ਹਰ ਥਾਂ। ਕਰਦਾ ਅੰਦ—ਕਰਦੇ ਹਨ। ਬੂਦ ਅਸ੍ਤ—ਹੋਇਆ ਹੈ।

ਅਰਥ : ਜਿਥੇ ਵੀ (ਜਗਿਆਸੂਆਂ ਨੇ) (ਆਤਮ ਪ੍ਰਕਾਸ਼ ਦਾ) ਦੀਵਾ ਬਾਲਿਆ ਹੈ, (ਉਹ ਗੁਰਦੇਵ ਦੀ ਮਹਾਂ ਜੋਤੀ ਤੋਂ ਵਰੋਸਾਈ) ਸ਼ਮਾਅ (ਗੁਰਮੁਖਾਂ) ਦੀ ਸਤਿਸੰਗ ਰੂਪੀ ਫੁਲਵਾੜੀ ਦਾ ਹੀ ਫੁੱਲ ਹੈ।

ਤਾਕਿ: ਬਰ ਅਫ਼ਰੋਖ਼ਤੀ, ਰੁਖ਼ਸਾਰਿ ਖ਼ੁਦ।
ਮੇ-ਸ਼ਵੱਦ ਕੁਰਬਾਨਿ ਤੋ, ਸਦ ਬਾਰੇ ਸ਼ਮਾਅ ॥੪॥

ਸ਼ਬਦਾਰਥ : ਬਰ ਅਫ਼ਰੋਖ਼ਤੀ—ਤੂੰ ਰੌਸ਼ਨ ਕਰੇਂ। ਰੁਖ਼ਸਾਰਿ ਖ਼ੁਦ—ਆਪਣਾ ਚਿਹਰਾ। ਮੇ ਸ਼ਵੱਦ—ਹੁੰਦੀ ਹੈ। ਸਦ ਬਾਰ—ਸੌ ਵਾਰੀ।

ਅਰਥ : ਤਾਂ ਜੁ ਤੂੰ (ਸਤਿਗੁਰੂ।) ਆਪਣੇ ਚਿਹਰੇ ਨੂੰ ਰੌਸ਼ਨ ਕਰ ਸਕੇਂ, ਤੇਰੇ ਚਿਹਰੇ ਦੇ ਪ੍ਰਕਾਸ਼ ਤੋਂ ਸ਼ਮਾਅ ਸੌ ਸੌ ਵਾਰੀ ਵਾਰਨੇ ਜਾਂਦੀ ਹੈ।

ਗਿਰਦਿ ਰੁਖ਼ਸਾਰੇ ਤੋ, ਅਜ਼ ਬਹਰੇ ਨਿਸਾਰ।
ਜਾਂ ਬਰੇਜ਼ਦ, ਦੀਦਾ-ਹਾਏ ਜ਼ਾਰਿ ਸ਼ਮਾਅ ॥੫॥

ਸ਼ਬਦਾਰਥ : ਅਜ਼ ਬਹਰੇ ਨਸਾਰ—ਸਦਕੇ ਹੋਣ ਲਈ। ਤੋ—ਤੇਰੇ। ਜਾਂ—ਜਾਨ। ਬਰੇਜ਼ਦ—ਸੁਟਦੀ ਹੈ। ਦੀਦਾ-ਹਾਏ—ਅੱਖਾਂ। ਜ਼ਾਰੇ—ਰੋਣ ਵਾਲੀਆਂ।

ਅਰਥ : (ਹੇ ਸਤਿਗੁਰੂ !) ਤੇਰੇ ਮੁਖੜੇ ਤੋਂ ਸਦਕੇ ਹੋਣ ਲਈ ਸ਼ਮਾਅ (ਪ੍ਰੀਤਵਾਨ) ਸਜਲ ਨੇਤਰਾਂ ਸਹਿਤ ਜਿੰਦ (ਵਾਰ) ਸੁਟਦੀ ਹੈ।

ਬਸਕਿ: ਇਮ-ਸ਼ਬ ਨਾਮਦੀ, ਅਜ਼ ਇੰਤਜ਼ਾਰ।
ਸੋਖ਼ਤ ਮਹਫ਼ਲ, ਚਸ਼ਮਿ ਆਤਸ਼ਬਾਰਿ ਸ਼ਮਾਅ ॥੬॥

ਸ਼ਬਦਾਰਥ : ਬਸਕਿ—ਇਸ ਲਈ। ਇਮ ਸ਼ਬ—ਅੱਜ ਰਾਤ। ਨਾਮਦੀ—ਨਾ+ ਆਮਦੀ—ਤੂੰ ਨਹੀਂ ਆਇਆ। ਸੋਖ਼ਤ—ਸਾੜ ਦਿੱਤਾ। ਆਤਸ਼ ਬਾਰ—ਅੱਗ ਵਰ੍ਹਾਉਣ ਵਾਲੀ।

ਅਰਥ : ਇਸ ਲਈ ਜੋ ਅਜ ਰਾਤ ਤੂੰ ਨਹੀਂ ਆਇਆ, ਸ਼ਮਾਅ ਦੀ ਅੱਗ ਵਰ੍ਹਾਉਣ ਵਾਲੀ ਅੱਖ ਨੇ ਮਹਿਫ਼ਲ ਨੂੰ ਸਾੜ ਸੁੱਟਿਆ। ਭਾਵ, ਤੇਰੇ ਦਰ ਦੇ ਮਤਵਾਲੇ ਨੂੰ ਉਡੀਕਦਿਆਂ ਰਾਤੀਂ ਜਦ ਦਰਸ਼ਨ ਨਾ ਹੋਏ ਤਾਂ ਵਿਛੋੜੇ ਦੀ ਬਿਰਹੋਂ-ਅਗਨੀ ਐਸੀ ਪ੍ਰਚੰਡ ਹੋਈ ਕਿ ਸਾਰੀ ਸੰਗਤ ਹੀ ਉਸ ਬਿਰਹੋਂ-ਅਗਨੀ ਦੀ ਲਪੇਟ ਵਿਚ ਆ ਗਈ, ਸਭਨਾਂ ਤੇ ਦਰਸ਼ਨਾਂ ਦੀ ਖਿੱਚ ਦਾ ਆਲਮ ਤਾਰੀ ਹੋ ਗਿਆ।

ਸੁਬਹ-ਦਮ 'ਗੋਇਆ' ਤਮਾਸ਼ਾਏ ਅਜੀਬ।
ਜੁਮਲਾ ਆਲਮ ਖ਼ੁਫ਼ਤਾ-ਓ, ਬੇਦਾਰਿ ਸ਼ਮਾਅ ॥੭॥

ਸ਼ਬਦਾਰਥ : ਸੁਬਹ-ਦਮ—ਅੰਮ੍ਰਿਤ ਵੇਲੇ। ਜੁਮਲਾ—ਸਾਰਾ। ਆਲਮ—ਜਗਤ। ਖ਼ੁਫ਼ਤਾ—ਸੁੱਤਾ ਹੋਇਆ। ਬੇਦਾਰ—ਜਾਗਦੀ।

ਅਰਥ : 'ਗੋਇਆ', ਅੰਮ੍ਰਿਤ ਵੇਲੇ ਅਜੀਬ ਤਮਾਸ਼ਾ (ਹੁੰਦਾ) ਹੈ, ਸਾਰਾ ਆਲਮ ਸੌਂਦਾ ਤੇ ਸ਼ਮਾਅ ਜਾਗਦੀ ਹੈ (ਭਾਵ—ਸੰਤ ਜਨ ਗੁਰਮੁਖ ਅੰਮ੍ਰਿਤ ਵੇਲੇ ਜਾਗ ਕੇ ਸਾਈਂ ਨਾਲ ਜੁੜਦੇ ਹਨ, ਪਰੰਤੂ ਸੰਸਾਰੀ ਲੋਕ ਨੀਂਦਰ ਦੀ ਮਿੱਠੀ ਲੋਰੀ ਵਿਚ ਮਸਤ, ਜੀਂਵਦੇ ਹੀ ਮੋਇਆਂ ਸਮਾਨ ਹੁੰਦੇ ਹਨ)।

ਵਿਆਖਿਆ

ਇਸ ਗ਼ਜ਼ਲ ਵਿਚ ਭਾਈ ਸਾਹਿਬ ਨੇ ਪ੍ਰੇਮ-ਰੰਗ-ਰੱਤੇ ਗੁਰਮੁਖਾਂ ਨੂੰ ਸ਼ਮਾਅ ਨਾਲ ਉਪਮਾ ਦਿੱਤੀ ਹੈ। ਜਿਵੇਂ ਪ੍ਰਕ੍ਰਿਤਕ ਪ੍ਰਕਾਸ਼ ਦੇਣ ਵਾਲੀ ਸ਼ਮਾਅ ਦੀ ਆਭਾ ਤੇ ਪ੍ਰਕਾਸ਼ ਦਾ ਸੋਮਾ ਸੂਰਜ ਹੈ, ਤਿਵੇਂ ਗੁਰਮੁਖ-ਰੂਪੀ ਸ਼ਮਾਅ ਦੇ ਆਤਮ-ਪ੍ਰਕਾਸ਼ ਦਾ ਸੋਮਾ ਗੁਰੂ-ਦੇਵ ਦੀ ਮਹਾਨ ਜੋਤੀ ਹੈ। ਪੂਰਨ ਗੁਰੂ ਆਤਮਕ ਤੌਰ ਉਤੇ ਅਕਾਲ ਪੁਰਖ ਨਾਲ ਸਦਾ ਅਭੇਦ ਅਥਵਾ ਇਕ-ਮਿਕ ਹੈ। ਇਸ ਲਈ :

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ *(ਸੋਹਿਲਾ)*

ਦੇ ਗੁਰਵਾਕ ਅਨੁਸਾਰ, ਗੁਰਮੁਖਾਂ ਦੇ ਜੋੜ ਮੇਲਿਆਂ ਦੀ ਰੌਣਕ ਦਾ ਰਾਜ਼ (ਭੇਤ) ਗੁਰਦੇਵ-ਜੋਤੀ ਨੂੰ ਹੀ ਮੰਨਿਆ ਹੈ, ਅਤੇ ਗੁਰੂ-ਚਰਨਾਂ ਦੇ ਪ੍ਰੀਤਵਾਨ ਨੂੰ ਆਪਣੇ ਕਾਮਲ ਮੁਰਸ਼ਦ ਦੇ ਨੂਰਾਨੀ ਚਿਹਰੇ ਤੋਂ ਸ-ਜਲ ਨੇਤਰਾਂ ਸਹਿਤ ਜਿੰਦ ਵਾਰਦੇ ਵਿਖਾਇਆ ਗਿਆ ਹੈ।

ਗੱਲ ਕੀ, ਆਤਮਕ-ਪ੍ਰਕਾਸ਼ ਦਾ ਚਾਹਵਾਨ, ਸਤਿਗੁਰੂ ਦੀ ਦਿਬ ਜੋਤੀ ਦੇ ਪ੍ਰਕਾਸ਼ ਤੋਂ ਵਰੋਸਾਏ ਗੁਰਮੁਖਾਂ ਦੀ ਆਤਮਕ ਫੁਲਵਾੜੀ ਵਿਚ ਇਉਂ ਕੂਕਦਾ ਫਿਰਦਾ ਹੈ

(ੳ) **ਪ੍ਰਿਅ ਕੀ ਪ੍ਰੀਤਿ ਪਿਆਰੀ ॥**
ਮਗਨ ਮਨੈ ਮਹਿ ਚਿਤਵਉ ਆਸਾ, ਨੈਨਹੁ ਤਾਰ ਤੁਹਾਰੀ ॥
(ਕੇਦਾਰਾ ਮ: ੫, ਪੰਨਾ ੧੧੨੦)

(ਅ) **ਕੈਸੇ ਕਹਉ ਮੋਹਿ ਜੀਅ ਬੇਦਨਾਈ ?**
ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ, ਮਨ ਨ ਰਹੈ ਬਹੁ ਬਿਧਿ ਉਮਕਾਈ ॥
(ਸਾਰੰਗ ਮ: ੫, ਪੰਨਾ ੧੨੦੬)

ਜਦ ਇਹ ਪ੍ਰੀਤ ਪ੍ਰਬਲ ਹੋ ਉਠਦੀ ਹੈ ਤਾਂ ਫਿਰ ਪ੍ਰੀਤਵਾਨ ਆਪਣੇ ਪ੍ਰੀਤਮ ਨੂੰ ਇਉਂ ਸੰਦੇਸੇ ਦੇਂਦਾ ਹੈ

(ੳ) **ਸਾਜਨ ਦੇਸਿ ਵਿਦੇਸੀਅੜੇ, ਸਾਨੇਹੜੇ ਦੇਦੀ ॥**
ਸਾਰਿ ਸਮਾਲੇ, ਤਿਨ ਸਜਣਾ, ਮੁੰਧ ਨੈਣ ਭਰੇਦੀ ॥ *(ਤੁਖਾਰੀ ਮ: ੧, ਪੰਨਾ ੧੧੧੧)*

(ਅ) **ਹਉ ਰਹਿ ਨਾ ਸਕਾ ਬਿਨੁ ਦੇਖੇ ਪ੍ਰੀਤਮਾ, ਮੈ ਨੀਰੁ ਵਹੇ ਵਹਿ ਚਲੈ ਜੀਉ ॥**
ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥ ਹਉ ਰਹਿ ਨਾ ਸਕਾ, ਬਿਨੁ ਦੇਖੇ ਮੇਰੀ ਮਾਈ ॥
(ਮਾਝ ਮ: ੪, ਪੰਨਾ ੯੪)

(ੲ) **ਉਡੀਨੀ ਉਡੀਨੀ ਉਡੀਨੀ ॥ ਕਬ ਘਰਿ ਆਵੈ ਰੀ ॥** *(ਬਿਲਾਵਲੁ ਮ: ੫, ਪੰਨਾ ੮੩੦)*

ਇਤਨੀ ਉਡੀਕ ਇੰਤਜ਼ਾਰ ਪਿਛੋਂ ਜਦ ਕੋਈ ਚਾਰਾ ਨਹੀਂ ਚਲਦਾ ਤਾਂ ਫਿਰ ਹੈਰਾਨੀ ਵਿਚ ਗੁੰਮ ਹੋ ਕੇ ਗਾਉਂ ਉਠਦਾ ਹੈ

(ੳ) **ਤੁਣਿ ਨਹੀ ਸੰਦੇਸਰੋ ਮਾਇਓ ॥**
²ਏਕ ਕੋਸਰੋ ਸਿਧਿ ਕਰਤ ਲਾਲੁ, ਤਬ ਚਤੁਰ ਪਾਤਰੋ ਆਇਓ ॥
(ਸੋਰਠਿ ਮ: ੫, ਪੰਨਾ ੬੨੪)

(ਅ) **ਜੋ ਮੈ ਬੇਦਨ, ਸਾ ਕਿਸੁ ਆਖਾ, ਮਾਈ ॥** *(ਮਾਰੂ ਮ: ੧, ਪੰਨਾ ੯੯੦)*

ਫਿਰ, ਅਤਿ ਦੀ ਬੇਦਨਾ ਤੇ ਬਿਰਹੋਂ ਵਿਚ ਬਿਹਬਲ ਹੋਇਆ ਜਗਿਆਸੂ ਮਹਾਂ ਵਾਕਾਂ ਦੀਆਂ ਇਨ੍ਹਾਂ ਤੁਕਾਂ ਨਾਲ ਇਕ-ਸੁਰ ਹੋ, ਪਪੀਹੇ ਵਾਂਗ ਉਚੀ ਉਚੀ ਅਲਾਪਦਾ ਹੈ

---

੧. ਤਾਜ਼ੀ।

੨. ਅਗੇ ਜੇ ਸਤਿਗੁਰੂ ਜੀ ਇਕ ਕੋਹ ਕਿਤੇ ਜਾਂਦੇ ਸਨ ਤਾਂ ਚਾਰ ਪਤਰਕਾਂ ਆ ਜਾਂਦੀਆਂ ਸਨ।

ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ, ਨੀਦ ਪਲਕ ਨਹੀ ਜਾਗਿਓ॥
ਹਾਰ, ਕਜਰ, ਬਸਤ੍ਰ, ਅਨਿਕ ਸੀਗਾਰ ਰੇ, ਬਿਨੁ ਪਿਰ ਸਭੈ ਬਿਖੁ ਲਾਗਿਓ॥

(ਸਾਰੰਗ ਮ: ੫, ਪੰਨਾ ੧੨੦੩)

ਜਦ ਪਿਆਰੇ ਤੋਂ ਬਿਨਾਂ ਕੁਝ ਵੀ ਚੰਗਾ ਨਹੀਂ ਲਗਦਾ ਤਾਂ ਫਿਰ ਸਤਸੰਗੀਆਂ, ਗੁਰਮੁਖਾਂ ਵਰੋਸਾਇਆਂ ਵਿਅਕਤੀਆਂ ਅੱਗੇ ਤਰਲਾ ਕਢਦਾ ਹੈ

ੳ **ਪੂਛਉ ਪੂਛਉ ਦੀਨ ਭਾਂਤਿ ਕਰਿ, ਕੋਊ ਕਹੈ ਪ੍ਰਿਅ ਦੇਸਾਂਗਿਓ॥**
ਹੀਂਉ ਦੇਂਉ, ਸਭੁ ਮਨੁ ਤਨੁ ਅਰਪਉ, ਸੀਸੁ ਚਰਣ ਪਰਿ ਰਾਖਿਓ॥

(ਪੰਨਾ ੧੨੦੩)

ਤੇ ਦਰਸ਼ਨਾਂ ਉਪ੍ਰੰਤ

(ਅ) **ਹਉ ਆਕਲ ਬਿਕਲ ਭਈ ਗੁਰ ਦੇਖੇ, ਹਉ ਲੋਟ ਪੋਟ ਹੋਇ ਪਈਆ॥**

(ਬਿਲਾਵਲੁ ਮ: ੪, ਪੰਨਾ ੮੩੫)

(ੲ) **ਗੁਰੁ ਸੁੰਦਰੁ ਮੋਹਨੁ ਪਾਇ ਕਰੇ, ਹਰਿ ਪ੍ਰੇਮ ਬਾਣੀ ਮਨੁ ਮਾਰਿਆ॥**
ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ, ਮਨ ਆਸਾ ਚਿੰਤ ਵਿਸਾਰਿਆ॥

(ਸੂਹੀ ਮ: ੪, ਪੰਨਾ ੭੭੬)

ਬਿਰਹੋਂ-ਵਿਜੋਗ ਵਿਚ ਇਸ ਤਰ੍ਹਾਂ ਲੁਛਦਿਆਂ ਤੇ ਤਰਲੋ-ਮੱਛੀ ਹੁੰਦਿਆਂ ਉਸਦੇ ਅੰਦਰੋਂ ਇਕ ਹੂਕ ਉਠਦੀ ਹੈ ਤੇ ਉਹ ਇਉਂ ਸੰਗੀਤ-ਰੂਪ ਹੋ ਅਲਾਪਦਾ ਹੈ

ਹੁਣਿ ਕਦਿ ਮਿਲੀਐ ? ਪ੍ਰਿਅ ਤੁਧੁ ਭਗਵੰਤਾ॥.......
ਹੁਣਿ ਕਦਿ ਮਿਲੀਐ.......ਹੁਣਿ ਕਦਿ ਮਿਲੀਐ...... ?

ਸਾਰੀ ਸੰਗਤ ਵੀ ਉਸ ਬ੍ਰਿਹੋਂ-ਕੁਠੇ ਹਿਰਦੇ ਦੀਆਂ ਹੂਕਾਂ ਤੇ ਕੂਕਾਂ-ਪੁਕਾਰਾਂ ਵਿਚ ਸਜਲ ਨੇਤਰ ਹੋ ਜਾਂਦੀ ਹੈ ਅਤੇ ਉਸ ਪਿਆਰੇ ਦੀ ਸਿਕ ਦੇ ਨਾਲ ਮਿਲ ਕੇ ਸਾਰੇ ਗਾਂਵਦੇ ਹਨ:

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਹੁਣਿ ਕਦਿ ਮਿਲੀਐ

ਭਾਈ ਸਾਹਿਬ ਜੀ ਦਸਦੇ ਹਨ ਕਿ ਇਸ ਤਰ੍ਹਾਂ ਪ੍ਰੀਤਮ-ਦਰ ਦੇ ਮੁਤਲਾਸ਼ੀ ਸਾਧ ਸੰਗਤ ਵਿਚ ਮਿਲ ਕੇ ਅੰਮ੍ਰਿਤ ਵੇਲੇ, ਝਿਮ ਝਿਮ ਵਰਸਦੀ ਅੰਮ੍ਰਿਤ-ਧਾਰਾ ਦੇ ਜਾਮ ਉੱਤੇ ਜਾਮ ਨੋਸ਼ ਫ਼ੁਰਮਾਂਦੇ ਹਨ, ਜਦ ਕਿ ਸਾਰਾ ਆਲਮ ਮਿੱਠੀ ਨੀਂਦ ਦੀ ਗੋਦੀ ਵਿਚ ਘੂਕ ਸੁੱਤਾ, ਬੇਖ਼ਬਰੀ ਤੇ ਗ਼ਫ਼ਲਤ ਦੀਆਂ ਥਪਕੀਆਂ ਦਾ ਅਲਪ ਸੁਆਦ ਮਾਣ ਰਿਹਾ ਹੁੰਦਾ ਹੈ। ਗੋਇਆ ਜੀ ਦਾ ਹੋਰਥੇ ਫ਼ੁਰਮਾਨ ਹੈ

ਬੇਦਾਰੀ ਅਸਤ ਜ਼ਿੰਦਗੀਇ, ਆਰਫ਼ਾਨਿ ਸ਼ੌਕ।
'ਗੋਇਆ' ਹਰਾਮ ਕਰਦਮ, ਅਜ਼ ਆਇੰਦਾ ਖ਼੍ਹਾਬਿ ਸੁਬਹ। *(ਗ਼ਜ਼ਲ ੧੭)*

ਗ਼ਜ਼ਲ ਨੰਬਰ ੪੭

ਸਾਕੀਆ ਬਰਖ਼ੇਜ਼, ਵ ਹਾਂ ਪੁਰ ਕੁਨ ਅਯਾਗ।
ਤਾ ਜ਼ਿ ਨੋਸ਼ਿ ਓ, ਕੁਨਮ ਰੰਗੀਂ ਦਿਮਾਗ਼॥੧॥

ਹਲਕਾ-ਇ ਜ਼ੁਲਫ਼ਤ, ਦਿਲਮ ਰਾ, ਬੁਰਦਾ ਬੂਦ॥
ਯਾਫ਼ਤਮ ਅਜ਼ ਪੇਚਿ ਤੋ, ਊ ਰਾ ਸੁਰਾਗ਼॥੨॥

ਈਂ ਵਜੂਦੇ ਖ਼ਾਕੋ, ਆਬੋ, ਆਤਿਸ਼ ਅਸ੍ਰ।
ਦਰ ਵਜੂਦੇ ਖ਼ੇਸ਼ਤਨ, ਹਰ ਚਾਰ ਬਾਗ਼॥੩॥

ਅਜ਼ ਸ਼ੁਆਇ ਪਰਤਵਿ ਦੀਦਾਰਿ ਪਾਕ।
ਸਦ ਹਜ਼ਾਰਾਂ ਹਰ ਤਰਫ਼ ਰੋਸ਼ਨ ਚਰਾਗ਼॥੪॥

ਯਾਦਿ ਊ ਕੁਨ, ਯਾਦਿ ਊ, 'ਗੋਇਆ' ਮੁਦਾਮ।
ਤਾ ਬ-ਯਾਬੀ, ਅਜ਼ ਗ਼ਮਿ ਆਲਮ, ਫ਼ਰਾਗ਼॥੫॥

ਪੰਜਾਬੀ ਕਾਵਿ ਅਨੁਵਾਦ

੧. ਉੱਠ, ਐ ਸਾਕੀ, ਦਿਲਬਰ ਮੇਰੇ, ਭਰ ਦੇ ਪ੍ਰੇਮ-ਪਿਆਲਾ
ਤਾਂ ਜੁ ਪੀ ਕੇ ਓਸ ਜਾਮ ਨੂੰ, ਮਨ ਹੋਵੇ ਮਤਵਾਲਾ

੨. ਜ਼ੁਲਫ਼ ਤੇਰੀ ਦੇ ਕੁੰਡਲ ਕਾਲੇ, ਦਿਲ ਮੇਰਾ ਹੈ ਠੱਗਿਆ
ਥਹੁ ਟਿਕਾਣਾ ਦਿਲ ਮੇਰੇ ਦਾ ਮੈਨੂੰ ਏਥੇ ਲੱਭਿਆ,

੩. ਪਾਣੀ, ਅੱਗ, ਹਵਾ ਤੇ ਖ਼ਾਕੋਂ ਸੂਰਤ ਆਦਮ ਧਾਰੀ
ਮਿਲ ਕੇ ਅਪਣੇ ਅਸਲੇ ਤਾਈਂ, ਸ਼ੋਭਾ ਦਏ ਨਿਆਰੀ, ਹੂ

੪. ਦਰਸ ਤੇਰੇ ਦੀ ਪਾਵਨ ਕਿਰਨੋਂ ਪੂਰਨ ਸਤਿਗੁਰ ਮੇਰੇ
ਜਗ ਰਹੇ ਜੱਗ ਵਿਚ ਸਦ ਹਜ਼ਾਰਾ ਦੀਵੇ ਚਾਰ ਚੁਫੇਰੇ, ਹੂ

੫. ਹਰਦਮ ਸਿਮਰਨ ਕਰ ਤੂੰ ਉਸਦਾ 'ਗੋਇਆ' ਜੋ ਰਖਵਾਰਾ
ਦੁਨੀਆ ਸੰਦੇ ਦੁੱਖੋਂ ਪੀੜੋਂ ਪਾਵੇਂ ਤਾਂ ਛੁਟਕਾਰਾ ਹੂ

ਸਾਕੀਆ ਬਰਖ਼ੇਜ਼, ਵ ਹਾਂ ਪੁਰ ਕੁਨ ਅਯਾਗ਼॥
ਤਾ ਜ਼ਿ ਨੋਸ਼ਿ ਓ, ਕੁਨਮ ਰੰਗੀਂ ਦਿਮਾਗ਼॥੧॥

ਸ਼ਬਦਾਰਥ : ਸਾਕੀਆ—ਹੇ ਸਾਕੀ (ਹੇ ਨਾਮ ਦੀ ਸ਼ਰਾਬ ਪਿਲਾਉਣ ਵਾਲੇ ਸਤਿਗੁਰੂ)। ਬਰਖ਼ੇਜ਼—ਉੱਠ। ਓ—ਤੇ। ਪੁਰ ਕੁਨ—ਭਰ ਦੇਹ। ਅਯਾਗ਼—ਪਿਆਲਾ। ਨੋਸ਼ਿ ਊ—ਉਸ ਦੇ ਪੀਣ ਨਾਲ, ਪੀ ਕੇ। ਕੁਨਮ—ਮੈਂ ਕਰਾਂ। ਰੰਗੀਂ—ਰੰਗੀਲਾ। ਤਾ ਜ਼ਿ—ਤਾ ਅਜ਼, ਤਾਂ ਜੁ ਉਸ ਨਾਲ।

ਅਰਥ : ਹੇ ਸਾਕੀ, ਉਠ ਤੇ ਪਿਆਲਾ ਭਰ ਦੇ, ਤਾਂ ਜੁ ਉਸ ਦੇ ਪੀਣ ਨਾਲ (ਨਾਮ ਦੀ ਮਸਤੀ ਨਾਲ) ਮੈਂ ਦਿਮਾਗ਼ ਨੂੰ ਰੰਗ-ਰਤਾ ਕਰ ਲਵਾਂ।

ਹਲਕਾ-ਇ ਜ਼ੁਲਫ਼ਤ, ਦਿਲਮ ਰਾ, ਬੁਰਦਾ ਬੂਦ।
ਯਾਫ਼ਤਮ ਅਜ਼ ਪੇਚਿ ਤੋ, ਊ ਰਾ ਸੁਰਾਗ਼॥੨॥

ਸ਼ਬਦਾਰਥ : ਹਲਕਾ—ਘੇਰਾ, ਗੋਲਾਈ, ਕੁੰਡਲ। ਜ਼ੁਲਫ਼ਤ—ਤੇਰੀ ਜ਼ੁਲਫ਼। ਦਿਲਮ—ਮੇਰਾ ਦਿਲ। ਬੁਰਦਹ ਬੂਦ—ਖੋਹ ਕੇ ਲੈ ਗਿਆ ਸੀ। ਯਾਫ਼ਤਮ—ਮੈਂ ਪ੍ਰਾਪਤ ਕਰ ਲਿਆ। ਪੇਚ—ਕੁੰਡਲ। ਊ ਰਾ—ਉਸ ਦਾ। ਸੁਰਾਗ਼—ਪਤਾ, ਖੋਜ।

ਅਰਥ : ਤੇਰੀ ਜ਼ੁਲਫ਼ ਦੇ (ਕੁੰਡਲ ਦੀ) ਗੋਲਾਈ (ਤੇਰੇ ਕੇਸਾਂ ਦੀ ਸੁੰਦਰਤਾ) ਮੇਰਾ ਦਿਲ (ਕੱਢ ਕੇ) ਲੈ ਗਈ ਹੈ। ਮੈਂ ਉਸ (ਵਾਹਿਗੁਰੂ) ਦਾ ਖੋਜ (ਤੇਰੀ ਜ਼ੁਲਫ਼ ਦੇ) ਕੁੰਡਲ ਤੋਂ (ਭਾਵ, ਤੇਰੇ ਸੁੰਦਰ ਦਰਸ਼ਨਾਂ ਤੋਂ) ਲੱਭਾ ਹੈ।

ਈਂ ਵਜੂਦੇ ਖ਼ਾਕੋ, ਆਬੋ, ਆਤਿਸ਼ ਅਸ੍ਤ।
ਦਰ ਵਜੂਦੇ ਖ਼ੇਸ਼ਤਨ, ਹਰ ਚਾਰ ਬਾਗ਼॥੩॥

ਅਰਥ : ਇਹ (ਮਨੁੱਖੀ) ਸਰੀਰ ਮਿੱਟੀ, ਪਾਣੀ ਤੇ ਅੱਗ ਦਾ ਬਣਿਆ ਹੋਇਆ ਇਕ ਪੁਤਲਾ, ਭਾਵ, ਤੁੱਛ ਹੈ। ਆਪਣੇ ਅਸਲੀ (ਆਤਮਕ) ਤੱਤ ਅਨੁਸਾਰ ਇਹ ਬਾਹਰਲੇ ਚਾਰੇ ਤੱਤ (ਅੱਗ, ਪਾਣੀ, ਮਿੱਟੀ, ਹਵਾ) ਬਾਗ਼ ਦੀ ਨਿਆਈਂ ਪ੍ਰਫੁੱਲਤ ਹਨ।

ਅਜ਼ ਸ਼ੁਆਇ ਪਰਤਵਿ ਦੀਦਾਰਿ ਪਾਕ।
ਸਦ ਹਜ਼ਾਰਾਂ ਹਰ ਤਰਫ਼ ਰੌਸ਼ਨ ਚਰਾਗ਼॥੪॥

ਸ਼ਬਦਾਰਥ : ਸ਼ੁਆ—ਕਿਰਨ। ਪਰਤਵ—ਕਿਰਨ, ਰੌਸ਼ਨੀ, ਨੂਰ। ਪਾਕ—ਪਵਿੱਤਰ। ਸਦ—ਸੌ। ਸਦ ਹਜ਼ਾਰਾਂ—ਕਈ ਹਜ਼ਾਰ, ਬੇਅੰਤ।

ਅਰਥ : (ਹੇ ਸਤਿਗੁਰੂ, ਤੇਰੇ) ਪਵਿੱਤਰ ਦਰਸ਼ਨਾਂ ਦੀ ਰੌਸ਼ਨੀ ਦੀ ਕਿਰਨ ਤੋਂ ਹਰ ਪਾਸੇ ਬੇਅੰਤ ਦੀਵੇ ਰੌਸ਼ਨ (ਹਨ) (ਜਗ ਰਹੇ ਹਨ)।

ਯਾਦਿ ਊ ਕੁਨ, ਯਾਦਿ ਊ, 'ਗੋਇਆ', ਮੁਦਾਮ।
ਤਾ ਬ-ਯਾਬੀ, ਅਜ਼ ਗ਼ਮਿ ਆਲਮ ਫ਼ਰਾਗ਼॥੫॥

ਸ਼ਬਦਾਰਥ : ਕੁਨ—ਤੂੰ ਕਰ। ਮੁਦਾਮ—ਹਮੇਸ਼ਾ, ਸਦਾ। ਬ-ਯਾਬੀ—ਤੂੰ ਪਾਵੇਂ। ਫ਼ਰਾਗ਼—ਛੁਟਕਾਰਾ, ਮੁਕਤੀ।

ਅਰਥ : ਐ ਗੋਇਆ, ਹਮੇਸ਼ਾ ਉਸ ਦਾ ਸਿਮਰਨ ਕਰ, ਉਸ ਦਾ ਸਿਮਰਨ, ਤਾਂ ਜੁ ਤੂੰ ਦੁਨੀਆ ਦੇ ਦੁੱਖਾਂ (ਪੀੜਾਂ) ਤੋਂ ਛੁਟਕਾਰਾ ਪਾਵੇਂ।

ਵਿਆਖਿਆ

ਇਤਿਹਾਸ ਵਿਚ ਬਾਬੇ ਤੇ ਬਾਬਰ ਦੀ ਮਿਲਣੀ ਇਕ ਮਹਾਨ ਇਤਿਹਾਸਕ ਘਟਨਾ ਹੈ। ਜਿਸ ਬੇਬਾਕੀ ਨਾਲ ਸਤਿਵਾਦੀ ਬਾਬੇ ਨੇ, ਬਾਬਰ ਜਿਹੇ ਸ਼ੀਂਹ ਨੂੰ, ਜਾਬਰ ਕਹਿ ਕੇ ਹਲੂਣਿਆ ਅਤੇ ਭਾਰਤੀ 'ਗਊ'—ਜਨਤਾ ਉਤੇ ਅੰਨ੍ਹੇਵਾਹ ਜਬਰ ਕਰਨੋਂ ਹੋੜਿਆ, ਉਹ ਨਿਰਭੈਤਾ, ਕੇਵਲ ਨਿਰੰਕਾਰੀ ਨਾਨਕ ਦੇ ਹਿੱਸੇ ਹੀ ਆਈ ਸੀ। ਜਿੱਤ ਦੇ ਨਸ਼ੇ ਵਿੱਚ ਚੂਰ ਬਾਬਰ ਨੇ ਪਹਿਲਾਂ ਤਾਂ 'ਸਚ ਕੀ ਬਾਣੀ' ਆਖ ਸੁਣਾਉਣ ਵਾਲੇ ਸਤਿਗੁਰੂ ਨੂੰ, ਹੋਰਨਾਂ ਵਾਂਗ ਕੈਦ ਵਿਚ ਸੁੱਟ ਦਿੱਤਾ, ਪਰੰਤੂ, ਜਦ ਉਨ੍ਹਾਂ ਦੀ ਵਡਿਆਈ ਦਾ ਪਤਾ ਲੱਗਾ ਤਾਂ ਬਾਬੇ ਜੀ ਦੇ ਫ਼ੁਰਮਾਨ ਉਤੇ ਨਾ ਕੇਵਲ ਸਾਰੇ ਕੈਦੀ ਹੀ ਛੱਡ ਦਿਤੇ ਗਏ, ਸਗੋਂ ਬਾਬੇ ਨੂੰ 'ਅਲਾਹ ਦੇ ਲੋਕ' ਜਾਣ ਕੇ ਖਿਮਾ ਵੀ ਮੰਗੀ ਅਤੇ ਨਜ਼ਰਾਨੇ ਵਜੋਂ ਮਸਤੀਆਂ ਲਿਆਉਣ ਵਾਲੀ ਅੰਗੂਰੀ ਸ਼ਰਾਬ ਦਾ ਛਲਕਦਾ ਪਿਆਲਾ ਵੀ ਪੇਸ਼ ਕੀਤਾ। 'ਨਾਮ' ਦੀ ਖ਼ੁਮਾਰੀ ਨਾਲ ਸਦਾ ਰੰਗ-ਰੱਤੇ ਤੇ ਖੀਵੇ ਰਹਿਣ ਵਾਲੇ ਗੁਰੂ ਬਾਬੇ ਨੇ, ਇਹ ਮੱਤ ਮਾਰਨ ਵਾਲਾ ਝੂਠਾ ਮਦ ਦਾ ਪਿਆਲਾ ਅਸਵੀਕਾਰ ਕਰਦਿਆਂ, ਬਾਬਰ ਨੂੰ ਦਾਅਵਤ ਦਿਤੀ ਕਿ ਉਹ, ਇਹ ਹੋਛਾ ਮੱਦ ਤਿਆਗ ਕੇ, ਉਨ੍ਹਾਂ ਵਲੋਂ ਲੋਕਾਈ ਨੂੰ ਵੰਡੇ ਤੇ ਪਿਆਏ ਜਾ ਰਹੇ ਪਿਰਮ-ਰਸ ਦੇ ਦੋ ਘੁੱਟ ਭਰ ਕੇ ਵੇਖੇ; ਅਤੇ ਸਦਾ ਲਈ ਵਿਸਮਾਦਤ ਹੋ, ਦੁਨੀਆ ਦੇ ਦੁੱਖਾਂ ਤੋਂ ਪਾਕ ਥੀਵੇ।

ਬਾਬੇ ਤੇ ਬਾਬਰ ਦੇ ਇਸ ਵਾਰਤਾਲਾਪ ਨੂੰ ਕਵੀ ਦੀ ਕਲਮ ਨੇ ਕੁਝ ਇਉਂ ਉਲੀਕਣ ਦਾ ਜਤਨ ਕੀਤਾ ਹੈ

ਬਾਬਰ : ਹਮਾਰੀ [1]ਬਜ਼ਮਿ ਇਸ਼ਰਤ ਮੇਂ, ਜੋ ਲੇ ਆਇਆ ਖ਼ੁਦਾ ਬਾਬਾ।
ਤੋ ਬਿਸ-ਮਿੱਲਾ, ਜਾਮਿ [2]ਬਾਦਹਾਇ ਅਹਿਮਰ, ਉਠਾ ਬਾਬਾ।
ਜਹਾਂ ਮੇਂ [3]ਆਬਿ ਰਜ਼ ਸੇ, ਕੌਨ ਸਾ ਹੈ ਪਾਕਤਰ ਪਾਨੀ।
ਕਿ ਮਿਟ ਜਾਤੇ ਹੈਂ ਜਿਸ ਸੇ, ਦਫ਼ਤਰਿ ਮਾ ਓ ਸ਼ੁਮਾ ਬਾਬਾ।
ਗ਼ਨੀਮਤ ਜਾਨ ਕਰ ਮਹਿਫ਼ਲ ਸੇ ਇਕ ਦੋ ਜਾਮ ਪੀਤਾ ਜਾ।
[4]ਮਿਆਨੇ ਮਹਿਫ਼ਲਿ ਰਿੰਦਾਨੇ, [5]ਦੁਰਦਾਸ਼ਾਮ ਪੀਤਾ ਜਾ।
ਬਾਬਾ : ਵੁਹ ਮੈ ਅਪਨੀ ਹੈ, ਜਿਸ ਸੇ ਬਿਨ ਪੀਏ ਮਖ਼ਮੂਰ ਰਹਿਤੇ ਹੈਂ।
ਖ਼ਿਆਲਿ ਚਸ਼ਮਿ ਸਾਕ਼ੀ ਕੇ, ਨਸ਼ਾ ਮੇਂ ਚੂਰ ਰਹਿਤੇ ਹੈਂ।
[6]ਲੰਢਾਏ ਹੈਂ ਜਿਨ੍ਹੋਂ ਨੇ [7]ਖ਼ੁਮ ਕੇ ਖ਼ੁਮ [8]ਸਹਿਬਾਏ ਇਰਫ਼ਾਂ ਕੇ।
ਕਹਾਂ ਵੁਹ [9]ਤਾਲਬੇ [10]ਅਫ਼ਸ਼ੁਰਦਾਇ ਅੰਗੂਰ ਰਹਿਤੇ ਹੈਂ।

---

੧. ਐਸ਼ਾਂ ਭਰੀ ਮਹਿਫ਼ਲ। ੨. ਲਾਲ ਸ਼ਰਾਬ (ਲਾਲ ਅੰਗੂਰੀ ਸ਼ਰਾਬ) ੩. ਅੰਗੂਰ ਦਾ ਪਾਣੀ—ਰੱਸ (ਅੰਗੂਰੀ ਸ਼ਰਾਬ)। ੪. ਰਿੰਦਾਂ ਦੀ ਮਹਿਫ਼ਲ ਵਿਚ। ੫. ਸੰਘਣੀ ਸ਼ਰਾਬ। ੬. ਉਲਟਾਏ,ਉਲੱਦੇ। ੭. ਖ਼ੁਮ—ਸ਼ਰਾਬ ਦਾ ਮਟਕਾ। ੮. ਮਾਰਫ਼ਤ (ਆਤਮ ਗਿਆਨ) ਦੀ ਸ਼ਰਾਬ। ੯. ਚਾਹਵਾਨ। ੧੦. ਅੰਗੂਰ ਵਿਚੋਂ ਨਚੋੜੀ ਸ਼ਰਾਬ।

ਮੁਨਾਸਬ ਹੈ ਕਿ ਅਬ ¹ਤਰਕਿ ਮਏ ਅੰਗੂਰ ਕਰ ਸ਼ਾਹਾ।
ਹਮਾਰੇ ਜਾਮ ਸੇ ਥੋੜੀ ਸੀ, ਅਬ ਮੰਨਜ਼ੂਰ ਕਰ ਸ਼ਾਹਾ।

ਇਸ ਗ਼ਜਲ ਵਿਚ ਭਾਈ ਸਾਹਿਬ ਵੀ ਆਪਣੇ ਸਤਿਗੁਰੂ ਸਾਕੀ ਪਾਸੋਂ ਆਤਮਕ ਸੂਝ ਬੂਝ ਦੇਣ ਵਾਲੀ ਨਾਮ ਦੀ ਓਸੇ ਮੈ ਦੀ ਮੰਗ ਕਰਦੇ ਹਨ ਜਿਸ ਦੀ ਦਾਅਵਤ ਬਾਬੇ ਨੇ ਬਾਬਰ ਨੂੰ ਦਿੱਤੀ ਸੀ ਅਤੇ ਜਿਸਦੀ ਤਿਆਰੀ 'ਗਿਆਨ ਦੇ ਗੁੜ, ਧਿਆਨ ਦੇ ਧਾਵੇ ਦੇ ਫੁੱਲਾਂ ਤੇ ਕਰਣੀ ਦੇ ਸੱਕਾਂ ਨਾਲ ਕੀਤੇ ਜਾਣ ਦਾ ਆਪ ਜੀ ਮਸ਼ਵਰਾ ਦਿੰਦੇ ਹਨ। (ਗੁੜੁ ਕਰਿ ਗਿਆਨ.....)। ਇਸ ਨਾਲ ਅੰਦਰੋਂ ਹਉਮੈ ਦੀ ਮੈਲ ਉਤਰੇਗੀ, ਮਾਇਆ ਦਾ ਗੁਬਾਰ ਹਟੇਗਾ ਤੇ ਦਿਮਾਗ਼ ਨਾਮ-ਖ਼ੁਮਾਰੀ ਵਿਚ ਗੜੂੰਦ ਹੋ, 'ਬੇਗਮਪੁਰੇ' ਦਾ ਵਾਸੀ ਬਣੇਗਾ। ਪਰੰਤੂ, ਇਹ ਮਾਰਫ਼ਤ ਦੀ ਮੈ (ਸ਼ਰਾਬ) ਮਿਲਦੀ ਓਸੇ ਨੂੰ ਹੈ, ਜੋ ਆਪਣਾ ਦਿਲ ਤੇ ਦੀਨ ਆਪਣੇ ਮਿੱਤਰ ਸਤਿਗੁਰੂ ਦੇ ਕੇਸ਼ਾਂ ਦੀ ਲਿਟ ਵਿਚ ਗੁਆ ਦਿੰਦਾ ਤੇ ਸੰਸਾਰ ਦੇ ਹਰ ਜਲਵੇ ਵਿਚ ਓਸੇ ਦਾ ਹੀ ਅੱਕਸ ਤੇ ਜ਼ਹੂਰ ਵੇਖਦਾ ਹੈ। ਅਖ਼ੀਰ ਵਿਚ ਇਸ ਦੈਵੀ ਪੰਧ ਦਾ ਅਰੰਭ, ਇਕ ਸਿੱਧੇ ਸਾਦੇ ਢੰਗ ਨਾਲ ਕਰਨ ਦੀ ਪ੍ਰੇਰਨਾ ਕਰਦੇ ਹਨ ਕਿ, 'ਐ ਜਗਿਆਸੂ ਜਨੋ। ਗੁਰਮੁਖੋ ! ਸਬਰ ਸਿਦਕ ਨਾਲ ਸਿਮਰਨ (ਬੰਦਗੀ) ਕਰੋ, ਇਸੇ ਨਾਲ ਹੀ ਇਸ ਬਿਖੜੇ ਪੈਂਡੇ ਦੀਆਂ ਸਾਰੀਆਂ ਮੁਸ਼ਕਲਾਂ ਕੁਸ਼ਾ ਹੋ ਕੇ (ਖੁਲ੍ਹ ਕੇ, ਦੂਰ ਹੋ ਕੇ) ਮਹਾਂ ਅਨੰਦ ਦੀ ਪ੍ਰਾਪਤੀ ਹੋਵੇਗੀ।

—o—

ਯਾ ਇਲਾਹੀ, ਈਂ ਦਿਲਮ ਰਾ ਸ਼ੌਕ ਦਿਹ।
ਲੱਜ਼ਤੇ ਅਜ਼ ਸ਼ੌਕਿ ਖ਼ਾਸੋ ਜ਼ੌਕ ਦਿਹ॥੪੫੬॥

ਤਾ ਬ-ਯਾਦਤ ਬਿਗੁਜ਼ਰਦਾ ਰੋਜ਼ੋ ਸ਼ਬਮ॥
ਦਿਹ ਰਿਹਾਈ ਬੰਦਾ ਰਾ, ਅਜ਼ ਕੈਦੇ ਗ਼ਮ॥੪੫੭॥

(ਜ਼ਿੰਦਗੀਨਾਮਾ, ਭਾ· ਨੰਦ ਲਾਲ ਜੀ)

ਹੇ ਵਾਹਿਗੁਰੂ, ਮੇਰੇ ਇਸ ਦਿਲ ਨੂੰ ਸੱਚੀ-ਸੁੱਚੀ ਪ੍ਰੀਤ ਬਖ਼ਸ਼। ਉਸ ਪ੍ਰੀਤ ਤੋਂ ਪੂਰਨ ਅਨੰਦ ਬਖ਼ਸ਼।

ਤਾਕਿ ਤੇਰੀ ਯਾਦ ਵਿਚ ਹੀ ਮੇਰਾ ਦਿਨ ਰਾਤ ਗੁਜ਼ਰੇ। ਦਾਸ ਨੂੰ ਚਿੰਤਾ-ਫ਼ਿਕਰਾਂ ਦੇ ਬੰਧਨਾਂ ਤੋਂ ਛੁਟਕਾਰਾ ਬਖ਼ਸ਼ੋ।

---

੧. ਅੰਗੂਰ ਦੀ ਸ਼ਰਾਬ ਛੱਡ ਦੇ।

.ਗ਼ਜ਼ਲ ਨੰਬਰ ੪੮

ਗਰ ਜ਼ਿ ਰਾਹਿ ਸ਼ੌਕ, ਸਾਜ਼ੀ ਸੀਨਾ ਸਾਫ਼।
ਜ਼ੂਦ ਬੀਨੀ ਖ਼ੇਸ਼ਤਨ ਰਾ, ਬੇ-ਗਜ਼ਾਫ਼ ॥੧॥

ਅਜ਼ ਖ਼ੁਦੀਅਤ, ਦੂਰ ਗਸ਼ਤਹ ਚੂੰ ਖ਼ੁਦਾ।
ਦੂਰ ਕੁਨ ਖ਼ੁਦ-ਬੀਨੀ, ਵ ਬੀਂ ਬੇ-ਗ਼ਿਲਾਫ਼ ॥੨॥

ਆਸ਼ਕਾਂ ਦਾਰੰਦ, ਚੂੰ ਇਸ਼ਕਸ਼ ਮੁਦਾਮ।
ਦਮ ਮ-ਜ਼ਨ, ਦਰ ਪੇਸ਼ਿ ਸ਼ਾਂ, ਐ ਮਰਦਿ ਲਾਫ਼ ॥੩॥

ਬਿ-ਗੁਜ਼ਰ, ਅਜ਼ ਲੱਜ਼ਾਤਿ ਈਂ ਖ਼ਮਸਾ ਹਵਾਸ।
ਤਾ ਬ-ਯਾਬੀ ਲੱਜ਼ਤੇ, ਜ਼ਾਂ ਜਾਮਿ ਸਾਫ਼ ॥੪॥

ਗਰ ਬਜੋਈ ਰਾਹਿ ਮੁਰਸ਼ਦ ਰਾ, ਮੁਦਾਮ।
ਤਾ ਸ਼ਵੀ 'ਗੋਇਆ' ਮੁਬੱਰਾ, ਅਜ਼ ਖ਼ਿਲਾਫ਼ ॥੫॥

ਪੰਜਾਬੀ ਕਾਵਿ ਅਨੁਵਾਦ

੧. ਪ੍ਰੇਮ-ਪੰਧ ਦਾ ਪਾਂਧੀ ਹੋ ਕੇ, ਜੇ ਕਰ ਲੈਂ ਦਿਲ ਸੁੱਚਾ।
ਅਪਣੇ ਤਾਈਂ ਤਾਂ ਤੂੰ ਦੇਖੇਂ, ਬਿਨਾ ਫ਼ਰੇਬੋਂ, ਉੱਚਾ, ਹੂ।

੨. ਤੇਰੀ ਹਉਮੈ ਕਾਰਨ ਹੋਇਆ, ਦੂਰ ਤੇਰੇ ਤੋਂ ਖ਼ਾਲਕ।
ਲਾਹ ਕੇ ਪਰਦਾ ਹਉਮੈ ਸੰਦਾ, ਜਾਣ ਓਸ ਨੂੰ ਮਾਲਿਕ, ਹੂ।

੩. ਹਰ ਆਸ਼ਕ ਦੇ ਦਿਲ ਹੈ ਵਸਦਾ, ਅਪਣਾ ਪ੍ਰੀਤਮ ਪਿਆਰਾ।
ਉਹਦੇ ਸਾਹਵੇਂ ਫੜ ਨਾ ਮਾਰੀਂ, ਤੂੰ, ਓ ਗੱਪੀ ਯਾਰਾ, ਹੂ।

੪. ਪੰਜੇ ਖ਼ਾਹਸ਼ਾਂ ਛੱਡ ਕੇ ਬੰਦੇ, ਅੱਗੇ ਜੇ ਲੰਘ ਜਾਵੇਂ।
ਪਾਵਨ ਪ੍ਰੀਤ-ਪਿਆਲੇ ਦਾ ਤੂੰ, ਮਜ਼ਾ ਇਲਾਹੀ ਪਾਵੇਂ, ਹੂ।

੫. ਜੇ ਬੰਦੇ ਤੂੰ ਭਾਲੇਂ ਹਰ ਦਮ, ਮੁਰਸ਼ਦ ਵਾਲਾ ਰਸਤਾ।
ਦੂਈ ਵਾਲਾ ਤੇਰਾ, 'ਗੋਇਆ', ਵੱਢਿਆ ਜਾਵੇ ਫਸਤਾ, ਹੂ।

ਗਰ ਜ਼ਿ ਰਾਹਿ ਸ਼ੌਕ, ਸਾਜ਼ੀ ਸੀਨਾ ਸਾਫ਼।
ਜ਼ੂਦ ਬੀਨੀ ਖ਼ੇਸ਼ਤਨ ਰਾ, ਬੇ-ਗਜ਼ਾਫ਼ ॥੧॥

ਸ਼ਬਦਾਰਥ : ਗਰ—ਜੇ। ਰਾਹਿ ਸ਼ੌਕ—ਪ੍ਰਭੂ ਦੇ ਪ੍ਰੇਮ ਦਾ ਮਾਰਗ। ਸਾਜ਼ੀ—ਤੂੰ ਬਣਾਵੇਂ। ਜ਼ੂਦ—ਸ਼ੀਘਰ। ਬੀਨੀ—ਤੂੰ ਵੇਖੇਂ। ਖ਼ੇਸ਼ਤਨ—ਆਪਣੇ ਆਪ ਨੂੰ। ਬੇ—ਬਿਨਾਂ। ਗਜ਼ਾਫ਼—ਝੂਠ, ਫ਼ਰੇਬ। ਬੇ-ਗਜ਼ਾਫ਼—ਝੂਠ ਰਹਿਤ, ਅਸਲ। ਜ਼ਿ—ਤੋਂ, ਨਾਲ, ਰਾਹੀਂ।

ਅਰਥ : ਜੇ ਤੂੰ ਵਾਹਿਗੁਰੂ ਦੇ ਪ੍ਰੇਮ-ਮਾਰਗ ਰਾਹੀਂ ਦਿਲ ਸਾਫ਼ ਕਰ ਲਵੇਂ, (ਤਾਂ) ਸ਼ੀਘਰ ਹੀ ਆਪਣੇ ਆਪ ਨੂੰ ਅਸਲ ਰੂਪ (ਉਹ ਰੂਪ ਜਿਸ ਵਿਚ ਝੂਠ ਆਦਿ ਦੀ ਮਿਲਾਵਟ ਜਾਂ ਪੜਦਾ ਨਹੀਂ) ਵੇਖੇਂਗਾ।

ਅਜ਼ ਖ਼ੁਦੀਅਤ, ਦੂਰ ਗਸ਼ਤਹ ਚੂੰ ਖ਼ੁਦਾ।
ਦੂਰ ਕੁਨ ਖ਼ੁਦ-ਬੀਨੀ, ਵ ਬੀਂ ਬੇ-ਗ਼ਿਲਾਫ਼ ॥੨॥

ਸ਼ਬਦਾਰਥ : ਖ਼ੁਦੀ+ਅਤ—ਤੇਰੀ ਹਉਮੈ। ਦੂਰ ਗਸ਼ਤਹ—ਦੂਰ ਗਿਆ ਹੈ। ਚੂੰ—ਜਦ। ਖ਼ੁਦ-ਬੀਨੀ—ਹਉਮੈ, ਹੰਕਾਰ, ਮੈਂ। ਬੀਂ—ਵੇਖ। ਬੇ-ਗ਼ਿਲਾਫ਼—ਪਰਦੇ ਤੋਂ ਬਿਨਾਂ, ਪਰਤੱਖ। ਵ—ਅਤੇ।

ਅਰਥ : ਵਾਹਿਗੁਰੂ ਤੇਰੀ ਹਉਮੈ ਦੇ (ਕਾਰਨ ਤੈਥੋਂ) ਦੂਰ ਹੋ ਗਿਆ ਹੈ, (ਇਸ ਲਈ) ਤੂੰ ਹਉਂ ਨੂੰ ਦੂਰ ਕਰ ਅਤੇ (ਆਪੇ ਨੂੰ) ਬਿਨਾਂ ਪਰਦੇ ਦੇ (ਪਰਤੱਖ) ਵੇਖ (ਭਾਵ, ਵਾਹਿਗੁਰੂ ਦੇ ਦਰਸ਼ਨਾਂ ਲਈ ਹਉਮੈ ਗਵਾ ਦੇ)।

ਆਸ਼ਕਾਂ ਦਾਰੰਦ, ਚੂੰ ਇਸ਼ਕਸ਼ ਮੁਦਾਮ।
ਦਮ ਮ-ਜ਼ਨ, ਦਰ ਪੇਸ਼ਿ ਸ਼ਾਂ, ਐ ਮਰਦਿ ਲਾਫ਼ ॥੩॥

ਸ਼ਬਦਾਰਥ : ਦਾਰੰਦ—ਰੱਖਦੇ ਹਨ। ਇਸ਼ਕ+ਸ਼—ਉਸ ਦਾ ਪ੍ਰੇਮ। ਮੁਦਾਮ—ਹਮੇਸ਼ਾ, ਸਦਾ। ਮ+ਜ਼ਨ—ਨਾ ਮਾਰ। ਪੇਸ਼—ਸਾਹਮਣੇ। ਸ਼ਾਂ—(ਏਸ਼ਾਂ) ਇਹ ਲੋਕ, ਇਹ। ਮਰਦਿ ਲਾਫ਼—ਗੱਪੀ ਆਦਮੀ।

ਅਰਥ : ਕਿਉਂ ਜੁ ਪ੍ਰੇਮੀ ਸਦਾ ਉਸ (ਵਾਹਿਗੁਰੂ) ਦੇ ਪ੍ਰੇਮ ਨੂੰ (ਦਿਲ ਵਿਚ) ਰੱਖਦੇ ਹਨ (ਇਸ ਲਈ) ਹੇ ਗੱਪੀ ਆਦਮੀ, ਤੂੰ ਇਨ੍ਹਾਂ ਲੋਕਾਂ ਦੇ ਸਾਹਮਣੇ ਦਮ ਨਾ ਮਾਰ। (ਕਿਸੇ ਪ੍ਰਕਾਰ ਦੀ ਵਡਿਆਈ ਦਾ ਦਾਅਵਾ ਨਾ ਕਰ)।

ਬਿ-ਗੁਜ਼ਰ, ਅਜ਼ ਲੱਜ਼ਾਤਿ ਈਂ ਖ਼ਮਸਾ ਹਵਾਸ।
ਤਾ ਬ-ਯਾਬੀ ਲੱਜ਼ਤੇ, ਜ਼ਾਂ ਜਾਮਿ ਸਾਫ਼ ॥੪॥

ਸ਼ਬਦਾਰਥ : ਬਿ-ਗੁਜ਼ਰ—ਲੰਘ ਜਾ। ਲੱਜ਼ਾਤ—ਸਵਾਦਾਂ। ਖ਼ਮਸਾ ਹਵਾਸ—ਪੰਜ ਹਿੱਸਾਂ ('ਹਵਾਸ' ਬਹੁ-ਵਚਨ ਹੈ 'ਹਾਸਹ' ਦਾ) ਅਰਥ ਹਨ—ਵੇਖਣ, ਸੁਣਨ, ਸਪਰਸ਼ ਆਦਿ ਕਰਨ ਦੀ ਸ਼ਕਤੀ। ਖ਼ਮਸਾ—ਪੰਜ (ਇਸ ਤੋਂ ਭਾਵ ਪੰਜ ਵਿਕਾਰ ਹਨ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ)।

ਅਰਥ : ਤੂੰ ਇਨ੍ਹਾਂ ਪੰਜਾਂ ਵਿਕਾਰਾਂ (ਰਸਾਂ) ਦੇ ਸਵਾਦ ਤੋਂ (ਅਗੇ) ਲੰਘ ਜਾ, ਤਾਂ ਜੁ ਤੂੰ ਨਾਮ ਦੇ ਉਸ ਸਾਫ਼ (ਪਵਿੱਤਰ) ਪਿਆਲੇ ਤੋਂ ਸਵਾਦ ਪ੍ਰਾਪਤ ਕਰ ਸਕੇਂ।

ਗਰ ਬਜੋਈ ਰਾਹਿ ਮੁਰਸ਼ਦ ਰਾ, ਮੁਦਾਮ।
ਤਾ ਸ਼ਵੀ 'ਗੋਇਆ' ਮੁਬੱਰਾ, ਅਜ਼ ਖ਼ਿਲਾਫ਼॥੫॥

ਸ਼ਬਦਾਰਥ : ਬਜੋਈ—ਤੂੰ ਲੱਭੇਂ, ਤੁਰੇਂ। ਮੁਬੱਰਾ—ਬਰੀ, ਅਜ਼ਾਦ। ਸ਼ਵੀ—ਤੂੰ ਹੋਵੇਂ। ਖ਼ਿਲਾਫ਼—ਵਿਰੋਧੀ, ਝੂਠ, ਅਨਿਆਏ।

ਅਰਥ : ਜੇ ਤੂੰ ਹਮੇਸ਼ਾ ਗੁਰੂ ਜੀ ਦੇ (ਦੱਸੇ) ਮਾਰਗ ਨੂੰ ਲੱਭੇਂ, ਤਾਂ ਤੂੰ ਗੋਇਆ (ਪ੍ਰਭੂ-) ਵਿਰੋਧੀ ਭਾਵਾਂ ਤੋਂ ਬਰੀ ਹੋ ਜਾਵੇਂ।

ਵਿਆਖਿਆ

ਗੁਰਮਤਿ ਵਿਚ ਇਹ ਹਕੀਕਤ ਬਾਰ ਬਾਰ ਦੁਹਰਾਈ ਤੇ ਦ੍ਰਿੜ੍ਹ ਕਰਾਈ ਗਈ ਹੈ ਕਿ ਆਪੇ ਦੀ ਪਹਿਚਾਣ ਤੇ ਸੋਝੀ ਤੋਂ ਬਿਨਾਂ ਭਰਮ ਦੀ ਕਾਈ (ਪਾਣੀ ਉਪਰਲੀ ਹਰੇ ਰੰਗ ਦੀ ਮੈਲ) ਨਹੀਂ ਮਿਟਦੀ। ਇਸ ਲਈ ਜ਼ਰੂਰੀ ਹੈ ਕਿ ਸਿਖ ਸਾਬਰ ਤੇ ਸਾਦਕ ਹੋ, ਮਨ, ਬਚਨ ਤੇ ਕਰਮ ਕਰਕੇ ਧਰਮੀ ਹੋਵੇ, ਰਿਦਿਉਂ ਸਾਫ਼, ਸੱਚਾ ਤੇ ਸੱਚੇ ਆਚਾਰ ਦਾ ਧਾਰਨੀ ਹੋ ਕੇ 'ਆਪੇ' ਨੂੰ ਪਛਾਣੇ।

ਕਿਤਨੇ ਅਚੰਭੇ ਦੀ ਗੱਲ ਹੈ ਕਿ ਜੀਵ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਬੁਝਦਾ ਕਿ ਵਿਖਾਵੇ, ਦੰਭ ਤੇ ਹਉਮੈ-ਭਰਪੂਰ ਜ਼ਿੰਦਗੀ ਆਪਣੇ ਆਪ ਨਾਲ ਇਕ ਛਲ ਹੈ, ਧੋਖਾ ਹੈ; ਫਿਰ ਵੀ, ਇਹ, ਮਾਇਆ ਦੀਆਂ ਰੰਗੀਨੀਆਂ ਵਿਚ ਫੱਸ ਕੇ ਇਸ ਮਿੱਠੇ ਮਹੁਰੇ ਨੂੰ ਚੱਖਣ ਲਈ ਹਰ ਘੜੀ ਬੇਤਾਬ ਦਿੱਸਦਾ ਹੈ।

ਦਿਆਲੂ 'ਗੋਇਆ' ਜੀ ਇਸ ਹਕ਼ੀਕ਼ਤ ਨੂੰ ਆਪਣੇ ਅੰਦਾਜ਼ ਵਿੱਚ ਬਿਆਨ ਕਰਦੇ ਹੋਏ, ਪੰਜਵੇਂ ਗੁਰਦੇਵ ਦੇ ਇਸ ਮਹਾਂਵਾਕ ਦੀ ਰੌਸ਼ਨੀ ਵਿਚ ਮਸ਼ਵਰਾ ਦਿੰਦੇ ਹਨ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ—ਪੰਜਾਂ ਵਿਕਾਰਾਂ ਤੋਂ ਅੱਗੇ ਲੰਘ ਕੇ ਹੀ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ

ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ, ਸਭ ਗੁਨ ਤੇਰੇ॥੧॥ਰਹਾਉ॥

ਪੰਚ ਬਿਖਾਦੀ ਏਕੁ ਗਰੀਬਾ, ਰਾਖਹੁ ਰਾਖਨਹਾਰੇ॥
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ, ਆਇਓ ਸਰਨਿ ਤੁਹਾਰੇ॥੧॥

ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ, ਛੋਡਹਿ ਕਤਹੂੰ ਨਾਹੀ॥
ਏਕ ਬਾਤ ਸੁਨਿ ਤਾਕੀ ਓਟਾ, ਸਾਧ ਸੰਗਿ ਮਿਟਿ ਜਾਹੀ॥੨॥

ਕਰਿ ਕਿਰਪਾ ਸੰਤ ਮਿਲੇ ਮੋਹਿ, ਤਿਨ ਤੇ ਧੀਰਜੁ ਪਾਇਆ॥
ਸੰਤੀ ਮੰਤੁ ਦੀਓ ਮੋਹਿ ਨਿਰਭਉ, ਗੁਰ ਕਾ ਸਬਦੁ ਕਮਾਇਆ॥੩॥

ਜੀਤਿ ਲਏ ਓਇ ਮਹਾ ਬਿਖਾਦੀ, ਸਹਜ ਸੁਹੇਲੀ ਬਾਣੀ॥
ਕਹੁ ਨਾਨਕ ਮਨਿ ਭਇਆ ਪਰਗਾਸਾ, ਪਾਇਆ ਪਦੁ ਨਿਰਬਾਣੀ॥੪॥੧੨੫॥

(ਗਉੜੀ ਮ: ੫, ਪੰਨਾ ੨੦੫)

ਵਿਕਾਰਾਂ ਉਤੇ ਵਿਜੈ, ਕੇਵਲ ਕਾਮਲ ਮੁਰਸ਼ਦ (ਪੂਰਨ ਸਤਿਗੁਰੂ) ਦੀ ਮਿਹਰ ਨਾਲ ਹੀ ਪਾਈ ਜਾ ਸਕਦੀ ਹੈ। ਸੋ, ਉਠੋ ਤੇ ਹੁਣੇ ਹੀ ਆਪੇ ਦੀ ਤਲਾਸ਼ ਵਿਚ ਜੁੱਟ ਜਾਵੋ। ਜਦ ਅੰਦਰ ਬਿਰਹਾ ਤੇ ਸੋਜ਼ ਦੀ ਕਾਂਗ ਉਠੇਗੀ ਤਾਂ ਗੁਰਦੇਵ 'ਕੋਟ ਕਦਮ' ਅਗੇ ਵੱਧ ਕੇ ਸਿਖ ਨੂੰ ਪਿਆਰ-ਗਲਵਕੜੀ ਵਿਚ ਲਵੇਗਾ ਅਤੇ ਪਿਰਮ-ਰਸ ਦੇ ਉਹ ਜਾਮ ਤੇ ਜਾਮ ਪਿਆਏਗਾ, ਜੁ ਫੇਰ, ਕਦੀ ਵੀ, ਇਸ ਰੱਬੀ ਬੇ-ਖ਼ੁਦੀ ਦਾ ਨਸ਼ਾ ਨਾ ਉੱਤਰੇ।

.ਗ਼ਜ਼ਲ ਨੰਬਰ ੪੯

ਰਬੂਦ ਮਕੱਦਮਿ ਵਸਲਸ਼, ਜ਼ ਮਨ, ਇਨਾਨਿ ਫ਼ਿਰਾਕ।
ਦਿਹੇਮ ਤਾ ਬ-ਕੁਜਾ, ਸ਼ਰਹ ਦਾਸਤਾਨਿ ਫ਼ਿਰਾਕ ॥੧॥

ਨ ਬੂਦ .ਗੈਰਿ ਤੋ, ਦਰ ਹਰ ਦੋ ਚਸ਼ਮੋ ਅਬਰੂਅਮ।
ਨ ਯਾਫ਼ਤੇਮ ਦਰ ਆਂ ਜਾ, ਦਿਗਰ ਨਿਸ਼ਾਨਿ ਫ਼ਿਰਾਕ ॥੨॥

ਹਨੂਜ਼ ਹਿਜਰ ਨਿਆਲੂਦਾ ਬੂਦ, ਵਸਲਿ ਤੁਰਾ।
ਸ਼ੁਨੀਦਾ-ਅਮ, ਸੁਖ਼ਨਿ ਵਸਲ, ਅਜ਼ ਜ਼ਬਾਨਿ ਫ਼ਿਰਾਕ ॥੩॥

ਚੁਨਾਂ ਜ਼ਿ ਹਿਜਰਤ, ਆਤਿਸ਼ ਫ਼ਿਤਾਦਹ ਦਰ ਦਿਲਿ ਮਨ।
ਕਿ ਬਰਕਿ ਨਾਲਾ-ਇ ਮਨ, ਸੋਖ਼ਤ ਖ਼ਾਨਮਾਨਿ ਫ਼ਿਰਾਕ ॥੪॥

ਚਿ: ਕਰਦਾ ਅਸ੍ਰ ਫ਼ਿਰਾਕਿ਼ ਤੋ, ਬਰ ਸਰਿ 'ਗੋਇਆ'।
ਕਿ: ਦਰ ਸ਼ੁਮਾਰ ਨਿਆਇਦ ਮਰਾ, ਬਿਆਨਿ ਫ਼ਿਰਾਕ ॥੫॥

ਪੰਜਾਬੀ ਕਾਵਿ ਅਨੁਵਾਦ

੧. ਵਸਲ ਦੇ ਪੈਰਾਂ ਜਦ ਤੋਂ ਖੋਹੀ, ਸਾਥੋਂ ਵਾਗ ਜੁਦਾਈ।
ਬਿਰਹਾ ਵਾਲੀ ਕਥਾ ਅਸਾਂ ਤੋਂ, ਮੁੜ ਹੋਵਨ ਨਹੀਂ ਪਾਈ, ਹੂ।

੨. ਨੈਨਾਂ ਦੇ ਵਿੱਚ ਨਜ਼ਰ ਨ ਆਵੇ, ਬਿਨ ਤੇਰੇ ਕੋਈ ਬੰਦਾ।
ਲਭਦਾ ਨਾਹੀਂ ਇਸ ਲਈ ਓਥੇ, ਦਾਗ ਵਿਛੋੜੇ ਸੰਦਾ, ਹੂ।

੩. ਹਿਜਰ ਤੇਰੇ ਨੇ, ਵਸਲ ਤੇਰੇ ਨੂੰ, ਨਹਿ ਮੈਲਾ ਸੀ ਕੀਤਾ।
ਇਸ ਦੇ ਪਾਸੋਂ ਜਦ ਮੈਂ ਸੁਣਿਆ, ਬਚਨ ਵਸਲ ਦਾ ਮੀਤਾ, ਹੂ।

੪. ਹਿਜਰ ਤੇਰੇ ਦੀ ਮੇਰੇ ਅੰਦਰ, ਡਿੱਗੀ ਜਦੋਂ ਚੰਗਾੜੀ।
ਰੋਣ ਮੇਰੇ ਦੀ ਬਿਜਲੀ ਨੇ ਤਦ, ਕੁੱਲੀ ਹਿਜਰ ਦੀ ਸਾੜੀ, ਹੂ।

੫. ਬਿਰਹਾ ਤੇਰੇ ਨੇ 'ਗੋਇਆ' ਉੱਤੇ, ਕੀਤਾ ਐਸਾ ਕਾਰਾ।
ਜੋ ਕੁਝ ਬੀਤਿਆ ਨਾਲ ਓਸ ਦੇ, ਦੱਸੇ ਕੌਣ ਵਿਚਾਰਾ, ਹੂ।

ਰਬੂਦ ਮਕੱਦਮਿ ਵਸਲਸ਼, ਜ਼ ਮਨ, ਇਨਾਨਿ ਫ਼ਿਰਾਕ।
ਦਿਹੇਮ ਤਾ ਬ-ਕੁਜਾ, ਸ਼ਰਹ ਦਾਸਤਾਨਿ ਫ਼ਿਰਾਕ ॥੧॥

ਸ਼ਬਦਾਰਥ : ਰਬੂਦ—ਖੋਹ ਕੇ ਲੈ ਗਿਆ। ਮੁਕੱਦਮ—ਪੈਰ ਪਾਉਣਾ। ਵਸਲ+ਸ਼—ਉਸ ਦਾ ਮਿਲਾਪ। ਇਨਾਨ—ਵਾਗ। ਫ਼ਿਰਾਕ—ਜੁਦਾਈ। ਦਾਸਤਾਨ—ਕਹਾਣੀ। ਬ-ਕੁਜਾ—ਕਿਥੋਂ ਤਕ ? ਦਿਹੇਮ—ਅਸੀਂ ਦੇਈਏ, ਕਰੀਏ। ਸ਼ਰਹ—ਖੋਲ੍ਹ ਕੇ ਦੱਸਣਾ।

ਅਰਥ : ਉਸ ਦੇ ਮਿਲਾਪ ਦੇ ਪੈਰ ਪਾਉਣ ਨੇ ਮੈਥੋਂ ਜੁਦਾਈ ਦੀ ਵਾਗ ਖੋਹ ਲਈ ਹੈ। ਹੁਣ ਕਿਥੋਂ ਤੱਕ ਅਸੀਂ ਵਿਛੋੜੇ ਦੀ ਵਾਰਤਾ ਨੂੰ ਖੋਲ੍ਹ ਕੇ ਬਿਆਨ ਕਰੀਏ। (ਭਾਵ, ਹੁਣ ਮਿਲਾਪ ਹੋ ਜਾਣ 'ਤੇ ਵਿਛੋੜੇ ਦੀ ਵਾਰਤਾ ਦੀ ਲੋੜ ਨਹੀਂ)।

ਨ ਬੂਦ ਗ਼ੈਰਿ ਤੋ, ਦਰ ਹਰ ਦੋ ਚਸ਼ਮੋ ਅਬਰੂਅਮ।
ਨ ਯਾਫ਼ਤੇਮ ਦਰ ਆਂ ਜਾ, ਦਿਗਰ ਨਿਸ਼ਾਨਿ ਫ਼ਿਰਾਕ ॥੨॥

ਸ਼ਬਦਾਰਥ : ਅਬਰੂ+ਅਮ—ਮੇਰੇ ਭਰਵੱਟੇ। ਨ ਯਾਫ਼ਤੇਮ—ਅਸੀਂ ਨਹੀਂ ਲਭਿਆ। ਜਾ—ਥਾਂ। ਦਿਗਰ—ਹੋਰ, ਦੂਜਾ।

ਅਰਥ : ਮੇਰੀਆਂ ਅੱਖਾਂ ਤੇ ਭਰਵੱਟਿਆਂ ਦੋਹਾਂ ਵਿਚ ਤੇਰੇ ਬਗ਼ੈਰ ਦੂਜਾ ਨਹੀਂ ਸੀ, (ਇਸ ਲਈ) ਅਸਾਂ ਉਸ ਥਾਂ ਵਿੱਚ ਵਿਛੋੜੇ ਦਾ ਹੋਰ ਕੋਈ ਨਿਸ਼ਾਨ ਨਹੀਂ ਲੱਭਿਆ। (ਭਾਵ, ਜਦੋਂ ਸਾਡੀਆਂ ਨਜ਼ਰਾਂ ਤੇਰੇ ਦਰਸ਼ਨਾਂ ਵਿਚ ਗਡੀਆਂ ਗਈਆਂ, ਤਾਂ ਵਿਛੋੜਾ ਦੂਰ ਹੋ ਗਿਆ)।

ਹਨੂਜ਼ ਹਿਜਰ ਨਿਆਲੂਦਾ ਬੂਦ, ਵਸਲਿ ਤੁਰਾ।
ਸ਼ੁਨੀਦਾ-ਅਮ, ਸੁਖ਼ਨਿ ਵਸਲ, ਅਜ਼ ਜ਼ਬਾਨਿ ਫ਼ਿਰਾਕ ॥੩॥

ਸ਼ਬਦਾਰਥ : ਹਨੂਜ਼—ਅਜੇ। ਹਿਜਰ—ਜੁਦਾਈ। ਨਿਆਲੂਦਾ ਬੂਦ—ਨਹੀਂ ਲਬੇੜਿਆ ਸੀ। ਵਸਲ—ਮਿਲਾਪ। ਸ਼ੁਨੀਦਾ-ਅਮ—ਮੈਂ ਸੁਣੀ ਹੈ। ਤੁਰਾ—ਤੇਰਾ।

ਅਰਥ : ਅਜੇ ਜੁਦਾਈ ਨੇ ਤੇਰੇ ਮਿਲਾਪ ਨੂੰ (ਛੋਹ ਕੇ) ਅਪਵਿੱਤਰ ਨਹੀਂ ਕੀਤਾ (ਕਿ) ਮੈਂ ਜੁਦਾਈ ਦੀ ਜ਼ਬਾਨੋਂ ਮਿਲਾਪ ਦਾ ਬਚਨ ਸੁਣ ਲਿਆ ਹੈ।

ਚੁਨਾਂ ਜ਼ਿ ਹਿਜਰਤ, ਆਤਿਸ਼ ਫ਼ਿਤਾਦਹ ਦਰ ਦਿਲਿ ਮਨ।
ਕਿ ਬਰਕਿ ਨਾਲਾ-ਇ ਮਨ, ਸੋਖ਼ਤ ਖ਼ਾਨਮਾਨਿ ਫ਼ਿਰਾਕ ॥੪॥

ਸ਼ਬਦਾਰਥ : ਚੁਨਾਂ—ਅਜਿਹੀ। ਹਿਜਰ+ਤ—ਤੇਰਾ ਵਿਛੋੜਾ। ਆਤਸ਼—ਅੱਗ। ਫ਼ਿਤਾਦਹ—ਡਿੱਗੀ ਹੈ। ਬਰਕ—ਬਿਜਲੀ। ਨਾਲਾ—ਰੋਣਾ। ਸੋਖ਼ਤ—ਸਾੜ ਦਿਤਾ। ਖ਼ਾਨਮਾਨ—ਘਰ ਘਾਟ।

ਅਰਥ : ਤੇਰੇ ਵਿਛੋੜੇ ਤੋਂ ਮੇਰੇ ਦਿਲ ਵਿਚ ਅਜਿਹੀ ਅੱਗ ਡਿੱਗੀ ਹੈ (ਲਗੀ ਹੈ) ਕਿ ਮੇਰੇ ਰੋਣ ਦੀ ਬਿਜਲੀ ਨੇ ਵਿਛੋੜੇ ਦਾ ਘਰ ਘਾਟ ਫੂਕ ਦਿੱਤਾ।

ਚਿ: ਕਰਦਾ ਅਸ੍ਰ ਫ਼ਿਰਾਕ਼ਿ ਤੋ, ਬਰ ਸਰਿ 'ਗੋਇਆ'।
ਕਿ: ਦਰ ਸ਼ੁਮਾਰ ਨਿਆਇਦ ਮਰਾ, ਬਿਆਨਿ ਫ਼ਿਰਾਕ ॥੫॥

ਸ਼ਬਦਾਰਥ : ਬਰ ਸਰਿ 'ਗੋਇਆ'—ਗੋਇਆ ਦੇ ਸਿਰ ਉੱਤੇ। ਸ਼ੁਮਾਰ—ਗਿਣਤੀ ਮਿਣਤੀ। ਮਰਾ—ਮੈਨੂੰ (ਗੋਇਆ ਨੂੰ, ਉਸ ਨੂੰ)।

ਅਰਥ : ਤੇਰੇ ਵਿਛੋੜੇ ਨੇ 'ਗੋਇਆ' ਦੇ ਸਿਰ ਉਤੇ (ਪਤਾ ਨਹੀਂ) ਕੀ ਕਰ ਦਿਤਾ ਹੈ (ਕੀ ਧੂੜ ਦਿੱਤਾ ਹੈ) ਕਿ ਉਸ ਦੇ ਵਿਛੋੜੇ ਦਾ ਵਰਣਨ ਗਿਣਤੀ ਮਿਣਤੀ ਵਿੱਚ ਨਹੀਂ ਆਉਂਦਾ (ਵਿਛੋੜੇ ਦੀ ਇਹ ਦਾਸਤਾਨ ਲੰਮੀ ਹੈ)।

ਵਿਆਖਿਆ

ਪ੍ਰੇਮ-ਮਾਰਗ ਵਿਚ ਪ੍ਰੇਮੀਆਂ ਲਈ ਸਭ ਤੋਂ ਦੁਖਦਾਈ ਸ਼ੈ ਹੈ, 'ਵਿਛੋੜਾ'। ਸਾਹਿਬ ਗੁਰੂ ਨਾਨਕ ਦੇਵ ਜੀ ਨੇ ਵੀ ਜਦ ਜੀਵਨ ਦੇ ਚਹੁੰ ਵੱਡੇ ਦੁਖਾਂ ਦਾ ਬਿਉਰਾ ਬਿਆਨਿਆ ਤਾਂ ਵਿਛੋੜੇ, ਬਿਰਹੋਂ, ਹਿਜਰ ਦੇ ਡੂੰਘੇ ਤੇ ਅਸਹਿ ਦੁਖ ਦਾ ਵਰਣਨ ਪਹਿਲੇ ਨੰਬਰ ਉਤੇ ਕੀਤਾ :

ਦੁਖੁ ਵੇਛੋੜਾ, ਇਕੁ ਦੁਖੁ ਭੂਖ॥ ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥ ਵੈਦ ਨ ਭੋਲੇ ਦਾਰੂ ਲਾਇ॥

(ਮਲਾਰ ਮ: ੧. ਪੰਨਾ ੧੨੫੬)

ਆਸ਼ਕਾਂ ਲਈ, ਵਿਛੋੜੇ ਦੀ ਪੀੜਾ, ਮੌਤ ਨਾਲੋਂ ਵੀ ਦੁਖਦਾਈ ਹੈ। ਪ੍ਰਿਆ-ਪ੍ਰਭੂ ਤੋਂ ਇਕ ਘੜੀ ਦੀ ਜੁਦਾਈ ਨੂੰ ਗੁਰਦੇਵ ਇਕ ਜੁਗ ਸਮਾਨ ਸਮਝਦੇ ਹਨ, ਅਤੇ ਉਹ ਜੁਗ ਵੀ ਕਲੂ ਦਾ ਜੁੱਗ—'ਇਕ ਘੜੀ ਨ ਮਿਲਤੇ ਤਾਂ ਕਲਿਜੁਗੁ ਹੋਤਾ।' ਪ੍ਰੀਤ-ਪ੍ਰਵਾਨਿਆਂ ਲਈ ਵਿਛੋੜਾ ਤਾਂ ਕੀ, ਇਸ ਦਾ ਖ਼ਿਆਲ ਮਾਤਰ ਹੀ ਦੁੱਖਾਂ ਦੀ ਕਾਂਗ ਚੜ੍ਹ ਆਉਣ ਸਮਾਨ ਹੈ। ਗੁਰਬਾਣੀ ਵਿਚ ਇਸ ਹਕੀਕਤ ਨੂੰ ਐਉਂ ਦਰਸਾਇਆ ਗਿਆ ਹੈ

ਵਿਛੋੜਾ ਸੁਣੇ ਡੁਖੁ, ਵਿਣੁ ਡਿਠੇ ਮਰਿਓਦਿ॥
ਬਾਝੁ ਪਿਆਰੇ ਆਪਣੇ, ਬਿਰਹੀ ਨ ਧੀਰੋਦਿ॥ *(ਡਖਣੇ ਮ: ੫, ਪੰਨਾ ੧੧੦੦)*

ਪਰੰਤੂ, ਜਿਥੇ ਜੁਦਾਈ ਨੂੰ ਇਤਨਾ ਵੱਡਾ ਰੋਗ ਕਰਕੇ ਦਰਸਾਇਆ ਗਿਆ ਹੈ ਉਥੇ ਫ਼ਰੀਦ ਜੀ ਨੇ ਇਸ ਨੂੰ ਸੁਲਤਾਨ ਕਰਕੇ ਵੀ ਸਨਮਾਨਿਆ ਹੈ। ਇਹ ਕਿਉਂ ? ਇਸ ਲਈ ਕਿ ਵਸਲ ਦਾ ਬੀਜ, ਅਸਲ ਵਿਚ, ਜੁਦਾਈ (ਫ਼ਿਰਾਕ) ਦੀ ਪ੍ਰੇਮ-ਪੀੜਾ ਵਿਚ ਹੀ ਪਲਦਾ ਹੈ। ਜਿਵੇਂ ਮੀਂਹ ਦੀ ਹਸਤੀ—ਗਰਮੀ, ਹੁੱਬਸ ਤੇ ਕਾਲੀ ਬੋਲੀ ਹਨੇਰੀ ਵਿਚ ਪਲਦੀ ਤੇ ਪੱਲਰਦੀ ਹੈ, ਤਿਵੇਂ ਮਿਲਾਪ ਦਾ ਬੀਜ ਜੁਦਾਈ ਵਿਚ ਨਿੰਮਦਾ, ਪਲਦਾ ਤੇ ਜੰਮਦਾ ਹੈ।

ਇਹੀ ਕਾਰਨ ਹੈ ਕਿ ਭਾਈ ਸਾਹਿਬ ਮਿਲਾਪ ਦੀ ਗੱਲ ਜੁਦਾਈ ਦੇ ਮੂੰਹੋਂ ਸੁਣ ਰਹੇ ਹਨ। ਜੁਦਾਈ ਤੋਂ ਵੈਰਾਗ ਪੈਦਾ ਹੋਇਆ ਹੈ ਤੇ ਵੈਰਾਗ ਤੋਂ ਮਿਲਾਪ। ਤਾਂ ਹੀ ਤੇ ਆਪ ਲਿਖਦੇ ਹਨ ਕਿ ਸਾਡੇ ਹੰਝੂਆਂ ਦੀ ਬਿਜਲੀ ਨੇ ਵਿਛੋੜੇ ਦਾ ਘਰ-ਬਾਰ ਫੂਕ ਦਿੱਤਾ ਹੈ।

ਪ੍ਰੇਮੀਆਂ ਦਾ ਮੰਤਕ ਬੜਾ ਡੂੰਘਾ, ਨਿਰਾਲਾ ਤੇ ਰਹੱਸਯ-ਮਈ ਹੁੰਦਾ ਹੈ। ਧਨ-ਮਾਲ ਵਿਚ ਮਸਤ, ਇਹ ਮਾਇਆ-ਧਾਰੀ ਲੋਕ, ਹਾਲ-ਮਸਤ ਲੋਕਾਂ ਦੀ ਅਵਸਥਾ ਕੀ ਜਾਨਣ ! ਕੁਝ ਇਸੇ ਵੇਗ ਵਿਚ ਹੀ ਭਾਈ ਸਾਹਿਬ ਕਹਿ ਰਹੇ ਹਨ ਕਿ ਵਿਛੋੜੇ ਦਾ ਬਿਆਨ ਇਤਨਾ ਮਹਾਨ ਤੇ ਮਹਿਮਾ-ਭਰਪੂਰ ਹੈ ਕਿ ਇਸ ਦੀ ਗਿਣਤੀ ਮਿਣਤੀ ਕਰਨਾ ਓਹਨਾਂ ਦੇ ਵੱਸ ਦੀ ਗੱਲ ਨਹੀਂ।

.ਗ਼ਜ਼ਲ ਨੰਬਰ ੫੦

ਬ-ਸ਼ਨੌ ਅਜ਼ ਮਨ ਹਰਫ਼, ਅਜ਼ ਰਫ਼ਤਾਰਿ ਇਸ਼ਕ।
ਤਾ ਬਿਆਬੀ ਲੱਜ਼ਤ, ਅਜ਼ ਗੁਫ਼ਤਾਰਿ ਇਸ਼ਕ ॥੧॥
ਇਸ਼ਕਿ ਮੌਲਾ ਹਰ ਕਿਰਾ ਮਿਸਮਾਰ ਕਰਦ।
ਮੁਗ਼ਤਨਿਮ ਦਾਨਦ, ਸਰਿ ਦਰਕਾਰਿ ਇਸ਼ਕ ॥੨॥
ਆਂ ਜ਼ਹੇ ਦਮ ਕੋ, ਬ-ਯਾਦਸ਼, ਬਿ-ਗੁਜ਼ਰਦ।
ਸਰ ਹਮਾਂ ਖ਼ੁਸ਼, ਕੋ ਰਵਦ, ਦਰਕਾਰਿ ਇਸ਼ਕ ॥੩॥
ਸਦ ਹਜ਼ਾਰਾਂ ਸਰ ਬਕਫ਼, ਦਰ ਰਾਹਿ ਊ।
ਏਸਤਾਦਹ ਤੱਕੀਆ ਬਰ ਦੀਵਾਰਿ ਇਸ਼ਕ ॥੪॥
ਹਰ ਕਿਃ ਸ਼ੁਦ ਦਰ ਰਾਹਿ ਮੌਲਾ, ਬੇ-ਅਦਬ।
ਹਮ ਚੂ ਮਨਸੂਰਸ਼ ਸਾਜ਼ਦ, ਬਰ ਦਾਰਿ ਇਸ਼ਕ ॥੫॥
ਐ ਜ਼ਹੇ ਦਿਲ, ਕੋ ਜ਼ਿ ਇਸ਼ਕਿ ਹੱਕ, ਪੁਰ ਅਸ੍ਤ।
ਖ਼ਮ ਸ਼ੁਦਹ ਪੁਸ਼ਤਿ ਫ਼ਲਕ, ਅਜ਼ ਬਾਰਿ ਇਸ਼ਕ ॥੬॥
ਜ਼ਿੰਦਾ-ਮਾਨੀ ਦਾਇਮਾ, ਐ ਨੇਕ ਖ਼ੂ।
ਬਿਸ਼ਨਵੀ ਗਰ ਜ਼ਮ-ਜ਼ਮਹ, ਅਜ਼ ਤਾਰਿ ਇਸ਼ਕ ॥੭॥
ਬਾਦਸ਼ਾਹਾਂ ਸਲਤਨਤ ਬਿ-ਗੁਜ਼ਾਸ਼ਤੰਦ।
ਤਾ ਸ਼ਵੰਦ, ਆਂ ਮਹਰਮਿ ਅਸਰਾਰਿ ਇਸ਼ਕ ॥੮॥
ਮਰਹਮੇ ਜੁਜ਼ ਬੰਦਗੀ, ਦੀਗਰ ਨ ਦੀਦ।
ਹਮਚੂ 'ਗੋਇਆ', ਹਰਕਿਃ ਸ਼ੁਦ ਬੀਮਾਰਿ ਇਸ਼ਕ ॥੯॥

ਪੰਜਾਬੀ ਕਾਵਿ ਅਨੁਵਾਦ

੧. ਏਸ ਇਸ਼ਕ ਦੀ ਰਮਜ਼ ਦਾ ਮੈਥੋਂ, ਸੁਣੀ ਹਾਲ ਤੂੰ ਪਿਆਰੇ।
ਤਾਂ ਜੁ ਉਸ ਥੀਂ ਤੈਨੂੰ ਆਵਣ, ਸੁਰਗੀ ਇਸ਼ਕ-ਹੁਲਾਰੇ, ਹੂ।
੨. ਇਸ਼ਕ ਮਾਹੀ ਦਾ ਜਿਸ ਤਨ ਲੱਗੇ, ਕਰਦਾ ਖ਼ੂਬ ਖ਼ੁਆਰੀ।
ਜਾਣ, ਸੁਭਾਗਾ ਸਿਰ ਉਸ ਤਾਈਂ, ਜਾਵੇ ਜੋ ਬਲਿਹਾਰੀ, ਹੂ।
੩. ਦਮ ਸਫਲਾ ਹੈ ਓਹੀਓ ਜਿਹੜਾ, ਸਿਮਰਨ ਵਿਚ ਵਿਹਾਵੇ।
ਧੰਨ ਸੀਸ ਜੋ ਪ੍ਰੇਮ ਦੇ ਮਾਰਗ, ਚੱਲ ਕੇ ਸ਼ੁਕਰ ਮਨਾਵੇ, ਹੂ।
੪. ਲੱਖਾਂ ਅਤੇ ਹਜ਼ਾਰਾਂ ਪ੍ਰੇਮੀ, ਸੀਸ ਤਲੀ ਤੇ ਧਰ ਕੇ।
ਇਸ਼ਕ-ਕੰਧ ਦਾ ਲਈ ਸਹਾਰਾ, ਤਾਂਘ ਮਾਹੀ ਦੀ ਕਰਦੇ, ਹੂ।
੫. ਨਿਰਮਲ ਭਉ ਤੋਂ ਸਖਣਾ ਹੋ ਜੋ, ਪ੍ਰਭੂ ਦੇ ਮਾਰਗ ਆਵੇ।
ਉਹ ਮਨਸੂਰ ਦੇ ਵਾਂਙੂੰ, ਜਾਣੀਂ, ਸੂਲੀ ਟੰਗਿਆ ਜਾਵੇ, ਹੂ।
੬. ਧੰਨ ਆਖੋ ਉਸ ਦਿਲ ਨੂੰ ਜਿਸ ਵਿਚ, ਪੀਆ-ਪ੍ਰੇਮ ਸਮਾਇਆ।
ਭਾਰ ਇਸ਼ਕ ਦੇ ਕੈਸੇ, ਵੇਖੋ, ਬਲੀ ਆਕਾਸ਼ ਝੁਕਾਇਆ, ਹੂ।
੭. ਹੇ ਨੇਕ ਦਿਲ ਬੀਬੇ ਬੰਦੇ, ਸਦ-ਜੀਵਨ ਤੂੰ ਮਾਣੇਂ।
ਜੇ ਤੂੰ ਕਦੀ ਪ੍ਰੇਮ-ਸਤਾਰੋਂ, ਸੁਣ ਲਏਂ ਇਸ਼ਕ ਦੇ ਗਾਣੇ, ਹੂ।
੮. ਏਸੇ ਕਾਰਨ ਤਖ਼ਤ ਤਾਜ ਨੂੰ, ਬਾਦਸ਼ਾਹਾਂ ਲੱਤ ਮਾਰੀ।
ਤਾਂ ਜੁ ਭੇਦ ਇਸ਼ਕ ਦਾ ਸਾਰਾ, ਪਾ ਸੱਕਣ ਇਕ ਵਾਰੀ, ਹੂ।
੯. ਭਗਤਾਂ ਨੂੰ ਬਿਨ ਭਗਤੀ, ਦਾਰੂ ਹੋਰ, ਰਾਸ ਨ ਆਵੇ।
'ਗੋਇਆ' ਵਾਂਙੂ ਰੋਗ ਇਸ਼ਕ ਦਾ, ਤਨ ਜਿਨ੍ਹਾਂ ਲੱਗ ਜਾਵੇ, ਹੂ।

ਬ-ਸ਼ਨੌਂ ਅਜ਼ ਮਨ ਹਰਫ਼, ਅਜ਼ ਰਫ਼ਤਾਰਿ ਇਸ਼ਕ।
ਤਾ ਬਿਆਬੀ ਲੱਜ਼ਤ, ਅਜ਼ ਗੁਫ਼ਤਾਰਿ ਇਸ਼ਕ ॥੧॥

ਸ਼ਬਦਾਰਥ : ਬ-ਸ਼ਨੌਂ—ਤੂੰ ਸੁਣ। ਅਜ਼ ਮਨ—ਮੈਥੋਂ। ਹਰਫ਼—ਗੱਲ। ਰਫ਼ਤਾਰ—ਚਾਲ, ਤੋਰ। ਬਿਆਬੀ—ਤੂੰ ਪਾਵੇਂ, ਪ੍ਰਾਪਤ ਕਰੇਂ।

ਅਰਥ : ਤੂੰ ਮੈਥੋਂ ਪ੍ਰੇਮ ਦੀ ਗੱਲ ਸੁਣ, ਤਾਂ ਜੁ ਤੂੰ ਇਸ਼ਕ ਦੀਆਂ ਗੱਲਾਂ ਦਾ ਸੁਆਦ ਪ੍ਰਾਪਤ ਕਰੇਂ।

ਇਸ਼ਕਿ ਮੌਲਾ, ਹਰ ਕਿਰਾ ਮਿਸਮਾਰ ਕਰਦ।
ਮੁਗ਼ਤਨਿਮ ਦਾਨਦ, ਸਰਿ ਦਰਕਾਰਿ ਇਸ਼ਕ ॥੨॥

ਸ਼ਬਦਾਰਥ : ਹਰ ਕਿਰਾ—ਜਿਸ ਕਿਸੇ ਨੂੰ। ਮਿਸਮਾਰ ਕਰਦ—ਤਬਾਹ ਕੀਤਾ। ਮੁਗ਼ਤਨਿਮ—ਗ਼ਨੀਮਤ, ਸੁਭਾਗ। ਦਾਨਦ—ਜਾਣਦਾ ਹੈ। ਦਰਕਾਰਿ ਇਸ਼ਕ—ਪ੍ਰੇਮ ਦੀ ਕਾਰ ਵਿੱਚ।

ਅਰਥ : ਜਿਸ ਨੂੰ ਮੌਲਾ ਦੇ ਇਸ਼ਕ ਨੇ ਬਰਬਾਦ ਕੀਤਾ ਹੈ, (ਭਾਵ, ਪ੍ਰਭੂ ਪ੍ਰੇਮ ਲਗਾ ਹੈ), ਉਹ (ਆਪਣੇ) ਸਿਰ ਦਾ, ਇਸ਼ਕ ਦੀ ਕਾਰ ਵਿਚ ਵਾਰੇ ਜਾਣਾ ਸੁਭਾਗ (ਸਫਲਾ) ਸਮਝਦਾ ਹੈ।

ਆਂ ਜ਼ਹੇ ਦਮ ਕੋ, ਬ-ਯਾਦਸ਼ ਬਿ-ਗੁਜ਼ਰਦ।
ਸਰ ਹਮਾਂ ਖ਼ੁਸ਼, ਕੋ ਰਵਦ, ਦਰਕਾਰਿ ਇਸ਼ਕ ॥੩॥

ਸ਼ਬਦਾਰਥ : ਜ਼ਹੇ—ਵਾਹ ਵਾਹ, ਧੰਨ। ਕੋ—(ਕਿ+ਓ) ਕਿ ਉਹ, ਜੋ। ਬਯਾਦ+ਸ਼—ਉਸ ਦੀ ਯਾਦ। ਯਾਦ—ਸਿਮਰਨ, ਚਿੰਤਨ। ਰਵਦ—ਤੁਰਦਾ ਹੈ।

ਅਰਥ : ਓਹ ਸਵਾਸ ਵਾਹ ਵਾਹ (ਸਫਲ) ਹੈ ਜੋ ਉਸ (ਪ੍ਰਭੂ ਦੇ) ਸਿਮਰਨ ਵਿੱਚ ਲੰਘੇ। ਓਹ ਸਿਰ ਧੰਨ ਹੈ ਜੋ ਪ੍ਰੇਮ ਦੀ ਕਾਰ ਵਿਚ ਚਲੇ, ਭੇਟ (ਹੋਵੇ)।

ਸਦ ਹਜ਼ਾਰਾਂ ਸਰ ਬਕਫ਼, ਦਰ ਰਾਹਿ ਊ।
ਏਸਤਾਦਹ ਤੱਕੀਆ ਬਰ ਦੀਵਾਰਿ ਇਸ਼ਕ ॥੪॥

ਸ਼ਬਦਾਰਥ : ਸਦ ਹਜ਼ਾਰਾਂ—ਸੈਂਕੜੇ ਹਜ਼ਾਰਾਂ, ਬੇਅੰਤ। ਬ+ਕਫ਼—ਹਥੇਲੀ ਉਤੇ। ਏਸਤਾਦਹ—ਖੜੇ ਹਨ। ਤੱਕੀਆ—ਢੋਹ।

ਅਰਥ : ਬੇਅੰਤ (ਪ੍ਰੇਮੀ ਭਗਤ ਜਨ) ਆਪਣੇ ਸਿਰ ਤਲੀ ਉਤੇ ਰੱਖ ਕੇ ਉਸ (ਪ੍ਰੀਤਮ, ਗੁਰਦੇਵ) ਦੇ ਰਾਹ ਵਿੱਚ ਇਸ਼ਕ ਦੀ ਕੰਧ ਨਾਲ ਢੋਹ ਲਾਈ ਖੜੇ ਹਨ।

ਹਰ ਕਿ: ਸ਼ੁਦ ਦਰ ਰਾਹਿ ਮੌਲਾ, ਬੇ-ਅਦਬ।
ਹਮ ਚੂ ਮਨਸੂਰਸ਼ ਸਾਜ਼ਦ, ਬਰ ਦਾਰਿ ਇਸ਼ਕ ॥੫॥

ਸ਼ਬਦਾਰਥ : ਸ਼ੁਦ—ਹੋਇਆ। ਹਮ ਚੂੰ—ਵਾਂਗ। ਸਾਜ਼ਦ—ਸਜਦਾ ਹੈ। ਦਾਰ—ਸੂਲੀ। ਬੇ-ਅਦਬ—ਨਿਰਮਲ ਭੈ ਤੋਂ ਸਖਣਾ।

ਅਰਥ : ਹਰ ਉਹ, ਜੋ ਵਾਹਿਗੁਰੂ ਦੇ ਰਾਹ ਵਿੱਚ ਨਿਰਮਲ ਭੈ ਤੋਂ ਸੱਖਣਾ ਹੋ ਗਿਆ, ਉਹ ਉਸ ਮਨਸੂਰ ਵਾਂਗ ਇਸ਼ਕ ਦੀ ਸੂਲੀ ਉਤੇ (ਹੀ) ਸਜਦਾ (ਫਬਦਾ) ਹੈ।

ਐ ਜ਼ਹੇ ਦਿਲ, ਕੋ ਜ਼ਿ ਇਸ਼ਕਿ ਹੱਕ, ਪੁਰ ਅਸ੍ਰ।
ਖ਼ਮ ਸ਼ੁਦਹ ਪੁਸ਼ਤਿ ਫ਼ਲਕ, ਅਜ਼ ਬਾਰਿ ਇਸ਼ਕ ॥੬॥

ਸ਼ਬਦਾਰਥ : ਜ਼ਹੇ—ਧੰਨ ਹੈ। ਪੁਰ—ਭਰਿਆ ਹੋਇਆ। ਖ਼ਮ ਸ਼ੁਦਹ—ਕੁੱਬਾ ਹੋਇਆ ਹੈ। ਫ਼ਲਕ—ਅਸਮਾਨ। ਬਾਰ—ਭਾਰ।

ਅਰਥ : ਉਹ ਦਿਲ ਧੰਨਤਾ ਯੋਗ ਹੈ ਜੋ ਪ੍ਰਭੂ-ਪਿਆਰ ਨਾਲ ਭਰਿਆ ਹੋਇਆ ਹੈ। (ਪ੍ਰੇਮ ਇਤਨਾ ਮਹਾਨ ਹੈ ਕਿ) ਅਸਮਾਨ ਦੀ ਪਿੱਠ ਵੀ ਇਸ ਦੇ ਭਾਰ ਨਾਲ ਕੁੱਬੀ ਹੋ ਗਈ ਹੈ। ਭਾਵ—ਅਕਾਸ਼ ਵੀ ਧਰਤੀ ਦੇ ਪਿਆਰ (ਖਿੱਚ) ਵਿਚ ਕੁੱਬਾ (ਗੁੰਬਦ ਨੁਮਾ) ਹੋ ਗਿਆ ਹੈ, ਝੁਕ ਗਿਆ ਹੈ।

ਜ਼ਿੰਦਾ-ਮਾਨੀ ਦਾਇਮਾ, ਐ ਨੇਕ ਖ਼ੂ।
ਬਿਸ਼ਨਵੀ ਗਰ ਜ਼ਮ-ਜ਼ਮਹ, ਅਜ਼ ਤਾਰਿ ਇਸ਼ਕ ॥੭॥

ਸ਼ਬਦਾਰਥ : ਮਾਨੀ—ਰਹੇਂ। ਦਾਇਮਾ—ਸਦਾ ਹੀ। ਨੇਕ ਖ਼ੂ—ਨੇਕ ਸੁਭਾਵ ਵਾਲੇ। ਬਿਸ਼ਨਵੀ—ਤੂੰ ਸੁਣੇਂ। ਜ਼ਮ-ਜ਼ਮਹ—ਰਾਗ ਦੀ ਇਕ ਖ਼ਾਸ ਸੁਰ।

ਅਰਥ : ਐ ਨੇਕ ਸੁਭਾਵ ਵਾਲੇ ਪੁਰਸ਼, ਤੂੰ ਸਦਾ ਹੀ ਜ਼ਿੰਦਾ ਰਹੇਂਗਾ, ਜੇ ਤੂੰ ਇਸ਼ਕ ਦੀ ਤਾਰ ਤੋਂ ਜ਼ਮ-ਜ਼ਮਹ (ਸੰਗੀਤ) ਸੁਣ ਲਵੇਂ।

ਬਾਦਸ਼ਾਹਾਂ ਸਲਤਨਤ ਬਿ-ਗੁਜ਼ਾਸ਼ਤੰਦ।
ਤਾ ਸ਼ਵੰਦ, ਆਂ ਮਹਰਮਿ ਅਸਰਾਰਿ ਇਸ਼ਕ ॥੮॥

ਸ਼ਬਦਾਰਥ : ਬ-ਗੁਜ਼ਾਸ਼ਤੰਦ—ਛੱਡ ਗਏ। ਤਾ—ਤਾਂ ਜੁ। ਸ਼ਵੰਦ—ਹੋਣ, ਹੋ ਸਕਣ। ਮਹਰਮ—ਵਾਕਫ਼। ਆਂ—ਉਹ। ਅਸਰਾਰ—ਭੇਦ।

ਅਰਥ : ਬਾਦਸ਼ਾਹਾਂ ਨੇ (ਆਪਣੀਆਂ) ਪਾਤਸ਼ਾਹੀਆਂ (ਹਕੂਮਤਾਂ) ਤਿਆਗ ਦਿੱਤੀਆਂ, ਤਾਂ ਜੁ ਉਹ ਇਸ਼ਕ (ਪ੍ਰੀਤ ਰੀਤ) ਦੇ ਭੇਤਾਂ ਤੋਂ ਜਾਣੂ ਹੋ ਸਕਣ।

ਮਰਹਮੇ ਜੁਜ਼ ਬੰਦਗੀ, ਦੀਗਰ ਨ ਦੀਦ।
ਹਮਚੂ 'ਗੋਇਆ', ਹਰਕਿ: ਸ਼ੁਦ ਬੀਮਾਰਿ ਇਸ਼ਕ ॥੯॥

ਸ਼ਬਦਾਰਥ : ਮਰਹਮ—ਦਵਾਈ। ਜੁਜ਼—ਸਿਵਾਏ, ਬਿਨਾਂ। ਦੀਗਰ—ਹੋਰ ਕੋਈ। ਦੀਦੀ—ਵੇਖੀ। ਹਮਚੂ—ਵਾਂਗ।

ਅਰਥ : ਉਸ (ਆਸ਼ਕ) ਨੇ (ਪ੍ਰਭੂ) ਭਗਤੀ ਤੋਂ ਬਿਨਾਂ ਹੋਰ ਕੋਈ ਦਵਾਈ ਨਹੀਂ

ਵੇਖੀ (ਵਰਤੀ), ਜਿਹੜਾ 'ਗੋਇਆ' ਵਾਂਗ ਇਸ਼ਕ ਦਾ ਬੀਮਾਰ ਹੋਇਆ ਹੈ। (ਭਾਵ, ਪ੍ਰੇਮ-ਪੀੜਾ ਦੀ ਦੁਆ ਕੇਵਲ ਹਰੀ-ਸਿਮਰਨ ਹੈ)।

ਵਿਆਖਿਆ

ਪ੍ਰੇਮ (ਇਸ਼ਕ) ਇਕ ਅਤਿ ਅਨੂਪਮ, ਸੂਖਮ ਤੇ ਪਵਿੱਤਰ ਜਜ਼ਬਾ ਹੈ। ਇਸੇ ਲਈ ਮਹਾਂ ਪੁਰਖਾਂ ਨੇ ਇਸ ਜਜ਼ਬੇ ਦੇ ਸ਼ੁੱਧ ਤੇ ਨਿਰਮਲ ਸਰੂਪ ਨੂੰ ਰੱਬ ਕਰਕੇ ਪੂਜਿਆ ਹੈ। ਪ੍ਰੇਮ ਪਾਂਧੀਆਂ ਨੇ ਇਸ ਨੂੰ ਦੋ ਰੂਹਾਂ ਦਾ ਆਤਮਕ ਮਿਲਾਪ ਕਰਕੇ ਬਿਆਨ ਕੀਤਾ ਹੈ। ਮਨੋ-ਵਿਗਿਆਨੀਆਂ ਨੇ ਇਸ ਨੂੰ ਇਕ ਅਜਿਹੀ ਖਿਚ ਕਰਕੇ ਦਰਸਾਇਆ ਹੈ ਜੋ ਹਰੇਕ ਸ਼ੈਅ, ਸ੍ਵੈ-ਕੇਂਦਰ ਅਥਵਾ ਨਿਜ-ਸਰੂਪ ਲਈ, ਆਪਣੇ ਅੰਦਰ ਮਹਿਸੂਸਦੀ ਹੈ।

ਇਸ਼ਕ, ਨਿਰਸੰਦੇਹ ਇਕ ਹਕੀਕੀ ਤੇ ਸ੍ਵੱਛ ਜਜ਼ਬਾ ਹੈ। ਹੱਡ, ਮਾਸ, ਰੂਪ, ਰੰਗ ਵੇਖ ਕੇ ਵਿਕਾਰਾਂ (ਕਾਮ ਆਦਿ) ਦੇ ਪ੍ਰਚੰਡ ਵੇਗ ਦਾ ਨਾਮ ਪ੍ਰੇਮ ਨਹੀਂ। ਪ੍ਰੇਮ, ਜੋ ਪ੍ਰਭੂ ਦਾ ਦੂਜਾ ਸਰੂਪ ਹੈ, ਅਬਿਨਾਸ਼ੀ ਹੈ, ਜਦ ਕਿ ਇਹ ਵਿਕਾਰ ਛਿਨ-ਭੰਗਰ ਹਨ, ਅਲਪ ਸੁੱਖ-ਦਾਤੇ।

ਇਸ ਗ਼ਜ਼ਲ ਵਿਚ ਭਾਈ ਸਾਹਿਬ ਇਸ਼ਕ ਦੀ ਚਾਲ ਦੀ ਗੱਲ ਕਰਦੇ ਅਤੇ ਕੁਝ ਹਕੀਕਤਾਂ ਤੇ ਗੁੱਝੀਆਂ ਰਮਜ਼ਾਂ ਦਾ ਪ੍ਰਗਟਾਅ ਕਰਦੇ ਹਨ—ਪਹਿਲੀ ਸੱਚਾਈ ਤਾਂ ਇਹ ਹੈ ਕਿ ਵਾਹਿਗੁਰੂ ਦੇ ਪ੍ਰੇਮ ਵਿਚ ਬਰਬਾਦ ਹੋ ਜਾਣਾ ਹੀ ਅਸਲ ਆਬਾਦੀ ਹੈ, ਸੁਭਾਗ ਹੈ। ਉਹੀ ਸਿਰ ਅਤੇ ਸਵਾਸ ਸਫਲ ਹਨ ਜੋ ਰੱਬ-ਯਾਰ ਤੋਂ ਸਦਕੇ ਹੋਣ। ਇਸ ਹਕ਼ੀਕ਼ਤ ਨੂੰ ਜਾਣਨ ਵਾਲਿਆਂ ਸਿਰ-ਲੱਥਾਂ ਦੀ, ਜੋ ਸਿਰਾਂ ਨੂੰ ਹਥੇਲੀਆਂ ਉਤੇ ਰੱਖ ਕੇ 'ਯਾਰ' (ਮਿੱਤਰ) ਦੀ ਗਲੀ ਵਿਚ ਕੰਧਾਂ ਨਾਲ ਤਕੀਆ ਲਾਈ ਖੜੇ ਹਨ, ਸ਼ੁਮਾਰ ਨਹੀਂ ਹੋ ਸਕਦਾ। ਸਭ—ਧਰਤੀ, ਸੂਰਜ, ਚੰਦ, ਤਾਰਾ-ਮੰਡਲ, ਖੰਡ ਤੇ ਬ੍ਰਹਿਮੰਡ ਖਿੱਚ ਦੇ ਰੂਪ ਵਿਚ ਇਸ਼ਕ ਦੀ ਤਾਰ ਵਿੱਚ ਬੱਝੇ ਪਏ ਹਨ। ਇਥੋਂ ਤਕ ਕਿ ਆਕਾਸ਼ ਵੀ ਇਸ ਇਸ਼ਕ ਦੀ ਮਾਰ ਤੋਂ ਨਹੀਂ ਬਚ ਸਕਿਆ ਅਤੇ ਇਸ ਦੀ ਖਿਚ, ਅਥਵਾ, ਭਾਰ ਨਾਲ ਕੁੱਬਾ ਹੋ ਗਿਆ ਹੈ। ਇਸ਼ਕ ਦੀ ਤਾਰ ਵਿਚੋਂ ਨਿਕਲੇ ਨਗ਼ਮੇ ਸੁਣਨ ਵਾਲੇ ਸਦਾ ਜ਼ਿੰਦਾ ਹਨ। ਇਹ ਨਗ਼ਮੇ ਇਤਨੇ ਸੁਰੀਲੇ ਤੇ ਅਨੰਦ-ਦਾਇਕ ਹਨ ਕਿ ਇਨ੍ਹਾਂ ਦੀ ਮੌਜ ਮਾਨਣ ਲਈ ਬਾਦਸ਼ਾਹਾਂ ਨੇ ਤਖ਼ਤਾਂ ਤੇ ਤਾਜਾਂ ਨੂੰ ਤਿਲਾਂਜਲੀ ਦੇ ਕੇ, ਗੋਦੜੀਆਂ ਨੂੰ ਚੁੰਮਣ ਵਿੱਚ ਹੀ ਅਸਲੀ ਤੇ ਅਬਦੀ ਜੀਵਨ ਦੀ ਝਲਕ ਵੇਖੀ ਹੈ। ਓਹਨਾਂ ਨੂੰ ਸਿਕੰਦਰ ਮਹਾਨ ਤੇ ਫ਼ਿਲਾਸਫ਼ਰ ਡਾਇਓਜਿਨੀਜ਼ ਵਿਚ ਹੋਈ ਵਾਰਤਾਲਾਪ ਵੀ ਚੰਗੀ ਤਰ੍ਹਾਂ ਦ੍ਰਿੜ੍ਹ ਹੈ—ਮਹਾਨ ਸਿਕੰਦਰ ਇਕ ਬੇਪਰਵਾਹ ਦਰਵੇਸ਼, ਡਾਇਓਜਿਨੀਜ਼, ਦੀ ਸੇਵਾ ਵਿਚ ਸੁਬਹ, ਉਸ ਸਮੇਂ, ਹਾਜ਼ਰ ਹੋਇਆ, ਜਦ ਉਹ ਇਕ ਚਟਾਨ ਉਤੇ ਬੈਠਾ ਆਪਣੀ ਗੋਦੜੀ ਨੂੰ ਟਾਂਕੇ ਲਾਉਣ ਵਿਚ ਮਗਨ ਸੀ। ਸਿਕੰਦਰ ਨੇ ਉਸ ਦੀ ਬੇਪਰਵਾਹੀ ਵੇਖ ਕੇ ਬੇਨਤੀ ਕੀਤੀ ਕਿ ਉਹ ਉਸ ਮਹਾਨ ਜੇਤੂ ਪਾਸੋਂ, ਜੋ ਜੀਅ ਚਾਹੇ, ਮੰਗ ਲਵੇ। ਪਰੰਤੂ, ਫ਼ਿਲਾਸਫ਼ਰ ਨੇ ਆਪਣੀ ਲਾ-ਪਰਵਾਹੀ ਵਿਚ ਉੱਤਰ ਦਿਤਾ ਕਿ ਉਸ ਨੂੰ ਉਸ ਵਿਅਕਤੀ ਪਾਸੋਂ ਕੁਝ ਵੀ ਮੰਗਦਿਆਂ ਲੱਜਾ ਆਉਂਦੀ ਹੈ, ਜੋ ਉਸ ਦੇ ਦਾਸਾਂ ਦਾ ਵੀ ਦਾਸ ਹੋਵੇ। ਜਦ ਸਿਕੰਦਰ ਨੇ ਹੈਰਾਨੀ ਨਾਲ ਇਸ ਦੀ ਵਿਆਖਿਆ ਮੰਗੀ, ਤਾਂ ਮਹਾਨ ਸੰਤ ਨੇ ਕਿਹਾ ਕਿ, 'ਕੀ ਇਹ ਸੱਚ ਨਹੀਂ ਕਿ ਤੂੰ ਇਹ ਜਿੱਤਾਂ, ਲੋਭ (Greed) ਤੇ ਹਉਮੈ (Ego) ਦਾ ਗ਼ੁਲਾਮ ਹੋ ਕੇ ਕਰ ਰਿਹਾ ਹੈਂ, ਜਦ ਕਿ ਇਹ ਦੋਵੇਂ

ਮਹਾਂਬਲੀ ਦੂਤ ਮੇਰੇ ਵੱਸ ਵਿੱਚ ਹਨ। ਫੇਰ ਆਪ ਹੀ ਦੱਸ ਕਿ ਕੀ ਤੂੰ ਮੇਰੇ ਗ਼ੁਲਾਮਾਂ ਦਾ ਗ਼ੁਲਾਮ ਹੋਇਆ ਕਿ ਨਾਹ ?'

ਸੋ, ਇਸ਼ਕ ਦੇ ਬੀਮਾਰ ਬੰਦਿਆਂ ਨੂੰ ਜੇ ਕੋਈ ਦੁਆਈ ਲੱਭੀ ਹੈ ਤਾਂ ਉਹ ਹੈ 'ਬੰਦਗੀ, ਬੰਦਗੀ, ਬੰਦਗੀ'। ਉਨ੍ਹਾਂ ਨੇ ਪੰਜਵੇਂ ਗੁਰਦੇਵ ਦਾ ਇਹ ਫ਼ੁਰਮਾਨ ਦ੍ਰਿੜ੍ਹ ਕਰ ਰੱਖਿਆ ਹੈ

ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥

(ਸੁਖਮਨੀ ਸਾਹਿਬ, ਪੰਨਾ ੨੮੮)

ਹਾਫ਼ਿਜ਼ ਸ਼ੀਰਾਜ਼ੀ ਦਾ ਇੱਕ ਭਾਵ-ਪੂਰਤ ਸ਼ੇਅਰ ਹੈ

ਬਰ ਸਰਿ ਬਾਲੀਨਿ ਮਨ, ਬਰਖ਼ੇਜ਼ ਓ ਨਾਦਾਂ ਤਬੀਬ।
ਦਰਦ-ਮੰਦਾਂ ਇਸ਼ਕ ਰਾ, ਦਾਰੂ, ਬਜੁੱਜ਼ ਦੀਦਾਰ, ਨੇਸਤ।

[ਭਾਵ—ਐ ਬੇ-ਸਮਝ ਹਕੀਮ, ਮੇਰੇ ਸਿਰੋਂ ਉਠ ਖੜਾ ਹੋ, ਕਿਉਂਕਿ ਇਸ਼ਕ ਦੇ ਮਾਰਿਆਂ ਦਾ ਦਾਰੂ (ਪਿਆਰੇ ਦੇ) ਦੀਦਾਰ ਤੋਂ ਬਿਨਾਂ ਹੋਰ ਕੋਈ ਨਹੀਂ।]

—o—

ਦਾਰੂਏ ਹਰ ਦਰਦ ਰਾ ਯਾਦਿ ਖ਼ੁਦਾ ਅਸੁ।
ਜ਼ਾਂ ਕਿ:, ਦਰ ਹਰ ਹਾਲ ਹੱਕ ਦਾਰਦ, ਰਵਾਂ ਅਸੁ॥੧੧੨॥

(ਜ਼ਿੰਦਗੀਨਾਮਾ, ਭਾ: ਨੰਦ ਲਾਲ ਜੀ)

ਹਰ ਦੁੱਖ-ਦਰਦ ਦਾ ਇਲਾਜ ਵਾਹਿਗੁਰੂ ਦਾ ਸਿਮਰਨ ਹੈ। ਇਸ ਲਈ ਜਿਸ ਹਾਲਤ ਵਿਚ ਸੱਚਾ ਵਾਹਿਗੁਰੂ ਰੱਖੇ, ਉਹੀ ਵਾਜਬ ਹੈ।

ਗ਼ਜ਼ਲ ਨੰਬਰ ੫੧

ਜ਼ਾਂ ਆਫ਼ਰੀਦਾ ਅਸ੍ਤ ਮਰਾ, ਆਂ ਖ਼ੁਦਾਏ ਪਾਕ।
ਜੁਜ਼ ਹਰਫ਼ਿ ਹੱਕ, ਕਿ ਗ਼ੈਰ ਨਿਆਇਦ, ਜ਼ਿ ਜਿਸਮਿ ਖ਼ਾਕ ॥੧॥
ਦਰ ਹਿਜਰਿ ਤੁਸ੍ਤ, ਜਾਨੋ ਦਿਲਿ ਆਸ਼ਕਾਂ ਚੁਨੀਂ
ਚੂੰ ਲਾਲਹ ਦਾਗ਼ ਬਰ ਜਿਗਰੋ ਸੀਨਾ ਚਾਕ ਚਾਕ ॥੨॥
ਈਂ ਗ਼ਫ਼ਲਤ ਅਸ੍ਤ ਮਰਗ, ਕਿ: ਬੇ ਯਾਦਿ ਹੱਕ ਬਵਦ।
ਚੂੰ ਸਾਇਆ-ਇ ਤੋ ਹਸ੍ਤ, ਨ-ਦਾਰੇਮ ਹੇਚ ਬਾਕ ॥੩॥
ਤਾਜੋ ਨਗੀਂ ਗੁਜ਼ਾਸ਼ਤਹ ਸ਼ਾਹਾਂ, ਜ਼ਿ ਬਹਰਿ ਤੋ।
ਬਿ-ਕੁਸ਼ਾ ਜ਼ਿ ਰੁਖ਼ ਨਕਾਬ, ਕਿ ਆਲਮ ਸ਼ੁਦਹ ਹਲਾਕ ॥੪॥
ਐ ਖ਼ਾਕਿ ਦਰਗਹਿ ਤੋ, ਸ਼ਿਫ਼ਾ ਬਖ਼ਸ਼ ਆਲਮ ਅਸ੍ਤ।
ਰਹਮੇ ਬਕੁਨ ਬਹਾਲਿ ਗ਼ਰੀਬਾਨਿ ਦਰਦਨਾਕ ॥੫॥
ਦੁਨੀਆ-ਅਸ੍ਤ ਕਾਂ ਖ਼ਰਾਬ ਕੁੱਨ, ਹਰ ਦੋ ਆਲਮ ਅਸ੍ਤ।
ਦਾਰਾ ਬ-ਖ਼ਾਕ ਰਫ਼ਤਾ, ਓ ਕਾਰੂੰ ਸ਼ੁਦਾ ਹਲਾਕ ॥੬॥
ਚਸ਼ਮਮ ਹਮੇਸ਼ ਬੇ ਤੋ, ਗੁਹਰਬਾਰ ਮੇ-ਸ਼ਵਦ।
'ਗੋਇਆ' ਮਿਸਾਲਿ ਦਾਨਹ, ਕਿ ਅਜ਼ ਖ਼ੋਸ਼ਾ-ਹਾਏ ਤਾਕ ॥੭॥

ਪੰਜਾਬੀ ਕਾਵਿ ਅਨੁਵਾਦ

੧. ਪਾਕ ਪ੍ਰਭੂ ਨੇ ਪੈਦਾ ਕੀਤਾ, ਸਾਨੂੰ ਜਦ ਹੈ ਭਾਈ।
ਸਿਮਰਨ ਬਾਝੋਂ ਤਨ ਇਹ ਖ਼ਾਕੀ, ਜਾਣੇ ਗੱਲ ਨ ਕਾਈ, ਹੂ।
੨. ਵਿੱਚ ਹਿਜਰ ਦੇ ਜਿੰਦ ਆਸ਼ਕ ਦੀ, ਪੋਸਤ ਫੁਲ ਜਿਉਂ ਵੀਰਾ।
ਦਾਗੀ ਜਿਗਰ ਤੇ ਸੀਨਾ ਉਸ ਦਾ, ਹੋਇਆ ਲੀਰਾਂ ਲੀਰਾਂ, ਹੂ।
੩. ਤੇਰੀ ਯਾਦੋਂ ਸੱਖਣਾ ਬੰਦਾ, ਗਫ਼ਲਤ-ਮੌਤੇ ਮਰਦਾ।
ਪਰ ਜਿਸ ਉੱਤੇ ਤੇਰਾ ਸਾਇਆ, ਉਹ ਨਹੀਂ ਮਰਨੋਂ ਡਰਦਾ, ਹੂ।
੪. ਤੇਰੀ ਖ਼ਾਤਰ ਰਾਜ ਭਾਗ ਨੂੰ, ਸ਼ਹਿਨਸ਼ਾਹਾਂ ਲੱਤ ਮਾਰੀ।
ਪਰਦਾ ਚੁੱਕੀਂ ਮੁਖੋਂ, ਮਾਹੀ! ਤੜਪੇ ਖ਼ਲਕਤ ਸਾਰੀ, ਹੂ।
੫. ਤੇਰੀ ਧੂੜੋਂ ਮਿਟਦੀ, ਪ੍ਰੀਤਮ! ਪੀੜਾ ਜੱਗ ਦੀ ਸਾਰੀ।
ਏਸ ਨਿਮਾਣੇ ਉੱਤੇ ਸਤਿਗੁਰ, ਮਿਹਰ ਕਰੋ ਇੱਕ ਵਾਰੀ, ਹੂ।
੬. ਲੋਕ ਅਤੇ ਪ੍ਰਲੋਕ ਵਿਗਾੜੇ, ਮਮਤਾ ਮੋਹਨੀ ਮਾਇਆ।
ਦਾਰਾ ਕਬਰ 'ਚ ਪਾਇਆ ਇਸ ਨੇ, ਕਾਰੂੰ ਮਾਰ ਮੁਕਾਇਆ, ਹੂ।
੭. ਤੇਰੇ ਬਾਝੋਂ ਨੈਣ 'ਗੋਇਆ' ਦੇ, ਛਮ ਛਮ ਨੀਰ ਵਹਾਂਦੇ।
ਜਿਵੇਂ ਅੰਗੂਰੀ ਗੁੱਛੇ ਵਿਚੋਂ, ਦਾਣੇ ਕਿਰ ਕਿਰ ਜਾਂਦੇ, ਹੂ।

ਜ਼ਾਂ ਆਫ਼ਰੀਦਾ ਅਸੁ ਮਰਾ, ਆਂ ਖ਼ੁਦਾਏ ਪਾਕ।
ਜੁਜ਼ ਹਰਫ਼ਿ ਹੱਕ, ਕਿ ਗ਼ੈਰ ਨਿਆਇਦ, ਜ਼ਿ ਜਿਸਮਿ ਖ਼ਾਕ॥੧॥

ਸ਼ਬਦਾਰਥ : ਆਫ਼ਰੀਦਾ ਅਸੁ—ਪੈਦਾ ਕੀਤਾ ਹੈ। ਜ਼ਾਂ—(ਅਜ਼+ਆਂ) ਕਿਉਂ ਜੁ। ਨਿਆਇਦ—ਨਹੀਂ ਆਉਂਦਾ। ਜਿਸਮਿ ਖ਼ਾਕ—ਮਿੱਟੀ ਦੇ ਸਰੀਰ ਤੋਂ।

ਅਰਥ : ਕਿਉਂ ਜੁ ਉਸ ਪਵਿੱਤਰ ਵਾਹਿਗੁਰੂ ਨੇ ਸਾਨੂੰ ਪੈਦਾ ਕੀਤਾ ਹੈ, ਇਸ ਲਈ ਵਾਹਿਗੁਰੂ ਦੇ ਨਾਮ ਤੋਂ ਬਿਨਾਂ (ਇਸ) ਖ਼ਾਕੀ (ਪੰਜ ਭੂਤਕ) ਸਰੀਰ ਵਿਚੋਂ (ਹੋਰ ਕੋਈ ਗੱਲ) ਨਹੀਂ ਆਉਂਦੀ (ਨਿਕਲਦੀ)।

ਦਰ ਹਿਜਰਿ ਤੁਸੁ, ਜਾਨੋ ਦਿਲਿ ਆਸ਼ਕਾਂ ਚੁਨੀਂ।
ਚੂੰ ਲਾਲਹ ਦਾਗ਼ ਬਰ ਜਿਗਰੋ ਸੀਨਾ ਚਾਕ ਚਾਕ॥੨॥

ਸ਼ਬਦਾਰਥ : ਚੁਨੀਂ—ਕਿਵੇਂ। ਲਾਲਹ—ਪੋਸਤ ਦਾ ਫੁੱਲ। ਚਾਕ ਚਾਕ—ਲੀਰਾਂ ਲੀਰਾਂ।

ਅਰਥ : ਤੇਰੇ ਵਿਛੋੜੇ ਵਿਚ ਪ੍ਰੇਮੀਆਂ ਦੀ ਜਾਨ ਤੇ ਦਿਲ ਇਵੇਂ ਹੈ ਜਿਵੇਂ ਪੋਸਤ ਦੇ ਫੁੱਲ ਦੇ ਜਿਗਰ ਉਤੇ ਦਾਗ਼ ਤੇ ਸੀਨਾ ਲੀਰੋ-ਲੀਰ (ਹੁੰਦਾ ਹੈ)।

ਈਂ ਗ਼ਫ਼ਲਤ ਅਸੁ ਮਰਗ, ਕਿ: ਬੇ ਯਾਦਿ ਹੱਕ ਬਵਦ।
ਚੂੰ ਸਾਇਆ-ਇ ਤੋ ਹਸੁ, ਨਾ-ਦਰੇਮ ਹੇਚ ਬਾਕ॥੩॥

ਸ਼ਬਦਾਰਥ : ਗ਼ਫ਼ਲਤ—ਸੁਸਤੀ, ਅਰੁਚੀ। ਮਰਗ—ਮੌਤ। ਹੱਕ—ਵਾਹਿਗੁਰੂ। ਨਾ ਦਾਰੇਮ—ਅਸੀਂ ਨਹੀਂ ਰਖਦੇ। ਬਾਕ—ਡਰ, ਭਉ।

ਅਰਥ : ਇਹ ਸੁਸਤੀ (ਅਰੁਚੀ) ਮੌਤ ਹੈ, ਜੋ ਵਾਹਿਗੁਰੂ ਦੀ ਯਾਦ ਤੋਂ ਸਖਣੇ ਹੋਇਆਂ ਵਾਪਰਦੀ ਹੈ, ਪਰੰਤੂ ਜੇ ਤੇਰੀ ਛਤਰ-ਛਾਂ ਹੋਵੇ ਤਾਂ ਅਸੀਂ ਕੋਈ ਡਰ ਨਹੀਂ ਰਖਦੇ (ਕਿਉਂ ਜੁ ਤੇਰੀ ਹਜ਼ੂਰੀ ਵਿਚ ਇਹ ਪਾਸ ਨਹੀਂ ਫਟਕ ਸਕਦੀ)।

ਤਾਜੋ ਨਗੀਂ ਗੁਜ਼ਾਸ਼ਤਹ ਸ਼ਾਹਾਂ, ਜ਼ਿ ਬਹਰਿ ਤੋ।
ਬਿ-ਕੁਸ਼ਾ ਜ਼ਿ ਰੁਖ਼ ਨਕਾਬ, ਕਿ ਆਲਮ ਸ਼ੁਦਹ ਹਲਾਕ॥੪॥

ਸ਼ਬਦਾਰਥ : ਨਗੀਂ—ਨਗੀਨੇ। ਗੁਜ਼ਾਸ਼ਤਹ—ਤਿਆਗ ਦਿਤੇ ਹਨ। ਬਿ-ਕੁਸ਼ਾ—ਖੋਲ੍ਹ। ਨਕਾਬ—ਪਰਦਾ, ਘੁੰਡ। ਸ਼ੁਦਹ—ਹੋ ਗਿਆ ਹੈ।

ਅਰਥ : ਬਾਦਸ਼ਾਹਾਂ ਨੇ ਤਾਜ ਤੇ ਨਗੀਨੇ (ਖ਼ਜ਼ਾਨੇ) ਤੇਰੀ ਖ਼ਾਤਰ ਤਿਆਗ ਦਿੱਤੇ ਹਨ। ਤੂੰ ਚਿਹਰੇ ਤੋਂ ਘੁੰਡ (ਪਰਦਾ) ਖੋਲ੍ਹ (ਚੁਕ), ਕਿਉਂ ਜੁ ਜਗਤ (ਤੇਰੇ ਦਰਸ਼ਨਾਂ ਲਈ) ਮਰ ਰਿਹਾ ਹੈ (ਤੜਫ਼ ਰਿਹਾ ਹੈ)।

ਐ ਖ਼ਾਕਿ ਦਰਗਹਿ ਤੋ, ਸ਼ਿਫ਼ਾ ਬਖ਼ਸ਼ ਆਲਮ ਅਸੁ।
ਰਹਮੇ ਬਕੁਨ ਬਹਾਲਿ ਗ਼ਰੀਬਾਨਿ ਦਰਦਨਾਕ॥੫॥

ਸ਼ਬਦਾਰਥ : ਸ਼ਫ਼ਾ—ਅਰੋਗਤਾ। ਦਰਦਨਾਕ—ਤਰਸ ਯੋਗ।

ਅਰਥ : ਹੇ ਪ੍ਰੀਤਮ, ਤੇਰੀ ਦਰਗਾਹ ਦੀ ਧੂੜ ਸੰਸਾਰ ਨੂੰ ਅਰੋਗਤਾ ਬਖ਼ਸ਼ਣ ਵਾਲੀ ਹੈ, (ਇਸ ਲਈ) ਤੂੰ (ਅਸਾਂ) ਗ਼ਰੀਬਾਂ ਦੀ ਤਰਸ ਯੋਗ ਦਸ਼ਾ ਉਤੇ ਦਇਆ ਕਰ।

ਦੁਨੀਆ-ਅਸ੍ਰ ਕਾਂ ਖ਼ਰਾਬ ਕੁੱਨ, ਹਰ ਦੋ ਆਲਮ ਅਸ੍ਰ।
ਦਾਰਾ ਬ-ਖ਼ਾਕ ਰਫ਼ਤਾ, ਓ ਕਾਰੂੰ ਸ਼ੁਦਾ ਹਲਾਕ ॥੬॥

ਸ਼ਬਦਾਰਥ : ਦੁਨੀਆ-ਅਸ੍ਰ—ਮਾਇਆ ਹੈ। ਕਾਂ—(ਕਿ ਆਂ) ਕਿ ਉਸ ਨੇ, ਜਿਸ ਨੇ। ਖ਼ਰਾਬ—ਬਰਬਾਦ। ਦਾਰਾ—ਈਰਾਨ ਦਾ ਇਕ ਬਾਦਸ਼ਾਹ ਜੋ ਵੱਡੀ ਫ਼ੌਜ ਦਾ ਮਾਲਿਕ ਸੀ ਅਤੇ ਸਿਕੰਦਰ ਮਹਾਨ ਨਾਲ ਇਸ ਦਾ ਜੁੱਧ ਹੋਇਆ ਸੀ। ਕਾਰੂੰ—ਹਜ਼ਰਤ ਮੂਸਾ ਦਾ ਚਚੇਰਾ ਭਾਈ, ਜੋ ਬਹੁਤ ਧਨਵਾਨ ਸੀ। ਉਸ ਪਾਸ ਚਾਲੀ ਗੰਜ (ਖ਼ਜ਼ਾਨੇ) ਧਨ ਸੀ। ਮੂਸਾ ਦੇ ਸਮਝਾਉਣ ਉਤੇ ਉਹ ਉਸ ਨਾਲ ਗੁੱਸੇ ਹੋ ਗਿਆ ਤੇ ਉਲਟੀ ਉਸ ਉਤੇ ਵਿਕਾਰੀ (ਜ਼ੱਨਾਹੀ) ਹੋਣ ਦੀ ਤੁਹਮਤ ਲਾਈ, ਜਿਸ ਤੋਂ ਖ਼ੁਦਾ ਨੇ ਮੂਸਾ ਨੂੰ ਤਾਂ ਬਰੀ ਕੀਤਾ, ਪਰੰਤੂ ਉਸ ਨੂੰ ਘਰ ਬਾਰ ਸਮੇਤ ਧਰਤੀ ਵਿਚ ਧਸਾ ਦਿੱਤਾ। (ਕੁਰਾਨ ਵਿਚ ਵੀ ਆਇਆ ਹੈ—ਬਸ, ਧਸਾ ਦਿੱਤਾ ਅਸਾਂ ਉਸ ਨੂੰ ਤੇ ਉਸ ਦੇ ਘਰ ਨੂੰ ਧਰਤੀ ਵਿੱਚ)।

ਅਰਥ : (ਇਹ) ਮਾਇਆ (ਹੀ) ਹੈ ਜੋ ਲੋਕ ਪਰਲੋਕ ਨੂੰ ਤਬਾਹ ਕਰਨ ਵਾਲੀ ਹੈ। (ਇਸ ਮਾਇਆ ਦੇ ਲਾਲਚ ਵਿਚ ਆ ਕੇ) ਦਾਰਾ ਕਬਰ ਵਿੱਚ ਚਲਾ ਗਿਆ ਤੇ ਕਾਰੂੰ ਮਾਰਿਆ ਗਿਆ।

ਚਸ਼ਮਮ ਹਮੇਸ਼ ਬੇ ਤੋ, ਗੁਹਰਬਾਰ ਮੇ-ਸ਼ਵਦ।
'ਗੋਇਆ' ਮਿਸਾਲਿ ਦਾਨਹ, ਕਿ ਅਜ਼ ਖ਼ੋਸ਼ਾ-ਹਾਏ ਤਾਕ ॥੭॥

ਸ਼ਬਦਾਰਥ : ਚਸ਼ਮ+ਮ—ਮੇਰੀ ਅੱਖ। ਹਮੇਸ਼—ਸਦਾ। ਗੁਹਰਬਾਰ—ਮੋਤੀ ਵਰਸਾਉਣ ਵਾਲੇ। ਖ਼ੋਸ਼ਹ-ਹਾਏ ਤਾਕ—ਅੰਗੂਰਾਂ ਦਾ ਗੁੱਛਾ। ਤਾਕ—ਅੰਗੂਰ, ਦਾਖ ਦਾ ਰੁਖ।

ਅਰਥ : ਮੇਰੀ ਅੱਖ (ਅੱਖਾਂ) ਤੇਰੇ ਬਗ਼ੈਰ ਸਦਾ ਮੋਤੀ (ਅਥਰੂ) ਵਰਸਾਉਣ ਵਾਲੀ ਹੋ ਜਾਂਦੀ ਹੈ (ਅਤੇ ਇਸ ਤਰ੍ਹਾਂ ਅੱਥਰੂ ਵਹਾਉਂਦੀ ਹੈ), ਜਿਵੇਂ, ਅੰਗੂਰ ਦੇ ਗੁੱਛੇ ਤੋਂ ਇਕ ਇਕ ਦਾਣਾ (ਬਾਹਰ ਹੇਠਾਂ ਆ ਡਿਗਦਾ ਹੈ)।

ਵਿਆਖਿਆ

ਮਨੁੱਖੀ ਜੀਵਨ ਦੇ ਦੋ ਵੱਡੇ ਭਾਗ ਹਨ—ਇਕ ਆਤਮਕ ਤੇ ਦੂਜਾ ਪ੍ਰਕ੍ਰਿਤਕ (ਸ੍ਰੀਰਕ)। ਭਾਵੇਂ, ਆਤਮਕ ਭਾਗ ਮੁੱਖ ਹੈ ਅਤੇ ਪ੍ਰਕ੍ਰਿਤਕ ਗੌਣ, ਪਰੰਤੂ ਮਹਾਂ ਮੋਹਣੀ ਮਾਇਆ ਦੇ ਪ੍ਰਭਾਵ ਹੇਠ ਪ੍ਰਾਣੀ, ਸਰੀਰਕ ਜੀਵਨ ਨੂੰ ਹੀ ਮੰਜ਼ਲ ਮਿਥ ਲੈਣ ਦੀ ਭਾਰੀ ਭੁੱਲ ਕਰ ਬੈਠਦਾ ਹੈ।

ਸ੍ਰੀ ਗੁਰੂ ਅਮਰ ਦਾਸ ਜੀ ਦੇ ਕਥਨ ਅਨੁਸਾਰ, 'ਹਰੀ' ਨੇ ਆਪਣੀ 'ਜੋਤਿ' ਇਸ ਸਰੀਰ ਵਿਚ ਧਰੀ, ਤਾਂ ਹੀ ਇਹ ਜੱਗ ਵਿੱਚ ਆਇਆ। ਪਰੰਤੂ, ਇਥੇ ਆਉਂਦਿਆਂ ਹੀ

ਇਸ ਨੇ ਆਪਣੇ ਰਚਨਹਾਰ 'ਹਰੀ' ਨੂੰ ਵਿਸਾਰ ਦਿੱਤਾ ਤੇ ਉਸ ਦੀ ਦਾਸੀ, 'ਮਾਇਆ', ਦੇ ਚੱਕਰ ਵਿਚ ਫੱਸ ਗਿਆ। ਹਰੀ-ਲਿਵ ਛੁਟ ਗਈ ਤੇ ਇਹ ਮਾਇਆ ਦਾ ਹੁਕਮੀ ਬੰਦਾ ਬਣ ਬੈਠਾ

ਏ ਸਰੀਰਾ ਮੇਰਿਆ, ਹਰਿ ਤੁਮ ਮਹਿ ਜੋਤਿ ਰਖੀ, ਤਾ ਤੂ ਜਗ ਮਹਿ ਆਇਆ ॥੩੩॥..

ਪਰੰਤੂ **ਲਿਵ ਛੁੜਕੀ, ਲਗੀ ਤ੍ਰਿਸਨਾ, ਮਾਇਆ ਅਮਰੁ ਵਰਤਾਇਆ ॥੨੯॥**

(ਅਨੰਦੁ ਸਾਹਿਬ)

ਜਿਨ੍ਹਾਂ ਉਤੇ ਪੂਰਨ ਸਤਿਗੁਰੂ ਦੀ ਮਿਹਰ ਹੋਈ ਉਹਨਾਂ ਨੇ ਇਸ ਭੇਦ ਨੂੰ ਸਮਝਿਆ ਤੇ ਸੁਚੇਤ ਸੇਵਕ ਹੋ, ਪ੍ਰਭੂ-ਪਿਤਾ ਦਾ ਪੱਲਾ ਫੜਿਆ ਅਤੇ

ਜੇਹਾ ਸੇਵੈ, ਤੇਹੋ ਹੋਵੈ...... *(ਵਾਰ ਬਿਹਾਗੜਾ, ਮ: ੩, ਪੰਨਾ ੫੪੯)*

ਦੇ ਗੁਰਵਾਕ ਅਨੁਸਾਰ ਜਿਥੇ ਮਾਇਆ-ਪੂਜਕਾਂ ਨੂੰ ਇਸ ਛਲਣੀ ਤੇ ਚੋਰਟੀ ਮਾਇਆ ਤੋਂ ਨਾਸ਼ਵੰਤ ਜੀਵਨ, ਛਿਨ-ਭੰਗਰ ਰਸ ਤੇ ਅਲਪ ਸੁਖ ਦੀ ਪ੍ਰਾਪਤੀ ਹੋਈ, ਓਥੇ ਪ੍ਰਭੂ-ਲੋਕਾਂ ਨੂੰ ਸਤਿ-ਚਿੱਤ-ਅਨੰਦ-ਪ੍ਰਭੂ-ਪਿਤਾ ਤੋਂ ਪਰਮ ਸੁਖ ਤੇ ਕਲਿਆਨ ਦੀ ਬਖ਼ਸ਼ਸ਼ ਮਿਲੀ।

ਇਸ ਗ਼ਜ਼ਲ ਵਿਚ ਐਸੇ ਹੀ ਗੁਰਮੁਖਾਂ ਦੇ ਜੀਵਨ ਦੀ ਝਲਕੀ ਵਿਖਾਈ ਗਈ ਹੈ। ਦੱਸਿਆ ਹੈ ਕਿ ਪ੍ਰਭੂ ਨੇ ਸਾਨੂੰ ਪੈਦਾ ਕਰਕੇ ਅਨੇਕਾਂ ਬਖ਼ਸ਼ਸ਼ਾਂ ਕੀਤੀਆਂ ਹਨ। ਇਸ ਲਈ, ਸਾਡੇ ਪੰਜ-ਭੂਤਕ ਸਰੀਰ ਵਿਚੋਂ ਸਵਾਸ ਸਵਾਸ, ਸ਼ੁਕਰਾਨੇ ਵਜੋਂ, ਉਸੇ ਦਾ ਹੀ ਜਾਪ ਹੋਣਾ ਯੋਗ ਹੈ। ਫੇਰ, ਇਹ ਗੱਲ ਵੀ ਕੁਦਰਤੀ ਹੈ ਕਿ ਐਸੇ ਮਿਹਰਵਾਨ ਪਿਤਾ ਦੀ ਯਾਦ ਵਿਸਰਨ ਉਤੇ ਸਾਡਾ ਜਿਗਰ ਤੇ ਛਾਤੀ ਲੀਰਾਂ ਲੀਰਾਂ ਹੋਵੇ, ਭੁੱਜ ਜਾਵੇ। ਪਰਮਾਤਮਾ ਨੂੰ ਭੁਲ ਜਾਣਾ ਮੌਤ ਹੈ ਤੇ ਚੇਤੇ ਰੱਖਣਾ ਜ਼ਿੰਦਗੀ। ਫੇਰ ਜ਼ਿਕਰ ਕਰਦੇ ਹਨ ਕਿ ਜਿਨ੍ਹਾਂ ਪ੍ਰੀਤ-ਪ੍ਰਵਾਨਿਆਂ ਨੂੰ ਤੇਰੀ ਨਿਰੰਕਾਰੀ ਜੋਤ ਦੀ ਇਕ ਵੀ ਝਲਕ ਦਿੱਸ ਪਈ, ਉਨ੍ਹਾਂ ਨੇ ਤੇਰੇ ਜਲਵੇ ਦੀ ਖ਼ਾਤਰ ਤਾਜਾਂ ਤੇ ਤਖ਼ਤਾਂ ਨੂੰ ਲੱਤ ਮਾਰ ਦਿੱਤੀ। ਉਹ ਸਭ ਕੁਝ ਤਿਆਗ ਕੇ ਤੇਰੀ ਚਰਨ-ਧੂੜ ਦੇ ਤਾਲਬ ਬਣ ਬੈਠੇ। ਉਨ੍ਹਾਂ ਉਤੇ ਇਹ ਹਕੀਕ਼ਤ ਚਿੱਟੇ ਦਿਨ ਵਾਂਗ ਰੌਸ਼ਨ ਹੋ ਗਈ ਹੈ ਕਿ ਇਹ ਛਲਣੀ ਮਾਇਆ, ਲੋਕ ਤੇ ਪਰਲੋਕ ਦਾ ਨਸ਼ਟ ਕਰਨ ਵਾਲੀ ਹੈ, ਅਤੇ ਇਹ ਉਹੀ ਮਾਇਆ ਹੈ ਜਿਸ ਪਿਛੇ ਲੱਗ ਕੇ ਦਾਰਾ (ਈਰਾਨ ਦਾ ਬਾਦਸ਼ਾਹ) ਖਾਲੀ ਹੱਥੀਂ ਕਬਰ ਵਿਚ ਪਾਇਆ ਗਿਆ ਅਤੇ ਮਹਾਂ ਕਿਰਪਨ ਕਾਰੂੰ ਵੀ ਮਾਰਿਆ ਗਿਆ।

ਅਖ਼ੀਰ ਵਿਚ ਫ਼ੁਰਮਾਇਆ ਕਿ ਸਾਡੇ ਨੇਤਰ ਤੇਰੀ ਦੀਦ ਤੋਂ ਬਿਨਾਂ ਮੋਤੀ (ਹੰਝੂ) ਵਰਸਾਉਣ ਵਾਲੇ ਹੋ ਜਾਂਦੇ ਹਨ। ਇਸ ਨਾਲ ਹਉਮੈ ਦੀ ਮੈਲ, ਗਰਦ-ਗੁਬਾਰ ਧੁਪਦੀ ਅਤੇ ਸੁਖ-ਸ਼ਾਂਤੀ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਹੋਵੇ ਵੀ ਕਿਉਂ ਨਾ, ਜਦ ਕਿ ਗੁਰੂ ਬਾਬੇ ਦੇ ਘਰ ਬਾਰੇ ਅਰਸ਼ੀ ਫ਼ੁਰਮਾਨ ਹੈ ਕਿ

ਹਰਖ ਅਨੰਤ, ਸੋਗ ਨਹੀ ਬੀਆ ॥
ਸੋ ਘਰੁ, ਗੁਰਿ, ਨਾਨਕ ਕਉ ਦੀਆ ॥ *(ਗਉੜੀ ਮ: ੫, ਪੰਨਾ ੧੮੬)*

.ਗਜ਼ਲ ਨੰਬਰ ੫੨

ਐ ਕਮਾਲਿ ਤੋ, ਕਮਾਲਸਤੋ, ਕਮਾਲਸਤੋ, ਕਮਾਲ।
ਐ ਜਮਾਲਿ ਤੋ, ਜਮਾਲਸਤੋ, ਜਮਾਲਸਤੋ, ਜਮਾਲ ॥੧॥
ਐ ਕਿ: ਨਜ਼ਦੀਕੀ ਤੋ, ਅਜ਼ ਸ਼ਾਹ ਰਗ, ਵ ਆਲਮ ਹੈਰਾਂਅ।
ਯਾਰਿ ਮਾ, ਈਂ ਚਿ: ਖ਼ਿਆਲਸਤੋ, ਖ਼ਿਆਲਸਤੋ, ਖ਼ਿਆਲ ॥੨॥
ਮਨ ਨ-ਦਾਨਮ ਕਿ: ਕੁਦਾਮਮ, ਕਿ: ਕੁਦਾਮ।
ਬੰਦਾ-ਇ ਓਏਮ੍ਰ, ਵ ਓ ਹਾਫ਼ਜ਼ਿ ਮਨ, ਦਰ ਹਮਾ ਹਾਲ ॥੩॥
ਦਿਲਿ ਮਨ ਫ਼ਾਰਗ਼ਾ, ਵ ਦਰ ਕੂਏ ਤੋ, ਪਰਵਾਜ਼ ਕੁਨੱਦ।
ਗਰ ਜ਼ਿ ਰਾਹਿ ਕਰਮਿ ਖ਼ੇਸ਼, ਬ-ਬਖ਼ਸ਼ੀ ਪਰੋ ਬਾਲ ॥੪॥
ਸਾਹਿਬਿ ਹਾਲ, ਬ-ਜੁਜ਼ ਹਰਫ਼ਿ ਖ਼ੁਦਾ, ਦਮ ਨ ਜ਼ਨੱਦ।
ਗ਼ੈਰਿ ਜ਼ਿਕਰਸ਼, ਹਮਾ ਆਵਾਜ਼ ਬਵੱਦ ਕੀਲੋ ਮਕਾਲ ॥੫॥
ਮੁਰਸ਼ਦਿ ਕਾਮਲਿ ਮਾ, ਬੰਦਗੀਅਤ ਫ਼ਰਮਾਇਦ।
ਐ ਜ਼ਹੇ, ਫ਼ਾਲਿ ਮੁਬਾਰਕ ਕਿ: ਕੁਨੱਦ ਸਾਹਿਬਿ ਹਾਲ ॥੬॥
ਬੇ ਤੋ, ਯਕ ਦਮੋਂ ਨਫ਼ਸ, ਹਸ੍ਰ ਮਰਾ, ਹਮ ਚੂ ਸਾਲ।
ਈਂ ਵਬਾਲ ਅਸਤੋ, ਵਬਾਲ ਅਸਤੋ, ਵਬਾਲ ਅਸਤੋ, ਵਬਾਲ ॥੭॥
ਹਰ ਕਿ: ਗੋਇਦ ਤੂ ਚਿ: ਬਾਸ਼ੀ, ਵ ਚਿ: ਗੋਇਦ ਜੁਜ਼ਿ ਤੋ।
ਗਸ਼ਤ ਹੈਰਾਂਅ ਹਮਾ, ਆਲਮ ਹਮਾ, ਦਰ ਐਨਿ ਜਮਾਲ ॥੮॥

ਪੰਜਾਬੀ ਕਾਵਿ ਅਨੁਵਾਦ

੧. ਹੇ ਪੂਰਨ, ਹੇ ਕਾਮਲ ਪ੍ਰੀਤਮ, ਹੇ ਸਤਿਗੁਰ ਲਾਸਾਨੀ।
ਅਦਭੁਤ ਤੇਰੀ ਸੋਹਣੀ ਸੂਰਤ, ਰੂਪ ਤੇਰਾ ਨੂਰਾਨੀ, ਹੂ।
੨. ਸ਼ਾਹ-ਰਗ ਤੋਂ ਵੀ ਨੇੜੇ ਵੱਸੇਂ, ਹੇ ਪ੍ਰੀਤਮ ਤੂੰ, ਮੇਰੇ।
ਪਰ ਬੰਦੇ ਨੂੰ ਸਮਝ ਨ ਆਵਣ, ਅਚਰਜ ਕੌਤਕ ਤੇਰੇ, ਹੂ।
੩. ਨ ਜਾਣਾਂ ਮੈਂ ਕਿੱਥੋਂ ਆਇਆ, ਕੀ ਵਜੂਦ ਹੈ ਮੇਰਾ?
ਮੈਂ ਜਾਣਾਂ ਤੂੰ ਮਾਲਕ ਮੇਰਾ, ਮੈਂ ਬਰਦਾ ਹਾਂ ਤੇਰਾ, ਹੂ।
੪. ਖੰਭ, ਜੇ ਤੁੱਠ ਕੇ ਦਾਤਾ ਮੈਨੂੰ, ਲਾ ਦੇਵੇਂ ਇੱਕ ਵਾਰੀ।
ਦਰ ਤੇਰੇ ਮੈਂ ਖਿੱਚਿਆ ਆਵਾਂ, ਲੰਮੀ ਮਾਰ ਉਡਾਰੀ, ਹੂ।
੫. ਸਿਮਰਨ ਬਾਝੋਂ ਗੱਲ ਨ ਕਰਦਾ, ਆਸ਼ਕ ਜੋ ਰੱਬ-ਸੰਦਾ।
ਹੋਰ ਗੱਲਾਂ ਸਭ ਉਸ ਨੂੰ ਲੱਗਣ, ਮਾਇਆ ਕੂੜਾ-ਧੰਧਾ, ਹੂ।
੬. ਆਤਮ-ਦਰਸ਼ੀ ਪੂਰਨ ਸਤਿਗੁਰ, ਰੱਬੀ ਨਾਮ ਜਪਾਵੈ।
ਆਤਮ-ਗਿਆਨ ਬਖ਼ਸ਼ ਕੇ ਸਿੱਖ ਨੂੰ, ਵਡਭਾਗਾ ਕਰ ਜਾਵੇ, ਹੂ।
੭. ਤੇਰੇ ਬਾਝੋਂ ਪਲ ਛਿਨ ਮੈਨੂੰ, ਬਰਸ ਬਰਸ ਦਾ ਜਾਪੇ।
ਤੇਰੇ ਬਿਰਹੋਂ, ਵਿਛੋੜੇ ਕਾਰਨ, ਮੇਰਾ ਮਨ ਸੰਤਾਪੇ, ਹੂ।
੮. ਤੇਰੀ ਅੰਸ਼ ਮੈਂ, ਤੈਥੋਂ ਪੁੱਛਾਂ, ਤੂੰ ਹੈਂ ਸਿਰਜਨਹਾਰਾ।
ਵੇਖ ਸੁਹੱਪਣ ਤੇਰਾ 'ਗੋਇਆ', ਦੰਗ ਹੋਇਆ ਜੱਗ ਸਾਰਾ, ਹੂ।

ਐ ਕਮਾਲਿ ਤੋ, ਕਮਾਲਸਤੋ, ਕਮਾਲਸਤੋ, ਕਮਾਲ।
ਐ ਜਮਾਲਿ ਤੋ, ਜਮਾਲਸਤੋ, ਜਮਾਲਸਤੋ, ਜਮਾਲ॥੧॥

ਸ਼ਬਦਾਰਥ : ਕਮਾਲ—ਪੂਰਨਤਾ। ਜਮਾਲ—ਸੁੰਦਰਤਾ, ਰੂਪ।

ਅਰਥ : (ਹੇ ਦਸਮੇਸ਼ ਗੁਰੂ!) ਤੇਰੀ ਪੂਰਨਤਾ ਕਮਾਲ ਹੈ, ਕਮਾਲ ਹੈ। ਤੇਰੀ ਮੋਹਣੀ ਸੁੰਦਰਤਾ ਅਦੁੱਤੀ ਹੈ, ਅਜੋੜ ਹੈ, ਅਦਭੁਤ ਹੈ।

ਐ ਕਿ: ਨਜ਼ਦੀਕੀ ਤੋ, ਅਜ਼ ਸ਼ਾਹ ਰਗ, ਵ ਆਲਮ ਹੈਰਾਂਅ।
ਯਾਰਿ ਮਾ, ਈਂ ਚਿ: ਖ਼ਿਆਲਸਤੋ, ਖ਼ਿਆਲਸਤੋ, ਖ਼ਿਆਲ॥੨॥

ਸ਼ਬਦਾਰਥ : ਸ਼ਾਹ ਰਗ—ਲਹੂ ਦੀ ਵੱਡੀ ਨਾੜੀ, ਇਥੇ ਸੰਕੇਤ ਕੁਰਾਨ ਦੀ ਪ੍ਰਸਿੱਧ ਆਇਤ ਵਲ ਹੈ ਕਿ ਖ਼ੁਦਾ ਸ਼ਾਹ ਰਗ ਤੋਂ ਵੀ ਨੇੜੇ ਹੈ।

ਅਰਥ : ਹੇ ਸਤਿਗੁਰੂ, ਤੂੰ ਸ਼ਾਹ ਰਗ ਤੋਂ ਵੀ ਨੇੜੇ ਹੈਂ ਅਤੇ ਸੰਸਾਰ ਚਕ੍ਰਿਤ ਹੈ। ਹੇ ਸਾਡੇ ਪ੍ਰਿਯ ਮਿੱਤਰ, ਇਹ ਤੇਰਾ ਕੀ ਚੋਜ ਹੈ, ਚਮਤਕਾਰ ਹੈ। (ਸਾਡੀ ਸਮਝ ਤੋਂ ਪਰੇ ਹੈ)।

ਮਨ ਨ-ਦਾਨਮ ਕਿ: ਕੁਦਾਮਮ, ਕਿ: ਕੁਦਾਮ।
ਬੰਦਾ-ਇ ਓਏਮ, ਵ ਓ ਹਾਫ਼ਜ਼ਿ ਮਨ, ਦਰ ਹਮਾ ਹਾਲ॥੩॥

ਸ਼ਬਦਾਰਥ : ਨ-ਦਾਨਮ—ਮੈਂ ਨਹੀਂ ਜਾਣਦਾ। ਕੁਦਾਮਮ—ਮੈਂ ਕਿਥੇ ਹਾਂ, ਕੌਣ ਹਾਂ? ਹਾਫ਼ਜ਼ਿ ਮਨ—ਮੇਰਾ ਰਾਖਾ।

ਅਰਥ : ਮੈਂ ਨਹੀਂ ਜਾਣਦਾ ਕਿ ਮੈਂ ਕੌਣ ਹਾਂ, ਮੇਰੀ ਹਸਤੀ ਕੀ ਹੈ ਤੇ ਕਿਥੋਂ ਆਇਆ ਹਾਂ—(ਭਾਵ, ਮੈਨੂੰ ਮੇਰੀ ਅਸਲੀਅਤ ਦੀ ਕੁਝ ਖ਼ਬਰ ਨਹੀਂ)। (ਮੈਨੂੰ ਏਨਾ ਪਤਾ ਹੈ ਕਿ) ਅਸੀਂ ਓਸ ਦੇ ਬਰਦੇ ਹਾਂ ਤੇ ਉਹ ਹਰ ਹਾਲ ਵਿਚ ਸਾਡਾ ਰਾਖਾ ਹੈ।

ਦਿਲਿ ਮਨ ਫ਼ਾਰਗ਼, ਵ ਦਰ ਕੂਏ ਤੋ, ਪਰਵਾਜ਼ ਕੁਨੱਦ।
ਗਰ ਜ਼ਿ ਰਾਹਿ ਕਰਮਿ ਖ਼ੇਸ਼, ਬ-ਬਖ਼ਸ਼ੀ ਪਰੋ ਬਾਲ॥੪॥

ਸ਼ਬਦਾਰਥ : ਫ਼ਾਰਗ਼—ਅਜ਼ਾਦ। ਦਰ ਕੂਏ ਤੋ—ਤੇਰੀ ਗਲੀ ਵਿਚ। ਪਰਵਾਜ਼ ਕੁਨੱਦ—ਉਡਾਰੀਆਂ ਮਾਰੇ। ਰਾਹਿ ਕਰਮਿ ਖ਼ੇਸ਼—ਆਪਣੀ ਮਿਹਰ ਦੁਆਰਾ। ਪਰੋ ਬਾਲ—ਖੰਭ।

ਅਰਥ : ਹੇ ਸਤਿਗੁਰੂ, ਜੇ ਤੂੰ ਆਪਣੀ ਬਖ਼ਸ਼ਸ਼ ਦੁਆਰਾ ਸਾਨੂੰ ਖੰਭ ਦੇ ਦੇਵੇਂ, ਅਰਥਾਤ, ਸਮਰਥਾ ਦੇਵੇਂ ਤਾਂ ਸਾਡਾ ਦਿਲ ਸੁਤੰਤਰ ਹੋ ਕੇ ਤੇਰੀ ਗਲੀ ਵਿਚ (ਹੀ ਮੁੜ ਮੁੜ ਕੇ) ਉਡਾਰੀਆਂ ਮਾਰੇ। (ਭਾਵ, ਉਨ੍ਹਾਂ ਪਰਾਂ ਨਾਲ ਤੇਰੇ ਦਰ 'ਤੇ ਪੁਜਣ ਦਾ ਹੀ ਹੀਲਾ ਕਰੇ)।

ਸਾਹਿਬਿ ਹਾਲ, ਬ-ਜੁਜ਼ ਹਰਫ਼ਿ ਖ਼ੁਦਾ, ਦਮ ਨ ਜ਼ਨੱਦ।
ਗ਼ੈਰਿ ਜ਼ਿਕਰਸ਼, ਹਮਾ ਆਵਾਜ਼ ਬਵੱਦ ਕੀਲੋ ਮਕਾਲ॥੫॥

ਸ਼ਬਦਾਰਥ : ਬ-ਜੁਜ਼—ਬਗ਼ੈਰ। ਦਮ ਨ ਜ਼ਨੱਦ—ਦਮ ਨਹੀਂ ਮਾਰਦੇ, ਗੱਲ ਨਹੀਂ ਕਰਦੇ। ਜ਼ਿਕਰਸ਼—ਉਸ ਦਾ ਜ਼ਿਕਰ। ਹਮਾ—ਸਭ। ਕੀਲੋ ਮਕਾਲ—ਬੇਅਰਥ ਗੱਲ ਬਾਤ।

ਅਰਥ : ਪ੍ਰਭੂ-ਭਗਤ ਸਿਵਾਏ ਵਾਹਿਗੁਰੂ ਦੇ ਜ਼ਿਕਰ ਦੇ ਹੋਰ ਗੱਲ ਬਾਤ ਨਹੀਂ ਕਰਦਾ, ਕਿਉਂਕਿ ਸਿਵਾਏ ਉਸ ਦੇ ਜ਼ਿਕਰ (ਜਾਪ, ਸਿਮਰਨ) ਦੇ ਉਸ ਲਈ ਕੁਝ ਵੀ ਬੋਲਣਾ ਬੇਅਰਥ ਹੈ, ਝਖਣਾ ਝਾਖ ਹੈ।

ਮੁਰਸ਼ਦਿ ਕਾਮਲਿ ਮਾ, ਬੰਦਗੀਅਤ ਫ਼ਰਮਾਇਦ।
ਐ ਜ਼ਹੇ, ਫ਼ਾਲਿ ਮੁਬਾਰਕ ਕਿ: ਕੁਨੱਦ ਸਾਹਿਬਿ ਹਾਲ ॥੬॥

ਸ਼ਬਦਾਰਥ : ਬੰਦਗੀਅਤ—ਤੇਰੀ ਬੰਦਗੀ। ਫ਼ਾਲ—ਟੇਵਾ, ਸ਼ਗਨ। ਫ਼ਰਮਾਇਦ—ਆਗਿਆ ਕਰਦਾ ਹੈ। ਐ ਜ਼ਹੇ—ਧੰਨ, ਵਾਹ!

ਅਰਥ : ਸਾਡਾ ਪੂਰਨ ਗੁਰੂ ਸਾਨੂੰ (ਹੇ ਪ੍ਰਭੂ!) ਤੇਰੀ ਬੰਦਗੀ ਕਰਨ ਲਈ ਆਗਿਆ ਕਰਦਾ ਹੈ। ਵਾਹ, ਸਾਡੇ ਚੰਗੇ ਭਾਗ! ਕਿ ਸਾਨੂੰ (ਪੂਰਨ ਗੁਰੂ ਨੇ) ਬ੍ਰਹਮ ਗਿਆਨੀ (ਆਤਮ-ਦਰਸ਼ੀ, ਪਾਰਦਰਸ਼ੀ) ਬਣਾ ਦਿੱਤਾ ਹੈ।

ਬੇ ਤੋ, ਯਕ ਦਮੋ ਨਫ਼ਸ, ਹਸੑ ਮਰਾ, ਹਮ ਚੂ ਸਾਲ।
ਈਂ ਵਬਾਲ ਅਸਤੋ, ਵਬਾਲ ਅਸਤੋ, ਵਬਾਲ ਅਸਤੋ, ਵਬਾਲ ॥੭॥

ਸ਼ਬਦਾਰਥ : ਬੇ ਤੋ—ਤੇਰੇ ਤੋਂ ਬਿਨਾਂ। ਨਫ਼ਸ—ਸਵਾਸ। ਹਮਚੂ—ਵਾਂਗ, ਵਰਗਾ। ਵਬਾਲ—ਦੁਖਦਾਈ।

ਅਰਥ : ਤੇਰੇ ਤੋਂ ਬਿਨਾਂ ਇਕ ਪਲ ਤੇ ਇਕ ਸਾਹ ਵੀ ਸਾਡੇ ਲਈ ਸਾਲ (ਯੁੱਗ) ਦੇ ਬਰਾਬਰ ਹੈ। ਇਹ ਵਿਛੋੜਾ ਸਾਡੇ ਲਈ ਕਿੰਨਾ ਦੁੱਖ ਭਰਿਆ, ਕਿੰਨਾ ਅਸਹਿ, ਕਿੰਨਾ ਕਲੇਸ਼-ਮਈ ਅਤੇ ਕਿੰਨਾ ਭਿਆਨਕ ਹੈ।

ਹਰ ਕਿ: ਗੋਇਦ ਤੂ ਚਿ: ਬਾਸ਼ੀ, ਵ ਚਿ: ਗੋਇੰਦ ਜੁਜ਼ਿ ਤੋ।
ਗਸ਼ਤ ਹੈਰਾਂਅ ਹਮਾ, ਆਲਮ ਹਮਾ, ਦਰ ਐਨਿ ਜਮਾਲ ॥੮॥

ਸ਼ਬਦਾਰਥ : ਗੋਇਦ—ਕਹਿੰਦਾ ਹੈ। ਚਿ:—ਕਿ? ਜੁਜ਼ ਤੋ—ਤੇਰਾ ਜੁਜ਼, ਅੰਗ, ਹਿੱਸਾ। ਗਸ਼ਤ—ਹੁੰਦੀ ਹੈ। ਹਮਾ ਆਲਮ—ਸਾਰਾ ਸੰਸਾਰ। ਹਮਾ—ਸਭ। ਜਮਾਲ—ਸੁੰਦਰਤਾ। ਐਨ—ਸੂਰਜ, ਹਕੀਕਤ, ਠੀਕ। ਦਰ—ਵਿਚ।

ਅਰਥ : ਹਰ ਕੋਈ ਇਹ ਕਹਿੰਦਾ ਕਿ ਹੈ ਹੇ ਪ੍ਰਭੂ, ਤੂੰ ਕੀ ਹੈਂ? ਪਰੰਤੂ ਉਹ ਆਖੇ ਵੀ ਕੀ? ਜਦ ਕਿ ਉਹ ਤੇਰਾ ਇਕ ਹਿੱਸਾ ਹੈ (ਤੇਰਾ ਕੀਤਾ ਹੋਇਆ ਤੇ ਤੇਰੀ ਅੰਸ਼ ਹੈ)! ਸਾਰੀ ਦੁਨੀਆ ਤੇਰੀ ਅਦਭੁਤ ਸੁੰਦਰਤਾ ਦੇ ਜਲਵੇ ਨੂੰ ਵੇਖ ਕੇ ਚਕ੍ਰਿਤ ਰਹਿ ਗਈ ਹੈ (ਤੇਰੀ ਸੁੰਦਰਤਾ ਦਾ ਪ੍ਰਭਾਵ ਹੋਸ਼ ਗੁੰਮ ਕਰਨ ਵਾਲਾ ਹੈ)।

ਵਿਆਖਿਆ

ਇਸ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਹਸਤੀ ਵਿਚ ਸਦ-ਗੁਣਾਂ ਦੀ ਬਹੁਲਤਾ, ਵਡਿਆਈ ਤੇ ਅਗੰਮਤਾ ਹੀ, ਉਸ ਲਈ ਦਿਲੀ ਸ਼ਰਧਾ ਤੇ ਭਗਤੀ ਦਾ ਮੂਲ ਹਨ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਨੇ ਜਗਿਆਸੂ ਨੂੰ ਪ੍ਰਭੂ ਦਾ ਸ਼ਰਧਾਲੂ ਬਣਾਉਣ ਤੇ ਉਸ ਦੀ ਭਗਤੀ ਵਿਚ ਲਾਉਣ ਹਿੱਤ ਜਪੁਜੀ ਸਾਹਿਬ ਅਥਵਾ ਬਾਕੀ ਦੀ ਗੁਰਬਾਣੀ ਵਿਖੇ ਵਾਹਿਗੁਰੂ ਦੀ ਏਕਤਾ, ਬੇਅੰਤਤਾ, ਬਖ਼ਸ਼ਸ਼, ਜ਼ਬਤ, ਦੈਵੀ ਦਰਬਾਰ ਅਤੇ ਹੋਰ ਅਮੁੱਲ ਗੁਣਾਂ ਦਾ ਅਜਿਹਾ ਅਦੁੱਤੀ ਤੇ ਵਚਿੱਤ੍ਰ ਚਿੱਤ੍ਰ ਖਿੱਚਿਆ ਤੇ ਸਿਫ਼ਤ-ਸਾਲਾਹ ਕੀਤੀ ਹੈ ਕਿ ਸਿਰ ਆਪ-ਮੁਹਾਰਾ ਰੱਬੀ ਸਜਦੇ ਵਿੱਚ ਝੁੱਕ ਜਾਂਦਾ ਹੈ। ਗੁਰਮਤਿ ਵਿਚ, ਸਿਫ਼ਤ-ਸਾਲਾਹ ਦੀ ਬਖ਼ਸ਼ਸ਼ ਦੇ ਪਾਤਰ ਨੂੰ, ਪਾਤਸ਼ਾਹਾਂ ਦਾ ਪਾਤਸ਼ਾਹ ਕਰਕੇ ਸਨਮਾਨਿਆ ਗਿਆ ਹੈ

ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ, ਪਾਤਿਸਾਹੀ ਪਾਤਿਸਾਹੁ ॥੨੫॥ *(ਜਪੁਜੀ)*

'ਗੋਇਆ' ਜੀ, ਜੋ ਕਲਗੀਧਰ ਜੀ ਦੀ ਸਰੀਰਕ, ਮਾਨਸਕ ਤੇ ਆਤਮਕ ਸੁੰਦਰਤਾ ਅਤੇ ਪੂਰਨਤਾ ਦੇ ਆਸ਼ਕ ਸਨ, ਨੇ ਇਸ ਗ਼ਜ਼ਲ ਵਿੱਚ ਵਿਸਮਾਦਤ ਹੋ, ਪ੍ਰਿਯ ਗੁਰਦੇਵ ਦੀ ਨਿਪੁੰਨਤਾ ਦੇ ਗੁਣ ਗਾਏ ਹਨ, ਤਾਂ ਜੁ ਸਿਖ ਅੰਦਰ ਭਗਤੀ ਤੇ ਸਿਦਕ ਦੀ ਅਨਿੰਨਤਾਈ ਜਾਗੇ, ਤੇ ਸਫੁੱਟ ਬਾਹਰ ਨਿਕਲੇ। ਲਿਖਦੇ ਹਨ, "ਹੇ ਸਤਿਗੁਰੂ, ਤੇਰੀ ਪੂਰਨਤਾ ਕਮਾਲ ਹੈ, ਕਮਾਲ ਹੈ, ਕਮਾਲ ਹੈ। ਤੇਰੀ ਸੁੰਦਰਤਾ ਅਦੁੱਤੀ ਹੈ, ਅਜੋੜ ਹੈ, ਅਦਭੁੱਤ ਹੈ।"

ਗੱਲ ਕੀ, ਭਾਈ ਸਾਹਿਬ ਜਿਹੇ ਸਿਦਕੀ ਸਿਖ ਤੇ ਆਲਮ ਕਵੀ ਜਦ ਰੱਬੀ-ਰੌ ਵਿੱਚ, ਗੁਰਦੇਵ ਦੀ ਸਿਫ਼ਤ-ਸਾਲਾਹ ਹਿੱਤ ਕਲਮ ਚੁੱਕਦੇ ਹਨ ਤਾਂ ਇਸ ਬਿਆਨ ਨੂੰ ਬੰਦ ਕਰਨਾ ਔਖਾ ਹੋ ਜਾਂਦਾ ਹੈ। ਇਕ ਕਵੀ ਦੇ ਇਸ ਕਥਨ ਅਨੁਸਾਰ 'ਮੈਂ ਖ਼ਿਆਲਿ ਯਾਰ ਮੇਂ ਜਬ ਬੜ੍ਹਾ, ਕਈ ਮੰਜ਼ਲ ਆਗੇ ਨਿਕਲ ਗਿਆ,' ਉਹ ਪ੍ਰੀਤਮ ਦੇ ਖ਼ਿਆਲ ਵਿਚ ਵਿਸਮਾਦਤ ਹੋ ਜਦ ਮੰਜ਼ਲ ਵੱਲ ਵਧਦੇ ਹਨ ਤਾਂ ਕਈ ਮੰਜ਼ਲਾਂ ਅੱਗੇ ਲੰਘ ਜਾਂਦੇ ਹਨ। ਭਾਈ ਗੁਰਦਾਸ ਜੀ ਨੇ 'ਆਲਮਿ ਤਹੱਯਰ' ਦੀ ਇਸ ਅਵਸਥਾ ਨੂੰ ਇਉਂ ਰੂਪਮਾਨ ਕੀਤਾ ਹੈ:

ਦਰਸਨ ਦੇਖਤ ਹੀ, ਸੁੱਧ ਕੀ ਨ ਸੁੱਧ ਰਹੀ,
ਬੁੱਧ ਕੀ ਨ ਬੁੱਧ ਰਹੀ, ਮਤਿ ਮੈਂ ਨ ਮਤਿ ਹੈ।
ਸੁਰਤਿ ਮੈਂ ਨ ਸੁਰਤਿ ਔ ਧਿਆਨ ਮੈ ਨ ਧਿਆਨ ਰਹਯੋ,
ਗਿਆਨ ਮੈਂ ਨ ਗਿਆਨ ਰਹਯੋ, ਗਤ ਮੈਂ ਨ ਗਤਿ ਹੈ।
ਧੀਰਜ ਕੋ ਧੀਰਜ, ਗਰਬ ਕੋ ਗਰਬ ਗਯੋ,
ਰਤਿ ਮੈ ਨ ਰਤਿ ਰਹੀ, ਪਤਿ ਰਤਿ ਪਤਿ ਹੈ।
ਅਦਭੁਤ, ਪਰਮਦਭੁਤ ਬਿਸਮੈ ਬਿਸਮ
ਅਸਚਰਜੈ ਅਸਚਰਜ ਅਤਿ ਅਤਿ ਹੈ।੧੧੯।

'ਗੋਇਆ' ਜੀ ਸਾਹਿਬਾਂ ਦੇ ਕਮਾਲ ਦੀ ਵਜ਼ਾਹਤ (ਵਿਸਥਾਰ) ਕਰਦੇ ਹੋਏ ਫ਼ੁਰਮਾਂਦੇ ਹਨ ਕਿ 'ਇਹ ਤੇਰਾ ਕੋਈ ਘੱਟ ਕਮਾਲ ਨਹੀਂ ਕਿ ਤੂੰ ਸ਼ਾਹ-ਰਗ ਤੋਂ ਵੀ ਨੇੜੇ ਹੈਂ। ਮੈਂ ਇਨ੍ਹਾਂ ਵਾਧੂ ਝਗੜਿਆਂ ਤੇ ਵਾਦ-ਵਿਵਾਦ ਵਿਚ ਨਹੀਂ ਪੈਂਦਾ ਕਿ ਮੈਂ ਕੌਣ ਹਾਂ; ਕਿਸ ਕੁਲ,

ਜ਼ਾਤ, ਗੋਤ, ਬਰਾਦਰੀ, ਨਸਲ ਤੇ ਦੇਸ਼ ਦਾ ਵਾਸੀ ਹਾਂ। ਮੈਂ ਸਿਰਫ਼ ਇੰਨਾ ਜਾਣਦਾ ਹਾਂ ਕਿ ਮੈਂ ਤੇਰਾ ਬੰਦਾ ਹਾਂ ਤੇ ਤੂੰ ਮੇਰਾ ਸਾਹਿਬ, ਮੈਂ ਤੇਰੀ ਸ਼ਰਨ ਹਾਂ ਤੇ ਤੂੰ ਮੇਰਾ ਸਭਨੀਂ ਥਾਈਂ ਰਖਵਾਲਾ ਹੈਂ।' ਗੁਰਵਾਕ ਹੈ

ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ, ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ॥

(ਮਾਝ ਮ: ੫, ਪੰਨਾ ੧੦੩)

ਫੇਰ, ਗੁਰਦੇਵ ਅਗੇ ਜੋਦੜੀ ਕਰਦੇ ਹਨ ਕਿ 'ਐ ਮੇਰੇ ਮਹਬੂਬ! ਮੇਰੀ ਕੇਵਲ ਇਕ, ਤੇ ਇੱਕੋ ਹੀ ਲੋਚਾ ਹੈ ਕਿ ਮੈਨੂੰ ਆਪਣੀ ਬਖ਼ਸ਼ਸ਼ ਦੁਆਰਾ ਸਿਦਕ ਦੇ ਉਹ ਖੰਭ ਬਖ਼ਸ਼, ਜਿਨ੍ਹਾਂ ਨਾਲ ਮੈਂ ਸੁਤੰਤਰ ਹੋ ਕੇ ਤੇਰੀ ਪ੍ਰੇਮ-ਗਲੀ ਵਿਚ ਉਡਾਰੀਆਂ ਲਾ ਸਕਾਂ। ਮੈਂ ਇਹਨਾਂ ਨੂੰ ਜੀਵਨ ਤੋਂ ਸਾਵੇਂ ਤੋਲ ਖ਼ਰੀਦਣ ਲਈ ਬੇਕ਼ਰਾਰ ਹਾਂ।' ਫੇਰ ਆਪ ਹੀ ਆਪੇ ਨੂੰ ਸਾਵਧਾਨ ਕਰਦੇ ਹੋਏ ਲਿਖਦੇ ਹਨ ਕਿ 'ਪ੍ਰਭੂ-ਲੋਕਾਂ ਦੀ ਇਹੀ ਸਿਫ਼ਤ ਤੇ ਨਿਸ਼ਾਨੀ ਹੈ ਕਿ ਉਹ ਸਿਵਾਏ ਵਾਹਿਗੁਰੂ ਦੇ ਸਿਮਰਨ ਦੇ ਹੋਰ ਬੋਲਣਾ, ਝਖਣਾ-ਝਾਖ ਸਮਝਦੇ ਹਨ। ਉਹਨਾਂ ਲਈ ਮਹਿਬੂਬ ਤੋਂ ਇਕ ਛਿਨ ਦਾ ਵਿਛੋੜਾ ਜੁੱਗਾਂ ਸਮਾਨ ਹੈ।'

ਬਸ, ਇਹੀ ਹੈ ਮੇਰੇ ਕਾਮਲ ਮੁਰਸ਼ਦ ਦੀ ਸਿਖਿਆ, ਸੰਦੇਸ਼ ਅਤੇ ਸਿੱਖੀ ਦੀ ਰਮਜ਼।

ਗ਼ਜ਼ਲ ਨੰਬਰ ੫੩

ਚੂੰ ਖ਼ੁਦਾ ਹਾਜ਼ਿਰ-ਅਸ੍ਤ, ਦਰ ਹਮਹ-ਹਾਲ।
ਤੂ ਚਿਰਾ ਮੇ-ਜ਼ਨੀ, ਦਿਗਰ, ਪਰੋ ਬਾਲ ॥੧॥

ਹਮਦਿ ਹੱਕ ਗੋ, ਦਿਗਰ ਮ-ਗੋ, ਐ ਜਾਨ।
ਸਾਹਿਬਿ ਕ਼ਾਲ ਬਾਸ਼ ਵ ਬੰਦਾ-ਇ ਹਾਲ ॥੨॥

ਗ਼ੈਰ ਯਾਦਿ ਖ਼ੁਦਾ, ਦਮੇ ਕਿ ਗੁਜ਼ੱਸ਼ਤ।
ਈਂ ਜ਼ਵਾਲ ਅਸ੍ਤ, ਪੋਸ਼ਿ ਅਹਲਿ ਕਮਾਲ ॥੩॥

ਮਾਸਿਵਾ ਨੇਸ੍ਤ, ਹਰ ਕਿਃ ਮੇ ਨਿਗਰੀ।
ਤੂ ਚਿਰਾ ਗ਼ਾਫ਼ਿਲੀ, ਦਰ ਐਨਿ ਵਸਾਲ ॥੪॥

ਗ਼ੈਰਿ ਹਰਫ਼ਿ ਖ਼ੁਦਾ ਮਗੋ, 'ਗੋਇਆ'।
ਕਿ ਦਿਗਰ ਪੋਚ ਹਸ੍ਤ, ਕ਼ਾਲੋ ਮਕ਼ਾਲ ॥੫॥

ਪੰਜਾਬੀ ਕਾਵਿ ਅਨੁਵਾਦ

੧. ਰੱਬ ਤੇਰਾ ਜਾਂ ਹਰ ਥਾਂ ਵੱਸੇ, ਹਾਜ਼ਰ ਨਾਜ਼ਰ ਪਿਆਰੇ।
ਤਾਂ ਫਿਰ ਦੱਸ ਤੂੰ ਕਿਉਂ ਪਿਆ ਭਟਕੇਂ, ਏਧਰ ਓਧਰ ਸਾਰੇ, ਹੂ।

੨. ਹਰਿ-ਜੱਸ ਬਾਝੋਂ, ਹੇ ਮਨ; ਹਰਫ਼ ਨਾ ਹੋਰ ਉਚਾਰੀਂ।
ਬਣ ਕੇ ਢਾਢੀ ਉਸ ਮਾਲਕ ਦਾ, ਰੱਬੀ ਮਸਤੀ ਧਾਰੀਂ, ਹੂ।

੩. ਸਿਮਰਨ ਬਾਝੋਂ ਜੋ ਦਮ ਗੁਜ਼ਰੇ, ਉਹ ਦਮ ਬਿਰਥਾ ਜਾਈ।
ਪੂਰਨ ਪੁਰਸ਼ਾਂ ਤਾਈਂ ਹੁੰਦਾ, ਉਹ ਡਾਢਾ ਦੁਖਦਾਈ, ਹੂ।

੪. ਜਿੱਥੇ ਕਿੱਥੇ ਉਸ ਦੇ ਬਾਝੋਂ, ਜੇ ਦੂਜਾ ਨਹਿ ਕਾਈ।
ਤਾਂ ਫਿਰ ਵਸਲ ਦੇ ਵੇਲੇ, ਬੰਦੇ! ਕਿਉਂ ਇਹ ਲਾ-ਪ੍ਰਵਾਹੀ, ਹੂ।

੫. ਨਾਮ ਪ੍ਰਭੂ ਦੇ ਬਾਝੋਂ 'ਗੋਇਆ', ਬੋਲ ਨ ਅੱਖਰ ਦੂਜਾ।
ਸਭ ਕਿਛ ਜਾਣੀਂ ਨਿਸਫਲ ਬੰਦੇ, ਬਿਨਾਂ ਉਸ ਦੀ ਪੂਜਾ, ਹੂ।

ਤੂੰ ਖ਼ੁਦਾ ਹਾਜ਼ਿਰ-ਅਸ੍ਰ, ਦਰ ਹਮਹ-ਹਾਲ।
ਤੂ ਚਿਰਾ ਮੇ-ਜ਼ਨੀ, ਦਿਗਰ, ਪਰੋ ਬਾਲ ॥੧॥

ਸ਼ਬਦਾਰਥ : ਦਰ ਹਮਹ ਹਾਲ—ਹਰ ਹਾਲ ਵਿੱਚ। ਮੇ-ਜ਼ਨੀ—ਤੂੰ ਮਾਰਦਾ ਹੈਂ। ਚਿਰਾ—ਕਿਉਂ ? ਪਰ ਓ ਬਾਲ—ਪਰ, ਖੰਭ, ਹੱਥ ਪੈਰ।

ਅਰਥ : ਜਦ ਵਾਹਿਗੁਰੂ ਹਰ ਹਾਲ ਵਿੱਚ ਹਾਜ਼ਰ ਹੈ (ਅੰਗ ਸੰਗ ਹੈ) ਤਾਂ ਤੂੰ ਹੋਰਥੇ ਹੱਥ ਪੈਰ ਕਿਉਂ ਮਾਰਦਾ ਹੈਂ ?

ਹਮਦਿ ਹੱਕ ਗੋ, ਦਿਗਰ ਮ-ਗੋ, ਐ ਜਾਨ।
ਸਾਹਿਬਿ ਕ਼ਾਲ ਬਾਸ਼ ਵ ਬੰਦਾ-ਇ ਹਾਲ ॥੨॥

ਸ਼ਬਦਾਰਥ : ਹਮਦਿ ਹੱਕ—ਵਾਹਿਗੁਰੂ ਦੀ ਸਿਫ਼ਤ-ਸਾਲਾਹ। ਗੋ—ਕਹੋ। ਮਗੋ—ਨ ਕਹੋ। ਜਾਨ—ਪਿਆਰੇ, ਮਿੱਤਰ। ਕ਼ਾਲ—ਗੱਲ ਬਾਤ। (ਕਾਲ ਕਰਦਨ, ਰਾਗ ਗਾਉਣਾ)। ਬੰਦਾ-ਇ ਹਾਲ—ਪ੍ਰਭੂ ਰੰਗ ਵਿਚ ਮਸਤ, ਮਸਤਾਨਾ। ਬਾਸ਼—ਹੋ।

ਅਰਥ : ਹੇ (ਮੇਰੇ) ਮਿੱਤਰ (ਦਿਲ)! ਵਾਹਿਗੁਰੂ ਦੀ ਸਿਫ਼ਤ-ਸਾਲਾਹ ਕਹੁ ਤੇ ਹੋਰ ਕੁਝ ਨਾ ਬੋਲ। ਵਾਹਿਗੁਰੂ ਦਾ ਕੀਰਤਨੀਆ ਹੋ ਅਤੇ ਉਸ ਦੇ ਹਾਲ ਵਿਚ ਮਸਤਾਨਾ ਬਣਿਆ ਰਹੁ।

ਗ਼ੈਰ ਯਾਦਿ ਖ਼ੁਦਾ, ਦਮੇ ਕਿ ਗੁਜ਼ੱਸ਼ਤ।
ਈਂ ਜ਼ਵਾਲ ਅਸ੍ਰ, ਪੇਸ਼ਿ ਅਹਲਿ ਕਮਾਲ ॥੩॥

ਸ਼ਬਦਾਰਥ : ਜ਼ਵਾਲ—ਘਾਟਾ, ਅਧੋਗਤੀ। ਅਹਲਿ ਕਮਾਲ—ਉਹ ਜੋ ਪੂਰਨ ਹਨ, ਪਹੁੰਚੇ ਹੋਏ ਮਹਾਂ ਪੁਰਸ਼। ਪੇਸ਼—ਸਾਹਮਣੇ, ਲਈ।

ਅਰਥ : ਵਾਹਿਗੁਰੂ ਦੀ ਯਾਦ ਤੋਂ ਬਗ਼ੈਰ ਜਿਹੜਾ ਦਮ ਲੰਘਿਆ, ਇਹ (ਉਹ ਦਮ) ਪੂਰਨ ਪੁਰਸ਼ਾਂ ਲਈ ਦੁਖਦਾਈ ਹੈ, ਘਾਟੇਵੰਦਾ ਹੈ।

ਮਾਸਿਵਾ ਨੇਸ੍ਰ, ਹਰ ਕਿ: ਮੇ ਨਿਗਰੀ।
ਤੂ ਚਿਰਾ ਗ਼ਾਫ਼ਿਲੀ, ਦਰ ਐਨਿ ਵਸਾਲ ॥੪॥

ਸ਼ਬਦਾਰਥ : ਮਾਸਿਵਾ—ਉਸ ਤੋਂ ਬਗ਼ੈਰ। ਮੇ ਨਿਗਰੀ—ਤੂੰ ਵੇਖਦਾ ਹੈਂ। ਚਿਰਾ—ਕਿਉਂ ? ਗ਼ਾਫ਼ਿਲੀ—ਲਾਪ੍ਰਵਾਹ ਹੈਂ। ਐਨਿ ਵਸਾਲ—ਐਨ ਮਿਲਾਪ ਦੇ ਸਮੇਂ।

ਅਰਥ : ਜਦ, ਉਸ (ਵਾਹਿਗੁਰੂ) ਤੋਂ ਬਿਨਾਂ ਹੋਰ ਕੋਈ ਨਹੀਂ ਹੈ, ਜਿਧਰ ਵੀ ਤੂੰ ਵੇਖਦਾ ਹੈਂ, ਤਾਂ ਫਿਰ ਠੀਕ ਮਿਲਾਪ ਦੇ ਸਮੇਂ ਇਹ ਗ਼ਫ਼ਲਤ ਕਿਉਂ ? ਭਾਵ—ਇਹ ਮਨੁੱਖਾ ਦੇਹੀ ਪ੍ਰਭੂ ਨੂੰ ਮਿਲਣ ਦਾ ਅਵਸਰ ਹੈ। ਇਸ ਨੂੰ ਅਗਿਆਨਤਾ ਵਿੱਚ ਗਵਾ ਲੈਣਾ ਸਿਆਣਪ ਨਹੀਂ।

ਗ਼ੈਰਿ ਹਰਫ਼ਿ ਖ਼ੁਦਾ ਮਗੋ, 'ਗੋਇਆ'।
ਕਿ ਦਿਗਰ ਪੋਚ ਹਸ੍ਤ, ਕ਼ਾਲੋ ਮਕ਼ਾਲ ॥੫॥

ਸ਼ਬਦਾਰਥ : ਗ਼ੈਰ—ਬਿਨਾਂ। ਹਰਫ਼—ਚਰਚਾ, ਗੱਲ ਬਾਤ। ਮਗੋ—(ਮ+ਗੋ) ਨਾ ਆਖ। ਦਿਗਰ—ਹੋਰ। ਪੋਚ—ਬੇਹੂਦਾ, ਫ਼ਜ਼ੂਲ। ਕ਼ਾਲੋ ਮਕ਼ਾਲ—ਗੱਲ ਬਾਤ।

ਅਰਥ : ਐ ਗੋਇਆ, ਵਾਹਿਗੁਰੂ ਦੀ ਚਰਚਾ ਤੋਂ ਬਿਨਾਂ ਹੋਰ (ਕੁਝ) ਨਾ ਬੋਲ, ਕਿਉਂ ਜੁ, ਹੋਰ (ਸਭ) ਗੱਲਬਾਤ ਫ਼ਜ਼ੂਲ (ਬੇਅਰਥ) ਹੈ।

ਵਿਆਖਿਆ

ਗੁਰਮਤਿ, ਇੱਕ ਅਤਿ ਸਾਵਾਂ, ਸੁਚੱਜਾ ਤੇ ਪੱਧਰਾ ਜੀਵਨ-ਮਾਰਗ ਹੈ। ਗੁਰਦੇਵ ਦਾ ਕਦੀ

ਕਾਹੇ ਰੇ ਮਨ ਚਿਤਵਹਿ ਉਦਮੁ, ਜਾ ਆਹਰਿ ਹਰਿ ਜੀਉ ਪਰਿਆ॥ *(ਰਹਰਾਸਿ)*

ਅਤੇ ਕਦੀ

ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ॥ *(ਗੂਜਰੀ ਮ: ੫, ਪੰਨਾ ੫੨੨)*

ਉਚਾਰਨਾ ਕੋਈ ਵਕਤੀ, ਅਜੋੜ ਜਾਂ ਆਪਾ-ਵਿਰੋਧੀ ਕਥਨ ਨਹੀਂ ਹਨ। ਇਨ੍ਹਾਂ ਨੂੰ ਗਹੁ ਨਾਲ ਵੀਚਾਰਿਆਂ ਕਿਸੇ ਤਰ੍ਹਾਂ ਦਾ ਟਪਲਾ ਲੱਗਣ ਦੀ ਸੰਭਾਵਨਾ ਨਹੀਂ ਰਹਿੰਦੀ।

ਗੁਰਮਤਿ, ਧਰਮ ਦੀ ਕਿਰਤ ਕਰਨ, ਉੱਦਮ, ਉਪਕਾਰ ਤੇ ਘਾਲ ਕਰ ਕੇ, ਨਾ ਕੇਵਲ ਆਪ ਹੀ ਖਾਣ; ਸਗੋਂ, ਵੰਡ ਕੇ ਛੱਕਣ ਉਤੇ ਜ਼ੋਰ ਦਿੰਦੀ ਹੈ। ਆਲਸੀ ਦਾ, ਇਸ ਚੜ੍ਹਦੀਆਂ ਕਲਾਂ ਵਾਲੇ ਪੰਥ ਵਿੱਚ, ਕੋਈ ਥਾਂ ਨਹੀਂ। ਹਾਂ, ਉੱਦਮ, ਉਪਰਾਲਾ ਕਰਦਿਆਂ, ਨਾਲ ਨਾਲ ਚਿੰਤਾ, ਝੋਰਾ ਤੇ ਧਾਵਨਾ ਵਿਚ ਬੇਚੈਨ ਰਹਿਣਾ ਤੇ ਸਿਦਕ-ਹੀਨ ਹੋਣਾ ਸਿੱਖੀ ਵਿਚ ਵਿਵਰਜਤ ਹੈ। ਭਰੋਸੇ, ਸਿਦਕ ਤੇ ਸੰਤੁਸ਼ਟਤਾ ਵਿਚ ਘਾਲਣਾ ਕਰ ਕੇ ਕਮਾਈ ਹੋਈ ਅੱਧੀ ਰੋਟੀ, ਧਾਵਨਾ, ਚਿੰਤਾ ਤੇ ਬੇਪਰਤੀਤੀ ਦੀ ਭੱਜ ਨੱਸ ਨਾਲ ਪੈਦਾ ਕੀਤੇ ਪਦਾਰਥਾਂ ਨਾਲੋਂ ਹਜ਼ਾਰਾਂ ਗੁਣਾ ਸ੍ਰੇਸ਼ਟ ਤੇ ਸਵਾਦਿਸ਼ਟ ਹੈ। ਗੁਰਵਾਕ ਹੈ

ਰੂਖੋ ਭੋਜਨੁ, ਭੂਮਿ ਸੈਨ, ਸਖੀ, ਪ੍ਰਿਅ ਸੰਗਿ ਸੂਖਿ ਬਿਹਾਤ॥
(ਕਾਨੜਾ ਮ: ੫, ਪੰਨਾ ੧੩੦੬)

ਥੋੜੇ ਸ਼ਬਦਾਂ ਵਿਚ, ਗੁਰਮਤਿ ਦਰਸਾਉਂਦੀ ਹੈ

'Do the right and trust in God.'

(ਨੇਕ ਪੁਰਸ਼ਾਰਥ ਕਰੋ ਤੇ ਵਾਹਿਗੁਰੂ ਉਤੇ ਭਰੋਸਾ ਰਖੋ)।

ਸੋ, ਭਾਈ ਸਾਹਿਬ ਇਥੇ ਉਨ੍ਹਾਂ ਲੋਕਾਂ ਨੂੰ, ਜੋ ਬਹੁਤ ਪਰਪੰਚ ਕਰ ਕੇ ਧਨ ਖੱਟਦੇ ਤੇ ਰਾਤ ਦਿਨੇ ਲੁੱਟ-ਖਸੁੱਟ ਨਾਲ ਹੋਰਨਾਂ ਦੇ ਮੂੰਹ ਦੀ ਬੁਰਕੀ ਖੋਂਹਦੇ ਹਨ, ਅਤੇ ਹਰ ਸਮੇਂ ਧਨ ਦੌਲਤ ਨੂੰ ਇਕੱਠਾ ਕਰਨਾ ਹੀ ਜੀਵਨ-ਮਨੋਰਥ ਬਣਾ ਬੈਠੇ ਹਨ, ਚੇਤਾਵਨੀ ਕਰਾਉਂਦੇ

ਹਨ ਕਿ ਵਾਹਿਗੁਰੂ ਸਭ ਦਾ ਰਾਜ਼ਕ ਹੈ, ਪੱਥਰਾਂ ਵਿੱਚ ਗੁਪਤ ਬੈਠੇ ਕੀੜਿਆਂ ਨੂੰ ਵੀ ਖ਼ੁਰਾਕ ਪਹੁੰਚਾਉਂਦਾ ਹੈ। ਤੂੰ ਚਿੰਤਾਤੁਰ ਹੋ ਕੇ ਐਧਰ ਓਧਰ, ਹੱਥ ਪੈਰ ਕਿਉਂ ਮਾਰਦਾ ਹੈਂ ? ਤੂੰ ਕਿਉਂ ਭੁੱਲ ਬੈਠਾ ਹੈਂ ਕਿ ਉਹ

ਪੋਖਤ ਹੈ, ਜਲ ਮੈ, ਥਲ ਮੈ, ਪਲ ਮੈ, ਕਲਿ ਕੇ ਨਹੀਂ ਕਰਮ ਬਿਚਾਰੈ ॥੧॥੨੪੩॥

ਤਥਾ **ਰੋਜੀ ਹੀ ਰਾਜ ਬਿਲੋਕਤ ਰਾਜਕ, ਰੋਖ ਰੂਹਾਨ ਕੀ ਰੋਜੀ ਨ ਟਾਰੈ ॥੨॥੨੪੪॥**

(ਤ੍ਵਪ੍ਰਸਾਦਿ ਸਵੱਯੇ, ਪਾ· ੧੦)

ਪ੍ਰਭੂ ਹਰ ਥਾਂ ਹਾਜ਼ਰ-ਨਾਜ਼ਰ ਤੇ ਰਾਖਾ ਤਾਂ ਅਵੱਸ਼ ਹੈ, ਪਰੰਤੂ, ਸੇਵਕ ਦਾ ਵੀ ਕੁਝ ਧਰਮ ਹੈ। ਉਸ ਨੇ ਵਾਹਿਗੁਰੂ ਦਾਤਾਰ ਦੀ ਸਿਫ਼ਤ-ਸਾਲਾਹ ਕਰਨੀ ਤੇ ਕੇਵਲ ਉਸੇ ਦੀ ਹੀ ਟੇਕ ਰੱਖਣੀ ਹੈ। ਉਸੇ ਦਾ ਕੀਰਤਨੀਆ ਹੋਣਾ ਤੇ ਨਾਮ ਦੇ ਸਦੀਵੀ ਨਸ਼ੇ ਵਿਚ ਮਸਤ ਰਹਿਣਾ ਹੈ। ਜਦ ਪ੍ਰਭੂ ਤੋਂ ਬਿਨਾਂ ਜਿਧਰ ਵੀ ਨਜ਼ਰ ਮਾਰੀਏ, ਹੋਰ ਕੁਝ ਹੈ ਹੀ ਨਹੀਂ, ਤਾਂ ਫੇਰ ਉਸ ਵੱਲੋਂ ਗ਼ਫ਼ਲਤ ਕਿਉਂ ? ਤੇ ਗ਼ੈਰਾਂ ਦੇ ਚਰਚੇ ਕਿਸ ਲਈ ? ਕਬੀਰ ਜੀ ਦਾ ਫ਼ੁਰਮਾਨ ਹੈ

ਜਾ ਕੋ ਠਾਕੁਰੁ ਊਚਾ ਹੋਈ॥ ਸੋ ਜਨੁ ਪਰ ਘਰ ਜਾਤ ਨ ਸੋਹੀ॥

(ਗਉੜੀ ਕਬੀਰ, ਪੰਨਾ ੩੩੦)

ਗ਼ਜ਼ਲ ਨੰਬਰ ੫੪

ਮਾ ਕਿ: ਖ਼ੁਦ, ਹਰ ਬੰਦਾ-ਇ ਹੱਕ ਰਾ, ਖ਼ੁਦਾ ਫ਼ਹਮੀਦਾ ਏਮ।
ਖ਼ੇਸ਼ਤਨ ਰਾ ਬੰਦਾ-ਇ ਈਂ ਬੰਦਾ-ਹਾ, ਫ਼ਹਮੀਦਾ ਏਮ ॥੧॥

ਮਰਦਮਾਨਿ ਚਸ਼ਮਿ ਮਾ ਰਾ, ਇਹਤਿਆਜਿ ਸੁਰਮਾ ਨੇਸਤ।
ਬਸ ਕਿ: ਖ਼ਾਕਿ ਰਾਹਿ ਮਰਦਮ, ਤੂਤੀਆ ਫ਼ਹਮੀਦਾ-ਏਮ ॥੨॥

ਹਰ ਨਫ਼ਸ ਸਰ ਬਰ ਜ਼ਮੀਂ, ਦਾਰੇਮ ਅਜ਼ ਬਹਰਿ ਸਜੂਦ।
ਮਾ ਕਿ: ਰੂਏ ਯਾਰਿ ਖ਼ੁਦ, ਨੂਰਿ ਖ਼ੁਦਾ ਫ਼ਹਮੀਦਾ-ਏਮ ॥੩॥

ਬਾਦਸ਼ਾਹਾਂ ਰਾ, ਫ਼ਕੀਰਾਂ ਬਾਦਸ਼ਾਹੀ ਦਾਦਹ-ਅੰਦ।
ਜ਼ਾਂ ਗਦਾਏ ਕੂਏ ਓ ਰਾ, ਬਾਦਸ਼ਾਹ ਫ਼ਹਮੀਦਾ-ਏਮ ॥੪॥

ਮਾ ਨਮੇ ਖ਼ਾਹੇਮ ਮੁਲਕੋ ਮਾਲ ਰਾ, 'ਗੋਇਆ', ਅਜ਼ਾਂ।
ਸਾਇਆ-ਇ ਜ਼ੁਲਫ਼ਿ ਤੁਰੈ, ਬਾਲਿ ਹੁਮਾ ਫ਼ਹਮੀਦਾ-ਏਮ ॥੫॥

ਪੰਜਾਬੀ ਕਾਵਿ ਅਨੁਵਾਦ

੧. ਰੱਬ ਦੇ ਹਰ ਇਕ ਬੰਦੇ ਤਾਈਂ, ਰੂਪ ਰੱਬ ਮੈਂ ਜਾਣਾਂ।
ਸਗੋਂ ਓਸ ਦੇ ਸੇਵਕ ਦਾ ਹਾਂ, ਸੇਵਕ ਇੱਕ ਨਿਮਾਣਾ, ਹੂ।

੨. ਸੁਰਮੇ ਸੰਦੀ ਲੋੜ ਨਾ ਕਾਈ, ਅੱਖ ਮੇਰੀ ਨੂੰ ਵੀਰਾ।
ਸਾਧ ਸੰਗਤ ਦੀ ਧੂੜੀ ਨੂੰ ਹੀ, ਸਮਝਾਂ ਮੈਂ ਮਮੀਰਾ, ਹੂ।

੩. ਮਨ-ਮਾਹੀ ਦੇ ਮੁਖੜੇ ਨੂੰ ਮੈਂ, ਰੱਬ ਰੂਪ ਹੈ ਪਾਇਆ।
ਹਰ ਦਮ ਧਰਤੀ ਉਤੇ ਤਾਹੀਓਂ, ਸੀਸ ਮੈਂ ਆਣ ਝੁਕਾਇਆ, ਹੂ।

੪. ਬਾਦਸ਼ਾਹਾਂ, ਦਰਵੇਸ਼ਾਂ ਪਾਸੋਂ, ਰਾਜ ਭਾਗ ਨੇ ਪਾਏ।
ਤਾਹੀਓਂ ਉਹਦੇ ਦਰ ਦੇ ਮੰਗਤੇ, ਸ਼ਾਹਨ-ਸ਼ਾਹ ਅਖਵਾਏ, ਹੂ।

੫. ਏਸੇ ਕਾਰਨ ਮੈਂ ਵੀ 'ਗੋਇਆ', ਰਾਜ ਭਾਗ ਨ ਚਾਹਵਾਂ।
ਮੈਨੂੰ ਤੇਰੀ ਜ਼ੁਲਫ਼ ਦੀ ਛਾਂ ਹੈ, ਹੁਮਾ-ਪੰਖ-ਪਰਛਾਵਾਂ, ਹੂ।

ਮਾ ਕਿ: ਖ਼ੁਦ, ਹਰ ਬੰਦਾ-ਇ ਹੱਕ ਰਾ, ਖ਼ੁਦਾ ਫ਼ਹਮੀਦਾ-ਏਮ।
ਖ਼ੇਸ਼ਤਨ ਰਾ ਬੰਦਾ-ਇ ਈਂ ਬੰਦਾ-ਹਾ, ਫ਼ਹਮੀਦਾ-ਏਮ ॥੧॥

ਸ਼ਬਦਾਰਥ : ਫ਼ਹਮੀਦਾ-ਏਮ—ਜਾਣਿਆ ਹੈ, ਸਮਝਿਆ ਹੈ। ਖ਼ੇਸ਼ਤਨ—ਆਪਣੇ ਆਪ ਨੂੰ। ਬੰਦਾ—ਸੇਵਕ, ਗ਼ੁਲਾਮ।

ਅਰਥ : ਅਸਾਂ, ਜਿਨ੍ਹਾਂ ਨੇ ਕਿ ਹਰੇਕ ਰੱਬ ਦੇ ਬੰਦੇ ਨੂੰ ਰੱਬ ਕਰਕੇ ਸਮਝਿਆ ਹੈ, ਆਪਣੇ ਆਪ ਨੂੰ ਇਨ੍ਹਾਂ ਬੰਦਿਆਂ ਦਾ ਵੀ ਬੰਦਾ (ਸੇਵਕ) ਕਰ ਕੇ ਜਾਣਿਆ ਹੈ।

ਮਰਦਮਾਨਿ ਚਸ਼ਮਿ ਮਾ ਰਾ, ਇਹਤਿਆਜਿ ਸੁਰਮਾ ਨੇਸ੍ਤ।
ਬਸ ਕਿ: ਖ਼ਾਕਿ ਰਾਹਿ ਮਰਦਮ, ਤੂਤੀਆ ਫ਼ਹਮੀਦਾ-ਏਮ ॥੨॥

ਸ਼ਬਦਾਰਥ : ਮਰਦਮਾਨ—ਅੱਖਾਂ ਦੀਆਂ ਪੁਤਲੀਆਂ। ਇਹਤਿਆਜ—ਲੋੜ ਤੂਤੀਆ—ਮਮੀਰਾ।

ਅਰਥ : ਸਾਡੀਆਂ ਅੱਖਾਂ ਦੀਆਂ ਪੁਤਲੀਆਂ ਨੂੰ ਸੁਰਮੇ ਦੀ ਲੋੜ ਨਹੀਂ ਹੈ, ਕਿਉਂਕਿ ਅਸਾਂ ਪ੍ਰਭੂ ਦੇ ਬੰਦਿਆਂ ਦੇ ਰਾਹ ਦੀ ਧੂੜੀ ਨੂੰ ਮਮੀਰਾ ਕਰਕੇ ਸਮਝਿਆ ਹੈ।

ਹਰ ਨਫ਼ਸ ਸਰ ਬਰ ਜ਼ਮੀਂ, ਦਾਰੇਮ ਅਜ਼ ਬਹਰਿ ਸਜੂਦ।
ਮਾ ਕਿ: ਰੂਏ ਯਾਰਿ ਖ਼ੁਦ, ਨੂਰਿ ਖ਼ੁਦਾ ਫ਼ਹਮੀਦਾ-ਏਮ ॥੩॥

ਸ਼ਬਦਾਰਥ : ਨਫ਼ਸ—ਸਵਾਸ। ਬਰ—ਉਤੇ। ਦਾਰੇਮ—ਅਸੀਂ ਰਖਦੇ ਹਾਂ। ਅਜ਼ ਬਹਰਿ ਸਜੂਦ—ਸਜਦੇ ਲਈ। ਮਾ ਕਿ:—ਅਸਾਂ ਕਿਉਂਕਿ।

ਅਰਥ : ਅਸੀਂ ਸਵਾਸ ਸਵਾਸ (ਹਰ ਸਮੇਂ) ਸਿਰ ਨੂੰ ਸਜਦੇ ਲਈ ਧਰਤੀ ਉਤੇ ਰਖਦੇ ਹਾਂ, (ਕਿਉਂ ਜੁ) ਅਸਾਂ ਨੇ ਆਪਣੇ ਮਿੱਤਰ ਦੇ ਚਿਹਰੇ ਨੂੰ ਰੱਬ ਦਾ ਰੂਪ ਕਰਕੇ ਜਾਣਿਆ ਹੈ।

ਬਾਦਸ਼ਾਹਾਂ ਰਾ, ਫ਼ਕੀਰਾਂ ਬਾਦਸ਼ਾਹੀ ਦਾਦਹ-ਅੰਦ।
ਜ਼ਾਂ ਗਦਾਏ ਕੂਏ ਓ ਰਾ, ਬਾਦਸ਼ਾਹ ਫ਼ਹਮੀਦਾ-ਏਮ ॥੪॥

ਸ਼ਬਦਾਰਥ : ਦਾਦਹ ਅੰਦ—ਦਿੱਤੀਆਂ ਹਨ। ਜ਼ਾਂ (ਅਜ਼+ਆਂ)—ਇਸ ਲਈ।

ਅਰਥ : ਫ਼ਕੀਰਾਂ ਨੇ ਬਾਦਸ਼ਾਹਾਂ ਨੂੰ ਰਾਜ ਬਖ਼ਸ਼ੇ ਹਨ, ਇਸ ਲਈ ਓਹਦੀ ਗਲੀ ਦੇ ਮੰਗਤੇ ਨੂੰ ਅਸਾਂ ਬਾਦਸ਼ਾਹ ਕਰਕੇ ਜਾਣਿਆ ਹੈ।

ਮਾ ਨਮੇ ਖ਼ਾਹੇਮ ਮੁਲਕੋ ਮਾਲ ਰਾ, 'ਗੋਇਆ', ਅਜ਼ਾਂ ॥
ਸਾਇਆ-ਇ ਜ਼ੁਲਫ਼ਿ ਤੁਰਾ, ਬਾਲਿ ਹੁਮਾ ਫ਼ਹਮੀਦਾ-ਏਮ ॥੫॥

ਸ਼ਬਦਾਰਥ : ਨਮੇ ਖ਼ਾਹੇਮ—ਨਹੀਂ ਚਾਹੁੰਦੇ। ਅਜ਼ਾਂ—ਓਹਨਾਂ ਤੋਂ, ਇਸ ਲਈ ਕਿ। ਬਾਲਿ ਹੁਮਾ—ਹੁਮਾ ਪੰਛੀ ਦਾ ਬਾਲ, ਭਾਵ, ਉਸ ਦਾ ਸਾਇਆ।

ਅਰਥ : ਹੇ 'ਗੋਇਆ', ਅਸੀਂ ਉਨ੍ਹਾਂ ਤੋਂ ਰਾਜ ਭਾਗ ਦੀ ਇੱਛਾ ਨਹੀਂ ਰਖਦੇ, ਕਿਉਂ

ਜੁ ਅਸਾਂ ਤੇਰੀ ਜ਼ੁਲਫ਼ ਦੀ ਛਾਂ ਨੂੰ (ਹੀ) ਹੁਮਾ (ਪੰਛੀ) ਦਾ ਪਰ (ਪਰਛਾਵਾਂ) ਸਮਝ ਰਖਿਆ ਹੈ। *ਨੋਟ* ਮਨੌਤ ਹੈ ਕਿ ਹੁਮਾ (ਇੱਕ ਮਿਥਿਹਾਸਕ ਪੰਛੀ) ਜਿਸ ਮਨੁੱਖ ਦੇ ਸਿਰ ਤੋਂ ਲੰਘ ਜਾਵੇ, ਉਹ ਵੱਡੇ ਇਕਬਾਲ ਵਾਲਾ ਹੋ ਜਾਂਦਾ ਹੈ।

ਵਿਆਖਿਆ

ਰੱਬੀ ਇਸ਼ਕ ਦੇ ਮਾਰਗ ਵਿਚ ਆਖ਼ਰ ਇਕ ਮੁਕਾਮ ਅਜਿਹਾ ਵੀ ਆਉਂਦਾ ਹੈ,ਜਦ, ਜਿਧਰ ਨਜ਼ਰ ਮਾਰੋ, ਰੱਬ ਦਾ ਨੂਰ ਹੀ ਨੂਰ ਦਿੱਸ ਆਉਂਦਾ, ਅਤੇ ਆਸ਼ਕ ਤੇ ਮਾਸ਼ੂਕ ਦਾ ਭੇਦ ਮਿੱਟ ਜਾਂਦਾ ਹੈ (ਵੇਖੋ ਗ਼ਜ਼ਲ ੨੧, ਸ਼ੇਅਰ ੩)। ਭਗਤ ਨਾਮਦੇਵ ਬਾਰੇ ਪ੍ਰਸਿੱਧ ਹੈ ਕਿ ਜੇ ਕਿਤੇ ਕੂਕਰ ਉਨ੍ਹਾਂ ਦੀਆਂ ਰੋਟੀਆਂ ਉਠਾ ਲੈ ਭੱਜਾ, ਤਾਂ ਉਹ ਉਸ ਪਿੱਛੇ ਘਿਓ ਦਾ ਕੁੱਜਾ ਲੈ ਕੇ ਦੌੜੇ ਤੇ ਕਿਹਾ, 'ਭਗਵਾਨ, ਰੂਖੇ ਨਾ ਖਾਣਾ'। ਜੇ ਕਬੀਰ ਜੀ ਦੀ ਝੌਂਪੜੀ 'ਅਗਨੀ ਦੇਵਤਾ' ਦੀ ਭੇਟ ਹੋ ਗਈ, ਅਤੇ ਲੋਕਾਂ ਨੇ ਆ ਕੇ ਹਿਰਖ ਕੀਤਾ, ਤਾਂ ਫ਼ੁਰਮਾਇਆ

ਆਪੇ ਪਾਵਕੁ, ਆਪੇ ਪਵਨਾ॥ ਜਾਰੈ ਖਸਮੁ, ਤ ਰਾਖੈ ਕਵਨਾ॥ *(ਗਉੜੀ ਕਬੀਰ, ਪੰਨਾ ੩੨੯)*

ਕੁਦਰਤ ਦੇ ਜ਼ੱਰੇ ਜ਼ੱਰੇ ਵਿੱਚ ਕਾਦਰ ਦਾ ਜਲਵਾ ਵੇਖਣਾ ਤੇ ਰੱਬ ਦੀ ਰਜ਼ਾ ਵਿਚ ਤੁਰਨਾ ਹੀ ਬ੍ਰਹਮ ਗਿਆਨੀ ਹੋਣਾ ਹੈ।

ਭਾਈ ਸਾਹਿਬ ਜੀ ਪੂਰਨ ਬ੍ਰਹਮ ਗਿਆਨੀ ਦੀ ਪਰਮ ਅਵਸਥਾ ਨੂੰ ਖ਼ੂਬ ਜਾਣਦੇ ਤੇ ਮਾਣਦੇ ਸਨ। ਇਸ ਲਈ ਉਹ ਵਾਹਿਗੁਰੂ ਨਾਲ ਇੱਕ-ਸੁਰ ਹੋਏ, ਹਰੇਕ ਬੰਦੇ ਨੂੰ ਵਾਹਿਗੁਰੂ ਰੂਪ ਕਰਕੇ ਵੇਖਦੇ ਹਨ, ਅਤੇ ਆਪਣੇ ਆਪ ਨੂੰ ਅਜਿਹੇ ਬੰਦਿਆਂ ਦਾ ਬੰਦਾ। ਨਾ ਕੇਵਲ ਇਹੀ; ਸਗੋਂ, ਅਜਿਹੇ ਸਤਿ ਪੁਰਖਾਂ ਦੇ ਪਵਿੱਤਰ ਚਰਨਾਂ ਦੀ ਧੂੜ ਅੱਖਾਂ ਲਈ ਸੁਰਮਾ ਤੇ ਮਮੀਰਾ ਕਰਕੇ ਪ੍ਰਵਾਨਦੇ ਹਨ। ਵਾਹਿਗੁਰੂ ਦੀ ਸਿਫ਼ਤ-ਸਾਲਾਹ ਵਿਚ ਲੱਗੇ ਪ੍ਰਭੂ-ਸੇਵਕ, ਪਾਤਸ਼ਾਹਾਂ ਦੇ ਪਾਤਸ਼ਾਹ ਹਨ। ਪ੍ਰਭੂ-ਨਾਮ ਨਾਲ ਸਰਸ਼ਾਰ ਹੋਏ ਅਜਿਹੇ ਫ਼ਕੀਰਾਂ (ਸੇਵਕਾਂ) ਨੇ ਹੀ ਬਾਦਸ਼ਾਹਾਂ ਨੂੰ ਗੱਦੀਆਂ ਬਖ਼ਸ਼ੀਆਂ ਹਨ। ਇਸ ਲਈ ਭਾਈ ਸਾਹਿਬ ਗੁਰਦੇਵ ਦੀ ਗਲੀ ਦੇ ਮੰਗਤਿਆਂ ਨੂੰ ਵੀ ਬਾਦਸ਼ਾਹ ਕਰਕੇ ਸਤਿਕਾਰਦੇ ਹਨ। ਪੰਜਵੇਂ ਗੁਰਦੇਵ ਐਸੇ ਸੇਵਕ ਦੀਆਂ ਬੇ-ਪਰਵਾਹੀਆਂ ਤੇ ਵਡਿਆਈਆਂ ਦਾ ਵਰਣਨ, ਇਉਂ ਕਰਦੇ ਹਨ

ਬਸਤਾ ਤੂਟੀ ਝੁੰਪੜੀ, ਚੀਰ ਸਭਿ ਛਿੰਨਾ॥
ਜਾਤਿ ਨ ਪਤਿ ਨ ਆਦਰੋ, ਉਦਿਆਨ ਭ੍ਰਮਿੰਨਾ॥
ਮਿਤ੍ਰ ਨ ਇਠ, ਧਨ, ਰੂਪ ਹੀਣ, ਕਿਛੁ ਸਾਕੁ ਨ ਸਿੰਨਾ॥
ਰਾਜਾ ਸਗਲੀ ਸ੍ਰਿਸਟਿ ਕਾ, ਹਰਿ ਨਾਮਿ ਮਨੁ ਭਿੰਨਾ॥
ਤਿਸ ਕੀ ਧੂੜਿ ਮਨੁ ਉਧਰੈ, ਪ੍ਰਭੁ ਹੋਇ ਸੁਪ੍ਰਸੰਨਾ॥ *(ਜੈਤਸਰੀ ਮ: ੫, ਪੰਨਾ ੭੦੭)*

ਜਦ ਦੁਨੀਆ ਦੇ ਰਸਾਂ ਕਸਾਂ, ਪਦਾਰਥਾਂ ਤੇ ਹਕੂਮਤਾਂ ਦੀ ਅਨ-ਸਥਿਰਤਾ ਦਾ ਇਹ ਆਲਮ ਹੈ ਤਾਂ ਇਸ ਵਿੱਚ ਕੀ ਅਜਬ ਹੈ ਕਿ ਭਾਈ ਸਾਹਿਬ ਸ਼ਾਹੀ ਜਗੀਰਾਂ ਤੇ ਧਨ-ਦੌਲਤ ਦੀ ਥਾਂ ਆਪਣੇ ਪ੍ਰੀਤਮ ਦਸਮੇਸ਼ ਜੀ ਦੇ ਪਵਿੱਤਰ ਕੇਸਾਂ ਦੀ ਤਾਰ ਦੇ ਪਰਛਾਵੇਂ ਨੂੰ ਹੀ 'ਹੁਮਾ' ਪੰਛੀ ਦੇ ਵਾਲ ਸਮਾਨ ਬਰਕਤ ਵਾਲਾ ਮੰਨਦੇ ਹਨ।

ਗ਼ਜ਼ਲ ਨੰਬਰ ੫੫

ਦਰੂਨਿ ਮਰਦਮਕਿ ਦੀਦਹ, ਦਿਲ-ਰੁਬਾ ਦੀਦਮ।
ਬ-ਹਰ ਤਰਫ਼ ਕਿ ਨਜ਼ਰ ਕਰਦਮ, ਆਸ਼ਨਾ ਦੀਦਮ ॥੧॥

ਬ-ਗਿਰਦਿ ਕਾਬਾ ਓ ਬੁਤਖ਼ਾਨਾ, ਹਰ ਦੋ ਗਰਦੀਦਮ।
ਦਿਗਰ ਨ-ਯਾਫ਼ਤਮ ਆਂ ਜਾ, ਹਮੀਂ ਤੁਰਾ ਦੀਦਮ ॥੨॥

ਬ-ਹਰ ਕੁਜਾ ਕਿ ਨਜ਼ਰ ਕਰਦਮ, ਅਜ਼ ਰਹਿ ਤਹਕੀਕ।
ਵਲੇ, ਬ-ਖ਼ਾਨਾ-ਇ ਦਿਲ, ਖ਼ਾਨਾ-ਇ ਖ਼ੁਦਾ ਦੀਦਮ ॥੩॥

ਗਦਾਈਏ ਦਰਿ ਕੂਏ ਤੋ, ਬਿਹ ਜ਼ਿ ਸੁਲਤਾਨੀ-ਅਸੁ।
ਖ਼ਿਲਾਫ਼ਤਿ ਦੋ ਜਹਾਂ, ਤਰਕਿ ਮੁੱਦਆ ਦੀਦਮ ॥੪॥

ਮਰਾ ਜ਼ਿ ਰੋਜ਼ਿ ਅਜ਼ਲ, ਆਮਦ ਈਂ ਨਿਦਾ 'ਗੋਇਆ'।
ਕਿ: ਇੰਤਹਾਇ ਜਹਾਂ ਰਾ, ਦਰ ਇਬਤਦਾ ਦੀਦਮ ॥੫॥

ਪੰਜਾਬੀ ਕਾਵਿ ਅਨੁਵਾਦ

੧. ਨੈਨਾਂ ਅੰਦਰ ਜਦ ਮੈਂ ਡਿੱਠੀ, ਸੂਰਤ ਉਸ ਦੀ ਪਿਆਰੀ।
ਹਰ ਥਾਂ ਨਜ਼ਰੀਂ ਓਹੀਓ ਆਇਆ, ਜਿੱਥੇ ਝਾਤੀ ਮਾਰੀ, ਹੂ।

੨. ਕਾਬੇ ਮੰਦਰ, ਦੁਹਾਂ ਦੁਆਲੇ, ਜਦ ਮੈਂ ਚੱਕਰ ਲਾਇਆ।
ਮੈਨੂੰ ਉਸ ਬਿਨ ਦੂਜਾ ਓਥੇ, ਨਜ਼ਰੀਂ ਹੋਰ ਨਾ ਆਇਆ, ਹੂ।

੩. ਭਾਲ ਮੈਂ ਉਸ ਦੀ ਸਾਰੇ ਕੀਤੀ, ਨਜ਼ਰ ਚੁਫੇਰੇ ਮਾਰੀ।
ਪਰ ਦਿਲ ਵਿੱਚ ਹੀ ਪਾ ਕੇ ਉਸ ਨੂੰ, ਹੁਈ ਹੈਰਾਨੀ ਭਾਰੀ, ਹੂ।

੪. ਦਰ ਤੇਰੇ ਦੇ ਮੰਗਤੇ ਦਾਤਾ, ਸ਼ਹਿਨਸ਼ਾਹਾਂ ਤੋਂ ਚੰਗੇ।
ਏਸੇ ਕਾਰਨ ਰਾਜ ਦੋ ਆਲਮ, 'ਗੋਇਆ' ਮੂਲ ਨ ਮੰਗੇ, ਹੂ।

੫. ਗੋਇਆ ਤਾਈਂ ਆਦਿ ਕਾਲ ਤੋਂ, ਇਕ ਆਵਾਜ਼ ਸੀ ਆਈ।
ਅੰਤ ਦੁਨੀ ਦਾ, ਮੁੱਢ ਕਾਲ ਤੋਂ, ਜਾਣ ਲਿਆ ਮੈਂ ਭਾਈ, ਹੂ।

ਦਰੂਨਿ ਮਰਦਮਕਿ ਦੀਦਹ, ਦਿਲ-ਰੁਬਾ ਦੀਦਮ।
ਬ-ਹਰ ਤਰਫ਼ ਕਿ: ਨਜ਼ਰ ਕਰਦਮ, ਆਸ਼ਨਾ ਦੀਦਮ ॥੧॥

ਸ਼ਬਦਾਰਥ : ਦਰੂਨ—ਵਿਚ। ਮਰਦਮਕ—ਅੱਖ ਦੀ ਪੁਤਲੀ। ਦੀਦਹ—ਅੱਖ। ਆਸ਼ਨਾ—ਮਿੱਤਰ। ਦੀਦਮ—ਮੈਂ ਵੇਖਿਆ।

ਅਰਥ : ਮੈਂ ਅੱਖ ਦੀ ਪੁਤਲੀ ਵਿੱਚ ਮਿੱਤਰ ਨੂੰ ਵੇਖਿਆ (ਹੈ), ਜਿਸ ਪਾਸੇ ਵੀ ਨਜ਼ਰ ਮਾਰੀ, ਪ੍ਰੀਤਮ ਹੀ ਨਜ਼ਰੀਂ ਪਿਆ।

ਬ-ਗਿਰਦਿ ਕਾਬਾ ਓ ਬੁਤਖ਼ਾਨਾ, ਹਰ ਦੋ ਗਰਦੀਦਮ।
ਦਿਗਰ ਨ-ਯਾਫ਼ਤਮ ਆਂ ਜਾ, ਹਮੀਂ ਤੁਰਾ ਦੀਦਮ ॥੨॥

ਸ਼ਬਦਾਰਥ : ਬ-ਗਿਰਦ—ਆਲੇ ਦੁਆਲੇ। ਗਰਦੀਦਮ—ਮੈਂ ਘੁੰਮਿਆ। ਦਿਗਰ—ਦੂਜਾ। ਨ-ਯਾਫ਼ਤਮ—ਨਹੀਂ ਲਭਿਆ। ਹਮੀਂ—ਹੀ।

ਅਰਥ : ਮੈਂ ਕਾਬੇ ਤੇ ਠਾਕਰਦੁਆਰੇ, ਦੋਹਾਂ ਦੇ ਆਲੇ-ਦੁਆਲੇ ਘੁੰਮਿਆ (ਹਾਂ), ਮੈਨੂੰ ਓਸ ਥਾਂ ਕੋਈ ਦੂਜਾ ਨਹੀਂ ਲੱਭਾ, ਮੈਂ (ਹੇ ਪ੍ਰਭੂ, ਓਥੇ) ਤੈਨੂੰ ਹੀ ਵੇਖਿਆ ਹੈ।

ਬ-ਹਰ ਕੁਜਾ ਕਿ ਨਜ਼ਰ ਕਰਦਮ, ਅਜ਼ ਰਹਿ ਤਹਕੀਕ।
ਵਲੇ, ਬ-ਖ਼ਾਨਾ-ਇ ਦਿਲ, ਖ਼ਾਨਾ-ਇ ਖ਼ੁਦਾ ਦੀਦਮ ॥੩॥

ਸ਼ਬਦਾਰਥ : ਤਹਕੀਕ—ਢੂੰਡ, ਖੋਜ। ਵਲਾ—ਬੇਖ਼ੁਦੀ (ਵਿਸਮਾਦ) ਤੇ ਹੈਰਾਨੀ ਦੀ ਅਵਸਥਾ, ਜੋ ਇਸ਼ਕ ਦੇ ਕਾਰਨ ਪੈਦਾ ਹੁੰਦੀ ਹੈ। ਬ+ਖ਼ਾਨਾ-ਇ ਦਿਲ—ਦਿਲ ਦੇ ਘਰ ਵਿਚ।

ਅਰਥ : (ਵਾਹਿਗੁਰੂ ਦੀ) ਭਾਲ ਵਿਚ ਮੈਂ ਜਿੱਥੇ ਕਿੱਥੇ ਵੀ ਨਜ਼ਰ ਕੀਤੀ (ਮਾਰੀ ਹੈ), ਹੈਰਾਨ ਹਾਂ, ਮੈਂ ਦਿਲ ਦੇ ਘਰ ਵਿਚ ਹੀ ਰੱਬ ਦਾ ਘਰ ਵੇਖਿਆ ਹੈ।

ਗਦਾਈਏ ਦਰਿ ਕੂਏ ਤੋ, ਬਿਹ ਜ਼ਿ ਸੁਲਤਾਨੀ-ਅਸ੍ਰ।
ਖ਼ਿਲਾਫ਼ਤਿ ਦੋ ਜਹਾਂ, ਤਰਕਿ ਮੁੱਦਆ ਦੀਦਮ ॥੪॥

ਸ਼ਬਦਾਰਥ : ਬਿਹ—ਬਿਹਤਰ, ਚੰਗੇਰਾ। ਸੁਲਤਾਨੀ—ਬਾਦਸ਼ਾਹੀ, ਰਾਜ। ਖ਼ਿਲਾਫ਼ਤ—ਖ਼ਲੀਫ਼ਾ ਹੋਣਾ, ਕਿਸੇ ਤੋਂ ਪਿਛੋਂ ਗੱਦੀ ਪੁਰ ਬੈਠਣਾ, ਵਲੀ-ਅਹਿਦ ਹੋਣਾ। ਤਰਕ—ਤਿਆਗਣਾ। ਮੁੱਦਆ—ਕਾਮਨਾ।

ਅਰਥ ਤੇਰੀ ਗਲੀ ਦੇ ਦਰਵਾਜ਼ੇ ਦੀ ਫ਼ਕੀਰੀ, ਬਾਦਸ਼ਾਹੀ ਨਾਲੋਂ ਬਿਹਤਰ ਹੈ। ਮੈਂ ਦੋਹਾਂ ਜਹਾਨਾਂ ਦੀ ਖ਼ਿਲਾਫ਼ਤ (ਰਾਜਗੀਰੀ) ਕਾਮਨਾ (ਇੱਛਾ) ਦੇ ਤਿਆਗ (ਵਿਚ ਹੀ) ਵੇਖੀ (ਹੈ), ਭਾਵ, ਦੋਹਾਂ ਜਹਾਨਾਂ ਦੀ ਬਾਦਸ਼ਾਹੀ ਦੀ ਵੀ ਇੱਛਾ ਨਹੀਂ।

ਮਰਾ ਜ਼ਿ ਰੋਜ਼ਿ ਅਜ਼ਲ, ਆਮਦ ਈਂ ਨਿਦਾ 'ਗੋਇਆ'।
ਕਿ: ਇੰਤਹਾਇ ਜਹਾਂ ਰਾ, ਦਰ ਇਬਤਦਾ ਦੀਦਮ ॥੫॥

ਸ਼ਬਦਾਰਥ : ਰੋਜ਼ਿ ਅਜ਼ਲ—ਆਦਿ, ਅਨਾਦਿ ਕਾਲ। ਨਿਦਾ—ਆਵਾਜ਼। ਇੰਤਹਾ—ਅਖ਼ੀਰ, ਅੰਤ। ਇਬਤਦਾ—ਅਰੰਭ।

ਅਰਥ : ਗੋਇਆ, ਮੈਨੂੰ ਆਦਿ ਕਾਲ ਤੋਂ ਹੀ ਇਹ (ਅਜਿਹੀ) ਆਵਾਜ਼ ਆਈ ਸੀ (ਜਿਸ ਤੋਂ) ਕਿ ਮੈਂ ਦੁਨੀਆ ਦਾ ਅੰਤ ਇਸ ਦੇ ਅਰੰਭ ਵਿਚ ਹੀ ਵੇਖ ਲਿਆ ਸੀ।

ਵਿਆਖਿਆ

ਸਿਆਣਿਆਂ ਦਾ ਕਥਨ ਹੈ—'ਹਰ ਕਿ ਦਾਨਾ ਕੁਨੱਦ, ਕੁਨੱਦ ਨਾਦਾਂ, ਲੇਕ ਬਾਅਦ ਅਜ਼ ਖ਼ਰਾਬੀਏ ਬਿਸਿਆਰ', (ਜੋ ਕੰਮ ਸਿਆਣਾ ਕਰਦਾ ਹੈ, ਮੂਰਖ ਵੀ ਓਹੋ ਹੀ ਕਰਦਾ ਹੈ; ਪਰੰਤੂ ਅਤਿ ਦੀ ਖੱਜਲ-ਖੁਆਰੀ ਉਪਰੰਤ)। ਬਿਬੇਕ ਬੁੱਧ ਵਾਲੇ ਗਿਆਨੀ ਪੁਰਸ਼ ਜਾਣਦੇ ਹਨ ਕਿ ਵਿਕਾਰਾਂ ਦੇ ਮਿੱਠੇ ਰਸਾਂ ਦਾ ਫਲ ਅੰਤ ਨੂੰ ਕਿਤਨਾ ਕੌੜਾ ਹੁੰਦਾ ਹੈ, ਅਤੇ ਇਹ ਮਾਇਆ ਇੱਕ ਛੱਲ ਹੈ। ਪੰਜਵੇਂ ਗੁਰੂ ਜੀ ਦਾ ਵਾਕ ਹੈ

ਮਾਈ ਮਾਇਆ ਛਲੁ ॥
ਤ੍ਰਿਣ ਕੀ ਅਗਨਿ, ਮੇਘ ਕੀ ਛਾਇਆ, ਗੋਬਿਦ ਭਜਨ ਬਿਨੁ ਹੜ ਕਾ ਜਲੁ ॥

(ਟੋਡੀ ਮ: ੫, ਪੰਨਾ ੭੧੭)

ਇਸ ਲਈ ਉਹ ਨਿਸਚੇ ਇਹ ਸੱਚ ਜਾਣਦੇ ਹਨ ਕਿ 'ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ' ਇੱਕ ਹਕ਼ੀਕ਼ਤ ਹੈ। ਉਹ ਮਾਇਆ ਤੇ ਇਸ ਦੇ ਲਾਓ-ਲਸ਼ਕਰ ਦੀ ਅਸਲੀਅਤ ਨੂੰ ਖ਼ੂਬ ਪਹਿਚਾਣਦੇ ਹਨ। ਇਹ ਮਾਇਆ, ਧਨ-ਦੌਲਤ, ਪੁਤ੍ਰ-ਕੁਲਤ੍ਰ, ਮਾਨ ਵਡਿਆਈ, ਰੂਪ ਰੰਗ, ਕਿਸੇ ਭੇਸ ਵਿਚ ਵੀ ਕਿਉਂ ਨਾ ਆਵੇ, ਉਹ ਇਸ 'ਚੋਰਟੀ' ਨੂੰ ਖ਼ੂਬ ਪਹਿਚਾਣਦੇ ਹਨ, ਅਤੇ ਇਸ ਨੂੰ ਉਹ ਧਿਰਕਾਰ ਪਾਉਂਦੇ ਹਨ ਕਿ ਇਹ ਉਨ੍ਹਾਂ ਨੂੰ 'ਆਦੇਸ਼' (ਨਮਸਕਾਰ) ਕਰ ਕੇ ਉਥੋਂ ਤੁਰਦੀ ਬਣਦੀ, ਜਾਂ ਫਿਰ ਦਾਸੀ ਬਣ ਕੇ ਟਹਿਲ ਕਮਾਉਂਦੀ ਹੈ।

ਏਸੇ ਲਈ ਭਾਈ ਸਾਹਿਬ ਫ਼ੁਰਮਾਉਂਦੇ ਹਨ ਕਿ ਅਸੀਂ ਦੁਨੀਆ ਦੀ ਅਸਲੀਅਤ ਪਹਿਲੇ ਦਿਨ ਤੋਂ ਹੀ ਜਾਣਦੇ ਸਾਂ, ਅਤੇ ਉਹ ਇਹ ਕਿ ਸੰਸਾਰ ਅਸਾਰ ਹੈ, ਪਰੰਤੂ ਇਸ ਬਚਿੱਤ੍ਰ ਚਿਤ੍ਰ ਦਾ ਚਿਤੇਰਾ, ਜੋ ਇਸ ਵਿਚ ਬੈਠਾ ਜਗਤ-ਤਮਾਸ਼ਾ ਕਰ ਰਿਹਾ ਹੈ, ਉਹ ਸਤਿ ਹੈ ਤੇ ਉਹ ਸਾਡਾ ਟੀਚਾ ਹੈ, ਮੰਜ਼ਲ ਹੈ, ਜੁਸਤਜੂ ਹੈ।

ਜਦ ਅਸੀਂ ਉਸ ਦਾਤਾਰ ਤੇ ਸਮਸਤ ਸੰਸਾਰ ਦੀ ਗਤੀ ਨੂੰ ਚਲਾਉਣ ਵਾਲੇ ਸੂਤਰ-ਧਾਰੀ ਦੇ ਤਾਲਬ ਹੋ ਗਏ, ਆਸ਼ਾ ਤ੍ਰਿਸ਼ਨਾ ਦੀਆਂ ਜ਼ੰਜੀਰਾਂ ਤੋੜ ਸੁੱਟੀਆਂ, ਤਾਂ ਇੱਕ ਨਹੀਂ, ਦੋਹਾਂ ਜਹਾਨਾਂ ਦਾ ਰਾਜ, ਤਖ਼ਤ ਤੇ ਤਾਜ ਸਾਡੇ ਚਰਨਾਂ ਵਿੱਚ ਰੁਲਣ ਲੱਗਾ। ਅਸਾਂ ਆਪਣੇ ਦਿਲ ਦੀ ਕੁੱਟੀਆ ਵਿੱਚ ਹੀ ਪਰਮੇਸ਼ਰ ਦਾ ਘਰ ਵੇਖਿਆ। ਫੇਰ, ਕਾਬਾ ਤੇ ਬੁਤਖ਼ਾਨਾ ਦਾ ਭੇਦ ਕਾਹਦਾ ? ਹਰ ਥਾਂ ਮੁਹੱਬਤ ਦਾ ਜਾਮ ਤੇ ਕਾਦਰ ਦਾ ਨੂਰ ਦਿਸ ਆਇਆ। ਜਿਥੇ

ਸੁੰਨਤਿ ਮੁਸਲਮਾਣ ਦੀ, ਤਿਲਕ ਜੰਞੂ ਹਿੰਦੂ ਲੋਭਾਣੇ ॥
ਰਾਮ ਰਹੀਮ ਕਹਾਇਦੇ, ਇਕੁ ਨਾਮੁ ਦੋਇ ਰਾਹ ਭੁਲਾਣੇ ॥
ਬੇਦ ਕਤੇਬ ਭੁਲਾਇ ਕੈ, ਮੋਹੇ ਲਾਲਚ ਦੁਨੀ ਸੈਤਾਣੇ ॥
ਸਚੁ ਕਿਨਾਰੇ ਰਹਿ ਗਇਆ, ਖਹਿ ਮਰਦੇ ਬਾਹਮਣ ਮਉਲਾਣੇ ॥......

(ਭਾਈ ਗੁਰਦਾਸ ੧.੨੧)

ਵਾਲੀ ਦੁਖਦਾਈ ਸਥਿਤੀ ਨੇ ਜੀਵਨ ਦੁੱਭਰ ਬਣਾ ਰੱਖਿਆ ਸੀ, ਉਥੇ ਸਤਿਗੁਰੂ ਦੇ ਆਗਮਨ ਤੇ ਪ੍ਰਕਾਸ਼ ਨਾਲ ਵਖਰੇਵੇਂ ਪਾਉਣ ਵਾਲੀ ਮਾਇਆ ਦੀ ਅਸਲੀਅਤ ਸਾਡੇ ਉਤੇ ਪਰਗਟ ਹੋ ਗਈ। ਸਾਨੂੰ ਮੰਦਰ ਤੇ ਮਸਜਿਦ ਵਿਚ ਇੱਕੋ ਦਾ ਹੀ ਨੂਰ ਤੇ ਜ਼ਹੂਰ ਦਿੱਸ ਆਇਆ। ਬੱਸ, ਹੁਣ ਧਾਵਨਾ ਖ਼ਤਮ ਹੋਈ ਤੇ ਮਨ ਬਿਸਰਾਮ ਕਰ ਕੇ ਆਪਣੇ ਨਿੱਜ ਸਰੂਪ ਵਿਚ ਟਿੱਕ ਗਿਆ। ਬਾਣੀ ਹੈ

ਮਾਈ, ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ, ਕਰਿ ਬੈਠੋ ਬਿਸਰਾਮੁ ॥

(ਬਸੰਤੁ ਹਿੰਡੋਲ, ਮ: ੯, ਪੰਨਾ ੧੧੮੬

ਤੇ ਇਹੀ ਹੈ ਮਨੁੱਖ ਦੀ ਮੰਜ਼ਲ।

.ਗ਼ਜ਼ਲ ਨੰਬਰ ੫੬

ਅਜ਼ ਦੋਸਤ, ਗ਼ੈਰਿ ਦੋਸਤ, ਤਮੱਨਾ ਨਮੇ ਕੁਨੇਮ।
ਮਾ ਬਹਰਿ ਦਰਦਿ ਖ਼ੇਸ਼, ਮਦਾਵਾ ਨਮੇ ਕੁਨੇਮ॥੧॥

ਬੀਮਾਰਿ ਨਰਗਸੇਮ, ਕਿ ਨਰਗਸ ਗ਼ੁਲਾਮਿ ਊਸ੍ਤ।
ਮਾ ਆਰਜ਼ੂਏ ਖ਼ਿਜ਼ਰੋ ਮਸੀਹਾ, ਨਮੇ ਕੁਨੇਮ॥੨॥

ਹਰ ਜਾ ਕਿਃ ਦੀਦਾ-ਏਮ, ਜਮਾਲਿ ਤੋ ਦੀਦਾ-ਏਮ।
ਮਾ ਜੁਜ਼ ਜਮਾਲਿ ਦੋਸਤ, ਤਮਾਸ਼ਾ ਨਮੇ ਕੁਨੇਮ॥੩॥

ਮਾ ਯਾਰਿ ਹਮਦਮੇਮ, ਨ ਬੀਨੇਮ ਗ਼ੈਰਿ ਊ।
ਮਾ ਚਸ਼ਮਿ ਖ਼ੁਦ, ਬਰੂਏ ਕਸੇ ਵਾ ਨਮੇ ਕੁਨੇਮ॥੪॥

ਪਰਵਾਨਾ ਵਾਰ, ਗਿਰਦ ਰੁਖ਼ੇ ਸ਼ਮਾਅ ਜਾਂ ਦਿਹੇਮ।
ਚੂੰ ਇੰਦਲੀਬ ਬੇਹੂਦਾਂ, ਗ਼ੌਗ਼ਾ ਨਮੇ ਕੁਨੇਮ॥੫॥

'ਗੋਇਆ' ਖ਼ਮੋਸ਼ ਬਾਸ਼ ਕਿ ਸੌਦਾਏ ਇਸ਼ਕਿ ਯਾਰ।
ਤਾ ਈਂ ਸਰ ਅਸ੍ਤ,ਅਜ਼ ਸਰਿ ਖ਼ੁਦ,ਵਾ ਨਮੇ ਕੁਨੇਮ॥੬॥

ਪੰਜਾਬੀ ਕਾਵਿ ਅਨੁਵਾਦ

੧. ਮਿੱਤਰ ਗੁਰੂ ਤੋਂ ਮੈਂ ਹਾਂ ਮੰਗਦਾ, ਮਿੱਤਰ ਪ੍ਰਭੂ ਪਿਆਰਾ।
ਲੋੜਾਂ ਨਾਹੀਂ ਦੂਜਾ ਦਾਰੂ, ਨ ਹੀ ਦੂਜਾ ਚਾਰਾ, ਹੂ।

੨. ਖ਼ਿਜ਼ਰ ਮਸੀਹਾ ਪਾਵਨ ਖ਼ਾਤਰ, ਮੈਂ ਨਹੀਂ ਤਰਲੇ ਕਰਦਾ।
ਮੈਂ ਪੁਜਾਰੀ ਓਸ ਗੁਰੂ ਦਾ, ਨਰਗਸ ਜਿਸ ਦੀ ਬਰਦਾ, ਹੂ।

੩. ਜਿੱਧਰ ਵੇਖਾਂ ਓਧਰ ਦਿੱਸੇ, ਜਲਵਾ ਤੇਰਾ ਨਿਆਰਾ।
ਇਸ ਦੇ ਬਾਝੋਂ ਕੋਈ ਨਾ ਲੱਗੇ, ਮੈਨੂੰ ਖੇਲ ਪਿਆਰਾ, ਹੂ।

੪. ਬਲੀ-ਗੁਰੂ ਦਾ ਮੈਂ ਹਾਂ ਬੇਲੀ, ਉਸ ਬਿਨ ਹੋਰ ਨ ਤੱਕਾਂ।
ਉਸ ਦੇ ਬਾਝੋਂ ਇਹ ਦੋ ਦੀਦੇ, ਛਿਨ ਭਰ ਖੋਲ੍ਹ ਨ ਸੱਕਾਂ, ਹੂ।

੫. ਵਾਂਗ ਪਤੰਗੇ ਸਤਿਗੁਰ ਉੱਤੋਂ, ਜਿੰਦੜੀ ਘੋਲ ਘੁਮਾਵਾਂ।
ਬੁਲਬੁਲ ਵਾਂਗੂ ਰੌਲਾ ਵਾਧੂ, ਮੂਲੋਂ ਨਾਹੀਂ ਪਾਵਾਂ, ਹੂ।

੬. ਬਹਿ ਜਾਹ ਚੁੱਪ ਚੁਪੀਤਾ 'ਗੋਇਆ', ਨ ਬਣ ਐਵੇਂ ਝੱਲਾ।
ਜੀਊਂਦੇ-ਜੀ ਛੁਡਾਣਾ ਮੁਸ਼ਕਿਲ, ਇਸ਼ਕੇ ਹੱਥੋਂ ਪੱਲਾ, ਹੂ।

ਅਜ਼ ਦੋਸਤ, ਗ਼ੈਰਿ ਦੋਸਤ, ਤਮੱਨਾ ਨਮੇ ਕੁਨੇਮ।
ਮਾ ਬਹਰਿ ਦਰਦਿ ਖ਼ੇਸ਼, ਮਦਾਵਾ ਨਮੇ ਕੁਨੇਮ ॥੧॥

ਸ਼ਬਦਾਰਥ : ਗ਼ੈਰ—ਬਿਨਾਂ। ਤਮੱਨਾ ਇੱਛਾ। ਨਮੇ ਕੁਨੇਮ ਅਸੀਂ ਨਹੀਂ ਕਰਦੇ। ਬਹਰਿ ਦਰਦਿ ਖ਼ੇਸ਼—ਆਪਣੇ ਦਰਦ ਵਾਸਤੇ। ਮਦਾਵਾ—ਇਲਾਜ, ਦਾਰੂ।

ਅਰਥ : ਅਸੀਂ (ਸਤਿਗੁਰੂ) ਮਿੱਤਰ ਪਾਸੋਂ (ਵਾਹਿਗੁਰੂ) ਮਿੱਤਰ ਤੋਂ ਬਿਨਾਂ ਹੋਰ ਇੱਛਾ ਨਹੀਂ ਕਰਦੇ (ਹੋਰ ਕੁਝ ਨਹੀਂ ਮੰਗਦੇ)। ਅਸੀਂ ਆਪਣੀ ਪੀੜਾ ਲਈ (ਹੋਰ) ਦਵਾ ਨਹੀਂ ਕਰਦੇ।

ਬੀਮਾਰਿ ਨਰਗਸੇਮ, ਕਿ ਨਰਗਸ ਗ਼ੁਲਾਮਿ ਉਸ੍ਤ।
ਮਾ ਆਰਜ਼ੂਏ ਖ਼ਿਜ਼ਰੋ ਮਸੀਹਾ, ਨਮੇ ਕੁਨੇਮ ॥੨॥

ਸ਼ਬਦਾਰਥ : ਆਰਜ਼ੂ—ਇੱਛਾ। ਖ਼ਿਜ਼ਰ ਮਸੀਹ—ਖ਼ਿਜ਼ਰ ਤੇ ਮਸੀਹ ਕਤੇਬੀ ਮਤਾਂ ਅਨੁਸਾਰ ਦੁਖ ਦੂਰ ਕਰਨ ਵਾਲੇ ਮੰਨੇ ਗਏ ਹਨ।

ਅਰਥ : ਅਸੀਂ (ਉਸ) ਨਰਗਸ (ਪ੍ਰੀਤਮ ਸਤਿਗੁਰੂ) ਦੇ ਬੀਮਾਰ ਹਾਂ ਕਿ ਨਰਗਸ (ਫੁੱਲ) ਵੀ ਉਸ ਦਾ (ਜਿਸ ਦਾ) ਦਾਸ ਹੈ। ਅਸੀਂ (ਆਪਣੇ ਪ੍ਰੀਤਮ ਸਤਿਗੁਰੂ ਤੋਂ ਬਿਨਾਂ ਹੋਰ ਕਿਸੇ) ਖ਼ਿਜ਼ਰ ਤੇ ਮਸੀਹ ਦੀ ਖ਼ਾਹਸ਼ ਨਹੀਂ ਕਰਦੇ।

ਹਰ ਜਾ ਕਿ: ਦੀਦਾ-ਏਮ, ਜਮਾਲਿ ਤੋ ਦੀਦਾ-ਏਮ।
ਮਾ ਜੁਜ਼ ਜਮਾਲਿ ਦੋਸਤ, ਤਮਾਸ਼ਾ ਨਮੇ ਕੁਨੇਮ ॥੩॥

ਸ਼ਬਦਾਰਥ : ਜਮਾਲਿ ਤੋ—ਤੇਰਾ ਜਲਵਾ। ਜੁਜ਼—ਸਿਵਾ, ਬਿਨਾਂ।

ਅਰਥ : ਅਸਾਂ ਜਿਸ ਥਾਂ (ਵੀ) ਵੇਖਿਆ ਹੈ, ਤੇਰਾ ਹੀ ਜਲਵਾ ਤੱਕਿਆ ਹੈ। ਅਸੀਂ (ਪਿਆਰੇ) ਮਿੱਤਰ ਦੇ ਜਲਵੇ ਤੋਂ ਸਿਵਾ ਤਮਾਸ਼ਾ ਨਹੀਂ ਕਰਦੇ (ਵੇਖਦੇ)।

ਮਾ ਯਾਰਿ ਹਮਦਮੇਮ, ਨ ਬੀਨੇਮ ਗ਼ੈਰਿ ਊ।
ਮਾ ਚਸ਼ਮਿ ਖ਼ੁਦ, ਬਰੂਏ ਕਸੇ ਵਾ ਨਮੇ ਕੁਨੇਮ ॥੪॥

ਸ਼ਬਦਾਰਥ : ਹਮਦਮ—ਜੋ ਹਰ ਸਮੇਂ ਨਾਲ ਰਹੇ, ਸਾਥੀ। ਨ+ਬੀਨੇ+ਮ—ਅਸੀਂ ਨਹੀਂ ਵੇਖਦੇ ਹਾਂ। ਬਰੂਏ—ਸਾਹਮਣੇ। ਕਸੇ—ਕਿਸੇ ਦੇ। ਵਾ ਨਮੇ ਕੁਨੇਮ—ਅਸੀਂ ਨਹੀਂ ਖੋਲ੍ਹਦੇ।

ਅਰਥ : ਅਸੀਂ ਮਿੱਤਰ (ਸਤਿਗੁਰੂ) ਦੇ ਮਿੱਤਰ ਹਾਂ (ਤੇ ਅਸੀਂ) ਉਸ (ਮਿੱਤਰ) ਤੋਂ ਬਿਨਾਂ ਹੋਰ ਕਿਸੇ ਦੂਜੇ ਵਲ ਨਹੀਂ ਤਕਦੇ। ਅਸੀਂ ਆਪਣੀ ਅੱਖ ਕਿਸੇ (ਦੂਜੇ) ਦੇ ਸਾਹਮਣੇ ਨਹੀਂ ਖੋਲ੍ਹਦੇ।

ਪਰਵਾਨਾ ਵਾਰ, ਗਿਰਦ ਰੁਖ਼ੇ ਸ਼ਮਾਅ ਜਾਂ ਦਿਹੇਮ।
ਚੂੰ ਇੰਦਲੀਬ ਬੇਹੂਦਾ, ਗ਼ੌਗ਼ਾ ਨਮੇ ਕੁਨੇਮ ॥੫॥

ਸ਼ਬਦਾਰਥ : ਪਰਵਾਨਾ ਵਾਰ—ਪਤੰਗੇ ਵਾਂਗ। ਇੰਦਲੀਬ—ਬੁਲਬੁਲ। ਗ਼ੌਗ਼ਾ—ਸ਼ੋਰ, ਰੌਲਾ। ਦਿਹੇਮ—ਅਸੀਂ ਦਿੰਦੇ ਹਾਂ। ਚੂੰ—ਵਾਂਗ।

ਅਰਥ : ਅਸੀਂ ਪਤੰਗੇ ਵਾਂਗ ਸ਼ਮਾਅ (ਸਤਿਗੁਰੂ) ਦੇ ਚਿਹਰੇ ਤੋਂ ਜਾਨ ਦਿੰਦੇ ਹਾਂ। ਅਸੀਂ ਬੁਲਬੁਲ ਦੀ ਤਰ੍ਹਾਂ ਬੇ-ਅਰਥ ਰੌਲਾ ਨਹੀਂ ਪਾਉਂਦੇ।

'ਗੋਇਆ' ਖ਼ਮੋਸ਼ ਬਾਸ਼ ਕਿ ਸੌਦਾਏ ਇਸ਼ਕਿ ਯਾਰ।
ਤਾ ਈਂ ਸਰ ਅਸ੍ਰ, ਅਜ਼ ਸਰਿ ਖ਼ੁਦ, ਵਾ ਨਮੇ ਕੁਨੇਮ ॥੬॥

ਸ਼ਬਦਾਰਥ : ਬਾਸ਼—ਹੋ। ਕਿ—ਕਿਉਂ ਜੁ। ਸੌਦਾ—ਜਨੂੰਨ, ਸ਼ੁਦਾ। ਤਾ—ਜਦ ਤਕ। ਈਂ ਸਰ ਅਸ੍ਰ—ਇਹ ਸਿਰ ਹੈ। ਅਜ਼ ਸਰਿ ਖ਼ੁਦ—ਆਪਣੇ ਸਿਰ ਤੋਂ (ਵਿਚੋਂ)। ਵਾ—ਖੋਲ੍ਹਣਾ (ਬਾਹਰ ਕੱਢਣਾ)।

ਅਰਥ : ਐ ਗੋਇਆ, ਚੁਪ ਹੋ, ਕਿਉਂ ਜੁ ਪਿਆਰ ਦੇ ਜਨੂੰਨ ਨੂੰ, ਜਦ ਤਕ ਇਹ ਸਿਰ ਹੈ (ਜੀਉਂਦੇ ਜੀ), ਆਪਣੇ ਸਿਰ ਵਿਚੋਂ ਬਾਹਰ ਨਹੀਂ ਕਰ ਸਕਦੇ।

ਵਿਆਖਿਆ

ਸਿੱਖੀ, ਇਕ ਕਰਣੀ-ਪ੍ਰਧਾਨ ਮਤ ਹੈ, ਏਥੇ ਸਾਰਾ ਜ਼ੋਰ ਅਮਲ ਉੱਤੇ ਦਿੱਤਾ ਗਿਆ ਹੈ। ਆਦਿ ਗੁਰਦੇਵ ਬਾਰ ਬਾਰ ਚੇਤਾਵਨੀ ਕਰਾਂਦੇ ਹਨ

ਸਭਨਾ ਕਾ ਦਰਿ ਲੇਖਾ ਹੋਇ ॥
ਕਰਣੀ ਬਾਝਹੁ ਤਰੈ ਨ ਕੋਇ ॥ *(ਮ: ੧, ਪੰਨਾ ੯੫੨)*

ਅਤੇ **ਜਹ ਕਰਣੀ, ਤਹ ਪੂਰੀ ਮਤਿ ॥**
ਕਰਣੀ ਬਾਝਹੁ, ਘਟੇ ਘਟਿ ॥ *(ਸਿਰੀ ਰਾਗੁ ਮ: ੧, ਪੰਨਾ ੨੫)*

ਤਥਾ **ਅਮਲੁ ਕਰਿ ਧਰਤੀ, ਬੀਜੁ ਸਬਦੋ ਕਰਿ,**
ਸਚ ਕੀ ਆਬ ਨਿਤ ਦੇਹਿ ਪਾਣੀ ॥ *(ਸਿਰੀ ਰਾਗੁ ਮ: ੧, ਪੰਨਾ ੨੩)*

ਗੁਰਮਤਿ ਦੇ ਅਜਿਹੇ ਸਿੱਧੇ ਸਾਦੇ, ਸਰਲ ਤੇ ਸਦੀਵੀ ਸਿਧਾਂਤਾਂ ਦੇ ਜਾਣੂ ਤੇ ਧਾਰਨੀ ਭਾਈ ਸਾਹਿਬ, ਡੰਕੇ ਦੀ ਚੋਟ ਨਾਲ ਐਲਾਨ ਕਰਦੇ ਹਨ ਕਿ ਸਾਨੂੰ ਬੁਲਬੁਲ ਵਾਂਗ ਕੇਵਲ ਗਿਲਾ-ਗੁਜ਼ਾਰੀ ਕਰਨ ਦੀ ਵਾਦੀ ਨਹੀਂ, ਅਸੀਂ ਤਾਂ ਕਰਨੀ ਦੇ ਸੂਰੇ ਪਰਵਾਨੇ ਵਾਂਗ ਗੁਰੂ ਜੀ ਤੋਂ ਕੁਰਬਾਨ ਹੋਣਾ ਜਾਣਦੇ ਹਾਂ। ਅਸੀਂ ਕੇਵਲ ਇੱਕ ਤੇ ਇੱਕ ਦੇ ਹੀ ਉਪਾਸ਼ਕ ਤੇ ਦਿਲਦਾਦੇ ਹਾਂ, ਤੇ ਕਿਸੇ ਖ਼ਿਜ਼ਰ ਤੇ ਮਸੀਹ ਨੂੰ ਨਹੀਂ ਪਛਾਣਦੇ

ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥ *(ਰਾਮਕਲੀ ਕਬੀਰ, ਪੰਨਾ ੯੬੯)*

ਮੁੱਕਦੀ ਗੱਲ ਇਹ ਹੈ ਕਿ ਅਸੀਂ ਕੇਵਲ ਇੱਕ ਤੇ ਇੱਕ ਵਾਹਿਗੁਰੂ ਜੀ ਦੇ ਪੁਜਾਰੀ ਹਾਂ, ਅਤੇ 'ਮਿੱਤਰ ਪਿਆਰੇ' (ਸ੍ਰੀ ਦਸਮੇਸ਼ ਜੀ) ਦੇ ਇਸ਼ਕ ਦਾ ਫ਼ਤੂਰ, ਜਿੰਨਾ ਚਿਰ ਸਾਡੀ ਜਿੰਦ-ਜਾਨ ਹੈ, ਸਾਡੇ ਸਿਰ ਵਿਚੋਂ ਨਹੀਂ ਜਾ ਸਕਦਾ। ਜਾਵੇ ਵੀ ਕਿਵੇਂ, ਜਦ ਕਿ ਜਿਧਰ ਵੀ ਨਜ਼ਰ ਮਾਰਦੇ ਹਾਂ, ਓਸੇ ਦਾ ਹੀ ਜਮਾਲ ਨਜ਼ਰੀਂ ਪੈਂਦਾ ਹੈ, ਸਾਡੇ ਨੈਣ ਕਿਸੇ ਗ਼ੈਰ ਵੱਲ ਨਹੀਂ ਖੁਲ੍ਹਦੇ, ਨਹੀਂ ਝਾਕਦੇ

ਮਾਂਗਉ ਰਾਮ ਤੇ ਸਭਿ ਥੋਕ ।
ਮਾਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ ॥ *(ਧਨਾਸਰੀ ਮ: ੫, ਪੰਨਾ ੬੮੨)*

ਗ਼ਜ਼ਲ ਨੰਬਰ ੫੭

ਮਾ ਬ-ਯਾਦਿ ਹੱਕ, ਹਮੇਸ਼ਾ ਜ਼ਿੰਦਾ-ਏਮ।
ਦਾਇਮ, ਅਜ਼ ਅਹਸਾਨਿ ਊ, ਸ਼ਰਮਿੰਦਾ-ਏਮ ॥੧॥
ਖ਼ੁਦ-ਨੁਮਾ ਰਾ ਬੰਦਗੀ ਮਨਜ਼ੂਰ ਨੇਸ੍ਤ।
ਓ ਹਮੇਸ਼ਾ ਸਾਹਿਬੋ, ਮਾ ਬੰਦਾ-ਏਮ ॥੨॥
ਦਰ ਵਜੂਦਿ ਖ਼ਾਕੀਆ, ਪਾਕੀ ਅਜ਼ ਓਸ੍ਤ।
ਮਾ ਖ਼ੁਦਾਏ ਪਾਕ ਰਾ, ਬੀਨੰਦਾ-ਏਮ ॥੩॥
ਮਾ ਬ-ਪਾਏ ਸ਼ਾਹ, ਸਰ ਅਫ਼ਗੰਦਾ-ਏਮ।
ਅਜ਼ ਦੋ ਆਲਮ ਦਸ੍ਤ ਰਾ, ਅਫ਼ਸ਼ਾਂਦਾ-ਏਮ ॥੪॥
ਨੇਸ੍ਤ ਦਰ ਹਰ ਚਸ਼ਮ, ਗ਼ੈਰ ਅਜ਼ ਨੂਰਿ ਊ।
ਸੁਹਬਤਿ ਮਰਦਾਨਿ ਹੱਕ, ਜੋਇੰਦਾ-ਏਮ ॥੫॥
ਮਾ ਚੁ ਜ਼ੱਰਾ ਖ਼ਾਕਿ ਪਾਏ ਓ ਸ਼ੁਦੇਮ।
ਤਾ ਬ-ਦਾਮਨ ਦਸਤਿ ਖ਼ੁਦ, ਅਫ਼ਗੰਦਾ-ਏਮ ॥੬॥
ਕੀਸ੍ਤ 'ਗੋਇਆ' ਜ਼ਾਕਰਿ ਨਾਮਿ ਖ਼ੁਦਾ।
ਹਮ ਚੂ ਖ਼ੁਰਸ਼ੀਦਿ ਜਹਾਂ, ਰਖ਼ਸ਼ੰਦਾ-ਏਮ ॥੭॥

ਪੰਜਾਬੀ ਕਾਵਿ ਅਨੁਵਾਦ

੧. ਓਸ ਪ੍ਰਭੂ ਦੇ ਸਿਮਰਨ ਸਦਕਾ, ਸਦ-ਜੀਵਨ, ਮੈਂ ਪਾਵਾਂ।
ਵੇਖ ਵੇਖ ਉਪਕਾਰ ਓਸ ਦੇ, ਸ਼ਰਮਸਾਰ ਹੋ ਜਾਵਾਂ, ਹੂ।
੨. ਸਿਮਰਨ ਉਸ ਨੂੰ ਭਾਵੇ ਨਾਹੀ, ਹੋਵੇ ਜੋ ਹੰਕਾਰੀ।
ਅਸੀਂ ਹਮੇਸ਼ਾ ਸੇਵਕ ਉਸ ਦੇ, ਉਹ ਦਾਤਾ ਉਪਕਾਰੀ, ਹੂ।
੩. ਪਾਵਨ ਗੁਰ ਸੰਗ ਪਾਵਨ ਹੋਇਆ, ਤਨ ਇਹ ਸਾਡਾ ਖ਼ਾਕੀ।
ਕਿਉਂ ਜੁ ਉਸ ਵਿੱਚ ਪਾਕ ਪ੍ਰਭੂ ਦੀ, ਦੇਖੀ ਸੁੰਦਰ ਝਾਕੀ, ਹੂ।
੪. ਸਤਿਗੁਰ ਸ਼ਾਹ ਦੇ ਚਰਨਾਂ ਉੱਤੇ, ਸੀਸ ਜਦੋਂ ਦਾ ਸੱਟਿਆ।
ਲੋਕ ਅਤੇ ਪ੍ਰਲੋਕ ਦਾ ਰਿਸ਼ਤਾ, ਅਸਾਂ ਹੈ ਮੂਲੋਂ ਕੱਟਿਆ, ਹੂ।
੫. ਨੂਰ ਓਸ ਦਾ ਸਭ ਦੇ ਨੈਨੀਂ, ਭਾਵੇਂ ਲਿਸ਼ਕਾਂ ਮਾਰੇ।
ਸੰਗ ਉਹਨਾਂ ਦਾ ਲੱਭੇ ਗੋਇਆ, ਜੋ ਹਨ ਰੱਬ-ਪਿਆਰੇ, ਹੂ।
੬. ਉਸ ਦੀ ਪਾਵਨ ਚਰਨ-ਧੂੜ ਦਾ, ਕਿਣਕਾ ਅਸੀਂ ਹਾਂ ਹੋਏ।
ਪੱਲਾ ਉਸ ਦਾ ਪਕੜਨ ਖ਼ਾਤਰ, ਹੱਥ ਵਧਾਏ ਦੋਏ, ਹੂ।
੭. ਸਿਮਰਨ ਉਸ ਦਾ ਜੋ ਨਰ ਕਰਦਾ, ਜੋ ਓਹਦਾ ਮਤਵਾਲਾ।
ਸੂਰਜ ਵਾਂਙੂ ਜੱਗ ਤੇ 'ਗੋਇਆ', ਕਰਦਾ ਨਿੱਤ ਉਜਾਲਾ, ਹੂ।

ਮਾ ਬ-ਯਾਦਿ ਹੱਕ, ਹਮੇਸ਼ਾ ਜ਼ਿੰਦਾ-ਏਮ।
ਦਾਇਮ, ਅਜ਼ ਅਹਸਾਨਿ ਊ, ਸ਼ਰਮਿੰਦਾ-ਏਮ ॥੧॥

ਸ਼ਬਦਾਰਥ : ਬ-ਯਾਦਿ—ਯਾਦ ਵਿਚ। ਦਾਇਮ—ਹਮੇਸ਼ਾ।

ਅਰਥ : ਅਸੀਂ ਵਾਹਿਗੁਰੂ ਦੀ ਯਾਦ ਵਿਚ (ਸਿਮਰਨ ਦੇ ਸਦਕੇ) ਹਮੇਸ਼ਾ ਜੀਊਂਦੇ ਹਾਂ। ਅਸੀਂ ਉਸ ਦੇ ਉਪਕਾਰਾਂ ਕਰਕੇ ਸਦਾ ਸ਼ਰਮਿੰਦੇ ਹਾਂ।

ਖ਼ੁਦ-ਨੁਮਾ ਰਾ ਬੰਦਗੀ ਮਨਜ਼ੂਰ ਨੇਸ੍ਰ।
ਓ ਹਮੇਸ਼ਾ ਸਾਹਿਬੋ, ਮਾ ਬੰਦਾ-ਏਮ ॥੨॥

ਸ਼ਬਦਾਰਥ : ਖ਼ੁਦ-ਨੁਮਾ—ਆਪਣੇ ਆਪ ਦਾ ਵਿਖਾਵਾ ਕਰਨ ਵਾਲਾ, ਹੰਕਾਰੀ। ਸਾਹਿਬ—ਮਾਲਿਕ। ਬੰਦਾ—ਦਾਸ। ਓ—ਅਤੇ।

ਅਰਥ : ਅਭਿਮਾਨੀ (ਆਦਮੀ) ਨੂੰ ਬੰਦਗੀ ਨਹੀਂ ਭਾਉਂਦੀ। ਓਹ (ਵਾਹਿਗੁਰੂ) ਸਦਾ (ਸਾਡਾ) ਸਵਾਮੀ ਹੈ ਅਤੇ ਅਸੀਂ ਉਸ ਦੇ ਦਾਸ ਹਾਂ।

ਦਰ ਵਜੂਦਿ ਖ਼ਾਕੀਆ, ਪਾਕੀ ਅਜ਼ ਓਸ੍ਰ।
ਮਾ ਖ਼ੁਦਾਏ ਪਾਕ ਰਾ, ਬੀਨੰਦਾ-ਏਮ ॥੩॥

ਸ਼ਬਦਾਰਥ : ਵਜੂਦ—ਸਰੀਰ। ਖ਼ਾਕੀਆ—ਮਿੱਟੀ ਦਾ ਪੰਜ ਭੂਤਕ। ਪਾਕੀ—ਪਾਕੀਜ਼ਗੀ, ਪਵਿੱਤਰਤਾ। ਅਜ਼+ਓ+ਅਸਤ—ਉਸ ਤੋਂ ਹੈ। ਬੀਨੰਦਾ-ਏਮ—ਅਸੀਂ ਵੇਖਦੇ ਹਾਂ।

ਅਰਥ : (ਇਸ) ਖ਼ਾਕੀ (ਮਿੱਟੀ ਦੇ) ਸਰੀਰ ਵਿਚ (ਜੇ) ਪਵਿੱਤਰਤਾ (ਹੈ ਤਾਂ) ਓਸੇ ਵਾਹਿਗੁਰੂ ਤੋਂ ਹੈ। ਅਸਾਂ (ਉਸ) ਪਵਿੱਤਰ ਵਾਹਿਗੁਰੂ ਨੂੰ ਵੇਖਿਆ ਹੈ।

ਮਾ ਬ-ਪਾਏ ਸ਼ਾਹ, ਸਰ ਅਫ਼ਗੰਦਾ-ਏਮ।
ਅਜ਼ ਦੋ ਆਲਮ ਦਸ੍ਰ ਰਾ, ਅਫ਼ਸ਼ਾਂਦਾ-ਏਮ ॥੪॥

ਸ਼ਬਦਾਰਥ : ਬ-ਪਾਇ—ਪੈਰਾਂ ਉਤੇ। ਅਫ਼ਗੰਦਾ-ਏਮ—ਅਸਾਂ ਸੁੱਟ ਦਿੱਤਾ ਹੈ। ਦਸ੍ਰ—ਹੱਥ। ਰਾ—ਨੂੰ। ਮਾ—ਅਸਾਂ। ਅਫ਼ਸ਼ਾਂਦਾ-ਏਮ—ਅਸਾਂ ਝਾੜ ਦਿੱਤਾ ਹੈ।

ਅਰਥ : ਅਸਾਂ ਬਾਦਸ਼ਾਹ (ਸਤਿਗੁਰੂ) ਦੇ ਕਦਮਾਂ ਉਤੇ ਸਿਰ ਸੁੱਟ ਦਿੱਤਾ ਹੈ (ਤੇ) ਦੋਹਾਂ ਜਹਾਨਾਂ ਤੋਂ ਹੱਥ ਝਾੜ ਦਿੱਤੇ ਹਨ। (ਭਾਵ, ਸਭ ਦੁਨੀਆ ਦੇ ਆਸਰੇ ਛੱਡ ਕੇ ਅਸੀਂ ਸਤਿਗੁਰੂ ਦੇ ਦਰ ਆ ਡਿੱਗੇ ਹਾਂ)।

ਨੇਸ੍ਰ ਦਰ ਹਰ ਚਸ਼ਮ, ਗ਼ੈਰ ਅਜ਼ ਨੂਰਿ ਊ।
ਸੁਹਬਤਿ ਮਰਦਾਨਿ ਹੱਕ, ਜੋਇੰਦਾ-ਏਮ ॥੫॥

ਸ਼ਬਦਾਰਥ : ਗ਼ੈਰ—ਬਿਨਾਂ। ਨੂਰ—ਪ੍ਰਕਾਸ਼, ਚਾਨਣ। ਸੁਹਬਤ—ਸੰਗਤ।

ਜੋਇੰਦਾ-ਏਮ--ਅਸੀਂ ਢੂੰਡਦੇ ਹਾਂ, ਲੱਭਦੇ ਹਾਂ। ਉ--ਉਸ।

ਅਰਥ : ਉਸ (ਵਾਹਿਗੁਰੂ) ਦੇ ਨੂਰ ਤੋਂ ਬਿਨਾਂ ਹਰ ਅੱਖ ਵਿਚ (ਹੋਰ ਕਿਸੇ ਦਾ) ਨੂਰ (ਪ੍ਰਕਾਸ਼) ਨਹੀਂ ਹੈ। ਅਸੀਂ (ਅਜਿਹੇ) ਪ੍ਰਭੂ-ਪਿਆਰਿਆਂ ਦੀ ਸੰਗਤ ਲੱਭਦੇ ਹਾਂ।

ਮਾ ਚੁ ਜ਼ੱਰਾ ਖ਼ਾਕਿ ਪਾਏ ਓ ਸ਼ੁਦੇਮ।
ਤਾ ਬ-ਦਾਮਨ ਦਸਤਿ ਖ਼ੁਦ, ਅਫ਼ਗੰਦਾ-ਏਮ ॥੬॥

ਸ਼ਬਦਾਰਥ : ਜ਼ੱਰਾ—ਕਿਣਕਾ। ਸ਼ੁਦੇ+ਮ—ਅਸੀਂ ਹੋ ਗਏ (ਹਾਂ)। ਬ-ਦਾਮਨ—ਪੱਲੇ ਉੱਤੇ। ਦਸਤਿ ਖ਼ੁਦ—ਆਪਣਾ ਹੱਥ। ਅਫ਼ਗੰਦਾ-ਏਮ—ਅਸਾਂ ਸੁੱਟ ਦਿੱਤਾ ਹੈ।

ਅਰਥ : ਅਸੀਂ ਜੋ ਉਸ ਦੇ ਚਰਨਾਂ ਦੀ ਧੂੜ ਦਾ (ਇਕ) ਕਿਣਕਾ ਹੋ ਗਏ (ਹਾਂ), ਤਦੇ ਹੀ ਅਸਾਂ (ਉਸ ਦੇ) ਪੱਲੇ ਉਤੇ ਆਪਣਾ ਹੱਥ ਸੁੱਟਿਆ ਹੈ (ਪੱਲਾ ਫੜਨ ਨੂੰ ਹੱਥ ਵਧਾਇਆ ਹੈ)।

ਕੀਸੁ 'ਗੋਇਆ' ਜ਼ਾਕਰਿ ਨਾਮਿ ਖ਼ੁਦਾ।
ਹਮ ਚੂ ਖ਼ੁਰਸ਼ੀਦਿ ਜਹਾਂ, ਰਖ਼ਸ਼ੰਦਾ-ਏਮ ॥੭॥

ਸ਼ਬਦਾਰਥ : ਕੀਸੁ—ਕਿ+ਅਸੁ—ਕੌਣ ਹੈ? ਜ਼ਾਕਰ—ਜ਼ਿਕਰ (ਸਿਮਰਨ) ਕਰਨ ਵਾਲਾ। ਖ਼ੁਰਸ਼ੀਦਿ ਜਹਾਂ—ਜਹਾਨ ਦਾ ਸੂਰਜ। ਰਖ਼ਸ਼ੰਦਾ-ਏਮ—ਚਮਕਦੇ ਹਨ।

ਅਰਥ : ਐ 'ਗੋਇਆ', ਜੋ ਵਹਿਗੁਰੂ ਦਾ ਨਾਮ ਜਪਣ ਵਾਲਾ ਹੈ, ਉਹ ਕੌਣ ਹੈ? ਉਹ (ਸਤਿਗੁਰੂ ਅਥਵਾ ਗੁਰਸਿਖ ਹਨ, ਜੋ) ਜਗਤ ਦੇ ਸੂਰਜ ਵਾਂਗ ਚਮਕਦੇ ਹਨ।

ਵਿਆਖਿਆ

ਇਸ ਗ਼ਜ਼ਲ ਵਿਚ ਭਾਈ ਸਾਹਿਬ ਫੇਰ ਇਸ ਹਕ਼ੀਕ਼ਤ ਨੂੰ ਉਜਾਗਰ ਕਰਦੇ ਹਨ ਕਿ ਹਉਮੈ-ਰਹਿਤ ਬੰਦਗੀ ਹੀ ਪ੍ਰਭੂ-ਲੋਕਾਂ ਦਾ ਜੀਵਨ ਹੈ। ਭਗਤੀ ਵਿਚ ਜੁੜਨ ਲਈ ਸ਼ਰਧਾ ਦੀ ਲੋੜ ਹੈ, ਅਤੇ ਸ਼ਰਧਾ ਉਪਜਦੀ ਹੈ ਵਾਹਿਗੁਰੂ ਦੇ ਉਪਕਾਰ ਚੇਤੇ ਕਰਨ ਅਥਵਾ ਗੁਣ ਗਾਉਣ ਨਾਲ। ਜੇ ਇਹ 'ਮਾਟੀ ਕਾ ਪੁਤਲਾ' ਆਪਣੀ ਹਸਤੀ ਦੀ ਅਸਲੀਅਤ ਨੂੰ ਦ੍ਰਿੜ੍ਹ ਕਰਨ ਲਈ, ਗੁਰਬਾਣੀ ਵਿਚ ਬਾਰ ਬਾਰ ਦੁਹਰਾਈ ਇਹ ਚੇਤਾਵਨੀ

(ੳ) ਹਮ ਆਦਮੀ ਹਾਂ, ਇਕ ਦਮੀ, ਮੁਹਲਤਿ ਮੁਹਤੁ ਨ ਜਾਣਾ॥
(ਧਨਾਸਰੀ ਮ: ੧, ਪੰਨਾ ੬੬੦)

(ਅ) ਰੈਚਕ ਰੇਤ ਖੇਤ ਤਨਿ ਨਿਰਮਿਤ, ਦੁਰਲਭ ਦੇਹ ਸਵਾਰਿ ਧਰੀ॥
(ਸਵਯੇ ਸ੍ਰੀ ਮੁਖ ਵਾਕ ਮ: ੫, ਪੰਨਾ ੧੩੮੭)

(ੲ) ਜੀਵੰਦਿਆਂ ਛਿਅ ਮਾਹ, ਤੁਰੰਦਿਆ ਹਿਕੁ ਖਿਨੋ॥
(ਆਸਾ ਫਰੀਦ, ਪੰਨਾ ੪੮੮)

(ਸ) ਪਾਨੀ ਮੈਲਾ, ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥
(ਗਉੜੀ ਕਬੀਰ, ਪੰਨਾ ੩੩੬)

(ਹ) **ਬਿੰਦੁ ਤੇ ਜਿਨਿ ਪਿੰਡੁ ਕੀਆ, ਅਗਨਿ ਕੁੰਡ ਰਹਾਇਆ॥
ਦਸ ਮਾਸ ਮਾਤਾ ਉਦਰਿ ਰਾਖਿਆ, ਬਹੁਰਿ ਲਾਗੀ ਮਾਇਆ॥**

(ਆਸਾ ਕਬੀਰ ਜੀ, ਪੰਨਾ ੪੮੧)

ਚੇਤੇ ਰੱਖੇ ਤਾਂ ਸਦਾ ਹੀ ਉਸ ਮਿਹਰਵਾਨ ਪ੍ਰਭੂ ਦੀਆਂ ਨੇਕੀਆਂ ਹੇਠ ਦੱਬਿਆ ਰਹੇ। ਫੇਰ ਇਹ, ਇਹ ਵੀ ਕਦੇ ਨਾ ਭੁੱਲੇ ਕਿ

**ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥ ਤਿਸਹਿ ਧਿਆਇ ਸਦਾ ਮਨ ਅੰਦਰਿ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥ ਆਠ ਪਹਰ ਸਿਮਰਹੁ ਤਿਸੁ ਰਸਨਾ॥
ਜਿਹ ਪ੍ਰਸਾਦਿ ਰੰਗ ਰਸ ਭੋਗ॥ ਨਾਨਕ, ਸਦਾ ਧਿਆਈਐ ਧਿਆਵਨ ਜੋਗ॥੧॥**

(ਸੁਖਮਨੀ ਸਾਹਿਬ, ਪੰਨਾ ੨੬੯)

(ਤੇ ਵਾਚੋ ਇਸ ਸਾਰੀ ਅਸਟਪਦੀ ਵਿਚ ਦੱਸੀਆਂ ਵਾਹਿਗੁਰੂ ਦੀਆਂ ਅਗਨਤ ਮਿਹਰੰਮਤਾਂ)।

ਇਸ ਨਾਲ ਹਉਮੈ ਦਾ ਅਭਾਵ ਹੋ ਕੇ ਦਾਸ ਅਥਵਾ ਨਿਮਰਤਾ ਭਾਵ ਪੈਦਾ ਹੋਵੇਗਾ। ਨਿਰਮਲ ਬੁੱਧੀ ਉਪਜੇਗੀ ਅਤੇ ਸਮਝ ਪਵੇਗੀ ਕਿ ਹੱਡ, ਮਾਸ, ਨਾੜੀ ਦੇ ਇਸ ਪਿੰਜਰ ਵਿਚ ਜੇ ਕੋਈ ਪਵਿੱਤਰ ਵਸਤੂ ਹੈ, ਤਾਂ ਉਹ ਕੇਵਲ ਵਾਹਿਗੁਰੂ ਦੀ ਜੋਤਿ ਹੈ। ਫੇਰ, ਸਾਡੀ ਅੱਖ ਹਰ ਪਾਸੇ ਓਸੇ ਦਾ ਨੂਰ ਵੇਖੇਗੀ। ਜੇ ਕੋਈ ਤਾਂਘ ਉੱਠੇਗੀ, ਤਾਂ ਉਹ ਭਲੇ ਪੁਰਸ਼ਾਂ ਦੀ ਸੰਗਤ ਦੀ। ਇਹੀ ਇਕ ਐਸਾ ਅਸਥਾਨ ਹੈ ਜਿਥੇ ਕੂੜ ਦੀ ਰਾਸ ਘਟਦੀ ਤੇ 'ਸਤਿ' ਦੀ ਸੋਝੀ ਪੈਂਦੀ ਹੈ।

ਬਸ, ਜਦ ਸਾਈਂ ਦੀ ਮਿਹਰ ਦਾ ਸਦਕਾ ਮਨੁੱਖ ਨੂੰ ਸੱਚ ਦੀ ਸੋਝੀ ਪੈ ਗਈ, ਤਾਂ ਉਹ ਖ਼ਾਕੀ ਤੋਂ ਨੂਰੀ ਹੋ ਕੇ ਸੂਰਜ ਵੱਤ ਜਗਮਗਾ ਉਠੇਗਾ ਅਤੇ ਉਸ ਦੀ ਸਮਰੱਥਾ ਕੁਝ ਇਸ ਤਰ੍ਹਾਂ ਦੀ ਹੋ ਜਾਏਗੀ

ਗੁਰਮੁਖਿ ਕੋਟਿ ਉਧਾਰਦਾ, ਭਾਈ, ਦੇ ਨਾਵੈ ਏਕ ਕਣੀ॥

(ਸੋਰਠਿ ਮ: ੫, ਪੰਨਾ ੬੦੮)

—o—

**ਹੱਕ ਪ੍ਰਸਤਾਂ, ਖ਼ੁਦ-ਪ੍ਰਸਤੀ ਚੂੰ ਕੁਨੰਦ:
ਸਰ ਬੁਲੰਦਾਂ, ਮੈਲ ਪਸਤੀ ਚੂੰ ਕੁਨੰਦ॥੫੨॥** *(ਜ਼ਿੰਦਗੀਨਾਮਾ, ਭਾ: ਨੰਦ ਲਾਲ ਜੀ)*

ਵਾਹਿਗੁਰੂ ਦੇ ਉਪਾਸ਼ਕ ਹਉਮੈ ਨੂੰ ਇਸੇ ਤਰ੍ਹਾਂ (ਨੀਵਾਂ) ਜਾਣਦੇ ਹਨ, ਜਿਵੇਂ ਉੱਚੇ ਸਿਰ ਵਾਲੇ (ਵੱਡੇ ਲੋਕ) ਕਮੀਨੇਪਣ ਵਲ ਝੁਕਣਾ (ਮਾੜਾ) ਸਮਝਦੇ ਹਨ।

.ਗ਼ਜ਼ਲ ਨੰਬਰ ੫੮

ਮਾ ਬੰਦਾ-ਇ ਇਸ਼ਕੇਮ, ਖ਼ੁਦਾ ਰਾ ਨ ਸ਼ਨਾਸੇਮ।
ਦੁਸ਼ਨਾਮ ਨ ਦਾਨੇਮ, ਦੁਆ ਰਾ ਨ ਸ਼ਨਾਸੇਮ॥੧॥

ਆਸ਼ੁਫ਼ਤਾ-ਇ ਆਨੇਮ, ਕਿ: ਊ ਆਸ਼ੁਫ਼ਤਾ-ਇ ਮਾਸ੍ਰ।
ਮਾ ਸ਼ਾਹ ਨ ਦਾਨੇਮ, ਗਦਾ ਰਾ ਨ ਸ਼ਨਾਸੇਮ॥੨॥

ਚੁ ਗ਼ੈਰਿ ਤੋ, ਕਸ ਨੇਸ੍ਰ, ਬ-ਤਹਕ਼ੀਕ਼ ਦਰੀਂ ਜਾ।
ਈਂ ਤਫ਼ੱਰਕਾ-ਇ, ਮਾ ਓ ਸ਼ੁਮਾ ਰਾ, ਨ ਸ਼ਨਾਸੇਮ॥੩॥

ਸਰ ਪਾ ਸ਼ੁਦਾ, ਪਾ ਸਰ ਸ਼ੁਦਾ, ਦਰ ਰਾਹਿ ਮੁਹੱਬਤ।
ਗੋਏਮ, ਵ ਲੇਕਨ, ਸਰੋ ਪਾ ਰਾ ਨ ਸ਼ਨਾਸੇਮ॥੪॥

ਮਾ ਨੀਜ਼ ਚੁ 'ਗੋਇਆ' ਜ਼ਿ ਅਜ਼ਲ ਮਸ੍ਰ ਅਲਮਸਤੇਮ।
ਈਂ ਕਾਇਦਾ-ਇ ਜ਼ੁਹਦ ਓ ਰਿਯਾ ਰਾ, ਨਾ ਸ਼ਨਾਸੇਮ॥੫॥

ਪੰਜਾਬੀ ਕਾਵਿ ਅਨੁਵਾਦ

੧. ਸਾਨੂੰ ਲਗਨ ਇਸ਼ਕ ਦੀ ਲੱਗੀ, ਜਿਸ ਰੱਬ ਦੀ ਸੂਝ ਨ ਗਵਾਈ।
ਕੌੜੇ ਮਿੱਠੇ ਬੋਲਾਂ ਸੰਦਾ, ਸਾਨੂੰ ਇਲਮ ਨ ਕਾਈ, ਹੂ।

੨. ਅਸੀਂ ਹਾਂ ਆਸ਼ਕ ਉਸ ਮਾਹੀ ਦੇ, ਜੋ ਨਿੱਤ ਸਾਨੂੰ ਚਾਹੇ।
ਪ੍ਰੀਤ-ਰੀਤ ਵਿੱਚ ਰੰਕ ਤੇ ਰਾਣਾ, ਇੱਕ ਰੂਪ ਹੋ ਜਾਏ, ਹੂ।

੩. ਹੁਣ ਏਥੇ ਓਥੇ ਹਰ ਥਾਂ ਪ੍ਰੀਤਮ, ਦਿੱਸੇਂ ਤੂੰ ਹਰ ਵੇਹੜੇ।
ਮੈਂ ਤੇ ਤੂੰ ਦੇ ਮਿਟ ਗਏ ਮੇਰੇ, ਸਾਰੇ ਝਗੜੇ ਝੇੜੇ, ਹੂ।

੪. ਪ੍ਰੇਮ-ਪੰਧ ਵਿਚ ਕੰਮ ਪੈਰਾਂ ਦਾ, ਸਿਰ ਨੇ, ਸਿਰ ਤੇ ਚਾਇਆ।
ਏਸੇ ਕਾਰਨ ਫ਼ਰਕ ਦੋਹਾਂ ਵਿੱਚ, ਮੈਨੂੰ ਨਜ਼ਰ ਨ ਆਇਆ, ਹੂ।

੫. 'ਗੋਇਆ' ਵਾਂਗੂੰ ਮੁੱਢ ਤੋਂ ਦਾਤਾ, ਤੇਰੇ ਹਾਂ ਦੀਵਾਨੇ।
ਤਾਹੀਏਂ ਜਪੋਂ, ਤਪੋਂ, ਪਾਖੰਡੋਂ, ਰਹਿੰਦੇ ਹਾਂ ਬੇਗਾਨੇ, ਹੂ।

ਮਾ ਬੰਦਾ-ਇ ਇਸ਼ਕੇਮ, ਖ਼ੁਦਾ ਰਾ ਨ ਸ਼ਨਾਸੇਮ।
ਦੁਸ਼ਨਾਮ ਨ ਦਾਨੇਮ, ਦੁਆ ਰਾ ਨ ਸ਼ਨਾਸੇਮ ॥੧॥

ਸ਼ਬਦਾਰਥ : ਨ ਸ਼ਨਾਸੇਮ—ਅਸੀਂ ਨਹੀਂ ਪਛਾਣਦੇ। ਦੁਸ਼ਨਾਮ—ਗਾਲ੍ਹੀ, ਕੁਬੋਲ, ਦੁਰਬਚਨ।

ਅਰਥ : ਅਸੀਂ ਪ੍ਰੇਮ, ਪਿਆਰ ਦੇ ਬੰਦੇ ਹਾਂ, (ਅਤੇ) ਖ਼ੁਦਾ (ਤਕ) ਨੂੰ ਨਹੀਂ ਪਛਾਣਦੇ (ਇਹ ਪਿਆਰ ਦੀ ਇੰਤਹਾ)। ਅਸੀਂ ਦੁਰਬਚਨ-ਕੁਬੋਲ (ਬੋਲਣਾ) ਨਹੀਂ ਜਾਣਦੇ (ਤੇ) ਨਾ ਹੀ ਅਸੀਸਾਂ ਨੂੰ ਪਛਾਣਦੇ ਹਾਂ।

ਆਸ਼ੁਫ਼ਤਾ-ਇ ਆਨੇਮ, ਕਿ: ਊ ਆਸ਼ੁਫ਼ਤਾ-ਇ ਮਾਸ੍ਤ।
ਮਾ ਸ਼ਾਹ ਨ ਦਾਨੇਮ, ਗਦਾ ਰਾ ਨ ਸ਼ਨਾਸੇਮ ॥੨॥

ਸ਼ਬਦਾਰਥ : ਆਸ਼ੁਫ਼ਤਾ—ਮਤਵਾਲੇ, ਪ੍ਰੇਸ਼ਾਨ, ਚਿੰਤਕ, ਚਾਹਵਾਨ।

ਅਰਥ : ਅਸੀਂ ਉਸਦੇ ਮਤਵਾਲੇ ਹਾਂ ਜੋ ਸਾਡੇ ਲਈ ਪ੍ਰੇਸ਼ਾਨ ਹੈ। ਅਸੀਂ (ਪਿਆਰ ਦੀ ਖੇਡ ਵਿਚ) ਨਾ (ਕਿਸੇ) ਬਾਦਸ਼ਾਹ ਨੂੰ ਜਾਣਦੇ ਹਾਂ (ਪਰਵਾਹ ਕਰਦੇ ਹਾਂ) ਨਾ ਮੰਗਤੇ (ਫ਼ਕੀਰ) ਨੂੰ ਪਛਾਣਦੇ ਹਾਂ।

ਚੁ ਗ਼ੈਰਿ ਤੋ, ਕਸ ਨੇਸ੍ਤ, ਬ-ਤਹਕ਼ੀਕ਼ ਦਰੀਂ ਜਾ।
ਈਂ ਤਫ਼ੱਰਕਾ-ਇ, ਮਾ ਓ ਸ਼ੁਮਾ ਰਾ, ਨ ਸ਼ਨਾਸੇਮ ॥੩॥

ਸ਼ਬਦਾਰਥ : ਚੁ—ਜਦ। ਗ਼ੈਰਿ ਤੋ—ਤੇਰੇ ਬਗ਼ੈਰ। ਕਸ ਨੇਸ੍ਤ—ਕੋਈ ਨਹੀਂ ਹੈ। ਬ-ਤਹਕ਼ੀਕ਼—ਹਕ਼ੀਕ਼ਤ (ਅਸਲ) ਵਿਚ। ਈਂ ਜਾ—ਇਥੇ। ਤਫ਼ੱਰਕਾ—ਭੇਦ, ਫ਼ਰਕ, ਵਿਤਕਰਾ। ਮਾ—ਅਸੀਂ। ਸ਼ੁਮਾ—ਤੁਸੀਂ।

ਅਰਥ : ਹਕ਼ੀਕ਼ਤ ਵਿਚ ਜਦ ਏਥੇ ਤੇਰੇ ਬਗ਼ੈਰ ਹੋਰ ਕੋਈ ਨਹੀਂ ਹੈ, (ਤਾਂ) ਇਹ ਅਸਾਂ ਤੁਸਾਂ (ਮੈਂ, ਤੂੰ) ਦਾ ਵਿਤਕਰਾ ਅਸੀਂ ਨਹੀਂ ਜਾਣਦੇ।

ਸਰ ਪਾ ਸ਼ੁਦਾ, ਪਾ ਸਰ ਸ਼ੁਦਾ, ਦਰ ਰਾਹਿ ਮੁਹੱਬਤ।
ਗੋਏਮ, ਵ ਲੇਕਨ, ਸਰੋ ਪਾ ਰਾ ਨ ਸ਼ਨਾਸੇਮ ॥੪॥

ਸ਼ਬਦਾਰਥ : ਪਾ—ਪੈਰ। ਗੋਏਮ—ਅਸੀਂ ਕਹਿੰਦੇ ਹਾਂ। ਲੇਕਨ—ਪਰੰਤੂ।

ਅਰਥ : ਪ੍ਰੇਮ ਦੇ ਮਾਰਗ ਵਿਚ ਸਿਰ ਪੈਰ ਹੋ ਗਏ ਹਨ ਤੇ ਪੈਰ ਸਿਰ ਹੋ ਗਿਆ ਹੈ। ਅਸੀਂ (ਇਹ ਗੱਲ) ਆਖਦੇ ਤਾਂ ਹਾਂ ਪਰੰਤੂ (ਸਾਡੀ ਅਵਸਥਾ ਇਹ ਹੈ ਕਿ) ਅਸੀਂ (ਪ੍ਰੇਮ ਵਲਵਲੇ ਵਿੱਚ) ਸਿਰ ਤੇ ਪੈਰ (ਦੇ ਫ਼ਰਕ) ਨੂੰ ਨਹੀਂ ਪਛਾਣਦੇ।

ਮਾ ਨੀਜ਼ ਬੁ 'ਗੋਇਆ' ਜ਼ਿ ਅਜ਼ਲ ਮਸ੍ਤ ਅਲਮਸਤੇਮ।
ਈਂ ਕਾਇਦਾ-ਇ ਜ਼ੁਹਦ ਓ ਰਿਯਾ ਰਾ, ਨਾ ਸ਼ਨਾਸੇਮ ॥੫॥

ਸ਼ਬਦਾਰਥ : ਨੀਜ਼—ਵੀ। ਚੁ—ਵਾਂਗ। ਅਜ਼ਲ—(Eternity) ਮੁੱਢ ਤੋਂ। ਮਸ੍ਹ ਅਲਮਸਤ—ਮਤਵਾਲੇ, ਦੀਵਾਨੇ। ਜ਼ੁਹਦ—ਤਪ ਆਦਿ। ਰਿਯਾ—ਵਿਖਾਵਾ, ਪਾਖੰਡ। ਕਾਇਦਾ—ਤਰੀਕਾ।

ਅਰਥ : ਅਸੀਂ 'ਗੋਇਆ' ਵਾਂਗ ਆਦਿ ਤੋਂ ਹੀ ਮਤਵਾਲੇ ਹਾਂ (ਅਤੇ) ਇਸ (ਕਰਮ ਕਾਂਡ ਦੀ) ਤਪੱਸਿਆ ਤੇ ਪਖੰਡ ਦੇ ਤਰੀਕੇ ਨੂੰ ਨਹੀਂ ਪਛਾਣਦੇ।

ਵਿਆਖਿਆ

ਇਸ ਗ਼ਜ਼ਲ ਵਿਚ ਭਾਈ ਸਾਹਿਬ ਫੇਰ ਇਸ਼ਕ ਦੇ ਉਸ ਬੁਲੰਦ ਮੁਕਾਮ ਦਾ ਵਰਣਨ ਕਰਦੇ ਹਨ ਜਿਸ ਨੂੰ ਉਹ ਪਿੱਛੇ ਗ਼ਜ਼ਲ ਨੰਬਰ ੨੦ ਵਿਚ ਇਉਂ ਬਿਆਨ ਕਰ ਆਏ ਹਨ

ਦਿਲਿ ਆਸ਼ਕ, ਬਅੰਦਕ ਫ਼ੁਰਸਤੇ, ਮਾਸ਼ੂਕ ਮੇ ਗਰਦਦ।
ਸਰਾ ਪਾ ਜਾਂ ਸ਼ਵਦ, ਹਰਕਸ, ਕਿ ਬਾ ਜਾਨਾਨਾਂ ਮੇ ਸਾਜ਼ਦ।

ਭਗਤ ਰਵਿਦਾਸ ਜੀ ਵਿਸਮਾਦੀ ਅਵਸਥਾ ਵਿਚ ਪੁਜੇ ਤਾਂ ਬੇ-ਸਾਖ਼ਤਾ ਪੁਕਾਰ ਉਠੇ

ਤੋਹੀ ਮੋਹੀ, ਮੋਹੀ ਤੋਹੀ, ਅੰਤਰੁ ਕੈਸਾ ?
ਕਨਕ ਕਟਿਕ, ਜਲ ਤਰੰਗ ਜੈਸਾ॥ *(ਸਿਰੀ ਰਾਗੁ ਰਵਿਦਾਸ ਜੀ, ਪੰਨਾ ੯੩)*

ਏਸੇ ਤਰ੍ਹਾਂ ਜਦ ਸ਼੍ਰੋਮਣੀ ਸੰਤ, ਭਗਤ ਕਬੀਰ ਜੀ 'ਪਰਮ-ਪਦ ਦੇ ਸਿੰਘਾਸਨ' ਉਤੇ ਜਾ ਚੜ੍ਹੇ ਅਤੇ ਅਬਿਨਾਸ਼ੀ ਵਾਹਿਗੁਰੂ ਨਾਲ ਇਕ-ਮਿਕ ਹੋ ਕੇ ਅਬਿਨਾਸ਼ੀ ਰਾਜ ਪ੍ਰਾਪਤ ਕਰ ਲਿਆ, ਤਾਂ ਬੜੇ ਨਾਜ਼ ਨਾਲ ਬੋਲੇ

ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ॥

(ਰਾਮਕਲੀ ਕਬੀਰ ਜੀ, ਪੰਨਾ ੯੬੯)

ਤਥਾ **ਕਬੀਰ ਮਨੁ ਨਿਰਮਲੁ ਭਇਆ, ਜੈਸਾ ਗੰਗਾ ਨੀਰੁ॥**
ਪਾਛੈ ਲਾਗੋ ਹਰਿ ਫਿਰੈ, ਕਹਤ ਕਬੀਰ ਕਬੀਰ॥੫੫॥ *(ਸਲੋਕ ਕਬੀਰ ਜੀ, ਪੰਨਾ ੧੩੬੭)*

ਤਥਾ **ਕਬੀਰ ਤੂੰ ਤੂੰ ਕਰਤਾ ਤੂ ਹੂਆ, ਮੁਝ ਮਹਿ ਰਹਾ ਨ ਹੂੰ॥**
ਜਬ ਆਪਾ ਪਰ ਕਾ ਮਿਟਿ ਗਇਆ, ਜਤ ਦੇਖਉ ਤਤ ਤੂ॥੨੦੪॥ *(ਪੰਨਾ ੧੩੭੫)*

ਪ੍ਰੇਮ-ਪੰਧ ਦੇ ਕਿਸ ਕਿਸ ਪਾਂਧੀ ਦਾ ਜ਼ਿਕਰ ਕਰੀਏ। ਔਹ ਵੇਖੋ, ਆਲਿਮੇ ਤਹੱਯਰ (ਵਿਸਮਾਦ ਦਾ ਆਲਮ) ਦਾ ਵਾਸੀ ਸ਼ਮਸ ਤਬਰੇਜ਼ 'ਏਕ ਜੋਤਿ ਦੋਇ ਮੂਰਤੀ' ਦੇ ਮੁਕਾਮ ਦਾ ਚਿੱਤਰ ਕਿਵੇਂ ਖਿੱਚਦਾ ਹੈ

ਮਨ ਤੋ ਸ਼ੁਦਮ ਤੋ ਮਨ ਸ਼ੁਦੀ, ਮਨ ਜਾਂ ਸ਼ੁਦਮ ਤੋ ਤਨ ਸ਼ੁਦੀ,
ਤਾ ਕਸ ਨ ਗੋਇਦ ਬਾਦ ਜ਼ਾਂ, ਮਨ ਦੀਗਰਮ ਤੋ ਦੀਗਰੀ।

[ਹੇ ਪ੍ਰਭੂ! ਮੈਂ ਤੂੰ ਹੋ ਗਿਆ, ਤੂੰ ਮੈਂ ਹੋ ਗਿਆ। (ਜੇ) ਮੈਂ ਜਾਨ ਹੋਇਆ ਤਾਂ ਤੂੰ

ਸਰੀਰ ਹੋ ਗਇਓਂ; ਤਾਂ ਜੁ ਬਾਅਦ ਵਿਚ ਕੋਈ ਇਹ ਨਾ ਕਹੇ ਕਿ ਮੈਂ ਹੋਰ ਹਾਂ, ਤੇ ਤੂੰ ਹੋਰ।] ਇਹ ਹੈ ਪ੍ਰਭੂ ਪ੍ਰੀਤਮ ਨਾਲ ਅਭੇਦਤਾ ਦਾ ਅਲੌਕਿਕ ਦ੍ਰਿਸ਼।

ਹੋਰ ਵਾਚੋ :

ਹਰਿ ਹਰਿਜਨ ਦੁਇ ਏਕ ਹੈ, ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ, ਜਲ ਹੀ ਬਿਖੈ ਸਮਾਹਿ॥੬॥੬੦॥

(ਬਚਿੱਤ੍ਰ ਨਾਟਕ, ਪਾ: ੧੦)

ਸਿਖੀ ਮਰਯਾਦਾ ਅਥਵਾ ਪ੍ਰੀਤ ਦੀ ਰੀਤ ਹੈ ਈ ਇਹ, ਕਿ ਪਿਆਰ ਨੇ ਦੁਵੱਲਿਓਂ ਤਣਾਂਵਾਂ ਕੱਸੀਆਂ ਹੋਣ। ਜੇ ਸਿਖ, ਸਬਰ, ਸਿਦਕ ਦਾ ਧਾਰਨੀ ਹੋ ਕੇ, ਪਹਿਲਾਂ ਮਰਨ ਕਬੂਲ ਕੇ, ਸਿਰ ਤਲੀ ਤੇ ਰੱਖ ਕੇ ਅਤੇ ਤਨ, ਮਨ, ਧਨ ਸਭ ਗੁਰੂ ਨੂੰ ਸੌਂਪ ਕੇ ਗੁਰੂ ਦੀ ਗਲੀ ਵਿਚ ਕਦਮ ਰੱਖਦਾ ਹੈ ਤਾਂ ਗੁਰਦੇਵ ਵੀ ਐਸੇ ਸੇਵਕ ਦੀ ਸੰਭਾਲ ਲਈ ਮਾਤਾ ਪਿਤਾ ਵੱਤ ਬੇਚੈਨ ਤੇ ਫ਼ਿਕਰ-ਮੰਦ ਹੁੰਦਾ ਹੈ। ਫਿਰ ਉਹ

ਜਹ ਜਹ ਕਾਜ ਕਿਰਤਿ ਸੇਵਕ ਕੀ, ਤਹਾ ਤਹਾ ਉਠਿ ਧਾਵੈ। *(ਆਸਾ ਮ: ੫, ਪੰਨਾ ੪੦੩)*

ਦੇ ਬਿਰਦ ਨੂੰ ਪਾਲਦਾ ਹੈ। ਫੇਰ ਐਸੀ ਅਵਸਥਾ ਵਿਚ ਕੌਣ ਪ੍ਰੇਮੀ ਹੈ ਤੇ ਕੌਣ ਪ੍ਰੀਤਮ? ਇਹ ਅੰਤਰ ਕਰਨਾ ਅਸੰਭਵ ਹੋ ਜਾਂਦਾ ਹੈ।

ਏਸੇ ਲਈ, ਭਾਈ ਸਾਹਿਬ ਏਥੇ ਬੜੀ ਬੇ-ਨਿਆਜ਼ੀ ਨਾਲ ਫ਼ੁਰਮਾਉਂਦੇ ਹਨ ਕਿ 'ਅਸੀਂ ਉਸ ਦੇ ਮਤਵਾਲੇ ਹਾਂ ਜੋ ਸਾਡੇ ਵਾਂਗ ਹੀ ਸਾਡਾ ਸ਼ੈਦਾ ਹੈ। ਸਾਡੀ ਮਜਲਸ (ਸਤਿਸੰਗ) ਵਿਚ ਨਾ ਕੋਈ ਬਾਦਸ਼ਾਹ ਹੈ ਤੇ ਨਾ ਕੋਈ ਮੰਗਤਾ, ਸਭ ਸਮਾਨ ਹਨ; ਇੱਕੋ ਦੈਵੀ ਪਰਵਾਰ ਦੇ ਜੀਅ।'

ਐਸੀ ਹੈ ਪਿਆਰ ਦੇ ਪੰਧ ਦੀ ਪਿਆਰ-ਰੀਤ ਤੇ ਉੱਚੀ ਸੁੱਚੀ ਤੇ ਨਿਰਾਲੀ ਯਕਤਾਈ, ਇਕ-ਸੁਰਤਾ ਤੇ ਇਕ-ਮਿੱਕਤਾ।

ਗ਼ਜ਼ਲ ਨੰਬਰ ੫੯

ਹਰ ਗਹ ਨਜ਼ਰ, ਬ-ਜਾਨਬਿ ਦਿਲਦਾਰ, ਮੇ ਕੁਨੇਮ।
ਦਰਯਾਏ ਹਰ ਦੋ ਚਸ਼ਮ, ਗੁਹਰ ਬਾਰ, ਮੇ ਕੁਨੇਮ ॥੧॥

ਹਰ ਜਾ ਕਿ: ਦੀਦਾ-ਏਮ, ਰੁਖ਼ਿ ਯਾਰ ਦੀਦਾ-ਏਮ।
ਮਾ ਕੈ ਨਜ਼ਰ, ਬ-ਜਾਨਬਿ ਅਗ਼ਯਾਰ ਮੇ ਕੁਨੇਮ ॥੨॥

ਜ਼ਾਹਦ ਮਰਾ, ਜ਼ਿ ਦੀਦਨਿ ਖ਼ੂਬਾਂ, ਮਨਾਅ ਮ-ਕੁਨ।
ਮਾ ਖ਼ੁਦ ਨਜ਼ਰ, ਬ-ਸੂਏ ਰੁਖ਼ਿ ਯਾਰ, ਮੇ-ਕੁਨੇਮ ॥੩॥

ਮਾ ਜੁਜ਼ ਹਦੀਸਿ ਇਸ਼ਕਿ ਤੋ, ਹਰਫ਼ੇ ਨ-ਖ਼ਾਂਦਾ-ਏਮ।
ਦਰ ਰਾਹਿ ਇਸ਼ਕ, ਈਂ ਹਮਾ ਤਕਰਾਰ, ਮੇ-ਕੁਨੇਮ ॥੪॥

'ਗੋਇਆ' ਜ਼ਿ ਚਸ਼ਮਿ ਯਾਰ ਕਿ ਮਖ਼ਮੂਰ ਗਸ਼ਤਾ-ਏਮ।
ਕੈ ਖ਼ਾਹਸ਼ਿ ਸ਼ਰਾਬਿ ਪੁਰ-ਅਸ਼ਰਾਰ ਮੇ ਕੁਨੇਮ ॥੫॥

ਪੰਜਾਬੀ ਕਾਵਿ ਅਨੁਵਾਦ

੧. ਪ੍ਰੀਤਮ ਵੱਲੇ ਨੈਣ ਆਪਣੇ, ਜਦ ਵੀ ਮੈਂ ਹਾਂ ਕਰਦਾ।
ਮੋਤੀਆਂ ਸੰਦਾ ਮੀਂਹ ਇਨ੍ਹਾਂ ਚੋਂ, ਪਰਲ ਪਰਲ ਹੈ ਵਰ੍ਹਦਾ, ਹੂ।

੨. ਮੁਖ ਮਾਹੀ ਦਾ ਨਜ਼ਰੀਂ ਆਇਆ, ਜਿੱਥੇ ਝਾਤੀ ਮਾਰੀ।
ਤੱਕਾਂ ਮੂਲ ਨ ਗ਼ੈਰਾਂ ਵੱਲੇ, ਸਮਝਾਂ ਇਹ ਖੁਆਰੀ, ਹੂ।

੩. ਵਰਜ ਨ ਤੱਕਣੋਂ ਸੋਹਣਿਆਂ ਤਾਈਂ, ਜ਼ਾਹਿਦ ਸ਼ਰਾ ਦੇ ਮਾਰੇ।
ਨੈਣ ਅਸਾਡੇ ਵੱਲ ਮਾਹੀ ਦੇ, ਜਾਵਣ ਆਪ-ਮੁਹਾਰੇ, ਹੂ।

੪. ਪਿਆਰ-ਕਹਾਣੀ ਬਾਝੋਂ ਸਾਨੂੰ, ਹਰਫ਼ ਨਾ ਔੜੇ ਕੋਈ।
ਪ੍ਰੇਮ-ਪੰਧ ਵਿਚ ਇਹ ਅਸਾਡੀ, ਕਰਦੀ ਹੈ ਦਿਲ-ਜੋਈ, ਹੂ।

੫. ਜਦ ਤੋਂ ਪੀ-ਤੱਕਣੀ ਦੀ ਮੱਦ ਹੈ, 'ਗੋਇਆ' ਦੇ ਦਿਲ ਪੀਤੀ।
ਹੋਛੇ ਮਦ ਦੀ ਤਦ ਤੋਂ ਉਸ ਨੇ, ਚਾਹ ਕਦੇ ਨਹੀਂ ਕੀਤੀ, ਹੂ।

ਹਰ ਗਹ ਨਜ਼ਰ, ਬ-ਜਾਨਬਿ ਦਿਲਦਾਰ, ਮੇ ਕੁਨੇਮ।
ਦਰਯਾਏ ਹਰ ਦੋ ਚਸ਼ਮ, ਗੁਹਰ ਬਾਰ, ਮੇ ਕੁਨੇਮ॥੧॥

ਸ਼ਬਦਾਰਥ : ਹਰ ਗਹ—ਜਿਸ ਸਮੇਂ ਤੋਂ, ਜਦੋਂ ਵੀ। ਬਜਾਨਬ—ਤਰਫ਼, ਵੱਲ।

ਅਰਥ : ਜਦ ਵੀ ਅਸੀਂ ਆਪਣੇ ਮਹਿਬੂਬ ਵੱਲ ਨਿਗਾਹ ਕਰਦੇ ਹਾਂ, ਦੋਹਾਂ ਨੇਤਰਾਂ ਦੀਆਂ ਨਦੀਆਂ ਮੋਤੀ ਵਰਸਾਉਣ ਲਗ ਪੈਂਦੀਆਂ ਹਨ (ਅੱਥਰੂਆਂ ਦੀ ਝੜੀ ਲਾ ਦਿੰਦੀਆਂ ਹਨ)।

ਹਰ ਜਾ ਕਿ: ਦੀਦਾ-ਏਮ, ਰੁਖ਼ਿ ਯਾਰ ਦੀਦਾ-ਏਮ।
ਮਾ ਕੈ ਨਜ਼ਰ, ਬ-ਜਾਨਬਿ ਅ.ਗਯਾਰ ਮੇ ਕੁਨੇਮ॥੨॥

ਸ਼ਬਦਾਰਥ : ਦੀਦਾ-ਏਮ—ਅਸਾਂ ਵੇਖਿਆ ਹੈ। ਕੈ—ਕਦੋਂ। ਅਗ਼ਯਾਰ—ਗ਼ੈਰ, ਬੇਗ਼ਾਨਾ। ਮੇ ਕੁਨੇਮ—ਅਸੀਂ ਕਰਦੇ ਹਾਂ।

ਅਰਥ : ਅਸਾਂ ਜਿੱਥੇ ਵੀ ਵੇਖਿਆ ਹੈ, ਮਿੱਤਰ ਦਾ ਚਿਹਰਾ ਹੀ ਵੇਖਿਆ ਹੈ। ਅਸੀਂ ਕਦੋਂ ਕਿਸੇ ਗ਼ੈਰ ਵਲ ਨਜ਼ਰ ਮਾਰਦੇ ਹਾਂ! (ਭਾਵ, ਸਾਨੂੰ ਹਰੇਕ ਰੂਪ ਵਿਚ ਆਪਣਾ ਪ੍ਰੀਤਮ ਹੀ ਦਿੱਸਦਾ ਹੈ)।

ਜ਼ਾਹਦ ਮਰਾ, ਜ਼ਿ ਦੀਦਨਿ ਖ਼ੂਬਾਂ, ਮਨਾਅ ਮ-ਕੁਨ।
ਮਾ ਖ਼ੁਦ ਨਜ਼ਰ, ਬ-ਸੂਏ ਰੁਖ਼ਿ ਯਾਰ, ਮੇ-ਕੁਨੇਮ॥੩॥

ਸ਼ਬਦਾਰਥ : ਜ਼ਾਹਦ—(ਭਾਵ, ਕਰਮ-ਕਾਂਡੀ), ਜੋ ਭਗਤੀ ਵਿਚ ਤਾਂ ਮਰਯਾਦਾ-ਪੁਰਸ਼ੋਤਮ ਹੋਵੇ, ਪਰੰਤੂ ਪ੍ਰਭੂ-ਪ੍ਰੇਮ ਦਾ ਸਵਾਦ ਨਾ ਚੱਖਿਆ ਹੋਵੇ। (ਜ਼ਾਹਦ ਤੋਂ ਭਾਵ ਕਰਮ-ਕਾਂਡੀ ਵੀ ਲਿਆ ਜਾਂਦਾ ਹੈ। ਕੋਸ਼ ਅਨੁਸਾਰ ਇਸ ਦੇ ਅਰਥ ਹਨ, ਦੁਨੀਆ ਵਾਲੇ ਪਾਸੋਂ ਮੂੰਹ ਫੇਰ ਕੇ ਰੱਬ ਦੀ ਰਾਹ ਵਲ ਮੂੰਹ ਕਰਨ ਵਾਲਾ, ਪ੍ਰਹੇਜ਼ਗਾਰ)। ਖ਼ੂਬਾਂ—ਸੋਹਣੇ, ਸੁੰਦਰ। ਮਨਾਅ ਮ+ਕੁਨ—ਮਨ੍ਹਾ ਨਾ ਕਰ, ਨਾ ਵਰਜ।

ਅਰਥ : ਹੇ ਜ਼ਾਹਦ, ਮੈਨੂੰ ਸੋਹਣਿਆਂ ਵੱਲ ਦੇਖਣ ਤੋਂ ਨਾ ਵਰਜ, ਅਸਾਂ (ਤਾਂ) ਆਪੇ ਹੀ ਨਜ਼ਰ ਮਿੱਤਰ ਦੇ ਚਿਹਰੇ ਵੱਲ ਕਰ ਰੱਖੀ ਹੈ।

ਮਾ ਜੁਜ਼ ਹਦੀਸਿ ਇਸ਼ਕਿ ਤੋ, ਹਰਫ਼ੇ ਨ-ਖ਼ਾਂਦਾ-ਏਮ।
ਦਰ ਰਾਹਿ ਇਸ਼ਕ, ਈਂ ਹਮਾ ਤਕਰਾਰ, ਮੇ-ਕੁਨੇਮ॥੪॥

ਸ਼ਬਦਾਰਥ : ਜੁਜ਼—ਬਿਨਾਂ, ਸਿਵਾ। ਹਦੀਸ—ਕਹਾਣੀ, ਕਥਾ (ਹਦੀਸ ਦੇ ਅਸਤਲਾਹੀ ਅਰਥ ਹਨ—ਜੋ ਕੁਝ ਹਜ਼ਰਤ ਮੁਹੰਮਦ ਸਾਹਿਬ ਨੇ ਆਪ ਕਿਹਾ, ਕੀਤਾ ਜਾਂ ਜੋ ਕੁਝ ਉਨ੍ਹਾਂ ਦੇ ਸਾਹਮਣੇ ਹੋਇਆ, ਪਰੰਤੂ, ਉਨ੍ਹਾਂ ਉਸ ਤੋਂ ਨਾ ਵਰਜਿਆ। ਜੋ ਉਨ੍ਹਾਂ ਕਿਹਾ ਉਹ ਹਦੀਸਿ-ਕੌਲੀ, ਜੋ ਕੀਤਾ ਉਹ ਹਦੀਸਿ ਫ਼ੇਅਲੀ ਅਤੇ ਜੋ ਸਾਹਮਣੇ ਹੋਇਆ ਉਹ ਹਦੀਸਿ-ਤਹਰੀਰੀ ਹੈ)। ਨ-ਖ਼ਾਂਦਾ-ਏਮ—ਨਹੀਂ ਪੜ੍ਹਦੇ। ਤਕਰਾਰ—ਬਾਰ ਬਾਰ ਦੁਹਰਾਉਣਾ ਹੈ।

ਅਰਥ : ਅਸੀਂ ਤੇਰੇ ਪਿਆਰ ਦੀ ਕਥਾ ਤੋਂ ਸਿਵਾ ਹੋਰ ਇਕ ਹਰਫ਼ ਵੀ ਨਹੀਂ ਪੜ੍ਹਦੇ। ਪਿਆਰੇ ਦੇ ਪੰਧ ਵਿਚ ਅਸੀਂ ਬਾਰ ਬਾਰ ਇਹੀ (ਕਥਾ) ਦੁਹਰਾਉਂਦੇ ਹਾਂ।

'ਗੋਇਆ' ਜ਼ਿ ਚਸ਼ਮਿ ਯਾਰ ਕਿ ਮਖ਼ਮੂਰ ਗਸ਼ਤਾ-ਏਮ।
ਕੈ ਖ਼੍ਵਾਹਸ਼ਿ ਸ਼ਰਾਬਿ ਪੁਰ-ਅਸ਼ਰਾਰ ਮੇ ਕੁਨੇਮ॥੫॥

ਸ਼ਬਦਾਰਥ : ਮਖ਼ਮੂਰ—ਨਸ਼ੇ ਵਿਚ ਗੁੱਟ, ਮਸਤੁਲ ਮਸਤ। ਗਸ਼ਤਾ-ਏਮ—ਅਸੀਂ ਹੋ ਗਏ ਹਾਂ। ਕੈ—ਕਦ ? ਪੁਰ ਅਸ਼ਰਾਰ—ਬਦੀਆਂ, ਬੁਰਾਈਆਂ, ਸ਼ਰਾਰਤਾਂ ਨਾਲ ਭਰਪੂਰ।

ਅਰਥ : 'ਗੋਇਆ' (ਜਦ) ਅਸੀਂ ਯਾਰ ਦੀ ਨਿਗਾਹ ਦੇ ਨਸ਼ੇ ਵਿਚ ਗੁੱਟ (ਅਲਮਸਤ) ਹਾਂ, (ਤਾਂ ਫਿਰ) ਅਸੀਂ ਸ਼ਰਾਬ ਦੀ ਲੋਚਾ ਕਦ ਕਰਦੇ ਹਾਂ—(ਨਹੀਂ ਕਰਦੇ)।

ਵਿਆਖਿਆ

ਇਸ ਗ਼ਜ਼ਲ ਵਿਚਲੇ ਭਾਵ ਬਿਰਹਾ ਵਿਚ ਅੱਥਰੂਆਂ ਦੀ ਝੜੀ ਲੱਗਣੀ, ਹਰ ਪਾਸੇ ਆਪਣੇ ਪਿਆਰੇ ਦਾ ਹੀ ਪ੍ਰਕਾਸ਼ ਤੱਕਣਾ, ਗੁਰਦੇਵ ਦਿਆਂ ਨੈਣਾਂ ਦੀ ਨਾਮ-ਖ਼ੁਮਾਰੀ ਨਾਲ ਮਸਤ-ਅਲ-ਮਸਤ ਹੋਣਾ, ਅਤੇ ਵਿਸ਼ੇ ਵਿਕਾਰਾਂ ਤੇ ਬੁਰਿਆਈਆਂ ਦੀ ਜੜ੍ਹ—ਗੰਦੀ ਸ਼ਰਾਬ—ਦਾ ਤਿਆਗ—ਪਿਛਲੀਆਂ ਗ਼ਜ਼ਲਾਂ ਵਿੱਚ ਸਵਿਸਥਾਰ ਵੀਚਾਰੇ ਜਾ ਚੁਕੇ ਹਨ।

ਪਰੰਤੂ ਭਾਈ ਸਾਹਿਬ ਨੇ, ਇਸ ਗ਼ਜ਼ਲ ਵਿਚ, ਪਿਆਰ ਦੀ ਮੰਜ਼ਲ ਵਲ ਵਧਣ ਲਈ ਦੋ ਹੋਰ ਵਸੀਲਿਆਂ ਦਾ ਵੀ ਜ਼ਿਕਰ ਕੀਤਾ ਹੈ

ਪਹਿਲਾ, ਵਾਹਿਗੁਰੂ ਨਾ ਕੇਵਲ ਆਪ ਹੀ ਸਤਿਅਮ, ਸ਼ਿਵਮ ਤੇ ਸੁੰਦਰਮ ਹੈ, ਸਗੋਂ ਕਿਸੇ ਹਦ ਤਕ, ਖ਼ਾਸ ਹਾਲਤਾਂ ਵਿਚ, ਉਸਦੇ ਇਹਨਾਂ ਗੁਣਾਂ ਦਾ ਪ੍ਰਗਟਾ ਉਸਦੇ ਸਰਗੁਣ ਸਰੂਪ—ਪਸਾਰੇ—ਰਚਨਾ ਅਥਵਾ ਕੁਦਰਤ ਵਿਚ ਵੀ ਵਾਪਰਦਾ ਹੈ

(ੳ) ਸਚੇ ਤੇਰੇ ਖੰਡ, ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥ *(ਆਸਾ ਦੀ ਵਾਰ)*

(ਅ) ਆਪਿ ਸਤਿ, ਕੀਆ ਸਭੁ ਸਤਿ॥ ਆਪੇ ਜਾਨੈ ਅਪਨੀ ਮਿਤਿ ਗਤਿ॥
(ਸੁਖਮਨੀ ਸਾਹਿਬ, ਪੰਨਾ ੨੮੫)

ਜੇ ਉਹ ਚਿਤੇਰਾ ਆਪ 'ਸਤਿ ਸੁਹਾਣੁ ਸਦਾ ਮਨਿ ਚਾਉ' (ਜਪੁਜੀ) ਹੈ, ਤਾਂ ਉਸ ਦੀ ਰਚਨਾ ਦਾ ਮਹਾਨ ਵਚਿੱਤਰ ਚਿੱਤਰ ਵੀ, ਉਤਨਾ ਵਧੇਰੇ ਸਤਿ, ਸੁੰਦਰ, ਸੁਹਾਉਣਾ ਤੇ ਅਨੰਦ-ਮਈ ਹੋ ਭਾਸੇਗਾ, ਉਤਨਾ ਹੀ 'ਉਸਦੀ' ਲੱਖਤਾ ਅਥਵਾ ਪ੍ਰਾਪਤੀ ਸਹਿਲ ਹੋ ਜਾਵੇਗੀ। ਸ਼ਰਤ ਕੇਵਲ ਇਹ ਹੈ ਕਿ ਐਸੇ ਮਹਾਨ ਚਿੱਤਰਕਾਰ ਦੇ ਇਸ ਚਿਤਰ ਵਿਚ ਉਲਝ ਕੇ ਅਸੀਂ ਕਿਤੇ ਚਿਤੇਰੇ ਨੂੰ ਹੀ ਨਾ ਵਿਸਾਰ ਦੇਈਏ। ਐਸੀ ਸਥਿਤੀ ਵਿਚ ਅੰਮ੍ਰਿਤ ਬਿੱਖ ਵਿੱਚ, ਖੇੜਾ ਸੋਗ ਵਿੱਚ ਅਤੇ ਸੁੰਦਰਤਾ ਕਰੂਪਤਾ ਵਿਚ ਬਦਲ ਜਾਣਗੇ। ਜੀਵਨ ਦੁੱਭਰ ਤੇ ਕੰਡਿਆਲਾ ਹੋ ਜਾਵੇਗਾ। ਸ਼੍ਰੋਮਣੀ ਭਗਤ ਕਬੀਰ ਜੀ ਦੀ ਚਿਤਾਵਨੀ ਹੈ ਕਿ

ਚਚਾ ਰਚਿਤ ਚਿਤ੍ਰ ਹੈ ਭਾਰੀ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ॥
ਚਿਤ੍ਰ ਬਚਿਤ੍ਰ ਇਹੈ ਅਵਝੇਰਾ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥
(ਗਉੜੀ ਕਬੀਰ ਜੀ, ਪੰਨਾ ੩੪੦)

ਉਪਰੋਕਤ ਸਚਾਈ ਨੂੰ 'ਗੋਇਆ ਜੀ', ਨੇ ਇਸ ਗ਼ਜ਼ਲ ਦੇ ਸ਼ੇਅਰ ਨੰ: ੩ ਵਿਚ ਦੱਸਣ ਦਾ ਉਪਕਾਰ ਕੀਤਾ ਹੈ। ਉਹ ਕਰਮ-ਕਾਂਡੀਆਂ ਤੇ ਸ਼ਰਾਅ ਦੇ ਪਾਬੰਦ ਜ਼ਾਹਿਦਾਂ ਨੂੰ ਸੂਫ਼ੀਆਨਾ ਅੰਦਾਜ਼ ਵਿਚ ਬਰਮਿਲਾ (ਸਪੱਸ਼ਟ ਤੌਰ ਉਤੇ) ਵਾਜ਼ਿਆ ਕਰਦੇ ਹਨ ਕਿ ਉਹਨਾਂ ਨੂੰ 'ਸੋਹਣਿਆਂ ਦੇ ਦਰਸ਼ਨ ਦੀਦਾਰ' ਤੋਂ ਨਾ ਵਰਜਿਆ ਜਾਵੇ। ਇਹਨਾਂ ਦੀ ਦੀਦ ਵਿਚੋਂ ਉਹਨਾਂ ਨੂੰ 'ਸੋਹਣਿਆਂ ਦੇ ਸੁਲਤਾਨ', ਸ੍ਰੀ ਦਸਮੇਸ਼ ਜੀ, ਅਥਵਾ ਸਾਰੀ ਸੁੰਦਰਤਾ ਦੇ ਸੋਮੇ, ਵਾਹਿਗੁਰੂ ਜੀ ਦੇ ਦਰਸ਼ਨ ਹੁੰਦੇ ਹਨ।

ਇਹਨਾਂ ਕੋਮਲ ਭਾਵਾਂ ਨੂੰ ਅੰਗ੍ਰੇਜ਼ੀ ਦੇ ਪ੍ਰਸਿਧ ਸ਼ਾਇਰ ਕੀਟਸ ਨੇ ਕੁਝ ਇਉਂ ਵੀ ਅੰਕਿਤ ਕਰਨ ਦਾ ਸਫ਼ਲ ਜਤਨ ਕੀਤਾ ਹੈ

A thing of beauty, is a joy for ever. *(Keats)*

[ਭਾਵ, ਸੁੰਦਰਤਾ ਸਦੀਵੀ ਖੇੜੇ ਦਾ ਮੂਲ ਹੈ।]

ਏਵੇਂ ਹੀ, ਇਕ ਸ਼ਾਇਰ, ਇਸ ਹਕ਼ੀਕ਼ਤ ਨੂੰ, ਆਪਣੇ ਅੰਦਾਜ਼ ਵਿਚ, ਇਉਂ ਬਿਆਨਦਾ ਹੈ:

ਯਿਹ ਅੱਛੀ ਸੂਰਤੋਂ ਵਾਲੇ, ਮੇਰੀ ਤਸਬੀਅ ਕੇ ਦਾਨੇ ਹੈਂ।
ਨਿਗਾਹ ਸੇ ਗੁਜ਼ਰੇ ਜਾਤੇ ਹੈਂ, ਇਬਾਦਤ ਹੋਤੀ ਜਾਤੀ ਹੈ।

ਦੂਜਾ ਵਸੀਲਾ ਜਾਂ ਪ੍ਰਬਲ ਵਿਚਾਰ ਜੋ ਇਸ ਗ਼ਜ਼ਲ ਦੇ ਚੌਥੇ ਸ਼ੇਅਰ ਵਿਚ ਪ੍ਰਗਟਾਇਆ ਗਿਆ ਹੈ, ਉਹ ਇਹ ਹੈ ਕਿ ਪ੍ਰਭੂ-ਲੋਕਾਂ ਦਾ, ਆਪਣੇ ਹਰੇਕ ਕਰਤੱਵ ਰਾਹੀਂ, ਇਕ ਤੇ ਕੇਵਲ ਇਕ ਹੀ ਨਿਸ਼ਾਨਾ ਹੁੰਦਾ ਹੈ ਅਤੇ ਉਹ ਹੈ—ਪ੍ਰਭੂ ਦਾ ਪਿਆਰ। ਇਸ਼ਕ ਦੇ ਮਾਰਗ ਵਿਚ ਇਸ ਗੱਲੋਂ ਸੁਚੇਤ ਰਹਿਣ ਦੀ ਲੋੜ ਹੈ ਕਿ ਕੋਈ ਵੀ ਵਸਤੂ ਪਿਆਰ ਦੇ ਰਸਤੇ ਵਿਚ ਹਾਇਲ ਹੋ ਕੇ ਆਸ਼ਕ ਉੱਤੇ ਗ਼ਾਲਬ ਨਾ ਆ ਜਾਵੇ। ਇਸ ਲਈ ਪ੍ਰੇਮ-ਮਾਰਗ ਦੇ ਪਾਂਧੀ ਨੂੰ ਇਹ ਪੰਜ 'ਭੱਭੇ' ਸਦਾ ਕੰਠ ਪ੍ਰੋ ਰੱਖਣ ਦੀ ਤਾਕ਼ੀਦ ਕੀਤੀ ਗਈ ਹੈ:

ਭ—ਭਲਾ
ਭ—ਭਾਣਾ
ਭ—ਭੁੱਲਾ
ਭ—ਭਉ (ਨਿਰਮਲ ਭਉ)
ਭ—ਭਾਉ (ਪ੍ਰੇਮ, ਇਸ਼ਕ)

ਰੱਬ ਦੇ ਇਸ਼ਕ ਦਾ ਰਸਤਾ ਬਿਖਮ, ਪਤਲਾ, ਬ੍ਰੀਕ ਤੇ ਤਿੱਖਾ ਹੈ। ਜਗਿਆਸੂ ਇੱਕੋ ਸਮੇਂ ਸਲਾਮ ਜਵਾਬ ਕਰਨ ਦੀ ਚਤੁਰਾਈ ਤੇ ਲੱਬ ਲੋਭ ਦੀ ਜਲ੍ਹਣ ਵਿਚ ਫਸਿਆ ਨਹੀਂ, ਕਿ ਪਿਆਰ ਦਾ ਨਾਜ਼ਕ ਤੰਦ ਤੁਟਾ ਨਹੀਂ। 'ਗੋਇਆ' ਜੀ ਇਸ ਦਾ ਦਾਰੂ ਸਤਿਗੁਰੂ ਸਾਕ਼ੀ ਦੀ ਅੱਖ ਦੇ ਸਰੂਰ ਵਿਚ ਮਖ਼ਮੂਰ ਰਹਿਣਾ ਦਸਦੇ ਹਨ। ਪ੍ਰਭੂ-ਪਿਆਰਿਆਂ ਨੂੰ ਦੁਨੀਆਵੀ ਸਿਆਣਪਾਂ ਤੇ ਹੋਸ਼ਾਂ ਨਾਲੋਂ ਐਸੀ ਮਸਤੀ ਹੀ ਦਰਕਾਰ ਤੇ ਜ਼ੇਬ (ਫਬਦੀ) ਹੈ।

.ਗ਼ਜ਼ਲ ਨੰਬਰ ੬੦

ਨਮੇ ਗੁੰਜਦ ਬ-ਚਸ਼ਮਿ .ਗ਼ੈਰ, ਸ਼ਾਹਿ ਖ਼ੁਦ ਪਸੰਦਿ ਮਨ।
ਬ-ਚਸ਼ਮਮ ਖ਼ੁਸ਼ ਨਿਸ਼ੱਸਤ ਆਂ ਕ਼ਾਮਤਿ ਬਖ਼ਤਿ ਬੁਲੰਦਿ ਮਨ ॥੧॥

ਤਮਾਮੀ ਮੁਰਦਾ-ਹਾ ਰਾ, ਅਜ਼ ਤਬੱਸਮ, ਜ਼ਿੰਦਾ ਮੇ ਸਾਜ਼ਦ।
ਚੂੰ ਰੇਜ਼ਦ ਆਬਿ ਹੈਵਾਂਅ, ਅਜ਼ ਦਹਾਨਿ ਗੁੰਚਾ ਖ਼ੰਦਿ ਮਨ ॥੨॥

ਬਰਾਏ ਦੀਦਨਿ ਊ, ਦੀਦਾ-ਅਮ ਸ਼ੁਦ ਚਸ਼ਮਾ-ਇ ਕੌਸਰ।
ਬਯਾ ਜਾਨਾਂ ਕਿ ਕੁਰਬਾਨਿ ਤੋ, ਜਾਨਿ ਮੁਸਤਮੰਦਿ ਮਨ ॥੩॥

ਅਗਰ ਬੀਨੀ ਦਰੂਨਿ ਮਨ, ਬ.ਗ਼ੈਰ ਅਜ਼ ਖ਼ੁਦ ਕੁਜਾ ਯਾਬੀ ?
ਕਿ .ਗ਼ੈਰ ਅਜ਼ ਜ਼ਿਕਰਿ ਤੋ ਨ ਬਵੱਦ, ਦਰੂਨਿ ਬੰਦ ਬੰਦਿ ਮਨ ॥੪॥

ਮਨਮ ਯਕ-ਮੁਸ਼ਤਿ ਗਿਲ, 'ਗੋਇਆ', ਦਾਰੂਨਿ ਨੂਰਿ ਓ ਲਾਮਅ।
ਬ-ਗਿਰਦਸ਼ ਦਾਇਮਾ ਗਰਦਦ, ਦਿਲਿ ਪੁਰ ਹੋਸ਼ਮੰਦਿ ਮਨ ॥੫॥

ਪੰਜਾਬੀ ਕਾਵਿ ਅਨੁਵਾਦ

੧. ਮਾਹੀ ਮੇਰੇ, .ਗ਼ੈਰਾਂ-ਅੱਖੀਂ, ਲਾ ਸਕਦੇ ਨਹੀਂ ਡੇਰੇ।
ਉਹ ਸੁਭਾਗਾ ਖੁਸ਼ੀਆਂ ਮਾਣੇ, ਬਹਿ ਕੇ ਨੈਣੀਂ ਮੇਰੇ, ਹੂ।

੨. ਮੁਸਕਨ ਉਸ ਦੀ ਜੀਵਨ ਬਖਸ਼ੇ, ਮੋਇਆਂ ਤਾਈਂ ਜਿਵਾਏ।
ਜਦ ਮੁਸਕਾਏ ਪ੍ਰੀਤਮ ਮੇਰਾ, ਅੰਮ੍ਰਿਤ-ਬਰਖਾ ਲਾਏ, ਹੂ।

੩. ਦਰਸ਼ਨ ਖ਼ਾਤਰ, ਚਸ਼ਮਾ ਸੁਰਗੀ, ਬਣ ਗਈ ਅੱਖ ਇਹ ਮੇਰੀ।
ਵਾਰੀ ਪ੍ਰੀਤਮ, ਮੁਖ ਦਿਖਲਾਵੀਂ, ਜਾਨ ਗ਼ਮਾਂ ਨੇ ਘੇਰੀ, ਹੂ।

੪. ਆ ਕੇ ਪ੍ਰੀਤਮ ਝਾਤੀ ਪਾਵੇਂ, ਜੇਕਰ ਅੰਦਰ ਮੇਰੇ।
ਓਥੇ ਤੈਨੂੰ ਕੁਝ ਨ ਦਿੱਸੂ, ਬਾਝੋਂ ਸਿਮਰਨ ਤੇਰੇ, ਹੂ।

੫. ਮੁੱਠ ਮਿੱਟੀ ਦੀ ਤਨ 'ਗੋਇਆ' ਦਾ, ਨੂਰ ਪ੍ਰਭੂ ਤੋਂ ਪਾਵੇ।
ਦਿਲ ਦਾਨਾ ਵੀ ਓਸ ਦੁਵਾਲੇ, ਹਰ ਦਮ ਗੇੜੇ ਲਾਵੇ, ਹੂ।

ਨਮੇ ਗੁੰਜਦ ਬ-ਚਸ਼ਮਿ ਗ਼ੈਰ, ਸ਼ਾਹਿ ਖ਼ੁਦ ਪਸੰਦਿ ਮਨ।
ਬ-ਚਸ਼ਮਮ ਖ਼ੁਸ਼ ਨਿਸ਼ਸਤ ਆਂ ਕ਼ਾਮਤਿ ਬਖ਼ਤਿ ਬੁਲੰਦਿ ਮਨ॥੧॥

ਸ਼ਬਦਾਰਥ : ਨਮੇ ਗੁੰਜਦ—ਨਹੀਂ ਸਮਾਉਂਦਾ ਹੈ। ਖ਼ੁਦ ਪਸੰਦ—ਮਾਣ-ਮਤਾ। ਗ਼ੈਰ—ਬਿਗ਼ਾਨੇ, ਦੂਜੇ। ਸ਼ਾਹਿ ਮਨ—ਮੇਰਾ ਪਾਤਸ਼ਾਹ। ਨਿਸ਼ੱਸਤ—ਬੈਠਾ। ਆਂ—ਉਹ, ਉਸ। ਬਖ਼ਤਿ ਬੁਲੰਦਿ ਮਨ—ਮੇਰਾ ਵਡਭਾਗਾ, ਮੇਰਾ ਉੱਚੇ ਨਸੀਬ ਵਾਲਾ। ਕ਼ਾਮਤ—ਕਦ।

ਅਰਥ : ਮੇਰਾ ਮਾਣ-ਮਤਾ ਪਾਤਸ਼ਾਹ ਗ਼ੈਰ ਦੀ ਅੱਖ ਵਿੱਚ ਨਹੀਂ ਸਮਾ ਸਕਦਾ। ਮੇਰਾ ਉਹ ਵੱਡੇ ਭਾਗ ਤੇ ਸਰੂਪ ਵਾਲਾ (ਪ੍ਰੀਤਮ) ਮੇਰੀ ਅੱਖ ਵਿਚ ਬੈਠਾ ਅਨੰਦ (ਮਾਣਦਾ ਹੈ)।

ਤਮਾਮੀ ਮੁਰਦਾ-ਹਾ ਰਾ, ਅਜ਼ ਤਬੱਸਮ, ਜ਼ਿੰਦਾ ਮੇ ਸਾਜ਼ਦ।
ਚੂੰ ਰੇਜ਼ਦ ਆਬਿ ਹੈਵਾਂਅ, ਅਜ਼ ਦਹਾਨਿ ਗੁੰਚਾ ਖ਼ੰਦਿ ਮਨ॥੨॥

ਸ਼ਬਦਾਰਥ : ਤਮਾਮੀ—ਸਰਬੱਤ, ਸਾਰੇ। ਮੁਰਦਾ-ਹ—(ਮੁਰਦੇ ਦਾ ਬਹੁ-ਵਚਨ) ਮੁਰਦੇ। ਤਬੱਸਮ—ਮੁਸਕ੍ਰਾਹਟ। ਮੇ ਸਾਜ਼ਦ—ਕਰਦਾ ਹੈ। ਰੇਜ਼ਦ—ਡੋਗਦਾ ਹੈ, ਗਿਰਾਉਂਦਾ ਹੈ। ਆਬਿ ਹੈਵਾਂਅ—ਅੰਮ੍ਰਿਤ। ਦਹਾਨੀ—ਮੂੰਹ, ਮੁਖੜਾ। ਗੁੰਚਾ ਖ਼ੰਦਹਿ ਮਨ—ਮੇਰਾ ਹਸਦਾ (ਖਿੜਿਆ) ਫੁੱਲ।

ਅਰਥ : ਸਾਰੇ ਮੁਰਦਿਆਂ ਨੂੰ ਉਹ (ਆਪਣੀ) ਮੁਸਕ੍ਰਾਹਟ ਨਾਲ ਜੀਵਤ ਕਰ ਦੇਂਦਾ ਹੈ। ਜਦ ਉਹ ਆਪਣੇ ਫੁੱਲ ਵਰਗੇ ਮੁਖੜੇ ਵਿਚੋਂ ਹਸਦਾ (ਹੈ ਤਾਂ) ਅੰਮ੍ਰਿਤ ਡਿਗਦਾ ਹੈ।

ਬਰਾਏ ਦੀਦਨਿ ਊ, ਦੀਦਾ-ਅਮ ਸ਼ੁਦ ਚਸ਼ਮਾ-ਇ ਕੌਸਰ।
ਬਯਾ ਜਾਨਾਂ ਕਿ ਕੁਰਬਾਨਿ ਤੋ, ਜਾਨਿ ਮੁਸਤਮੰਦਿ ਮਨ॥੩॥

ਸ਼ਬਦਾਰਥ : ਦੀਦਨ—ਦਰਸ਼ਨ। ਕੌਸਰ—ਇਕ ਨਹਿਰ। (ਮੁਸਲਮਾਨੀ ਮਤ ਅਨੁਸਾਰ ਬਹਿਸ਼ਤ ਦੀ ਇਕ ਨਹਿਰ, ਜਿਸ ਦਾ ਪਾਣੀ ਦੁੱਧ ਨਾਲੋਂ ਚਿੱਟਾ ਤੇ ਸ਼ਹਿਦ ਨਾਲੋਂ ਮਿੱਠਾ ਹੈ। ਕਿਆਮਤ ਦੇ ਦਿਨ ਹਜ਼ਰਤ ਮੁਹੰਮਦ ਸਾਹਿਬ ਆਪਣੇ ਹੱਥ ਨਾਲ ਆਪਣੀ ਉੱਮਤ ਨੂੰ ਇਹ ਪਾਣੀ ਬਖ਼ਸ਼ਣਗੇ ਤੇ ਫੇਰ ਉਨ੍ਹਾਂ ਨੂੰ ਕਦੀ ਤੇਹ ਨਹੀਂ ਲਗੇਗੀ)। ਬਯਾ—ਆ। ਜਾਨਾਂ—ਪ੍ਰੀਤਮ, ਮਿੱਤਰ। ਮੁਸਤਮੰਦ—ਗ਼ਮਾਂ ਵਿੱਚ ਗ੍ਰਸੀ, ਦੁਖੀ।

ਅਰਥ : (ਹੇ ਪ੍ਰੀਤਮ) ਤੇਰੇ ਦਰਸ਼ਨਾਂ ਲਈ ਮੇਰੀਆਂ ਅੱਖਾਂ ਬਹਿਸ਼ਤੀ ਨਹਿਰ ਦਾ ਚਸ਼ਮਾ ਹੋ ਗਈਆਂ ਹਨ। ਤੈਥੋਂ ਸਦਕੇ, ਤੂੰ ਆ (ਫੇਰਾ ਪਾ), ਕਿਉਂ ਜੁ ਮੇਰੀ ਇਹ ਜਿੰਦ ਗ਼ਮਾਂ ਵਿਚ ਘਿਰੀ ਪਈ ਹੈ।

ਅਗਰ ਬੀਨੀ ਦਰੂਨਿ ਮਨ, ਬ.ਗ਼ੈਰ ਅਜ਼ ਖ਼ੁਦ ਕੁਜਾ ਯਾਬੀ ?
ਕਿ ਗ਼ੈਰ ਅਜ਼ ਜ਼ਿਕਰਿ ਤੋ ਨ ਬਵੱਦ, ਦਰੂਨਿ ਬੰਦ ਬੰਦਿ ਮਨ॥੪॥

ਸ਼ਬਦਾਰਥ : ਬੀਨੀ--ਤੂੰ ਵੇਖੇਂ। ਦਰੂਨੇ ਮਨ—ਮੇਰੇ ਅੰਦਰ। ਖ਼ੁਦ—ਆਪਣਾ ਆਪ। ਕੁਜਾ ਯਾਬੀ—ਕੀ ਲਭੇਂਗਾ ? ਬੰਦ ਬੰਦਿ ਮਨ—ਮੇਰੇ ਬੰਦ ਬੰਦ ਵਿਚ, ਅੰਗ ਅੰਗ ਵਿਚ।

ਅਰਥ : ਜੇ ਤੂੰ ਮੇਰੇ ਅੰਦਰ ਝਾਤੀ ਮਾਰੇਂ ਤਾਂ ਆਪਣੇ ਆਪ ਤੋਂ ਸਿਵਾ ਹੋਰ ਕੀ

ਲਭੇਂਗਾ, ਕਿਉਂ ਜੁ ਤੇਰੀ ਚਰਚਾ ਤੋਂ ਬਿਨਾਂ ਮੇਰੇ ਬੰਦ ਬੰਦ (ਭਾਵ, ਰੋਮ ਰੋਮ) ਵਿੱਚ ਹੋਰ ਕੁਝ ਨਹੀਂ ਹੋਵੇਗਾ।

ਮਨਮ ਯਕ-ਮੁਸ਼ਤਿ ਗਿਲ, 'ਗੋਇਆ', ਦਾਰੂਨਿ ਨੂਰਿ ਓ ਲਾਮਅ।
ਬ-ਗਿਰਦਸ਼ ਦਾਇਮਾ ਗਰਦਦ, ਦਿਲਿ ਪੁਰ ਹੋਸ਼ਮੰਦਿ ਮਨ॥੫॥

ਸ਼ਬਦਾਰਥ : ਮਨਮ—ਮੈ ਹਾਂ। ਮੁਸ਼ਤ—ਮੁੱਠੀ। ਗਿਲ—ਮਿੱਟੀ। ਦਰੂਨਮ—ਮੇਰੇ ਅੰਦਰ। ਨੂਰਿ ਓ—ਉਸ ਦਾ ਨੂਰ, ਉਸ ਦੀ ਜੋਤ। ਲਾਮਅ—ਚਮਕਣ ਵਾਲਾ, ਰੌਸ਼ਨ। ਬਗਿਰਦਸ਼—ਉਸ ਦੇ ਚੁਫੇਰੇ। ਦਾਇਮਾ—ਸਦਾ। ਗਰਦਦ—ਘੁੰਮਦਾ ਹੈ।

ਅਰਥ : ਐ ਗੋਇਆ! ਮੈਂ ਮਿੱਟੀ ਦੀ ਇੱਕ ਮੁੱਠ ਹਾਂ, ਮੇਰੇ ਅੰਦਰ ਉਸ ਦੀ ਜੋਤ ਰੌਸ਼ਨ ਹੈ (ਜਗਦੀ ਹੈ), ਮੇਰਾ ਸੁਚੇਤ ਮਨ ਸਦਾ ਉਸ ਦੇ ਚੁਫੇਰੇ ਘੁੰਮਦਾ ਰਹਿੰਦਾ ਹੈ।

ਵਿਆਖਿਆ

ਇਸ ਗ਼ਜ਼ਲ ਵਿਚ ਗੋਬਿੰਦ ਅਥਵਾ ਗੋਬਿੰਦ-ਰੂਪ ਗੁਰਦੇਵ ਦੀ ਉਸ ਕਰਾਮਾਤ ਤੇ ਬਖ਼ਸ਼ਸ਼ ਦਾ ਵਰਣਨ ਹੈ ਜੋ ਉਸ ਨੇ ਮਨੁੱਖ ਦੇ ਇਸ ਪੰਜ-ਭੂਤਕ ਸਰੀਰ ਦੀ 'ਅੰਧੀ ਕੋਠੀ' ਵਿਚ ਆਪਣੇ ਨੂਰ ਦਾ ਜ਼ਹੂਰ ਪਾ ਕੇ ਵਰਤਾਈ ਹੈ। ਆਖ਼ਰ, ਜੇ ਵੀਚਾਰਿਆ ਜਾਵੇ ਤਾਂ ਇਹ ਸਰੀਰ, ਜਿਸ ਉਤੇ ਇਹ ਮਨੁੱਖ ਇਤਨਾ ਗਰਬ-ਗੁਮਾਨ ਕਰਦਾ ਹੈ, ਹੈ ਕੀ? ਭਗਤ ਰਵਿਦਾਸ ਜੀ ਦੇ ਕਥਨ ਅਨੁਸਾਰ ਇਹ ਹੈ

ਜਲ ਕੀ ਭੀਤਿ, ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀ ਕੋ ਪਿੰਜਰੁ, ਪੰਖੀ ਬਸੈ ਬਿਚਾਰਾ॥ *(ਸੋਰਠਿ ਰਵਿਦਾਸ, ਪੰਨਾ ੬੫੯)*

ਭਗਤ ਕਬੀਰ ਜੀ ਫ਼ੁਰਮਾਉਂਦੇ ਹਨ:

ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥
(ਗਉੜੀ ਕਬੀਰ, ਪੰਨਾ ੩੩੬)

ਫੇਰ, ਭਾਈ ਨੰਦ ਲਾਲ ਜੀ ਦਾ ਸੁਜਾਨ ਦਿਲ ਐਸੀ ਜੋਤੀ ਦੇ, ਜੋ ਅਜਿਹੇ ਨਗੂਣੇ ਸਰੀਰ ਨੂੰ ਦੁਰਲਭ ਦੇਹ ਦੀ ਪਦਵੀ ਪ੍ਰਾਪਤ ਕਰਨ ਦੇ ਯੋਗ ਬਣਾ ਦਿੰਦੀ ਹੈ, ਉਦਾਲੇ ਪਰਕਰਮਾ ਕਿਉਂ ਨਾ ਕਰੇ? ਵਾਰਨੇ ਕਿਉਂ ਨਾ ਵੰਞੇ? ਉਸ ਨੂੰ ਆਪਣੀਆਂ ਅੱਖਾਂ ਦੀ ਬੈਠਕ ਵਿਚ ਕਿਉਂ ਨਾ ਬਿਠਾਵੇ? ਉਸ ਦੇ ਜ਼ਿਕਰ ਤੋਂ ਬਿਨਾਂ ਹੋਰ ਕਿਸੇ ਦਾ ਜ਼ਿਕਰ ਕਿਉਂ ਕਰੇ? ਵੇਖੋ, ਉਹ ਕਿਡੇ ਮਾਣ ਤੇ ਵਿਸ਼ਵਾਸ ਨਾਲ ਗੁਰਦੇਵ ਨੂੰ ਸੰਬੋਧਨ ਕਰਦੇ ਹੋਏ ਆਖਦੇ ਹਨ—'ਜੇ ਤੂੰ ਸਾਡੇ ਅੰਦਰ ਝਾਤ ਮਾਰੇਂ ਤਾਂ ਤੈਨੂੰ ਅੰਦਰੋਂ ਆਪਣੇ ਆਪ ਤੋਂ ਬਿਨਾਂ ਹੋਰ ਕੁਝ ਨਹੀਂ ਲਭੇਗਾ, ਕਿਉਂਕਿ ਸਾਡੇ ਅੰਗ ਅੰਗ ਵਿਚ ਕੇਵਲ ਤੇਰਾ, ਤੇ ਬਸ ਤੇਰਾ ਹੀ ਜ਼ਿਕਰ ਤੇ ਮੁਕ਼ਾਮ ਹੈ।'

.ਗਜ਼ਲ ਨੰਬਰ ੬੧

ਗਿਰੀਆਂ ਸ਼ੁਦਾ ਇੰਦਲੀਬ, ਅਜ਼ ਨਿਗਾਹਿ ਤੋ।
ਬ-ਸਹਰਾ ਰਫ਼ਤਾ ਆਹੂ, ਅਜ਼ ਨਿਗਾਹਿ ਤੋ॥੧॥

ਕੁਮਰੀ ਕੂ ਕੂ ਕੁਨੱਦ, ਵ ਬੁਲਬੁਲ ਨਾਲਹ।
ਲਾਲਹ ਦਿਲਿ ਦਾਗ਼ ਸ਼ੁਦਾ, ਅਜ਼ ਨਿਗਾਹਿ ਤੋ॥੨॥

ਸੋਸਨ ਚੂ ਜਾਮਾ ਕਰਦ ਮੁਸ਼ਕੀਨ, ਵ ਸੁੰਬਲ।
ਅਜ਼ ਜ਼ੁਲਫ਼ਤਿ ਪਰੇਸ਼ਾਂਅ, ਅਜ਼ ਨਿਗਾਹਿ ਤੋ॥੩॥

ਹਰ ਕਸ ਕਿ ਬ-ਦੀਦ, ਨਰਗਸ ਦੀਦਹ ਤੁਰਾ।
ਹਮਚੂ ਬੁਲਬੁਲ ਸ਼ੁਦਹ ਨਾਲਾਂਅ, ਅਜ਼ ਨਿਗਾਹਿ ਤੋ॥੪॥

ਕੈ ਕੁਨੱਦ 'ਗੋਇਆ', ਹਵਾਏ ਖ਼੍ਵਾਬਿ ਖ਼ੁਰਦ।
ਹਰ ਕਿ: ਖ਼ੁਰਦਹ ਜੁਰਾਅ ਮਸ੍ਤ, ਅਜ਼ ਨਿਗਾਹਿ ਤੋ॥੫॥

ਪੰਜਾਬੀ ਕਾਵਿ ਅਨੁਵਾਦ

੧. ਸੁੰਦਰ ਨਜ਼ਰ ਦੇਖ ਕੇ ਤੇਰੀ, ਬੁਲਬੁਲ ਨੀਰ ਵਹਾਵੇ।
ਹਿਰਨ ਵੀ ਤੱਕ ਹੋਇ ਸ਼ਰਮਿੰਦਾ, ਜੰਗਲ ਨੂੰ ਉਠ ਧਾਵੇ, ਹੂ।

੨. ਤੇਰੀ ਨਜ਼ਰੋਂ ਮਸਤੀ ਲੈ ਕੇ, ਘੁੱਘੀ ਰਾਗ ਅਲਾਪੇ।
ਫੁੱਲ ਪੋਸਤ ਹੈ ਦਾਗੀ ਹੋਇਆ, ਬੁਲਬੁਲ ਜ਼ਖ਼ਮੀ ਜਾਪੇ, ਹੂ।

੩. ਸੋਸਨ ਵੀ ਹੈ ਦੇਖ ਕੇ ਤੈਨੂੰ, ਚਿੱਟਿਓਂ ਹੋਈ ਕਾਲੀ।
ਸੁੰਬਲ ਘਾਹ ਅਚੰਭਤ ਹੋਇਆ, ਤੱਕ ਕੇ ਜ਼ੁਲਫ਼ ਨਿਰਾਲੀ, ਹੂ।

੪. ਨਰਗਸ ਵਰਗੀ ਅੱਖ ਤੇਰੀ ਦਾ, ਜਿਸ਼ ਨੇ ਦਰਸ਼ਨ ਪਾਇਆ।
ਬੁਲਬੁਲ ਵਾਂਙੂ ਉਸ ਨੇ ਦਾਤਾ, ਬ੍ਰਿਹੋਂ ਨੀਰ ਵਹਾਇਆ, ਹੂ।

੫. ਤੇਰੀ ਨਜ਼ਰੋਂ ਜਿਸ ਨੇ ਪ੍ਰੀਤਮ, ਘੁੱਟ ਮਸਤੀ ਦਾ ਪੀਤਾ।
ਖਾਣ ਪੀਣ ਤੇ ਸੌਣ ਦਾ ਸੁਪਨਾ, 'ਗੋਇਆ' ਓਸ ਨ ਲੀਤਾ, ਹੂ।

ਗਿਰੀਆਂ ਸ਼ੁਦਾ ਅੰਦਲੀਬ, ਅਜ਼ ਨਿਗਾਹਿ ਤੋ।
ਬ-ਸਹਰਾ ਰਫ਼ਤਾ ਆਹੂ, ਅਜ਼ ਨਿਗਾਹਿ ਤੋ ॥੧॥

ਸ਼ਬਦਾਰਥ ਗਿਰੀਆਂ ਸ਼ੁਦਾ—ਰੋ ਪਈ। ਅੰਦਲੀਬ—ਬੁਲਬੁਲ। ਆਹੂ—ਹਿਰਨ। ਰਫ਼ਤਾ—ਚਲਾ ਗਿਆ।

ਅਰਥ : ਬੁਲਬੁਲ ਤੇਰੀ ਨਿਗਾਹ ਨੂੰ ਦੇਖ ਕੇ ਰੋਣ ਲਗੀ। (ਨਿਗਾਹ ਦੀ ਦਿਬ-ਦ੍ਰਿਸ਼ਟਤਾ ਤੇ ਖ਼ੂਬਸੂਰਤੀ ਨੂੰ ਝਲ ਨਹੀਂ ਸਕੀ ਤੇ ਇਸ ਵਿਸਮਾਦਤ ਮਸਤੀ ਵਿੱਚ ਫੁੱਲ ਨੂੰ ਭੁਲ ਗਈ)। ਹਿਰਨ ਤੇਰੀ ਮਸਤ ਨਿਗਾਹ ਨੂੰ ਵੇਖ ਕੇ (ਤੇ ਹਾਰ ਮੰਨ ਕੇ) ਉਜਾੜ ਵਲ ਦੌੜ ਗਿਆ। (ਨੋਟ ਹਿਰਨ ਦੀ ਅੱਖ ਬਹੁਤ ਸੁੰਦਰ ਮੰਨੀ ਗਈ ਹੈ। 'ਸੁਣਿ ਮੁੰਧੇ ਹਰਣਾਖੀਏ.....'—ਮ: ੧, ਪੰਨਾ ੧੪੧੦)।

ਕੁਮਰੀ ਕੂ ਕੂ ਕੁਨੱਦ, ਵ ਬੁਲਬੁਲ ਨਾਲਹ।
ਲਾਲਹ ਦਿਲਿ ਦਾਗ਼ ਸ਼ੁਦਾ, ਅਜ਼ ਨਿਗਾਹਿ ਤੋ ॥੨॥

ਸ਼ਬਦਾਰਥ : ਕੁਮਰੀ—ਘੁੱਘੀ, ਫ਼ਾਖ਼ਤਾ। ਨਾਲਹ—ਰੋਣਾ, ਕੁਰਲਾਣਾ। ਲਾਲਹ—ਪੋਸਤ ਦਾ ਫੁੱਲ।

ਅਰਥ : ਘੁੱਘੀ ਤੇਰੀ ਨਿਗਾਹ ਨੂੰ ਵੇਖ ਕੇ ਰਾਗ ਅਲਾਪ ਰਹੀ ਹੈ, ਬੁਲਬੁਲ ਕੁਰਲਾ ਰਹੀ ਹੈ ਅਤੇ ਪੋਸਤ ਦੇ ਫੁੱਲ ਦਾ ਦਿਲ ਜ਼ਖ਼ਮੀ ਹੋ ਗਿਆ ਹੈ। ਭਾਵ, ਸਾਰੀ ਕੁਦਰਤ ਤੇਰੀ ਅਗੰਮੀ ਸੁੰਦਰਤਾ ਤੋਂ ਪ੍ਰਭਾਵਤ ਹੈ।

ਸੋਸਨ ਚੂ ਜਾਮਾ ਕਰਦ ਮੁਸ਼ਕੀਨ, ਵ ਸੁੰਬਲ।
ਅਜ਼ ਜ਼ੁਲਫ਼ਤਿ ਪਰੇਸ਼ਾਂਅ, ਅਜ਼ ਨਿਗਾਹਿ ਤੋ ॥੩॥

ਸ਼ਬਦਾਰਥ : ਮੁਸ਼ਕੀਨ—ਮੁਸ਼ਕੀ ਰੰਗ ਦੀ, ਕਾਲੀ। ਸੁੰਬਲ—ਲੰਬਾ ਲੰਬਾ ਘਾਹ।

ਅਰਥ : ਤੇਰੀ ਨਿਗਾਹ ਨੂੰ ਵੇਖ ਕੇ ਸੋਸਨ ਵਰਗੇ ਚਿੱਟੇ ਫੁੱਲ ਨੇ ਆਪਣੀ ਪੋਸ਼ਾਕ ਕਾਲੀ ਕਰ ਲਈ ਅਤੇ ਤੇਰੀ ਜ਼ੁਲਫ਼ ਨੂੰ ਵੇਖ ਕੇ ਸੁੰਬਲ ਘਾਹ ਬਹੁਤ ਪ੍ਰੇਸ਼ਾਨ (ਘਬਰਾਇਆ ਹੋਇਆ) ਹੈ (ਤੇਰੇ ਕੇਸ ਸੁੰਬਲ ਘਾਹ ਨਾਲੋਂ ਵਧੇਰੇ ਸੁੰਦਰ ਹਨ)।

ਹਰ ਕਸ ਕਿ ਬ-ਦੀਦ, ਨਰਗਸ ਦੀਦਹ ਤੁਰਾ।
ਹਮਚੂ ਬੁਲਬੁਲ ਸ਼ੁਦਹ ਨਾਲਾਂਅ, ਅਜ਼ ਨਿਗਾਹਿ ਤੋ ॥੪॥

ਸ਼ਬਦਾਰਥ : ਬ-ਦੀਦ—ਵੇਖਿਆ। ਦੀਦਹ—ਨੇਤਰ। ਹਮਚੂ—ਵਾਂਗ। ਸ਼ੁਦਹ ਨਾਲਾਂਅ—ਰੋਣ ਲਗ ਪਿਆ।

ਅਰਥ : ਜਿਸ ਕਿਸੇ ਨੇ ਤੇਰੀ ਨਰਗਸ ਵਰਗੀ ਅੱਖ ਨੂੰ ਵੇਖਿਆ, ਉਹ ਇਸ ਨਿਗਾਹ ਦੇ ਪ੍ਰਭਾਵ ਹੇਠ ਬੁਲਬੁਲ ਵਾਂਗ ਕੂਕਣ ਕੁਰਲਾਣ ਲਗ ਪਿਆ।

ਕੈ ਕੁਨੱਦ 'ਗੋਇਆ', ਹਵਾਏ ਖ਼੍ਵਾਬਿ ਖ਼ੁਰਦ।
ਹਰ ਕਿ: ਖ਼ੁਰਦਹ ਜੁਰਾਅ ਮਸ੍ਤ, ਅਜ਼ ਨਿਗਾਹਿ ਤੋ ॥੫॥

ਸ਼ਬਦਾਰਥ : ਹਵਾ—ਤ੍ਰਿਸ਼ਨਾ, ਲਾਲਸਾ। ਖ਼੍ਵਾਬ—ਸੌਣਾ। ਖ਼ੁਰਦ—ਖਾਣਾ। ਜੁਰਾਅ—ਘੁੱਟ।

ਅਰਥ : ਐ 'ਗੋਇਆ', ਜਿਸ ਕਿਸੇ ਨੇ ਤੇਰੀ ਮਸਤ ਨਿਗਾਹ ਦਾ (ਮਸਤੀ ਭਰਿਆ) ਘੁੱਟ ਭਰਿਆ ਹੈ, ਉਹ ਕਦ ਖਾਣ-ਪੀਣ, ਸੌਣ (ਜ਼ਿੰਦਗੀ ਦੇ ਅਲਪ ਸੁਖਾਂ) ਦੀ ਲਾਲਸਾ ਕਰਦਾ ਹੈ (ਨਹੀਂ ਕਰਦਾ)।

ਵਿਆਖਿਆ

ਇਸ ਗ਼ਜ਼ਲ ਵਿਚ ਭਾਈ ਸਾਹਿਬ ਨੇ ਕਲਗੀਆਂ ਵਾਲੇ ਪ੍ਰੀਤਮ ਦੀ ਉਸ ਜੀਵਨ-ਦਾਤੀ ਤੇ ਮਸਤ ਨਿਗਾਹ ਦਾ ਵਰਣਨ ਕੀਤਾ ਹੈ ਜਿਸ ਉਤੇ ਹੋਰ ਤਾਂ ਹੋਰ, ਪਸ਼ੂ ਪੰਛੀ ਤੇ ਬੇਲ-ਬੂਟੇ ਵੀ ਆਸ਼ਕ ਹਨ।

ਆਪ ਦਸਦੇ ਹਨ ਕਿ ਬੁਲਬੁਲ ਗੁਰਦੇਵ ਦੀ ਮਖ਼ਮੂਰ ਨਿਗਾਹ ਨੂੰ ਵੇਖ ਕੇ ਗੁਲਾਬ ਦੇ ਫੁੱਲ ਨੂੰ ਭੁਲ ਗਈ ਅਤੇ ਹਿਰਨ, ਜਿਸ ਨੂੰ ਆਪਣਿਆਂ ਨੈਣਾਂ ਉਤੇ ਬੜਾ ਮਾਣ ਸੀ, ਹਾਰ ਮੰਨ ਕੇ ਉਜਾੜ ਵਲ ਨੱਸ ਗਿਆ। ਏਸੇ ਤਰ੍ਹਾਂ, ਹੋਰ ਪੰਛੀਆਂ, ਬੇਲ-ਬੂਟਿਆਂ ਦਾ ਜ਼ਿਕਰ ਕਰਦੇ ਹੋਏ ਗ਼ਜ਼ਲ ਦੇ ਅੰਤਲੇ ਸ਼ੇਅਰ ਵਿੱਚ ਲਿਖਦੇ ਹਨ ਕਿ ਕਿਸ ਕਿਸ ਦੀ ਗਿਣਤੀ ਕੀਤੀ ਜਾਵੇ; ਜਿਸ ਕਿਸੇ ਨੇ ਵੀ ਤੇਰੀ (ਨਾਮ-ਖ਼ੁਮਾਰੀ ਨਾਲ) ਮਸਤ ਨਿਗਾਹ ਦੇ ਨਸ਼ੇ ਦਾ ਘੁੱਟ ਭਰਿਆ ਹੈ, ਉਹ ਫੇਰ ਜ਼ਿੰਦਗੀ ਦੇ ਅਲਪ ਸੁਖਾਂ ਦੀ ਮ੍ਰਿਗ-ਤ੍ਰਿਸ਼ਨਾ ਵਿੱਚ ਫਸਣੋਂ ਰਿਹਾ।

ਗ਼ਜ਼ਲ ਨੰਬਰ ੬੨

ਸਾਕੀ, ਮਰਾ ਤੋ, ਜੁੱਰਾ-ਇ ਜਾਂ ਇਸ਼ਤਿਆਕ, ਦੇਹ।
ਤਾ ਰੂਏ ਤੋ ਬੀਨਮ, ਦੂਰੀ ਫ਼ਰਾਕ ਦੇਹ॥੧॥

ਦਰ ਹਰ ਤਰਫ਼ ਬੀਨਮ, ਚੂੰ ਰੁਖ਼ਿ ਤੁਰਾ ਮੁਦਾਮ।
ਬਾ ਦਿਲ ਮਰਾ ਖ਼ਲਾਸੀ, ਅਜ਼ ਅਫ਼ਤਰਾਕ ਦਿਹ॥੨॥

ਚੂੰ ਬੇ ਤੋ ਹੇਚ ਨੇਸ੍ਤ, ਚੂੰ ਬੀਨੇਮ ਬ-ਹਰ ਕੁਜਾਸ੍ਤ।
ਤਾ ਦੀਦਹ ਓ ਦਿਲਿ ਮਰਾ, ਤੋ ਇੱਤਫ਼ਾਕ਼ ਦੇਹ॥੩॥

ਚੂੰ ਸਾਫ਼ ਗ਼ਸ਼੍ਤ ਆਈਨਾ-ਇ ਦਿਲ, ਅਜ਼ ਸਵਾਦਿ ਗ਼ਮ।
ਬਾ ਵਸਲ ਖ਼ੁਦ-ਨੁਮਾਈ, ਰਿਹਾਈ ਜ਼ਿ ਬਾਕ ਦਿਹ॥੪॥

'ਗੋਇਆ' ਬ-ਹਰ ਕੁਜਾ, ਕਿ ਬ-ਬੀਨਮ ਜਮਾਲਿ ਤੋ।
ਤਾ ਦਿਲਿ ਮਰਾ ਖ਼ਲਾਸੀਏ, ਅਜ਼ ਦਰਦਨਾਕ ਦਿਹ॥੫॥

ਪੰਜਾਬੀ ਕਾਵਿ ਅਨੁਵਾਦ

੧. ਘੁੱਟ ਅੰਮ੍ਰਿਤ ਦਾ ਦੇਵੀਂ ਸਾਕੀ, ਰੂਹ ਖਿੜੇ ਜੋ ਮੇਰਾ।
ਹਿਜਰ ਅਸਾਡਾ ਰਹੇ ਦੁਰਾਡਾ, ਤੱਕਾਂ ਮੁਖੜਾ ਤੇਰਾ, ਹੂ।

੨. ਹਰ ਥਾਂ ਮੈਨੂੰ ਨਜ਼ਰੀਂ ਆਵੇ, ਤੇਰੀ ਸੂਰਤ ਸਾਈਂ।
ਬ੍ਰਿਹਾ-ਚੀਸੋਂ, ਸਤਿਗੁਰ ਦਾਤਾ, ਮੈਨੂੰ ਮੁਕਤ ਕਰਾਈਂ, ਹੂ।

੩. ਤੇਰੇ ਬਾਝੋਂ ਜਦ ਹਰ ਪਾਸੇ, ਨੈਣਾਂ ਹੋਰ ਨਾ ਜਾਤਾ।
ਤਾਂ ਫਿਰ ਦਿਲ ਨੂੰ ਅੱਖਾਂ ਵਾਂਙੂ, ਸੂਝ ਬਖ਼ਸ਼ ਦੇ ਦਾਤਾ, ਹੂ।

੪. ਦਾਗ਼ ਗ਼ਮਾਂ ਦਾ ਦਿਲ-ਸ਼ੀਸ਼ੇ ਤੋਂ, ਜਦ ਹੈ ਮਿਟਿਆ ਸਾਰਾ।
ਦਾਤ ਵਸਲ ਦੀ ਦੇ ਕੇ ਮੈਨੂੰ, ਭੈ ਤੋਂ ਦਈਂ ਛੁਟਕਾਰਾ, ਹੂ।

੫. ਗੋਇਆ ਨੂੰ ਜਦ ਹਰ ਥਾਂ ਦਿੱਸੇ, ਜਲਵਾ ਤੇਰਾ ਸਾਈਂ।
ਦਿਲ ਉਸ ਦਾ ਤੂੰ ਦੁੱਖਾਂ ਪਾਸੋਂ, ਦਾਤਾ ਆਣ ਛਡਾਈਂ, ਹੂ।

ਸਾਕੀ, ਮਰਾ ਤੋ, ਜੁੱਰਾ-ਇ ਜਾਂ ਇਸ਼ਤਿਆਕ, ਦੇਹ।
ਤਾ ਰੂਏ ਤੋ ਬੀਨਮ, ਦੂਰੀ ਫ਼ਰਾਕ ਦੇਹ ॥੧॥

ਸ਼ਬਦਾਰਥ : ਸਾਕੀ—ਸ਼ਰਾਬ ਪਿਲਾਵਣ ਵਾਲਾ (ਏਥੇ ਭਾਵ ਨਾਮ-ਖ਼ੁਮਾਰੀ ਬਖ਼ਸ਼ਣ ਵਾਲਾ ਸਤਿਗੁਰੂ)। ਜੁੱਰਾ—ਘੁੱਟ। ਇਸ਼ਤਿਆਕ—ਸ਼ੌਕ। ਫ਼ਰਾਕ—ਵਿਛੋੜਾ।

ਅਰਥ : ਹੇ ਸਾਕੀ (ਮੁਰਸ਼ਦ), ਮੈਨੂੰ ਰੂਹ (ਜਾਨ) ਨੂੰ ਵਧਾਉਣ ਵਾਲਾ ਇਕ ਘੁੱਟ (ਮਾਰਫ਼ਤ ਦੀ ਸ਼ਰਾਬ ਦਾ ਦੇ), ਤਾਂ ਜੁ ਤੇਰੇ ਮੁਖ ਨੂੰ ਵੇਖ ਸਕਾਂ ਅਤੇ ਵਿਛੋੜਾ ਦੂਰ ਹੋ ਜਾਵੇ।

ਦਰ ਹਰ ਤਰਫ਼ ਬੀਨਮ, ਚੂੰ ਰੁਖ਼ਿ ਤੁਰਾ ਮੁਦਾਮ।
ਬਾ ਦਿਲ ਮਰਾ ਖ਼ਲਾਸੀ, ਅਜ਼ ਅਫ਼ਤਰਾਕ ਦਿਹ ॥੨॥

ਸ਼ਬਦਾਰਥ : ਬੀਨਮ—ਮੈਂ ਵੇਖਦਾ ਹਾਂ। ਚੂੰ—ਜਦ। ਮੁਦਾਮ—ਸਦਾ। ਅਫ਼ਤਰਾਕ—ਅੱਡ ਕਰਨਾ, ਜੁਦਾਈ।

ਅਰਥ : ਜਦ ਮੈਂ ਹਰ ਪਾਸੇ ਹਰ ਵੇਲੇ ਤੇਰਾ ਹੀ ਮੁੱਖ ਵੇਖਦਾ ਹਾਂ ਤਾਂ ਤੂੰ ਮੈਨੂੰ ਆਪਣੀ ਜੁਦਾਈ ਅਥਵਾ ਵਖਰੇ-ਪਨ ਦੇ ਅਹਿਸਾਸ ਤੋਂ ਪੂਰਨ ਰਿਹਾਈ ਦੇ ਦੇ (ਤੇ ਫਿਰ ਕਦੀ ਵਿਜੋਗ ਨਾ ਵਿਆਪੇ)।

ਚੂੰ ਬੇ ਤੋ ਹੇਚ ਨੇਸ੍ਰ, ਚੂੰ ਬੀਨੇਮ ਬ-ਹਰ ਕੁਜਾਸ੍ਰ।
ਤਾ ਦੀਦਹ ਓ ਦਿਲਿ ਮਰਾ, ਤੋ ਇੱਤਫ਼ਾਕ਼ ਦੇਹ ॥੩॥

ਸ਼ਬਦਾਰਥ : ਬੇ ਤੋ—ਤੇਰੇ ਬਗ਼ੈਰ। ਹੇਚ—ਹੋਰ। ਬੀਨੇਮ—ਅਸੀਂ ਵੇਖਦੇਂ ਹਾਂ। ਕੁਜਾਸ੍ਰ—ਜਿਥੇ ਕਿਥੇ ਵੀ। ਇੱਤਫ਼ਾਕ਼—ਏਕਤਾ।

ਅਰਥ : ਜਦ ਤੇਰੇ ਤੋਂ ਬਗ਼ੈਰ ਕੁਝ ਵੀ ਮੌਜੂਦ ਨਹੀਂ, ਅਤੇ ਜਦ ਅਸੀਂ ਤੈਨੂੰ ਹਰ ਪਾਸੇ ਵੇਖਦੇ ਹਾਂ ਤਾਂ ਫਿਰ ਮੇਰੀਆਂ ਅੱਖਾਂ ਤੇ ਦਿਲ ਨੂੰ ਏਕਤਾ ਦੀ ਸਾਂਝ ਬਖ਼ਸ਼ ਦੇ।

ਚੂੰ ਸਾਫ਼ ਗ਼ਸ਼੍ਰ ਆਈਨਾ-ਇ ਦਿਲ, ਅਜ਼ ਸਵਾਦਿ ਗ਼ਮ।
ਬਾ ਵਸਲ ਖ਼ੁਦ-ਨੁਮਾਈ, ਰਿਹਾਈ ਜ਼ਿ ਬਾਕ ਦਿਹ ॥੪॥

ਸ਼ਬਦਾਰਥ : ਸਵਾਦ—ਕਾਲਖ। ਖ਼ੁਦ-ਨਮਾਈ—ਵਿਖਾ (ਆਪਣਾ ਆਪ)। ਬਾਕ—ਡਰ।

ਅਰਥ : ਜਦ ਦਿਲ ਦਾ ਸ਼ੀਸ਼ਾ ਗ਼ਮ ਦੀ ਕਾਲਖ ਤੋਂ ਸਾਫ਼ ਹੋ ਗਿਆ (ਤਦ) ਆਪਣਾ ਵਸਲ (ਮਿਲਾਪ) ਸਾਨੂੰ ਬਖ਼ਸ਼ ਦੇ ਤੇ ਡਰ ਤੋਂ ਛੁਟਕਾਰਾ ਕਰ ਦੇ।

'ਗੋਇਆ' ਬ-ਹਰ ਕੁਜਾ, ਕਿ ਬ-ਬੀਨਮ ਜਮਾਲਿ ਤੋ।
ਤਾ ਦਿਲਿ ਮਰਾ ਖ਼ਲਾਸੀਏ, ਅਜ਼ ਦਰਦਨਾਕ ਦਿਹ ॥੫॥

ਸ਼ਬਦਾਰਥ : ਬ-ਹਰ ਕੁਜਾ—ਹਰ ਪਾਸੇ। ਬ-ਬੀਨਮ—ਮੈਂ ਵੇਖਦਾ ਹਾਂ। ਜਮਾਲ—ਸੁੰਦਰਤਾ। ਖ਼ਲਾਸੀ—ਛੁਟਕਾਰਾ। ਅਜ਼—ਤੋਂ।

ਅਰਥ : ਹੇ 'ਗੋਇਆ', ਜਦ ਮੈਂ ਹਰ ਪਾਸੇ ਤੇਰਾ ਹੀ ਜਮਾਲ (ਸੁੰਦਰਤਾ) ਵੇਖਦਾ ਹਾਂ, ਤੂੰ ਮੇਰੇ ਦਿਲ ਨੂੰ ਭਿਆਨਕ ਦੁੱਖਾਂ ਤੋਂ ਬਚਾ ਲੈ।

ਵਿਆਖਿਆ

ਭਾਈ ਸਾਹਿਬ ਦੀ ਇਸ ਰਚਨਾ ਵਿੱਚ ਗੁਰੂ-ਸਾਕ਼ੀ ਵਲੋਂ ਨਾਮ ਦੀ ਮੈ (ਨਾਮ ਦੀ ਸ਼ਰਾਬ) ਅਤੇ ਇਸ ਨੂੰ ਪੀ ਕੇ ਝੂਮ ਉੱਠਣ ਵਾਲੇ ਬ੍ਰਹਮ-ਗਿਆਨੀ ਸਿੱਖਾਂ ਦਾ ਜ਼ਿਕਰ ਹੈ। ਨਾਮ ਦੇ ਨਸ਼ੇ ਤੋਂ ਪ੍ਰਾਪਤ ਹੋਈ ਖ਼ੁਮਾਰੀ, ਵਿਸਮਾਦ, 'ਵਾਹੁ' ਦਾ ਆਲਮ, ਜੋ ਅਸਲ ਵਿੱਚ ਵਾਹਿਗੁਰੂ ਦਾ ਮੁਕਾਮ ਹੈ, ਵਿੱਚ ਪਰਵੇਸ਼ ਕਰਾਉਂਦੀ ਹੈ। ਹਜ਼ੂਰੀ ਦੀ ਇਸ ਅਵਸਥਾ ਵਿੱਚ ਹਰ ਪਾਸੇ ਵਾਹਿਗੁਰੂ ਦਾ ਜਲਵਾ ਤੇ ਨੂਰ ਹੀ ਨੂਰ ਦਿਸ ਆਉਂਦਾ ਹੈ ਅਤੇ ਹਉਮੈ ਦਾ ਪੂਰਨ ਅਭਾਵ ਹੋ ਕੇ ਸਦੀਵੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਪ੍ਰੀਤਮ ਦੀ ਇਸ ਗਲਵਕੜੀ ਦੀ ਨਿੱਘ ਮਾਨਣ ਵਾਲੇ ਕਰਨੀ ਦੇ ਸੂਰਿਆਂ ਦਾ ਅਨੁਮਾਨ ਗੁਰਦੇਵ ਦੀ ਇਸ ਰਚਨਾ ਤੋਂ ਕੁਝ ਇਸ ਤਰ੍ਹਾਂ ਲੱਗਦਾ ਹੈ

ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ, ਏਹ ਸੁਮਤਿ ਸਾਧੂ ਤੇ ਪਾਈ॥੨॥
ਸਭ ਮਹਿ ਰਵਿ ਰਹਿਆ ਪ੍ਰਭ ਏਕੈ, ਪੇਖਿ ਪੇਖਿ ਨਾਨਕ ਬਿਗਸਾਈ॥੩॥

(ਕਾਨੜਾ ਮ: ੫, ਪੰਨਾ ੧੨੯੯)

.ਗ਼ਜ਼ਲ ਨੰਬਰ ੬੩

ਬੇਵਫ਼ਾ ਨੇਸ੍ਤ ਕਸੇ, ਗਰ ਤੂੰ ਵਫ਼ਾਦਾਰ ਸ਼ਵੀ।
ਵਕਤ ਆਂਸ੍ਤ ਕਿ: ਬਰ ਵਕਤ, ਖ਼ਬਰਦਾਰ ਸ਼ਵੀ ॥੧॥

ਜਾਂ ਅਗਰ ਹਸ੍ਤ, ਨਸਾਰਿ ਕਦਮਿ ਜਾਨਾਂ ਕੁਨ।
ਦਿਲ ਬ-ਦਿਲਦਾਰ ਬਦਿਹ, ਜ਼ਾਂ ਕਿ: ਤੋ ਦਿਲਦਾਰ ਸ਼ਵੀ ॥੨॥

ਮੰਜ਼ਲਿ ਇਸ਼ਕ ਦਰਾਜ਼ ਅਸ੍ਤ, ਬ-ਪਾ ਨ-ਤਵਾਂ ਰਫ਼੍ਤ।
ਸਰ ਕਦਮ ਸਾਜ਼, ਕਿ: ਤਾ ਦਰ ਰਹਿ ਆਂ ਯਾਰ ਸ਼ਵੀ ॥੩॥

ਗੁਫ਼ਤਗੂਏ ਹਮਾ ਕਸ ਦਰ ਇਦਰਾਕਿ ਖ਼ੁਦ ਅਸ੍ਤ।
ਲਬ ਫ਼ਰੋਬੰਦ, ਕਿ: ਤਾ ਮਹਰਮਿ ਇਸਰਾਰ ਸ਼ਵੀ ॥੪॥

ਮੇ ਫ਼ਰੋਸ਼ਦ ਦਿਲਿ ਦੀਵਾਨਾ-ਇ ਖ਼ੁਦ ਰਾ, 'ਗੋਇਆ'।
ਬ-ਉਮੀਦਿ ਕ਼ਰਮਿ ਆਂ, ਕਿ: ਖ਼ਰੀਦਾਰ ਸ਼ਵੀ ॥੫॥

ਪੰਜਾਬੀ ਕਾਵਿ ਅਨੁਵਾਦ

੧. ਵਫ਼ਾਦਾਰ ਜੇ ਪ੍ਰੀਤਮ ਥੀਵੇ, ਦਗ਼ਾ ਨ ਦੇਵੇ ਕੋਈ।
ਸਾਵਧਾਨ ਜੋ ਹੋਇ ਸਮੇਂ ਸਿਰ, ਬੰਦਾ ਕਹੀਏ ਸੋਈ, ਹੂ।

੨. ਜਿੰਦੜੀ ਉਸ ਦੇ ਕਦਮਾਂ ਉੱਤੋਂ, ਸਦਕੇ ਕਰ ਦਿਲਦਾਰਾ।
ਦਿਲਬਰ ਨੂੰ ਦਿਲ ਦੇ ਕੇ ਬੀਬਾ, ਹੋ ਜਾ ਉਸ ਦਾ ਪਿਆਰਾ, ਹੂ।

੩. ਪੈਰੀਂ ਤੁਰ ਕੇ ਪੰਧ ਇਸ਼ਕ ਦਾ, ਮੁੱਕਣ ਵਿੱਚ ਨਾ ਆਵੇ।
ਦਰ ਦਾਤੇ ਦੇ ਓਹੋ ਪੁੱਜੇ, ਜੋ ਸਿਰ, ਪੈਰ ਬਣਾਵੇ, ਹੂ।

੪. ਹਰ ਬੰਦੇ ਦੀ ਗੱਲ ਵਿੱਚ ਮਿੱਤਰਾ, ਹੁੰਦੀ ਕੋਈ ਦਾਨਾਈ।
ਭੇਤੀ ਜੇ ਤੂੰ ਹੋਣਾ ਚਾਹਵੇਂ, ਬੋਲ ਨ ਬਹੁਤਾ ਭਾਈ, ਹੂ।

੫. ਵੇਚਣ ਖ਼ਾਤਰ ਦਿਲ ਮਸਤਾਨਾ, ਪੇਸ਼ 'ਗੋਇਆ' ਨੇ ਕੀਤਾ।
ਏਸ ਆਸ ਤੇ ਕਰਮ ਸਹਾਰੇ, ਗੁਰੂ ਖਰੀਦੂ, ਮੀਤਾ, ਹੂ।

ਬੇਵਫ਼ਾ ਨੇਸ੍ਤ ਕਸੇ, ਗਰ ਤੂੰ ਵਫ਼ਾਦਾਰ ਸ਼ਵੀ।
ਵਕਤ ਆਂਸ੍ਤ ਕਿ: ਬਰ ਵਕਤ, ਖ਼ਬਰਦਾਰ ਸ਼ਵੀ॥੧॥

ਸ਼ਬਦਾਰਥ : ਸ਼ਵੀ—ਹੋਵੇਂ। ਆਂਸ੍ਤ—ਆਂ+ਅਸ੍ਤ—ਉਹ ਹੈ, ਐਸਾ ਹੈ। ਬਰ ਵਕਤ—ਸਮੇਂ ਸਿਰ। ਵਫ਼ਾਦਾਰ—ਭਰੋਸੇ ਯੋਗ, ਸਹਾਈ, ਮਿੱਤਰ।

ਅਰਥ : (ਹੇ ਪ੍ਰੀਤਮ, ਸਤਿਗੁਰੂ !) ਜੇ ਤੂੰ ਵਫ਼ਾਦਾਰ (ਮਿੱਤਰ) ਹੋਵੇਂ ਤਾਂ ਕੋਈ ਬੇਵਫ਼ਾ ਨਹੀਂ ਹੈ (ਭਾਵ, ਤਾਂ ਸਾਰੇ ਮਿੱਤਰ ਹਨ)। ਸਮਾਂ ਅਜਿਹਾ ਹੈ ਜੋ ਤੂੰ ਸਮੇਂ ਸਿਰ ਸੁਚੇਤ ਹੋ ਜਾਵੇਂ। ਭਾਵ, ਇਸ ਸਮੇਂ ਸਾਡੀ ਅਜਿਹੀ ਦਸ਼ਾ ਹੈ ਜੁ ਤੇਰੀ ਸਹਾਇਤਾ—ਬਖ਼ਸ਼ਿਸ਼—ਦੀ ਲੋੜ ਹੈ।

ਜਾਂ ਅਗਰ ਹਸ੍ਤ, ਨਸਾਰਿ ਕਦਮਿ ਜਾਨਾਂ ਕੁਨ।
ਦਿਲ ਬ-ਦਿਲਦਾਰ ਬਦਿਹ, ਜ਼ਾਂ ਕਿ: ਤੋ ਦਿਲਦਾਰ ਸ਼ਵੀ॥੨॥

ਸ਼ਬਦਾਰਥ : ਨਸਾਰ—ਸਦਕੇ, ਕੁਰਬਾਨ। ਬ-ਦਿਲਦਾਰ—ਪਿਆਰੇ ਨੂੰ। ਬਦਿਹ—ਦੇਹ, ਅਰਪਣ ਕਰ। ਦਿਲਦਾਰ—ਪਿਆਰਾ, ਮਹਬੂਬ।

ਅਰਥ : ਜੇ ਜ਼ਿੰਦਗੀ ਹੈ (ਤਾਂ ਉਸ ਨੂੰ) ਮਿੱਤਰ ਦੇ ਚਰਨਾਂ ਤੋਂ ਕੁਰਬਾਨ ਕਰ ਦੇ। (ਆਪਣਾ) ਦਿਲ ਪਿਆਰੇ ਨੂੰ ਅਰਪਣ ਕਰ ਦੇ ਤਾਂ ਜੁ ਤੂੰ (ਆਪ) ਪਿਆਰਾ ਹੋ ਜਾਵੇਂ। ('ਦਿਲੇ ਆਸ਼ਕ, ਬਅੰਦਕ ਫ਼ੁਰਸਤੇ, ਮਾਸ਼ੂਕ ਮੇ ਗਰਦਦ' ਦੇ ਖ਼ਿਆਲ ਨੂੰ ਫੇਰ ਬਿਆਨ ਕੀਤਾ ਹੈ)।

ਮੰਜ਼ਲਿ ਇਸ਼ਕ ਦਰਾਜ਼ ਅਸ੍ਤ, ਬ-ਪਾ ਨ-ਤਵਾਂ ਰਫ਼ਤ।
ਸਰ ਕਦਮ ਸਾਜ਼, ਕਿ: ਤਾ ਦਰ ਰਹਿ ਆਂ ਯਾਰ ਸ਼ਵੀ॥੩॥

ਸ਼ਬਦਾਰਥ : ਮੰਜ਼ਲ—ਪੰਧ। ਦਰਾਜ਼—ਲੰਮਾ, ਦੁਰਾਡਾ। ਬ-ਪਾ—ਪੈਰਾਂ ਨਾਲ। ਨ+ਤਵਾਂ+ਰਫ਼ਤ—ਚਲਣ ਦੀ ਸ਼ਕਤੀ ਨਹੀਂ, ਨਹੀਂ ਜਾ ਸਕੀਦਾ। ਸਾਜ਼—ਬਣਾ।

ਅਰਥ : ਪਿਆਰ ਦਾ ਪੰਧ ਲੰਮਾ ਹੈ, ਪੈਰਾਂ ਨਾਲ ਨਹੀਂ ਜਾ ਸਕੀਦਾ, (ਇਸ ਲਈ) ਸਿਰ ਨੂੰ ਪੈਰ ਬਣਾ ਤਾਂ ਜੁ ਉਸ ਮਿੱਤਰ ਦੇ ਰਸਤੇ ਵਿੱਚ ਜਾਵੇਂ (ਜਾ ਸਕੇਂ)।

ਗੁਫ਼ਤਗੂਏ ਹਮਾ ਕਸ ਦਰ ਇਦਰਾਕਿ ਖ਼ੁਦ ਅਸ੍ਤ।
ਲਬ ਫ਼ਰੋਬੰਦ, ਕਿ: ਤਾ ਮਹਰਮਿ ਇਸਰਾਰ ਸ਼ਵੀ॥੪॥

ਸ਼ਬਦਾਰਥ : ਹਮਾ ਕਸ—ਸਾਰੇ ਬੰਦੇ। ਇਦਰਾਕ—ਸਿਆਣਪ। ਲਬ—ਬੁਲ੍ਹ, ਮੂੰਹ। ਫ਼ਰੋ—ਥੋੜਾ, ਘਟ। ਮਹਰਮ—ਭੇਤੀ, ਵਾਕਫ਼।

ਅਰਥ : ਸਾਰੇ ਬੰਦਿਆਂ ਦੀ ਗੱਲ ਬਾਤ ਆਪਣੇ ਆਪ (ਆਪਣੀ ਜ਼ਾਤ) ਵਿੱਚ ਸਿਆਣਪ ਹੈ। ਮੂੰਹ ਬੰਦ ਰੱਖ, ਤਾਂ ਜੁ ਤੂੰ ਭੇਦ ਦਾ ਭੇਤੀ ਹੋਵੇਂ। (ਭਾਵ, ਜੇ ਤੂੰ ਕੁਝ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਜਰ ਕੇ ਰਹੁ)।

ਮੇ ਫ਼ਰੋਸ਼ਦ ਦਿਲਿ ਦੀਵਾਨਾ-ਇ ਖ਼ੁਦ ਰਾ, 'ਗੋਇਆ'।
ਬ-ਉਮੀਦਿ ਕ਼ਰਮਿ ਆਂ, ਕਿ: ਖ਼ਰੀਦਾਰ ਸ਼ਵੀ ॥੫॥

ਸ਼ਬਦਾਰਥ : ਮੇ ਫ਼ਰੋਸ਼ਦ—ਵੇਚਦਾ ਹੈ। ਕ਼ਰਮ—ਮਿਹਰ, ਬਖ਼ਸ਼ਸ਼। ਬ-ਉਮੀਦ—ਆਸ ਨਾਲ, ਉਤੇ। ਦਿਲਿ ਦੀਵਾਨਾ-ਇ ਖ਼ੁਦ—ਆਪਣਾ ਦੀਵਾਨਾ ਦਿਲ। ਰਾ—ਨੂੰ।

ਅਰਥ : 'ਗੋਇਆ' ਮੈਂ ਆਪਣੇ ਮਸਤਾਨੇ ਦਿਲ ਨੂੰ ਵੇਚਦਾ ਹਾਂ, ਤੇਰੀ ਉਸ ਬਖ਼ਸ਼ਸ਼ ਦੀ ਆਸ ਉਤੇ ਕਿ ਤੂੰ (ਇਸ ਦੀਵਾਨੇ ਦਿਲ ਦਾ) ਗਾਹਕ ਹੋਵੇਂਗਾ (ਭਾਵ, ਮੈਂ ਆਪਣੇ ਪਿਆਰ ਵਿੱਚ ਝੱਲੇ ਹੋਏ ਦਿਲ ਨੂੰ ਤੇਰੀ ਭੇਟ ਕਰਦਾ ਹਾਂ, ਤੂੰ ਮਿਹਰ ਕਰ ਕੇ ਕਬੂਲ ਕਰ ਲੈ)।

ਵਿਆਖਿਆ

ਸਿਆਣਿਆਂ ਦਾ ਕਥਨ ਹੈ ਕਿ ਦਿਲਾਂ ਨੂੰ, ਦਿਲਾਂ ਦਾ ਰਾਹ ਹੁੰਦਾ ਹੈ। ਮਨੋ-ਵਿਗਿਆਨ ਇਥੋਂ ਤੱਕ ਸਿੱਧ ਕਰਦੀ ਹੈ ਕਿ ਮਨ, ਨਾ ਕੇਵਲ ਦੂਜੇ ਮਨ ਉਤੇ ਹੀ ਪ੍ਰਭਾਵ ਪਾ ਸਕਦਾ ਹੈ; ਸਗੋਂ, ਹੋਰ ਨਿਰਜੀਵ ਵਸਤਾਂ ਉੱਤੇ ਵੀ। ਸ਼ਰਤ ਕੇਵਲ ਇਹ ਹੈ ਕਿ ਮਨ ਦਾ ਖਿੰਡਾਉ ਰੋਕ ਕੇ ਇਸ ਦੀਆਂ ਸ਼ਕਤੀਆਂ ਨੂੰ ਇੱਕ ਨੁਕਤੇ ਉਤੇ ਕੇਂਦਰਿਤ ਕਰ ਦਿੱਤਾ ਜਾਵੇ। ਖ਼ਿਆਲ ਦੀ ਇਸ ਸ਼ਕਤੀ ਨੂੰ ਇਕ ਸ਼ਾਇਰ ਨੇ ਇਉਂ ਵਡਿਆਇਆ ਹੈ

ਰਹੇਗੀ ਆਬੋ ਹਵਾ ਮੇਂ, ਖ਼ਿਆਲ ਕੀ ਸ਼ਕਤੀ।
ਯੇ ਮੁਸ਼ਤਿ ਖ਼ਾਕ ਹੈ ਫ਼ਾਨੀ, ਰਹੇ, ਰਹੇ, ਨ ਰਹੇ।

ਗੁਰਦੇਵ, ਮਨ ਦੀ ਇਸ ਸਮਰੱਥਾ ਦਾ ਜ਼ਿਕਰ ਕਰਦੇ ਹੋਏ ਫ਼ੁਰਮਾਉਂਦੇ ਹਨ :

ਇਹੁ ਮਨੁ ਸਕਤੀ ਇਹੁ ਮਨੁ ਸੀਉ॥ ਇਹੁ ਮਨੁ ਪੰਚ ਤਤ ਕੋ ਜੀਉ॥
(ਗਉੜੀ ਕਬੀਰ, ਪੰਨਾ ੩੪੨)

ਮਨੁੱਖੀ ਮਨ ਦੀ, ਦੂਜੇ ਮਨਾਂ ਵਿੱਚ ਚੰਗੀ ਮੰਦੀ ਸ਼ਕਤੀ ਪੈਦਾ ਕਰਨ ਦੀ ਸਮਰੱਥਾ ਦਾ ਭੇਦ ਇਸ ਹਕ਼ੀਕਤ ਵਿੱਚ ਹੈ ਕਿ ਸਾਰੇ ਮਨਾਂ ਦਾ ਅਸਲਾ ਇੱਕ ਹੈ। ਹਰੇਕ ਮਨ ਜੋਤਿ ਸਰੂਪ ਹੈ

ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ॥ *(ਆਸਾ ਮ: ੩, ਪੰਨਾ ੪੪੧)*

ਏਸੇ ਲਈ

ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥
(ਸੁਖਮਨੀ ਸਾਹਿਬ, ਪੰਨਾ ੨੬੬)

ਵਾਲੀ ਬਿਰਤੀ ਹਰ ਪਾਸੇ ਸੱਜਣ ਤੇ ਮਿੱਤਰ ਪੈਦਾ ਕਰਦੀ ਹੈ। Love begets love (ਪਿਆਰ ਤੋਂ ਪਿਆਰ ਉਪਜਦਾ ਹੈ) ਅਤੇ ਵਫ਼ਾਦਾਰੀ, ਸਿਦਕ ਤੇ ਭਰੋਸੇ ਤੋਂ ਇਨ੍ਹਾਂ ਗੁਣਾਂ ਦੀ ਜਾਗ ਲਗਦੀ ਹੈ। ਇਕ ਅੰਗਰੇਜ਼ ਕਵੀ ਦੀ ਬਹੁਮੁੱਲੀ ਰਚਨਾ ਹੈ

Give love, and love to your heart will flow.
A strength in your utmost need,
Have faith, and   of men

੧. ਮੁਸ਼ਤਿ ਖ਼ਾਕ ਮਿੱਟੀ ਦੀ ਮੁੱਠ, ਸਰੀਰ।

Will show their faith, in your word and deed.

(ਤੁਸੀਂ ਪਿਆਰ ਵੰਡੋ ਅਤੇ ਇਸ ਦੇ ਫਲ-ਸਰੂਪ ਪਿਆਰ ਦੀ ਨਦੀ ਤੁਹਾਡੇ ਦਿਲ ਵਲ ਵੱਗ ਤੁਰੇਗੀ। ਇਹੀ ਪਿਆਰ ਲੋੜ ਸਮੇਂ ਤੁਹਾਡੇ ਅੰਦਰ ਸ਼ਕਤੀ ਦਾ ਇੱਕ ਅਮੁੱਕ ਭੰਡਾਰ ਬਣ ਜਾਵੇਗਾ। ਦੂਜਿਆਂ ਉਤੇ ਭਰੋਸਾ ਕਰੋ ਤਾਂ ਜੁ ਉਹ ਵੀ ਤੁਹਾਡੇ ਉਤੇ ਵਿਸ਼ਵਾਸ ਕਰਨ)।

ਦੁਨੀਆ ਦੇ ਬਹੁਤੇ ਲੋਕ ਨੇਕੀ, ਵਫ਼ਾ, ਪਿਆਰ ਤੇ ਭਰੋਸੇ ਦੇ ਗੁਣ, ਪਹਿਲਾਂ ਆਪਣੇ ਅੰਦਰ ਪੈਦਾ ਕਰਨ, ਕਮਾਉਣ ਤੇ ਵੰਡਣ ਦੀ ਥਾਂ, ਦੂਜਿਆਂ ਨੂੰ ਇਨ੍ਹਾਂ ਗੁਣਾਂ ਦੇ ਧਾਰਨੀ ਹੋਣ ਦਾ ਉਪਦੇਸ਼ ਦਿੰਦੇ ਹਨ। ਐਸੇ ਬਾਤੂਨੀ (ਚੁੰਚ ਗਿਆਨੀ) ਲੋਕ ਭੋਲੇ ਭਾਲੇ ਲੋਕਾਂ ਨੂੰ ਕੁਝ ਸਮੇਂ ਲਈ ਟਪਲੇ ਵਿਚ ਰੱਖਣ ਤੋਂ ਵੱਧ ਹੋਰ ਕੁਝ ਨਹੀਂ ਸਵਾਰਦੇ। ਸਫਲ ਸੁਧਾਰ ਸਦਾ ਆਪਣੇ ਆਪ ਤੋਂ ਅਰੰਭ ਹੁੰਦਾ ਹੈ। ਵੇਖੋ, ਗੁਰਦੇਵ ਕਿਤਨੀ ਸਪੱਸ਼ਟ ਸੇਧ ਦਿੰਦੇ ਹਨ

ਪ੍ਰਥਮੇ ਮਨੁ ਪਰਬੋਧੈ ਅਪਨਾ, ਪਾਛੈ ਅਵਰ ਰੀਝਾਵੈ॥ *(ਆਸਾ ਮ: ੫, ਪੰਨਾ ੩੮੧)*

ਐਸੇ ਮਨੋ-ਵਿਗਿਆਨ ਨੂੰ ਹੀ ਇਸ ਗ਼ਜ਼ਲ ਵਿਚ ਦ੍ਰਿੜ੍ਹ ਕਰਾਇਆ ਗਿਆ ਹੈ। ਭਾਈ ਸਾਹਿਬ ਫ਼ੁਰਮਾਉਂਦੇ ਹਨ ਕਿ ਜੇ ਤੂੰ ਆਪ ਵਫ਼ਾਦਾਰ ਹੋਵੇਂ ਤਾਂ ਫੇਰ ਕੋਈ ਤੇਰੇ ਨਾਲ ਬੇਵਫ਼ਾਈ ਨਹੀਂ ਕਰੇਗਾ। ਦਿਲ ਪ੍ਰਿਯ ਮਿੱਤਰ ਦੇ ਹਵਾਲੇ ਕਰ ਦੇ। ਫੇਰ, ਤੂੰ ਪ੍ਰੀਤਮ ਤੇ ਉਹ ਤੇਰਾ ਪ੍ਰੇਮੀ ਹੋ ਜਾਵੇਗਾ। ਆਸ਼ਕ ਮਾਸ਼ੂਕ ਤੇ ਮਾਸ਼ੂਕ ਆਸ਼ਕ ਵਿਚ ਬਦਲ ਜਾਣਗੇ। ਭਾਵ, ਸਾਰੇ ਅੰਤਰ ਮਿੱਟ ਜਾਣਗੇ।

ਪਰੰਤੂ, ਮਨ ਸਤਿਗੁਰਾਂ ਦੇ ਪਾਸ ਵੇਚਣਾ ਤੇ ਦਿਲਾਂ ਦੇ ਸੌਦੇ ਕਰ ਕੇ ਪੁਗਾਣੇ ਕੋਈ ਬੱਚਿਆਂ ਦੀ ਖੇਡ ਨਹੀਂ। ਭਾਈ ਸਾਹਿਬ ਪ੍ਰੀਤ-ਮਾਰਗ ਦੇ ਪਾਂਧੀ ਨੂੰ ਸੂਚਤ ਕਰਦੇ ਹਨ ਕਿ ਇਸ਼ਕ ਦਾ ਪੈਂਡਾ ਬੜਾ ਲੰਮਾ ਤੇ ਬਿਖੜਾ ਹੈ। ਏਥੇ ਪਹਿਲਾ ਕਦਮ ਹੀ ਸੂਲੀ 'ਤੇ ਟਿਕਾਣਾ ਪੈਂਦਾ ਹੈ। ਤੂੰ ਸਿਰ ਨੂੰ ਪੈਰ ਬਣਾ, ਤਾਂ ਜੁ ਯਾਰ ਦੇ ਦਰ ਤਕ ਜਾ ਸਕੇਂ। ਮੂੰਹ ਨੂੰ ਬੰਦ ਰੱਖ ਕੇ ਕਥਨੀ ਦੀ ਥਾਂ ਕਰਨੀ ਦੇ ਮੈਦਾਨ ਵਿਚ ਕੁੱਦ। ਤਾਂ ਹੀ, ਤੂੰ ਮਿੱਤਰ ਦਾ ਹਮ-ਰਾਜ਼ ਹੋ ਸਕੇਂਗਾ।

ਪਰੰਤੂ, ਪ੍ਰੇਮ ਦੀ ਇਸ ਨਿਆਰੀ ਖੇਡ ਵਿਚ ਇਤਨਾ ਕੁਝ ਹੋ ਜਾਣ ਉਤੇ ਵੀ ਨਿਸਚੇ ਤੇ ਮਾਣ ਨਾਲ ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਸਾਈਂ ਅਵੱਸ਼ ਤੇਰੇ ਉਤੇ ਰੀਝ ਪਵੇਗਾ। ਸੇਵਕ ਦਾ, ਉਸ ਦੇ ਦਰ ਪਰਵਾਨ ਹੋਣਾ, ਤਾਂ ਦਾਤੇ ਦੀ ਮਿਹਰ ਤੇ ਮੌਜ ਦਾ ਸਦਕਾ ਹੈ। ਹੋਵੇ ਵੀ ਕਿਉਂ ਨਾ, ਜਦ ਕਿ ਦਿਲ ਵੇਚਣ ਵਾਲੇ ਤਾਂ ਅਨੇਕ ਹਨ, ਪਰੰਤੂ, ਇਨ੍ਹਾਂ ਦਾ ਖ਼ਰੀਦਾਰ ਕੇਵਲ ਇੱਕ ਓਹੀ ਹੈ। ਚੇਤੇ ਰਹੇ, ਸਿਖ ਨੇ ਪ੍ਰਯਾਸ, ਉੱਦਮ ਕਰਨਾ ਹੈ, ਪਰ ਫਲ ਪ੍ਰਭੂ ਦੀ ਨਦਰ-ਕਰਮ ਉਤੇ ਨਿਰਭਰ ਹੈ, ਜੋ ਓਸੇ ਉੱਤੇ ਹੁੰਦੀ ਹੈ, ਜੋ ਮੁਸ਼ੱਕਤ ਕਰਦਾ ਹੈ। ਨਾਲ ਹੀ ਭਾਈ ਸਾਹਿਬ ਦਿਲਾਸਾ ਦੇ ਰਹੇ ਹਨ ਕਿ ਅਸੀਂ ਗੁਰਦੇਵ ਪ੍ਰੀਤਮ ਦੀ ਸਖ਼ਾਵਤ ਤੇ ਬਖ਼ਸ਼ਸ਼ ਦੀ ਆਸ ਉਤੇ ਹੀ ਆਪਣਾ ਦੀਵਾਨਾ ਦਿਲ ਉਸ ਦੇ ਹਵਾਲੇ ਕਰ ਰਹੇ ਹਾਂ। ਉਹ ਅਵੱਸ਼ ਆਪਣੇ ਪਤਿਤ ਪਾਵਨ ਹੋਣ ਦੇ ਬਿਰਦ ਦੀ ਲਾਜ ਪਾਲੇਗਾ। ਬਸ ਇਹੀ ਧਾਰਨਾ ਹੈ; ਇਹੀ ਜੋਦੜੀ

ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਹੁ ਠਉਰੁ, ਤੁਮਰੇ ਬਿਰਦੁ ਕਰਿ ਆਸਰੋ ਸਮਾਰ ਹੌਂ।
(ਭਾ: ਗੁਰਦਾਸ, ਕਬਿਤ ੫੦੩)

ਰੁਬਾਈਆਂ

ਹਰ ਕਸ ਕਿ ਜ਼ਿ ਸ਼ੌਕਿ ਤੋ, ਕ਼ਦਮ, ਅਜ਼ ਸਰ ਸਾਖ਼ਤ।
ਬਰ ਨਹੁ ਤਬਕ਼ਿ ਚਰਖ਼, ਅਲਮ ਬਰ ਅਫ਼ਰਾਖ਼ਤ।
ਸ਼ੁਦ ਆਮਦਨਸ਼ ਮੁਬਾਰਕ, ੳ ਰਫ਼ਤਨ ਹਮ।
'ਗੋਇਆ' ਆਂ ਕਸ, ਕਿ ਰਾਹਿ ਹੱਕ਼ ਰਾ ਬਿਸ਼ਨਾਖ਼ਤ।੧।

ਪੰਜਾਬੀ ਕਾਵਿ ਅਨੁਵਾਦ

ਪਿਆਰ ਤੇਰੇ ਵਿਚ ਜਿਸ ਨੇ 'ਪ੍ਰੀਤਮ', ਸਿਰ ਨੂੰ ਪੈਰ ਬਣਾਇਆ।
ਨੌਂ ਖੰਡਾਂ ਤੇ ਝੰਡਾ ਮਾਨੋ, ਉਸ ਨੇ ਜਾ ਝੁਲਾਇਆ।
ਆਵਣ ਜਾਣਾ ਉਸ ਦਾ ਜੱਗ ਤੇ, ਸਮਝੋ ਸਫਲਾ ਹੋਇਆ,
ਜਿਸ ਨੇ ਸੱਚੇ ਮਾਰਗ ਤਾਈਂ, 'ਗੋਇਆ' ਹੈ ਅਪਣਾਇਆ।੧।

ਸ਼ਬਦਾਰਥ : ਸ਼ੌਕਿ ਤੋ—ਤੇਰਾ ਪ੍ਰੇਮ। ਸਾਖ਼ਤ—ਬਣਾਇਆ। ਨਹੁ—ਨੌਂ। ਤੱਬਕ—ਖੰਡ। ਅਲਮ—ਝੰਡਾ। ਬਰ—ਉਤੇ। ਅਫ਼ਰਾਖ਼ਤ—ਝੁਲਾਇਆ। ਹਮ—ਭੀ। ਬਿਸ਼ਨਾਖ਼ਤ—ਪਛਾਣਿਆ।

ਅਰਥ : (ੳ) ਹਰੇਕ ਉਹ, ਜਿਸ ਨੇ ਕਿ ਤੇਰੇ ਪਿਆਰ ਵਿਚ ਸਿਰ ਨੂੰ ਪੈਰ ਬਣਾਇਆ (ਹੈ)(ਭਾਵ—ਨਿਮਰਤਾ ਧਾਰੀ ਹੈ)। (ਅ) ਉਸ ਨੇ ਆਕਾਸ਼ ਦੇ ਨੌਂ ਖੰਡਾਂ ਉਤੇ ਝੰਡਾ ਝੁਲਾਇਆ (ਹੈ)। (ੲ) ਉਸ ਦਾ ਆਉਣਾ ਤੇ ਜਾਣਾ (ਇਸ ਸੰਸਾਰ ਤੋਂ) ਸਫਲ ਹੈ। (ਸ) ਜਿਸ ਨੇ ਕਿ ਸੱਚੇ ਰਸਤੇ ਨੂੰ ਪਛਾਣਿਆ ਹੈ, ਅਪਣਾਇਆ ਹੈ।

ਕੋਰ ਅਸ੍ਰ ਹਰ ਆਂ ਚਸ਼ਮ, ਕਿ ਹੱਕ਼ ਰਾ ਨ-ਸ਼ਨਾਖ਼ਤ।
ਈਂ ਉਮਰਿ ਗਿਰਾਂ ਮਾਇਆ, ਬ-ਗ਼ਫ਼ਲਤ ਦਰਬਾਖ਼ਤ।
ੳ ਗਿਰਯਾਕੁਨਾਂ ਆਮਦਹ, ੳ ਬ-ਹਸਰਤ ਮੁਰਦ।
ਅਫ਼ਸੋਸ, ਦਰੀਂ ਆਮਦੋ, ਸ਼ੁਦ ਕਾਰ ਨ ਸਾਖ਼ਤ।੨।

ਪੰਜਾਬੀ ਕਾਵਿ ਅਨੁਵਾਦ

ਹਰ ਉਹ ਅੱਖ ਹੈ ਅੰਨ੍ਹੀ ਜਿਹੜੀ, ਰੱਬ-ਜਲਵਾ ਨ ਵੇਖੇ।
ਦੁਰਲਭ ਆਯੂ ਮੁਫ਼ਤ ਗਵਾਵੇ, ਗ਼ਫ਼ਲਤ ਵਿੱਚ ਭੁਲੇਖੇ।
ਬੰਦਾ ਰੋਂਦਾ ਆਵੇ ਜਗ ਤੇ, ਵਿੱਚ ਹਸਰਤ ਉੱਠ ਜਾਵੇ।
ਨਿਹਫਲ ਉਹਦਾ ਆਉਣਾ ਏਥੇ, ਜੀਉਣਾ ਕਿਸੇ ਨ ਲੇਖੇ।੨।

ਸ਼ਬਦਾਰਥ : ਕੋਰ ਅੰਨ੍ਹਾ। ਹੱਕ ਵਾਹਿਗੁਰੂ। ਗਿਰਾਂ ਮਾਇਆ ਵੱਡ ਮੁੱਲੀ, ਅਮੋਲਕ। ਬ-ਗ਼ਫ਼ਲਤ ਬੇਪਰਵਾਹੀ ਵਿੱਚ। ਬਾਖ਼ਤ ਹਾਰ ਦਿੱਤੀ। ਗਿਰਯਾ ਕੁਨਾਂ ਰੋਂਦਾ ਹੋਇਆ। ਹਸਰਤ ਪਛਤਾਵਾ, ਕਿਸੇ ਵਸਤੂ ਦੇ ਪ੍ਰਾਪਤ ਨਾ ਹੋਣ ਦਾ ਗਿਲਾ, ਪ੍ਰੇਸ਼ਾਨੀ

ਅਰਥ (ੳ) ਹਰ ਉਹ ਨੇਤਰ ਅੰਨ੍ਹਾ (ਅਗਿਆਨੀ) ਹੈ, ਜਿਸ ਨੇ ਵਾਹਿਗੁਰੂ ਨੂੰ ਨਹੀਂ ਪਛਾਣਿਆ। (ਅ) ਇਹ ਅਮੋਲਕ ਉਮਰ ਬੇਪਰਵਾਹੀ ਵਿੱਚ ਹਾਰ ਦਿੱਤੀ। (ੲ) ਉਹ ਰੋਂਦਾ (ਜਗਤ ਵਿੱਚ) ਆਉਂਦਾ ਅਤੇ ਪ੍ਰੇਸ਼ਾਨੀ ਵਿਚ ਮਰ ਜਾਂਦਾ ਹੈ। (ਸ) ਅਫ਼ਸੋਸ, (ਉਸ ਦੇ) ਇਸ ਆਉਣ ਵਿੱਚ ਕਿ ਉਸ ਨੇ ਕੋਈ (ਨੇਕ) ਕੰਮ ਨਾ ਕੀਤਾ।

ਈਂ ਚਸ਼ਮਿ ਤੋ ਖ਼ਾਨਹ-ਦਾਰਿ ਆਂ ਜਾਨਾਨ ਅਸ੍ਤ।
ਈਂ ਤਖ਼ਤਿ ਵਜੂਦ, ਮਸਨਦਿ ਸੁਲਤਾਨ ਅਸ੍ਤ।
ਹਰ ਬੁਲ-ਹਵਸੇ ਸੂਏ ਓ ਰਾਹ ਨ-ਬੁਰੱਦ।
ਕੀਂ ਰਾਹੇ ਤਅੱਲਕ, ਮੰਜ਼ਲਿ ਮਰਦਾਨ ਅਸ੍ਤ।੩।

ਪੰਜਾਬੀ ਕਾਵਿ ਅਨੁਵਾਦ

ਅੱਖ-ਪੁਤਲੀ ਦੇ ਅੰਦਰ ਰੱਚਿਆ, ਪ੍ਰੀਤਮ! ਮੰਦਰ ਤੇਰਾ।
ਤਨ-ਸਿੰਘਾਸਨ ਉਤੇ ਸ਼ਾਹਾ, ਆ ਲਾਵੀਂ ਤੂੰ ਡੇਰਾ।
ਲੋਭੀ ਬੰਦਾ ਤੁਰ ਨਹੀਂ ਸਕਦਾ, ਪੰਧ ਇਸ਼ਕ ਦੇ ਬਿਖੜੇ,
ਏਸ ਰਾਹ ਤੇ ਚੱਲ ਜੋ ਸਕੇ, ਜਾਣੋ ਮਰਦ ਉਚੇਰਾ।੩।

ਸ਼ਬਦਾਰਥ : ਖ਼ਾਨਹਦਾਰ—ਬੈਠਕ, ਰਿਹਾਇਸ਼-ਗਾਹ। ਜਾਨਾਨ—ਪਿਆਰਾ, ਮਿੱਤਰ। ਵਜੂਦ—ਸਰੀਰ। ਬੁਲ-ਹਵਸ—ਲੋਭੀ। ਮਸਨਦ—ਗੱਦੀ, ਸਿੰਘਾਸਨ। ਨ-ਬੁਰੱਦ—ਹਾਸਲ ਨਹੀਂ ਕਰਦਾ।

ਅਰਥ : (ੳ) ਇਹ ਤੇਰੀ ਅੱਖ ਉਸ ਮਿੱਤਰ ਦੀ ਬੈਠਕ ਹੈ। (ਅ) ਇਹ ਸਰੀਰ ਦਾ ਤਖ਼ਤਾ (ਭਾਵ ਦੇਹ) ਬਾਦਸ਼ਾਹ (ਸੋਹਣਿਆਂ ਦੇ ਸੁਲਤਾਨ) ਦਾ ਸਿੰਘਾਸਨ ਹੈ। (ੲ) ਲੋਭੀ ਪੁਰਸ਼ ਉਸ (ਪ੍ਰੀਤਮ ਦੇ) ਰਾਹ ਨੂੰ ਪਰਾਪਤ ਨਹੀਂ ਕਰ ਸਕਦਾ। (ਸ) ਕਿਉਂ ਜੁ ਇਸ (ਪ੍ਰੇਮ ਦੇ) ਰਾਹ ਦਾ ਸੰਬੰਧ ਮਰਦਾਂ (ਸੂਰਿਆਂ) ਦੇ ਸਿਰ ਨਾਲ ਹੈ।

ਹਰ ਦਿਲ ਕਿ ਬ-ਰਾਹਿ ਦੋਸਤ, ਜਾਨਾਂ ਸ਼ੁਦਹ ਅਸ੍ਤ।
ਤਹਕ਼ੀਕ਼ ਬਦਾਂਅ, ਕਿ ਐਨ ਜਾਨਾਂ ਸ਼ੁਦਹ ਅਸ੍ਤ।
ਯਕ ਜ਼ੱਰਾ ਜ਼ਿ ਫ਼ੈਜ਼ਿ ਰਹਮਤਸ਼, ਖ਼ਾਲੀ ਨੇਸ੍ਤ।
ਨੱਕਾਸ਼ ਦਰੂਨਿ ਨਕਸ਼, ਪਿਨਹਾਂ ਸ਼ੁਦਹ ਅਸ੍ਤ।੪।

ਪੰਜਾਬੀ ਕਾਵਿ ਅਨੁਵਾਦ

ਹਰ ਬੰਦਾ ਜੋ ਯਾਰ ਦੀ ਖ਼ਾਤਰ, ਯਾਰ-ਰੂਪ ਅਪਣਾਵੇ।
ਨਿਸਚੇ ਜਾਣੋ, ਇੱਕ ਦਿਨ ਖ਼ੁਦ ਹੀ ਯਾਰ ਰੂਪ ਹੋ ਜਾਵੇ।

ਉਸ ਦੀ ਮਿਹਰ ਤੋਂ ਖ਼ਾਲੀ ਜੱਗ ਤੇ, ਕਿਣਕਾ ਨਹੀਂ ਹੈ ਕਾਈ,
ਹਰ ਚਿੱਤਰ ਦੇ ਵਿੱਚ ਚਿਤੇਰਾ, ਛੁਪਿਆ ਡੇਰਾ ਲਾਵੇ।੪।

ਸ਼ਬਦਾਰਥ : ਫ਼ੈਜ਼—ਮਿਹਰ। ਰਹਮਤ+ਸ਼—ਉਸ ਦੀ ਬਖ਼ਸ਼ਸ਼। ਨੱਕਾਸ਼—ਚਿਤੇਰਾ, ਚਿਤਰਕਾਰ। ਦਰੂਨ—ਵਿਚ। ਪਿਨਹਾਂ—ਛੁਪਿਆ।

ਅਰਥ : (ੳ) ਹਰ ਦਿਲ, ਜੋ ਮਿੱਤਰ ਲਈ ਮਿੱਤਰ ਦਾ ਰੂਪ ਹੋ ਗਿਆ ਹੈ, (ਅ) ਨਿਸ਼ਚੇ ਜਾਣੋ ਕਿ ਉਹ ਠੀਕ ਹੀ ਮਿੱਤਰ ਦਾ ਰੂਪ ਹੋ ਗਿਆ ਹੈ। (ੲ) ਇਕ ਕਿਣਕਾ ਵੀ ਉਸ ਦੀ ਬਖ਼ਸ਼ਸ਼ ਭਰੀ ਮਿਹਰ ਤੋਂ ਖ਼ਾਲੀ ਨਹੀਂ ਹੈ। (ਸ) ਕਿਉਂਜੁ, ਚਿਤੇਰਾ ਵਾਹਿਗੁਰੂ (ਆਪ) ਚਿਤਰ (ਸ੍ਰਿਸ਼ਟੀ) ਵਿੱਚ ਛੁਪਿਆ ਹੋਇਆ ਹੈ।

ਈਂ ਆਮਦੋ-ਰਫ਼ਤ, ਜੁਜ਼ ਦਮੇ, ਬੇਸ਼ ਨ ਬੂਦ।
ਹਰ ਜਾ ਕਿ: ਨਜ਼ਰ ਕੁਨਮ, ਬਜੁਜ਼ ਖ਼ੇਸ਼, ਨ ਬੂਦ।
ਮਨ ਜਾਨਬਿ ਗ਼ੈਰੇ, ਚੂੰ ਨਿਗਾਹੇ ਫ਼ਿਗਨਮ।
ਚੂੰ ਗ਼ੈਰਿ ਤੋ, ਹੇਚ ਕਸ, ਪਸੋ ਪੇਸ਼, ਨ ਬੂਦ।੫।

ਪੰਜਾਬੀ ਕਾਵਿ ਅਨੁਵਾਦ

ਦੁਨੀਆ ਉਤੇ ਆਉਣਾ ਜਾਣਾ, ਦਮ ਤੋਂ ਨਹੀਂ ਵਧੇਰੇ।
ਆਪੇ ਬਾਝੋਂ ਨਦਰ ਨ ਆਵੇ, ਡਿੱਠਾ ਚਾਰ ਚੁਫੇਰੇ।
ਗ਼ੈਰਾਂ ਵੱਲੇ ਅੱਖ ਉਠਾ ਕੇ, ਫੇਰ ਕਿਉਂ ਮੈਂ ਤੱਕਾਂ,
ਨ ਕੋ ਹੋਇਆ, ਨ ਕੋ ਹੋਸੀ, ਜਦ ਕਿ ਬਾਝੋਂ ਤੇਰੇ।੫।

ਸ਼ਬਦਾਰਥ : ਆਮਦ ਓ ਰਫ਼ਤ—ਆਉਣਾ ਤੇ ਜਾਣਾ। ਦਮੇ—ਇਕ ਦਮ। ਬੇਸ਼—ਵਧ। ਨ ਬੂਦ—ਨਹੀਂ ਸੀ (ਨਹੀਂ ਹੈ)। ਖ਼ੇਸ਼—ਆਪਣਾ ਆਪ। ਫ਼ਿਗਨਮ—ਸੁਟਦਾ ਹਾਂ। ਪਸ ਓ ਪੇਸ਼—ਪਿਛੇ ਤੇ ਅਗੇ।

ਅਰਥ : (ੳ) (ਇਸ ਦੁਨੀਆ ਵਿਚ) ਇਹ ਆਉਣਾ ਤੇ ਜਾਣਾ (ਜੰਮਣਾ ਤੇ ਮਰਨਾ, ਜੀਵਨ) ਇਕ ਦਮ ਤੋਂ ਵਧ ਨਹੀਂ ਹੈ। (ਅ) ਜਿਥੇ ਨਜ਼ਰ ਮਾਰਦੇ ਹਾਂ, ਆਪਣੇ ਤੋਂ ਸਿਵਾ ਹੋਰ ਨਹੀਂ ਹੈ। (ੲ) ਮੈਂ ਬਿਗਾਨੇ ਵਲ ਨਿਗਾਹ ਕਿਵੇਂ ਮਾਰਾਂ, (ਸ) (ਜਦ ਕਿ) ਤੇਰੇ ਬਗ਼ੈਰ ਨਾ ਕੋਈ ਹਸਤੀ ਪਹਿਲਾਂ ਸੀ, ਨਾ ਅਗੋਂ ਹੈ।

ਹਰ ਬੰਦਾ, ਕਿ: ਤਾਲਬਿ ਮੌਲਾ ਬਾਸ਼ਦ।
ਦਰ ਹਰ ਦੋ ਜਹਾਂ, ਰੁਤਬਾ-ਅਸ਼ ਔਲਾ ਬਾਸ਼ਦ।
'ਗੋਇਆ' ਦੋ ਜਹਾਂ ਰਾ, ਬ-ਜਵੇ ਨ ਸਿਤਾਨਦ।
ਮਜਨੂਨਿ ਤੋ, ਕੇ ਆਸ਼ਕਿ ਲੈਲਾ ਬਾਸ਼ਦ।੬।

ਪੰਜਾਬੀ ਕਾਵਿ ਅਨੁਵਾਦ

ਜੋ ਮੌਲਾ ਨੂੰ ਹਰ ਦਮ ਚਾਹੇ, ਸ਼ੌਕ ਰੱਖੇ ਤਿਸ ਕੇਰਾ।
ਦੋਹ ਜਹਾਨੀਂ ਉਸ ਦਾ ਹੋਵੇ, ਰੁਤਬਾ ਮਾਨ ਵਡੇਰਾ।
ਦੋ ਆਲਮ ਦਾ ਮੁੱਲ ਨਾ ਪਾਉਂਦਾ, 'ਗੋਇਆ' ਜੌਂ ਦਾ ਦਾਣਾ,
ਲੈਲਾ ਤਾਈਂ ਕਦ ਉਹ ਚਾਹੇ, ਆਸ਼ਕ ਹੈ ਜੋ ਤੇਰਾ।੬।

ਸ਼ਬਦਾਰਥ : ਤਾਲਬ—ਇੱਛਕ। ਰੁਤਬਾ+ਅਸ਼—ਉਸ ਦਾ ਦਰਜਾ। ਔਲਾ—ਸਭ ਤੋਂ ਉੱਚਾ। ਬ-ਜਵੇ—ਜੌਂ ਤੋਂ। ਨ-ਸਿਤਾਨਦ—ਨਹੀਂ ਲੈਂਦਾ। ਕੈ—ਕਦ।

ਅਰਥ : (ੳ) ਜਿਹੜਾ ਬੰਦਾ ਵਾਹਿਗੁਰੂ ਦਾ ਚਾਹਵਾਨ ਹੋਵੇ, (ਅ) ਦੋਹਾਂ ਲੋਕਾਂ (ਲੋਕ ਪਰਲੋਕ) ਵਿਚ ਉਸ ਦਾ ਦਰਜਾ ਉਚੇਰਾ ਹੁੰਦਾ ਹੈ। (ੲ) ਗੋਇਆ ਦੋਹਾਂ ਜਹਾਨਾਂ ਨੂੰ ਇਕ ਜੌਂ ਦੇ ਦਾਣੇ ਬਦਲੇ ਨਹੀਂ ਲੈਂਦਾ। (ਸ) ਤੇਰਾ ਮਜਨੂੰ ਲੈਲਾ ਦਾ ਆਸ਼ਕ ਕਦ ਹੁੰਦਾ ਹੈ! (ਨਹੀਂ ਹੁੰਦਾ)।

ਦਰ ਦਹਰ ਕਿ ਮਰਦਾਨਿ ਖ਼ੁਦਾ, ਆਮਦਾ-ਅੰਦ।
ਬਰ ਗੁਮ-ਸ਼ੁਦਗਾਂ, ਰਾਹਨੁਮਾ, ਆਮਦਾ-ਅੰਦ।
'ਗੋਇਆ', ਅਗਰ ਈਂ ਚਸ਼ਮਿ ਤੋ, ਮੁਸ਼ਤਾਕਿ ਖ਼ੁਦਾਸ੍ਰ।
ਮਰਦਾਨਿ ਖ਼ੁਦਾ, ਖ਼ੁਦਾ-ਨੁਮਾ, ਆਮਦਾ-ਅੰਦ।੭।

ਪੰਜਾਬੀ ਕਾਵਿ ਅਨੁਵਾਦ

ਜਦੋਂ ਕਦੇ ਵੀ ਜੱਗ ਤੇ ਕੋਈ, ਮਰਦ-ਅਗੰਮੜਾ ਆਉਂਦਾ।
ਭੁੱਲਿਆਂ ਭਟਕਿਆਂ ਤਾਈਂ ਉਹ ਹੈ, ਰਾਹ ਮੌਲਾ ਦੇ ਪਾਉਂਦਾ।
ਨੈਣ ਤੇਰੇ ਇਹ 'ਗੋਇਆ' ਜੇਕਰ, ਜਲਵਾ ਰੱਬੀ ਚਾਹੁੰਦੇ,
ਤਾਂ ਮਹਾਂ ਪੁਰਸ਼ਾਂ ਦੇ ਅੰਦਰ ਦਿੱਸੂ, ਰੱਬ ਹੀ ਰੂਪ ਵਟਾਉਂਦਾ।੭।

ਸ਼ਬਦਾਰਥ : ਦਹਰ—ਦੁਨੀਆ। ਮਰਦਾਨਿ ਖ਼ੁਦਾ—ਖ਼ੁਦਾ ਦੇ ਮਰਦ (ਮਹਾਂ ਪੁਰਸ਼)। ਗੁਮ-ਸ਼ੁਦਗਾਂ—ਰਾਹੋਂ ਭਟਕੇ ਹੋਏ। ਰਾਹ-ਨੁਮਾ—ਰਾਹ ਵਿਖਾਉਣ ਵਾਲੇ। ਖ਼ੁਦਾ-ਨੁਮਾ—ਰੱਬ ਦਾ ਰੂਪ।

ਅਰਥ : (ੳ) (ਇਸ) ਦੁਨੀਆ ਵਿੱਚ ਰੱਬ ਦੇ ਬੰਦੇ ਆਏ ਹਨ। (ਅ) ਰਾਹੋਂ ਭਟਕਿਆਂ ਨੂੰ ਰਾਹ ਵਿਖਾਉਣ ਵਾਲੇ ਆਏ ਹਨ। (ੲ) 'ਗੋਇਆ', ਜੇ ਇਹ ਤੇਰੀ ਅੱਖ ਪ੍ਰਭੂ-ਦਰਸ਼ਨਾਂ ਲਈ ਸ਼ੌਕ ਰਖਦੀ ਹੈ, (ਸ) (ਤਾਂ ਤੂੰ ਵੇਖੇਂਗਾ ਕਿ) ਰੱਬ ਦੇ ਬੰਦੇ, ਰੱਬ ਦਾ ਰੂਪ (ਹੀ) ਆਏ ਹਨ।

ਦਰ ਮਜ਼ਹਬਿ ਮਾ, ਗ਼ੈਰ-ਪ੍ਰਸਤੀ ਨ ਕੁਨੰਦ।
ਸਰ ਤਾ ਬ-ਕ਼ਦਮ ਬ-ਹੋਸ਼, ਵ ਮਸਤੀ ਨ ਕੁਨੰਦ।
ਗ਼ਾਫ਼ਲ ਨ ਸ਼ਵੰਦ ਯਕ-ਦਮ, ਅਜ਼ ਯਾਦਿ ਖ਼ੁਦਾ।
ਦੀਗਰ ਸੁਖ਼ਨ ਅਜ਼ ਬੁਲੰਦੋ ਪਸਤੀ ਨ ਕੁਨੰਦ।੮।

ਪੰਜਾਬੀ ਕਾਵਿ ਅਨੁਵਾਦ

ਸਾਡੇ ਮਤ ਵਿਚ ਗ਼ੈਰਾਂ ਅੱਗੇ, ਸਿਰ ਨ ਕਦੇ ਝੁਕਾਂਦੇ।
ਸਾਵਧਾਨ ਉਹ ਹਰ ਦਮ ਰਹਿੰਦੇ, ਹੋਸ਼ ਨ ਕਦੇ ਗਵਾਂਦੇ।
ਸਿਮਰਨ ਵੱਲੋਂ ਦਮ ਭਰ ਵੀ ਉਹ, ਗ਼ਾਫਲ ਮੂਲ ਨਾ ਥੀਂਦੇ,
ਹੋਰ ਸੁਖਨ ਉਹ ਉੱਚਾ ਨੀਵਾਂ, ਕਰਨੋਂ ਹਨ ਕਤਰਾਂਦੇ।੮।

ਸ਼ਬਦਾਰਥ : ਗ਼ੈਰ ਪ੍ਰਸਤੀ—ਦੂਜੇ ਦੀ ਪੂਜਾ। ਸਰ ਤਾ ਬ-ਕਦਮ—ਸਿਰ ਤੋਂ ਪੈਰਾਂ ਤਕ।

ਅਰਥ : (ੳ) ਸਾਡੇ ਮਤ ਵਿਚ (ਵਾਹਿਗੁਰੂ ਤੋਂ ਬਿਨਾਂ) ਦੂਜੇ ਦੀ ਪੂਜਾ ਨਹੀਂ ਕਰਦੇ। (ਅ) (ਅਜਿਹੇ ਸੇਵਕ) ਸਿਰ ਤੋਂ ਪੈਰਾਂ ਤਕ ਹੋਸ਼ ਵਿੱਚ (ਸਾਵਧਾਨ ਰਹਿੰਦੇ ਹਨ) ਤੇ ਸ਼ੁਦਾ-ਪੁਣਾ ਨਹੀਂ ਕਰਦੇ। (ੲ) ਉਹ ਇਕ ਦਮ ਲਈ ਵੀ ਵਾਹਿਗੁਰੂ ਦੇ ਸਿਮਰਨ ਵਲੋਂ ਅਚੇਤ (ਲਾਪਰਵਾਹ) ਨਹੀਂ ਹੁੰਦੇ। (ਸ) ਇਸ ਤੋਂ ਬਿਨਾਂ ਹੋਰ ਉੱਚੀ ਨੀਵੀਂ (ਵਾਧੂ) ਗੱਲ ਉਹ ਨਹੀਂ ਕਰਦੇ।

ਯਕ ਜ਼ੱਰਾ ਅਗਰ ਸ਼ੌਕ਼ਿ ਅਲਾਹੀ ਬਾਸ਼ਦ।
ਬੇਹਤਰ ਜ਼ਿ ਹਜ਼ਾਰ ਬਾਦਸ਼ਾਹੀ ਬਾਸ਼ਦ।
ਗੋਇਆ-ਅਸ੍ਤ ਗ਼ੁਲਾਮਿ ਮੁਰਸ਼ਦਿ ਖ਼ੇਸ਼।
ਈਂ ਖ਼ਤ ਨ ਮੁਹਤਾਜਿ ਗਵਾਹੀ ਬਾਸ਼ਦ।੯।

ਪੰਜਾਬੀ ਕਾਵਿ ਅਨੁਵਾਦ

ਕਿਣਕਾ ਮਾਤਰ ਸ਼ੌਕ ਜੇ ਹੋਵੇ, ਦਿਲ ਮੇਰੇ ਵਿਚ ਤੇਰਾ।
ਸਦ ਹਜ਼ਾਰਾਂ ਸ਼ਾਹੀਆਂ ਨਾਲੋਂ, ਜਾਣਾ ਭਾਗ ਚੰਗੇਰਾ।
ਦਿਲ 'ਗੋਇਆ' ਦਾ ਹਰ ਦਮ ਗੋਲਾ, ਆਪਣੇ ਮੁਰਸ਼ਦ ਤਾਈਂ,
ਲੋੜ ਗਵਾਹੀ ਦੀ ਨ ਰੱਖੇ, ਲਿਖਿਆ ਸੁਖ਼ਨ ਇਹ ਮੇਰਾ।੯।

ਸ਼ਬਦਾਰਥ : ਜ਼ੱਰਾ—ਕਿਣਕਾ। ਖ਼ਤ—ਲਿਖਤ, ਲੇਖ।

ਅਰਥ : (ੳ) ਜੇ ਕਿਣਕਾ ਮਾਤਰ ਵੀ ਪ੍ਰਭੂ ਦਾ ਪਿਆਰ ਹੋਵੇ, (ਅ) (ਤਾਂ ਇਹ) ਹਜ਼ਾਰ ਬਾਦਸ਼ਾਹੀ ਨਾਲੋਂ ਚੰਗੇਰਾ ਹੈ। (ੲ) 'ਗੋਇਆ' ਆਪਣੇ ਸਤਿਗੁਰੂ ਦਾ ਦਾਸ ਹੈ, (ਸ) (ਤੇ) ਇਹ (ਉਪਰੋਕਤ) ਲਿਖਤ (ਯਥਾਰਥ ਬਚਨ) ਗਵਾਹੀ ਦੀ ਮੁਥਾਜ ਨਹੀਂ।

ਹਰ ਕਸ, ਬ-ਜਹਾਂ, ਨਸ਼ਵੋ ਨੁਮਾ ਮੇ ਖ਼ਾਹਦ।
ਅਸਪੋ, ਸ਼ੁਤਰੋ, ਫ਼ੀਲੋ ਤਿਲਾ ਮੇ ਖ਼ਾਹਦ।
ਹਰ ਕਸ, ਜ਼ਿ ਬਰਾਏ ਖ਼ੇਸ਼, ਚੀਜ਼ੇ ਖ਼ਾਹਦ।
'ਗੋਇਆ', ਜ਼ਿ ਖ਼ੁਦਾ, ਯਾਦਿ ਖ਼ੁਦਾ ਮੇ ਖ਼ਾਹਦ।੧੦।

ਪੰਜਾਬੀ ਕਾਵਿ ਅਨੁਵਾਦ

ਹਰ ਬੰਦਾ ਇਸ ਦੁਨੀਆ ਅੰਦਰ, ਵਧਣਾ ਫੁਲਣਾ ਚਾਹਵੇ।
ਭਾਵਣ ਉਠ ਤੇ ਹਾਥੀ ਘੋੜੇ, ਸੋਨਾ ਕਿਸੇ ਨੂੰ ਭਾਵੇ।
ਹਰ ਕੋਈ ਮੰਗੇ ਆਪਣੇ ਤਾਈਂ, ਵਸਤੂ ਵੰਨ-ਸੁਵੰਨੀ,
'ਗੋਇਆ' ਮੰਗੇ ਯਾਦ ਅਲਾਹੀ, ਹੋਰ ਨਾਹੀਂ ਕੁਝ ਚਾਹਵੇ।੧੦।

ਸ਼ਬਦਾਰਥ : ਹਰ ਕਸ—ਹਰ ਕੋਈ। ਬ-ਜਹਾਂ—ਦੁਨੀਆ ਵਿਚ। ਨਸ਼ਵੋ ਨੁਮਾ—ਵਧਣਾ ਤੇ ਫੁਲਣਾ। ਮੇ-ਖ਼ਾਹਦ—ਚਾਹੁੰਦਾ ਹੈ। ਅਸਪ—ਘੋੜਾ। ਸ਼ੁਤਰ—ਊਠ। ਫ਼ੀਲ—ਹਾਥੀ। ਤਿਲਾ—ਸੋਨਾ।

ਅਰਥ : (ੳ) ਹਰ ਕੋਈ ਸੰਸਾਰ ਵਿੱਚ ਵਧਣਾ ਫੁਲਣਾ ਚਾਹੁੰਦਾ ਹੈ। (ਅ) ਘੋੜਾ (ਘੋੜੇ), ਊਠ, ਹਾਥੀ ਤੇ ਸੋਨਾ ਚਾਹੁੰਦਾ ਹੈ। (ੲ) ਹਰ ਕੋਈ ਆਪਣੇ ਲਈ (ਦੁਨੀਆਵੀ) ਵਸਤਾਂ ਚਾਹੁੰਦਾ ਹੈ, (ਸ) (ਪਰੰਤੂ), ਗੋਇਆ ਵਾਹਿਗੁਰੂ ਪਾਸੋਂ (ਕੇਵਲ) ਸਿਮਰਨ ਦੀ ਲੋਚਾ ਕਰਦਾ ਹੈ।

ਪੁਰ ਗਸ਼ਤ, ਜ਼ਿ ਸਰ ਤਾ ਬ-ਕਦਮ, ਨੂਰ-ਉਲ-ਨੂਰ।
ਆਈਨਾ, ਕਿ: ਦਰ ਵੈ ਨ ਬਵੱਦ, ਹੇਚ ਕਸੂਰ।
ਤਹਕ਼ੀਕ਼ ਬਦਾਂਅ, ਜ਼ਿ ਗ਼ਾਫ਼ਲਾਂ ਦੂਰ ਬਵੱਦ।
ਓ ਦਰ ਦਿਲਿ ਆਰਫ਼ਾਂ, ਖ਼ੁਦ ਕਰਦਾ ਜ਼ਹੂਰ।੧੧।

ਪੰਜਾਬੀ ਕਾਵਿ ਅਨੁਵਾਦ

ਸਿਰ ਤੋਂ ਪੈਰਾਂ ਤੀਕਰ ਯਾਰੋ, ਨੂਰੋ ਨੂਰ ਜੋ ਹੋਇਆ।
ਬਦਨ ਓਸ ਦਾ ਸ਼ੀਸ਼ਾ ਸਮਝੋ, ਦੋਸ਼-ਰਹਿਤ ਹੈ, 'ਗੋਇਆ'।
ਮਨਮੁੱਖਾਂ ਵੀ ਸੰਗਤ ਕੋਲੋਂ, ਦੂਰ ਸਦਾ ਰੱਬ ਰਹਿੰਦਾ,
(ਪਰ) ਆਤਮ-ਵੇਤਾਂ ਦੇ ਦਿਲ ਅੰਦਰ, ਰੱਬੀ ਨੂਰ ਸਮਾਇਆ।੧੧।

ਸ਼ਬਦਾਰਥ : ਪੁਰ ਗਸ਼ਤਹ—ਭਰ ਗਿਆ। ਨੂਰ-ਉਲ-ਨੂਰ—ਨੂਰੋ ਨੂਰ। ਬਦਾਂਅ—ਜਾਣੋ। ਆਰਫ਼—ਬ੍ਰਹਮ ਗਿਆਨੀ।

ਅਰਥ : (ੳ) (ਸਰੀਰ) ਸਿਰ ਤੋਂ ਪੈਰਾਂ ਤਕ ਨੂਰ ਹੀ ਨੂਰ ਨਾਲ ਭਰ ਗਿਆ ਹੈ। (ਅ) (ਮਨੁੱਖਾ ਦੇਹ) ਸ਼ੀਸ਼ਾ ਹੈ, ਜਿਸ (ਦੀ ਜ਼ਾਤ) ਵਿੱਚ ਕੋਈ ਕਸੂਰ ਨਹੀਂ। (ੲ) ਸੱਚ ਜਾਣੋ ਕਿ (ਖ਼ੁਦਾ) ਗ਼ਾਫ਼ਲਾਂ ਤੋਂ ਦੂਰ ਰਹਿੰਦਾ ਹੈ, (ਸ) (ਪਰੰਤੂ) ਉਹ ਬ੍ਰਹਮ ਗਿਆਨੀਆਂ ਦੇ ਦਿਲ ਵਿਚ ਆਪ ਪ੍ਰਕਾਸ਼ ਕਰਦਾ ਹੈ।

ਈਂ ਉਮਰਿ ਗਿਰਾਂ ਮਾਇਆ, ਕਿ ਬਰਬਾਦ ਸ਼ਵੱਦ।
ਈਂ ਖ਼ਾਨਾ-ਇ-ਵੀਰਾਂਅ, ਬ-ਚਿਹ ਆਬਾਦ ਸ਼ਵੱਦ ?

ਤਾ ਮੁਰਸ਼ਦਿ ਕਾਮਲ ਨ-ਦਿਹਦ, ਦਸ੍ਰ ਬ-ਹਮ।
'ਗੋਇਆ', ਦਿਲਿ ਗ਼ਮਗੀਨਿ ਤੋ, ਚੂੰ ਸ਼ਾਦ ਸ਼ਵੱਦ।੧੨।

ਪੰਜਾਬੀ ਕਾਵਿ ਅਨੁਵਾਦ

ਉਮਰ ਅਮੋਲਕ ਐਵੇਂ ਸਾਰੀ, ਛਿਨ ਛਿਨ ਪਈ ਵਿਹਾਵੇ।
ਮਨ ਮੰਦਰ ਇਹ ਸੁੰਞਾ ਹੋਇਆ, ਰੌਣਕ ਕਿਉਂ ਕਰ ਪਾਵੇ।
ਪੂਰਨ ਸਤਿਗੁਰ ਜਦ ਤਕ ਇਸ ਦਾ, ਪਕੜੇ ਹੱਥ ਨਾ ਆ ਕੇ,
ਦਿਲ ਗ਼ਮਗੀਨ ਗੋਇਆ ਦਾ ਕਿੱਦਾਂ, ਬਾਗ਼ ਬਾਗ਼ ਹੋ ਜਾਵੇ।੧੨।

ਸ਼ਬਦਾਰਥ : ਗਿਰਾਂ ਮਾਇਆ—ਮਹਿੰਗੀ, ਅਮੋਲਕ। ਖ਼ਾਨਾ—ਘਰ। ਬ-ਚਿਹ—ਕਿਵੇਂ ?

ਅਰਥ : (ੳ) ਇਹ ਅਮੋਲਕ ਆਯੂ ਜੋ ਬਰਬਾਦ ਹੋ ਰਹੀ ਹੈ, (ਅ) ਇਹ ਉਜੜਿਆ ਘਰ (ਦਿਲ) ਕਿਵੇਂ ਆਬਾਦ ਹੋਵੇ ? (ੲ) ਜਿਤਨਾ ਚਿਰ ਪੂਰਾ ਸਤਿਗੁਰੂ (ਆਪਣਾ) ਹੱਥ ਅਗੇ ਨਾ ਵਧਾਵੇ, (ਸ) 'ਗੋਇਆ' ਤੇਰਾ ਗ਼ਮਾਂ ਨਾਲ ਭਰਿਆ ਦਿਲ, ਕਿਵੇਂ ਖ਼ੁਸ਼ ਹੋਵੇ ?

ਦਰ ਹਾਸਲਿ ਉਮਰ, ਆਂ ਚਿ: ਮਾ ਯਾਫ਼ਤਾ-ਏਮ।
ਦਰ ਹਰ ਦੋ ਜਹਾਂ, ਯਾਦਿ ਖ਼ੁਦਾ ਯਾਫ਼ਤਾ-ਏਮ।
ਈਂ ਹਸਤੀ-ਇ ਖ਼ੇਸ਼, ਬਲਾ ਬਵੱਦ ਅਜ਼ੀਮ।
ਅਜ਼ ਖ਼ੇਸ਼ ਗੁਜ਼ੱਸ਼ਤੇਮ, ਖ਼ੁਦਾ ਯਾਫ਼ਤਾ-ਏਮ।੧੩।

ਪੰਜਾਬੀ ਕਾਵਿ ਅਨੁਵਾਦ

ਅਪਣੀ ਸਾਰੀ ਆਯੂ ਪਾਸੋਂ, ਲਾਭ ਮੈਂ ਇੱਕੋ ਪਾਇਆ।
ਦੋਹੀਂ ਜਹਾਨੀਂ ਗੀਤ ਅਸਾਂ ਨੇ, ਓਸ ਰੱਬ ਦਾ ਗਾਇਆ।
ਮੈਂ-ਮੇਰੀ ਦੀ ਹਉਮੈ ਜਾਣੋ, ਜਗ ਵਿਚ ਬਿਪਤਾ ਭਾਰੀ,
ਇਸ ਤੋਂ ਜਦੋਂ ਅਗੇਰੇ ਲੰਘਿਆ, ਮਾਹੀ ਆ ਗਲ ਲਾਇਆ।੧੩।

ਸ਼ਬਦਾਰਥ : ਯਾਫ਼ਤਾ-ਏਮ—ਅਸਾਂ ਪਾਇਆ ਹੈ, ਲਭਿਆ ਹੈ। ਹਾਸਿਲ— ਲਾਭ। ਅਜ਼ੀਮ—ਭਾਰੀ।

ਅਰਥ : (ੳ) ਆਯੂ ਦੇ ਲਾਭ ਵਿਚੋਂ ਉਹ ਕੀ ਹੈ (ਜੋ) ਅਸਾਂ ਲਭਿਆ ਹੈ। (ਅ) ਦੋਹਾਂ ਲੋਕਾਂ ਵਿਚ (ਸਭ ਤੋਂ ਸ੍ਰੇਸ਼ਟ) ਰੱਬ ਦੀ ਯਾਦ ਹੀ ਲਭੀ ਹੈ। (ੲ) ਇਹ ਆਪਣੀ ਹਸਤੀ (ਮੈਂ ਮੇਰੀ) ਵੱਡੀ ਬਲਾ ਹੈ। (ਸ) (ਜਦ) ਅਸੀਂ ਆਪਾ ਭਾਵ (ਹਉਮੈ) ਤੋਂ ਅਗੇ ਲੰਘ ਗਏ ਹਾਂ (ਤਾਂ) ਵਾਹਿਗੁਰੂ ਨੂੰ ਲਭ ਲਿਆ ਹੈ।

ਅਜ਼ ਖ਼ਾਕਿ ਦਰਤ, ਤੂਤੀਆ ਯਾਫ਼ਤਾ-ਏਮ।
ਬਜ਼ ਦੌਲਤਿ ਆਂ, ਨਸ਼ਵੋ ਨੁਮਾ ਯਾਫ਼ਤਾ-ਏਮ।

ਮਾ ਸਿਜਦਾ ਬ-ਰੂਏ ਗ਼ੈਰੋ ਦੀਗਰ, ਨ-ਕੁਨੇਮ।
ਦਰ ਖ਼ਾਨਾ-ਇ ਦਿਲ, ਨਕਸ਼ਿ ਖ਼ੁਦਾ ਯਾਫ਼ਤਾ-ਏਮ।੧੪।

ਪੰਜਾਬੀ ਕਾਵਿ ਅਨੁਵਾਦ

ਦਰ ਤੇਰੇ ਦੀ ਧੂੜੀ ਦਾ ਜਦ, ਨੈਣੀਂ ਸੁਰਮਾ ਪਾਇਆ।
ਜੱਗ ਦੇ ਉਤੇ ਵਧਣਾ ਫੁਲਣਾ, ਸਾਡੇ ਭਾਗੀਂ ਆਇਆ।
ਗ਼ੈਰਾਂ ਅੱਗੇ ਨਿਵ ਨਿਵ ਝੁਕਣਾ, 'ਗੋਇਆ' ਨੇ ਛੱਡ ਦਿੱਤਾ,
ਕਿਉਂਜੁ ਉਸਨੇ ਦਿਲ ਦੇ ਅੰਦਰ, ਤੱਕਿਆ ਰੱਬ ਦਾ ਸਾਇਆ।੧੪।

ਸ਼ਬਦਾਰਥ : ਖ਼ਾਕਿ ਦਰ+ਤ—ਤੇਰੇ ਦਰ ਦੀ ਧੂੜੀ। ਤੂਤੀਆ—ਮਮੀਰਾ। ਕਜ਼—ਕਿ ਅਜ਼, ਕਿ ਤੋ। ਦੀਗਰ—ਹੋਰ।

ਅਰਥ : (ੳ) ਅਸਾਂ ਤੇਰੇ ਦਰ ਦੀ ਧੂੜੀ ਤੋਂ ਮਮੀਰਾ ਲਭਿਆ ਹੈ। (ਅ) ਉਸ ਦੌਲਤ ਤੋਂ, ਸਾਨੂੰ ਵਧਣਾ ਫੁਲਣਾ ਪ੍ਰਾਪਤ ਹੋਇਆ ਹੈ (ਵਡਿਆਈ ਮਿਲੀ ਹੈ)। (ੲ) ਅਸੀਂ ਕਿਸੇ ਹੋਰ ਦੂਜੇ ਅਗੇ ਨਹੀਂ ਝੁਕਦੇ, (ਸ) (ਕਿਉਂਜੁ) ਦਿਲ ਦੇ ਘਰ ਵਿਚੋਂ (ਹੀ) ਅਸਾਂ ਰੱਬ ਦੀ ਤਸਵੀਰ ਲਭ ਲਈ ਹੈ।

'ਗੋਇਆ' ਖ਼ਬਰ, ਅਜ਼ ਯਾਦਿ ਖ਼ੁਦਾ, ਯਾਫ਼ਤਾ-ਏਮ।
ਈਂ ਜਾਮਿ ਲਬਾ ਲਬ, ਅਜ਼ ਕੁਜਾ ਯਾਫ਼ਤਾ-ਏਮ ?
ਜੁਜ਼ ਤਾਲਬਿ ਹੱਕ, ਨਸੀਬਿ ਹਰ ਕਸ, ਨ-ਬਵੱਦ।
ਕੀਂ ਦੌਲਤਿ ਨਾਯਾਬ, ਕਿ ਮਾ ਯਾਫ਼ਤਾ-ਏਮ।੧੫।

ਪੰਜਾਬੀ ਕਾਵਿ ਅਨੁਵਾਦ

ਸਿਮਰਨ ਸਦਕਾ, ਜੱਗ ਤੇ ਜਦ ਤੋਂ, ਸੋਝੀ 'ਗੋਇਆ' ਪਾਈ।
ਨਕ ਨਕ ਭਰਿਆ ਨਾਮ ਪਿਆਲਾ, ਪੀਤਾ ਉਸ ਨੇ ਚਾਈ।
ਬਿਨ ਮੌਲਾ ਦੇ ਤਾਲਬ ਹੋਇਆਂ, ਪਾ ਨ ਸੱਕੇ ਕੋਈ,
ਇਹ ਦੁਰਲੱਭ ਹੈ ਦਾਤ ਇਲਾਹੀ, ਹੱਥ ਅਸਾਂ ਦੇ ਆਈ।੧੫।

ਸ਼ਬਦਾਰਥ : ਯਾਫ਼ਤਾ-ਏਮ—ਅਸਾਂ ਪ੍ਰਾਪਤ ਕੀਤੀ ਹੈ।

ਅਰਥ : (ੳ) ਐ 'ਗੋਇਆ', ਅਸਾਂ ਨੇ ਵਾਹਿਗੁਰੂ ਦੇ ਸਿਮਰਨ ਤੋਂ (ਇਹ) ਖ਼ਬਰ (ਸੋਝੀ) ਪਾਈ ਹੈ। (ਅ) ਇਹ ਨੱਕੋ-ਨੱਕ ਭਰਿਆ (ਨਾਮ ਦੀ ਸ਼ਰਾਬ ਦਾ) ਪਿਆਲਾ, ਅਸਾਂ ਕਿਥੋਂ ਲਭ੍ਹਾ ਹੈ ? (ੲ) ਵਾਹਿਗੁਰੂ ਦੇ ਤਾਲਬਾਂ (ਤਾਂਘੀਆਂ) ਤੋਂ ਸਿਵਾ, ਹਰ ਕਿਸੇ ਦੇ ਭਾਗ ਵਿਚ ਇਹ ਨਹੀਂ ਹੁੰਦਾ, (ਸ) ਕਿ ਇਹ ਦੁਰਲਭ (ਨਾਮ) ਧਨ ਅਸਾਂ ਨੇ ਪ੍ਰਾਪਤ ਕਰ ਲਿਆ ਹੈ।

ਗੋਇਆ, ਤਾ ਕੈ, ਦਰੀਂ ਸਰਾਏ ਮਾਅਦੂਮ ?
ਗਾਹੇ ਲਾਜ਼ਿਮ ਸ਼ਵੀ, ਵ ਗਾਹੇ ਮਲਜ਼ੂਮ।

ਤਾ ਕੈ ਚੁ ਸਗਾਂ, ਬਰ ਉਸਤਖ਼ਾਂ ਜੰਗ ਕੁਨੀ ?
ਦੁਨੀਆ ਮਾਲੂਮ, ਵ ਅਹਿਲਿ ਦੁਨੀਆ ਮਾਲੂਮ।੧੬।

ਪੰਜਾਬੀ ਕਾਵਿ ਅਨੁਵਾਦ

ਫ਼ਾਨੀ ਏਸ ਸਰਾਂ ਦੇ ਅੰਦਰ, ਕਦ ਤਕ ਪੈਰ ਜਮਾਵੇਂ ?
ਫ਼ਰਯਾਦੀ ਬਣ ਕਰੇਂ ਸ਼ਿਕਾਇਤਾਂ, ਜਾਬਰ ਕਦੇ ਕਹਾਵੇਂ।
ਕੁੱਤਿਆਂ ਵਾਂਙੂ ਹੱਡੀ ਖ਼ਾਤਰ, ਕਦੇ ਨਾ ਖਹਿ ਖਹਿ ਮਰਸੇਂ,
ਦੁਨੀਆ ਕੀ ਹੈ ? ਲੋਕੀ ਕੀ ਹਨ ? ਇਹ ਸੋਝੀ ਜੇ ਪਾਵੇਂ।੧੬।

ਸ਼ਬਦਾਰਥ : ਮਾਅਦੂਮ—ਫ਼ਾਨੀ। ਲਾਜ਼ਿਮ—ਜ਼ਰੂਰ, ਨਾਲ ਲਗਾ ਹੋਇਆ। ਮਲਜ਼ੂਮ—ਜਿਸ ਤੇ ਕੋਈ ਕੰਮ ਲਾਜ਼ਿਮ (ਜ਼ਰੂਰੀ) ਕੀਤਾ ਗਿਆ ਹੋਵੇ। ਸਗਾਂ—ਕੁੱਤੇ। ਉਸਤਖ਼ਾਂ—ਹੱਡੀ।

ਅਰਥ : (ੳ) ਗੋਇਆ, ਤੂੰ ਕਦ ਤਕ ਇਸ ਫ਼ਾਨੀ (ਨਾਸਵੰਤ) ਸਰਾਂ (ਦੁਨੀਆ ਵਿੱਚ ਵਿਚਰ ਸਕੇਂਗਾ) ? (ਅ) (ਤੇ) ਕਦੀ ਮੁੱਦਈ ਹੋਵੇਂਗਾ ਤੇ ਕਦੀ ਮੁੱਦਾਲੈਅ। (ੲ) ਤੂੰ ਕਦ ਤੱਕ ਕੁੱਤਿਆਂ ਵਾਂਗ ਹੱਡੀ ਉਤੋਂ (ਆਪਸ ਵਿਚ ਦੀ) ਜੰਗ ਕਰੇਂਗਾ ? (ਸ) (ਤੂੰ) ਦੁਨੀਆ (ਨੂੰ) ਜਾਣ, ਤੇ ਦੁਨੀਆ ਵਾਲਿਆਂ (ਨੂੰ) ਜਾਣ।

ਮੌਜੂਦ ਖ਼ੁਦਾ ਅਸਤ, ਤੂ ਕਿਰਾ ਮੇ ਜੋਈ ?
ਮਕ਼ਸੂਦਿ ਖ਼ੁਦਾਸਤ, ਤੂ ਕੁਜਾ ਮੇ ਪੋਈ ?
ਈਂ ਹਰ ਦੋ ਜਹਾਂ, ਨਿਸ਼ਾਨਿ ਦੌਲਤ ਤੁਸ੍ਤ।
ਯਾਅਨੀ, ਸੁਖ਼ਨ ਅਜ਼ ਜ਼ਬਾਨਿ ਹੱਕ਼, ਮੇ ਗੋਈ।੧੭।

ਪੰਜਾਬੀ ਕਾਵਿ ਅਨੁਵਾਦ

ਹਾਜ਼ਰ ਨਾਜ਼ਰ ਹੈ ਉਹ ਸੱਚਾ, ਤੂੰ ਢੂੰਡੇਂ ਕਿਸ ਤਾਈਂ ?
ਮਕਸਦ ਤੇਰਾ ਰੱਬ ਨੂੰ ਪਾਣਾ, ਨ ਪਿਆ ਭੱਜ ਅਜਾਈਂ।
ਦੋ ਆਲਮ ਦੀ ਦੌਲਤ ਤੇਰੀ, ਹੈ ਇਹ ਜੱਗ ਨਿਸ਼ਾਨੀ,
ਜੋ ਵੀ ਮੁਖ ਥੀਂ ਬੋਲੇ 'ਗੋਇਆ', ਬੋਲੇ ਸੱਚਾ ਸਾਈਂ।੧੭।

ਸ਼ਬਦਾਰਥ : ਕਿਰਾ—(ਕਿ+ਰਾ) ਕਿਸ ਨੂੰ। ਮੇ ਜੋਈ- ਤੂੰ ਲਭਦਾ ਹੈਂ। ਮਕ਼ਸੂਦ—ਮਕ਼ਸਦ, ਨਿਸ਼ਾਨਾ। ਮੇ ਪੋਈ—ਤੂੰ ਢੂੰਡਦਾ ਹੈਂ, ਦੌੜ ਰਿਹਾ ਹੈਂ। ਦੌਲਤ—ਸਲਤਨਤ, ਹਕੂਮਤ। ਹੱਕ਼—ਵਾਹਿਗੁਰੂ।

ਅਰਥ : (ੳ) (ਜਦ) ਵਾਹਿਗੁਰੂ ਹਾਜ਼ਰ ਨਾਜ਼ਰ ਹੈ (ਫਿਰ) ਤੂੰ ਕਿਸ ਨੂੰ ਲਭਦਾ ਹੈਂ ? (ਅ) (ਜਦ ਤੇਰਾ) ਮਕਸਦ ਪ੍ਰਭੂ (-ਪ੍ਰਾਪਤੀ) ਹੈ, (ਫ਼ਿਰ) ਤੂੰ ਕਿਥੇ ਭਜ ਨਸ ਕਰ ਰਿਹਾ ਹੈਂ ? (ੲ) (ਹੇ ਵਾਹਿਗੁਰੂ !) ਇਹ ਦੋਵੇਂ ਜਹਾਨ ਤੇਰੀ ਸਲਤਨਤ (ਹਕੂਮਤ) ਦੀ ਨਿਸ਼ਾਨੀ ਹਨ। (ਸ) ਭਾਵ—ਤੂੰ (ਇਹ) ਬਚਨ (ਪ੍ਰਭੂ) ਦੀ ਜ਼ਬਾਨੋਂ ਬੋਲਦਾ ਹੈਂ।

'ਗੋਇਆ', ਅਗਰ ਆਂ ਜਮਾਲ ਦੀਦਨ ਦਾਰੀ।
ਅਜ਼ ਖ਼ੁਦ, ਹਵਸਿ ਮੈਲ, ਰਮੀਦਨ ਦਾਰੀ।
ਜ਼ੀਂ ਦੀਦਾ ਮ-ਬੀਂ, ਕਿ ਹਜਾਬਸ੍ਰ ਤੁਰਾ।
ਬੇਦੀਦਾ ਬਬੀਂ, ਹਰ ਆਂ ਚਿ: ਦੀਦਨ ਦਾਰੀ।੧੮।

ਪੰਜਾਬੀ ਕਾਵਿ ਅਨੁਵਾਦ

'ਗੋਇਆ' ਜੇ ਕਰ ਡਿੱਠਾ ਚਾਹੇਂ, ਜਲਵਾ-ਰੱਬ ਨਿਆਰਾ।
ਮੋਹ ਮਮਤਾ ਤੇ ਮਾਇਆ ਪਾਸੋਂ, ਪਾਈਂ ਤੂੰ ਛੁਟਕਾਰਾ।
ਏਨ੍ਹੀ ਅੱਖੀਂ ਵੇਖ ਨ ਉਸਨੂੰ, ਇਹ ਪਰਦਾ ਵਿੱਚ ਭਾਰੀ,
ਬਿਨਾਂ ਦੀਦਿਓਂ ਨਜ਼ਰੀਂ ਆਵੇ, ਰੱਬ ਦਾ ਰੂਪ ਅਪਾਰਾ।੧੮।

ਸ਼ਬਦਾਰਥ : ਜਮਾਲ—ਰੂਪ, ਜਲਵਾ। ਦੀਦਨ ਦਾਰੀ—ਵੇਖਣਾ ਰਖਦਾ ਹੈਂ, ਵੇਖਣ ਦੀ ਤਾਂਘ ਰਖਦਾ ਹੈਂ। ਹਵਸ—ਜਨੂੰਨ, ਆਰਜ਼ੂ, ਤ੍ਰਿਸ਼ਨਾ। ਮੈਲ—ਰੁਚੀ, ਖ਼ਾਹਸ਼ ਮ-ਬੀਂ—ਨਾ ਵੇਖ। ਰਮੀਦਨ—ਦੌੜ ਜਾਣਾ, ਭਜ ਜਾਣਾ। ਹਜਾਬ—ਪਰਦਾ।

ਅਰਥ : (ੳ) ਹੇ ਗੋਇਆ, ਜੇ ਤੂੰ ਓਹ ਜਲਵਾ ਵੇਖਣ ਦੀ (ਚਾਹ) ਰਖਦਾ ਹੈਂ (ਅ) (ਤਾਂ) ਆਪਣੇ ਆਪ ਤੋਂ ਖ਼ਾਹਸ਼ਾਂ ਦੇ ਜਨੂੰਨ ਨੂੰ ਦੌੜਦਾ ਕਰ (ਦੂਰ ਭਜਾ ਦੇ) (ੲ) ਤੂੰ ਇਨ੍ਹਾਂ ਅੱਖਾਂ ਨਾਲ ਨਾ ਵੇਖ, ਇਹ ਤਾਂ ਤੇਰੇ ਵਿਚ ਪਰਦਾ ਹਨ। (ਸ) ਤੂੰ ਬਿਨ ਅੱਖਾਂ ਦੇ ਦੇਖ ਉਸ ਨੂੰ, (ਜਿਸ ਨੂੰ ਕਿ) ਤੂੰ ਵੇਖਣ ਦੀ ਤਮੰਨਾ ਰੱਖਦਾ ਹੈਂ।

ਬੈਂਤ

ਦਿਲਿ ਜ਼ਾਲਮ, ਬ-ਕ਼ਸਦਿ ਕੁਸ਼ਤਨਿ ਮਾਸ੍ਰ।
ਦਿਲਿ ਮਜ਼ਲੂਮਿ ਮਾ, ਬ-ਸੂਏ ਖ਼ੁਦਾਸ੍ਰ॥੧॥

ਪੰਜਾਬੀ ਕਾਵਿ ਅਨੁਵਾਦ

ਜ਼ਾਲਮ ਨੇ ਹੈ ਜਦ ਤੋਂ ਮੈਨੂੰ, ਮਾਰਨ ਗੋਂਦ ਬਣਾਈ।
ਤਦ ਤੋਂ ਦੁਖੀਏ ਦਿਲ ਮੇਰੇ ਨੇ, ਰੱਬ ਤੇ ਆਸ ਟਿਕਾਈ।੧।

ਸ਼ਬਦਾਰਥ : ਕਸਦ—ਇਰਾਦਾ। ('ਕਸਦ ਕਸੇ ਕਰਦਨ' ਦੇ ਅਰਥ ਹਨ—ਕਿਸੇ ਦੇ ਖ਼ੂਨ ਦਾ ਇਰਾਦਾ ਕਰਨਾ, ਕਿਸੇ ਨੂੰ ਮਾਰ ਦੇਣ ਦੇ ਆਹਰ ਵਿਚ ਹੋਣਾ)। ਕੁਸ਼ਤਨ—ਜਾਨੋਂ ਮਾਰ ਦੇਣਾ। ਜ਼ਾਲਮ—ਜ਼ੁਲਮ ਕਰਨ ਵਾਲਾ। ਮਜ਼ਲੂਮ—ਜਿਸ ਨਾਲ ਧੱਕਾ ਹੋਵੇ, ਸਤਾਇਆ ਹੋਇਆ।

ਅਰਥ : ਜ਼ਾਲਮ ਦਿਲ ਦਾ ਸਾਨੂੰ ਮਾਰਨ ਦਾ ਇਰਾਦਾ ਹੈ, ਪਰੰਤੂ ਸਾਡਾ ਮਜ਼ਲੂਮ ਦਿਲ (ਸਹਾਇਤਾ ਲਈ) ਖ਼ੁਦਾ ਵਲ (ਵੇਖਦਾ) ਹੈ।

ੳ ਦਰੀਂ ਫ਼ਿਕਰ, ਤਾ ਬ-ਮਾ ਚਿ: ਕੁਨੱਦ।
ਮਾ ਦਰੀਂ ਫ਼ਿਕਰ, ਤਾ ਖ਼ੁਦਾ ਚਿ: ਕੁਨੱਦ॥੨॥

ਪੰਜਾਬੀ ਕਾਵਿ ਅਨੁਵਾਦ

ਉਹ ਜਰਵਾਣਾ ਹਰ ਦਮ ਲੋਚੇ, ਲਾਵਾਂ ਚੋਟ ਕਰਾਰੀ।
ਅਸੀਂ ਵੇਖਦੇ ਮੌਲਾ ਵੱਲੇ, ਕਰਦਾ ਕੀ ਉਹ ਕਾਰੀ ? ੨।

ਅਰਥ : ੳਹ (ਜਰਵਾਣਾ) ਇਸ ਫ਼ਿਕਰ ਵਿਚ (ਹੈ) ਤਾਂ ਜੁ ਸਾਡੇ ਨਾਲ ਕੀ ਕਰੇ (ਕਿਵੇਂ ਧੱਕਾ ਕਰੇ), ਪਰੰਤੂ ਅਸੀਂ ਇਸ ਫ਼ਿਕਰ ਵਿਚ ਹਾਂ ਤਾਂ ਜੁ ਖ਼ੁਦਾ ਕੀ ਕਰਦਾ ਹੈ।

ਮ-ਬਰ ਐ ਬਾਦ, ਖ਼ਾਕਮ, ਅਜ਼ ਦਰਿ ਦੋਸ੍ਰ।
ਦੁਸ਼ਮਨਮ ਸਰ ਜ਼ਨੱਦ, ਕਿ ਹਰ ਜਾਈਸ੍ਰ॥੩॥

ਪੰਜਾਬੀ ਕਾਵਿ ਅਨੁਵਾਦ

ਗੁਰੂ-ਦਰੋਂ ਨ ਚੁੱਕ ਲਿਜਾਵੀਂ, ਮੇਰੀ ਖ਼ਾਕ, ਹਵਾਏ!
ਵੈਰੀ ਮਾਰਨ ਤਾਅਨੇ ਮੈਨੂੰ, 'ਥਾਂ ਥਾਂ ਨੇਹੁੰ ਲਗਾਏ'।੩।

ਸ਼ਬਦਾਰਥ : ਮ+ਬਰ—ਨਾ ਲਿਜਾ। ਬਾਦ—ਹਵਾ। ਖ਼ਾਕ+ਮ—ਮੇਰੀ ਮਿੱਟੀ।

ਦੁਸ਼ਮਨ+ਮ—ਮੇਰੇ ਵੈਰੀ, ਵਿਰੋਧੀ। ਹਰ ਜਾਈ—ਹਰ ਥਾਵਾਂ, ਥਾਂ ਥਾਂ ਪਿਆਰ ਪਾਉਣ ਵਾਲਾ। ਸਰ ਜ਼ਨੱਦ—ਸਿਰ ਫੇਰੇਗਾ, ਪਰਗਟ ਕਰੇਗਾ।

ਅਰਥ : ਐ ਹਵਾ, ਮੇਰੀ ਮਿੱਟੀ (ਰਾਖ) ਮਿੱਤਰ ਦੇ ਦਰ ਤੋਂ ਚੁੱਕ ਕੇ (ਉਡਾ ਕੇ) ਨਾ ਲਿਜਾ, (ਕਿਉਂ ਜੁ) ਮੇਰਾ ਦੁਸ਼ਮਨ (ਬੋਲੀ ਮਾਰ ਕੇ) ਪਰਗਟ ਕਰੇਗਾ ਕਿ (ਉਹ) ਥਾਂ ਥਾਂ ਤੁਰੀ ਫਿਰਨ ਵਾਲੀ ਹੈ (ਭਾਵ—ਮੈਂ ਥਾਂ ਥਾਂ ਪ੍ਰੀਤਾਂ ਪਾਉਣ ਵਾਲਾ ਹਾਂ)।

ਨੇਸ੍ ਗ਼ੈਰ ਅਜ਼ਾਂ ਸੱਨਮ, ਦਰ ਪਰਦਾ-ਇ ਦੈਰੋ ਹਰਮ।
ਕੈ ਸ਼ਵੱਦ ਆਤਸ਼ਿ ਦੋ ਰੰਗ, ਅਜ਼ ਇਖ਼ਤਲਾਫ਼ਿ ਸੰਗਹਾ ॥੪॥

ਪੰਜਾਬੀ ਕਾਵਿ ਅਨੁਵਾਦ

ਕਾਅਬੇ ਤੇ ਬੁਤਖ਼ਾਨੇ ਅੰਦਰ, ਮਾਹੀ ਵਸਦਾ ਓਹੀ।
ਚਿਣਗਾਂ ਨਿਕਲਣ ਇੱਕੋ ਜਿਹੀਆਂ, ਪੱਥਰ ਤੋੜੋ ਕੋਈ।੪।

ਸ਼ਬਦਾਰਥ : ਸੱਨਮ—ਮਾਹੀ, ਪ੍ਰੀਤਮ। ਦੈਰ ਓ ਹਰਮ—ਮੰਦਰ ਤੇ ਮਸੀਤ। ਆਤਿਸ਼—ਅੱਗ। ਸੰਗ—ਪੱਥਰ।

ਅਰਥ : ਮੰਦਰ ਤੇ ਮਸੀਤ ਦੇ ਪਰਦੇ ਵਿਚ ਉਸ ਮਾਹੀ ਤੋਂ ਬਿਨਾਂ ਕੋਈ ਹੋਰ ਨਹੀਂ। ਕਦੀ ਪੱਥਰਾਂ ਦੇ (ਆਪਸ ਵਿਚ ਦੀ) ਵੱਖ ਵੱਖ ਤਰ੍ਹਾਂ ਦੇ ਹੋਣ ਨਾਲ ਅਗਨੀ ਦੋ ਰੰਗਾਂ ਦੀ ਹੋਵੇਗੀ ? (ਪੱਥਰ ਤੋੜਿਆਂ ਅੱਗ ਦੇ ਚੰਗਿਆੜੇ ਨਿਕਲਦੇ ਹਨ ਤੇ ਉਹ ਸਾਰੇ ਇਕ-ਸਮਾਨ ਹੀ ਹੁੰਦੇ ਹਨ। ਇਸੇ ਤਰ੍ਹਾਂ ਸਾਦਕਾਂ ਲਈ ਹਰ ਥਾਂ ਰੱਬ ਦਾ ਹੀ ਜਲਵਾ ਹੈ)।

ਆਸਮਾਂ ਸਿਜਦਾ ਕੁਨੱਦ, ਪੇਸ਼ਿ ਜ਼ਮੀਂ, ਕਿ ਬਰ ਓ।
ਯਕ ਦੋ ਨਫ਼ਸ, ਅਜ਼ ਪੈ ਜ਼ਿਕਰਿ ਖ਼ੁਦਾ, ਬਿ-ਨਸ਼ੀਨਦ ॥੫॥

ਪੰਜਾਬੀ ਕਾਵਿ ਅਨੁਵਾਦ

ਧਰਤੀ ਤਾਈਂ ਅੰਬਰ ਨੀਲਾ, ਝੁੱਕ ਝੁੱਕ ਸੀਸ ਨਿਵਾਵੇ।
ਕਿਉਂ ਜੁ ਇਥੇ ਇੱਕ ਅੱਧ ਬੰਦਾ , ਹਰ ਦਮ, ਹਰੀ ਧਿਆਵੇ।

ਸ਼ਬਦਾਰਥ : ਸਿਜਦਾ—ਨਮਸਕਾਰ। ਪੇਸ਼—ਸਾਹਮਣੇ। ਬਰ ਓ—ਓਸ ਉਤੇ। ਨਫ਼ਸ—ਦਮ। ਬਿ-ਨਸ਼ੀਨਦ—ਬੈਠਦਾ।

ਅਰਥ : ਅਕਾਸ਼ ਧਰਤੀ ਦੇ ਅਗੇ ਸਿਜਦਾ ਕਰਦਾ ਹੈ, ਕਿਉਂ ਜੁ ਇਸ ਉਤੇ ਇਕ ਅੱਧਾ ਬੰਦਾ, ਇਕ ਦੋ ਦਮ ਲਈ, ਵਾਹਿਗੁਰੂ ਦੇ ਸਿਮਰਨ ਵਿਚ ਬੈਠਾ ਰਹਿੰਦਾ ਹੈ।

ਬ-ਜ਼ੇਰਿ ਸਾਇਆ-ਇ ਤੂਬਾ, ਮੁਰਾਦਹਾ ਯਾਬੀ।
ਬ-ਜ਼ੇਰਿ ਸਾਇਆ-ਇ ਮਰਦਾਨਿ ਹੱਕ, ਖ਼ੁਦਾ ਯਾਬੀ ॥੬॥

ਪੰਜਾਬੀ ਕਾਵਿ ਅਨੁਵਾਦ

ਕਲਪ ਬ੍ਰਿਛ ਦੀ ਛਾਇਆ ਜੇ ਕਰ, ਮਨ ਦੀ ਆਸ ਪੁਜਾਵੇ।
ਛਾਇਆ ਰੱਬੀ ਬੰਦਿਆਂ ਸੰਦੀ, ਰੱਬ ਦਾ ਮੇਲ ਕਰਾਵੇ।

ਸ਼ਬਦਾਰਥ : ਤੂਬਾ—ਇਸਲਾਮੀ ਮਨੌਤ ਅਨੁਸਾਰ ਮਨ-ਬਾਂਛਤ ਪਦਾਰਥ ਦੇਣ ਵਾਲਾ ਇਕ ਸਵਰਗੀ ਬ੍ਰਿਛ।

ਅਰਥ : ਤੂਬਾ ਬ੍ਰਿਛ ਦੇ ਪਰਛਾਵੇਂ ਹੇਠ ਤੈਨੂੰ ਮੂੰਹੋਂ-ਮੰਗੀਆਂ ਮੁਰਾਦਾਂ (ਕੇਵਲ ਸਰੀਰਕ ਸੁਖਾਂ ਲਈ ਵਸਤਾਂ) ਮਿਲਣਗੀਆਂ, ਪਰੰਤੂ ਵਾਹਿਗੁਰੂ ਦੇ ਮਰਦਾਂ (ਸਤਿਗੁਰੂ ਜੀ) ਦੀ ਛਾਂ ਹੇਠ (ਸਾਧ ਸੰਗਤ ਵਿਚ) ਤੂੰ ਸਰਬ-ਸੁਖਦਾਤੇ ਹਰੀ ਨੂੰ ਪ੍ਰਾਪਤ ਕਰੇਂਗਾ।

(ਨੋਟ—'ਤੂਬਾ' ਲਈ ਵੇਖੋ ਗ਼ਜ਼ਲ ਨੰ: ੨੯ ਦਾ ਸ਼ੇਅਰ ਨੰ: ੪, ਤੇ ਇਸ ਦਾ ਭਾਵਾਰਥ)

ਅਜ਼ ਸਲਤਨਤਿ ਦਹੱਮ (ਗੰਜ-ਨਾਮਾ)

(ਵਾਹਿਗੁਰੂ ਜੀਉ ਸੱਤਿ)

ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ।
ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ ॥੧੦੫॥

ਗੁਰੂ ਗੋਬਿੰਦ ਸਿੰਘ ਹੋਰਨਾਂ ਦਾ ਮਦਦਗਾਰ ਹੈ ਅਤੇ ਉਨ੍ਹਾਂ ਨੂੰ ਵਾਹਿਗੁਰੂ ਦੀ ਮਦਦ ਪ੍ਰਾਪਤ ਹੈ

ਹੱਕ ਰਾ ਗੰਜੂਰ ਗੁਰੁ ਗੋਬਿੰਦ ਸਿੰਘ।
ਜੁਮਲਾ ਫ਼ੈਜ਼ੋ ਨੂਰ ਗੁਰੁ ਗੋਬਿੰਦ ਸਿੰਘ ॥੧੦੬॥

ਗੁਰੂ ਗੋਬਿੰਦ ਸਿੰਘ ਜੀ ਵਾਹਿਗੁਰੂ ਦੇ ਖ਼ਜ਼ਾਨਚੀ ਹਨ ਅਤੇ ਨੂਰਾਨੀ ਬਖ਼ਸ਼ਸ਼ ਦੇ ਮਾਲਕ

ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ।
ਸ਼ਾਹਿ ਸ਼ਾਹਿਨਸ਼ਾਹ ਗੁਰੁ ਗੋਬਿੰਦ ਸਿੰਘ ॥੧੦੭॥

ਕਲਗੀਧਰ ਜੀ ਵਾਹਿਗੁਰੂ ਜੀ ਦੇ ਚੰਗੇ ਜਾਣੂ ਹਨ ਅਤੇ ਸ਼ਹਿਨਸ਼ਾਹਾਂ ਦੇ ਵੀ ਸ਼ਾਹ ਹਨ

ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ।
ਖ਼ਸਮ ਰਾ ਜਾਂ ਕਾਹ ਗੁਰੁ ਗੋਬਿੰਦ ਸਿੰਘ ॥੧੦੮॥

ਦੋਹਾਂ ਜਹਾਨਾਂ ਦੇ ਪਾਤਸ਼ਾਹ ਹਨ ਅਤੇ ਵੈਰੀਆਂ ਨੂੰ ਜੀਣ ਦੀ ਸੰਸਾ ਪਾ ਦੇਣ ਵਾਲੇ ਜੋਧੇ ਹਨ

ਫ਼ਾਇਜ਼ੁਲ ਅਨਵਾਰ ਗੁਰੁ ਗੋਬਿੰਦ ਸਿੰਘ।
ਕਾਸ਼ਫ਼ੁਲ ਅਸਰਾਰ ਗੁਰੁ ਗੋਬਿੰਦ ਸਿੰਘ ॥੧੦੯॥

ਦਸਮੇਸ਼ ਜੀ ਬਖ਼ਸ਼ਸ਼ ਦਾ ਨੂਰ ਦੇਣ ਵਾਲੇ ਅਤੇ (ਕਰਤਾਰ ਦੇ) ਭੇਤ ਦਸਣ ਵਾਲੇ ਹਨ

ਆਲਿਮ ਅਲ ਅਸਤਾਰ ਗੁਰੁ ਗੋਬਿੰਦ ਸਿੰਘ।
ਅਬਰਿ ਰਹਿਮਤ ਬਾਰ ਗੁਰੁ ਗੋਬਿੰਦ ਸਿੰਘ ॥੧੧੦॥

ਸਤਿਗੁਰੂ ਸਭ ਦੇ ਪਾਪਾਂ ਤੇ ਪਰਦੇ ਪਾਉਣ ਵਾਲੇ ਅਤੇ ਮਿਹਰਾਂ ਦੇ ਬੱਦਲ ਹਨ।

ਮੁਕਬਲੋ ਮਕਬੂਲ ਗੁਰੁ ਗੋਬਿੰਦ ਸਿੰਘ।
ਵਾਸਲੋ ਮੌਸੂਲ ਗੁਰੁ ਗੋਬਿੰਦ ਸਿੰਘ ॥੧੧੧॥

ਪ੍ਰਵਾਨ ਹੋਇਆਂ ਚੋਂ ਪ੍ਰਵਾਨ ਸਤਿਗੁਰੂ ਹੈ ਅਤੇ ਵਾਹਿਗੁਰੂ ਤਕ ਪਹੁੰਚਿਆ ਹੋਇਆ ਹੈ।

ਜਾਂ ਫ਼ਰੋਗ਼ਿ ਦਹਰ ਗੁਰੁ ਗੋਬਿੰਦ ਸਿੰਘ।
ਫ਼ੈਜ਼ਿ ਹੱਕ ਰਾ ਬਹਰ ਗੁਰੁ ਗੋਬਿੰਦ ਸਿੰਘ ॥੧੧੨॥

ਸਤਿਗੁਰੂ ਆਤਮਕ ਗਿਆਨ ਦੀ ਨਦੀ ਹੈ ਅਤੇ ਰੱਬੀ ਬਖ਼ਸ਼ਸ਼ਾਂ ਦਾ ਸਾਗਰ।

ਹੱਕ ਰਾ ਮਹਬੂਬ ਗੁਰੁ ਗੋਬਿੰਦ ਸਿੰਘ।
ਤਾਲਬੋ ਮਤਲੂਬ ਗੁਰੁ ਗੋਬਿੰਦ ਸਿੰਘ ॥੧੧੩॥

ਰੱਬ ਦਾ ਪਿਆਰਾ ਹੈ ਸਤਿਗੁਰੂ। ਉਹ ਹਰੀ ਦੇ ਖੋਜੀ (ਆਸ਼ਕ) ਵੀ ਹਨ ਅਤੇ ਮਸ਼ੂਕ ਵੀ।

ਤੇਗ਼ ਰਾ ਫ਼ੱਤਾਹ ਗੁਰੁ ਗੋਬਿੰਦ ਸਿੰਘ।
ਜਾਨੋ ਦਿਲ ਰਾ ਰਾਹ ਗੁਰੁ ਗੋਬਿੰਦ ਸਿੰਘ ॥੧੧੪॥

ਗੁਰੂ ਗੋਬਿੰਦ ਸਿੰਘ ਜੀ ਤਲਵਾਰ ਦੇ ਧਨੀ ਹਨ ਅਤੇ ਘਟ ਘਟ ਦੀ ਜਾਨਣਹਾਰ ਹਨ।

ਸਾਹਿਬੇ ਇਕਲੀਲ ਗੁਰੁ ਗੋਬਿੰਦ ਸਿੰਘ।
ਜ਼ਿੱਲੇ ਹੱਕ ਤਜ਼ਲੀਲ ਗੁਰੁ ਗੋਬਿੰਦ ਸਿੰਘ ॥੧੧੫॥

ਕਲਗੀਆਂ ਵਾਲਾ ਤਾਜ ਦਾ ਮਾਲਕ ਹੈ ਅਤੇ ਉਨ੍ਹਾਂ ਉਤੇ ਪ੍ਰਭੂ ਦੀ ਛਾਂ ਹੈ।

ਖ਼ਾਜ਼ਨੇ ਹਰ ਗੰਜ ਗੁਰੁ ਗੋਬਿੰਦ ਸਿੰਘ।
ਮਰਹਮੇ ਹਰ ਰੰਜ ਗੁਰੁ ਗੋਬਿੰਦ ਸਿੰਘ ॥੧੧੬॥

ਉਹ ਸਾਰੇ ਰੱਬੀ ਖ਼ਜ਼ਾਨਿਆਂ ਦੇ ਖ਼ਜ਼ਾਨਚੀ ਹਨ ਅਤੇ ਸਭ ਦੁਖਾਂ ਦਾ ਦਾਰੂ ਹਨ।

ਦਾਵਰਿ ਆਫ਼ਾਕ ਗੁਰੁ ਗੋਬਿੰਦ ਸਿੰਘ।
ਹਰ ਦੋ ਆਲਮ ਤਾਕ ਗੁਰੁ ਗੋਬਿੰਦ ਸਿੰਘ ॥੧੧੭॥

ਸੰਸਾਰ ਦਾ ਮਾਲਕ ਹੈ ਗੁਰੂ ਗੋਬਿੰਦ ਸਿੰਘ ਤੇ ਦੋਹਾਂ ਜਹਾਨਾਂ ਵਿਚ ਇਕੋ ਇਕ ਓਹੋ ਲਾਸਾਨੀ ਹੈ।

ਹੱਕ ਖ਼ੁਦ ਵੱਸਾਫ਼ਿ ਗੁਰੁ ਗੋਬਿੰਦ ਸਿੰਘ।
ਬਰਤਰੀਂ ਔਸਾਫ਼ਿ ਗੁਰੁ ਗੋਬਿੰਦ ਸਿੰਘ ॥੧੧੮॥

ਖ਼ੁਦਾ ਆਪ ਉਸਤਤ ਕਰਦਾ ਹੈ ਸਤਿਗੁਰੂ ਦੀ, ਉਹ ਵੱਡਿਆਂ ਗੁਣਾਂ ਵਾਲੇ ਹਨ।

ਖ਼ਾਸਗਾਂ ਦਰ ਪਾਇ ਗੁਰੁ ਗੋਬਿੰਦ ਸਿੰਘ।
ਕੁਦਸੀਆਂ ਬਾਰਾਇ ਗੁਰੁ ਗੋਬਿੰਦ ਸਿੰਘ ॥੧੧੯॥

ਖ਼ਾਸ ਕਬੂਲੇ ਹੋਏ ਲੋਕ ਚਰਨਾਂ ਤੇ ਡਿਗਦੇ ਹਨ ਅਤੇ ਦੇਵਤੇ ਵੀ ਉਪਦੇਸ਼ ਲੈਂਦੇ ਹਨ ਉਨ੍ਹਾਂ ਤੋਂ।

ਮੁਕਬਲਾਂ ਮੱਦਾਹਿ ਗੁਰੁ ਗੋਬਿੰਦ ਸਿੰਘ।
ਜਾਨੋ ਦਿਲ ਰਾ ਰਾਹ ਗੁਰੁ ਗੋਬਿੰਦ ਸਿੰਘ ॥੧੨੦॥

ਪਰਵਾਨ ਹੋਏ ਸਤਿਗੁਰੂ ਦੀ ਕੀਰਤੀ ਕਰਦੇ ਹਨ, ਸਤਿਗੁਰੂ ਘਟ ਘਟ ਦੇ ਜਾਣਨਹਾਰ ਹਨ।

ਲਾ-ਮਕਾਂ ਪਾਬੋਸਿ ਗੁਰੁ ਗੋਬਿੰਦ ਸਿੰਘ।
ਬਰ ਦੋ ਆਲਮ ਕੋਸਿ ਗੁਰੁ ਗੋਬਿੰਦ ਸਿੰਘ ॥੧੨੧॥

ਬੈਕੁੰਠ ਵੀ ਚਰਨ ਚੁੰਮਦਾ ਹੈ। ਦੋਹਾਂ ਜਹਾਨਾਂ 'ਤੇ ਉਨ੍ਹਾਂ ਦਾ ਡੰਕਾ ਵੱਜਦਾ ਹੈ।

ਸੁਲਸ ਹਮ ਮਾਹਕੂਮਿ ਗੁਰੁ ਗੋਬਿੰਦ ਸਿੰਘ।
ਰੁਬਾਅ ਹਮ ਮਖ਼ਤੂਮਿ ਗੁਰੁ ਗੋਬਿੰਦ ਸਿੰਘ ॥੧੨੨॥

'ਸੁਲਸ' ਤਿੰਨੇ ਲੋਕ ਉਨ੍ਹਾਂ ਦੇ ਅਧੀਨ ਹਨ ਅਤੇ ਸਾਰੇ ਸੰਸਾਰ 'ਤੇ ਉਨ੍ਹਾਂ ਦੇ ਹੁਕਮ ਦੀ ਮੁਹਰ ਹੈ।

ਸੁਦਸ ਹਲਕਾ ਬਗੋਸ਼ਿ ਗੁਰੁ ਗੋਬਿੰਦ ਸਿੰਘ।
ਦੁਸ਼ਮਨ ਅਫ਼ਗਨ ਜੋਸ਼ਿ ਗੁਰੁ ਗੋਬਿੰਦ ਸਿੰਘ ॥੧੨੩॥

'ਸੁਦਸ' (ਛੇਵਾਂ ਹਿੱਸਾ) ਵੀ ਸਤਿਗੁਰਾਂ ਦਾ ਸੇਵਕ ਹੈ, ਉਹ ਵੈਰੀ ਦਾ ਜੋਸ਼ ਮੱਠਾ ਕਰਨ ਵਾਲੇ ਹਨ।

ਖ਼ਾਲਸੋ ਬੇਕੀਨਾ ਗੁਰੁ ਗੋਬਿੰਦ ਸਿੰਘ।
ਹੱਕ ਹੱਕ ਆਈਨਾ ਗੁਰੁ ਗੋਬਿੰਦ ਸਿੰਘ ॥੧੨੪॥

ਪਵਿੱਤਰ ਅਤੇ ਨਿਰਵੈਰ ਹਨ ਸਤਿਗੁਰੂ, ਉਹ ਸੱਚੇ ਵਾਹਿਗੁਰੂ ਨੂੰ ਦਿਖਾਣ ਵਾਲੇ ਸ਼ੀਸ਼ਾ ਹਨ।

ਹੱਕ ਹੱਕ ਅੰਦੇਸ਼ ਗੁਰੁ ਗੋਬਿੰਦ ਸਿੰਘ।
ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ ॥੧੨੫॥

ਉਹ ਸੱਚੇ ਵਾਹਿਗੁਰੂ ਨੂੰ ਸਮਝਣ ਵਾਲੇ ਹਨ, ਉਹ ਬਾਦਸ਼ਾਹ ਵੀ ਹਨ ਤੇ ਫ਼ਕੀਰ ਵੀ।

ਮੁਕਰਮੁਲ-ਫ਼ੱਜ਼ਾਲ ਗੁਰੁ ਗੋਬਿੰਦ ਸਿੰਘ।
ਮੁਨਿਅਮ-ਅਲ-ਮੁਤਆਲ ਗੁਰੁ ਗੋਬਿੰਦ ਸਿੰਘ ॥੧੨੬॥

ਬਖ਼ਸ਼ਸ਼ ਅਤੇ ਬਜ਼ੁਰਗੀ ਵਾਲਾ ਸਤਿਗੁਰੂ ਹੈ, ਉਹ ਵੱਡੀਆਂ ਦਾਤਾਂ ਦੇਣ ਵਾਲਾ ਹੈ।

ਕਾਰਮੁਲ-ਕੱਰਾਮ ਗੁਰੁ ਗੋਬਿੰਦ ਸਿੰਘ।
ਰਾਹਮ-ਅਲ-ਰਹਾਮ ਗੁਰੁ ਗੋਬਿੰਦ ਸਿੰਘ ॥੧੨੭॥

ਕਲਗੀਧਰ ਪਿਤਾ ਦਾਤਿਆਂ ਦਾ ਦਾਤਾ ਹੈ ਅਤੇ ਮਿਹਰਬਾਨਾਂ ਦਾ ਮਿਹਰਬਾਨ।

ਨਾਇਮੁਲ-ਮੁਨੀਆਮ ਗੁਰੁ ਗੋਬਿੰਦ ਸਿੰਘ।
ਫ਼ਾਹਿਮੁਲ-ਫ਼ੱਹਾਮ ਗੁਰੁ ਗੋਬਿੰਦ ਸਿੰਘ ॥੧੨੮॥

ਬਖ਼ਸ਼ਸ਼ਾਂ ਕਰਨ ਵਾਲਿਆਂ ਨੂੰ ਬਖ਼ਸ਼ਸ਼ ਕਰਨ ਵਾਲਾ ਹੈ ਅਤੇ ਦਾਨਿਆਂ ਤੋਂ ਦਾਨਾ ਹੈ।

ਦਾਇਮੋ ਪਾਇੰਦਹ ਗੁਰੂ ਗੋਬਿੰਦ ਸਿੰਘ।
ਫ਼ੱਰਖ਼ੋ ਫ਼ਰਖ਼ੰਦਹ ਗੁਰੂ ਗੋਬਿੰਦ ਸਿੰਘ ॥੧੨੯॥

ਗੁਰੂ ਗੋਬਿੰਦ ਸਿੰਘ ਜੀ ਸਦਾ ਸਲਾਮਤ ਤੇ ਅਟੱਲ ਹਨ, ਉਹ ਸੁਹਣਾ ਹੈ ਤੇ ਮੁਬਾਰਕ।

ਫ਼ੈਜ਼ਿ ਸੁਬਹਾਂ ਜ਼ਾਤਿ ਗੁਰੂ ਗੋਬਿੰਦ ਸਿੰਘ।
ਨੂਰਿ ਹੱਕ ਲਮਆਤਿ ਗੁਰੂ ਗੋਬਿੰਦ ਸਿੰਘ ॥੧੩੦॥

ਸਤਿਗੁਰੂ ਦੀ ਹਸਤੀ ਰੱਬੀ ਬਖ਼ਸ਼ਸ਼ ਵਾਲੀ ਹੈ ਅਤੇ ਉਹ ਅਕਾਲੀ ਜੋਤ ਦਾ ਚਮਤਕਾਰਾ ਹਨ।

ਸਾਮਆਨੇ ਨਾਮ ਗੁਰੂ ਗੋਬਿੰਦ ਸਿੰਘ।
ਹੱਕ ਬੀਂ ਜ਼ਿ ਇਨਆਮ ਗੁਰੂ ਗੋਬਿੰਦ ਸਿੰਘ ॥੧੩੧॥

ਗੁਰੂ ਜੀ ਦਾ ਨਾਮ ਸੁਣਨ ਵਾਲੇਂ, ਵਾਹਿਗੁਰੂ ਦੇ ਵੇਖਣ ਵਾਲੇ ਹੋ ਗਏ ਉਨ੍ਹਾਂ ਦੀ ਮਿਹਰ ਨਾਲ।

ਵਾਸਫ਼ਾਨਿ ਜ਼ਾਤਿ ਗੁਰੂ ਗੋਬਿੰਦ ਸਿੰਘ।
ਵਾਸਲ ਅਜ਼ ਬਰਕਾਤਿ ਗੁਰੂ ਗੋਬਿੰਦ ਸਿੰਘ ॥੧੩੨॥

ਕਲਗੀਧਰ ਜੀ ਗੁਣਾਂ ਦੀ ਮੂਰਤੀ ਹਨ ਅਤੇ ਉਹ ਰਿਧੀਆਂ ਸਿਧੀਆਂ ਵਿਚ ਅਭੇਦ ਹੋਏ ਹਨ।

ਰਾਕਮਾਨਿ ਵਸਫ਼ਿ ਗੁਰੂ ਗੋਬਿੰਦ ਸਿੰਘ।
ਨਾਮਵਰ ਅਜ਼ ਲੁਤਫ਼ਿ ਗੁਰੂ ਗੋਬਿੰਦ ਸਿੰਘ ॥੧੩੩॥

ਗੁਰੂ ਪਾਤਸ਼ਾਹ ਦੇ ਗੁਣ ਗਾਣ ਵਾਲੇ, ਉਸ ਦੀ ਮਿਹਰ ਨਾਲ ਵਰੋਸਾਏ ਗਏ।

ਨਾਜ਼ਰਾਨਿ ਰੂਇ ਗੁਰੂ ਗੋਬਿੰਦ ਸਿੰਘ।
ਮਸਤਿ ਹੱਕ ਦਰ ਕੂਇ ਗੁਰੂ ਗੋਬਿੰਦ ਸਿੰਘ ॥੧੩੪॥

ਜਿਨ੍ਹਾਂ ਸਤਿਗੁਰਾਂ ਦਾ ਦਰਸ਼ਨ ਕੀਤਾ, ਉਹ ਉਸ ਦੀ ਗਲੀ ਵਿਚ ਮਸਤਾਨੇ ਹੋ ਗਏ।

ਖ਼ਾਕ ਬੋਸਿ ਪਾਏ ਗੁਰੂ ਗੋਬਿੰਦ ਸਿੰਘ।
ਮੁਕਬਲ ਅਜ਼ ਆਲਾਏ ਗੁਰੂ ਗੋਬਿੰਦ ਸਿੰਘ ॥੧੩੫॥

ਦਸਮੇਸ਼ ਜੀ ਦੀ ਚਰਨ ਧੂੜੀ ਚੁੰਮਣ ਵਾਲੇ, ਉਨ੍ਹਾਂ ਦੀ ਬਖ਼ਸ਼ਸ਼ ਨਾਲ ਵਰੋਸਾਏ ਗਏ।

ਕਾਦਿਰੇ ਹਰ ਕਾਰ ਗੁਰੂ ਗੋਬਿੰਦ ਸਿੰਘ।
ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ ॥੧੩੬॥

ਹਰ ਕਾਰਜ ਦੇ ਕਰਤਾ ਹਨ ਸਤਿਗੁਰੂ, ਅਤੇ ਉਹ ਨਿਤਾਣਿਆਂ ਦੇ ਸਹਾਈ ਹਨ।

ਸਾਜਦੋ ਮਸਜੂਦ ਗੁਰੂ ਗੋਬਿੰਦ ਸਿੰਘ।
ਜੁਮਲਾ ਫ਼ੈਜ਼ੋ ਜੂਦ ਗੁਰੂ ਗੋਬਿੰਦ ਸਿੰਘ॥੧੩੭॥

ਆਪ ਸਿਜਦਾ ਕਰਨ ਵਾਲੇ ਅਤੇ ਸਭ ਤੋਂ ਸਿਜਦਾ ਕਰਾਣ ਵਾਲੇ, ਸਭ ਮਿਹਰਾਂ ਦੇ ਪੁੰਜ ਹਨ।

ਸਰਵਰਾਂ ਰਾ ਤਾਜ ਗੁਰੂ ਗੋਬਿੰਦ ਸਿੰਘ।
ਬਰਤਰੀਂ ਮਿਅਰਾਜ ਗੁਰੂ ਗੋਬਿੰਦ ਸਿੰਘ॥੧੩੮॥

ਗੁਰੂ ਗੋਬਿੰਦ ਸਿੰਘ ਜੀ ਸਰਦਾਰਾਂ ਦਾ ਤਾਜ ਹਨ, ਉਹ ਉਚਿਆਂ ਤੋਂ ਉੱਚੇ ਹਨ।

ਅਸ਼ਰ ਕੁਦਸੀ ਰਾਮਿ ਗੁਰੂ ਗੋਬਿੰਦ ਸਿੰਘ।
ਵਾਸਫ਼ਿ ਅਕਰਾਮਿ ਗੁਰੂ ਗੋਬਿੰਦ ਸਿੰਘ॥੧੩੯॥

ਵੱਡੇ ਵੱਡੇ ਦੇਵਤੇ ਵੀ ਉਨ੍ਹਾਂ ਦੇ ਸੇਵਕ ਹਨ ਅਤੇ ਸਤਿਗੁਰੂ ਦੀ ਸਿਫ਼ਤ ਕਰਦੇ ਹਨ।

ਉੱਮਿ ਕੁਦਸ ਬੱਕਾਰਿ ਗੁਰੂ ਗੋਬਿੰਦ ਸਿੰਘ।
ਗ਼ਾਸ਼ੀਆ ਬਰਦਾਰਿ ਗੁਰੂ ਗੋਬਿੰਦ ਸਿੰਘ॥੧੪੦॥

ਸ੍ਰੇਸ਼ਟ ਦੇਵੀਆਂ ਵੀ ਸਤਿਗੁਰੂ ਦੇ ਹੁਕਮ ਵਿਚ ਹਨ ਅਤੇ ਉਹ ਉਨ੍ਹਾਂ ਦੀਆਂ ਝਾੜੂ-ਬਰਦਾਰ ਹਨ।

ਕਦਰੋ ਕੁਦਰਤ ਪੇਸ਼ਿ ਗੁਰੂ ਗੋਬਿੰਦ ਸਿੰਘ।
ਇਨਕੀਆਦ ਅੰਦੇਸ਼ਿ ਗੁਰੂ ਗੋਬਿੰਦ ਸਿੰਘ॥੧੪੧॥

ਕੁਦਰਤ ਵੀ ਸਤਿਗੁਰ ਦਾ ਸਤਿਕਾਰ ਕਰਦੀ ਹੈ (ਪਰ ਆਪ) ਉਹ ਵਾਹਿਗੁਰੂ ਦੇ ਦਾਸ ਹਨ।

ਤਿਸਾਅ ਉਲਵੀ ਖ਼ਾਕਿ ਗੁਰੂ ਗੋਬਿੰਦ ਸਿੰਘ।
ਚਾਕਰਿ ਚਾਲਾਕਿ ਗੁਰੂ ਗੋਬਿੰਦ ਸਿੰਘ॥੧੪੨॥

ਨੌਂ ਖੰਡ ਵੀ ਸਤਿਗੁਰੂ ਦੀ ਚਰਨ-ਧੂੜ ਹਨ ਅਤੇ ਸਤਿਗੁਰੂ ਜੀ ਦੇ ਹੁਸ਼ਿਆਰ ਸੇਵਾਦਾਰ ਹਨ।

ਤਖ਼ਤਿ ਬਾਲਾ ਜ਼ੇਰਿ ਗੁਰੂ ਗੋਬਿੰਦ ਸਿੰਘ।
ਲਾ ਮਕਾਨੇ ਸੈਰ ਗੁਰੂ ਗੋਬਿੰਦ ਸਿੰਘ॥੧੪੩॥

ਉੱਚਾ ਤਖ਼ਤ ਸਤਿਗੁਰੂ ਦੇ ਹੇਠ ਹੈ ਅਤੇ ਹਰੀ ਦੀ ਦਰਗਾਹ ਵਿਚ ਪਹੁੰਚ ਰੱਖਣ ਵਾਲੇ ਹਨ।

ਬਰਤਰ ਅਜ਼ ਹਰ ਕਦਰ ਗੁਰੂ ਗੋਬਿੰਦ ਸਿੰਘ।
ਜਾਵਿਦਾਨੀ ਸਦਰ ਗੁਰੂ ਗੋਬਿੰਦ ਸਿੰਘ॥੧੪੪॥

ਸਤਿਗੁਰੂ ਹਰ ਗੁਣ ਵਿਚ ਸ੍ਰੇਸ਼ਟ ਹਨ ਅਤੇ ਉਹ ਅਟੱਲ ਪਰਧਾਨ ਹਨ।

ਆਲਮੇ ਰੌਸ਼ਨ ਜ਼ਿ ਗੁਰੂ ਗੋਬਿੰਦ ਸਿੰਘ।
ਜਾਨੋ ਦਿਲ ਗੁਲਸ਼ਨ ਜ਼ਿ ਗੁਰੂ ਗੋਬਿੰਦ ਸਿੰਘ॥੧੪੫॥

ਸਤਿਗੁਰਾਂ ਤੋਂ ਸੰਸਾਰ ਰੌਸ਼ਨ ਹੈ ਅਤੇ ਦੇਹ ਤੇ ਆਤਮਾ ਸਤਿਗੁਰਾਂ ਤੋਂ ਹੀ ਖਿੜੇ ਹੋਏ ਹਨ।

ਰੋਜ਼ ਅਫ਼ਜ਼ੂੰ ਜਾਹਿ ਗੁਰੁ ਗੋਬਿੰਦ ਸਿੰਘ।
ਜ਼ੇਬ ਤਖ਼ਤੋ ਗਾਹਿ ਗੁਰੁ ਗੋਬਿੰਦ ਸਿੰਘ ॥੧੪੬॥

ਸਤਿਗੁਰਾਂ ਦੀ ਤਰੱਕੀ ਦਿਨ ਦੁਗਣੀ ਹੈ ਅਤੇ ਉਹ (ਸਭ ਰਾਜਾਂ) ਦੇ ਤਖ਼ਤਾਂ ਦੀ ਸੁਹੱਪਣ ਹਨ।

ਮੁਰਸ਼ਦੁਲ ਦਾਰੈਨ ਗੁਰੁ ਗੋਬਿੰਦ ਸਿੰਘ।
ਬ-ਨਸ਼ੀਂ ਹਰ ਐਨ ਗੁਰੁ ਗੋਬਿੰਦ ਸਿੰਘ ॥੧੪੭॥

ਸਤਿਗੁਰੂ ਦੋ ਜਹਾਨਾਂ ਦੇ ਵਾਲੀ ਹਨ ਅਤੇ ਉਹ ਹਰੇਕ ਅੱਖ ਦੀ ਨਜ਼ਰ ਹਨ।

ਜੁਮਲਾ ਦਰ ਫ਼ੁਰਮਾਨਿ ਗੁਰੁ ਗੋਬਿੰਦ ਸਿੰਘ।
ਬਰਤਰ ਆਮਦ ਸ਼ਾਨਿ ਗੁਰੁ ਗੋਬਿੰਦ ਸਿੰਘ ॥੧੪੮॥

ਸਭ ਸ੍ਰਿਸ਼ਟੀ ਸਤਿਗੁਰੂ ਦੀ ਆਗਿਆ ਵਿਚ ਹੈ ਅਤੇ ਉਨ੍ਹਾਂ ਦੀ ਸ਼ੋਭਾ ਸਭ ਤੋਂ ਉਚੀ ਹੈ।

ਹਰ ਦੋ ਆਲਮ ਖ਼ੈਲਿ ਗੁਰੁ ਗੋਬਿੰਦ ਸਿੰਘ।
ਜੁਮਲਾ ਅੰਦਰ ਜ਼ੈਲਿ ਗੁਰੁ ਗੋਬਿੰਦ ਸਿੰਘ ॥੧੪੯॥

ਦੋਵੇਂ ਜਹਾਨ ਦਸਮੇਸ਼ ਜੀ ਦੀ ਸੈਨਾ ਹਨ, ਅਤੇ ਸਾਰੇ ਹੀ ਸਤਿਗੁਰੂ ਦੇ ਸ਼ਰਨ ਵਿਚ ਹਨ।

ਵਾਹਿਬੁਲ ਵਹਾਬ ਗੁਰੁ ਗੋਬਿੰਦ ਸਿੰਘ।
ਫ਼ਾਤਿਹੇ ਹਰ ਬਾਬ ਗੁਰੁ ਗੋਬਿੰਦ ਸਿੰਘ ॥੧੫੦॥

ਉਹ ਦਾਤਿਆਂ ਦਾ ਦਾਤਾ ਹੈ ਅਤੇ ਹਰ ਥਾਂ ਫ਼ਤਹਿ ਪਾਉਣ ਵਾਲਾ ਹੈ।

ਸ਼ਾਮਲੁਲ ਅਸ਼ਫ਼ਾਕ ਗੁਰੁ ਗੋਬਿੰਦ ਸਿੰਘ।
ਕਾਮਲੁਲ ਅਖ਼ਲਾਕ ਗੁਰੁ ਗੋਬਿੰਦ ਸਿੰਘ ॥੧੫੧॥

ਗੁਰੂ ਗੋਬਿੰਦ ਸਿੰਘ ਜੀ ਬਹੁਤ ਪਿਆਰ ਕਰਨ ਵਾਲੇ ਹਨ ਅਤੇ ਪੂਰੇ ਸ਼ੁਭ ਆਚਾਰ ਵਾਲੇ ਹਨ।

ਰੂਹ ਦਰ ਹਰ ਜਿਸਮ ਗੁਰੁ ਗੋਬਿੰਦ ਸਿੰਘ।
ਨੂਰ ਦਰ ਹਰ ਚਸ਼ਮ ਗੁਰੁ ਗੋਬਿੰਦ ਸਿੰਘ ॥੧੫੨॥

ਉਹ ਸਭ ਸਰੀਰਾਂ ਵਿਚ ਆਤਮਾ ਹਨ ਅਤੇ ਸਾਰੀਆਂ ਅੱਖਾਂ ਵਿਚ ਚਾਨਣਾ ਹਨ।

ਜੁਮਲਾ ਰੋਜ਼ੀ ਖ਼ਾਰਿ ਗੁਰੁ ਗੋਬਿੰਦ ਸਿੰਘ।
ਫ਼ੈਜ਼ਿ ਹੱਕ ਅਮਤਾਰਿ ਗੁਰੁ ਗੋਬਿੰਦ ਸਿੰਘ ॥੧੫੩॥

ਸਾਰੇ ਰੋਜ਼ੀ ਖਾਂਦੇ ਹਨ ਸਤਿਗੁਰੂ ਤੋਂ, ਉਹ ਰੱਬੀ ਕਿਰਪਾ ਦਾ ਮੀਂਹ ਵਸਾਣ ਵਾਲੇ ਹਨ।

ਬਿਸਤੋ ਹਫ਼ਤ ਗਦਾਇ ਗੁਰੂ ਗੋਬਿੰਦ ਸਿੰਘ।
ਖ਼ਾਕ-ਰੋਬ ਸਰਾਇ ਗੁਰੂ ਗੋਬਿੰਦ ਸਿੰਘ ॥੧੫੪॥

੨੦ ਤੇ ੭ ਸਤਾਰੇ ਸਤਿਗੁਰਾਂ ਦੇ ਮੰਗਤੇ ਹਨ ਅਤੇ ਉਹ ਗੁਰੂ ਦਰਬਾਰ ਦੇ ਝਾੜੂ-ਬਰਦਾਰ ਹਨ।

ਖ਼ਮਸੋ ਵਸਫ਼ ਪੈਰਾਇ ਗੁਰੂ ਗੋਬਿੰਦ ਸਿੰਘ।
ਹਫ਼ਤ ਹਮ ਸ਼ੈਦਾਇ ਗੁਰੂ ਗੋਬਿੰਦ ਸਿੰਘ ॥੧੫੫॥

ਪੰਜ ਤੱਤ ਵੀ ਸਤਿਗੁਰੂ ਦੀ ਉਸਤਤ ਕਰਦੇ ਹਨ ਤੇ ਸੱਤੇ ਪੀਰ ਵੀ ਉਨ੍ਹਾਂ ਤੋਂ ਸਦਕੇ ਹਨ।

ਬਰ ਦੋ ਆਲਮ ਦਸਤਿ ਗੁਰੂ ਗੋਬਿੰਦ ਸਿੰਘ।
ਜੁਮਲਾ ਉਲਵੀ ਪਸਤਿ ਗੁਰੂ ਗੋਬਿੰਦ ਸਿੰਘ ॥੧੫੬॥

ਦੋਹਾਂ ਜਹਾਨਾਂ ਤੇ ਸਤਿਗੁਰੂ ਦਾ ਹੀ ਹੱਥ ਹੈ ਅਤੇ ਸਾਰੇ ਉੱਚੇ ਨੀਵੇਂ ਸਤਿਗੁਰੂ ਜੀ ਦੇ ਹਨ।

ਲਾਲ ਸਗੇ ਗ਼ੁਲਾਮਿ ਗੁਰੂ ਗੋਬਿੰਦ ਸਿੰਘ।
ਦਾਗ਼ਦਾਰਿ ਨਾਮਿ ਗੁਰੂ ਗੋਬਿੰਦ ਸਿੰਘ ॥੧੫੭॥

ਨੰਦ ਲਾਲ ਕੂਕਰ ਦਾਸ ਹੈ ਦਸਮੇਸ਼ ਜੀ ਦਾ, ਅਤੇ ਉਨ੍ਹਾਂ ਦੇ ਨਾਮ ਦੇ ਨਿਸ਼ਾਨ ਵਾਲਾ ਹੈ।

ਕਮਤਰੀਂ ਜ਼ਿ ਸਗਾਨਿ ਗੁਰੂ ਗੋਬਿੰਦ ਸਿੰਘ।
ਰੇਜ਼ਾ ਚੀਨਿ ਖ਼ਾਨਿ ਗੁਰੂ ਗੋਬਿੰਦ ਸਿੰਘ ॥੧੫੮॥

ਉਸ ਦੇ ਕੁੱਤਿਆਂ ਤੋਂ ਵੀ ਨੀਵਾਂ ਹਾਂ ਅਤੇ ਸਤਿਗੁਰਾਂ ਦੇ ਥਾਲਾਂ ਵਿਚ ਭੋਰੇ ਚੁਗਣ ਵਾਲਾ ਹਾਂ।

ਸਾਇਲ ਅਜ਼ ਇਨਆਮੇ ਗੁਰੂ ਗੋਬਿੰਦ ਸਿੰਘ।
ਖ਼ਾਕਿ ਪਾਕ ਅਕਦਾਮੇ ਗੁਰੂ ਗੋਬਿੰਦ ਸਿੰਘ ॥੧੫੯॥

ਗੁਰੂ ਪਾਤਸ਼ਾਹ ਤੋਂ (ਇਕ) ਇਨਾਮ ਦਾ ਮੰਗਤਾ ਹਾਂ, ਉਸ ਦੇ ਪਵਿੱਤਰ ਚਰਨਾਂ ਦੀ ਧੂੜੀ ਦਾ।

ਬਾਦ ਜਾਨਸ਼ ਫ਼ਿਦਾਏ ਗੁਰੂ ਗੋਬਿੰਦ ਸਿੰਘ।
ਫ਼ਰਕਿ ਓ ਬਰ ਪਾਏ ਗੁਰੂ ਗੋਬਿੰਦ ਸਿੰਘ ॥੧੬੦॥

(ਹੇ ਵਾਹਿਗੁਰੂ) ਮੇਰੀ ਜਾਨ ਉਨ੍ਹਾਂ ਤੋਂ ਕੁਰਬਾਨ ਹੋਵੇ ਤੇ ਸੀਸ ਕਲਗੀਧਰ ਜੀ ਦੇ ਚਰਨਾਂ ਤੇ ਹੋਵੇ।

o

